ਭਾਰਤ ਦੇ ਪੁਰਾਤਨ ਧਰਮ

—ਇਕ ਸੰਖੇਪ ਸਰਵੇਖਣ

ਡਾ. ਹਰਪਾਲ ਸਿੰਘ ਪੰਨੂ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਭਾਰਤ ਦੇ ਪੁਰਾਤਨ ਧਰਮ

–ਇਕ ਸੰਖੇਪ ਸਰਵੇਖਣ

ਡਾ. ਹਰਪਾਲ ਸਿੰਘ ਪੰਨੂ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

BHĀRAT DE PURĀTAN DHARM—IK SANKHEP SARVEKHAN (*Punjabi*)

by

DR. HARPAL SINGH PANNU
Reader Guru Gobind Singh Department of Religious Studies
Punjabi University, Patiala.

ISBN 81-7380-657-8

2000
ਪਹਿਲੀ ਵਾਰ : 1100 ਕਾਪੀਆਂ
ਮੁੱਲ : 120.00

ਦੋ ਸ਼ਬਦ

ਪੰਜਾਬੀ ਯੂਨੀਵਰਸਿਟੀ ਨੇ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਵੱਖ-ਵੱਖ ਵਿਸ਼ਿਆਂ ਵਿਚ ਪ੍ਰਵਾਨਿਤ ਪਾਠ ਕੋਰਸਾਂ ਸਬੰਧੀ ਪਾਠ ਸਮੱਗਰੀ ਪੰਜਾਬੀ ਭਾਸ਼ਾ ਵਿਚ ਕਰਵਾਉਣ ਦਾ ਨਿਰਣਾ ਲਿਆ ਹੈ। ਇਸ ਵਿਉਂਤ ਅਧੀਨ ਅਨੇਕ ਪਾਠ ਪੁਸਤਕਾਂ ਪੰਜਾਬੀ ਭਾਸ਼ਾ ਵਿਚ ਪ੍ਰਕਾਸ਼ਿਤ ਕਰਵਾਈਆਂ ਗਈਆਂ ਹਨ।

ਪੰਜਾਬੀ ਯੂਨੀਵਰਸਿਟੀ ਦੁਆਰਾ ਪੜ੍ਹਾਏ ਜਾਂਦੇ ਵਿਸ਼ਿਆਂ ਵਿਚ ਧਰਮ ਅਧਿਐਨ ਦਾ ਵਿਸ਼ੇਸ਼ ਮਹੱਤਵ ਹੈ ਕਿਉਂਕਿ ਭਾਰਤੀ ਯੂਨੀਵਰਸਿਟੀਆਂ ਵਿਚ ਇਹ ਪਹਿਲੀ ਯੂਨੀਵਰਸਿਟੀ ਹੈ ਜਿਸ ਨੇ ਧਰਮ ਦੇ ਵਿਸ਼ੇ ਦਾ ਅਧਿਐਨ ਵਿਗਿਆਨਕ ਲੀਹਾਂ ਤੇ ਕਰਨ ਲਈ ਵਿਸ਼ੇਸ਼ ਵਿਭਾਗ ਅਤੇ ਫੈਕਲਟੀ ਦੀ ਸਥਾਪਨਾ ਕੀਤੀ ਹੈ। ਤੁਲਨਾਤਮਕ ਦ੍ਰਿਸ਼ਟੀ ਤੋਂ ਧਰਮ ਅਧਿਐਨ ਦਾ ਵਿਸ਼ਾ ਬਾਕੀ ਵਿਸ਼ਿਆਂ ਤੋਂ ਨਵਾਂ ਹੈ ਇਸ ਲਈ ਇਸ ਵਿਸ਼ੇ ਨਾਲ ਸਬੰਧਤ ਪਾਠ ਕੋਰਸਾਂ ਲਈ ਪੰਜਾਬੀ ਭਾਸ਼ਾ ਵਿਚ ਪਾਠ-ਸਮੱਗਰੀ ਦਾ ਲਗਭਗ ਅਭਾਵ ਹੈ। ਇਸੇ ਘਾਟ ਨੂੰ ਪੂਰਾ ਕਰਨ ਲਈ ਵਿਭਿੰਨ ਸ਼੍ਰੇਣੀਆਂ ਦੇ ਪਾਠਕੋਰਸਾਂ ਲਈ ਪੰਜਾਬੀ ਭਾਸ਼ਾ ਵਿਚ ਪਾਠ-ਸਮੱਗਰੀ ਤਿਆਰ ਕਰਵਾਉਣ ਦੀ ਯੂਨੀਵਰਸਿਟੀ ਦੀ ਵਿਆਪਕ ਯੋਜਨਾ ਹੈ। ਇਸ ਯੋਜਨਾ ਅਧੀਨ 'ਭਾਰਤ ਦੇ ਪੁਰਾਤਨ ਧਰਮ: ਇਕ ਸੰਖੇਪ ਸਰਵੇਖਣ' ਨਾਮੀ ਇਹ ਪੁਸਤਕ ਧਰਮ ਅਧਿਐਨ ਵਿਭਾਗ ਦੇ ਅਧਿਆਪਕ ਡਾ. ਹਰਪਾਲ ਸਿੰਘ ਪੰਨੂ ਨੇ ਵਿਦਿਆਰਥੀਆਂ ਦੇ ਪਾਠ ਕੋਰਸ ਦੀਆਂ ਲੋੜਾਂ ਦੀ ਪੂਰਤੀ ਹਿਤ ਤਿਆਰ ਕੀਤੀ ਹੈ।

ਇਸ ਪੁਸਤਕ ਵਿਚ ਭਾਰਤੀ ਧਰਮਾਂ ਦੇ ਇਤਿਹਾਸ ਨਾਲ ਸਬੰਧਿਤ ਵਿਆਪਕ ਸਮੱਗਰੀ ਵਿਚੋਂ ਡਾ. ਹਰਪਾਲ ਸਿੰਘ ਪੰਨੂ ਨੇ ਚੋਣਵੀਂ ਭਰੋਸੇਯੋਗ ਸਮੱਗਰੀ ਨੂੰ ਪਹਿਲੀ ਵਾਰ ਪੰਜਾਬੀ ਭਾਸ਼ਾ ਵਿਚ ਸਾਹਮਣੇ ਲਿਆਂਦਾ ਹੈ। ਉਨ੍ਹਾਂ ਦੀ ਲੇਖਣ-ਸਮੱਗਰੀ ਸਰਲ ਤੇ ਸਪਸ਼ਟ ਹੋਣ ਦੇ ਨਾਲ-ਨਾਲ ਅਤਿ ਰੋਚਕ ਵੀ ਹੈ। ਇਹ ਪੁਸਤਕ ਇਕ ਨਵੇਂ ਵਿਸ਼ੇ ਸਬੰਧੀ ਵਾਕਫ਼ੀਅਤ ਹੀ ਮੁਹੱਈਆ ਨਹੀਂ ਕਰਦੀ ਬਲਕਿ ਇਸ ਸਬੰਧੀ ਹੋਰ ਜਾਣਨ ਦੀ ਚੇਸ਼ਟਾ ਵੀ ਉਤਪੰਨ ਕਰਦੀ ਹੈ।

ਮੈਨੂੰ ਪੂਰਨ ਆਸ ਹੈ ਕਿ ਡਾ. ਹਰਪਾਲ ਸਿੰਘ ਪੰਨੂ ਦੁਆਰਾ ਮਿਹਨਤ ਨਾਲ ਤਿਆਰ ਕੀਤੀ ਇਹ ਪੁਸਤਕ ਜਿਥੇ ਵਿਦਿਆਰਥੀਆਂ ਲਈ ਲਾਹੇਵੰਦੀ ਹੋਵੇਗੀ ਉਥੇ ਅਗੇ ਤੋਂ ਇਸ ਤਰ੍ਹਾਂ ਦੀਆਂ ਕਿਤਾਬਾਂ ਦੀ ਤਿਆਰੀ ਲਈ ਵੀ ਆਧਾਰ ਪ੍ਰਦਾਨ ਕਰੇਗੀ।

ਪੰਜਾਬੀ ਯੂਨੀਵਰਸਿਟੀ,
ਪਟਿਆਲਾ।

ਡਾ. ਜਸਬੀਰ ਸਿੰਘ ਆਹਲੂਵਾਲੀਆ
ਵਾਈਸ ਚਾਂਸਲਰ

ਮੁੱਖਬੰਧ

ਧਰਮ ਅਧਿਐਨ ਦਾ ਵਿਸ਼ਾ ਕਾਲਜ ਅਤੇ ਯੂਨੀਵਰਸਿਟੀ ਪੱਧਰ ਉਤੇ ਭਾਵੇਂ ਦੋ ਦਹਾਕਿਆਂ ਦੇ ਵਧੀਕ ਸਮੇਂ ਤੋਂ ਪੜ੍ਹਾਇਆ ਜਾ ਰਿਹਾ ਹੈ ਪਰ ਵਿਦਿਆਰਥੀਆਂ ਲਈ ਪਾਠ-ਸਮੱਗਰੀ ਪ੍ਰਾਪਤ ਨਹੀਂ ਹੈ। ਵਿਦਿਆਰਥੀ ਕੋਰਸ ਪੂਰਾ ਕਰਨ ਲਈ ਜਦੋਂ ਸਮੱਗਰੀ ਇਕੱਤਰ ਕਰਦੇ ਹਨ ਤਾਂ ਉਹ ਏਨੀ ਖਿੱਲਰੀ ਹੋਈ ਹੈ ਕਿ ਹਾਸਲ ਕਰਨੀ ਸੰਭਵ ਨਹੀਂ। ਪੰਜਾਬੀ ਯੂਨੀਵਰਸਿਟੀ ਨੇ ਫੈਸਲਾ ਕੀਤਾ ਹੈ ਕਿ ਧਰਮ-ਅਧਿਐਨ ਦੇ ਵਿਦਿਆਰਥੀਆਂ ਲਈ ਸੁਗਮ ਸਮੱਗਰੀ ਉਪਲਬਧ ਕਰਵਾਈ ਜਾਵੇ।

ਇਸ ਕਿਤਾਬ ਵਿਚ ਭਾਰਤ ਦੇ ਤਿੰਨ ਪੁਰਾਤਨ ਧਰਮਾਂ ਦੀ ਸੰਖੇਪ ਜਾਣਕਾਰੀ ਹੈ। ਵੈਦਿਕ ਮੱਤ, ਜੈਨ ਮੱਤ, ਅਤੇ ਬੁੱਧ ਮੱਤ ਦੇ ਸੰਚਾਲਕਾਂ ਬਾਰੇ, ਇਨਾਂ ਧਰਮਾਂ ਦੇ ਸਿਧਾਂਤਾਂ ਬਾਰੇ ਤੇ ਧਰਮ ਗ੍ਰੰਥਾਂ ਬਾਰੇ ਤਿੰਨ ਅਧਿਆਇਆਂ ਵਿਚ ਵਿਚਾਰ ਵਿਮਰਸ਼ ਕੀਤਾ ਗੀਆ ਹੈ।

ਜੈਨ ਮੱਤ ਅਤੇ ਬੁੱਧ ਮੱਤ ਦੇ ਮਹਾਂ ਪੁਰਖਾਂ ਭਗਵਾਨ ਮਹਾਂਬੀਰ ਅਤੇ ਭਗਵਾਨ ਬੁੱਧ ਦੀ ਜੀਵਨੀ ਇਸ ਸ਼ੈਲੀ ਵਿਚ ਲਿਖੀ ਹੈ ਕਿ ਵਿਦਿਆਰਥੀਆਂ ਦੇ ਮਨ ਵਿਚ ਇਨ੍ਹਾਂ ਬਾਰੇ ਹੋਰ ਵਧੇਰੇ ਆਪ ਪੜ੍ਹਨ ਦੀ ਰੁਚੀ ਪੈਦਾ ਹੋਵੇ। ਵੈਦਿਕ ਮੱਤ ਦੇ ਸੰਚਾਲਕ ਵੇਦਾਂ ਦੇ ਰਚਣਹਾਰਿਆਂ ਬਾਰੇ ਕੁੱਝ ਨਹੀਂ ਦਿੱਤਾ ਗਿਆ ਕਿਉਂਕਿ ਨਾ ਤਾਂ ਰਿਸ਼ੀਆਂ ਦੀਆਂ ਜੀਵਨੀਆਂ ਵਿਸਥਾਰ ਨਾਲ ਪ੍ਰਾਪਤ ਹੁੰਦੀਆਂ ਹਨ ਤੇ ਨਾ ਰਿਸ਼ੀ ਆਪਣੇ ਆਪ ਨੂੰ ਵੇਦਾਂ ਦੇ ਰਚਣਹਾਰੇ ਮੰਨਦੇ ਹਨ। ਉਨਾਂ ਦਾ ਵਿਸ਼ਵਾਸ ਸੀ ਕਿ ਵੇਦਮੰਤਰ ਬ੍ਰਹਮ ਦੀ ਰਚਨਾ ਹਨ– ਰਿਸ਼ੀਆਂ ਨੇ ਤਾਂ ਉਹ ਮੰਤਰ "ਦੇਖੇ" ਸਨ। ਇਸੇ ਕਾਰਨ ਰਿਸ਼ੀਆਂ ਨੂੰ ਮੰਤਰਾਂ ਦੇ ਰਚਣਹਾਰੇ ਨਹੀਂ, ਮੰਤਰ-ਦ੍ਰਸ਼ਟਾ ਕਿਹਾ ਜਾਂਦਾ ਹੈ। ਕਿਤਾਬ ਦੇ ਪਹਿਲੇ ਭਾਗ ਵਿਚ ਵੈਦਿਕ ਮੱਤ ਦੀ ਆਧਾਰਸ਼ਿਲਾ, ਵੇਦਾਂ ਨਾਲ ਜਾਣ ਪਛਾਣ ਕਰਵਾਈ ਗਈ ਹੈ। ਧਾਰਮਿਕ ਗ੍ਰੰਥਾਂ ਨਾਲ ਵਾਕਫੀ ਕਰਵਾਉਣ ਉਪਰੰਤ ਮਨੁੱਖੀ ਜੀਵਨ ਦੇ ਧਰਮ ਉਦੇਸ਼ ਬਾਰੇ ਜਾਣਨ ਦਾ ਯਤਨ ਹੈ। ਇਹ ਕਿਤਾਬ ਅਜਿਹੀ ਖੋਜ ਪੋਥੀ ਨਹੀਂ ਜਿਸ ਵਿਚ ਕੋਈ ਨਵਾਂ ਦ੍ਰਿਸ਼ਟੀਕੋਣ ਉਜਾਗਰ ਕੀਤਾ ਗਿਆ ਹੋਵੇ। ਵਿਦਿਆਰਥੀਆਂ ਨੂੰ ਜਾਣਕਾਰੀ ਦੇਣ ਵਾਸਤੇ ਅਤੇ ਇਕ ਥਾਂ ਉੱਤੇ ਉਨ੍ਹਾਂ ਨੂੰ ਪੜ੍ਹਨ ਸਮੱਗਰੀ ਮੁਹੱਈਆ ਕਰਨ ਵਾਸਤੇ ਇਹ ਰਚਨਾ ਹੋਈ ਹੈ।

ਮੈਂ ਵਾਈਸ ਚਾਂਸਲਰ ਡਾ. ਜਸਬੀਰ ਸਿੰਘ ਆਹਲੂਵਾਲੀਆ ਦਾ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਨੇ ਇਸ ਕਿਤਾਬ ਦੀ ਤੁਰੰਤ ਛਪਾਈ ਵਾਸਤੇ ਹੁਕਮ ਦਿੱਤੇ ਤਾਂ ਕਿ ਪਾਠਕ ਇਸ ਤੋਂ ਲਾਭ ਉਠਾ ਸਕਣ। ਡਾ. ਦਰਸ਼ਨ ਸਿੰਘ, ਮੁਖੀ ਧਰਮ ਅਧਿਐਨ ਵਿਭਾਗ ਦਾ ਮੈਂ ਧੰਨਵਾਦੀ ਹਾਂ ਜਿਨ੍ਹਾਂ ਨੇ ਲੋੜੀਂਦੀ ਸਹਾਇਤਾ ਲਗਾਤਾਰ ਕੀਤੀ। ਡਾ. ਚਰਨਜੀਤ ਕੌਰ ਬਰਾੜ ਲੈਕਚਰਾਰ ਖਾਲਸਾ ਕਾਲਜ ਪਟਿਆਲਾ ਦਾ

ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਨੇ ਇਸ ਰਚਨਾ ਦੀ ਸੁੰਦਰ ਟਾਈਪ ਕੀਤੀ।

ਉਮੀਦ ਹੈ ਪਾਠਕ ਇਸ ਨਿਮਾਣੇ ਯਤਨ ਨੂੰ ਪ੍ਰਵਾਨ ਕਰਨਗੇ ਤੇ ਊਣਤਾਈਆਂ ਪ੍ਰਤੀ ਸੁਚੇਤ ਕਰਨਗੇ ਤਾਂ ਕਿ ਅਗਲੀ ਐਡੀਸ਼ਨ ਵਿਚ ਸੋਧਾਂ ਕੀਤੀਆਂ ਜਾ ਸਕਣ।

ਪੰਜਾਬੀ ਯੂਨੀਵਰਸਿਟੀ
ਪਟਿਆਲਾ

ਹਰਪਾਲ ਸਿੰਘ ਪੰਨੂ (ਡਾ.)
ਰੀਡਰ, ਧਰਮ ਅਧਿਐਨ ਵਿਭਾਗ

ਵੈਦਿਕ ਮੱਤ

ਪੂਰਬਲੇ ਆਰੀਆ

ਪੂਰਬ ਪੱਛਮ ਦੇ ਇਤਿਹਾਸਕਾਰਾਂ ਨੇ ਆਰੀਆਂ ਦੇ ਮੂਲ ਸਥਾਨ ਲੱਭਣ ਲਈ ਬੜੀ ਮਿਹਨਤ ਕੀਤੀ ਹੈ ਤੇ ਇਹ ਕਦੋਂ ਕਦੋਂ ਕਿਧਰ ਕਿਧਰ ਕਿਨ੍ਹਾਂ ਕਿਨ੍ਹਾਂ ਰਾਹਾਂ ਥਾਣੀਂ ਗਏ, ਇਸ ਦਿਸ਼ਾ ਵਿਚ ਕਾਫੀ ਕੰਮ ਹੋਇਆ ਹੈ। ਜਦੋਂ ਅਜੇ ਲਿੱਪੀ ਤੱਕ ਦੀ ਈਜਾਦ ਨਹੀਂ ਹੋਈ ਸੀ ਤੇ ਜਿਹੜੀਆਂ ਲਿਪੀਆਂ ਦੀਆਂ ਨਿਸ਼ਾਨੀਆਂ ਆਰੀਆਂ ਦੇ ਆਉਣ ਤੋਂ ਪਹਿਲਾਂ ਖੁਦਾਈਆਂ ਵਿਚੋਂ ਮਿਲੀਆਂ ਹਨ ਉਨ੍ਹਾਂ ਨੂੰ ਅਜੇ ਪੜ੍ਹਿਆ ਨਹੀਂ ਜਾ ਸਕਿਆ ਸੀ। ਇਸ ਇੰਨੇ ਪੁਰਾਣੇ ਇਤਿਹਾਸ ਬਾਰੇ ਮੱਤਭੇਦ ਹੋਣੇ ਕੁਦਰਤੀ ਹਨ। ਫਿਰ ਵੀ ਕੁੱਝ ਲੱਭਤਾਂ ਅਜਿਹੀਆਂ ਹਨ ਜਿਨ੍ਹਾਂ ਬਾਰੇ ਆਮ ਸਹਿਮਤੀ ਹੈ। ਆਰੀਆ ਲੋਕਾਂ ਦੀ ਨਸਲ, ਉਨ੍ਹਾਂ ਦੇ ਆਚਾਰ ਵਿਹਾਰ ਤੇ ਉਨ੍ਹਾਂ ਦੇ ਧਾਰਮਿਕ ਸੰਸਕਾਰਾਂ ਬਾਰੇ ਇਤਿਹਾਸਕਾਰਾਂ ਦੇ ਨਾਲ ਨਾਲ ਸਮਾਜ ਵਿਗਿਆਨੀਆਂ, ਭਾਸ਼ਾ ਸ਼ਾਸਤਰੀਆਂ ਅਤੇ ਧਰਮ-ਸ਼ਾਸਤਰੀਆਂ ਨੇ ਬਹੁਤ ਗੰਭੀਰ ਕੰਮ ਕੀਤਾ ਹੈ। ਪਰ ਅੰਤਿਮ ਨਿਰਣੇ ਤੇ ਪੁੱਜਣਾ ਕਦੀ ਸੰਭਵ ਨਹੀਂ ਹੁੰਦਾ। ਆਰੀਆ ਨਸਲ ਸੰਸਾਰ ਦੀਆਂ ਕੁੱਝ ਕੁ ਮੁੱਖ ਅਤੇ ਮੁਢਲੀਆਂ ਨਸਲਾਂ ਵਿਚੋਂ ਇਕ ਹੈ। ਬਹੁਤ ਸਾਰੇ ਮੁੱਦਿਆਂ ਨੂੰ ਸਪਸ਼ਟ ਕਰਨ ਬਾਰੇ ਅਜੇ ਹੋਰ ਖੋਜ ਦੀ ਜਰੂਰਤ ਪਵੇਗੀ।

ਭੂਗੋਲਕ ਪਿਛੋਕੜ

ਆਮ ਸਹਿਮਤੀ ਇਸ ਗੱਲ ਉੱਤੇ ਹੈ ਕਿ ਪੁਰਾਣੇ ਆਰੀਆ ਈਰਾਨ ਵਿਚੋਂ ਆਏ ਹੋਣਗੇ। ਇਹ ਪੁਰਾਤਨ ਕਬੀਲਾ ਦੋ ਧੜਿਆਂ ਵਿਚ ਦੋ ਵੱਖ-ਵੱਖ ਦਿਸ਼ਾਵਾਂ ਵੱਲ ਵਧਿਆ। ਇਕ ਹਿਸਾ ਪੱਛਮ ਵੱਲ ਚਲਾ ਗਿਆ ਤੇ ਯੋਰਪੀਅਨ ਸਭਿਅਤਾ ਦਾ ਸਿਰਜਣਹਾਰ ਬਣਿਆ। ਦੂਜਾ ਹਿੱਸਾ ਅਫਗਾਨਿਸਤਾਨ ਵਲੋਂ ਦੀ ਹਿੰਦੂਕੁਸ ਰਾਹੀਂ ਫ਼ਾਰਸ ਗਿਆ ਤੇ ਉਥੋਂ ਕਾਬਲ ਰਾਹੀਂ ਸਿੰਧ ਦਰਿਆ ਦੀ ਘਾਟੀ (ਪੰਜਾਬ) ਵਿਚ ਆਬਾਦ ਹੋ ਗਿਆ। ਆਰੀਆਂ ਦੇ ਮੁੱਢਲੇ ਚਿੰਨ੍ਹ ਦਰਸਾਉਂਦੇ ਹਨ ਕਿ ਪਾਕਿਸਤਾਨ ਵਿਚ ਰਹਿ ਗਏ ਪੱਛਮੀ ਪੰਜਾਬ ਦੇ ਇਲਾਕਿਆਂ ਵਿਚ ਉਹ ਵਸਦੇ ਰਹੇ ਹਨ। ਪਰ ਆਰੀਆ ਲੋਕਾਂ ਦੇ ਇਹ ਧੜੇ ਕਦੋਂ ਵੱਖ ਹੋਏ ਤੇ ਕਿਨ੍ਹਾਂ ਕਾਰਨਾਂ ਕਰਕੇ ਇਕ ਹਿੱਸਾ ਪੂਰਬ ਵੱਲ ਤੇ ਦੂਜਾ ਪੱਛਮ ਵਲ ਚਲਾ ਗਿਆ, ਇਸ ਬਾਰੇ ਕੋਈ ਪਤਾ ਨਹੀਂ ਲਗਦਾ। ਕੀ ਕਾਲ ਪੈ ਗਿਆ ਸੀ, ਜਾਂ ਕੋਈ ਹੋਰ ਕਾਰਨ ਸੀ। ਇਸ ਗਲ ਦਾ ਪਤਾ ਨਹੀਂ ਕਿ ਇਹ ਉੱਥੋਂ ਉਜੜੇ ਕਿਉਂ ਸਨ? ਅੰਦਾਜ਼ਾ ਹੈ ਕਿ ਆਰੀਆਂ ਦਾ ਇਹ ਉਜਾੜਾ ਚਾਰ ਪੰਜ ਹਜਾਰ ਸਾਲ ਪਹਿਲਾਂ ਹੋਇਆ।

ਆਰੀਆ ਲੋਕਾਂ ਦਾ ਸਭ ਤੋਂ ਪੁਰਾਣਾ ਗ੍ਰੰਥ ਰਿਗਵੇਦ ਹੈ। ਰਿਗਵੇਦ ਵਿਚ ਪੰਜਾਬ ਅਤੇ ਇਸ ਦੇ ਆਸ ਪਾਸ ਵਗਦੇ ਦਰਿਆਵਾਂ ਤੇ ਥਾਵਾਂ ਦਾ ਜ਼ਿਕਰ ਆਉਂਦਾ ਹੈ ਜਿਵੇਂ ਕੁਭਾ (ਕਾਬਲ), ਸੁਵਾਸਤੂ (ਸਵੇਤ), ਕਰੂਮੂ (ਕੁੱਰਮ), ਗੋਮਤੀ (ਗੋਮਲਾ) ਸਿੰਧ ਦੀਆਂ ਨਦੀਆਂ, ਵਿਤਾਸਤਾ (ਜਿਹਲਮ) ਵਾਸਿਕਨੀ (ਚਨਾਬ), ਪਾਰੂਸਨੀ (ਇਸ ਨੂੰ ਬਾਦ ਵਿਚ ਐਰਾਵਤ ਕਿਹਾ ਗਿਆ ਤੇ ਫਿਰ ਰਾਵੀ) ਵਿਪਾਸਾ (ਬਿਆਸ) ਅਤੇ ਸੁਤਦਰੀ (ਸਤਲੁਜ) ਦਾ ਜ਼ਿਕਰ ਇਹ ਸਿੱਧ ਕਰਦਾ ਹੈ ਕਿ ਆਰੀਆ ਲੋਕ ਇਹਨਾਂ ਥਾਵਾਂ ਉਤੇ ਵਧੇ ਫੁੱਲੇ ਤੇ ਖੁਸ਼ਹਾਲ ਹੋਏ। ਗੰਗਾ ਅਤੇ ਜਮਨਾ ਦਾ ਜ਼ਿਕਰ ਸਾਰੇ ਰਿਗਵੇਦ ਵਿਚ ਦੋ ਕੁ ਵਾਰੀ ਆਇਆ ਹੈ ਇਸ ਕਰਕੇ ਕਿਹਾ ਜਾ ਸਕਦਾ ਹੈ ਕਿ ਪੂਰਬੀ ਅਤੇ ਦੱਖਣੀ ਦਿਸ਼ਾ ਵਲ ਉਹ ਨਹੀਂ ਵਧੇ।

ਪੁਰਾਣੇ ਕਬੀਲਿਆਂ ਦੇ ਆਪਸ ਵਿਚ ਜੋ ਸਬੰਧ ਜੋੜਨੇ ਹੋਣ ਤਾਂ ਉਨ੍ਹਾਂ ਦਾ ਆਧਾਰ ਵੀ ਰਿਗਵੇਦ ਬਣ ਸਕਦਾ ਹੈ। ਭਾਸ਼ਾ ਸ਼ਾਸਤਰੀਆਂ ਨੇ ਪਤਾ ਲਾਇਆ ਹੈ ਕਿ ਰਿਗਵੇਦ ਦੀ ਭਾਸ਼ਾ ਫ਼ਾਰਸੀ, ਲਾਤੀਨੀ ਅਤੇ ਯੂਨਾਨੀ ਨਾਲ ਕਾਫੀ ਮਿਲਦੀ ਹੈ। ਕੁਝ ਕੁ ਸ਼ਬਦਾਂ ਦੇ ਅਰਥਾਂ ਅਤੇ ਉਚਾਰਨ ਵਿਚ ਬਹੁਤ ਥੋੜਾ ਫਰਕ ਹੈ। ਮਾਂ ਨੂੰ ਸੰਸਕ੍ਰਿਤ ਵਿਚ 'ਮਾਤ੍ਰ', ਲਾਤੀਨੀ ਵਿਚ 'ਮੇਤ੍ਰ' ਅਤੇ ਅੰਗਰੇਜ਼ੀ ਵਿਚ 'ਮਦਰ' ਕਿਹਾ ਜਾਂਦਾ ਹੈ। ਪੁੱਤਰ ਨੂੰ ਸੰਸਕ੍ਰਿਤ ਵਿਚ 'ਸੂਨੁ' ਪੁਰਾਣੀ ਜਰਮਨ ਵਿਚ 'ਸੂਨੂ' ਅਤੇ ਅੰਗਰੇਜ਼ੀ ਵਿਚ 'ਸਨ' ਕਿਹਾ ਜਾਂਦਾ ਹੈ। ਅਜਿਹੀ ਭਾਸ਼ਾਈ ਸਮਾਨਤਾ ਤੋਂ ਪਰਗਟ ਹੁੰਦਾ ਹੈ ਕਿ ਇਨ੍ਹਾਂ ਵੱਖੋ ਵੱਖ ਬੋਲੀਆਂ ਨੂੰ ਬੋਲਣ ਵਾਲੇ ਲੋਕਾਂ ਦੇ ਪਿਤਾਮਾ ਸਾਂਝੇ ਸਨ ਤੇ ਕਦੀ ਇਕੱਠੇ ਰਹੇ ਹੋਣਗੇ। ਇੰਡੋ ਯੂਰਪੀਅਨ ਜਾਂ ਇੰਡੋ ਜਰਮਨ ਬੋਲੀਆਂ ਵਿਚ ਸਮੁੰਦਰ ਵਾਸਤੇ ਕੋਈ ਸ਼ਬਦ ਪ੍ਰਾਪਤ ਨਹੀਂ ਹੈ। ਇਸ ਦਾ ਅਰਥ ਹੈ ਕਿ ਪੁਰਾਣੇ ਲੋਕ ਨਾਂ ਤਾਂ ਕਿਸੇ ਟਾਪੂ ਵਿਚ ਵਸਦੇ ਸਨ ਨਾ ਸਮੁੰਦਰ ਦੇ ਕਿਨਾਰੇ ਜਾਂ ਨੇੜੇ ਤੇੜੇ ਇਨ੍ਹਾਂ ਦੀ ਰਿਹਾਇਸ਼ ਸੀ।

ਦੂਜੀ ਨਿਸ਼ਾਨੀ ਰੁੱਖਾਂ ਦੇ ਜ਼ਿਕਰ ਤੋਂ ਮਿਲਦੀ ਹੈ। ਜਿਹੜੀਆਂ ਥਾਵਾਂ ਤੇ ਉਹ ਵਸਦੇ ਸਨ ਉਥੇ ਬਲੂਤ (oak), ਬਰਚਾ (berch) ਬੈਂਤ (willow) ਅਤੇ ਹੋਰ ਨੁਕੀਲੇ ਪੱਤਿਆਂ ਵਾਲੇ ਦਰਖਤਾਂ ਦਾ ਜ਼ਿਕਰ ਆਉਂਦਾ ਹੈ। ਤੀਜੀ ਨਿਸ਼ਾਨੀ ਮੁਢਲੇ ਆਰੀਆਂ ਦੀ ਇਹ ਮਿਲਦੀ ਹੈ ਕਿ ਇਹ ਲੋਕ ਮੈਦਾਨਾਂ ਵਿਚ ਵਸਦੇ ਸਨ, ਅਨਾਜ ਉਗਾਉਂਦੇ ਸਨ ਅਤੇ ਬਲਦ, ਗਾਂ, ਭੇਡਾਂ, ਘੋੜੇ, ਕੁੱਤੇ ਅਤੇ ਸੂਰ ਪਾਲਦੇ ਸਨ। ਖੋਤੇ, ਊਠ ਜਾਂ ਹਾਥੀ ਦਾ ਜ਼ਿਕਰ ਨਹੀਂ ਆਉਂਦਾ। ਸੋ ਪਸ਼ੂਆਂ ਤੇ ਖੇਤੀ ਕਰਨ ਦੇ ਹਵਾਲਿਆਂ ਤੋਂ ਪਤਾ ਲਗਦਾ ਹੈ ਕਿ ਉਹ ਲੋਕ ਮੈਦਾਨਾਂ ਵਿਚ ਵਸਦੇ ਸਨ ਤੇ ਦਰਿਆਵਾਂ ਦੇ ਕਿਨਾਰਿਆਂ ਲਾਗੇ ਰਹਿੰਦੇ ਸਨ।

ਈਸਵੀ ਸਦੀ ਆਰੰਭ ਹੋਣ ਤੋਂ ਡੇਢ ਹਜ਼ਾਰ ਸਾਲ ਪਹਿਲਾਂ ਦੀ ਮੈਸੋਪੋਟਾਮੀਆ ਸਭਿਅਤਾ ਵਿਚ ਰਿਗਵੇਦ ਵਿਚਲੇ ਦੇਵਤਿਆਂ ਜਿਵੇਂ ਇੰਦਰ, ਵਰੁਣ, ਮਿਤਰ ਅਤੇ ਨਾਸਤੀਆ ਦਾ ਜ਼ਿਕਰ ਮਿਲਦਾ ਹੈ ਉਥੇ ਭਾਰਤ ਵਾਂਗ ਇਹਨਾਂ ਦੇਵਤਿਆਂ ਦੀ ਪੂਜਾ ਹੁੰਦੀ ਸੀ। ਪਾਰਸੀਆਂ ਦੀ ਧਰਮ ਪੁਸਤਕ ਅਵੇਸਤਾ ਹੈ। ਰਿਗਵੇਦ ਅਤੇ ਅਵੇਸਤਾ ਦੀ ਭਾਸ਼ਾ ਵਿਚ ਹੈਰਾਨੀਜਨਕ ਸਮਾਨਤਾ ਹੈ। ਅਜੋਕੀ ਫਾਰਸੀ ਅਤੇ ਸੰਸਕ੍ਰਿਤ ਵਿਚ ਜ਼ਮੀਨ ਅਸਮਾਨ ਦਾ ਅੰਤਰ ਪਾਇਆ ਜਾਂਦਾ ਹੈ ਪਰ ਰਿਗਵੇਦ ਦੀ ਭਾਸ਼ਾ ਅਤੇ ਅਵੇਸਤਾ ਦੀ ਭਾਸ਼ਾ ਵਿਚ ਅਜਿਹਾ ਅੰਤਰ ਨਹੀਂ। ਸੋ ਵੈਦਿਕ ਰਿਸ਼ੀ ਅਤੇ ਈਰਾਨ

ਦੇ ਪੁਰਾਣੇ ਵਸਨੀਕ ਕਿਸੇ ਵਕਤ ਇਕੱਠੇ ਰਹੇ ਹੋਣਗੇ। ਇਹੀ ਮੱਤ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਮੁਢਲੇ ਆਰੀਆ ਈਰਾਨ ਵਲੋਂ ਆਏ ਹੋਣਗੇ।

ਆਰੀਆ ਲੋਕ ਜਦੋਂ ਭਾਰਤ ਵਿਚ ਆਏ ਇਥੇ ਇਕ ਵੱਖਰੀ ਨਸਲ ਦੇ ਲੋਕ ਪਹਿਲੋਂ ਰਹਿ ਰਹੇ ਸਨ ਜਿਨ੍ਹਾਂ ਦਾ ਬਹੁਤ ਵਾਰੀ ਜ਼ਿਕਰ ਰਿਗਵੇਦ ਵਿਚ ਆਇਆ ਹੈ। ਆਰੀਆ ਲੋਕਾਂ ਦਾ ਗੈਰ ਆਰੀਆਂ ਨਾਲ ਯੁੱਧ ਹੋਇਆ। ਇਸ ਦੇ ਹਵਾਲੇ ਰਿਗਵੇਦ ਵਿਚ ਮੌਜੂਦ ਹਨ। ਲਿਖਿਆ ਹੈ ਕਿ ਇਹ ਜੰਗ 'ਦਸਯੂ' ਲੋਕਾਂ ਨਾਲ ਹੋਇਆ। ਦਸਯੂ ਲੋਕਾਂ ਨੂੰ ਪਿਛੋਂ ਜਾ ਕੇ 'ਦਾਸ' ਕਿਹਾ ਜਾਣ ਲੱਗਾ ਤੇ ਇਹ ਸਿੱਧ ਹੋ ਗਿਆ ਹੈ ਕਿ ਇਹ ਦਸਯੂ ਜਾਂ ਦਾਸ ਸਿੰਧਵਾਦੀ ਵਿਚ ਵਸਦੇ ਮੂਲ ਵਾਸੀ ਸਨ ਜਿਹੜੇ ਯੁੱਗ ਵਸ ਰਹੇ ਸਨ ਤੇ ਆਰੀਆਂ ਨੇ ਆ ਕੇ ਉਨ੍ਹਾਂ ਨੂੰ ਉਜਾੜ ਦਿੱਤਾ। ਇਨ੍ਹਾਂ ਮੂਲ ਵਾਸੀਆਂ ਦਾ ਆਰੀਆ ਲੋਕਾਂ ਨਾਲ ਨਾ ਰਹਿਣ ਸਹਿਣ ਆਪਸ ਵਿਚ ਮਿਲਦਾ ਜੁਲਦਾ ਸੀ ਨਾ ਸ਼ਕਲ ਸੂਰਤ। ਨਾ ਉਹਨਾਂ ਦੀ ਬੋਲੀ ਵਿਚ ਕੋਈ ਸਾਂਝ ਸੀ ਨਾ ਧਾਰਮਿਕ ਸੰਸਕਾਰਾਂ ਵਿਚ ਕੋਈ ਸਮਾਨਤਾ। ਆਰੀਆ ਲੋਕ ਲੰਬੇ ਕੱਦ ਵਾਲੇ, ਗੋਰੇ ਰੰਗ ਦੇ, ਪਤਲੇ ਬੁੱਲ੍ਹਾਂ ਅਤੇ ਤਿੱਖੇ ਨੱਕ ਵਾਲੇ ਲੋਕ ਸਨ। ਦਸਯੂ ਲੋਕ ਕਾਲੇ ਰੰਗ ਦੇ, ਮਧਰੇ ਕੱਦ ਦੇ, ਮੋਟੇ ਨੱਕ, ਮੋਟੇ ਬੁੱਲ੍ਹ ਅਤੇ ਮੋਟੀ ਆਵਾਜ਼ ਵਾਲੇ ਮਰਦ ਔਰਤਾਂ ਸਨ। ਦਸਯੂ ਲੋਕ ਵੈਦਿਕ ਦੇਵਤਿਆਂ ਜਾਂ ਵੇਦਾਂ ਦੀ ਸਿੱਖਿਆ ਨਹੀਂ ਮੰਨਦੇ ਸਨ। ਆਰੀਆਂ ਵਾਂਗ ਉਹ ਉਹ ਬਲੀਆਂ ਨਹੀਂ ਦਿੰਦੇ ਸਨ, ਯੱਗ ਨਹੀਂ ਕਰਦੇ ਸਨ। ਉਹ ਲਿੰਗ-ਪੂਜਾ ਕਰਦੇ ਸਨ ਅਤੇ ਰਿਗਵੇਦ ਅਨੁਸਾਰ ਇਨ੍ਹਾਂ ਦੀਆਂ ਧਾਰਮਿਕ ਰਸਮਾਂ ਵਚਿੱਤਰ ਸਨ। ਵੇਦ ਵਿਚ ਲਿਖਿਆ ਹੈ ਕਿ ਇਹਨਾਂ ਦੀ ਬੋਲੀ ਗੰਵਾਰ ਸੀ ਜਿਹੜੀ ਸਮਝ ਵਿਚ ਨਹੀਂ ਆਉਂਦੀ ਸੀ।

ਇਹ ਲੋਕ ਜਿਨ੍ਹਾਂ ਨੂੰ ਬਾਰ ਬਾਰ ਵੇਦਾਂ ਵਿਚ ਗੰਵਾਰ ਸਿੱਧੜ ਤੇ ਬਦਸੂਰਤ ਇਨਸਾਨ ਲਿਖਿਆ ਹੋਇਆ ਹੈ ਉਹ ਚੰਗੇ ਅਕਲਮੰਦ ਅਤੇ ਸੁਸਿੱਖਿਅਤ ਸੁਘੜ ਸ਼ਰੱਮਣ ਪਰੰਪਰਾ ਦੇ ਲੋਕ ਸਨ। ਦੋਹਾਂ ਜਾਤੀਆਂ ਦਾ ਟਕਰਾਉ ਹੋਇਆ। ਰਿਗਵੇਦ ਵਿਚ ਇਸ ਲੜਾਈ ਦਾ ਜ਼ਿਕਰ ਵਿਸਥਾਰ ਨਾਲ ਕੀਤਾ ਮਿਲਦਾ ਹੈ। ਆਰੀਆਂ ਦਾ ਜਰਨੈਲ ਇੰਦਰ ਸੀ। ਉਸ ਨੇ ਦਾਸਾਂ ਦੇ ਪਿੰਡਾਂ ਸ਼ਹਿਰਾਂ ਨੂੰ ਅੱਗਾਂ ਲਾ ਦਿਤੀਆਂ ਅਤੇ ਦਰਿਆਵਾਂ ਦਾ ਪਾਣੀ ਉਨ੍ਹਾਂ ਵਲ ਛਡ ਦਿੱਤਾ। ਮੂਲਵਾਸੀ ਅਮਨ ਪਸੰਦ ਸ਼ਹਿਰੀ ਸਨ ਤੇ ਉਹ ਹਥਿਆਰਬੰਦ ਆਰੀਆਂ ਦਾ ਮੁਕਾਬਲਾ ਨਾ ਕਰ ਸਕੇ। ਮੂਲਵਾਸੀਆਂ ਦੀ ਭਵਨ ਨਿਰਮਾਣ ਕਲਾ ਤੋਂ ਹੀ ਉਨ੍ਹਾਂ ਦੀ ਸ਼ਾਨਦਾਰ ਸੂਝ ਅਤੇ ਲਿਆਕਤ ਦਾ ਪਤਾ ਲਗ ਜਾਂਦਾ ਹੈ। ਇਸ ਸਮੇਂ ਆਰੀਆ ਲੋਕ ਜਾਂਗਲੀ ਆਦਤਾਂ ਤੋਂ ਖਹਿੜਾ ਨਹੀਂ ਸਨ ਛੁਡਾ ਸਕੇ, ਕਬੀਲਿਆਂ ਵਿਚ ਵਸਦੇ ਸਨ ਤੇ ਕਬਾਇਲੀ ਰੁਚੀਆਂ ਦੇ ਧਾਰਨੀ ਸਨ। ਇਹ ਆਰੀਆ, ਸੁਸਿਖਿਅਤ ਅਨਾਰੀਆਂ (ਗ਼ੈਰ ਆਰੀਆਂ) ਨੂੰ ਅਸੁਰ, ਪੈਸ਼ਾਚ ਅਤੇ ਰਾਖਸ਼ ਕਹਿੰਦੇ ਸਨ। ਰਿਗਵੇਦ ਵਿਚ ਲਿਖਿਆ ਹੈ ਕਿ ਧਰਤੀ ਇਹਨਾਂ ਦਸਯੂ ਪੈਸ਼ਾਚਾਂ ਦੇ ਦਵਨ ਕਰਨ ਲਈ ਹੀ ਬਣਾਈ ਗਈ ਹੈ। ਪੰਜਾਹ ਹਜ਼ਾਰ ਕਾਲੇ ਰੰਗ ਦੇ ਦੁਸ਼ਮਣਾਂ ਨੂੰ ਕਤਲ ਕਰ ਦੇਣ ਅਤੇ ਇਕ ਹੋਰ ਥਾਂ ਫਿਰ ਤੀਹ ਹਜ਼ਾਰ ਅਸੁਰਾਂ ਨੂੰ ਮਾਰਨ ਦਾ ਬਿਰਤਾਂਤ ਹੈ। ਅਸੁਰਾਂ ਦੇ ਇਕ ਸੌ ਸ਼ਹਿਰਾਂ ਦੁਆਲੇ ਘੇਰਾ ਪਾਉਣ ਦਾ ਜ਼ਿਕਰ ਹੈ। ਰਿਗਵੇਦ ਵਿਚ ਆਰੀਆ ਲੋਕਾਂ ਵੱਲੋਂ ਇੰਦਰ ਅਗੇ ਅਰਦਾਸ ਦੇ ਸ਼ਬਦ ਇਹ ਹਨ –

ਚੁਫੇਰੇ ਸਾਡੇ ਦਸਯੂ ਕਬੀਲੇ ਹਨ
ਉਹ ਬਲੀਆਂ ਨਹੀਂ ਦਿੰਦੇ
ਉਹ ਕਿਸੇ ਮੰਨਤ ਨੂੰ ਨਹੀਂ ਮੰਨਦੇ
ਉਨ੍ਹਾਂ ਦੀਆਂ ਰੀਤਾਂ ਵਚਿੱਤਰ ਹਨ
ਮਨੁੱਖ ਹੀ ਨਹੀਂ ਜਾਪਦੇ ਉਹ
ਐ ਦੁਸ਼ਮਨਾਂ ਦਾ ਸੰਘਾਰ ਕਰਨ ਵਾਲੇ ਇੰਦਰ
ਉਹਨਾਂ ਦਾ ਨਾਸ ਕਰ
ਦਾਸ ਜਾਤੀ ਦਾ ਬੀਜ ਨਾਸ ਕਰ।

ਬਾਰ ਬਾਰ ਉਦਾਹਰਨਾਂ ਰਿਗਵੇਦ ਵਿਚੋਂ ਇਸ ਕਰਕੇ ਦਿੱਤੀਆਂ ਜਾ ਰਹੀਆਂ ਹਨ ਕਿਉਂਕਿ ਆਰੀਆ ਨਸਲ ਦਾ ਇਸ ਤੋਂ ਵਧੀਕ ਪੁਰਾਣਾ ਕੋਈ ਗ੍ਰੰਥ ਨਹੀਂ ਮਿਲਦਾ। ਇਸ ਗ੍ਰੰਥ ਵਿਚ ਆਰੀਆ ਲੋਕਾਂ ਦੀ ਸਮਾਜਕ, ਰਾਜਨੀਤਕ, ਆਰਥਕ ਤੇ ਧਾਰਮਿਕ ਜ਼ਿੰਦਗੀ ਦਾ ਸੰਪੂਰਣ ਬਿਉਰਾ ਇਕੱਤਰ ਕੀਤਾ ਜਾ ਸਕਦਾ ਹੈ।

ਸਮਾਜਕ ਜੀਵਨ

ਆਰੀਆ ਲੋਕ ਸ਼ਾਦੀ ਦੀ ਰਸਮ ਨੂੰ ਪਵਿਤਰ ਗਿਣਦੇ ਸਨ ਤੇ ਇਹ ਰਸਮ ਅਗਨੀ ਦੁਆਲੇ ਵੈਦਿਕ ਮੰਤਰਾਂ ਦੇ ਉਚਾਰਣ ਨਾਲ ਸੰਪੂਰਣ ਹੁੰਦੀ ਸੀ। ਇਕ ਪਤਨੀ ਰੱਖਣ ਦਾ ਰਿਵਾਜ ਵਧੇਰੇ ਸੀ ਭਾਵੇਂ ਕਿ ਉਪਰਲੇ ਅਮੀਰ ਤਬਕੇ ਵਿਚ ਬਹੁ-ਵਿਆਹ ਪ੍ਰਥਾ ਵੀ ਪ੍ਰਚੱਲਤ ਸੀ ਪਰ ਸੀਮਤ। ਔਰਤ ਦਾ ਜੀਵਨ ਅਜੋਕੇ ਸਮੇਂ ਨਾਲੋਂ ਵਧੀਕ ਸੁਖਾਵਾਂ ਸੀ। ਉਸ ਨੂੰ ਆਪਣਾ ਪਤੀ ਆਪ ਚੁਣਨ ਦੀ ਆਗਿਆ ਸੀ ਤੇ ਵਿਆਹ ਉਪਰੰਤ ਉਸਨੂੰ ਪਤੀ ਦੀ ਰਜ਼ਾਮੰਦੀ ਅਨੁਸਾਰ ਜੀਵਨ ਬਤੀਤ ਕਰਨਾ ਪੈਂਦਾ ਸੀ। ਇਸਤਰੀਆਂ ਗਹਿਣੇ ਪਹਿਨਦੀਆਂ ਸਨ ਅਤੇ ਧਾਰਮਿਕ ਰਸਮਾਂ ਵਿਚ ਭਾਗ ਲੈਂਦੀਆਂ ਸਨ। ਔਰਤਾਂ ਨੂੰ ਪੜ੍ਹਨ ਲਿਖਣ ਦੇ ਮੌਕੇ ਮਿਲਦੇ ਸਨ ਤੇ ਉਹ ਧਾਰਮਿਕ ਦਾਰਸ਼ਨਿਕ ਵਿਚਾਰ ਵਟਾਂਦਰੇ ਵਿਚ ਹਿੱਸਾ ਲੈਂਦੀਆਂ ਸਨ। ਕੁਝ ਕੁ ਔਰਤਾਂ ਨੇ ਵੇਦਾਂ ਦੇ ਮੰਤਰ ਉਚਾਰਣ ਵੀ ਕੀਤੇ। ਸੰਜੁਗਤ ਪਰਿਵਾਰ ਦਾ ਰਿਵਾਜ ਸੀ ਜਿਸ ਵਿਚ ਮਾਤਾ ਪਿਤਾ ਭੈਣ ਭਰਾ ਅਤੇ ਪੁੱਤਰ ਧੀਆਂ ਰਲ ਮਿਲ ਕੇ ਰਹਿੰਦੇ ਸਨ। ਆਪਸ ਵਿਚ ਪਿਆਰ ਵੀ ਸੀ ਤੇ ਝਗੜੇ ਵੀ ਹੁੰਦੇ ਰਹਿੰਦੇ ਸਨ। ਪਿਤਾ ਪੁਰਖੀ ਸਮਾਜ ਸੀ ਤੇ ਵਿਧਵਾਵਾਂ ਦਾ ਦੁਬਾਰਾ ਵਿਆਹ ਨਹੀਂ ਹੁੰਦਾ ਸੀ। ਬਚਪਨ ਵਿਚ ਲੜਕੀਆਂ ਦੇ ਸਰਪ੍ਰਸਤ ਮਾਪੇ, ਜਵਾਨੀ ਵਿਚ ਭਰਾ, ਵਿਆਹ ਉਪਰੰਤ ਪਤੀ ਤੇ ਬੁਢਾਪੇ ਵਿਚ ਪੁਤਰ ਉਨ੍ਹਾਂ ਦੇ ਰਖਵਾਲੇ ਸਨ। ਵਰਾਸਤ ਦਾ ਨਿਜਮ ਮੁੰਡੇ ਅਤੇ ਕੁੜੀ ਲਈ ਇਕਸਾਰ ਨਹੀਂ ਸੀ। ਪੁੱਤਰ, ਪਿਤਾ ਦੀ ਜਾਇਦਾਦ ਦੇ ਵਾਰਸ ਮੰਨੇ ਜਾਂਦੇ ਸਨ ਪਰ ਧੀਆਂ ਨੂੰ ਜਾਇਦਾਦ ਵਿਚੋਂ ਹਿੱਸੇ ਦਾ ਅਧਿਕਾਰ ਨਹੀਂ ਸੀ। ਵਿਆਹ ਵਿਚ ਦਹੇਜ ਦੇਣ ਦਾ ਰਿਵਾਜ ਸੀ ਤੇ ਦਹੇਜ ਵਿਚ ਮਿਲੀਆਂ ਸੁਗਾਤਾਂ ਹੀ ਉਸ ਦੀ ਜਾਇਦਾਦ ਹੁੰਦੀਆਂ ਸਨ। ਪੁੱਤਰ ਗੋਦ ਲੈਣ ਦੇ ਰਿਵਾਜ ਨੂੰ ਸਮਾਜਕ ਪ੍ਰਵਾਨਗੀ ਮਿਲੀ ਹੋਈ ਸੀ।

ਊਨੀ ਅਤੇ ਸੂਤੀ ਦੋਵੇਂ ਪਰਕਾਰ ਦੇ ਕੱਪੜੇ ਪਹਿਨੇ ਜਾਂਦੇ ਸਨ। ਜਾਇਦਾਦ ਵਿਚ ਪਸ਼ੂ, ਗਹਿਣੇ, ਹਥਿਆਰ ਅਤੇ ਗੁਲਾਮ ਸ਼ਾਮਲ ਸਨ। ਜ਼ਮੀਨ ਉੱਤੇ ਨਿੱਜੀ

ਮਾਲਕੀ ਦਾ ਅਧਿਕਾਰ ਸੀ। ਔਰਤਾਂ ਕਪੜਿਆਂ ਉੱਤੇ ਸੁੰਦਰ ਕਢਾਈ ਕਰਦੀਆਂ ਸਨ। ਰਿਸ਼ੀ ਅਤੇ ਤਪੱਸਵੀ ਕਿਸੇ ਪਸ਼ੂ ਦੀ ਖੱਲ ਪਹਿਨ ਲੈਂਦੇ ਸਨ। ਇਹ ਖੱਲ ਅਕਸਰ ਹਿਰਨ, ਚੀਤੇ ਜਾਂ ਸ਼ੇਰ ਦੀ ਹੁੰਦੀ ਸੀ। ਔਰਤਾਂ ਸੋਨੇ ਚਾਂਦੀ ਦੇ ਗਹਿਣੇ ਪਹਿਨਦੀਆਂ ਸਨ। ਕੰਨਾਂ ਵਿਚ ਝੁਮਕੇ ਅਤੇ ਗਲ ਵਿਚ ਹਾਰ ਪਹਿਨੇ ਜਾਂਦੇ ਸਨ। ਹੱਥਾਂ ਵਿਚ ਚੂੜੀਆਂ ਅਤੇ ਪੈਰਾਂ ਵਿਚ ਝਾਂਜਰਾਂ ਪਹਿਨੀਆਂ ਜਾਂਦੀਆਂ ਸਨ। ਸੋਨੇ ਚਾਂਦੀ ਦੀ ਧਾਤ ਤੋਂ ਇਲਾਵਾ ਉਚੀਆਂ ਕੁਲਾਂ ਵਿਚ ਹੀਰੇ ਮੋਤੀ ਪਹਿਨਣ ਦਾ ਵੀ ਰਿਵਾਜ ਸੀ। ਸਿਰ ਦੇ ਵਾਲਾਂ ਵਿਚ ਤੇਲ ਲਾ ਕੇ ਕੰਘੀ ਕੀਤੀ ਜਾਂਦੀ ਸੀ। ਔਰਤਾਂ ਮੀਢੀਆਂ ਗੁੰਦਦੀਆਂ ਸਨ ਤੇ ਆਦਮੀ ਕੁੰਡਲਦਾਰ ਵਾਲ ਰੱਖਦੇ ਸਨ। ਦਾਹੜੀ ਮੁੱਛਾਂ ਰੱਖਣ ਦਾ ਰਿਵਾਜ਼ ਸੀ ਭਾਵੇਂ ਨਾਈਆਂ ਅਤੇ ਉਸਤਰਿਆਂ ਦੇ ਜ਼ਿਕਰ ਤੋਂ ਅਜਿਹਾ ਲਗਦਾ ਹੈ ਜਿਵੇਂ ਵਾਲ ਕਟਵਾਉਣ ਦਾ ਰਿਵਾਜ ਵੀ ਚੱਲ ਪਿਆ ਹੋਵੇ। ਰਿਸ਼ੀ ਦਾਹੜੀ ਕੇਸਾਂ ਵਾਲੇ ਸਾਬਤ ਸੂਰਤ ਆਦਮੀ ਹੁੰਦੇ ਸਨ।

ਬਾਜਰੇ ਦੀ ਰੋਟੀ ਅਤੇ ਚਾਵਲ ਮੁੱਖ ਅਨਾਜ ਸੀ। ਦੁੱਧ ਦਹੀਂ ਅਤੇ ਘਿਉ ਮੱਖਣ ਖਾਣ ਪੀਣ ਦਾ ਰਿਵਾਜ਼ ਸੀ। ਦੁੱਧ ਵਿਚ ਉਬਾਲ ਕੇ ਭੋਜਨ ਪਕਾਉਣ ਦਾ ਵੀ ਰਿਵਾਜ ਸੀ ਜਿਵੇਂ ਅਸੀਂ ਅੱਜ ਕਲ੍ਹ ਖੀਰ ਬਣਾਉਂਦੇ ਹਾਂ। ਸੰਸਕ੍ਰਿਤ ਵਿਚ ਦੁੱਧ ਨੂੰ ਹੀ ਖੀਰ ਕਿਹਾ ਗਿਆ ਹੈ। ਦੇਸੀ ਘਿਉ ਬਗੈਰ ਖਾਣਾ ਅਧੂਰਾ ਸਮਝਿਆ ਜਾਂਦਾ ਸੀ। ਜਾਨਵਰਾਂ ਦਾ ਮਾਸ ਖਾਣ ਦਾ ਰਿਵਾਜ਼ ਸੀ ਪਰ ਅਕਸਰ ਉਨ੍ਹਾਂ ਪਸ਼ੂਆਂ ਦਾ ਮਾਸ ਖਾਣੇ ਵਾਸਤੇ ਵਧੀਕ ਪਵਿੱਤਰ ਮੰਨਿਆ ਜਾਂਦਾ ਸੀ ਜਿਨ੍ਹਾਂ ਦੀ ਬਲੀ ਦਿੱਤੀ ਗਈ ਹੋਵੇ। ਸ਼ਰਾਬ ਪੀਣ ਦੀ ਮਨਾਹੀ ਸੀ ਪਰ ਸੋਮਰਸ ਪੀਣ ਦਾ ਜ਼ਿਕਰ ਕਈ ਥਾਵਾਂ ਤੇ ਆਉਂਦਾ ਹੈ। ਸੋਮਰਸ ਕਿਸੇ ਬੂਟੇ ਤੋਂ ਪ੍ਰਾਪਤ ਹੋਣ ਵਾਲਾ ਰਸ ਸੀ ਜੋ ਸ਼ਾਇਦ ਕੁਝ ਨਸ਼ਾ ਵੀ ਦਿੰਦਾ ਹੋਵੇ ਪਰ ਸਰੀਰ ਵਾਸਤੇ ਗੁਣਕਾਰੀ ਹੋਵੇ, ਜਿਵੇਂ ਅੱਜ ਕੱਲ੍ਹ ਫਲਾਂ ਦੀ ਵਾਈਨ ਹੈ। ਵੈਦਿਕ ਆਰੀਏ ਨਚਦੇ ਗਾਉਂਦੇ ਅਤੇ ਸਾਜ਼ ਵਜਾ ਕੇ ਮਨੋਰੰਜਨ ਕਰਦੇ ਸਨ। ਸਾਜ਼ਾਂ ਵਿਚ ਢੋਲ, ਬੰਸਰੀ ਅਤੇ ਇਕਤਾਰੇ ਨਾਲ ਮਿਲਦੇ ਜੁਲਦੇ ਸਾਜ਼ ਹੋਇਆ ਕਰਦੇ ਸਨ। ਖੇਡਣ ਕੁੱਦਣ ਦਾ ਰਿਵਾਜ ਸੀ ਅਤੇ ਘੋੜ ਸਵਾਰੀ, ਪੈਦਲ ਦੌੜਾਂ ਆਦਿਕ ਕੇ ਮੁਕਾਬਲੇ ਹੁੰਦੇ ਸਨ। ਰਿਗਵੇਦ ਵਿਚ ਇਕ ਪਿਤਾ ਆਪਣੇ ਪੁੱਤਰ ਨੂੰ ਜੂਆ ਖੇਡਣ ਕਰਕੇ ਮਾਰਦਾ ਕੁਟਦਾ ਹੈ।

ਆਰਥਕ ਜੀਵਨ

ਮੁੱਖ ਪੇਸ਼ਾ ਕਿਰਸਾਨੀ ਅਤੇ ਪਸ਼ੂਪਾਲਣ ਸੀ। ਪਸ਼ੂਆਂ ਦੇ ਦਰਵਾਹੇ ਨੂੰ ਗੋਪਾਲ ਕਿਹਾ ਜਾਂਦਾ ਸੀ। ਪਸ਼ੂਆਂ ਦੀਆਂ ਚੋਰੀਆਂ ਹੋਣ ਦਾ ਜ਼ਿਕਰ ਹੈ। ਗੋਪਾਲ ਪਸ਼ੂਆਂ ਦੀ ਜੰਗਲੀ ਜਾਨਵਰਾਂ ਤੋਂ ਰੱਖਿਆ ਕਰਦਾ ਸੀ। ਪਸ਼ੂ ਚੰਗਾ ਸਰਮਾਇਆ ਸਮਝੇ ਜਾਂਦੇ ਸਨ ਇਸ ਕਰਕੇ ਉਹਨਾਂ ਦੀ ਪੈਦਾਇਸ਼ ਅਤੇ ਪਰਿਵਰਸ਼ ਵਲ ਖਾਸ ਧਿਆਨ ਰੱਖਿਆ ਜਾਂਦਾ ਸੀ। ਲਾਭਦਾਇਕ ਪਸ਼ੂ ਸਮਝ ਕੇ ਗਾਂ ਨੂੰ ਮਾਰਿਆ ਨਹੀਂ ਜਾਂਦਾ ਸੀ। ਗਾਂ ਦੀ ਪੂਜਾ ਬਹੁਤ ਪਿਛੋਂ ਜਾ ਕੇ ਸ਼ੁਰੂ ਹੋਈ ਸੀ। ਦੂਜਾ ਕਿੱਤਾ ਲੜਨਾ ਭਿੜਨਾ ਤੇ ਲੁੱਟਮਾਰ ਕਰਨਾ ਸੀ। ਮੂਲਵਾਸੀ ਜਾਨਾਂ ਬਚਾ ਕੇ ਜਿਹੜੇ ਭੱਜ ਗਏ ਬਚ ਗਏ ਜਿਹੜੇ ਰਹਿ ਗਏ ਉਨ੍ਹਾਂ ਨੂੰ ਦਾਸ ਜਾਂ ਸ਼ੂਦਰ ਕਿਹਾ ਗਿਆ। ਪਹਿਲੋਂ ਪਹਿਲੇ ਆਰੀਆਂ ਦੀਆਂ ਅਨਾਰੀਆਂ ਨਾਲ ਜੰਗਾਂ ਹੋਇਆ ਕਰਦੀਆਂ ਸਨ ਪਰ ਪਿਛੋਂ ਜਾ ਕੇ

ਆਰੀਆ ਰਾਜੇ ਆਪਸ ਵਿਚ ਵੀ ਲੜਨ ਭਿੜਨ ਲੱਗ ਗਏ। ਸੈਨਿਕਾਂ ਦੀ ਭਰਤੀ ਹੋਣੀ ਸ਼ੁਰੂ ਹੋ ਗਈ। ਸੈਨਿਕਾਂ ਨੂੰ ਤਨਖਾਹ ਵਿਚ ਖਾਣ ਪੀਣ ਦੀਆਂ ਵਸਤਾਂ, ਅਨਾਜ ਅਤੇ ਵਸਤਰ ਆਦਿਕ ਦੇਣ ਦਾ ਰਿਵਾਜ ਸੀ।

ਜਿਣਸਾਂ ਦਾ ਜਿਣਸਾਂ ਨਾਲ ਤਬਾਦਲਾ ਕੀਤਾ ਜਾਂਦਾ ਸੀ ਤੇ ਗਾਂ ਨੂੰ ਗਿਣਤੀ ਦੀ ਇਕਾਈ ਮੰਨ ਲਿਆ ਗਿਆ ਸੀ। ਜੀਵਨ ਅਤਿ ਸਾਦਾ ਹੋਣ ਕਰਕੇ ਅਨਾਜ ਦੀ ਅਦਲਾ ਬਦਲੀ ਨਾਲ ਕੰਮ ਚੱਲ ਜਾਂਦਾ ਸੀ। ਕਾਰੀਗਰੀ ਦਾ ਰਿਵਾਜ ਆਰੰਭ ਹੋ ਗਿਆ ਸੀ। ਹਥਿਆਰਾਂ ਦੀ ਲੋੜ ਸੀ। ਇਸ ਕਰਕੇ ਲੁਹਾਰੇ ਦੇ ਕੰਮ ਨੂੰ ਉਤਸ਼ਾਹ ਮਿਲਿਆ। ਰੱਥ ਅਤੇ ਮਕਾਨ ਬਣਾਉਣ ਲਈ ਤਰਖਾਣ ਦੀ ਲੋੜ ਪੈ ਗਈ ਅਤੇ ਕਾਰੀਗਰ ਇਸ ਕਿਤੇ ਵਿਚ ਪਰਬੀਣਤਾ ਲਿਆਉਣ ਲੱਗੇ। ਘਰਾਂ ਵਿਚ ਬਰਤਨਾਂ ਦੀ ਲੋੜ ਸੀ ਤੇ ਖੇਤਾਂ ਵਿਚ ਵਾਹੀ ਗੋਡੀ ਤੇ ਕਟਾਈ ਕਰਨ ਵਾਲੇ ਸੰਦਾਂ ਦੀ ਜ਼ਰੂਰਤ ਪਈ। ਇਹ ਸਾਰੇ ਕੰਮ ਕਾਰੀਗਰ ਤੋਂ ਬਗੈਰ ਸੰਭਵ ਨਹੀਂ ਸਨ। ਬਰਤਨ ਤਾਂਬੇ ਜਾਂ ਲੋਹੇ ਦੇ ਹੁੰਦੇ ਸਨ। ਸੁਨਿਆਰ ਗਹਿਣੇ ਬਣਾਉਣ ਲੱਗ ਪਏ ਸਨ। ਮੋਚੀ ਕਮਾਨ ਬਣਾਉਂਦੇ ਸਨ ਅਤੇ ਪਸ਼ੂਆਂ ਦੀ ਖੱਲ ਨਾਲ ਪਾਣੀ ਪਿਲਾਉਣ ਵਾਲੀ ਮਸ਼ਕ ਬਣਾਈ ਜਾਂਦੀ ਸੀ ਜੋ ਮੋਚੀ ਹੀ ਬਣਾਉਂਦੇ ਸਨ। ਚਮੜਾ ਰੰਗਣ ਦਾ ਰਿਵਾਜ ਚੱਲ ਪਿਆ ਸੀ। ਸੀਣ ਪਰੋਣ ਦਾ ਕੰਮ ਵਧੇਰੇ ਕਰਕੇ ਔਰਤਾਂ ਹੀ ਕਰਦੀਆਂ ਸਨ। ਦਿਲਚਸਪ ਗੱਲ ਇਹ ਹੈ ਕਿ ਰਿਗਵੇਦ ਵਿਚ ਕਿਸੇ ਕਿੱਤੇ ਨੂੰ ਬੁਰਾ ਨਹੀਂ ਸਮਝਿਆ ਗਿਆ। ਕੋਈ ਕੰਮ ਮਾੜਾ ਤੇ ਕੋਈ ਚੰਗਾ ਹੈ, ਇਹ ਰਿਵਾਜ ਬਹੁਤ ਦੇਰ ਬਾਦ ਪੈਦਾ ਹੋਇਆ ਸੀ। ਖੇਤੀ ਅਤੇ ਸ਼ਿਕਾਰ ਦਾ ਤਾਂ ਬੜੇ ਵਿਸਥਾਰ ਨਾਲ ਜ਼ਿਕਰ ਹੋਇਆ ਹੈ। ਮੱਛੀ ਫੜਨ ਜਾਂ ਖਾਣ ਦਾ ਜ਼ਿਕਰ ਨਹੀਂ ਆਉਂਦਾ ਨਾ ਕਿਸ਼ਤੀਆਂ ਬਣਾਉਣ ਜਾਂ ਤੈਰਾਕੀ ਦੇ ਮੁਕਾਬਲਿਆਂ ਦਾ ਕੋਈ ਜ਼ਿਕਰ ਹੈ। ਇਸ ਤੋਂ ਪਤਾ ਲਗਦਾ ਹੈ ਕਿ ਅਜੇ ਦਰਿਆਵਾਂ ਉੱਤੇ ਆਰੀਆਂ ਦੀ ਫਤਹਿ ਨਹੀਂ ਹੋਈ ਸੀ ਤੇ ਉਹ ਪਾਣੀ ਵਿਚ ਵੜਨੋ ਵੀ ਸੰਕੋਚ ਕਰਦੇ ਹੋਣਗੇ। ਦਰਿਆਵਾਂ ਰਾਹੀਂ ਵਪਾਰ ਆਦਿਕ ਦਾ ਤਾਂ ਸਵਾਲ ਹੀ ਨਹੀਂ ਸੀ। ਪਿਛਲੇਰੇ ਵੈਦਿਕ ਕਾਲ ਵਿਚ ਜ਼ਰੂਰ ਪਾਣੀ ਦੇ ਰਾਹ ਵਪਾਰ ਹੋਣ ਲੱਗ ਪਿਆ ਸੀ।

ਰਾਜਨੀਤਕ ਜੀਵਨ

ਪਰਿਵਾਰ ਤੋਂ ਸ਼ੁਰੂ ਹੋ ਕੇ ਰਾਸ਼ਟਰ ਤੱਕ ਦੀ ਉਸਾਰੀ ਦੇ ਪੰਜ ਪੜਾਅ ਸਨ। ਪਰਿਵਾਰ ਮੁੱਢਲੀ ਇਕਾਈ ਹੋਇਆ ਕਰਦਾ ਸੀ। ਇਹ ਪੜਾਉ ਸਨ –

1. ਟੱਬਰ (ਗ੍ਰਹਿ ਜਾਂ ਕੁਲ)
2. ਪਿੰਡ (ਗ੍ਰਾਮ)
3: ਬਰਾਦਰੀ ਜਾਂ ਸ਼ਰੀਕਾ (ਵਿਸ)
4. ਲੋਕ (ਜਨ)
5. ਦੇਸ਼ (ਰਾਸ਼ਟਰ)

ਕੁਲ ਦੇ ਮੁਖੀ ਨੂੰ ਕੁਲਪਾ ਕਿਹਾ ਜਾਂਦਾ ਸੀ। ਪਿੰਡ ਦਾ ਮੁਖੀ ਗ੍ਰਾਮਣੀ ਹੁੰਦਾ ਸੀ। ਭਾਈਚਾਰੇ ਦੇ ਮੁਖੀ ਨੂੰ ਵਿਸਪਤੀ ਕਹਿੰਦੇ ਸਨ। ਜਨ ਸਾਧਾਰਨ ਦਾ ਮੁਖੀ ਭਰਤ ਜਾਂ ਯਾਦਵ ਹੁੰਦਾ ਸੀ ਤੇ ਦੇਸ਼ ਦੇ ਮੁਖੀ ਨੂੰ ਰਾਜਨ ਆਖਿਆ ਜਾਂਦਾ ਸੀ। ਰਾਜੇ

ਦਾ ਪੂਰਨ ਸਤਿਕਾਰ ਹੁੰਦਾ ਸੀ ਤੇ ਵਿਸ਼ਵਾਸ ਬੱਝ ਗਿਆ ਸੀ ਕਿ ਉਹ ਰੱਬ ਵਲੋਂ ਚੁਣ ਕੇ ਭੇਜਿਆ ਗਿਆ ਨੁਮਾਇੰਦਾ ਹੈ। ਉਹ ਆਪਣੀ ਪਰਜਾ ਦੀ ਰਾਖੀ ਕਰਦਾ ਸੀ ਤੇ ਦੁਸ਼ਮਣਾਂ ਦੀ ਅਲਖ ਮੁਕਾਉਂਦਾ ਸੀ। ਕਰ ਦੀ ਉਗਰਾਹੀ ਅਨਾਜ ਦੇ ਰੂਪ ਵਿਚ ਹੁੰਦੀ ਸੀ ਅਤੇ ਅੰਤਿਮ ਅਪੀਲ ਸੁਣਨ ਲਈ ਮੁੱਖ ਨਿਆਂਧੀਸ਼ ਵੀ ਰਾਜਾ ਸੀ। ਉਹ ਖੂਬਸੂਰਤ ਵਸਤਰਾਂ ਅਤੇ ਗਹਿਣਿਆਂ ਨਾਲ ਸਜ-ਧਜ ਕੇ ਰਹਿੰਦਾ ਅਤੇ ਰਿਹਾਇਸ਼ ਲਈ ਸ਼ਾਨਦਾਰ ਮਹਿਲ ਉਸਾਰੇ ਜਾਂਦੇ। ਉਸ ਦਾ ਮੰਤਰੀ ਮੰਡਲ ਹੁੰਦਾ। ਰਾਜ-ਪੁਰੋਹਤ ਸਾਰੇ ਮੰਤਰੀਆਂ ਦਾ ਮੁਖੀ ਅਤੇ ਰਾਜੇ ਦਾ ਮੁੱਖ ਸਲਾਹਕਾਰ ਹੁੰਦਾ ਸੀ। ਉਹ ਪੂਜਾਪਾਠ ਵਿਚ ਰਾਜੇ ਦੀ ਅਗਵਾਈ ਕਰਦਾ ਸੀ ਤੇ ਜੰਗ ਵਿਚ ਉਸ ਨਾਲ ਜਾ ਕੇ ਰਾਜੇ ਦੀ ਸਲਾਮਤੀ ਲਈ ਮੰਤਰ ਉਚਾਰਣ ਕਰਦਾ ਰਹਿੰਦਾ ਸੀ। ਉਹ ਦਾਰਸ਼ਨਿਕ ਵੀ ਹੁੰਦਾ ਸੀ ਤੇ ਰਾਜੇ ਦਾ ਮਿੱਤਰ ਵੀ। ਦੂਜਾ ਮੰਤਰੀ ਸੈਨਾਨੀ ਅਖਵਾਉਂਦਾ ਸੀ ਜੋ ਰੱਖਿਆ ਮੰਤਰੀ ਹੁੰਦਾ ਸੀ। ਰਾਜਾ ਖੁਦਮੁਖ਼ਤਾਰ ਹੁੰਦਾ ਸੀ ਤੇ ਬਾਦਸ਼ਾਹਤ ਖ਼ਾਨਦਾਨੀ ਚਲਦੀ ਸੀ ਪਰ ਸੰਮਤੀ ਜਾਂ ਸਭਾ ਦਾ ਜ਼ਿਕਰ ਵੀ ਆਉਂਦਾ ਹੈ ਜੋ ਵਿਚਾਰ ਵਟਾਂਦਰੇ ਰਾਹੀਂ ਰਾਜੇ ਨੂੰ ਸਲਾਹ ਦਿੰਦੀ ਸੀ।

ਅਪਰਾਧੀਆਂ ਨੂੰ ਸਜ਼ਾ ਦੇਣ ਤੋਂ ਬਗੈਰ ਸਮਾਜ ਵਿਚ ਸੁਖ-ਚੈਨ ਕਾਇਮ ਨਹੀਂ ਹੋ ਸਕਦਾ ਪਰ ਅਣਮਨੁੱਖੀ ਕਿਸਮ ਦੇ ਤਸੀਹੇ ਦੇ ਕੇ ਮਾਰਨ ਦਾ ਸਾਨੂੰ ਕਿਧਰਿਉਂ ਪਤਾ ਨਹੀਂ ਲੱਗਿਆ। ਵੱਖ ਵੱਖ ਅਪਰਾਧਾਂ ਬਦਲੇ ਸਜ਼ਾ ਵਧੇਰੇ ਕਰਕੇ ਜੁਰਮਾਨੇ ਦੇ ਰੂਪ ਵਿਚ ਦਿੱਤੀ ਜਾਂਦੀ ਸੀ ਅਤੇ ਜੁਰਮਾਨਾਂ ਪਸ਼ੂਆਂ ਜਾਂ ਅਨਾਜ ਦੀ ਵਸੂਲੀ ਰਾਹੀਂ ਅਦਾ ਹੁੰਦਾ ਸੀ। ਅੱਖਾਂ ਕੱਢ ਦੇਣੀਆਂ ਜਾਂ ਹੱਥ ਪੈਰ ਕੱਟ ਦੇਣ ਵਰਗੀਆਂ ਸਜ਼ਾਵਾਂ ਨਹੀਂ ਦਿੱਤੀਆਂ ਜਾਂਦੀਆਂ ਸਨ। ਸੈਨਾ ਪੈਦਲ ਹੁੰਦੀ ਸੀ ਤੇ ਅਫਸਰ ਰਥਾਂ ਵਿਚ ਜਾਂਦੇ ਸਨ। ਬਰਛਾ, ਤਲਵਾਰ ਤੇ ਤੀਰ ਕਮਾਨ ਹਥਿਆਰ ਹੁੰਦੇ ਸਨ। ਤੀਰ ਲੱਕੜ ਦਾ ਹੁੰਦਾ ਸੀ ਜਿਸ ਦੀ ਨੋਕ ਤਾਂਬੇ ਜਾਂ ਲੋਹੇ ਦੀ ਹੁੰਦੀ ਸੀ। ਟੋਪ ਅਤੇ ਕਵਚ ਸਰੀਰ ਦੀ ਰਾਖੀ ਲਈ ਪਹਿਨੇ ਜਾਂਦੇ ਸਨ। ਆਤਮ ਰੱਖਿਆ ਲਈ ਕਿਲੇ ਉਸਾਰੇ ਗਏ ਤੇ ਨਗਰਾਂ ਦੇ ਦੁਆਲੇ ਦੀਵਾਰਾਂ ਖੜ੍ਹੀਆਂ ਕੀਤੀਆਂ ਗਈਆਂ। ਲੜਾਈ ਵਿਚ ਦੁਸ਼ਮਣ ਦੇ ਕਿਲੇ ਨੂੰ ਢਾਹ ਦਿਤਾ ਜਾਂਦਾ ਸੀ ਜਾਂ ਅੱਗ ਲਾ ਕੇ ਨਸ਼ਟ ਕੀਤਾ ਜਾਂਦਾ ਸੀ। ਪਿਛੋਂ ਬਣੇ ਬਣਾਏ ਕਿਲੇ ਖੋਹਣ ਦਾ ਰਿਵਾਜ ਵੀ ਚੱਲ ਪਿਆ।

ਮੁਢਲੇ ਆਰੀਆਂ ਵਿਚ ਜਾਤਪਾਤ ਦੀਆਂ ਸਖਤ ਵੰਡਾਂ ਨਹੀਂ ਸਨ। ਕੰਮ ਦੀ ਵੰਡ ਸ਼ੁਰੂ ਹੋ ਗਈ ਸੀ ਪਰ ਕੰਮ ਅਨੁਸਾਰ ਇਜ਼ਤ ਜਾਂ ਤ੍ਰਿਸਕਾਰ ਦੇ ਵੇਰਵੇ ਪੁਰਾਣੇ ਆਰੀਆਂ ਦੇ ਸਮਾਜ ਵਿਚ ਨਹੀਂ ਸਨ। ਵਿਦਿਆ ਪ੍ਰਾਪਤੀ ਦਾ ਮਨੋਰਥ ਵਧੇਰੇ ਕਰਕੇ ਮੁਕਤੀ ਦੀ ਪ੍ਰਾਪਤੀ ਸੀ। ਖੱਤਰੀਆਂ ਦਾ ਕੰਮ ਕੇਵਲ ਲੜਨਾ ਸੀ। ਵੈਸ਼ ਕਿਉਂਕਿ ਵਪਾਰ ਆਦਿਕ ਕੰਮ ਕਾਰ ਕਰਦੇ ਸਨ ਇਸ ਕਰਕੇ ਉਨ੍ਹਾਂ ਲਈ ਵਧੇਰੀ ਉਚੀ ਪਰਮਾਰਥਕ ਵਿਦਿਆ ਦੀ ਲੋੜ ਨਹੀਂ ਸਮਝੀ ਗਈ। ਥੋੜੀ ਬਹੁਤ ਪੜ੍ਹਾਈ ਨਾਲ ਉਨ੍ਹਾਂ ਦਾ ਕੰਮ ਚੱਲ ਜਾਂਦਾ ਸੀ। ਬ੍ਰਾਹਮਣ ਵਿਦਿਆ ਗ੍ਰਹਿਣ ਕਰਨ ਲਈ ਸਭ ਤੋਂ ਯੋਗ ਵਿਅਕਤੀ ਸੀ ਕਿਉਂਕਿ ਉਸਨੇ ਅਗੋਂ ਵਿਦਿਆ ਦਾ ਪਸਾਰ ਕਰਕੇ ਤੇ ਧਾਰਮਿਕ ਰਸਮਾਂ ਨਿਭਾਂ ਕੇ ਜਗਤ ਦਾ ਕਲਿਆਣ ਕਰਨਾ ਸੀ। ਅਨਾਰੀਆ ਲੋਕਾਂ ਨੂੰ ਕਿਉਂਕਿ ਦਾਸ ਬਣਾ ਲਿਆ ਗਿਆ ਉਹ ਪਿਛੋਂ ਜਾ ਕੇ ਸ਼ੂਦਰ ਅਖਵਾਏ।

ਕੁਝ ਪਸ਼ੂ ਪੰਛੀਆਂ ਨੂੰ ਰਿਗਵੇਦ ਵਿਚ ਪਵਿਤਰ ਵੀ ਮੰਨਿਆ ਗਿਆ। ਘੋੜੇ ਦੇਵਤਿਆਂ ਦੇ ਰਥਾਂ ਅਗੇ ਵੀ ਜੁੜਦੇ ਸਨ ਇਸ ਕਰਕੇ ਇਨ੍ਹਾਂ ਦਾ ਬਹੁਤ ਵਾਰ ਵਰਣਨ ਆਇਆ ਹੈ। ਘੋੜਿਆਂ ਦੀ ਉਸਤਤੀ ਵਿਚ ਭਜਨ ਲਿਖੇ ਗਏ। ਗਰੜ ਪੰਛੀ ਦਾ ਜ਼ਿਕਰ ਹੈ ਜਿਹੜਾ ਪਿਛਲੇ ਆਰੀਆ ਸਾਹਿਤ ਵਿਚ ਵਿਸ਼ਨੂ ਦਾ ਵਾਹਨ ਬਣ ਗਿਆ। ਅਸਮਾਨ ਵਿਚ ਉਡਦੇ ਰੰਗ ਬਰੰਗੇ ਬੱਦਲਾਂ ਨੂੰ ਇੰਦਰ ਦੀਆਂ ਗਾਵਾਂ ਆਖਿਆ ਗਿਆ ਹੈ। ਰਿਗਵੇਦ ਵਿਚ ਬੱਕਰੀ ਪੂਸਾਣ ਦੇਵ ਦਾ ਰਥ ਖਿਚਦੀ ਹੈ ਤੇ ਖੋਤਾ ਅਸ਼ਵਨੀ ਦੇਵ ਦੇ ਰਥ ਅਗੇ ਜੁੜਿਆ ਹੋਇਆ ਹੈ।

ਆਰੀਆ ਲੋਕਾਂ ਵਿਚ ਹਾਸ ਵਿਅੰਗ ਦੀ ਬਰੀਕ ਸੂਝ ਸੀ। ਰਿਗਵੇਦ ਵਿਚ ਬਰਸਾਤ ਦੀ ਮੌਸਮ ਬਾਰੇ ਲਿਖਦਿਆਂ ਰਿਸ਼ੀ ਆਖਦਾ ਹੈ ਕਿ ਡੱਡੂ ਸ਼ੋਰ ਪਾ ਰਹੇ ਹਨ। ਇਕ ਵੱਡਾ ਡੱਡੂ ਗੜੈਂ ਗੜੈਂ ਕਰਦਾ ਹੈ ਤਾਂ ਪਿਛੋਂ ਕਿੰਨੇ ਸਾਰੇ ਹੋਰ ਡੱਡੂ ਗੜੈਂ ਗੜੈਂ ਦੀਆਂ ਆਵਾਜ਼ਾਂ ਕੱਢਣ ਲੱਗਦੇ ਹਨ। ਇਉਂ ਜਾਪਦਾ ਹੈ ਜਿਵੇਂ ਕੋਈ ਪੰਡਤ ਵਿਦਿਆਰਥੀਆਂ ਨੂੰ ਵੇਦ ਪਾਠ ਪੜ੍ਹਾ ਰਿਹਾ ਹੋਵੇ।

ਉਸ ਵਕਤ ਮੁਰਦਿਆਂ ਨੂੰ ਦੱਬਣ ਅਤੇ ਅਗਨੀ ਭੇਟਾ ਕਰਨ ਦੋਵੇਂ ਪਰਕਾਰ ਦੇ ਰਿਵਾਜ ਸਨ। ਖੁਦਾਈ ਤੋਂ ਸਾਨੂੰ ਪਿੰਜਰ ਮਿਲੇ ਹਨ। ਵੇਦਾਂ ਵਿਚ ਵੀ ਅੰਤਿਮ ਸੰਸਕਾਰ ਦੋਵੇਂ ਤਰ੍ਹਾਂ ਕੀਤੇ ਜਾਣ ਬਾਰੇ ਜ਼ਿਕਰ ਹੈ। ਜਦੋਂ ਮੁਰਦਾ ਅਗਨੀ ਭੇਟ ਕੀਤਾ ਜਾਂਦਾ ਸੀ ਉਦੋਂ ਕਿਹੜੇ ਮੰਤਰ ਉਚਾਰਣ ਕਰਨੇ ਹਨ ਅਤੇ ਕੀ ਕੀ ਰਸਮਾਂ ਕਰਨੀਆਂ ਹਨ ਇਸ ਬਾਰੇ ਵੇਦਾਂ ਵਿਚ ਵਿਸਥਾਰ ਨਾਲ ਲਿਖਿਆ ਮਿਲਦਾ ਹੈ ਜਦੋਂ ਕਿ ਧਰਤੀ ਵਿਚ ਦਬਾਉਣ ਦੇ ਸੰਕੇਤ ਇਸ ਦੇ ਮੁਕਾਬਲੇ ਬੜੇ ਘੱਟ ਹਨ। ਰਿਗਵੇਦ ਵਿਚ ਲਿਖਿਆ ਹੈ, "ਸਾਡੇ ਪਵਿੱਤਰ ਪੂਰਵਜ ਜਿਹੜੇ ਸਵਰਗ ਵਿਚ ਰਹਿੰਦੇ ਹਨ ਉਹ ਹਨ ਜਿਨ੍ਹਾਂ ਨੂੰ ਅਗਨੀ ਵਿਚ ਸਾੜ ਦਿੱਤਾ ਗਿਆ ਸੀ – ਉਹ ਵੀ ਹਨ ਜਿਨ੍ਹਾਂ ਨੂੰ ਅਗਨੀ ਵਿਚ ਨਹੀਂ ਸੀ ਸਾੜਿਆ ਗਿਆ।"

ਕਿਉਂਕਿ ਆਰੀਆ ਲੋਕ ਈਰਾਨ ਵਲੋਂ ਆਏ ਸਨ, ਉਥੇ ਮੁਰਦੇ ਸਾੜਨ ਦੀ ਥਾਂ ਦੱਬਣ ਦਾ ਰਿਵਾਜ ਸੀ ਤੇ ਬਾਦਸ਼ਾਹਾਂ ਦੀਆਂ ਲਾਸ਼ਾਂ ਮਕਬਰਿਆਂ ਵਿਚ ਸੰਭਾਲ ਦਿਤੀਆਂ ਜਾਂਦੀਆਂ ਸਨ। ਪਰ ਹੁਣ ਪਤਾ ਲੱਗਾ ਹੈ ਕਿ ਮੁਰਦੇ ਦਫਨਾਉਣ ਦੇ ਨਾਲ ਨਾਲ ਈਰਾਨ ਵਿਚ ਅਗਨੀ ਭੇਟ ਕਰਨ ਦਾ ਵੀ ਰਿਵਾਜ ਸੀ। ਜ਼ਰਤੁਸ਼ੀ ਮਤ ਦੇ ਆਗਮਨ ਤੋਂ ਪਹਿਲਾਂ ਈਰਾਨ ਅਤੇ ਭਾਰਤ ਵਿਚ ਹੀ ਨਹੀਂ ਸਗੋਂ ਏਸ਼ੀਆ ਵਿਚ ਲਗਭਗ ਸਾਰੀਆਂ ਸਭਿੱਤਾਵਾਂ ਦੋਵੇਂ ਪਰਕਾਰ ਦੇ ਅੰਤਮ ਸੰਸਕਾਰ ਕਰਦੀਆਂ ਰਹੀਆਂ ਹਨ। ਪਾਰਸੀਆਂ ਨੇ ਮੁਰਦਿਆਂ ਦੀਆਂ ਲਾਸ਼ਾਂ ਨੂੰ ਆਬਾਦੀ ਤੋਂ ਦੂਰ ਖੁੱਲ੍ਹੀ ਥਾਂ ਉੱਤੇ ਰੱਖਣਾ ਅਰੰਭ ਕਰ ਦਿੱਤਾ ਜਿਥੇ ਕਾਂ ਕੁੱਤੇ ਉਨ੍ਹਾਂ ਨੂੰ ਖਾ ਜਾਂਦੇ ਸਨ।

ਮੌਤ ਪਿਛੋਂ ਮਨੁੱਖ ਨਾਲ ਕੀ ਵਾਪਰਦਾ ਹੈ ਅਜਿਹੀ ਕੋਈ ਵਿਆਖਿਆ ਦਾ ਪਤਾ ਨਹੀਂ ਲਗਦਾ। ਮੁਢਲੇ ਆਰੀਆਂ ਵਿਚ ਨਰਕ ਸੁਰਗ ਦਾ ਸਿਧਾਂਤ ਵੀ ਅਜੇ ਪਰਚੱਲਤ ਨਹੀਂ ਹੋਇਆ ਸੀ। ਦੇਵਦਿਆਂ ਤੋਂ ਇਹੀ ਵਰਦਾਨ ਮੰਗਿਆ ਜਾਂਦਾ ਸੀ ਕਿ ਸਾਡਾ ਧਰਤੀ ਉਪਰਲਾ ਜੀਵਨ ਸੁਖੀ ਬਤੀਤ ਹੋਵੇ। ਖਾਣ ਪੀਣ ਰਹਿਣ ਸਹਿਣ ਵਾਸਤੇ ਚੰਗੀਆਂ ਚੀਜ਼ਾਂ ਦੀ ਮੰਗ ਕੀਤੀ ਜਾਂਦੀ ਸੀ। ਭਰਪੂਰ ਫਸਲਾਂ, ਦੁਧ ਨਾਲ ਛਲਕਦੀਆਂ ਗਾਵਾਂ, ਮੱਝਾਂ ਅਤੇ ਹਰਿਆਵਲ ਖਲੇਰਦੇ ਦਰਿਆਵਾਂ ਦਾ ਪਾਣੀ – ਇਹ ਦਾਤਾਂ ਮੰਗੀਆ ਜਾਂਦੀਆਂ ਸਨ।

ਇਉਂ ਅਸੀਂ ਦੇਖਦੇ ਹਾਂ ਕਿ ਮੁਢਲੇ ਆਰੀਆ ਬੜੇ ਸਿੱਧੇ ਸਾਦੇ ਲੋਕ ਸਨ। ਉਨ੍ਹਾਂ ਦਾ ਜੀਵਨ ਇਕ ਦਮ ਕੁਦਰਤੀ ਸੀ। ਬਣਾਵਟ ਨੇ ਮਨੁੱਖ ਨੂੰ ਗੁਲਾਮ ਨਹੀਂ ਸੀ ਕੀਤਾ। ਜਿਹੋ ਜਿਹੇ ਸਿਧੇ ਸਾਦੇ ਇਹ ਆਰੀਆ, ਉਹੋ ਜਿਹੇ ਸਿਧੇ ਸਾਦੇ ਇਨ੍ਹਾਂ ਦੇ ਦੇਵਤੇ ਸਨ ਜਿਹੜੇ ਜੇ ਖੁਸ਼ ਹੋ ਜਾਣ ਤਾਂ ਧਨ ਦੀ ਵਰਖਾ ਕਰਦੇ ਸਨ ਤੇ ਜੇ ਨਾਰਾਜ਼ ਹੋ ਜਾਂਦੇ ਤਾਂ ਕਹਿਰ ਵਰਤਾ ਦਿੰਦੇ। ਕਈ ਵਾਰ ਪਤਾ ਹੀ ਨਹੀਂ ਸੀ ਲਗਦਾ ਕਿ ਇਹ ਕਿਸ ਗੱਲ ਤੇ ਨਾਰਾਜ਼ ਹੋ ਜਾਣ ਤੇ ਕਿਸ ਗੱਲ ਤੇ ਖੁਸ਼। ਇਹੋ ਜਿਹਾ ਹੀ ਸੁਭਾ ਆਰੀਆ ਲੋਕਾਂ ਦਾ ਸੀ। ਅਸਲ ਵਿਚ ਉਨ੍ਹਾਂ ਦੀਆਂ ਆਪਣੀਆਂ ਮਨੋਕਾਮਨਾਵਾਂ ਤੇ ਭਾਵਨਾਵਾਂ ਹੀ ਦੇਵਤਿਆਂ ਵਿਚੋਂ ਪ੍ਰਗਟ ਹੋ ਰਹੀਆਂ ਹਨ। ਮੁਢਲੇ ਆਰੀਏ ਉਚੇ ਲੰਮੇ ਦਾਹੜੀ ਕੇਸਾਂ ਵਾਲੇ ਪੰਜਾਬ ਦੇ ਉਹ ਅਲਬੇਲੇ ਵਸਨੀਕ ਸਨ ਜਿਹੜੇ ਦਰਿਆਵਾਂ ਦੇ ਕਿਨਾਰੇ ਖੇਤੀ ਕਰਦੇ, ਪਸ਼ੂ ਪਾਲਦੇ, ਸ਼ਿਕਾਰ ਖੇਡਦੇ, ਦੇਵਤਿਆਂ ਦੀ ਉਸਤਤੀ ਵਿਚ ਭਜਨ ਰਚਦੇ ਤੇ ਗਾਉਂਦੇ ਸਨ। ਕੁਦਰਤ ਦੀ ਗੋਦੀ ਵਿਚ ਬੈਠ ਕੇ ਉਨ੍ਹਾਂ ਨੇ ਇਸ ਸਭਿਅਤਾ ਦੇ ਨੈਣ ਨਕਸ਼ ਚਿਤਰੇ। ਮੈਕਸਮੂਲਰ ਲਿਖਦਾ ਹੈ, "ਸਰਘੀ ਵੇਲੇ ਜਦੋਂ ਤਾਰਿਆਂ ਦਾ ਗੀਤ ਸੁਣਕੇ ਰੱਬ ਦੇ ਬੱਚਿਆਂ ਨੇ ਖੁਸ਼ੀ ਵਿਚ ਕਿਲਕਾਰੀ ਮਾਰੀ ਤਦ ਵੇਦ ਮੰਤਰ ਪ੍ਰਗਟ ਹੋਏ।"

ਵੇਦ

ਵੇਦਾਂ ਦੇ ਬਹੁਤ ਤਰਜਮੇ ਅਤੇ ਟੀਕੇ ਹੋ ਚੁੱਕੇ ਹਨ। ਇੰਨੇ ਪੁਰਾਣੇ ਗ੍ਰੰਥਾਂ ਦੇ ਟੀਕਿਆਂ ਵਿਚ ਭਿੰਨਤਾ ਅਤੇ ਵਿਰੋਧਤਾ ਆਉਣੀ ਲਾਜ਼ਮੀ ਹੈ। ਏਨੇ ਪੁਰਾਣੇ ਸਮੇਂ ਦੇ ਹੋਣ ਕਾਰਨ ਇਨ੍ਹਾਂ ਦੇ ਮੰਤਰਾਂ ਵਿਚਲੇ ਸ਼ਬਦਾਂ ਦੇ ਅਰਥਾਂ ਵਿਚ ਤਬਦੀਲੀ ਹੁੰਦੀ ਰਹੀ ਹੈ। ਕਈ ਮੰਤਰਾਂ ਦੇ ਅਰਥਾਂ ਦਾ ਪਤਾ ਨਹੀਂ ਲਗਦਾ। ਹਰ ਭਾਸ਼ਾ ਸਮੇਂ ਦੇ ਬਦਲਣ ਨਾਲ ਬਦਲਦੀ ਹੈ। ਉਚਾਰਣ ਵੀ ਬਦਲਦਾ ਹੈ ਤੇ ਅਰਥ ਵੀ। ਇਕ ਵੇਲਾ ਅਜਿਹਾ ਵੀ ਸੀ ਜਦੋਂ ਭਾਸ਼ਾ ਦੀ ਲਿਪੀ ਨਹੀਂ ਬਣੀ ਸੀ। ਉਦੋਂ ਵੇਦ ਬਾਣੀ ਰਚੀ ਜਾ ਚੁੱਕੀ ਸੀ ਪਰ ਲਿਖੀ ਨਹੀਂ ਗਈ ਸੀ। ਸਿਰਫ ਜ਼ਬਾਨੀ ਕੰਠ ਕਰ ਲਈ ਜਾਂਦੀ ਸੀ ਤੇ ਇਕ ਵਿਦਵਾਨ ਆਪਣੇ ਵਿਦਿਆਰਥੀਆਂ ਨੂੰ ਸਾਰਾ ਗ੍ਰੰਥ ਕੰਠ ਕਰਵਾ ਜਾਂਦਾ ਸੀ। ਪੀੜ੍ਹੀ ਦਰ ਪੀੜ੍ਹੀ ਹਜ਼ਾਰਾਂ ਸਾਲ ਅਜਿਹਾ ਕਰਦਿਆਂ ਵੀ ਮੰਤਰਾਂ ਵਿਚ ਪਰਿਵਰਤਨ ਆ ਗਏ ਹੋਣਗੇ। ਹੁਣ ਸਾਡੇ ਸਾਹਮਣੇ ਪ੍ਰਾਪਤ ਵੇਦ, ਪੰਜ ਹਜ਼ਾਰ ਸਾਲ ਦੇ ਸਮੇਂ ਦੀ ਵੇਦ ਬਾਣੀ ਨਾਲ ਕਿੰਨੇ ਕੁ ਮਿਲਦੇ ਹਨ ਤੇ ਕਿੰਨੀ ਕੁ ਭਿੰਨਤਾ ਹੈ ਇਸ ਦਾ ਕੋਈ ਨਿਰਣਾ ਨਹੀਂ ਕਰ ਸਕਦਾ। ਇਹ ਸੱਚ ਹੈ ਕਿ ਭਿੰਨਤਾ ਆਈ ਜ਼ਰੂਰ ਹੈ ਕਿਉਂਕਿ ਇਹ ਸੁਭਾਵਕ ਹੈ।

ਵੇਦ ਮੰਤਰਾਂ ਵਿਚ ਦੋ ਸ਼ਬਦ ਆਮ ਵਰਤੇ ਗਏ ਹਨ, ਦੇਵਸ ਅਤੇ ਭੂਤਸ। ਦੇਵਸ ਭਾਵ ਪ੍ਰਾਨਿਕ ਅਤੇ ਭੂਤਸ ਭਾਵ ਪਦਾਰਥਕ ਹੈ। ਦੇਵਸ ਸੱਚ, ਰੋਸ਼ਨੀ ਅਤੇ ਅਮਰ ਜੀਵਨ ਦੇ ਪ੍ਰਤੀਕ ਹਨ ਤੇ ਭੂਤਸ ਅਸੱਤ, ਹਨੇਰਾ ਤੇ ਮੌਤ ਦੇ ਸੰਕੇਤ ਹਨ। ਸਾਰਾ ਸੰਸਾਰ ਸੁਰ ਅਤੇ ਅਸੁਰ, ਸੱਤ ਅਤੇ ਅਸੱਤ, ਜੀਵਨ ਅਤੇ ਮੌਤ, ਯਾਨਿ ਕਿ ਦੇਵਸ ਅਤੇ ਭੂਤਸ ਦਾ ਆਪਸੀ ਸੰਗਰਾਮ ਹੈ। ਇਸੇ ਆਤਮਕ ਤੇ ਪਦਾਰਥਕ ਸੰਘਰਸ਼ ਵਿਚੋਂ ਦਿੱਤੀ ਅਤੇ ਅਦਿਤੀ ਦੇਵੀਆਂ ਪਰਗਟ ਹੋਈਆਂ ਜਿਨ੍ਹਾਂ ਨੂੰ ਜੋੜੀਆਂ ਮਾਵਾਂ ਕਹਿੰਦੇ ਹਨ। ਅਸੀਂ ਸਭ ਇਨ੍ਹਾਂ ਦੀ ਸੰਤਾਨ ਹਾਂ ਇਸ ਕਰਕੇ ਸਾਡੇ ਵਿਚ

ਸਾਰੇ ਕਿਸਮ ਦੇ ਆਪਾ ਵਿਰੋਧੀ ਤੱਤ ਉੱਤਮ ਅਤੇ ਨੀਚ ਮੌਜੂਦ ਹਨ।

ਯੱਗ ਦੀ ਇਹੋ ਪਰਿਭਾਸ਼ਾ ਹੈ – ਪਦਾਰਥ ਰਾਹੀਂ ਆਤਮਾ ਦੀ ਪੂਜਾ (ਭੂਤਸ ਰਾਹੀਂ ਦੇਵ-ਪੂਜਨ)। ਯੱਗ ਵਿਚਕਾਰ ਬਲਦੀ ਅਗਨੀ ਸੂਰਜ ਦੀ ਪ੍ਰਤੀਕ ਹੈ ਯਾਨੀ ਕਿ ਆਤਮਾ ਹੈ। ਅਗਨੀ ਦੀ ਸਮੱਗਰੀ ਭੌਤਿਕ ਹੈ ਪਰ ਸੇਕ ਅਤੇ ਰੋਸ਼ਨੀ ਆਤਮਾ ਵਾਂਗ ਉੱਤਮ ਸ਼ਕਤੀਆਂ ਹਨ। ਸੂਰਜ ਸਭ ਤੋਂ ਉੱਚੇ ਸਥਾਨ, ਦੇਵ ਲੋਕ ਦਾ ਨਿਵਾਸੀ ਹੈ। ਯੱਗ ਵੇਲੇ ਸੂਰਜ ਧਰਤੀ ਉੱਤੇ ਆਇਆ ਹੁੰਦਾ ਹੈ।

ਸੂਰਜ ਦੀ ਉਸਤਤਿ ਵਿਚ ਰਚੇ ਗਏ ਮੰਤਰਾਂ ਵਿਚ ਉਸ ਨੂੰ ਸਰਬੋਤਮ ਸ਼ਕਤੀ ਕਿਹਾ ਗਿਆ ਹੈ। ਉਸ ਦਾ ਤਿੰਨੇ ਲੋਕਾਂ ਵਿਚ ਰਾਜ ਹੈ ਕਿਉਂਕਿ ਤਿੰਨੇ ਲੋਕ ਪੈਦਾ ਹੀ ਉਸ ਦੇ ਕੀਤੇ ਹੋਏ ਹਨ। ਉਹੀ ਸੰਸਾਰ ਦੀ ਉਤਪਤੀ ਦਾ ਸੂਤਰ ਹੈ, ਉਹੀ ਪਰਿਵਰਤਨ ਦਾ ਤੇ ਉਸ ਨੇ ਸੰਸਾਰ ਦੀ ਸਮਾਪਤੀ ਕਰਨੀ ਹੈ। ਜਦੋਂ ਅਗਨੀ ਨੂੰ ਸੰਬੋਧਨ ਕਰਦੇ ਹੋਏ ਰਿਸ਼ੀ ਯੱਗ ਵਿਚ ਮੰਤਰ ਉਚਾਰਦੇ ਸਨ ਤਾਂ ਉਹ ਅਜਿਹਾ ਕਰਦੇ ਹੋਏ ਇਉਂ ਵਿਸ਼ਵਾਸ ਕਰਦੇ ਸਨ ਕਿ ਉਨ੍ਹਾਂ ਦੇ ਸਾਹਮਣੇ ਅਸਲੀ ਸੂਰਜ ਹੈ ਤੇ ਆਕਾਸ਼ ਵਿਚਲੇ ਸੂਰਜ ਨੂੰ ਹੀ ਇਹ ਮੰਤਰ ਸੰਬੋਧਿਤ ਹੁੰਦੇ ਸਨ।

ਵੇਦਾਂ ਵਿਚ ਚਾਰ ਵਰਣਾਂ ਦਾ ਜ਼ਿਕਰ ਆਉਂਦਾ ਹੈ। ਬਹੁਤ ਸਾਰੇ ਲੋਕਾਂ ਦਾ ਇਹ ਭਰਮ ਹੈ ਕਿ ਵਰਣ ਵਿਵਸਥਾ ਲਈ ਮਨੂ ਸਿਮ੍ਰਤੀ ਜ਼ਿੰਮੇਵਾਰ ਹੈ। ਜਾਤਪਾਤ ਦੀ ਜੜ੍ਹ ਵੇਦ ਵਿਚ ਮੌਜੂਦ ਹੈ। ਬਹੁਤ ਸਾਰੀਆਂ ਅਜਿਹੀਆਂ ਉਦਾਹਰਣਾਂ ਹਨ ਕਿ ਖੱਤਰੀਆਂ ਅਤੇ ਬ੍ਰਾਹਮਣਾਂ ਦੇ ਪਰਿਵਾਰਾਂ ਦੇ ਬੱਚੇ-ਬੱਚੀਆਂ ਦੇ ਰਿਸ਼ਤੇ ਆਪਸ ਵਿਚ ਹੋ ਜਾਂਦੇ ਸਨ ਪਰ ਸ਼ੂਦਰ ਪਰਿਵਾਰ ਨਾਲ ਕਿਸੇ ਬ੍ਰਾਹਮਣ ਨੇ ਇਸ ਪਰਕਾਰ ਦਾ ਨਾਤਾ ਜੋੜਿਆ ਹੋਵੇ ਅਜਿਹਾ ਨਹੀਂ ਮਿਲਦਾ। ਖੱਤਰੀ ਅਤੇ ਬ੍ਰਾਹਮਣ ਦੋਵੇਂ ਉਪਰਲੀਆਂ ਜਾਤਾਂ ਸਨ ਇਸ ਕਰਕੇ ਜਾਤਪਾਤ ਵਿਚ ਜੇ ਕੁਝ ਢਿੱਲ ਦਿਖਾਈ ਵੀ ਹੈ ਤਾਂ ਇਹ ਬਹੁਤ ਥੋੜ੍ਹੀ ਹੈ। ਵਰਣ ਪ੍ਰਥਾ ਨਾਲ ਆਸ਼ਰਮ ਪ੍ਰਥਾ ਵੀ ਜੁੜੀ ਹੋਈ ਹੈ। ਇਸੇ ਕਰਕੇ ਇਸ ਨੂੰ ਵਰਣਾਸ਼ਰਮ-ਧਰਮ ਕਿਹਾ ਜਾਂਦਾ ਸੀ। ਚਾਰ ਆਸ਼ਰਮ- ਬ੍ਰਹਮਚਰਜ, ਗ੍ਰਹਿਸਥ, ਬਾਣ-ਪ੍ਰਸਥ ਅਤੇ ਸਨਿਆਸ ਸਨ- ਪਰ ਇਨ੍ਹਾਂ ਆਸ਼ਰਮਾਂ ਦੀ ਪਾਲਣਾ ਵਿਚ ਵੀ ਸਖਤੀ ਨਹੀਂ ਸੀ।

ਵੈਦਿਕ ਕਾਲ ਤੋਂ ਪਹਿਲੋਂ ਹੜੱਪਾ ਤੇ ਮਹਿੰਜੋਦਾੜੋ ਦੀ ਸਭਿਅਤਾ ਵਿਚ ਇਸਤਰੀ ਦਾ ਸਥਾਨ ਮਰਦ ਤੋਂ ਉੱਪਰ ਸੀ। ਔਰਤ ਦੇ ਨਾਮ ਤੇ ਵੰਸ਼ ਚਲਦਾ ਸੀ ਤੇ ਪਿਤਾ ਜਿਹੜਾ ਵੀ ਹੋਵੇ ਉਸ ਨਾਲ ਕੋਈ ਫਰਕ ਨਹੀਂ ਸੀ ਪੈਂਦਾ।

ਘਰ ਦਾ ਪ੍ਰਸ਼ਾਸਨ ਵੀ ਔਰਤ ਦੇ ਹੱਥ ਵਿਚ ਸੀ ਤੇ ਘਰੋਂ ਬਾਹਰ ਦਾ ਵੀ। ਵੈਦਿਕ ਕਾਲ ਵਿਚ ਔਰਤ ਮਰਦ ਦੇ ਬਰਾਬਰ ਆ ਗਈ ਤੇ ਆਰੀਅਨ ਸਮਾਜ ਵਿਚ ਬੰਸਾਵਲੀ ਮਰਦਾਂ ਦੇ ਨਾਮ ਉਪਰ ਅੱਗੇ ਤੁਰਨ ਲੱਗੀ। ਇਸ ਪਿਛੋਂ ਲਗਾਤਾਰ ਔਰਤ ਦੀ ਸਮਾਜਕ ਦਸ਼ਾ ਵਿਚ ਗਿਰਾਵਟ ਆਉਂਦੀ ਗਈ। ਸਿੰਧ ਘਾਟੀ ਵਿਚ ਉਸ ਦਾ ਸਥਾਨ ਸਿਖਰ ਉਤੇ, ਮਰਦ ਦੂਜੇ ਥਾਂ ਉੱਤੇ ਸੀ, ਵੈਦਿਕ ਕਾਲ ਵਿਚ ਬਰਾਬਰ ਹੋਇਆ ਤੇ ਉਸ ਪਿਛੋਂ ਕਦੀ ਵੀ ਭਾਰਤ ਵਿਚ ਇਸਤਰੀ ਨੂੰ ਇਕ ਵਸਤੂ ਤੋਂ ਵਧੀਕ ਕੁਝ ਨਹੀਂ ਸਮਝਿਆ ਗਿਆ। ਬਾਕੀ ਪਸ਼ੂਆਂ ਵਾਂਗ ਉਹ ਜਾਇਦਾਦ ਬਣ ਗਈ। ਮਨੂ ਨੇ ਵੀ ਆਪਣੀ ਸਿਮ੍ਰਤੀ ਵਿਚ ਲਿਖਿਆ ਹੈ ਕਿ ਬਚਪਨ ਵਿਚ ਉਹ ਆਪਣੇ ਪਿਤਾ ਦੇ ਹੁਕਮ ਵਿਚ, ਜਵਾਨੀ ਵਿਚ ਪਤੀ ਦੇ ਹੁਕਮ

ਵਿਚ ਤੇ ਬੁਢਾਪੇ ਵਿਚ ਪੁੱਤਰਾਂ ਦੇ ਹੁਕਮ ਵਿਚ ਰਹੇ।

ਵਪਾਰ ਵਿਚ ਆਰੀਆ ਲੋਕ ਪਿੱਛੇ ਸਨ। ਵੈਦਿਕ ਆਰੀਆ ਲੜਾਈ ਅਤੇ ਖੇਤੀ ਵਿਚ ਪ੍ਰਬੀਣ ਸਨ ਪਰ ਉਹ 'ਪਾਣੀਆਂ' (ਵਪਾਰੀ ਲੋਕ) ਨਾਲ ਈਰਖਾ ਕਰਦੇ ਸਨ। 'ਬਾਣੀਆਂ' ਸ਼ਬਦ ਸ਼ਾਇਦ 'ਪਾਣੀਆਂ' ਤੋਂ ਬਣਿਆ ਹੋਵੇ। ਤਜਾਰਤ ਕਰਨ ਵਾਲੇ ਬੰਦੇ ਨੂੰ 'ਸ੍ਰੇਸ਼ਠ' ਕਿਹਾ ਜਾਂਦਾ ਸੀ ਜਿਸ ਤੋਂ ਬਾਅਦ ਵਿਚ 'ਸੇਠ' ਸ਼ਬਦ ਬਣਿਆ ਜੋ ਅਜੇ ਤਕ ਇਸਤੇਮਾਲ ਹੁੰਦਾ ਹੈ। ਖੇਤੀ ਤੋਂ ਇਲਾਵਾ ਜਿਨ੍ਹਾਂ ਹੋਰ ਕਿੱਤਿਆਂ ਦਾ ਜ਼ਿਕਰ ਵੇਦਾਂ ਵਿਚ ਆਉਂਦਾ ਹੈ ਉਹ ਹਨ ਕਾਰੀਗਰੀ, ਰਾਜਗਿਰੀ, ਸੁਨਿਆਰ, ਘੁਮਿਆਰ, ਲੁਹਾਰ, ਤਰਖਾਣ, ਧੋਬੀ, ਰੱਸੇ ਵੱਟਣ ਵਾਲੇ ਤੇ ਟੋਕਰੀਆਂ ਬਣਾਉਣ ਵਾਲੇ, ਨਾਈ, ਹਥਿਆਰ ਬਣਾਉਣ ਵਾਲੇ, ਲਕੜਹਾਰੇ, ਮਲਾਹ, ਅਭੀਨੇਤਾ, ਮਛੇਰੇ ਆਦਿ। ਦੇਸੀ ਦਵਾਈਆਂ ਤਿਆਰ ਕੀਤੀਆਂ ਜਾਂਦੀਆਂ ਸਨ ਤੇ ਵੈਦ ਅਨੇਕ ਪ੍ਰਕਾਰ ਦੇ ਰੋਗਾਂ ਦਾ ਇਲਾਜ ਕਰਦੇ ਸਨ। ਅਥਰਵ ਵੇਦ ਵਿਚ ਉਨ੍ਹਾਂ ਬਿਮਾਰੀਆਂ ਦਾ ਜ਼ਿਕਰ ਹੈ ਜਿਨ੍ਹਾਂ ਦਾ ਇਲਾਜ ਹੋਇਆ ਕਰਦਾ ਸੀ ਜਿਵੇਂ ਰਸੌਲੀ, ਕਬਜ਼, ਜੁਲਾਬ, ਮਰੋੜ, ਗਰਭਪਾਤ, ਪਰਸੂਤ ਅਤੇ ਮਾਂਹਵਾਰੀ ਦੀਆਂ ਸਮੱਸਿਆਵਾਂ। ਆਪਰੇਸ਼ਨ ਕਰਨ ਦਾ ਜ਼ਿਕਰ ਵੀ ਰਿਗਵੇਦ ਵਿਚ ਆਇਆ ਹੈ ਤੇ ਆਪਰੇਸ਼ਨ ਕਰਨ ਵਾਲੇ ਵੈਦ ਨੂੰ ਚਕਿਤਸਕ ਕਿਹਾ ਜਾਂਦਾ ਸੀ। ਕਿਸੇ ਬੰਦੇ ਦੀ ਲੱਤ ਕੱਟੀ ਜਾਣ ਦਾ ਜ਼ਿਕਰ ਹੈ ਜਿਸਦੇ ਨਕਲੀ ਲੋਹੇ ਦੀ ਲੱਤ ਲਾ ਦਿੱਤੀ ਗਈ ਸੀ।

ਵੈਦਿਕ ਰਿਸ਼ੀ ਇਤਿਹਾਸਕ ਵਿਅਕਤੀ ਹੋਣ, ਇਹ ਜ਼ਰੂਰੀ ਨਹੀਂ। ਉਨ੍ਹਾਂ ਦੀ ਕੋਈ ਬੰਸਾਵਲੀ ਨਹੀਂ ਮਿਲਦੀ ਤੇ ਉਨ੍ਹਾਂ ਬਾਰੇ ਹੋਰ ਕੋਈ ਸੰਸਾਰਕ ਤੱਥ ਪ੍ਰਾਪਤ ਨਹੀਂ ਹਨ। ਜਿਥੇ ਕਿਤੇ ਇਨ੍ਹਾਂ ਰਿਸ਼ੀਆਂ ਦੇ ਨਾਮ ਬਤੌਰ ਵੇਦ-ਰਚਣਹਾਰਿਆਂ ਦੇ ਆਏ ਹਨ ਉਥੇ ਇਹ ਪ੍ਰਤੀਕਮਈ ਹਨ। ਦੀਰਘਾਤਮਸ, ਵਿਸ਼ਵਮਿੱਤਰ, ਭ੍ਰਿਗੂ ਆਦਿਕ ਸ਼ਖ਼ਸੀਅਤਾਂ ਦੀ ਆਮ ਵਿਆਖਿਆ ਸੰਭਵ ਨਹੀਂ। ਦੀਰਘਾਤਮਸ ਦਾ ਅਰਥ ਹੈ- ਡੂੰਘੇ ਹਨੇਰਿਆਂ ਵਾਲਾ ਤੇ ਕਣਵ, ਕਣ ਧਾਤੂ ਤੋਂ ਬਣਿਆ ਹੈ, ਅਰਥ ਹੈ ਜੋ ਅੱਖਾਂ ਬੰਦ ਕਰ ਦਏ - ਜਿਵੇਂ ਸੂਰਜ ਦੀ ਚਕਾਚੌਂਧ ਅੱਖਾਂ ਬੰਦ ਕਰ ਦਿੰਦੀ ਹੈ। ਸ਼ਬਦ ਹਿਰਣਗਰਭ ਜਦੋਂ ਰਿਗਵੇਦ ਵਿਚ ਇਕ-ਵਚਨ ਵਜੋਂ ਆਉਂਦਾ ਹੈ ਉਦੋਂ ਇਸਦਾ ਭਾਵ ਹੈ ਸਮੁੰਦਰ ਤੇ ਜਦੋਂ ਬਹੁ-ਵਚਨ ਵਿਚ ਆਏ ਤਾਂ ਉਸ ਦੇ ਅਰਥ ਬੱਦਲ ਹੋ ਜਾਂਦੇ ਹਨ। ਇਵੇਂ ਹੀ ਉਹ ਲੋਕ ਤੇ ਸਵਰਗਲੋਕ ਦੋਹਾਂ ਦਾ ਮਾਲਕ ਹੈ। ਸੋ ਰਿਸ਼ੀਆਂ ਨੂੰ ਵਿਆਪਕ ਸੰਕੇਤਾਂ ਦੇ ਅਰਥਾਂ ਵਿਚ ਲੈਣਾ ਚਾਹੀਦਾ ਹੈ।

ਪੁਰਾਤਨ ਭਾਰਤ ਵਿਚ ਵਿਦਵਾਨ ਆਪਣੇ ਗ੍ਰੰਥਾਂ ਉਪਰ ਆਪਣਾ ਨਾਮ ਨਹੀਂ ਲਿਖਦੇ ਸਨ। ਬਹੁਤ ਸਾਰੇ ਵਿਦਵਾਨਾਂ ਦੇ ਨਾਮ ਸਾਨੂੰ ਹੋਰਨਾਂ ਸੂਤਰਾਂ ਤੋਂ ਪ੍ਰਾਪਤ ਹੋਏ ਹਨ ਤੇ ਉਹ ਵੀ ਦੇਰ ਬਾਅਦ। ਉਦੋਂ ਵਿਦਵਾਨਾਂ ਦਾ ਇਹ ਵਿਸ਼ਵਾਸ ਹੋਇਆ ਕਰਦਾ ਸੀ ਕਿ ਮਨੁੱਖ ਰਚਣਹਾਰ ਨਹੀਂ - ਮਨੁੱਖ ਕੇਵਲ ਮਾਧਿਅਮ ਹੈ। ਰਚਨਾ ਕੇਵਲ ਰਚਣਹਾਰ ਦੀ ਹੈ ਜੇ ਕਰ ਇਹ ਚੰਗੀ ਹੈ।

ਵੇਦਾਂ ਦੀ ਵਿਆਖਿਆ ਦੀਆਂ ਅਨੇਕ ਪ੍ਰਣਾਲੀਆਂ ਹਨ ਪਰ ਸਭ ਵਿਆਖਿਆਵਾਂ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ।

1. ਅਧਿਆਤਮਕ (ਧਾਰਮਿਕ, ਆਤਮਿਕ)
2. ਅਧਿਦੈਵਿਕ (ਦੇਵਤਿਆਂ ਬਾਰੇ)

3. ਆਧਿਜਨਿਕ (ਕਰਮਕਾਂਡ ਬਾਰੇ)

ਵਿਦਵਾਨਾਂ ਦਾ ਵਿਚਾਰ ਹੈ ਕਿ ਵੇਦਾਂ ਦੀ ਰਚਨਾ ਕੇਵਲ ਅਧਿਆਤਮਕ ਪੱਖ ਤੋਂ ਕੀਤੀ ਗਈ ਸੀ ਪਰ ਬਹੁਤ ਸਾਰੇ ਦੇਵਤਿਆਂ ਦੀ ਹੋਂਦ ਤੇ ਉਨ੍ਹਾਂ ਦੀਆਂ ਸ਼ਕਤੀਆਂ ਆਦਿਕ ਏਨੀਆਂ ਭਾਰੂ ਹੋ ਗਈਆਂ ਕਿ ਇਕੱਲੇ ਦੇਵਤਿਆਂ ਨੂੰ ਆਧਾਰ ਮੰਨ ਕੇ ਵਿਆਖਿਆਵਾਂ ਵੀ ਹੋਈਆਂ। ਬ੍ਰਾਹਮਣਾਂ ਨੇ ਕਰਮਕਾਂਡ ਆਰੰਭ ਕੀਤੇ। ਇਨ੍ਹਾਂ ਕਰਮਕਾਂਡਾਂ ਵਿਚ ਰੂਹਾਨੀਅਤ ਗੁਆਚ ਗਈ ਪਰ ਬ੍ਰਾਹਮਣ ਸ਼ਕਤੀਸ਼ਾਲੀ ਪੁਜਾਰੀ ਦੇ ਰੂਪ ਵਿਚ ਏਕਾਧਿਕਾਰ ਲੈਕੇ ਸਥਾਪਿਤ ਹੋ ਗਿਆ। ਆਰੀਆਂ ਦੇ ਵੇਦ ਸੁੰਦਰ ਕਾਵਿ ਤਾਂ ਹਨ ਹੀ, ਇਹ ਧਰਮ ਅਤੇ ਸੰਸਕ੍ਰਿਤੀ ਦੇ ਮੂਲ ਚਸ਼ਮੇ ਵੀ ਹਨ।

ਏਸ਼ੀਆ ਮਾਈਨਰ ਵਿਚ ਹੋਈ ਖੁਦਾਈ ਤੋਂ, 1400 ਪੂਰਬ ਈਸਵੀ ਤੋਂ ਪਹਿਲਾਂ ਦੀਆਂ ਜਿਹੜੀਆਂ ਵਸਤੂਆਂ ਪ੍ਰਾਪਤ ਹੋਈਆਂ ਹਨ ਉਨ੍ਹਾਂ ਵਿਚ ਮਿੱਟੀ ਦੀਆਂ ਠੀਕਰੀਆਂ ਹਨ ਜਿਨ੍ਹਾਂ ਉੱਤੇ ਮਿੱਤਰ, ਵਰੁਣ ਤੇ ਇੰਦਰ ਦੇਵਤਿਆਂ ਦਾ ਜ਼ਿਕਰ ਹੈ।

ਚਾਰਵੇਦ

ਆਰੀਆ ਲੋਕਾਂ ਦੀ ਸਭਿਅਤਾ ਦਾ ਪੂਰਨ ਵੇਰਵਾ ਰਿਗਵੇਦ ਵਿਚੋਂ ਪ੍ਰਾਪਤ ਹੁੰਦਾ ਹੈ ਤੇ ਦੁਨੀਆਂ ਵਿਚ ਸਭ ਤੋਂ ਪੁਰਾਤਨ ਗ੍ਰੰਥ ਵੀ ਇਹੋ ਹੈ। ਬੁੱਧੀ ਹੈਰਾਨ ਹੈ ਕਿ ਜਦੋਂ ਅਜੇ ਲਿਪੀ ਹੋਂਦ ਵਿਚ ਨਹੀਂ ਆਈ ਸੀ, ਹਜ਼ਾਰਾਂ ਸਾਲਾਂ ਤੱਕ ਵੇਦ ਬਾਣੀ ਜ਼ੁਬਾਨੀ ਕੰਠ ਕਰਕੇ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤਕ ਪੁਜਦੀ ਕੀਤੀ ਗਈ। ਜਿਵੇਂ ਜਿਵੇਂ ਨਵੀਨਤਮ ਖੋਜ ਪ੍ਰਕਾਸ਼ ਵਿਚ ਆ ਰਹੀ ਹੈ ਦਿਨੋਂ ਦਿਨ ਵੇਦਾਂ ਦੀ ਸਰਬਪੱਖੀ ਮਹੱਤਤਾ ਪ੍ਰਗਟ ਹੋ ਰਹੀ ਹੈ। ਸਾਡੇ ਆਰੀਆ ਪੂਰਵਜ ਵੇਦਾਂ ਨੂੰ ਮਨੁੱਖ ਦੀ ਰਚਨਾ ਨਹੀਂ ਮੰਨਦੇ ਸਨ। ਇਨ੍ਹਾਂ ਨੂੰ ਦੇਵਬਾਣੀ, ਭਾਵ ਈਸ਼ਵਰ ਦੀ ਆਪ ਕੀਤੀ ਰਚਨਾ ਆਖ ਕੇ ਸਤਿਕਾਰਿਆ ਜਾਂਦਾ ਰਿਹਾ ਹੈ। ਵੇਦਾਂ ਨੂੰ ਇਸੇ ਕਰਕੇ "ਅਪੌਰੁਸ਼ਯ" ਕਿਹਾ ਜਾਂਦਾ ਹੈ ਜਿਸ ਦਾ ਅਰਥ ਹੈ – ਪੁਰਖਾਂ ਦੀ ਰਚਨਾ ਨਹੀਂ – ਰੱਬੀ ਰਚਨਾ। ਭਾਰਤੀ ਸੰਸਕ੍ਰਿਤੀ ਦਾ ਆਧਾਰ ਹਜ਼ਾਰਾਂ ਸਾਲਾਂ ਤੋਂ ਵੇਦ ਹੀ ਰਹੇ ਹਨ। 'ਵੇਦ' ਸ਼ਬਦ ਦਾ ਅਰਥ ਹੈ ਗਿਆਨ। 'ਵੇਦ' ਸ਼ਬਦ ਤੋਂ ਹੀ 'ਵਿੱਦਿਆ' ਸ਼ਬਦ ਬਣਿਆ ਹੈ। ਵੇਦ, ਗਿਆਨ ਦਾ ਸਰੋਤ ਅਤੇ ਗਿਆਨ ਦਾ ਸਰੂਪ ਹਨ। ਭਾਰਤੀ ਗਿਆਨ ਪਰੰਪਰਾ ਵੇਦਾਂ ਬਗੈਰ ਅਧੂਰੀ ਹੈ।

ਵੇਦਾਂ ਬਾਰੇ ਅੱਜ ਤੱਕ ਇਹੋ ਵਿਸ਼ਵਾਸ ਬਣਿਆ ਹੋਇਆ ਹੈ ਕਿ ਰਿਸ਼ੀ ਇਨ੍ਹਾਂ ਦੇ ਰਚਣਹਾਰੇ ਨਹੀਂ ਹਨ – ਉਹ ਤਾਂ ਕੇਵਲ ਮੰਤਰ ਦ੍ਰਸ਼ਟਾ ਹਨ। ਇਸ ਦਾ ਅਰਥ ਇਹ ਹੈ ਕਿ ਰਚਨਾ ਤਾਂ ਇਹ ਬ੍ਰਹਮ ਦੀ ਹੈ, ਰਿਸ਼ੀਆਂ ਨੇ ਇਹ ਬਾਣੀ ਦੇਖੀ – ਮੰਤਰ ਦੇਖੇ, ਬਾਣੀ ਸੁਣੀ ਤੇ ਸੁਣ ਕੇ ਉਚਾਰਣ ਕੀਤੀ – ਰਚਨਾ ਨਹੀਂ ਕੀਤੀ। ਵੇਦਾਂ ਦਾ ਰਚਨਾ-ਕਾਲ ਵੀ ਬਹੁਤ ਲੰਮਾ ਹੈ – ਕਈ ਸਦੀਆਂ ਤਕ ਇਹ ਬਾਣੀ ਉਤਰਦੀ ਰਹੀ। ਸ਼ੁਰੂ ਵਿਚ 'ਵੇਦ' ਸ਼ਬਦ ਕਿਸੇ ਗ੍ਰੰਥ ਲਈ ਨਹੀਂ ਸਗੋਂ ਅਲੌਕਿਕ ਗਿਆਨ ਲਈ ਵਰਤਿਆ ਜਾਣ ਵਾਲਾ ਸ਼ਬਦ ਸੀ। ਵੇਦ ਅਤੇ ਵਿਦਿਆ ਇਕੋ ਇਲਾਹੀ ਗਿਆਨ ਦਾ ਨਾਮ ਸਨ। ਉਹ ਪੜ੍ਹਾਈ ਲਿਖਾਈ ਜਿਸ ਵਿਚ ਵੇਦ ਦਾ ਅਧਿਐਨ ਨਾ ਹੋਵੇ ਵਿਦਿਆ ਨਹੀਂ ਸਮਝੀ ਜਾਂਦੀ ਸੀ। ਵਿਸ਼ਣੂ ਮਿਤਰ ਨੇ ਵੇਦ ਦੀ ਪਰਿਭਾਸ਼ਾ ਦਿੰਦੇ ਹੋਏ ਲਿਖਿਆ ਹੈ, "ਉਹ ਸਾਧਨ ਜਿਸ ਰਾਹੀਂ ਧਰਮ, ਅਰਥ,

ਕਾਮ ਤੇ ਮੋਖ (ਮੁਕਤੀ) ਦੀ ਪ੍ਰਾਪਤੀ ਹੋ ਸਕੇ ਵੇਦ ਹੈ।" ਸਾਇਣਾਚਾਰੀਆ ਨੇ ਲਿਖਿਆ ਹੈ, "ਇਛਿਤ ਵਸਤੂ ਦੀ ਪ੍ਰਾਪਤੀ ਅਤੇ ਅਨਿੱਛਿਤ ਵਸਤੂ ਦੇ ਤਿਆਗ ਵਾਸਤੇ ਜਿਹੜਾ ਗ੍ਰੰਥ ਅਲੌਕਿਕ ਉਪਾਅ ਦਸਦਾ ਹੈ ਉਹ ਵੇਦ ਹੈ।" ਕਿਹਾ ਗਿਆ ਹੈ ਕਿ ਪਰਤੱਖ ਜਾਂ ਅਨੁਮਾਨ ਰਾਹੀਂ ਜਿਹੜਾ ਉਪਾਉ ਨਹੀਂ ਹੋ ਸਕਦਾ, ਵੇਦ ਰਾਹੀਂ ਉਹ ਸੰਭਵ ਹੋ ਜਾਂਦਾ ਹੈ। ਵੇਦ ਇੰਦਰਿਆਵੀ ਗਿਆਨ ਤੋਂ ਉਪਰ ਦੀ ਵਸਤ ਹਨ। ਵਿਸ਼ੇਸ਼ ਰੂਹਾਨੀ ਤਾਕਤ ਲਈ ਵੀ ਵੇਦ ਸ਼ਬਦ ਵਰਤਿਆ ਗਿਆ ਹੈ। ਤੈਤਰੇ ਸੰਘਿਤਾ ਵਿਚ ਵੇਦ ਸ਼ਬਦ ਦੀ ਵਿਉਤਪਤੀ ਇਸ ਤਰ੍ਹਾਂ ਕੀਤੀ ਗਈ ਹੈ, "ਵੇਦ ਦੁਆਰਾ ਹੀ ਦੇਵਤਿਆਂ ਨੇ ਅਸੁਰਾਂ ਦੀ ਸੰਪਤੀ ਪ੍ਰਾਪਤ ਕੀਤੀ। ਇਹ ਵੇਦ ਦੀ ਵਿਦਿਆ ਰਾਹੀਂ ਸੰਭਵ ਹੋ ਸਕਿਆ ਸੀ।"

1. ਸੰਘਿਤਾ ਭਾਗ – ਇਸ ਵਿਚ ਦੇਵਤਿਆਂ ਦੀਆਂ ਪ੍ਰਾਰਥਨਾਵਾਂ – ਪੁਰਾਣੇ ਭਗਤੀ ਭਜਨ ਅਤੇ ਮੰਤਰ ਹਨ।
2. ਬ੍ਰਾਹਮਣ ਭਾਗ – ਇਸ ਹਿੱਸੇ ਵਿਚ ਧਰਮ ਸਬੰਧੀ, ਖ਼ਾਸ ਕਰਕੇ ਯੱਗ ਦੀ ਮਰਿਆਦਾ ਸਬੰਧੀ ਅਤੇ ਕਰਮ ਕਾਂਡ ਸਬੰਧੀ ਲਿਖਤਾਂ ਹਨ। ਇਹ ਲਿਖਤਾਂ ਵਾਰਤਕ ਵਿਚ ਰਚੀਆਂ ਗਈਆਂ ਹਨ।
3. ਆਰਣਯਕ ਗ੍ਰੰਥ – ਆਰਣਯ ਦਾ ਮਾਇਨਾ ਹੁੰਦਾ ਹੈ ਜੰਗਲ ਬੀਆ-ਬਾਨ। ਤਪ ਕਰਨ ਵਾਸਤੇ ਜੰਗਲਾਂ ਵਿਚ ਜਾਣਾ ਪੈਂਦਾ ਸੀ। ਇਸ ਵਿਚ ਬਾਨਪ੍ਰਸਥ-ਆਸ਼ਰਮ ਸਬੰਧੀ ਹਦਾਇਤਾਂ ਹਨ, ਅਰਥਾਤ ਜੰਗਲ ਵਿਚ ਕਿਵੇਂ ਰਹਿਣਾ ਹੈ, ਕੀ ਖਾਣਾ ਪੀਣਾ ਹੈ ਆਦਿਕ ਦੇ ਵੇਰਵੇ ਹਨ। ਤਪ ਸਾਧਨਾ ਉਤੇ ਵੀ ਸਿਖਿਆਵਾਂ ਮਿਲਦੀਆਂ ਹਨ। ਈਸ਼ਵਰ, ਜਗਤ ਅਤੇ ਮਨੁੱਖ ਆਦਿਕ ਵਿਸ਼ਿਆਂ ਉੱਪਰ ਤਪੱਸਵੀਆਂ ਦੇ ਵਿਚਾਰ ਦਰਜ ਹਨ।

ਸੰਘਿਤਾ ਭਾਗ ਇਨ੍ਹਾਂ ਤਿੰਨਾਂ ਭਾਗਾਂ ਵਿਚੋਂ ਸਭ ਤੋਂ ਪ੍ਰਾਚੀਨ ਹੈ। ਗਿਣਤੀ ਵਿਚ ਵੇਦ ਚਾਰ ਹਨ :

1. ਰਿਗਵੇਦ
2. ਯਜੁਰ ਵੇਦ
3. ਸਾਮ ਵੇਦ
4. ਅਥਰਵ ਵੇਦ

ਰਿਗਵੇਦ

ਵਿਸ਼ਵ ਦਾ ਪ੍ਰਾਚੀਨਤਮ ਗ੍ਰੰਥ ਰਿਗਵੇਦ ਹੈ ਜੋ ਆਰੀਆ ਸਭਿਅਤਾ ਤੇ ਸਭਿਆਚਾਰ ਦੀ ਖਾਣ ਹੈ। ਰਿਗਵੇਦ ਦੇ ਕੁੱਲ ਦਸ ਮੰਡਲ ਹਨ। ਇਕ ਮੰਡਲ ਇਕ ਪੂਰੀ ਪੁਸਤਕ ਵਾਂਗ ਸਮਝਿਆ ਜਾਣਾ ਚਾਹੀਦਾ ਹੈ। ਦਸ ਮੰਡਲਾਂ ਵਿਚ 1028 ਭਜਨ ਰਚੇ ਹੋਏ ਹਨ। ਇਨ੍ਹਾਂ ਦਸ ਮੰਡਲਾਂ ਵਿਚੋਂ ਦੂਜੇ ਤੋਂ ਲੈ ਕੇ ਸੱਤਵੇਂ ਮੰਡਲ ਤਕ ਦੀਆਂ ਰਚਨਾਵਾਂ ਬਾਕੀਆਂ ਨਾਲੋਂ ਵਧੀਕ ਪੁਰਾਤਨ ਹਨ। ਦਸ ਮੰਡਲਾਂ ਦਾ ਸੰਗ੍ਰਹਿ ਹੋਣ ਕਰਕੇ ਰਿਗਵੇਦ ਨੂੰ 'ਦਸਤਈ' ਨਾਮ ਨਾਲ ਵੀ ਲਿਖਿਆ ਜਾਂਦਾ ਰਿਹਾ ਹੈ। ਹਰ ਮੰਡਲ ਵਿਚ ਅਨੇਕਾਂ ਅਨੁਵਾਕ, ਅਨੁਵਾਕ ਵਿਚ ਸੂਕਤ ਅਤੇ ਸੂਕਤਾਂ ਵਿਚ

ਮੰਤਰ ਜਾਂ ਰਿਚਾਵਾਂ ਹਨ। ਕਾਤਯਾਇਨ ਨੇ ਇਹਨਾਂ ਦੀ ਗਿਣਤੀ ਬੜੀ ਮਿਹਨਤ ਨਾਲ ਸਹੀ ਕੀਤੀ ਹੈ। ਵੇਦ ਦੀ ਸ਼ੁੱਧਤਾ ਕਾਇਮ ਰੱਖਣ ਲਈ ਸ਼ਬਦਾਂ ਤੋਂ ਅੱਗੇ ਅੱਖਰਾਂ ਤੱਕ ਦੀ ਗਿਣਤੀ ਦਾ ਹਿਸਾਬ ਰੱਖਿਆ ਗਿਆ ਹੈ। ਰਿਗਵੇਦ ਦੇ ਦਸ ਮੰਡਲਾਂ ਦੇ 85 ਅਨੁਵਾਕ ਹਨ ਤੇ 1016 ਸੂਕਤ ਹਨ। ਹਰ ਮੰਡਲ ਵਿਚ ਸੂਕਤਾਂ ਦੀ ਗਿਣਤੀ ਇਉਂ ਹੈ- 191 + 43 + 62 + 58 + 87 + 75 + 104 + 92 + 113 + 191 = 1016, ਇਨ੍ਹਾਂ ਤੋਂ ਇਲਾਵਾ 11 ਸੂਕਤ 'ਖਿਲ' ਹਨ। ਹਰ ਸੂਕਤ ਵਿਚ ਲਗਭਗ 10 ਮੰਤਰ ਹਨ। ਰਿਚਾਵਾਂ ਦੇ ਸ਼ਬਦਾਂ ਦੀ ਸੰਖਿਆ ਇਕ ਲੱਖ ਤਰਵੰਜਾ ਹਜ਼ਾਰ ਅੱਠ ਸੌ ਚੌਵੀ ਹੈ ਤੇ ਅੱਖਰ ਚਾਰ ਲੱਖ ਬੱਤੀ ਹਜ਼ਾਰ ਹਨ। ਆਖ ਸਕਦੇ ਹਾਂ ਕਿ ਅੰਦਾਜ਼ਨ ਹਰ ਮੰਤਰ ਵਿਚ ਪੰਦਰਾਂ ਸ਼ਬਦ ਹਨ ਤੇ ਹਰ ਸ਼ਬਦ ਵਿਚ ਔਸਤਨ ਤਿੰਨ ਅੱਖਰ।

ਲਿਖਤ ਵਿਚ ਆਉਣ ਤੋਂ ਪਹਿਲਾਂ ਸਦੀਆਂ ਤੱਕ ਵੇਦ ਜ਼ਬਾਨੀ ਹੀ ਇਕ ਤੋਂ ਦੂਜੀ ਪੀੜ੍ਹੀ ਤੱਕ ਪੁਜਦੇ ਰਹੇ। ਇਨ੍ਹਾਂ ਦਾ ਰਚਨਾ ਕਾਲ ਵਖ ਵਖ ਵਿਦਵਾਨਾਂ ਦੇ ਅੰਦਾਜ਼ਿਆਂ ਅਨੁਸਾਰ 1500–1000 ਪੂਰਬ ਈਸਾ ਹੈ। ਵੇਦ ਅਨਾਦੀ ਹੈ, ਅਨੰਤ ਹੈ ਅਤੇ ਅਮਰ ਹੈ ਕਿਉਂਕਿ ਇਹ ਬ੍ਰਹਮ ਦੀ ਰਚਨਾ ਹੈ।

ਸਮੇਂ ਦੇ ਬੀਤਣ ਨਾਲ ਰਿਗਵੇਦ ਵਿਚ ਮੰਤਰਾਂ ਅਤੇ ਗਾਥਾਵਾਂ ਦਾ ਵਾਧਾ ਹੁੰਦਾ ਗਿਆ। ਹਰ ਪੀੜ੍ਹੀ ਨੇ ਆਪਣੀਆਂ ਗਾਥਾਵਾਂ ਤੇ ਰਿਚਾਵਾਂ ਇਸ ਵਿਚ ਸ਼ਾਮਲ ਕੀਤੀਆਂ, ਜਿਵੇਂ ਯਹੂਦੀਆਂ ਦਾ ਪੁਰਾਣਾ-ਨੇਮ (ਓਲਡ ਟੈਸਟਾਮੈਂਟ) ਸਮੇਂ ਦੀ ਗਤੀ ਨਾਲ ਵੱਡਾ ਹੁੰਦਾ ਗਿਆ। ਜਿਨ੍ਹਾਂ ਮਹਾਂਰਿਸ਼ੀਆਂ ਨੇ ਵੇਦ ਦੇਖੇ (ਭਾਵ ਬਾਣੀ ਸੁਣੀ ਤੇ ਫਿਰ ਕੰਠ ਕਰਕੇ ਰਿਕਾਰਡ ਕੀਤੀ) ਉਨ੍ਹਾਂ ਵਿਚੋਂ ਕਈਆਂ ਦੇ ਨਾਮ ਬ੍ਰਾਹਮਣ ਗ੍ਰੰਥਾਂ ਵਿਚ ਮਿਲ ਜਾਂਦੇ ਹਨ। ਪੁਰਾਤਨ ਰਿਸ਼ੀਆਂ ਵਿਚ ਵਿਸ਼ਵਾਮਿੱਤਰ, ਵਾਮਦੇਵ, ਅਤਰੀ, ਭਾਰਦਵਾਜ ਅਤੇ ਵਸ਼ਿਸ਼ਟ ਆਦਿਕ ਵਿਅਕਤੀ ਹੋਏ ਹਨ। ਆਰੀਆ ਸਭਿਅਤਾ ਵਿਚ ਇਨ੍ਹਾਂ ਮਹਾਂ-ਪੁਰਖਾਂ ਦਾ ਹਮੇਸ਼ਾਂ ਸਤਿਕਾਰ ਰਿਹਾ ਹੈ। ਦੋ ਤੋਂ ਲੈ ਕੇ ਸੱਤਵੇਂ ਤੱਕ ਦੇ ਮੰਡਲ ਬਹੁਤ ਪੁਰਾਣੇ ਹਨ। ਉਨ੍ਹਾਂ ਨੂੰ ਵੰਸ਼-ਮੰਡਲ ਕਿਹਾ ਜਾਂਦਾ ਹੈ ਕਿਉਂਕਿ ਇਨ੍ਹਾਂ ਵਿਚ ਆਰੀਆ ਨਸਲ ਦੇ ਪੁਰਖਿਆਂ ਦੇ ਵੰਸ਼ਾਂ ਦਾ ਜ਼ਿਕਰ ਕੀਤਾ ਹੋਇਆ ਹੈ। ਅੱਠਵੇਂ ਮੰਡਲ ਵਿਚ ਕੰਣਵਾਂ ਦੇ ਵੰਸ਼ ਦਾ ਵਰਨਣ ਹੈ। ਬਾਕੀ ਤਿੰਨ ਮੰਡਲਾਂ (ਪਹਿਲਾ ਨੌਵਾਂ ਤੇ ਦਸਵਾਂ) ਦੇ ਸੂਕਤਾਂ ਦੇ ਰਚਣਹਾਰਿਆਂ ਵਖ ਵਖ ਰਿਸ਼ੀਆਂ ਦਾ ਆਪਣਾ ਆਪਣਾ ਨਾਮ ਤੇ ਅਨੁਕ੍ਰਮਣਿਕਾ ਦਰਜ ਹੈ ਤੇ ਇਹਨਾਂ ਤਿੰਨ ਮੰਡਲਾਂ ਦੇ ਰਿਸ਼ੀਆਂ ਵਿਚ ਕੁਝ ਇਸਤਰੀਆਂ ਵੀ ਹਨ। ਨਵੇਂ ਮੰਡਲ ਵਿਚ ਸੋਮਰਸ ਦੀ ਖੂਬ ਉਪਮਾ ਕੀਤੀ ਗਈ ਹੈ। ਈਰਾਨੀ ਭਾਸ਼ਾ ਵਿਚ ਸੋਮ ਨੂੰ 'ਹੋਮ' ਕਿਹਾ ਜਾਂਦਾ ਸੀ। ਜੜੀਆਂ ਬੂਟੀਆਂ ਤੋਂ ਪ੍ਰਾਪਤ ਹੋਇਆ ਖਮੀਰਿਆ ਹੋਇਆ ਇਹ ਰਸ ਦੇਵਤਿਆਂ ਨੂੰ ਅਰਪਣ ਕੀਤਾ ਜਾਣ ਕਰਕੇ ਯੱਗਾਂ ਵਿਚ ਬੜਾ ਮਹੱਤਵਸ਼ਾਲੀ ਸੀ। ਸੋਮ ਨੂੰ ਅੰਮ੍ਰਿਤ ਵੀ ਕਿਹਾ ਗਿਆ ਹੈ ਅਤੇ ਲਿਖਿਆ ਹੈ, "ਚੰਦਰਮਾ ਖੁਦ ਚਮਕਦੀ ਹੋਈ ਸੋਮ ਦੀ ਇਕ ਬੂੰਦ ਹੈ ਤੇ ਉਸੇ ਤੋਂ ਅਗੋ ਸੋਮ ਉਪਜਿਆ"। ਸੋ ਚੰਦ ਸੋਮਰਸ ਦਾ ਖਜ਼ਾਨਾ ਹੈ। ਕਿਤੇ ਕਿਤੇ ਪਤਾ ਨਹੀਂ ਲਗਦਾ ਕਿ ਕਿਹੜੇ ਮੰਤਰ ਸੋਮ ਦੀ ਉਸਤਤਿ ਵਿਚ ਰਚੇ ਹੋਏ ਹਨ ਤੇ ਕਿਹੜੇ ਚੰਦਰਮਾਂ ਦੀ ਉਸਤਤਿ ਵਿਚ। ਦੋਵੇਂ ਪਰਕਾਰ ਦੇ ਭਜਨ ਆਪਸ ਵਿਚ ਰਲੇ ਮਿਲੇ ਹੋਏ ਹਨ।

ਰਿਗਵੇਦ ਦੀਆਂ ਪੁਰਾਣੀਆਂ ਹੱਥ ਲਿਖਤਾਂ ਵਿਚੋਂ 'ਖਿਲ' ਨਾਂ ਦੇ ਭਜਨ ਵੀ ਪ੍ਰਾਪਤ ਹੁੰਦੇ ਹਨ। ਇਹ ਭਜਨ (ਖਿਲ) ਕੁਝ ਬਾਦ ਦੀਆਂ ਰਚਨਾਵਾਂ ਹਨ ਤੇ ਮੂਲ ਸੰਘਿਤਾ ਤੋਂ ਪਿਛੋਂ ਰਚੇ ਗਏ। ਕੁਝ ਖਿਲ ਬੜੇ ਪੁਰਾਣੇ ਪ੍ਰਤੀਤ ਹੁੰਦੇ ਹਨ ਤੇ ਸੰਘਿਤਾ ਤੋਂ ਪਿਛੋਂ ਦੇ ਨਹੀਂ ਜਾਪਦੇ ਸਗੋਂ ਸਮਕਾਲੀ ਲਗਦੇ ਹਨ ਪਰ ਫਿਰ ਇਨ੍ਹਾਂ ਨੂੰ ਸੰਘਿਤਾ ਵਿਚ ਕਿਉਂ ਦਰਜ ਨਹੀਂ ਕੀਤਾ ਗਿਆ ਇਸ ਦਾ ਕੋਈ ਪਤਾ ਨਹੀਂ ਲਗਦਾ। ਇਨ੍ਹਾਂ ਦੀ ਗਿਣਤੀ ਗਿਆਰਾਂ ਹੈ ਤੇ ਇਹ ਅੱਠਵੇਂ ਮੰਡਲ ਦੇ ਅਖੀਰ ਵਿਚ ਨੱਥੀ ਹਨ।

ਕੀ ਰਿਗਵੇਦ ਲੋਕ ਗੀਤਾਂ ਅਤੇ ਲੋਕ ਰੀਤਾਂ ਦਾ ਹੀ ਸੰਗ੍ਰਹਿ ਹੈ - ਇਹ ਪ੍ਰਸ਼ਨ ਵੀ ਵਿਦਵਾਨਾਂ ਦੀਆਂ ਮਜਲਿਸਾਂ ਵਿਚ ਉਠਦਾ ਰਿਹਾ ਹੈ। ਇਸ ਕਥਨ ਵਿਚ ਕੁਝ ਜਾਨ ਹੈ ਪਰ ਇਹ ਸੌ ਫੀ ਸਦੀ ਦਰੁਸਤ ਨਹੀਂ। ਰਿਗਵੇਦ ਦੇ ਭਾਸ਼ਾ ਅਤੇ ਛੰਦ ਪ੍ਰਬੰਧ ਨੂੰ ਵਾਚਣ ਤੋਂ ਬਾਦ ਪਤਾ ਲਗਦਾ ਹੈ ਕਿ ਵੈਦਿਕ ਅਤੇ ਲੌਕਿਕ-ਕਾਵਿ ਵਿਚ ਭਾਰੀ ਅੰਤਰ ਹੈ। ਵੈਦਿਕ-ਕਾਵਿ ਦੇ ਕਾਫੀ ਛੰਦਾਂ ਦਾ ਲੌਕਿਕ-ਕਾਵਿ ਵਿਚ ਨਾਮ ਨਿਸ਼ਾਨ ਨਹੀਂ ਮਿਲਦਾ ਤੇ ਕਿੰਨੇ ਹੀ ਲੌਕਿਕ ਛੰਦਾਂ ਨੂੰ ਮੂਲ ਸਰੋਤ ਵਿਚੋਂ ਢੂੰਡਣਾ ਬੇਕਾਰ ਹੈ। ਵੈਦਿਕ ਅਤੇ ਲੌਕਿਕ-ਕਾਵਿ ਦੇ ਛੰਦਾਂ ਦੇ ਉਚਾਰਣ ਦੀ ਲੈਅ ਅਤੇ ਗਤੀ ਵੀ ਭਿੰਨ ਭਿੰਨ ਹੈ। ਵੈਦਿਕ ਛੰਦਾਂ ਵਿਚ ਅੱਜ ਦੇ ਕਾਵਿ-ਸ਼ਾਸ਼ਤਰੀ ਨੇਮਾਂ ਵਾਂਗ ਮਾਤਰਾਵਾਂ ਦੀ ਗਿਣਤੀ ਦਾ ਹਿਸਾਬ ਨਹੀਂ ਰੱਖਿਆ ਜਾਂਦਾ ਸਗੋਂ ਅੱਖਰਾਂ ਦੀ ਗਿਣਤੀ ਮਿਣਤੀ ਕੀਤੀ ਜਾਂਦੀ ਸੀ। ਇਸ ਕਰਕੇ ਰਿਗਵੇਦ ਛੰਦ ਮਾਤ੍ਰਿਕ-ਛੰਦ ਨਹੀਂ। ਇਨ੍ਹਾਂ ਨੂੰ ਵਰਣਿਕ ਛੰਦ ਕਿਹਾ ਜਾਣਾ ਵਧੀਕ ਸਹੀ ਹੈ।

ਹਰ ਥਾਂ ਵੇਦਾਂ ਵਿਚ ਭਾਰੀ ਤੇ ਗੰਭੀਰ ਵਿਚਾਰ ਚਰਚਾ ਹੀ ਹੋਵੇ ਅਜਿਹੀ ਗੱਲ ਨਹੀਂ। ਕੁਝ ਕੁ ਬੜੀਆਂ ਦਿਲਚਸਪ ਟੂਕਾਂ ਹਨ। ਵੈਦਿਕ ਰਿਸ਼ੀਆਂ ਦਾ ਖਿਆਲ ਸੀ ਕਿ ਬਰਤਨ ਵਿਚ ਦੁੱਧ ਚੋ ਕੇ ਫਿਰ ਪੀਣ ਨਾਲੋਂ ਧਾਰਾਂ ਚੁੰਘਣੀਆਂ ਵਧੀਕ ਚੰਗਾ ਹੈ। ਇਸ ਗੱਲ ਤੇ ਰਿਸ਼ੀ ਬੜਾ ਹੈਰਾਨ ਹੈ ਕਿ ਪੱਕਿਆ ਪਕਾਇਆ ਗਰਮ ਦੁੱਧ ਗਾਂ ਦੇ ਥਣਾਂ ਵਿਚ ਕਿਵੇਂ ਆ ਗਿਆ ਹੈ। ਇਸ ਗੱਲ ਤੇ ਵੀ ਹੈਰਾਨੀ ਪਰਗਟਾਈ ਹੈ ਕਿ ਕਾਲੀਆਂ ਅਤੇ ਗੋਰੀਆਂ ਗਾਵਾਂ ਵਿਚੋਂ ਪਤਾ ਨਹੀਂ ਹਮੇਸ਼ਾਂ ਸਫੈਦ ਦੁੱਧ ਕਿਵੇਂ ਨਿਕਲਦਾ ਹੈ। ਯਮੀ ਅਤੇ ਯਮ ਦੋਵੇਂ ਭੈਣ ਭਰਾ ਹਨ। ਇਨ੍ਹਾਂ ਦੋਵਾਂ ਦੀ ਬਾਤਚੀਤ ਅਜੀਬ ਹੈ। ਯਮੀ ਯਮ ਨੂੰ ਕਾਮਵਾਸ਼ਨਾ ਦੀ ਤ੍ਰਿਪਤੀ ਵਾਸਤੇ ਪਰੇਰਦੀ ਹੈ ਪਰ ਉਹ ਮੰਨਦਾ ਨਹੀਂ। ਬਾਰ ਬਾਰ ਯਮੀ ਅਜਿਹਾ ਵਿਚਾਰ ਪ੍ਰਗਟਾਉਂਦੀ ਹੈ ਤਾਂ ਯਮ ਆਖਦਾ ਹੈ - "ਤੇਰੇ ਜਿਸਮ ਨਾਲ ਮੈਂ ਆਪਣਾ ਜਿਸਮ ਨਹੀਂ ਛੁਹਾ ਸਕਦਾ। ਇਹ ਪਾਪ ਹੈ। ਕਿਸੇ ਹੋਰ ਨਾਲ ਤੂੰ ਇਹ ਖੇਡ ਖੇਡ"। ਯਮੀ ਆਖਦੀ ਹੈ, "ਕੋਈ ਬੇਗਾਨੀ ਔਰਤ ਰੁੱਖ ਦੇ ਗਲ ਲੱਗੀ ਵੇਲ ਵਾਂਗ ਤੇਰੇ ਗਲ ਵਿਚ ਬਾਹਵਾਂ ਪਾਵੇਗੀ ਪਰ ਤੂੰ ਮੈਨੂੰ ਪਿਆਰ ਨਹੀਂ ਕਰਦਾ।" ਯਮ ਆਖਦਾ ਹੈ, "ਭਵਿਖ ਵਿਚ ਅਜਿਹਾ ਸਮਾਂ ਵੀ ਆਵੇਗਾ ਜਦੋਂ ਸੁੰਦਰੀਆਂ ਭਰਾਵਾਂ ਨੂੰ ਪਤੀ ਰੂਪ ਵਿਚ ਸਵੀਕਾਰ ਕਰਨਗੀਆਂ" (ਰਿਗ 10-154: 14)। ਇਹ ਸਾਰਾ ਸੰਵਾਦ ਭਾਰਤੀ ਧਾਰਮਿਕ ਤੇ ਸਮਾਜਕ ਪਰੰਪਰਾ ਦੇ ਉਲਟ ਹੈ, ਫਿਰ ਇਸ ਨੂੰ ਮੰਤਰਾਂ ਰਾਹੀਂ ਵੇਦ ਵਿਚ ਕਿਉਂ ਸ਼ਾਮਲ ਕੀਤਾ ਗਿਆ, ਇਸ ਬਾਰੇ ਪਤਾ ਨਹੀਂ ਲਗਦਾ। ਰਿਗਵੇਦ ਵਿਚਲੀ ਇਸ ਕਥਾ ਦਾ ਸਮਰਥਨ ਭਾਰਤੀ ਸਭਿਆਚਾਰ ਨੇ ਕਦੀ ਨਹੀਂ ਕੀਤਾ।

ਪਾਠ ਕਰਦਿਆਂ ਸਾਨੂੰ ਅਹਿਸਾਸ ਹੁੰਦਾ ਹੈ ਕਿ ਰਿਗਵੇਦ ਦੇ ਰਿਸ਼ੀਆਂ ਦੀ ਕਾਵਿ ਉਡਾਣ ਬੜੀ ਸੁੰਦਰ ਅਤੇ ਸ਼ਕਤੀਸ਼ਾਲੀ ਹੈ। ਕੁਝ ਪ੍ਰਾਰਥਨਾਵਾਂ ਦੇ ਬੋਲ ਦਿਲਾਂ ਅੰਦਰ ਧਸ ਜਾਂਦੇ ਹਨ। ਸੰਸਾਰ ਦੀਆਂ ਕੁਦਰਤੀ ਸ਼ਕਤੀਆਂ ਅੱਗੇ ਮਨੁੱਖ ਦੀ ਆਪਣੀ ਤਾਕਤ ਤੁੱਛ ਹੈ, ਇਸ ਦਾ ਰਿਸ਼ੀਆਂ ਨੂੰ ਪੂਰਾ ਅਹਿਸਾਸ ਹੈ। ਜਲ ਦੇਵਤਾ ਵਰੁਣ ਦੀ ਉਸਤਤਿ ਕਈ ਥਾਂ ਤੇ ਪ੍ਰਾਪਤ ਹੁੰਦੀ ਹੈ। ਉਸ ਅਗੇ ਕੀਤੀ ਪ੍ਰਾਰਥਨਾ ਦਾ ਨਮੂਨਾ ਹਾਜ਼ਰ ਹੈ :

ਹੇ ਵਰੁਣ ਹੇ ਜਲਦੇਵ
ਮੰਨ ਲਿਆ ਕਿ ਅਸੀਂ ਤੇਰੇ ਹੁਕਮ ਦੀ ਉਲੰਘਣਾ ਕਰ ਜਾਂਦੇ ਹਾਂ
ਪਰ ਅਸੀਂ ਤਾਂ ਤੇਰੀ ਪਰਜਾ ਹਾਂ।
ਸੋ ਹੇ ਮਾਲਕ, ਸਾਡਾ ਕਚੂਮਰ ਨਾ ਕੱਢ।
ਸਾਡੇ ਉਤੇ ਕਰੋਧਿਤ ਨਾ ਹੋ।
ਸਾਡੇ ਨਾਲ ਰੁੱਸ ਨਾਂ।
ਭਗਵਾਨ ਅਸੀਂ ਸਾਧਾਰਨ ਆਦਮੀ ਹਾਂ।
ਸਾਨੂੰ ਖਤਮ ਨਾ ਕਰੋ। ਸਾਡੇ ਪਾਪ ਖਤਮ ਕਰੋ।
ਅਸੀਂ ਤੇਰੀ ਵਡਿੱਤਣ ਦੇ ਗੀਤ ਗਾਉਂਦੇ ਹਾਂ (1.15.1.2)

ਉਪਮਾ ਅਲੰਕਾਰ ਦੀਆਂ ਸੁੰਦਰ ਵੰਨਗੀਆਂ ਮਿਲਦੀਆਂ ਹਨ –
ਚਾਨਣ ਨਾਲ ਲੱਦੀ
ਸੁਨਹਿਰੀ ਊਸ਼ਾ ਪ੍ਰਗਟ ਹੋ ਗਈ।
ਬੱਚਾਂ ਮਾਂ ਦਾ ਦੁੱਧ ਚੁੰਘਦਾ ਹੈ ਉਵੇਂ ਸੂਰਜ ਊਸ਼ਾ ਦੀ ਤਰੇਲ ਪੀਂਦਾ ਹੈ।
ਰਾਤ ਨੇ ਆਪਣਾ ਸਥਾਨ ਊਸ਼ਾ ਵਾਸਤੇ ਛੱਡ ਦਿੱਤਾ ਹੈ।
ਰਿਸ਼ਤੇਦਾਰਾਂ ਵਾਂਗ ਇਹ ਦੋਵੇਂ ਧਰਤੀ ਅਤੇ ਅਸਮਾਨ ਉਤੇ ਵਿਚਰਦੀਆਂ ਹਨ। (1.11.32)

ਅਜਿਹੀ ਹੀ ਸੁੰਦਰ ਉਪਮਾ ਨਿਮਨ ਲਿਖਿਤ ਹੈ –
ਜਿਵੇਂ ਮਾਂ ਵਿਹੂਣੀ ਕੰਨਿਆ ਪਿਤਾ ਦਾ ਸਹਾਰਾ ਲੈਂਦੀ ਹੈ,
ਜਿਵੇਂ ਪਤੀ ਨੂੰ ਮਿਲਣ ਵਾਸਤੇ ਇਸਤਰੀ ਸੁੰਦਰ ਵਸਤਰ ਅਤੇ ਗਹਿਣੇ ਪਹਿਨਦੀ ਹੈ,
ਇਵੇਂ ਹੀ ਊਸ਼ਾ ਵੀ ਸੁਹਣੀ ਰੋਸ਼ਨੀ ਦੀ ਪ੍ਰਾਪਤੀ ਵਾਸਤੇ ਸੂਰਜ ਪਾਸ ਜਾਂਦੀ ਹੈ। (1.124.6)

ਇੰਦਰ ਸਬੰਧੀ ਲਿਖੇ ਭਜਨ ਵਿਚ ਜਗਿਆਸੂ ਆਖਦਾ ਹੈ :
ਸ਼ਕਤੀ ਮਿੱਤਰ ਇੰਦਰ ਦੇ ਗੁਣ ਗਾਓ
ਕੁਝ ਲੋਕ ਆਖਦੇ ਹਨ ਇੰਦਰ ਦੀ ਹੋਂਦ ਨਹੀਂ ਹੈ

ਕਿਥੇ ਹੈ ਉਹ ?
ਕਿਸਦੀ ਉਸਤਤ ਵਿਚ ਅਸੀਂ ਸੱਚੇ ਗੀਤ ਗਾਈਏ ?
ਕਿਸਨੇ ਉਸਨੂੰ ਦੇਖਿਆ ਹੈ ?

ਇੰਦਰ ਜਵਾਬ ਦਿੰਦਾ ਹੈ :

ਅਹਿ ਰਿਹਾ ਮੈਂ ।
ਐ ਜਗਿਆਸੂ ਤੱਕ ਮੈਨੂੰ ।
ਜਿਥੋਂ ਤਕ ਤਾਕਤ ਦਾ ਸਵਾਲ ਹੈ
ਮੇਰਾ ਕੋਈ ਮੁਕਾਬਲਾ ਨਹੀਂ ।

ਅਜਿਹਾ ਕਈ ਥਾਂ ਵਾਪਰਦਾ ਹੈ ਕਿ ਰਿਸ਼ੀ ਯੱਗ ਕਰਦਿਆਂ, ਬਲੀ ਦਿੰਦਿਆਂ, ਗਲਤੀਆਂ ਦੀ ਖਿਮਾਂ ਮੰਗਦਿਆਂ, ਭਜਨ ਗਾਉਣ ਵੇਲੇ ਅਚਾਨਕ ਬੋਲ ਉਠਦਾ ਹੈ ਕਿ ਉਸ ਨੇ ਦੇਵਤੇ ਨੂੰ ਦੇਖ ਲਿਆ ਹੈ। ਉਸ ਨੂੰ ਪ੍ਰਤੀਤ ਹੁੰਦਾ ਹੈ ਕਿ ਉਸ ਦੀ ਪੁਕਾਰ ਸੁਣੀ ਗਈ ਹੈ :

ਅਗਨੀ ਪ੍ਰਚੰਡ ਹੋ ਕੇ ਊਸ਼ਾ ਦਾ ਮੁਖੜਾ ਚਮਕਾਉਂਦੀ ਹੈ
ਪੁਜਾਰੀਆਂ ਦੀਆਂ ਅਵਾਜ਼ਾਂ ਉਠੀਆਂ ਤੇ ਦੇਵਤੇ ਪ੍ਰਸੰਨ ਹੋਏ
ਐ ਅਸ਼ਵਨੀ ਆਪਣੇ ਰਥ ਤੇ ਸਵਾਰ ਹੋ ਕੇ
ਸ਼ੁਭ ਸਵੇਰ ਦਰਸ਼ਨ ਦੇ ਕੇ ਸਾਨੂੰ ਆਨੰਦਿਤ ਕਰ ।

ਮੁਰਦੇ ਦਾ ਅੰਤਮ ਸਸਕਾਰ ਦੇਖੋ –

ਜਿਵੇਂ ਮਾਂ ਆਪਣੇ ਪੁੱਤਰ ਨੂੰ ਵਸਤਰਾਂ ਨਾਲ ਕੱਜ ਲੈਂਦੀ ਹੈ
ਉਵੇਂ ਹੀ ਹੇ ਧਰਤੀਏ ਇਸ ਲਾਸ਼ ਨੂੰ ਗੋਦ ਵਿਚ ਸੰਭਾਲ ਲੈ ।

2. ਯਜੁਰ ਵੇਦ

ਯਜੁਰਵੇਦ ਦੀ ਵਿਚਾਰਧਾਰਕ ਦਿਸ਼ਾ ਕਰਮਕਾਂਡਾਂ ਦੀ ਸਥਾਪਨਾ ਵੱਲ ਹੈ। ਇਸ ਕਰਕੇ ਇਸ ਵੇਦ ਦੀਆਂ ਸੰਘਿਤਾਵਾਂ ਨੂੰ ਕਰਮਕਾਂਡੀ ਵੈਦਿਕ ਸੰਘਿਤਾਵਾਂ (Liturgical Vedic Smhitas) ਆਖਿਆ ਜਾਂਦਾ ਹੈ। ਵੇਦ ਦੀਆਂ ਦੋ ਸੰਪਰਦਾਵਾਂ ਹਨ –

ੳ. ਬ੍ਰਹਮ ਸੰਪਰਦਾਇ

ਅ. ਆਦਿਤੀ ਸੰਪਰਦਾਇ

ਸ਼ਤਪਥ ਬ੍ਰਾਹਮਣ ਗ੍ਰੰਥ ਅਨੁਸਾਰ ਆਦਿਤੀ ਨੂੰ ਸ਼ੁਕਲ-ਯਜੂਸ ਕਿਹਾ ਜਾਂਦਾ ਹੈ ਤੇ ਇਸ ਨਾਲ ਯਗਵਲਕ ਰਿਸ਼ੀ ਦਾ ਨਾਮ ਜੁੜਿਆ ਹੋਇਆ ਹੈ। ਆਦਿਤੀ ਸੰਪ੍ਰਦਾਇ ਦਾ ਪ੍ਰਤੀਨਿਧ ਸ਼ੁਕਲ ਯਜੁਰਵੇਦ ਹੈ ਪਰ ਬ੍ਰਹਮ ਸੰਪ੍ਰਦਾਇ ਦਾ ਪ੍ਰਤੀਨਿਧ ਕ੍ਰਿਸ਼ਣਵੇਦ ਅਖਵਾਉਂਦਾ ਹੈ। ਸ਼ੁਕਲ ਅਤੇ ਕ੍ਰਿਸ਼ਨ ਯਜੁਰਵੇਦ ਦੇ ਇਹ ਦੋਵੇਂ ਭੇਦ

ਵੇਦ ਦੇ ਸਰੂਪਾਂ ਉੱਤੇ ਆਧਾਰਿਤ ਹਨ। ਸ਼ੁਕਲ ਯਜੁਰਵੇਦ ਵਿਚ ਮੰਤਰ ਹਨ ਪਰ ਕ੍ਰਿਸ਼ਣ ਯਜੁਰਵੇਦ ਵਿਚ ਮੰਤਰਾਂ ਤੋਂ ਇਲਾਵਾ ਬ੍ਰਾਹਮਣ ਵੀ ਸ਼ਾਮਲ ਹਨ। ਮੰਤਰਾਂ ਵਿਚ ਬ੍ਰਾਹਮਣ ਭਾਗ ਮਿਸ਼ਰਤ ਹੋ ਜਾਣ ਤੇ ਇਸ ਨੂੰ ਕ੍ਰਿਸ਼ਣ ਯਜੁਰਵੇਦ ਕਿਹਾ ਜਾਣ ਲੱਗਾ। ਸ਼ੁਕਲ ਵਿੱਚ ਮੰਤਰ ਵਿਸ਼ੁੱਧ ਅਤੇ ਮਿਸਰਿਤ ਹਨ। ਕ੍ਰਿਸ਼ਣ ਯਜੁਰਵੇਦ ਦੀ ਮੁੱਖ ਸ਼ਾਖ ਤੈਤਰੇਯ ਨਾਮ ਨਾਲ ਪ੍ਰਸਿੱਧ ਹੈ। ਸ਼ੁਕਲ ਯਜੁਰਵੇਦ ਦੀ ਮੰਤਰ ਸੰਘਿਤਾ ਵਿਚ ਕੁੱਲ ਚਾਲੀ ਅਧਿਆਇ ਹਨ ਤੇ ਅਖੀਰਲੇ ਪੰਦਰਾਂ ਅਧਿਆਇ ਲਿਖਤੀ ਰੂਪ ਵਿਚ ਹਨ। ਸ਼ੁਕਲ ਯਜੁਰਵੇਦ ਦੀ ਮਾਨਤਾ ਕ੍ਰਿਸ਼ਣਵੇਦ ਨਾਲੋਂ ਵਧੇਰੇ ਕੀਤੀ ਜਾਂਦੀ ਰਹੀ ਹੈ।

ਸ਼ੁਕਲ ਯਜੁਰਵੇਦ ਦੀਆਂ ਅੱਗੇ ਕਈ ਸ਼ਾਖਾਵਾਂ ਹੋਈਆਂ ਜਿਨ੍ਹਾਂ ਵਿਚ ਜਬਾਲੀ, ਤਾਪਨੀਆ, ਗਾਰਵੀ, ਕਾਣਵੀ, ਮਧਯੰਦਿਨੀ, ਕਾਧਾਲੀ ਅਤੇ ਵੈਨੇਆ ਆਦਿ ਪ੍ਰਸਿੱਧ ਹਨ। ਸਾਰੀਆਂ ਵਿਚੋਂ ਮਧਯੰਦਿਨੀ ਦਾ ਵਧੇਰੇ ਸਤਿਕਾਰ ਹੋਇਆ ਤੇ ਇਸ ਸ਼ਾਖਾ ਦਾ ਬ੍ਰਾਹਮਣ ਗ੍ਰੰਥ ਵੀ ਪ੍ਰਾਪਤ ਹੈ। ਮਧਯੰਦਿਨੀ ਨੂੰ ਯਜੁਰਵੇਦ ਦਾ ਸਭ ਤੋਂ ਸ਼ੁੱਧ ਰੂਪ ਸਵੀਕਾਰ ਕੀਤਾ ਗਿਆ ਹੈ। ਯਜੁਰਵੇਦ ਨੂੰ ਦੋ ਹਿਸਿਆਂ ਵਿਚ ਵੰਡਿਆ ਹੋਇਆ ਹੈ –

ੳ. ਪੂਰਵਾਰਧ

ਅ. ਉਤਰਾਰਧ

ਪੂਰਵ ਮਾਇਨੇ ਪਹਿਲਾ ਤੇ ਉੱਤਰ ਮਾਇਨੇ ਪਿਛਲਾ। ਸੋ ਪਹਿਲੇ ਭਾਗ ਨੂੰ ਪੂਰਵਾਰਧ ਤੇ ਪਿਛਲੇ ਨੂੰ ਉਤਰਾਰਧ ਕਿਹਾ ਜਾਂਦਾ ਹੈ। ਜਿਨ੍ਹਾਂ ਰਿਸ਼ੀਆਂ ਨੇ ਰੱਬ ਦੇ ਰਚੇ ਇਹ ਵੇਦਮੰਤਰ 'ਦੇਖੇ' ਉਨ੍ਹਾਂ ਦੇ ਨਾਮ ਮੰਤਰਾਂ ਦੇ ਆਰੰਭ ਵਿਚ ਲਿਖੇ ਹੋਏ ਹਨ। ਮੁੱਖ ਮੰਤਰ-ਦ੍ਰਸ਼ਟਾ ਇਹ ਹਨ – ਪ੍ਰਜਾਪਤਿ, ਵਿਸ਼ਵਦੇਵ, ਮੁਧਦੰਦਾ, ਭਾਰਦਵਾਜ, ਵਿਸਵਾਮਿੱਤਰ, ਸਿੰਧੁਦੀਪ, ਵਰੁਣ, ਮੇਘਾਤਿਥੀ, ਕੁੱਤਸ, ਅਗਸਤ, ਵਸ਼ਿਸ਼ਟ ਗੋਤਮ, ਗਾਰਗੀ, ਆਂਗਿਰਸ, ਵਾਮਦੇਵ, ਕਸ਼ਯਪ।

ਹਰ ਮੰਤਰ ਦੇ ਆਰੰਭ ਵਿਚ ਉਸ ਦੇ ਛੰਦ ਦਾ ਨਾਮ ਦਿੱਤਾ ਗਿਆ ਹੈ। ਫਿਰ ਜਿਸ ਦੇਵਤੇ ਦੀ ਉਸਤਤਿ ਕੀਤੀ ਹੈ ਉਸ ਦਾ ਨਾਮ ਹੈ ਤੇ ਨਾਲ ਹੀ ਮੰਤਰ ਉਚਾਰਣ ਕਰਨ ਦੀ ਵਿਧੀ ਦੱਸੀ ਹੈ। ਭਾਵੇਂ ਕੁੱਲ ਸੱਤ ਛੰਦ ਹਨ ਪਰ ਇਹਨਾਂ ਦੇ ਅੱਗੋਂ ਕਈ ਭੇਦ ਉਪਭੇਦ ਹੋ ਜਾਂਦੇ ਹਨ। ਸ਼ੁੱਧ ਉਚਾਰਣ ਉਤੇ ਖਾਸ ਬਲ ਦਿਤਾ ਜਾਂਦਾ ਰਿਹਾ ਹੈ ਕਿਉਂਕਿ ਵਰਨਿਕ ਛੰਦਾਂ ਦਾ ਤੋਲ ਸਹੀ ਉਚਾਰਣ ਨਾਲ ਹੀ ਪੂਰਾ ਉਤਰਦਾ ਹੈ। ਜੇ ਇਕ ਇਕ ਸ਼ਬਦ ਨੂੰ ਵਾਕ ਵਿਚੋਂ ਨਿਖੇੜ ਲਈਏ ਭਾਵ ਸੰਧੀਛੇਦ ਕਰਕੇ ਪੜ੍ਹੀਏ ਤਾਂ ਅੱਖਰਾਂ ਦੀ ਗਿਣਤੀ ਘਟ ਵਧ ਜਾਂਦੀ ਹੈ। ਫਿਰ ਛੰਦ ਆਪਣੇ ਨਿਯਮਾਂ ਉਤੇ ਪੂਰਾ ਨਹੀਂ ਉਤਰਦਾ। ਸ਼ੁੱਧ ਉਚਾਰਣ ਦੁਆਰਾ ਹੀ ਸ਼ੁੱਧ ਅਰਥਾਂ ਦੀ ਪ੍ਰਾਪਤੀ ਸੰਭਵ ਹੁੰਦੀ ਹੈ। ਕੁਝ ਕੁ ਮੰਤਰਾਂ ਵਿਚ ਇਕ ਤੋਂ ਵਧੀਕ ਛੰਦਾਂ ਦੀ ਵਰਤੋਂ ਮਿਲ ਜਾਂਦੀ ਹੈ। ਯਜੁਰਵੇਦ ਵਿਚ ਬਾਕੀ ਤਿੰਨਾਂ ਵੇਦਾਂ ਨਾਲੋਂ ਵੱਡਾ ਅੰਤਰ ਇਹ ਹੈ ਕਿ ਇਸ ਵੇਦ ਵਿਚ ਗੱਦ ਰਚਨਾ ਦੇ ਅੰਸ਼ ਹਨ ਜਦੋਂ ਕਿ ਬਾਕੀ ਵੇਦ ਮੰਤਰ ਕਾਵਿ ਰੂਪ ਵਿਚ ਹੀ ਹਨ। ਕੁਝ ਵਿਦਵਾਨ ਆਖਦੇ ਹਨ ਕਿ ਯਜੁਰ ਦੀ ਗੱਦ ਰਚਨਾ ਵੀ ਛੰਦ-ਯੁਕਤ ਹੈ ਪਰ ਇਹ ਗੱਲ ਸਹੀ ਨਹੀਂ। ਅਜੋਕੀਆਂ ਭਾਸ਼ਾਵਾਂ ਵਿਚ ਵਾਰਤਕ ਦੇ ਛੰਦ ਪ੍ਰਬੰਧ ਬਾਰੇ ਸੁਣਨ ਵਿਚ ਨਹੀਂ ਆਇਆ। ਸੈਲਾਨੀ ਛੰਦ ਹੀ ਇਸ ਦੀ ਇਕ ਉਦਾਹਰਨ

ਹੋ ਸਕਦੀ ਹੈ ਪਰ ਸੈਲਾਨੀ ਛੰਦ ਦਾ ਵੀ ਆਪਣਾ ਕੋਈ ਛੰਦ ਪ੍ਰਬੰਧ ਨਹੀਂ। ਹਾਂ ਕਵਿਤਾ ਦੇ ਕੁੱਝ ਬੰਦ, ਚਾਰੇ ਵੇਦਾਂ ਵਿਚ ਥੋੜ੍ਹੀ ਜਿੰਨੀ ਭਿੰਨਤਾ ਨਾਲ ਮਿਲ ਜਾਂਦੇ ਹਨ। ਚਾਰੇ ਵੇਦਾਂ ਦੀ ਭਿੰਨਤਾ ਕਿਉਂਕਿ ਉਨ੍ਹਾਂ ਵਿਚਲੇ ਵਿਸ਼ੇ ਦੇ ਫਰਕ ਕਰਕੇ ਹੈ ਇਸ ਕਰਕੇ ਕਈ ਵਾਰ ਇਕ ਵੇਦ ਦਾ ਮੰਤਰ ਹੂ-ਬ-ਹੂ ਦੂਜੇ ਵੇਦ ਦੇ ਮੰਤਰ ਨਾਲ ਮਿਲ ਜਾਣ ਦੇ ਬਾਵਜੂਦ ਵੀ ਦੋਹਾਂ ਦੇ ਅਰਥਾਂ ਵਿਚ ਭਾਰੀ ਅੰਤਰ ਹੁੰਦਾ ਹੈ। ਅਰਥ-ਸੰਚਾਰ ਭਾਸ਼ਾ ਦੇ ਉਚਾਰਨ ਢੰਗ ਅਧੀਨ ਚਲਦਾ ਹੈ।

ਯਜੁਰਵੇਦ ਦੇ ਸ਼ੁਰੂ ਦੇ ਦੋਹਾਂ ਅਧਿਆਵਾਂ ਵਿਚ ਪੂਰਨਮਾਸ਼ੀ ਦੇ ਇਕ ਦਿਨ ਵਿਚ ਪੂਰੀਆਂ ਹੋਣ ਵਾਲੀਆਂ ਮਨੁੱਖੀ ਕਾਮਨਾਵਾਂ ਦਾ ਵਰਣਨ ਹੈ। ਤੀਜੇ ਅਧਿਆਇ ਵਿਚ ਚਾਰ ਮਹੀਨਿਆਂ ਦੇ ਅੰਦਰ ਪੂਰੇ ਹੋਣ ਵਾਲੇ ਯੱਗ ਦੀਆਂ ਰੀਤੀਆਂ ਦਾ ਵਰਣਨ ਹੈ। ਚੌਥੇ ਤੋਂ ਅੱਠਵੇਂ ਅਧਿਆਇ ਤਕ ਸੋਮ ਯੱਗਾਂ ਦਾ ਜ਼ਿਕਰ ਹੈ। ਸੋਮ ਬੂਟੀ ਵਿਚੋਂ ਰਸ ਕੱਢ ਕੇ ਇਸ ਵਿਚ ਦੁੱਧ ਮਿਲਾ ਕੇ ਸਵੇਰ, ਦੁਪਹਿਰ ਤੇ ਸ਼ਾਮ ਅੱਗ ਵਿਚ ਹਵਨ ਕੀਤਾ ਜਾਂਦਾ ਹੈ। ਇਕ ਦਿਨ ਵਿਚ ਖਤਮ ਹੋ ਜਾਣ ਵਾਲੇ ਯੱਗ ਨੂੰ 'ਏਕਾਰ ਸੋਮਯੱਗ' ਕਿਹਾ ਜਾਂਦਾ ਹੈ। ਵੱਡੇ ਯੱਗ ਨੂੰ 'ਰਜਸੂਜ' ਆਖਿਆ ਜਾਂਦਾ ਹੈ ਜਿਸ ਦੀਆਂ ਵਿਧੀਆਂ ਏਕਾਰ ਯੱਗ ਨਾਲੋਂ ਵਧੀਕ ਜਟਿਲ ਹਨ। ਇਨ੍ਹਾਂ ਦੋਵਾਂ ਯੱਗਾਂ ਨਾਲ ਸਬੰਧਿਤ ਮੰਤਰ ਨੌਵੇਂ ਤੇ ਦਸਵੇਂ ਅਧਿਆਇ ਵਿਚ ਦਿੱਤੇ ਹਨ। ਗਿਆਰਵੇਂ ਤੋਂ ਅਠਾਰਵੇਂ ਅਧਿਆਇ ਤੱਕ ਯੱਗਾਂ ਦੀ ਹੋਮ-ਅਗਨੀ ਵਾਸਤੇ, ਵੇਦੀ ਨਿਰਮਾਣ ਦੇ ਕਾਰਜ ਨਾਲ ਸੰਬਧਤ ਵਰਣਨ ਬੜੇ ਲੰਮੇ ਚੌੜੇ ਵਿਸਥਾਰ ਨਾਲ ਕੀਤਾ ਹੈ। ਵੇਦੀ ਉਸਾਰੀ ਦਸ ਹਜ਼ਾਰ ਅੱਠ ਸੌ ਇੱਟਾਂ ਨਾਲ ਕੀਤੀ ਜਾਂਦੀ ਸੀ। ਇਹ ਇੱਟਾਂ ਵੱਖ ਵੱਖ ਆਕਾਰ ਦੀਆਂ ਹੁੰਦੀਆਂ ਸਨ ਤੇ ਵੱਖ ਵੱਖ ਨਿਸ਼ਚਿਤ ਥਾਵਾਂ ਤੋਂ ਮੰਗਵਾਈਆਂ ਜਾਂਦੀਆਂ ਸਨ। ਵੇਦੀ ਦੀ ਸ਼ਕਲ ਖੰਭ ਫੈਲਾਏ ਹੋਏ ਪੰਛੀ ਵਰਗੀ ਹੁੰਦੀ ਹੈ। ਬ੍ਰਾਹਮਣ ਮੰਤਰਾਂ ਵਿਚ ਵੇਦੀ ਅਤੇ ਵੱਖ ਵੱਖ ਪ੍ਰਕਾਰ ਦੀਆਂ ਇੱਟਾਂ ਦੇ ਅਧਿਆਤਮਕ ਰਹੱਸ ਦੀ ਵਿਥਿਆ ਬੜੀ ਬਰੀਕਬੀਨੀ ਨਾਲ ਕੀਤੀ ਗਈ ਹੈ। ਉੱਨੀਵੇਂ, ਵੀਹਵੇਂ ਤੇ ਇੱਕੀਵੇਂ ਅਧਿਆਇ ਵਿਚ 'ਸੋਤਰਾਮਣੀ ਯੱਗ' ਦਾ ਵਿਧਾਨ ਹੈ। ਕਿਹਾ ਜਾਂਦਾ ਹੈ ਕਿ ਵਧੇਰੇ ਸੋਮਰਸ ਪੀਣ ਕਰਕੇ ਇੰਦਰ ਦੇਵਤਾ ਨੂੰ ਬਿਮਾਰੀ ਲੱਗ ਗਈ ਸੀ। ਸੋਤਰਾਮਣੀ ਯੱਗ ਰਾਹੀਂ ਅਸ਼ਵਨੀ ਨੇ ਉਸ ਦਾ ਇਲਾਜ ਕੀਤਾ ਸੀ। ਇਸ ਯੱਗ ਦੌਰਾਨ ਸ਼ਰਾਬ ਪੀਣ ਦਾ ਵਿਧਾਨ ਵੀ ਲਿਖਿਆ ਹੋਇਆ ਹੈ। ਬਾਈ ਤੋਂ ਪੱਚੀਵੇਂ ਅਧਿਆਇ ਵਿਚ ਅਸ਼ਵਮੇਧ ਯੱਗ ਦੀ ਪ੍ਰਨਾਲੀ ਹੈ। ਅਸ਼ਵਮੇਧ ਯੱਗ ਕੇਵਲ ਵੱਡਾ ਸਮਰਾਟ ਹੀ ਕਰਿਆ ਕਰਦਾ ਸੀ। 'ਅਸ਼ਵ' ਸੰਸਕ੍ਰਿਤ ਭਾਸ਼ਾ ਵਿਚ ਘੋੜੇ ਨੂੰ ਕਿਹਾ ਜਾਂਦਾ ਹੈ। ਆਪਣੇ ਰਾਜ ਦੀਆਂ ਹੱਦਾਂ ਦਾ ਵਿਸਥਾਰ ਕਰਨ ਵਾਸਤੇ ਰਾਜੇ ਦੇ ਪ੍ਰਤੀਨਿਧੀ ਘੋੜੇ ਨੂੰ ਚੁਫੇਰੇ ਦੂਰ ਦੂਰ ਤੱਕ ਫਿਰਾਉਂਦੇ ਸਨ। ਘੋੜੇ ਦੀ ਚਾਲ ਦੁਆਰਾ ਨਿਰਧਾਰਿਤ ਰਸਤਾ ਰਾਜ ਦੀ ਨਵੀਂ ਸਰਹੱਦ ਹੁੰਦਾ ਸੀ। ਜੇ ਕੋਈ ਛੋਟਾ ਰਾਜ ਜਾਂ ਰਾਜਕੁਮਾਰ ਆਪਣੇ ਰਾਜ ਨੂੰ ਸਮਰਾਟ ਦੇ ਰਾਜ ਅਧੀਨ ਨਾ ਕਰਨਾ ਚਾਹੁੰਦਾ ਉਹ ਘੋੜੇ ਦੀ ਲਗਾਮ ਫੜ ਲੈਂਦਾ ਸੀ। ਇਸ ਦਾ ਭਾਵ ਇਹ ਹੁੰਦਾ ਸੀ ਕਿ ਲਗਾਮ ਫੜਨ ਵਾਲਾ ਰਾਜਾ ਸਮਰਾਟ ਨਾਲ ਜੰਗ ਲੜਨ ਦਾ ਇਛੁੱਕ ਹੈ। ਜੰਗ ਹੁੰਦਾ ਤੇ ਵਿਜੇ ਉਪਰੰਤ ਮਹਾਰਾਜਾ ਘੋੜਾ ਛੁਡਾ ਕੇ ਲੈ ਜਾਂਦਾ। ਅਖੀਰ ਵਿਚ ਇਸ ਘੋੜੇ ਦੀ ਬਲੀ ਦੇ ਕੇ ਯੱਗ ਕੀਤਾ ਜਾਂਦਾ ਸੀ।

26 ਤੋਂ 29ਵੇਂ ਅਧਿਆਇ ਵਿਚ ਖਿਲ ਮੰਤਰ ਆਉਂਦੇ ਹਨ ਤੇ ਇਹਨਾਂ ਵਿਚ ਪਹਿਲੇ ਨਿਸ਼ਚਿਤ ਕੀਤੇ ਯੱਗ-ਵਿਧਾਨ ਸਬੰਧੀ ਹੀ ਨਵੇਂ ਮੰਤਰ ਹਨ। ਤੀਹਵੇਂ ਅਧਿਆਇ ਵਿਚ ਪੁਰਸ਼ਮੇਧ ਯੱਗ ਦਾ ਵਰਣਨ ਹੈ। ਇਕੱਤੀ ਤੋਂ ਚੌਤੀਵੇਂ ਅਧਿਆਇ ਵਿਚ ਸੂਕਤ ਹਨ ਜਿਨ੍ਹਾਂ ਵਿਚ ਸਭ ਤੋਂ ਪ੍ਰਸਿੱਧ ਪੁਰਸ਼-ਸੂਕਤ ਹੈ। ਪੈਂਤੀਵੇਂ ਅਧਿਆਇ ਵਿਚ ਪਿਤਰੀਮੇਧ ਮੰਤਰ ਅਤੇ 36-39ਵੇਂ ਅਧਿਆਇ ਵਿਚ ਸੂਰਜ ਦੀ ਪੂਜਾ ਲਿਖੀ ਹੈ। ਅੱਗ ਉੱਤੇ ਉਲਟੀ ਕੜਾਹੀ ਰੱਖ ਦਿੱਤੀ ਜਾਂਦੀ ਹੈ ਜਿਹੜੀ ਗਰਮ ਹੋ ਕੇ ਲਾਲ ਸੁਰਖ ਹੋ ਜਾਂਦੀ ਹੈ। ਇਸ ਨੂੰ ਸੂਰਜ ਦਾ ਪ੍ਰਤੀਕ ਮੰਨ ਲਿਆ ਜਾਂਦਾ ਹੈ। ਦੁੱਧ ਉਬਾਲ ਕੇ ਅਸ਼ਵਨੀ ਦੀ ਭੇਟਾ ਕੀਤਾ ਜਾਂਦਾ ਹੈ। ਕੜਾਹੀ ਦੇ ਪਿਛੇ ਯੱਗ ਦੀ ਸਮੱਗਰੀ ਇਸ ਤਰੀਕੇ ਨਾਲ ਚਿਣੀ ਜਾਂਦੀ ਹੈ ਕਿ ਉਹ ਮਨੁੱਖ ਦੀ ਸ਼ਕਲ ਲਗਦੀ ਹੈ। ਆਖਰੀ ਚਾਲੀਵਾਂ ਅਧਿਆਇ ਈਸ਼ਵਾਸਯ ਉਪਨਿਸ਼ਦ ਦੇ ਨਾਮ ਨਾਲ ਪ੍ਰਸਿੱਧ ਹੈ। ਇਹ ਨਿਕੀ ਜਿਹੀ ਰਚਨਾ ਉਪਨਿਸ਼ਦਾਂ ਦੀ ਪਿਤਾਮਾ ਮੰਨੀ ਜਾਂਦੀ ਹੈ ਕਿਉਂਕਿ ਇਸ ਤੋਂ ਬਿਨਾ ਹੋਰ ਕੋਈ ਉਪਨਿਸ਼ਦ ਸੰਘਿਤਾ ਦਾ ਹਿੱਸਾ ਨਹੀਂ ਬਣਿਆ।

ਯੱਗ ਦੇਵਤਿਆਂ ਨੂੰ ਪ੍ਰਸੰਨ ਕਰਨ ਲਈ ਕੀਤੇ ਜਾਂਦੇ ਹਨ। ਯਜੁਰ ਸ਼ਬਦ ਦਾ ਅਰਥ ਹੀ ਦੇਵਪੂਜਾ ਹੈ - ਯੱਗ ਰਾਹੀ ਦੇਵਪੂਜਾ। ਦੇਵਤੇ ਪਰਮਾਤਮਾ ਦੀਆਂ ਭਿੰਨ ਭਿੰਨ ਸ਼ਕਤੀਆਂ ਦੇ ਪ੍ਰਤੀਨਿਧ ਹਨ। ਅਗਨੀ ਅਤੇ ਯੱਗ ਦਾ ਆਪਸ ਵਿਚ ਅਨਿੱਖੜਵਾਂ ਸਬੰਧ ਹੈ। ਜੋ ਵਸਤੂ ਯੱਗ ਵਿਚ ਅਗਨੀ ਭੇਟ ਹੋਵੇਗੀ ਉਹ ਦੇਵਤਿਆਂ ਦੇ ਮੁੱਖ ਵਿਚ ਪਹੁੰਚ ਜਾਵੇਗੀ - ਇਹ ਵਿਸ਼ਵਾਸ਼ ਹੈ। ਧਰਮ, ਅਰਥ, ਕਾਮ ਅਤੇ ਮੋਖ ਸਭ ਦੀ ਪ੍ਰਾਪਤੀ ਯੱਗਾਂ ਰਾਹੀਂ ਸੰਭਵ ਮੰਨੀ ਜਾਂਦੀ ਸੀ। ਯੱਗ ਵਿਚ ਉਚਾਰਨ ਕੀਤੇ ਮੰਤਰ ਕਿਹੋ ਜਿਹੇ ਹੁੰਦੇ ਸਨ ਉਨ੍ਹਾਂ ਦਾ ਨਮੂਨਾ ਪੇਸ਼ ਹੈ -

ਹੇ ਸਭ ਦੇ ਪ੍ਰੇਰਨਾ ਸਰੋਤ ਭਗਵਾਨ
ਯੱਗ ਨੂੰ ਪੂਰਨ ਬਣਾਓ।
ਜਜਮਾਨ ਈਸ਼ਵਰੀ ਭਗਤੀ ਵੱਲ ਪਰੇਰਿਆ ਜਾਵੇ।
ਸਾਡੇ ਅਨਾਜ ਨੂੰ ਹੇ ਸੂਰਜ ਪਵਿੱਤਰ ਕਰੋ।
ਹੇ ਪਰਜਾਪਤੀ ਮਾਲਕ ਸਾਡੀਆਂ ਭੇਟਾਂ ਸਵੀਕਾਰ ਕਰੋ।
ਹੇ ਭਗਵਾਨ ਅਸੀਂ ਕਰਮ ਕਰਦੇ ਰਹੀਏ
ਅਸੀਂ ਸੌ ਵਰ੍ਹੇ ਜਿਉਂਦੇ ਰਹੀਏ
ਸਾਨੂੰ ਸ਼ਕਤੀ ਦੇਹ - ਅਸੀਂ ਸੌ ਵਰ੍ਹੇ ਦੇਖਦੇ ਰਹੀਏ।

ਯਜੁਰਵੇਦ ਵਿਚ ਵਿਸ਼ੇਸ਼ ਗੱਲ ਦੇਖਣ ਵਾਲੀ ਇਹ ਹੈ ਕਿ ਇਸ ਵਿਚਲੀਆਂ ਪ੍ਰਾਰਥਨਾਵਾਂ ਮਨੁੱਖ ਨੂੰ ਆਸ਼ਾਵਾਦੀ ਦ੍ਰਿਸ਼ਟੀਕੋਣ ਪਰਦਾਨ ਕਰਦੀਆਂ ਹਨ। ਲੋਕ ਪਰਤੀਤ ਕਰਦੇ ਸਨ ਕਿ ਯੱਗ ਹੋ ਰਿਹਾ ਤਾਂ ਕੀਤੀਆਂ ਗਈਆਂ ਪ੍ਰਾਰਥਨਾਵਾਂ ਜਰੂਰ ਪੂਰੀਆਂ ਹੋਣਗੀਆਂ। ਇਸ ਆਸ ਨਾਲ ਨਿਰਾਸਤਾ ਨੇੜੇ ਨਹੀਂ ਸੀ ਲੱਗ ਸਕਦੀ। ਦੂਜੀ ਖਾਸ ਗੱਲ ਇਹ ਹੈ ਕਿ ਵਰਦਾਨ ਸਮੂਹ ਜਨ ਕਲਿਆਣ ਲਈ ਮੰਗੇ ਜਾਂਦੇ ਸਨ, ਖ਼ਾਸ ਵਿਅਕਤੀ ਲਈ ਨਹੀਂ। ਮੀਂਹ ਪਵੇ, ਹਵਾ ਸ਼ੁੱਧ ਹੋਵੇ, ਸੂਰਜ ਦੀਆਂ

ਕਿਰਨਾਂ ਅਨਾਜ ਨੂੰ ਪਵਿੱਤਰ ਕਰਨ, ਆਦਿਕ ਕਾਮਨਾਵਾਂ ਸਾਰੀ ਮਨੁੱਖਤਾ ਲਈ ਹਨ। ਸੋ ਖਿਆਲ ਕੀਤਾ ਜਾਂਦਾ ਸੀ ਕਿ ਯੱਗ ਤਾਂ ਕੇਵਲ ਉਹੀ ਕਰਵਾ ਸਕਦਾ ਹੈ ਜਿਹੜਾ ਅਜਿਹਾ ਕਰਨ ਦੇ ਸਮੱਰਥ ਹੋਵੇ। ਪਰ ਯੱਗ ਕਲਿਆਣਕਾਰੀ ਸਭ ਲਈ ਹੁੰਦਾ ਹੈ।

3. ਸਾਮ ਵੇਦ

'ਸਾਮ' ਸ਼ਬਦ ਦਾ ਸਬੰਧ ਗਾਇਨ ਨਾਲ ਹੈ। ਰਿਗਵੇਦ ਦੇ ਉਨ੍ਹਾਂ ਮੰਤਰਾਂ ਨੂੰ ਸਾਮ ਕਹਿੰਦੇ ਹਨ ਜਿਨ੍ਹਾਂ ਦਾ ਗਾਇਨ ਕੀਤਾ ਜਾਂਦਾ ਸੀ। ਵੱਖ ਵੱਖ ਸੁਰਾਂ ਧੁਨਾਂ ਉਤੇ ਗਾਏ ਜਾਣ ਵਾਲੇ ਇਹ ਭਜਨ ਬਾਦ ਵਿਚ ਵੱਖ ਕਰ ਲਏ ਤੇ ਇਹੀ ਸਾਮਵੇਦ ਬਣ ਗਿਆ। ਰਿਗਵੇਦ ਅਤੇ ਸਾਮਵੇਦ ਦੇ ਸਬੰਧ ਪਤੀ ਪਤਨੀ ਦੇ ਸਬੰਧਾਂ ਵਾਂਗ ਕਲਪੇ ਗਏ ਹਨ। ਪਤੀ, ਪਤਨੀ ਨੂੰ ਸੰਤਾਨ ਉਤਪਤੀ ਵਾਸਤੇ ਪਰੇਰਿਤ ਕਰਦਾ ਹੋਇਆ ਕਹਿੰਦਾ ਹੈ–

ਮੈ ਸਾਮ ਰੂਪ ਪਤੀ ਹਾਂ
ਤੂੰ ਰਿਗਰੂਪ ਪਤਨੀ ਹੈਂ
ਮੈਂ ਆਕਾਸ਼ ਹਾਂ, ਤੂੰ ਪ੍ਰਿਥਵੀ ਹੈਂ
ਆਓ ਅਸੀਂ ਦੋਵੇਂ ਮਿਲਕੇ ਪਰਜਾ ਦੀ ਉਤਪਤੀ ਕਰੀਏ।

ਜੈਮਿਨੀ ਸੂਤਰ ਅਨੁਸਾਰ ਗੀਤਾਂ ਨੂੰ ਹੀ ਸਾਮ ਕਿਹਾ ਜਾਂਦਾ ਸੀ। ਛਾਂਦੋਗਯ ਉਪਨਿਸ਼ਦ ਵਿਚ ਲਿਖਿਆ ਹੈ ਕਿ ਸਾਮ ਦਾ ਸਰੂਪ ਧੁਨੀ ਹੈ। ਬ੍ਰਹਮ ਆਰਣਯਕ ਉਪਨਿਸ਼ਦ ਅਨੁਸਾਰ 'ਸਾ' ਸ਼ਬਦ ਦਾ ਅਰਥ ਹੈ ਰਿਗ ਅਤੇ 'ਅਮ' ਦਾ ਭਾਵ ਹੈ ਧੁਨੀਆਂ। ਸੋ ਸਾ+ਅਮ = ਰਿਗਵੇਦ ਦੀਆਂ ਸੰਗੀਤਮਈ ਧੁਨੀਆਂ। ਸਾਮਵੇਦ ਜਿਹੜਾ ਗਿਆਨ ਦਿੰਦਾ ਹੈ ਉਹ ਗਾਇਨ ਕਰਨ ਦੀ ਵਿਦਿਆ ਹੈ। ਅੰਗਰੇਜ਼ੀ ਵਿਚ ਅੱਜ ਤਕ ਸਾਮ (psalm) ਸ਼ਬਦ ਗਾਉਣਯੋਗ ਭਜਨਾਂ ਲਈ ਵਰਤਿਆਂ ਜਾਂਦਾ ਹੈ :–

ਸਾਮਵੇਦ ਦੇ ਤਿੰਨ ਭਾਗ ਹਨ :–

ੳ. ਪੂਰਬ ਅਰਚਿਕ
ਅ. ਅਗਨੀ ਅਰਚਿਕ ਮੱਧਯ
ੲ. ਉੱਤਰ ਅਰਚਿਕ

ਇਹਨਾਂ ਤਿੰਨਾਂ ਵਿਚੋਂ ਪੂਰਬ ਅਰਚਿਕ ਅਤੇ ਉੱਤਰ ਅਰਚਿਕ ਮੁੱਖ ਹਨ। ਵਿਚਕਾਰਲੇ ਭਾਗ ਮਧਯ ਅਰਚਿਕ ਵਿਚ ਸਿਰਫ ਦਸ ਸਲੋਕ ਹਨ। ਪੂਰਬ ਅਰਚਿਕ ਵਿਚ ਛੇ ਅਧਿਆਇ ਹਨ, ਹਰੇਕ ਅਧਿਆਇ ਦੇ ਦੋ ਖੰਡ ਹਨ, ਹਰੇਕ ਖੰਡ ਵਿਚ ਇਕ ਦਸਤੀ ਅਤੇ ਦਸਤੀ ਵਿਚ ਰਿਚਾਵਾਂ ਹਨ। ਦਸਤੀ ਸ਼ਬਦ ਤੋਂ ਇਉਂ ਲਗਦਾ ਹੈ ਜਿਵੇਂ ਇਸ ਵਿਚ ਦਸ ਰਿਚਾਵਾਂ ਹੋਣਗੀਆਂ ਪਰ ਇਹ ਗਿਣਤੀ ਵਧ ਘਟ ਹੋ ਜਾਂਦੀ ਹੈ।

ਪਹਿਲੇ ਅਧਿਆਇ ਨੂੰ ਅਗਨੇਸ਼ ਕਾਂਡ ਜਾਂ ਪਰਵ ਕਿਹਾ ਜਾਂਦਾ ਹੈ। ਇਸ ਵਿਚ ਅਗਨੀ ਕਾਂਡ ਨਾਲ ਸਬੰਧਤ ਮੰਤਰਾਂ ਦਾ ਉਚਾਰਣ ਕੀਤਾ ਹੈ। ਅਗਨੀ ਦੇਵ ਦੀ ਅਰਾਧਨਾ ਕੀਤੀ ਗਈ ਹੈ। ਲਿਖਿਆ ਹੈ ਕਿ ਅਗਨੀ ਨੂੰ ਸੂਰਜ ਨੇ ਧਰਤੀ ਵਿਚ ਛੁਪਾ ਦਿੱਤਾ। ਜਿਵੇਂ ਅਗਨੀ ਧਰਤੀ ਅੰਦਰ ਲੁਪਤ ਹੈ ਉਵੇਂ ਸਰੀਰ ਵਿਚ ਆਤਮਾ

ਮੌਜੂਦ ਹੈ। ਅਗਨੀ ਦੇਵ ਨੂੰ ਆਂਗਿਰਸ ਕਿਹਾ ਹੈ ਜਿਸਦਾ ਭਾਵ ਹੈ ਕਿ ਇਹ ਅੰਗਾਂ ਵਿਚ ਰਸ ਵਾਂਗ ਮੌਜੂਦ ਹੈ।

ਦੂਜਾ ਤੀਜਾ ਅਤੇ ਚੌਥਾ ਅਧਿਆਇ ਇੰਦਰ ਦੀ ਉਸਤਤਿ ਵਿਚ ਰਚਿਆ ਹੋਣ ਕਰਕੇ ਇੰਦਰ-ਪਰਵ ਹੈ। ਇੰਦਰ ਦੇ ਵੀ ਬੜੇ ਅਰਥ ਹਨ। ਇਕ ਦੇਵਤੇ ਦਾ ਨਾਮ ਤਾਂ ਹੈ ਹੀ ਇੰਦਰੀਆਂ ਲਈ ਵੀ ਇਹ ਸ਼ਬਦ ਵਰਤਿਆ ਜਾਂਦਾ ਹੈ ਅਤੇ ਆਤਮਾ ਪਰਮਾਤਮਾ ਲਈ ਵੀ। ਪਾਣਿਨੀ ਲਿਖਦਾ ਹੈ, "ਇੰਦਰ ਦਾ ਬੋਧ ਕਰਵਾਉਣ ਵਾਲਾ ਲਿੰਗ, ਇੰਦਰ ਦਾ ਦੇਖਿਆ, ਇੰਦਰ ਤੋਂ ਪੈਦਾ ਹੋਇਆ, ਇੰਦਰ ਰਾਹੀਂ ਪਰਵਾਣ ਚੜ੍ਹਿਆ ਤੇ ਇੰਦਰ ਦੀ ਸ਼ਕਤੀ ਦੁਆਰਾ ਕਾਰਜਸ਼ੀਲ ਹੋਣ ਕਾਰਨ ਹੀ ਇਸ ਨੂੰ ਇੰਦਰ ਕਿਹਾ ਜਾਂਦਾ ਹੈ।" ਸਾਮਵੇਦ ਵਿਚ ਇਹ ਵੀ ਲਿਖਿਆ ਹੈ ਕਿ ਇੰਦਰ ਹੀ ਉਹ ਮਹਾਨ ਤਾਕਤ ਹੈ ਜਿਸਨੇ ਧਰਤੀ ਅਤੇ ਆਕਾਸ਼ ਦੀ ਸਥਾਪਨਾ ਕੀਤੀ।

ਪੰਜਵੇਂ ਅਧਿਆਇ ਦਾ ਨਾਮ ਪਵਮਾਨ ਹੈ। ਪਵਮਾਨ ਵਿਚ ਸੋਮਦੇਵ ਦੇ ਭਜਨ ਹਨ ਅਤੇ ਇਹ ਭਜਨ ਰਿਗਵੇਦ ਦੇ ਨੌਵੇਂ ਮੰਡਲ ਵਿਚੋਂ ਲਏ ਗਏ ਹਨ। ਸੋਮਰਸ ਪੀਣ ਨਾਲ ਸਰੀਰ ਵਿਚ ਆਨੰਦ ਆ ਜਾਂਦਾ ਹੈ ਇਸੇ ਕਰਕੇ ਰਿਸ਼ੀ ਸੋਮ ਬੂਟੀ ਨੂੰ ਕੋਈ ਪਦਾਰਥਕ ਜੜ੍ਹ ਵਸਤੂ ਨਹੀਂ ਮੰਨਦੇ। ਇਸ ਨੂੰ ਅਧਿਆਤਮਕ ਲੱਛਣ ਪ੍ਰਦਾਨ ਕੀਤੇ ਗਏ ਹਨ। ਸੋਮ ਦੇ ਅਨੇਕ ਅਰਥ ਹਨ - ਆਨੰਦ, ਪਰਜਾਪਤੀ, ਬ੍ਰਾਹਮਣ, ਪਰਾਣ ਆਦਿਕ ਦੇ ਸੰਬੋਧਕੀ ਸ਼ਬਦ ਇਸ ਦੇ ਅਰਥ-ਵਿਸਥਾਰ ਵਲ ਇਸ਼ਾਰੇ ਕਰਦੇ ਹਨ। ਕਿਹਾ ਗਿਆ ਹੈ ਕਿ ਸੋਮ ਆਪਣੇ ਖਜ਼ਾਨੇ ਵਿਚੋਂ ਦਾਤਾਂ ਦਿੰਦਾ ਹੈ। ਵਿਸ਼ਵ ਨੂੰ ਪੈਦਾ ਕਰਨ ਵਾਲਾ ਉਹੀ ਹੈ। ਉਹੀ ਆਤਮਾ ਹੈ ਉਹੀ ਪਰਾਣਾਂ ਦਾ ਆਧਾਰ ਪਰਮਾਤਮਾ। ਲਿਖਿਆ ਹੈ, "ਹੇ ਸੋਮ, ਸਾਡੀ ਆਤਮਾ ਨੂੰ ਬਲਵਾਨ ਬਣਾਉਣ ਹਿਤ ਗਿਆਨ ਰਸ ਪਰਦਾਨ ਕਰੋ।" ਸੋਮ-ਦੇਵ ਅਗੇ ਪ੍ਰਾਰਥਨਾ ਕੀਤੀ ਗਈ ਹੈ -

ਹੇ ਖੁਸ਼ੀਆਂ ਦੇ ਦਾਤਾ
ਹੇ ਮੰਗਲਮਈ ਸੋਮਦੇਵ
ਸਾਨੂੰ ਧਨ ਦੇਹ ਸੰਪਤੀ ਦੇਹ
ਅਨਾਜ ਅਤੇ ਵਿਦਿਆ ਦੀ ਦਾਤ ਦੇਹ
ਸੁਖ ਦਾ ਸ਼ਾਂਤੀ ਦਾ ਮੀਂਹ ਪਾ
ਹੇ ਦੇਵ ਤਾਕਤ ਪ੍ਰਾਪਤ ਕਰਨ ਦੀ ਅਭਿਲਾਖਾ ਲੈ ਕੇ
ਅਸੀਂ ਤੇਰੀ ਬੰਦਗੀ ਕਰਦੇ ਹਾਂ।

ਸੋਮਦੇਵ ਇੰਦਰੀਆਂ ਨੂੰ ਵਸ ਵਿਚ ਕਰਵਾਉਂਦਾ, ਲੋੜ ਤੋਂ ਵਧੇਰੇ ਆਨੰਦ ਪ੍ਰਾਪਤੀ ਕਰਨ ਤੋਂ ਰੋਕਦਾ ਹੈ ਕਿਉਂਕਿ ਵਿਲਾਸਤਾ ਮਨੁੱਖ ਦੇ ਵਿਨਾਸ਼ ਦਾ ਕਾਰਨ ਬਣਦੀ ਹੈ। ਮਨੁੱਖ ਨੂੰ ਭੋਗਾਂ ਤੋਂ ਉਪਰ ਉਠਣ ਲਈ ਕਿਹਾ ਹੈ। ਵਾਸ਼ਨਾਵਾਂ ਨੂੰ ਕਾਬੂ ਕਰਕੇ ਰੱਖਣ ਵਾਲੇ ਮਨੁੱਖ ਸੁਖੀ, ਸੰਜਮੀ ਅਤੇ ਲੰਮੀ ਉਮਰ ਭੋਗਣ ਵਾਲੇ ਹੁੰਦੇ ਹਨ।

ਨੌਵੇਂ ਅਧਿਆਇ ਦਾ ਨਾਮ ਆਰਣਯਕ ਪਰਵ ਹੈ। ਇਸ ਅਧਿਆਇ ਵਿਚਲੇ ਦੇਵਤੇ ਵੀ ਨਵੇਂ ਹਨ ਤੇ ਮੰਤਰ ਵੀ ਨਵੇਂ ਪਰ ਗਾਇਨ ਦੇ ਢੰਗ ਬਾਕੀ ਅਧਿਆਵਾਂ ਨਾਲ ਸਾਂਝੇ ਹਨ। ਕੁੱਲ ਪਚਵੰਜਾ ਸਲੋਕ ਹਨ।

ਪੰਜਵੇ ਅਧਿਆਇ ਤੱਕ ਦੀਆਂ ਰਿਚਾਵਾਂ ਨੂੰ ਗ੍ਰਾਮ ਕਿਹਾ ਜਾਂਦਾ ਹੈ ਪਰ ਛੇਵੇਂ ਅਧਿਆਇ ਦੀਆਂ ਰਿਚਾਵਾਂ ਨੂੰ, ਜੰਗਲਾਂ ਵਿਚ ਗਾਈਆਂ ਜਾਣ ਕਰਕੇ ਆਰਣਯ ਕਿਹਾ ਜਾਂਦਾ ਹੈ। ਪਿੰਡ ਦੇ ਸਾਰੇ ਲੋਕ ਇਕੱਠੇ ਹੋ ਕੇ ਜਿਹੜੇ ਭਜਨ ਗਾਉਂਦੇ ਅਤੇ ਸੁਣਦੇ ਉਨ੍ਹਾਂ ਨੂੰ ਗ੍ਰਾਮਗਾਨ ਕਿਹਾ ਜਾਂਦਾ ਸੀ ਪਰ ਆਰਣਯ-ਗਾਨ ਇਕਾਂਤ ਵਿਚ ਵਸੋਂ ਤੋਂ ਦੂਰ ਜੰਗਲਾਂ ਵਿਚ ਗਾਏ ਜਾਂਦੇ ਸਨ। ਰਿਸ਼ੀਆਂ ਦਾ ਵਿਸ਼ਵਾਸ਼ ਸੀ ਕਿ ਆਰਣਯ ਗੀਤਾਂ ਵਿਚ ਅਦਭੁਤ ਸ਼ਕਤੀਆਂ ਹਨ ਤੇ ਇਨ੍ਹਾਂ ਦੇ ਭੇਦ ਪੇਂਡੂ ਨਹੀਂ ਜਾਣ ਸਕਦੇ। ਇਹਨਾਂ ਦੀ ਪਵਿਤਰਤਾ ਬਣਾਈ ਰੱਖਣ ਲਈ ਇਨ੍ਹਾ ਦਾ ਜਨਸਾਧਾਰਣ ਤੋਂ ਦੂਰ ਵਣਾਂ ਵਿਚ ਗਾਇਨ ਕੀਤਾ ਜਾਂਦਾ ਸੀ। ਜੰਗਲਾਂ ਦੇ ਸ਼ੁੱਧ ਵਾਤਾਵਰਣ ਵਿਚ ਕੋਈ ਧੁਨੀ ਵਿਗੜੇਗੀ ਨਹੀਂ। ਸਪਸ਼ਟ ਹੈ ਕਿ ਆਰਣਯਗਾਨ, ਗ੍ਰਾਮਗਾਨ ਨਾਲੋਂ ਵਧੇਰੇ ਸ਼ੁੱਧ ਮੰਨ ਕੇ ਵਧੀਕ ਸਤਿਕਾਰ ਨਾਲ ਸੰਭਾਲੇ ਜਾਂਦੇ ਸਨ।

ਪੂਰਬ ਅਰਚਕ ਵਿਚ ਮੰਤਰਾਂ ਦੀ ਕੁੱਲ ਗਿਣਤੀ 650 ਹੈ। ਵਿਚਕਾਰਲੇ, ਭਾਵ ਅਗਨੀ ਅਰਚਿਕ ਭਾਗ ਵਿਚ ਕੇਵਲ ਦਸ ਸਲੋਕ ਹਨ। ਇਸ ਵਿਚ ਪਰਜਾਪਤੀ ਰਿਸ਼ੀ ਨੇ ਇੰਦਰ ਦੇਵ ਦੀ ਭਗਤੀ ਕੀਤੀ ਹੈ। ਤੀਜੇ ਭਾਗ, ਉੱਤਰ ਅਰਚਿਕ ਵਿਚ ਨੌਂ ਅਧਿਆਇ ਹਨ ਅਤੇ 1235 ਸ਼ਲੋਕ। ਅਧਿਆਵਾਂ ਦੀ ਗਿਣਤੀ ਸਾਮਦੇਵ ਦੀਆਂ ਵੱਖ ਵੱਖ ਸੰਪਰਦਾਵਾਂ ਮੁਤਾਬਕ ਵੱਖ ਵੱਖ ਕੀਤੀ ਗਈ ਹੈ। ਕੈਥਮ ਸੰਪਰਦਾ ਅਨੁਸਾਰ ਇੱਕੀ ਕਾਂਡ ਹਨ। ਸ਼ਲੋਕਾਂ ਦੀ ਗਿਣਤੀ ਬਾਰੇ ਸਾਰੀਆਂ ਸੰਪਰਾਦਾਵਾਂ ਇੱਕ ਮੱਤ ਹਨ। ਇਨ੍ਹਾਂ ਸ਼ਲੋਕਾਂ ਨੂੰ ਕਿਸੇ ਖਾਸ ਨੇਮ ਅਧੀਨ, ਭਾਵ ਵਿਸ਼ਾ ਜਾਂ ਵਸਤੂ ਨੂੰ ਮੁੱਖ ਰੱਖ ਕੇ ਤਰਤੀਬ ਬੱਧ ਨਹੀਂ ਕੀਤਾ ਗਿਆ ਸਗੋਂ ਜੋ ਵੀ ਸਲੋਕ ਪ੍ਰਾਪਤ ਹੋਇਆ ਉਸਨੂੰ ਉਥੇ ਹੀ ਜੜ ਦਿੱਤਾ। ਇਹੀ ਕਾਰਨ ਹੈ ਕਿ ਕਈ ਵਾਰ ਪਾਠ ਕਰਦਿਆਂ ਹੈਰਾਨੀ ਹੁੰਦੀ ਹੈ ਕਿ ਇਕ ਸ਼ਲੋਕ ਵਿਚ ਜਿਹੜੀ ਗੱਲ ਕਹੀ ਗਈ, ਦੂਸਰੇ ਸ਼ਲੋਕ ਦਾ ਉਸ ਨਾਲ ਕੋਈ ਸਬੰਧ ਨਹੀਂ।

ਹੇਠ ਦਿੱਤੇ ਵੇਰਵੇ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਸਾਮਵੇਦ ਵਿਚ ਮੌਲਿਕਤਾ ਕਿੰਨੀ ਘੱਟ ਹੈ। ਵਾਸਤਵ ਵਿਚ ਵੱਡਾ ਭਾਗ ਰਿਗਵੇਦ ਵਿਚੋਂ ਹੀ ਚੁਣਿਆ ਗਿਆ ਹੈ –

ਰਿਗਵੇਦ ਵਿਚੋਂ ਲਈਆਂ ਗਈਆਂ ਰਿਚਾਵਾਂ ਦੀ ਗਿਣਤੀ	=	1504
ਰਿਗਵੇਦ ਵਿਚੋਂ ਪ੍ਰਾਪਤ ਪੁਨਰੁਕਤੀਆਂ	=	0267
ਰਿਗਵੇਦ ਤੋਂ ਬਾਹਰ ਸਾਮਵੇਦ ਵਿਚ ਪ੍ਰਾਪਤ ਨਵੀਨ ਰਿਚਾਵਾਂ	=	0099
ਰਿਗਵੇਦ ਤੋਂ ਬਾਹਰੋਂ ਲਈਆਂ ਗਈਆਂ ਪੁਨਰਉਕਤੀਆਂ	=	0005
ਕੁੱਲ ਜੋੜ	=	1875

ਇਉਂ ਕੁੱਲ 1875 ਵਿਚੋਂ ਕੇਵਲ 104 ਹਿੱਸੇ ਸਾਮਵੇਦ ਦੇ ਆਪਣੇ ਮੌਲਿਕ ਹਨ, ਬਾਕੀ ਸਾਮੱਗਰੀ ਰਿਗਵੇਦ ਵਿਚੋਂ ਲਈ ਗਈ ਹੈ।

ਬ੍ਰਾਹਮਣ ਗ੍ਰੰਥਾਂ ਅਤੇ ਪੁਰਾਣਾਂ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਸਾਮਵੇਦ ਦਾ ਆਧਾਰ ਬਹੁਤ ਵੱਡਾ ਸੀ। ਸ਼ਤਪਥ ਬ੍ਰਾਹਮਣ ਅਨੁਸਾਰ ਸਾਮਵੇਦ ਦੇ ਪਦਿਆਂ ਦੀ ਗਿਣਤੀ ਇੱਕ ਲੱਖ ਚੁਤਾਲੀ ਹਜ਼ਾਰ ਸੀ। ਪੂਰੇ ਸਾਮ ਅੱਠ ਹਜ਼ਾਰ ਸਨ ਅਤੇ ਗਾਇਨ ਚੋਦਾਂ ਹਜ਼ਾਰ ਅੱਠ ਸੌ ਵੀਹ ਦੱਸੇ ਹਨ। ਪ੍ਰਤੀਤ ਹੁੰਦਾ ਹੈ ਕਿ ਲਿਖਣ ਕਲਾ ਦੀ ਅਣਹੋਂਦ ਕਾਰਨ ਇਹ ਵਡੀ ਸਮੱਗਰੀ ਸਾਡੇ ਪਾਸੋਂ ਖੁੱਸ ਗਈ ਤੇ ਲਿਖਤ ਵਿਚ

ਆਉਣ ਵੇਲੇ ਤੱਕ ਇਹ ਸਦਾ ਲਈ ਭੁੱਲ ਵਿੱਸਰ ਚੁੱਕੀ ਸੀ।

ਭਾਰਤੀ ਸੰਗੀਤ ਸ਼ਾਸ਼ਤਰ ਦਾ ਆਧਾਰ ਸਾਮਵੇਦ ਹੈ। ਸੰਗੀਤ ਸ਼ਾਸ਼ਤਰੀ ਜਾਣਦੇ ਹਨ ਕਿ ਸਨਾਤਨੀ ਸੰਗੀਤ ਹਜ਼ਾਰਾਂ ਸਾਲ ਪੁਰਾਣਾ ਹੈ ਤੇ ਇਸ ਦੇ ਰਾਗਾਂ ਦੇ ਭੇਦ ਉਪਭੇਦ ਬਹੁਤ ਬਰੀਕ ਬੁੱਧੀ ਨਾਲ ਕੀਤੇ ਹਨ। ਸ਼ਾਸ਼ਤਰੀ ਸੰਗੀਤ ਵਿਸ਼ਵ ਭਰ ਵਿਚ ਅਚਾਨਕ ਹੀ ਸਤਿਕਾਰਯੋਗ ਨਹੀਂ ਬਣ ਗਿਆ। ਇਸ ਪਿਛੇ ਰਿਸ਼ੀਆਂ ਦੀ ਹਜ਼ਾਰਾਂ ਸਾਲਾਂ ਦੀ ਕੀਤੀ ਹੋਈ ਘਾਲਣਾ ਛੁਪੀ ਹੋਈ ਹੈ। ਇਸੇ ਘਾਲਣਾ ਸਦਕਾ ਇਸ ਵਿਚ ਅਗੰਮੀ ਮਿਠਾਸ ਕਾਇਮ ਹੈ।

4. ਅਥਰਵ ਵੇਦ

ਅਥਰਵੇਦ ਦਾ ਚਾਰੇ ਵੇਦਾਂ ਵਿਚ ਆਪਣਾ ਵੱਖਰਾ ਤੇ ਨਵੇਕਲਾ ਸਥਾਨ ਹੈ। ਵਿਸ਼ੇ ਵਸਤੂ ਦੇ ਪੱਖ ਤੋਂ ਇਸ ਵੇਦ ਦੀ ਵੱਡੀ ਭਿੰਨਤਾ ਇਹ ਹੈ ਕਿ ਇਸ ਵਿਚ ਪ੍ਰਤੱਖ ਵਸਦੇ ਜਗਤ ਨੂੰ ਸੁਖਮਈ ਬਣਾਉਣ ਦੇ ਸਾਧਨਾਂ ਦਾ ਵਰਣਨ ਹੈ। ਰਿਗਵੇਦ, ਸਾਮਵੇਦ ਤੇ ਯਜੁਰਵੇਦ ਵਿਅਕਤੀ ਨੂੰ ਅਗਲੇ ਸੰਸਾਰ ਵਿਚ ਸੁਖ ਪ੍ਰਦਾਨ ਕਰਨ ਦੇ ਉਪਾਉ ਦਸਦੇ ਹਨ। ਬੇਸ਼ਕ ਮੁਕਤੀ ਦਾ ਸਿਧਾਂਤ ਹੋਵੇ ਜਾਂ ਸੁਰਗ ਦੇ ਸੁਖ, ਵਰਤਮਾਨ ਜੀਵਨ ਨਾਲ ਇਨ੍ਹਾਂ ਦਾ ਵਧੇਰਾ ਸਬੰਧ ਨਹੀਂ। ਪਰਲੋਕ ਦੇ ਸੁੱਖਾਂ ਦੀ ਥਾਂ ਅਥਰਵ ਵੇਦ ਇਸ ਲੋਕ ਨੂੰ, ਇਥੋਂ ਦੇ ਜੀਵਨ ਨੂੰ ਸਵਾਰਨ ਸ਼ਿੰਗਾਰਨ ਦੀਆਂ ਹਦਾਇਤਾਂ ਦਾ ਸੰਗ੍ਰਹਿ ਹੈ।

ਅਥਰਵਵੇਦ ਬ੍ਰਹਮ ਦਾ ਸਾਖਿਆਤ ਦਰਸ਼ਨ ਕਰਾਉਂਦਾ ਹੈ। ਇਸ ਦਾ ਭਾਵ ਇਹ ਹੈ ਕਿ ਨਿਰਾਕਾਰ ਨਿਰਗੁਣ ਸ਼ਕਤੀਆਂ ਸਾਨੂੰ ਦਿਸਦੀਆਂ ਨਹੀਂ ਪਰ ਬ੍ਰਹਮ ਦਾ ਕੁਝ ਭਾਗ ਅਸੀਂ ਅੱਖਾਂ ਨਾਲ ਵੇਖਦੇ ਵੀ ਹਾਂ। ਸਾਡੇ ਚੁਫੇਰੇ ਜਿਹੜਾ ਸੰਸਾਰ ਫੈਲਿਆ ਹੋਇਆ ਹੈ ਜੇ ਇਹ ਵੀ ਬ੍ਰਹਮ ਨੇ ਹੀ ਬਣਾਇਆ ਹੈ – ਉਸੇ ਦੀ ਸ਼ਕਤੀ ਨਾਲ ਚੱਲ ਰਿਹਾ ਹੈ, ਫਿਰ ਇਸ ਵਿਚ ਬੈਠ ਕੇ ਸਾਰੀ ਸ਼ਕਤੀ ਤੇ ਵਿਦਿਆ ਪਰਲੋਕ ਵੱਲ ਕਿਉਂ ਲਾਈ ਜਾਵੇ ਜਿਹੜਾ ਕਿ ਅਦ੍ਰਿਸ਼ਟ ਹੈ। ਭਾਵੇਂ ਇਸ ਵਿਚ ਸੰਦੇਹ ਨਹੀਂ ਕਿ ਪਰਲੋਕ ਸਵਾਰਨਾ ਸਾਡਾ ਆਦਰਸ਼ ਹੈ ਪਰੰਤੂ ਲੋਕ ਨੂੰ ਵਿਗਾੜ ਲੈਣਾ ਤੇ ਫਿਰ ਪਰਲੋਕ ਦੀ ਸੁੰਦਰ ਕਲਪਨਾ ਕਰਨਾ, ਇਹ ਅਧੂਰੀ ਸਾਧਨਾ ਹੈ। ਗੋਪਥ ਬ੍ਰਾਹਮਣ ਗ੍ਰੰਥ ਅਨੁਸਾਰ ਤਿੰਨ ਵੇਦ ਯੱਗ ਦੇ ਕੇਵਲ ਇਕ ਪੱਖ, ਪਰਲੋਕ ਦੇ ਸੰਸਕਾਰ ਪੇਸ਼ ਕਰਦੇ ਹਨ, ਪਰ ਅਥਰਵਵੇਦ ਯੱਗ ਦੇ ਦੂਜੇ ਮਹੱਤਵਪੂਰਨ ਪੱਖ ਦਾ ਸੰਸਕਾਰ ਸੁਝਾਉਂਦਾ ਹੈ।

ਰਾਜੇ ਮਹਾਰਾਜੇ ਧਾਰਮਿਕ ਕਾਰਜਾਂ ਲਈ ਰਾਜ ਪੁਰੋਹਤ ਦੀ ਅਗਵਾਈ ਪ੍ਰਾਪਤ ਕਰਿਆ ਕਰਦੇ ਸਨ। ਕਿਹਾ ਜਾਂਦਾ ਸੀ ਕਿ ਬਾਕੀ ਵੇਦਾਂ ਤੋਂ ਇਲਾਵਾ ਰਾਜਪੁਰੋਹਤ ਲਈ ਅਥਰਵਵੇਦ ਦਾ ਗਿਆਨ ਹਾਸਲ ਕਰਨਾ ਜ਼ਰੂਰੀ ਹੈ ਕਿਉਂਕਿ ਇਹ ਸ਼ੁੱਧ ਕਾਰਜ ਕਰਨ ਦੀ ਪਰੇਰਨਾ ਦਿੰਦਾ ਹੈ ਜਿਸ ਕਾਰਨ ਰਾਜ ਵਿਚ ਸੁਖ ਸ਼ਾਂਤੀ ਵਾਪਰਦੀ ਹੈ ਤੇ ਪਰਜਾ ਸੁਖੀ ਵਸਦੀ ਹੈ। ਅਥਰਵਵੇਦ ਦਾ ਹੀ ਕਥਨ ਹੈ ਕਿ ਜਿਸ ਰਾਜ ਵਿਚ ਅਥਰਵ ਦਾ ਗਿਆਤਾ ਪੁਰੋਹਤ ਵਾਸ ਕਰਦਾ ਹੋਵੇ ਉਥੇ ਅਪਰਾਧ ਹੁੰਦਾ ਹੀ ਨਹੀਂ ਤੇ ਰਾਜ ਭਾਗ ਰੌਲੇ ਰੱਪੇ ਤੇ ਉਥਲ ਪੁਥਲ ਤੋਂ ਬਚਿਆ ਰਹਿੰਦਾ ਹੈ ਤੇ ਨਾਲ ਨਾਲ ਰਾਜ ਵਿਸਥਾਰ ਹੁੰਦਾ ਜਾਂਦਾ ਹੈ।

ਸਭ ਤੋਂ ਪਹਿਲਾਂ 'ਅਥਰਵ' ਸ਼ਬਦ ਦਾ ਅਰਥ ਜਾਣ ਲੈਣਾ ਜ਼ਰੂਰੀ ਹੈ। ਇਸ ਸ਼ਬਦ ਦੇ ਅਰਥ ਨਿਰੁਕਤ ਅਤੇ ਗੋਪਥ ਬ੍ਰਾਹਮਣ ਗ੍ਰੰਥ ਵਿਚ ਕੀਤੇ ਹੋਏ ਹਨ। ਇਸ ਸ਼ਬਦ ਦੀ ਧਾਤੂ 'ਥਰਵ' ਹੈ ਤੇ ਥਰਵ ਹਿੰਸਾ-ਵਾਚਕ ਸ਼ਬਦ ਹੈ। 'ਥਰਵ' ਸ਼ਬਦ ਦਾ ਅਰਥ ਹੈ ਪਾਪ, ਸਾਜਸ਼ ਅਤੇ ਅਤਿਆਚਾਰ। ਇਸ ਤੋਂ ਪਹਿਲਾਂ 'ਅ' ਅੱਖਰ ਲਾ ਕੇ ਇਸ ਦਾ ਵਿਰੋਧੀ ਸ਼ਬਦ (ਵਿਪਰੀਤਾਰਥਕ) ਅਥਰਵ ਬਣਾ ਲਿਆ। ਸੋ ਅਥਰਵ ਦਾ ਅਰਥ ਹੋਇਆ ਅਹਿੰਸਾ, ਪਾਪ ਦਾ ਵਿਨਾਸ਼, ਕੁਟਿਲਤਾ, ਸਾਜਸ਼ ਦਾ ਖਾਤਮਾ। ਅਥਰਵ ਨਾਂ ਦਾ ਇਕ ਰਿਸ਼ੀ ਵੀ ਹੋਇਆ ਹੈ ਜਿਸ ਨੇ ਇਸ ਵੇਦ ਦੇ ਬਹੁਤ ਸਾਰੇ ਮੰਤਰ ਦੇਖੇ (ਭਾਵ ਕਲਮਬੰਦ ਕੀਤੇ)। ਇਸ ਵੇਦ ਦੇ ਵੱਡੇ ਭਾਗ ਦਾ ਰਚੇਤਾ ਆਂਗੀਰਸ ਰਿਸ਼ੀ ਹੈ। ਇਹੀ ਕਾਰਨ ਹੈ ਕਿ ਅਥਰਵਵੇਦ ਦਾ ਨਾਮ ਬਹੁਤ ਥਾਵਾਂ ਤੇ 'ਅਥਰਵਾਂਗੀਰਸ ਲਿਖਿਆ ਹੋਇਆ ਪ੍ਰਾਪਤ ਹੋਇਆ ਹੈ। ਪਾਰਸੀਆਂ ਦੀ ਧਰਮ ਪੋਥੀ ਅਵੇਸਤਾ ਵਿਚ ਵੀ ਅਥਰਵ ਸ਼ਬਦ ਅਗਨੀ ਪੂਜਾ ਦੇ ਅਰਥ ਵਿਚ ਵਰਤਿਆ ਹੋਇਆ ਮਿਲਦਾ ਹੈ।

ਪੱਛਮੀ ਵਿਦਵਾਨਾਂ ਅਨੁਸਾਰ ਜਾਦੂ ਟੂਣੇ ਅਥਰਵ ਵੇਦ ਦੇ ਮੰਤਰਾਂ ਦਾ ਆਦਰਸ਼ ਹਨ। ਇਸ ਵੇਦ ਵਿਚ ਜਾਦੂ ਟੂਣਿਆਂ ਰਾਹੀਂ ਸੰਸਾਰਕ ਸੁਖ ਪ੍ਰਾਪਤ ਕਰਨ ਦੀਆਂ ਵਿਧੀਆਂ ਦੱਸੀਆਂ ਹਨ। ਬਹੁਤ ਸਾਰੇ ਮੰਤਰ ਅਜਿਹੇ ਹਨ ਜਿਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਬਿਮਾਰੀਆਂ ਦੂਰ ਕਰਦੇ ਹਨ। ਵੈਰੀਆਂ ਦਾ ਨਾਸ ਕਰਨ ਵਾਲੇ ਸਰਾਪ ਵੀ ਇਸ ਵਿਚ ਦਰਜ ਹਨ। ਆਯੁਰਵੈਦਿਕ ਵਿਦਿਆ ਇਸੇ ਵੇਦ ਦੀ ਮਹੱਤਵਪੂਰਨ ਦੇਣ ਹੈ। ਅਰੋਗ ਰਹਿਣ ਲਈ ਕੀ ਉਪਾਓ ਕੀਤੇ ਜਾਣ, ਬੀਮਾਰੀਆਂ ਦਾ ਟਾਕਰਾ ਕਿਵੇਂ ਕਰੀਏ ਆਦਿਕ ਸਬੰਧੀ ਮੰਤਰ ਹਨ। ਖੰਘ ਆਦਿਕ ਬਿਮਾਰੀ ਨਾਲ ਗ੍ਰਸਤ ਲੋਕਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਖੁੱਲ੍ਹੀਆਂ ਜੰਗਲ ਦੀਆਂ ਹਵਾਵਾਂ ਵਿਚ ਰਹਿਣ ਲੱਗ ਜਾਣ। ਰੋਗ ਦੇ ਆਰੰਭ ਵਿਚ ਹੀ ਇਸਨੂੰ ਖਤਮ ਕਰਕੇ ਚੈਨ ਲੈਣਾ ਚਾਹੀਦਾ ਹੈ ਕਿਉਂਕਿ ਬਿਮਾਰੀ ਜਿੰਨੀ ਲੰਮੀ ਹੁੰਦੀ ਜਾਵੇਗੀ ਉਸ ਦਾ ਇਲਾਜ ਉੱਨਾ ਹੀ ਲੰਮਾ ਤੇ ਮੁਸ਼ਕਲ ਹੋ ਜਾਵੇਗਾ। ਅਥਰਵ ਵੇਦ ਦੇ ਕਰਤੇ ਰਿਸ਼ੀਆਂ ਨੂੰ ਹਜ਼ਾਰਾਂ ਸਾਲ ਪਹਿਲਾਂ ਪਤਾ ਸੀ ਕਿ ਬਿਮਾਰੀ ਨਿਕੇ ਨਿਕੇ ਜੀਵਾਂ ਤੋਂ ਫੈਲਦੀ ਹੈ ਜਿਨ੍ਹਾਂ ਨੂੰ ਕੀਟਾਣੂ ਕਿਹਾ ਜਾਂਦਾ ਹੈ। ਰੋਗ ਨਾਲ ਭਰੇ ਕੀਟਾਣੂਆਂ ਦਾ ਨਾਸ਼ ਕਰਨ ਵਾਸਤੇ ਉਪਾਅ ਦੱਸੇ ਹਨ। ਲਿਖਿਆ ਹੈ ਕਿ ਰੋਗ ਫੈਲਾਉਣ ਵਾਲੇ ਕੀਟਾਣੂ ਪਾਣੀ ਅਤੇ ਭੋਜਨ ਆਦਿਕ ਵਿਚ ਪੈਦਾ ਹੋ ਕੇ ਪੀਣ ਖਾਣ ਵਕਤ ਸਾਡੇ ਸਰੀਰ ਵਿਚ ਚਲੇ ਜਾਂਦੇ ਹਨ। ਕਈ ਭਿਆਨਕ ਰੋਗਾਂ ਦੇ ਇਲਾਜ ਤਾਂ ਬਹੁਤ ਵੇਰਵੇ ਨਾਲ ਲਿਖੇ ਗਏ ਮਿਲਦੇ ਹਨ। ਕੱਟੇ ਗਏ ਅੰਗ ਦਾ ਇਲਾਜ ਕਿਵੇਂ ਕਰੀਏ, ਗਰਭਵਤੀ ਇਸਤਰੀ ਨੂੰ ਕਿਹੋ ਜਿਹੀ ਖੁਰਾਕ ਦੇਈਏ ਤਾਂ ਕਿ ਤੰਦਰੁਸਤ ਬਲਵਾਨ ਸੰਤਾਨ ਪੈਦਾ ਹੋਵੇ, ਸੱਪ ਦੇ ਜ਼ਹਿਰ ਤੋਂ ਕਿਵੇਂ ਬਚਿਆ ਜਾਵੇ ਤੇ ਦੰਦਾਂ ਦੀ ਰਾਖੀ ਕਿਵੇਂ ਕੀਤੀ ਜਾਵੇ, ਇਸਦਾ ਪੂਰਾ ਚਰਚਾ ਲਿਖਿਆ ਮਿਲਦਾ ਹੈ। ਜੇ ਕਿਹਾ ਜਾਵੇ ਕਿ ਅਥਰਵ ਵੇਦ ਦੀ ਬਹੁਤੀ ਮਹਾਨਤਾ ਇਸ ਦੇ ਉਪਵੇਦ ਆਯੁਰਵੈਦਿਕ ਸਿਖਿਆ ਕਾਰਨ ਹੈ ਤਾਂ ਇਹ ਕੋਈ ਅਤਿਕਥਨੀ ਨਹੀਂ ਹੈ।

ਅਥਰਵਵੇਦ ਦੇ ਵੀਹ ਅਧਿਆਇ, 731 ਸੁਕਤ ਅਤੇ 5927 ਮੰਤਰ ਹਨ।

ਸੌਤ ਕਾਂਡਾਂ ਵਿਚ ਛੋਟੇ ਛੋਟੇ ਸੂਕਤ ਸ਼ਾਮਲ ਹਨ। ਪਹਿਲੇ ਅਧਿਆਏ ਦੇ ਹਰੇਕ ਸੂਕਤ ਵਿਚ ਚਾਰ ਮੰਤਰ ਹਨ। ਛੇਵੇਂ ਅਧਿਆਇ ਵਿਚ ਅੱਠ ਸੂਕਤ ਅਤੇ ਹਰੇਕ ਸੂਕਤ ਵਿਚ ਘੱਟੋ ਘੱਟ ਤਿੰਨ ਮੰਤਰ ਜਰੂਰ ਹਨ। ਸੱਤਵੇਂ ਕਾਂਡ ਵਿਚ 48 ਸੂਕਤ ਹਨ। ਅੱਠਵੇਂ ਕਾਂਡ ਵਿਚ ਵੱਡੇ ਸੂਕਤ ਹਨ ਅਤੇ ਅਨੇਕ ਵਿਸ਼ਿਆਂ ਤੇ ਵਿਚਾਰ ਹੋਈ ਹੈ। ਤੇਹਰਵੇਂ ਤੋਂ ਅਠਾਰਵੇਂ ਕਾਂਡ ਤੱਕ ਵਿਸ਼ੇ ਦੀ ਏਕਤਾ ਹੈ। ਇਨ੍ਹਾਂ ਕਾਂਡਾਂ ਵਿਚ ਰਾਜਨੀਤਕ, ਭੂਗੋਲਿਕ ਅਤੇ ਅਧਿਆਤਮਕ ਸਿੱਖਿਆ ਦਿੱਤੀ ਗਈ ਹੈ। ਵਿਆਹ, ਵਰਤ, ਯੱਗ, ਸ਼ਰਾਬ ਅਤੇ ਮਾੜੇ ਸੁਫਨਿਆਂ ਤੋਂ ਮੁਕਤ ਹੋਣ ਬਾਰੇ ਮੰਤਰ ਹਨ। ਉੱਨੀਵਾਂ ਅਤੇ ਵੀਹਵਾਂ ਕਾਂਡ ਖਿਲ-ਕਾਂਡ ਹਨ, ਭਾਵ ਪਿਛੋਂ ਜੋੜੇ ਗਏ। ਕਈ ਵਿਦਵਾਨ ਉਨੀਵੇਂ ਵੀਹਵੇਂ ਅਧਿਆਇ ਨੂੰ ਅਥਰਵ ਵੇਦ ਦਾ ਭਾਗ ਨਹੀਂ ਮੰਨਦੇ ਤੇ ਆਖਦੇ ਹਨ ਕਿ ਇਹ ਬਹੁਤ ਪਿਛੋਂ ਦੀ ਰਚਨਾ ਹੈ। ਪਰ ਇਹ ਗੱਲ ਠੀਕ ਨਹੀਂ ਲਗਦੀ। ਇੱਕ ਤਾਂ ਪੁਰਾਣੇ ਗ੍ਰੰਥਾਂ ਵਿਚ ਇਨ੍ਹਾਂ ਦਾ ਕੁਝ ਥਾਵਾਂ ਤੇ ਜ਼ਿਕਰ ਆਉਂਦਾ ਹੈ ਤੇ ਇਹਨਾਂ ਅਧਿਆਵਾਂ ਵਿਚ ਜਿਹੜੇ ਰਿਸ਼ੀਆਂ ਦੇ ਉਚਾਰਨ ਕੀਤੇ ਹੋਏ ਮੰਤਰ ਹਨ ਇਨ੍ਹਾਂ ਵਿਚੋਂ ਬਹੁਤੇ ਉਹੀ ਹਨ ਜਿਨ੍ਹਾਂ ਨੇ ਰਿਗਵੇਦ ਦੇ ਮੰਤਰ ਰਚੇ। ਇਉਂ ਇਨ੍ਹਾਂ ਕਾਂਡਾਂ ਦੀ ਪ੍ਰਮਾਣੀਕਤਾ ਉਤੇ ਸ਼ੱਕ ਕਰਨ ਦੀ ਵਧੇਰੇ ਗੁੰਜਾਇਸ਼ ਨਹੀਂ ਰਹਿੰਦੀ।

ਅਥਰਵ ਵੇਦ ਦਾ ਲਗਭਗ ਪੰਜਵਾਂ ਹਿੱਸਾ ਰਿਗਵੇਦ ਵਿਚੋਂ ਲਿਆ ਗਿਆ ਹੈ ਕਿਉਂਕਿ 1200 ਮੰਤਰ ਅਜਿਹੇ ਹਨ ਜਿਹੜੇ ਰਿਗ ਵੇਦ ਵਿਚੋਂ ਹਨ। ਇਸ ਵੇਦ ਵਿਚ ਰਿਗਵੇਦ ਵਰਗੀ ਹੀ ਪੁਰਾਣੀ ਭਾਰਤੀ ਸੰਸਕ੍ਰਿਤੀ ਦਾ ਪੂਰਾ ਵਰਣਨ ਹੈ। ਲੋਕਾਂ ਦੇ ਵਿਸ਼ਵਾਸ ਤੇ ਵਹਿਮ ਭਰਮ ਆਦਿਕ ਚਿੱਤਰੇ ਗਏ ਹਨ। ਵੈਰੀਆਂ ਨੂੰ ਕਿਵੇਂ ਹਰਾਈਏ, ਦੁਸ਼ਟਾਂ ਦਾ ਖਾਤਮਾ ਕਿਵੇਂ ਕਰੀਏ, ਗਰਭਵਤੀਆਂ ਤੇ ਪ੍ਰਸੂਤਾ ਔਰਤਾਂ ਦੀ ਰੱਖਿਆ ਪਰੇਤਾਂ ਅਤੇ ਚੰਡਾਲ ਰੂਹਾਂ ਤੋਂ ਕਿਵੇਂ ਕਰੀਏ, ਆਦਿਕ ਵੇਰਵੇ ਸਮਝਾਏ ਗਏ ਹਨ।

ਦੋ ਪਰਕਾਰ ਦੇ ਜਾਦੂ ਦਾ ਜ਼ਿਕਰ ਕੀਤਾ ਹੋਇਆ ਹੈ-

1. ਸ਼ੋਭਣ ਜਾਦੂ
2. ਅਸ਼ੋਭਣ ਜਾਦੂ

ਸ਼ੋਭਣ ਜਾਦੂ ਆਪਣੀ ਰੱਖਿਆ ਕਰਨ ਵਾਸਤੇ ਸਹਾਈ ਹੁੰਦਾ ਹੈ। ਹੋ ਸਕਦਾ ਹੈ ਕੋਈ ਦੁਸ਼ਟ ਆਤਮਾ ਵਿਅਕਤੀ ਉਤੇ ਹਮਲਾ ਕਰ ਦੇਵੇ ਜਾਂ ਇਹ ਵੀ ਸੰਭਵ ਹੈ ਕਿ ਵੈਰੀ ਕਿਸੇ ਮੰਤਰ ਰਾਹੀਂ ਵਿਨਾਸ਼ਕਾਰੀ ਰੂਹ ਨੂੰ ਤੁਹਾਡੇ ਸਿਰ ਉਪਰ ਤੈਨਾਤ ਕਰ ਦੇਵੇ। ਮੰਤਰਾਂ ਦੇ ਉਚਾਰਣ ਰਾਹੀਂ ਅਤੇ ਕੁੱਝ ਵਿਸ਼ੇਸ਼ ਰੀਤਾਂ ਰਸਮਾਂ ਰਾਹੀਂ ਇਸ ਤੋਂ ਬਚਾਉ ਦੇ ਉਪਾਅ ਦਰਸਾਏ ਗਏ ਹਨ।

ਅਸ਼ੋਭਣ ਜਾਦੂ ਨੂੰ ਕਾਲਾ ਜਾਦੂ ਵੀ ਕਿਹਾ ਗਿਆ ਹੈ। ਇਸ ਦਾ ਉਦੇਸ਼ ਕਿਸੇ ਦਾ ਨੁਕਸਾਨ ਕਰਨਾ ਹੁੰਦਾ ਹੈ। ਵੈਰੀਆਂ ਦਾ ਖਾਤਮਾ ਕਰਨਾ, ਬਿਗਾਨੀ ਔਰਤ ਨੂੰ ਵਸ ਵਿਚ ਕਰਨਾ, ਬੇਗਾਨੀ ਧਨ ਸੰਪਤੀ ਆਪਣੇ ਪਾਸ ਮੰਗਵਾ ਲੈਣੀ ਅਤੇ ਸ਼ਮਸ਼ਾਨ ਘਾਟ ਵਿਚ ਜਾ ਕੇ ਮੁਰਦੇ ਨੂੰ ਉਠਾ ਲੈਣਾ ਆਦਿਕ ਸਾਰੇ ਕਰਮ ਅਸ਼ੋਭਣ ਜਾਦੂ ਦੇ ਖੇਤਰ ਵਿਚ ਆਉਂਦੇ ਹਨ।

ਕਈ ਪਰਕਾਰ ਦੀਆਂ ਦਵਾਈਆਂ ਦਾ ਵਰਣਨ ਹੈ। ਬੁਖਾਰ ਕਿੰਨੀਆਂ ਕਿਸਮਾਂ ਦੇ ਹੁੰਦੇ ਹਨ ਇਸ ਦਾ ਵੇਰਵਾ ਹੈ। ਨੱਕ, ਅੱਖਾਂ ਅਤੇ ਦੰਦਾਂ ਵਿਚ ਵੜ ਗਏ ਕੀਟਾਣੂਆਂ ਤੋਂ ਉਪਾਅ ਦੀਆਂ ਵੱਖ-ਵੱਖ ਵਿਧੀਆਂ ਦੱਸੀਆਂ ਹਨ। ਸੂਰਜ ਦੀਆਂ ਕਿਰਨਾ ਨਾਲ ਕੀਟਾਣੂਆਂ ਦਾ ਨਾਸ ਕਰਨ ਦਾ ਢੰਗ ਦੱਸਿਆ ਹੈ।

ਵੇਦ ਰਿਸ਼ੀਆਂ ਦੀ ਬਰੀਕ ਜਾਣਕਾਰੀ ਬਾਰੇ ਸਾਨੂੰ ਅੱਜ ਹੈਰਾਨੀ ਹੁੰਦੀ ਹੈ। ਪੁਰਾਣੇ ਸਮੇਂ ਵਿਚ ਵੀ ਲਾਖ ਬਹੁਤ ਸਾਰੇ ਕੰਮਾਂ ਵਿਚ ਵਰਤੀ ਜਾਂਦੀ ਸੀ। ਲਾਖ ਦੀ ਕਿਸਮ, ਉਸ ਨੂੰ ਤਿਆਰ ਹੁੰਦੇ ਦੇਖਣ ਅਤੇ ਉਸਦੀ ਪ੍ਰਾਪਤੀ ਦੇ ਢੰਗ ਅਤੇ ਫਿਰ ਉਸਦੀ ਵਰਤੋਂ ਬਾਰੇ ਜਦੋਂ ਅਸੀਂ ਅਥਰਵਵੇਦ ਵਿਚ ਪੜ੍ਹਦੇ ਹਾਂ ਤਾਂ ਪਤਾ ਲਗਦਾ ਹੈ ਕਿ ਹਜ਼ਾਰਾਂ ਸਾਲ ਪਹਿਲਾਂ ਦੇ ਰਿਸ਼ੀਆਂ ਦੀ ਸੂਝ ਬੂਝ ਕਿੰਨੀ ਬਰੀਕ ਸੀ। ਇਨ੍ਹਾਂ ਸਨਾਤਨੀ ਰਿਸ਼ੀਆਂ ਦੀਆਂ ਕੁੱਝ ਲੱਭਤਾਂ ਅਜਿਹੀਆਂ ਹਨ ਜਿਨ੍ਹਾਂ ਨੂੰ ਆਧੁਨਿਕ ਵਿਗਿਆਨ ਵੀ ਸਵੀਕਾਰ ਕਰ ਚੁੱਕੀ ਹੈ। ਵੇਦ ਵਿਚ ਲਿਖਿਆ ਹੈ-

1. ਲਾਖ ਕਿਸੇ ਰੁੱਖ ਦਾ ਰਸ ਨਹੀਂ ਹੁੰਦਾ। ਇਸ ਨੂੰ ਖਾਸ ਪ੍ਰਕਾਰ ਦੇ ਕੀੜੇ ਪੈਦਾ ਕਰਦੇ ਹਨ। ਇਹਨਾ ਕੀੜਿਆਂ ਵਿਚੋਂ ਵੀ ਕੇਵਲ ਮਾਦਾ ਕੀੜੀ ਲਾਖ ਉਪਜਾਉਂਦੀ ਹੈ। ਲਾਲ ਢਿੱਡ ਵਾਲੀ ਇਸ ਕੀੜੀ ਦਾ ਨਾਮ ਸ਼ਿਲਾਦੀ ਹੈ। ਇਹ ਕੀੜੀ ਧਵ, ਖਦਿਰ ਨਾਂ ਦੇ ਅਤੇ ਅਕਸਰ ਬੀਮਾਰ ਰੁੱਖਾਂ ਉੱਤੇ ਲਾਖ ਪੈਦਾ ਕਰਦੀ ਹੈ।
2. ਮਾਦਾ ਕੀੜੇ ਵੱਡੇ ਹੋ ਕੇ ਅੰਡੇ ਦਿੰਦੇ ਹਨ ਪਰ ਅੰਡਾ ਦੇਣ ਤੋਂ ਪਹਿਲੇ ਹੀ ਮਰ ਜਾਂਦੇ ਹਨ ਅਤੇ ਰੰਗ ਪੀਲਾ ਪੈ ਜਾਂਦਾ ਹੈ। ਕੀੜੇ ਦੇ ਇਸ ਰੂਪ ਨੂੰ 'ਸੂਰਜ ਵਰਣ' ਕਿਹਾ ਜਾਂਦਾ ਹੈ। ਇਸ ਦੇ ਸਰੀਰ ਉਤੇ ਲੂੰਈਂ ਹੁੰਦੀ ਹੈ।
3. ਲਾਖ ਦੀ ਉਤਪਤੀ ਬਰਸਾਤ ਰੁੱਤ ਦੀਆਂ ਹਨੇਰੀਆਂ ਰਾਤਾਂ ਵਿਚ ਵਧੇਰੇ ਹੁੰਦੀ ਹੈ, ਇਸ ਕਰਕੇ ਇਕ ਸੂਕਤ ਵਿਚ ਅਸਮਾਨ ਨੂੰ ਪਿਤਾ ਅਤੇ ਰਾਤ ਨੂੰ ਮਾਤਾ ਕਿਹਾ ਗਿਆ ਹੈ।
4. ਲਾਖ ਦੇ ਕੀੜੇ ਦੋ ਪ੍ਰਕਾਰ ਦੇ ਹੁੰਦੇ ਹਨ-
   (ੳ) ਰੀਂਗਣ ਵਾਲੇ
   (ਅ) ਉਡਣ ਵਾਲੇ।

ਉਡਣ ਵਾਲੇ ਕੀੜੇ ਨਰ ਹੁੰਦੇ ਹਨ ਤੇ ਮਾਦਾ ਕੀੜੀ ਕੇਵਲ ਰੀਂਗਦੀ ਹੈ ਕਿਉਂਕਿ ਇਸ ਦੇ ਨਰ ਵਾਂਗ ਖੰਭ ਨਹੀਂ ਹੁੰਦੇ। ਮਾਦਾ ਕੀੜੀਆਂ ਟਹਿਣੀਆਂ ਉਤੇ ਘਸਰਦੀਆਂ ਹੋਈਆਂ ਲਾਖ ਉਪਜਾਉਂਦੀਆਂ ਰਹਿੰਦੀਆਂ ਹਨ।

ਵਿਆਹੁਤਾ ਜੀਵਨ ਸੁਖੀ ਬਤੀਤ ਹੋਵੇ ਇਸ ਸਬੰਧੀ ਪ੍ਰਾਰਥਨਾਵਾਂ ਦੇ ਮੰਤਰ ਹਨ। ਤੰਦਰੁਸਤ ਔਲਾਦ ਅਤੇ ਪੁੱਤਰ ਵਰਦਾਨ ਦੀ ਅਭਿਲਾਖਾ ਕੀਤੀ ਗਈ ਹੈ। ਪਤੀ ਵਾਸਤੇ ਪਤਨੀ ਨੂੰ ਵਸ ਵਿਚ ਕਰਨ ਦੇ ਅਤੇ ਪਤਨੀ ਲਈ ਪਤੀ ਨੂੰ ਕਾਬੂ ਕਰਨ ਦੇ ਮੰਤਰ ਹਨ। ਪਤੀ ਪਤਨੀ ਵਿਚ ਪਰੇਮ ਹਮੇਸ਼ਾ ਵਧਦਾ ਰਹੇ ਇਸ ਬਾਰੇ ਟੂਕਾਂ ਹਨ। ਕੁਝ ਕੁ ਦਿਲਚਸਪ ਤੱਥ ਤੇ ਟੂਣੇ ਜਾਦੂ ਹਨ। ਜਿਸ ਆਦਮੀ ਨੇ ਕਿਸੇ ਔਰਤ ਨੂੰ ਵਸ ਵਿਚ ਕਰਨਾ ਹੋਵੇ ਉਹ ਮਿੱਟੀ ਦੀ ਉਸ ਦੀ ਮੂਰਤ ਬਣਾਵੇ ਤੇ ਫਿਰ ਅਥਰਵੇਦ ਦੇ ਖਾਸ ਮੰਤਰਾਂ ਦਾ ਉਚਾਰਨ ਕਰਦਾ ਹੋਇਆ ਉਸ ਮੂਰਤ ਦੇ ਦਿਲ ਵਿਚ ਤੀਰ ਦਾ ਵਾਰ ਕਰੇ। ਇਵੇਂ ਹੀ ਇਸਤਰੀ, ਮਰਦ ਦਾ ਮਿੱਟੀ ਦਾ ਬੁਤ ਬਣਾ

ਕੇ ਗਰਮ ਤੀਰ ਨਾਲ ਉਸਦਾ ਮੱਥਾ ਵਿੰਨ੍ਹ ਦਏ ਤਾਂ ਉਹ ਮਿਲਾਪ ਲਈ ਪਾਗਲ ਹੋ ਜਾਵੇਗਾ। ਇਸ ਵੇਲੇ ਉਚਾਰਨ ਕੀਤਾ ਜਾਣ ਵਾਲਾ ਮੰਤਰ ਇਹ ਹੈ:

ਹੇ ਮਾਰੁਤ,
ਮੇਰੇ ਪਤੀ ਦੇ ਹੋਸ਼ ਉਡਾ ਦਿਉ।
ਹੇ ਅੰਤਰਿਕਸ਼, ਹੇ ਅਗਨੀ,
ਉਸ ਨੂੰ ਪਾਗਲ ਕਰ ਦਿਉ ਤਾਂ ਕਿ ਉਹ ਕੇਵਲ ਮੇਰਾ ਹੀ
ਚਿੰਤਨ ਕਰਦਾ ਰਹੇ। (6.130.4) ਅਥਰਵ

ਲਿਖਿਆ ਹੈ ਕਿ ਇਸ ਮੰਤਰ ਦੇ ਅਸਰ ਸਦਕਾ ਪਤੀ ਦੌੜਦਾ ਹੋਇਆ ਆਵੇਗਾ ਭਾਵੇਂ ਤਿੰਨ ਜਾਂ ਪੰਜ ਯੋਜਨ ਵੀ ਦੂਰ ਕਿਉਂ ਨਾ ਗਿਆ ਹੋਇਆ ਹੋਵੇ।

ਅਥਰਵਵੇਦ ਨੂੰ ਰਿਗਵੇਦ ਦਾ ਪੂਰਕ ਮੰਨਿਆ ਗਿਆ ਹੈ ਕਿਉਂਕਿ ਦੋਹਾਂ ਵਿਚ ਵਿਸ਼ਾ ਵਸਤੂ ਵਖ-ਵਖ ਹੁੰਦਾ ਹੋਇਆ ਵੀ ਸਮਾਜ ਲਈ ਕਲਿਆਣਕਾਰੀ ਹੈ। ਸੰਸਾਰ ਵਿਚ ਦੋ ਤਰ੍ਹਾਂ ਦੇ ਮਨੁੱਖ ਵਸਦੇ ਹਨ- ਇਕ ਉਹ ਹਨ ਜਿਨ੍ਹਾਂ ਦੀ ਬੁੱਧੀ ਅਤਿ ਨਿਰਮਲ ਤੇ ਚਿੰਤਨ ਬਹੁਤ ਗੰਭੀਰ ਹੁੰਦਾ ਹੈ। ਉਹ ਉਚ ਪੱਧਰ ਦੇ ਕਾਵਿ ਦੇ ਰਸੀਏ ਹੁੰਦੇ ਹਨ। ਰਿਗਵੇਦ ਉੱਦਾਤ, ਤੇ ਉੱਚੀਆਂ ਰੁਚੀਆਂ ਦੀ ਪੂਰਤੀ ਕਰਦਾ ਹੈ। ਪਰ ਦੂਜੀ ਪਰਕਾਰ ਦੇ ਲੋਕਾਂ ਦਾ ਸੁਹਜ ਸੁਆਦ ਓਨੀ ਉੱਚ ਪੱਧਰ ਦਾ ਨਹੀਂ ਹੁੰਦਾ। ਉਹਨਾਂ ਵਾਸਤੇ ਭੂਤ, ਪਰੇਤ, ਜਿੰਨ, ਪੈਸ਼ਾਚ, ਸਾਕਣੀਆਂ ਅਜੇ ਕਲਜੋਗਣਾਂ ਆਦਿਕ ਸ਼ਕਤੀਆਂ ਦੀ ਵੀ ਹੋਂਦ ਮਹੱਤਵਪੂਰਨ ਹੁੰਦੀ ਹੈ। ਇਥੋਂ ਤੱਕ ਕਿ ਬਿਮਾਰੀਆਂ ਦੇ ਇਲਾਜ ਲਈ ਦਵਾ ਦਾਰੂ ਦੀ ਥਾਂ ਉਹ ਮੰਤਰ ਟੂਣੇ ਉਤੇ ਵਧੇਰੇ ਵਿਸ਼ਵਾਸ ਰਖਦੇ ਹਨ। ਅਜਿਹੇ ਵਿਅਕਤੀਆਂ ਲਈ ਅਥਰਵਵੇਦ ਹੈ। ਰਿਗਵੇਦ ਵਿਚ ਜਨ-ਕਲਿਆਣ ਲਈ ਪ੍ਰਾਰਥਨਾਵਾਂ ਹਨ। ਪਰ ਅਥਰਵਵੇਦ ਵਿਚ ਦੁਸ਼ਮਣਾਂ ਦਾ ਵਿਨਾਸ ਕਰਨ ਵਾਲੇ ਸਰਾਪ ਵੀ ਹਨ ਜਿਹਨਾਂ ਨਾਲ ਮੌਤਾਂ ਹੁੰਦੀਆਂ ਹਨ, ਬਿਮਾਰੀ ਫੈਲਦੀ ਹੈ, ਵੈਰੀ ਦਾ ਖਾਨਦਾਨ ਤਬਾਹ ਹੋ ਜਾਂਦਾ ਹੈ ਤੇ ਉਸਦੀ ਸੰਪਤੀ ਆਦਿਕ ਖਤਮ ਹੋ ਜਾਂਦੀ ਹੈ। ਸੋ ਅਥਰਵਵੇਦ ਸਾਨੂੰ ਪੁਰਾਣੇ ਮਨੁੱਖੀ ਧਰਮ ਅਤੇ ਵਹਿਮਾਂ ਭਰਮਾਂ ਦੀ ਵਿਚਿਤਰ ਝਾਕੀ ਦਿਖਾਉਂਦਾ ਹੈ।

ਚਾਰੇ ਵੇਦ ਜੀਵਨ ਦੇ ਚਾਰ ਮਹੱਤਵਪੂਰਨ ਪੱਖਾਂ ਦੀ ਪ੍ਰਤੀਨਿਧਤਾ ਕਰਦੇ ਹਨ। ਰਿਗਵੇਦ ਰੂਹਾਨੀ ਗਿਆਨ ਦਾ ਭੰਡਾਰ ਹੈ, ਯਜੁਰਵੇਦ ਕਰਮ ਸ਼ਾਸ਼ਤਰ ਦਾ ਪ੍ਰਤੀਨਿਧ ਹੈ, ਸਾਮਵੇਦ ਉਪਾਸਨਾ ਕਰਨ ਦੀ ਅਗਵਾਈ ਕਰਦਾ ਹੈ ਅਤੇ ਅਥਰਵਵੇਦ ਵਿਗਿਆਨ ਦੇ ਭੇਦ ਪ੍ਰਗਟ ਕਰਦਾ ਹੈ। ਇਹਨਾਂ ਚਾਰੇ ਵੇਦਾਂ ਵਿਚੋਂ ਪ੍ਰਾਪਤ ਹੋਈ ਵਿਦਿਆ ਮਨੁੱਖ ਦੀ ਸ਼ਖ਼ਸੀਅਤ ਨੂੰ ਸੰਪੂਰਣ ਬਣਾਉਂਦੀ ਹੈ।

ਵੈਦਿਕ ਦੇਵਤੇ

ਰਿਗਵੇਦਕ ਆਰੀਅਨਾਂ ਦਾ ਜੀਵਨ ਅਤੇ ਧਾਰਮਿਕ ਸੰਸਕਾਰ ਸਿਧੇ ਸਾਦੇ ਸਨ। ਬਹੁਤ ਸਾਰੇ ਦੇਵਤਿਆਂ ਦੀ ਅਰਾਧਨਾ ਹੁੰਦੀ ਸੀ। ਜਨਮ ਅਤੇ ਮੌਤ ਦੇ ਸੰਸਕਾਰਾਂ ਸਮੇਂ, ਯੱਗ ਹਵਨ ਸਮੇਂ ਵਿਆਹ ਸ਼ਾਦੀ ਅਤੇ ਜੰਗ ਸਮੇਂ ਵੱਖ ਵੱਖ ਦੇਵਾਂ ਦੀ ਉਸਤਤੀ ਕੀਤੀ ਜਾਂਦੀ ਸੀ। ਦੇਵਤਿਆਂ ਨੂੰ ਤਿੰਨ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ –

1. ਧਰਤੀ ਉਤਲੇ ਦੇਵ (ਪ੍ਰਿਥਵੀ-ਸਥਾਨ)
2. ਵਾਯੂ ਮੰਡਲ ਵਿਚਲੇ ਦੇਵ (ਮਧਯਮ-ਸਥਾਨ)
3. ਸਵਰਗ ਵਿਚ ਵਸਦੇ ਦੇਵ (ਦਯੂਸਥਾਨ)

ਧਰਤੀ ਉਤਲੇ ਦੇਵ ਪ੍ਰਿਥਵੀ, ਸੋਮ ਅਤੇ ਅਗਨੀ ਹਨ। ਵਾਯੂਮੰਡਲ ਵਿਚ ਵਿਚਰਦੇ ਦੇਵਤਿਆਂ ਵਿਚ ਇੰਦਰ, ਵਾਯੂ, ਮਾਰੂਤਸ, ਪ੍ਰਜਨਯਾ ਆਦਿਕ ਸ਼ਾਮਲ ਹਨ ਅਤੇ ਸਵਰਗੀ ਦੇਵਾਂ ਵਿਚ ਵਰੁਣ, ਦਯੂਸ, ਵਿਸ਼ਨੂੰ, ਪੂਸ਼ਾਨ, ਮਿੱਤਰ, ਸਵਿਤਰੀ, ਅਸ਼ਵਨੀ ਅਤੇ ਸੂਰਜ ਆਉਂਦੇ ਹਨ। ਸ਼ਕਤੀ ਵਾਸਤੇ ਸੂਰਜ ਦੀ ਉਸਤਤੀ ਕੀਤੀ ਜਾਂਦੀ ਸੀ। ਵਰੁਣ, ਵਿਸ਼ਵ ਦੀ ਨੈਤਿਕਤਾ ਦਾ ਰਾਖਾ ਹੈ ਜਿਹੜਾ ਅਸਮਾਨ ਤੇ ਰਾਜ ਕਰਦਾ ਹੈ। ਮੀਂਹ, ਹਨੇਰੀਆਂ ਅਤੇ ਬੱਦਲ ਬਿਜਲੀਆਂ ਦਾ ਦੇਵ ਇੰਦਰ ਹੈ। ਖੇਤੀ ਪ੍ਰਧਾਨ ਸਮਾਜ ਦਾ ਬਾਰਸ਼ਾਂ ਉਤੇ ਜੀਵਨ ਨਿਰਭਰ ਕਰਦਾ ਹੈ. ਇਸ ਕਰਕੇ ਇੰਦਰ ਦਾ ਹਰਮਨ ਪਿਆਰ ਹੋਣਾ ਸੁਭਾਵਕ ਸੀ। ਉਹ ਫਸਲਾਂ ਨੂੰ ਸੋਕੇ ਤੋਂ ਬਚਾਉਂਦਾ ਸੀ ਅਤੇ ਜੇ ਹੜ੍ਹ ਆ ਜਾਣ ਉਸ ਅਗੇ ਸ਼ਾਂਤ ਹੋ ਜਾਣ ਦੀ ਪ੍ਰਾਰਥਨਾ ਕੀਤੀ ਜਾਂਦੀ ਸੀ।

ਵੈਦਿਕ ਦੇਵਤਿਆਂ ਦੀ ਕੁਲ ਗਿਣਤੀ 33 ਦੱਸੀ ਗਈ ਹੈ। ਇਹਨਾਂ ਨੂੰ ਉਪਰ ਦੱਸੇ ਤਿੰਨ ਸੰਸਾਰਾਂ ਵਿਚ ਇਸ ਤਰ੍ਹਾਂ ਵੰਡਿਆ ਗਿਆ ਹੈ ਕਿ ਗਿਆਰਾਂ ਦੇਵ ਪ੍ਰਿਥਵੀ ਸਥਾਨ ਹਨ, ਗਿਆਰਾਂ ਮਧਯਮਸਥਾਨ ਅਤੇ ਗਿਆਰਾਂ ਦਯੂਸਥਾਨ ਤੇ ਹਨ। ਦੇਵ ਨੂੰ ਜਨਮ ਅਤੇ ਮੌਤ ਤੋਂ ਪਾਰ ਦੀ ਅਵਸਥਾ ਪ੍ਰਾਪਤ ਹੈ। ਬੇਸ਼ਕ ਅਥਰਵ ਵੇਦ ਵਿਚ ਲਿਖਿਆ ਹੈ ਕਿ ਕੁਝ ਦੇਵਤੇ ਪਹਿਲੋਂ ਹੋਂਦ ਵਿਚ ਆਏ ਅਤੇ ਕੁਝ ਬਾਦ ਵਿਚ ਪਰ ਉਹਨਾਂ ਦਾ ਜਨਮ ਮਨੁੱਖਾਂ ਵਾਂਗ ਹੋਇਆ ਨਹੀਂ ਮੰਨਿਆ ਜਾਂਦਾ।

ਦੇਵਤੇ ਸੋਮ ਰਸ ਪੀ ਕੇ ਅਮਰ ਹੋ ਜਾਂਦੇ ਸਨ। ਸੋਮ ਰਸ ਉਹਨਾਂ ਨੂੰ ਅਗਨੀ ਨੇ ਸੁਗਾਤ ਵਜੋਂ ਦਿੱਤਾ ਸੀ। ਦੇਵਾਂ ਦੇ ਸਰੀਰ ਹੱਡ ਮਾਸ ਦੇ ਨਹੀਂ ਬਣੇ ਹੋਏ। ਕੁਦਰਤ ਦੇ ਵੱਖ ਵੱਖ ਰੂਪ ਹੀ ਉਹਨਾਂ ਦੇ ਅੰਗ ਹਨ। ਜਿਵੇਂ ਸੂਰਜ ਦੇਵ ਦੇ ਹੱਥ ਉਸ ਦੀਆਂ ਕਿਰਨਾਂ ਹਨ। ਅਗਨੀ ਦੇਵ ਦੀ ਜੀਭ ਅਤੇ ਬਾਕੀ ਅੰਗ ਉਸ ਦੀਆਂ ਲਾਟਾਂ ਹਨ। ਕੁਝ ਦੇਵ ਸ਼ਾਂਤ ਸੁਭਾਅ ਦੇ ਹਨ ਅਤੇ ਕੁਝ ਲੜਾਕੇ। ਇੰਦਰ ਕ੍ਰੋਧਵਾਨ ਦੇਵਤਾ ਹੈ। ਬਦਲਾਂ ਦੀ ਗਰਜ ਉਸ ਦੇ ਗੁੱਸੇ ਨੂੰ ਹੀ ਪਰਗਟ ਕਰਦੀ ਹੈ। ਪਰ ਬ੍ਰਹਸਪਤੀ ਸ਼ਾਂਤ ਸੁਭਾ ਦਾ ਦੇਵ ਹੈ ਜਿਹੜਾ ਸਦਾ ਪੂਜਾ ਪਾਠ ਵਿਚ ਲੀਨ ਰਹਿੰਦਾ ਹੈ। ਇੰਦਰ ਦੀਆਂ ਅਨੇਕਾਂ ਲੜਾਈਆਂ ਰਿਗਵੇਦ ਵਿਚ ਦਰਜ ਹਨ ਜਿਨ੍ਹਾਂ ਵਿਚ ਉਸ ਨੇ ਅਸੁਰਾਂ, ਪੈਸਾਚਾਂ ਰਾਖਸ਼ਸਾਂ ਨਾਲ ਸੰਘਰਸ਼ ਕੀਤਾ। ਹਜ਼ਾਰਾਂ ਨੂੰ ਮੌਤ ਦੇ ਘਾਟ ਉਤਾਰਿਆ।

ਦੇਵਾਂ ਦਾ ਮਨ ਪਸੰਦ ਭੋਜਨ, ਦੁੱਧ, ਦਹੀਂ, ਮੱਖਣ, ਅਨਾਜ, ਭੇਡਾਂ, ਬਕਰੀਆਂ ਅਤੇ ਬਾਕੀ ਡੰਗਰਾਂ ਦਾ ਮਾਸ ਹੈ। ਅਗਨੀ ਦੇਵਤਾ ਬਾਕੀ ਦੇਵਾਂ ਦਾ ਵਿਚੋਲਾ ਹੈ। ਇਹ ਭੋਜਨ ਸਵਰਗ ਵਿਚ ਹੀ ਪੁਚਾਉਂਦਾ ਰਹਿੰਦਾ ਹੈ। ਜਦੋਂ ਧਰਤੀ ਉਤੇ ਲੋਕ ਯਗ ਹਵਨ ਕਰਦੇ ਹਨ ਤਾਂ ਦੇਵਤੇ ਉਡਣ ਖਟੋਲਿਆਂ ਵਿਚ ਬੈਠ ਕੇ ਪੂਜਾ ਅਸਥਾਨ ਉਤੇ ਆ ਉਤਰਦੇ ਹਨ ਤੇ ਸ਼ਰਧਾਲੂਆਂ ਵਲੋਂ ਭੇਟਾ ਕੀਤੀਆਂ ਵਸਤਾਂ ਸਵੀਕਾਰ ਕਰਦੇ ਹਨ। ਜੋ ਵਸਤ ਪਿਆਰ ਆਦਰ ਨਾਲ ਉਹਨਾਂ ਨੂੰ ਦਿਓ ਉਹ ਉਹੀ ਮਨਜ਼ੂਰ ਕਰ ਲੈਂਦੇ ਹਨ ਵੈਸੇ ਸੋਮਰਸ ਉਹਨਾਂ ਦੀ ਮਨ ਪਸੰਦ ਚੀਜ਼ ਹੈ।

ਕੁਝ ਕੁ ਅਮੂਰਤ ਦੇਵਾਂ ਦਾ ਜ਼ਿਕਰ ਵੀ ਰਿਗਵੇਦ ਵਿਚ ਮਿਲਦਾ ਹੈ, ਉਹਨਾਂ ਵਿਚ ਹਨ ਸ਼ਰਧਾ, ਮੰਨਯੂ (ਗੁਸੇ ਦਾ ਦੇਵ), ਅਤੇ ਊਸ਼ਾ, ਪ੍ਰਭਾਤ ਦੀ ਦੇਵੀ, ਜਿਹੜੀ ਮਨੁੱਖ ਦੇ ਹਿਰਦੇ ਨੂੰ ਪ੍ਰਕਾਸ਼ਮਾਨ ਕਰਕੇ ਸਿਰਜਣਾਤਮਕ ਸ਼ਕਤੀਆਂ ਪ੍ਰਦਾਨ ਕਰਦੀ ਹੈ। ਕੋਮਲ ਕਲਾ ਅਤੇ ਕਾਵਿ, ਊਸ਼ਾ ਦੀ ਪ੍ਰੇਰਨਾ ਸਦਕਾ ਜਨਮ ਲੈਂਦੇ ਹਨ। ਫਿਰ ਵੀ ਸਾਰੇ ਦੇਵਤਿਆਂ ਨੂੰ ਵੱਖ ਵੱਖ ਸੁੰਤਤਰ ਸ਼ਕਤੀਆਂ ਮੰਨਣ ਦੀ ਥਾਂ ਇਕੋ ਸਤਿ ਦੇ ਵਿਵਿਧ ਰੂਪ ਸਵੀਕਾਰ ਕੀਤੇ ਗਏ ਹਨ। ਰਿਗਵੇਦ ਦੇ ਇਕ ਮੰਤਰ (1-64-49) ਵਿਚ ਸਪਸ਼ਟ ਲਿਖਿਆ ਹੈ ਕਿ ਦੇਵ ਇਕੋ ਹਨ। ਸਾਧੂਆਂ ਨੇ ਕੇਵਲ ਵੱਖ ਵੱਖ ਨਾਮ ਰਖ ਲਏ ਹਨ। ਕੋਈ ਅਗਨੀ ਕਹਿ ਦਿੰਦਾ ਹੈ, ਕੋਈ ਯਮ, ਕੋਈ ਇੰਦਰ ਆਖ ਦਿੰਦਾ ਹੈ ਤੇ ਕੋਈ ਵਰੁਣ ਦੇ ਨਾਂ ਨਾਲ ਉਸ ਦੀ ਪੂਜਾ ਕਰਦਾ ਹੈ।

ਵਿਧਾਤਾ, ਵਿਸ਼ਕਰਮਾ, ਪਰਜਾਪਤੀ ਅਤੇ ਰਿਤ ਹੋਰ ਮਹੱਤਵਪੂਰਨ ਦੇਵ ਹਨ। ਇਹਨਾਂ ਦਾ ਸਬੰਧ ਰਚਨਾਤਮਕ ਸ਼ਕਤੀਆਂ ਨਾਲ ਜੋੜਿਆ ਗਿਆ ਹੈ। ਅੱਪਸਰਾਵਾਂ ਅਤੇ ਗੰਧਰਵਾਂ ਦਾ ਸੰਕੇਤ ਵੀ ਰਿਗਵੇਦ ਵਿਚ ਆਇਆ ਹੈ ਪਰ ਵਧੇਰੇ ਵਿਸਥਾਰ ਨਾਲ ਇਹਨਾਂ ਬਾਰੇ ਅਗੇ ਜਾ ਕੇ ਪੁਰਾਣਾਂ ਵਿਚ ਲਿਖਿਆ ਗਿਆ ਹੈ। ਬ੍ਰਹਮਾ ਨੂੰ 'ਦਾਤਾ' ਜਾਂ 'ਵਿਧਾਤਾ' ਸ਼ਬਦਾਂ ਨਾਲ ਬਿਆਨ ਕੀਤਾ ਗਿਆ ਮਿਲਦਾ ਹੈ।

ਵੈਦਿਕ ਮੱਤ, ਪਿਛੋਂ ਜਾ ਕੇ ਅਨੇਕ ਰਸਮਾਂ ਰੀਤਾਂ, ਕਰਮ ਕਾਂਡਾਂ ਦੀ ਉਲਝਣ ਵਿਚ ਫਸ ਗਿਆ। ਬਲੀਆਂ ਦਿਤੀਆਂ ਜਾਣ ਲਗ ਪਈਆਂ। ਵੱਖ ਵੱਖ ਪਰਕਾਰ ਦੇ ਪਸ਼ੂਆਂ ਦੀ ਬਲੀ ਦੇਣ ਤੋਂ ਇਲਾਵਾ ਆਦਮੀ ਦੀ ਬਲੀ ਦਾ ਰਿਵਾਜ ਚੱਲ ਪਿਆ ਸੀ। 'ਮਨੁਸਮੇਧ' ਯੱਗ ਬਹੁਤ ਵੱਡਾ ਧਾਰਮਿਕ ਸਮਾਰੋਹ ਗਿਣਿਆ ਜਾਣ ਲਗ ਪਿਆ। ਇਥੋਂ ਤਕ ਕਿ ਪੁਜਾਰੀਆਂ ਦੀਆਂ ਵੀ ਸ਼੍ਰੇਣੀਆਂ ਬਣ ਗਈਆਂ। ਕੋਈ ਪੁਜਾਰੀ ਕੇਵਲ ਮੰਤਰ ਉਚਾਰਣ ਕਰਦਾ ਸੀ ਜਿਸ ਨੂੰ ਹੋਤਰੀ ਆਖਦੇ ਸਨ। ਅਧਵਰਯੂ, ਯੱਗ ਕਰਨ ਵਾਲੇ ਆਦਮੀ ਨਾਲ ਸਬੰਧਤ ਰੀਤਾਂ ਨਿਭਾਉਂਦਾ, ਅੱਗ ਵਿਚ ਘਿਉ ਪਾਉਂਦਾ ਤੇ ਉਦਗਾਤਰੀ, ਭਜਨਾਂ ਦਾ ਗਾਇਨ ਕਰਦਾ। ਜਿਹੜਾ ਪੁਜਾਰੀ ਸਭ ਤੋਂ ਅਗੇ ਬੈਠ ਕੇ ਅਗਵਾਈ ਕਰਦਾ ਉਹ ਪੁਰੋਹਤ ਅਖਵਾਉਂਦਾ ਸੀ। ਇਕ ਪੁਜਾਰੀ ਦੂਜੇ ਪੁਜਾਰੀ ਦੇ ਕੰਮ ਵਿਚ ਵਿਘਨ ਨਹੀਂ ਪਾ ਸਕਦਾ ਸੀ ਕਿਉਂਕਿ ਇਸ ਨਾਲ ਯੱਗ ਦੀ ਪਵਿੱਤਰਤਾ ਖੰਡਿਤ ਹੋ ਸਕਦੀ ਸੀ ਤੇ ਫਿਰ ਦੇਵਤਿਆਂ ਦੇ ਨਰਾਜ਼ ਹੋਣ ਦਾ ਡਰ ਸੀ। ਕਦੀ ਕਦੀ ਤਾਂ ਯੱਗ ਦੀਆਂ ਰਸਮਾਂ ਦਿਨਾਂ ਜਾਂ ਹਫਤਿਆਂ ਤਕ ਨਹੀਂ ਸਗੋਂ ਮਹੀਨਿਆਂ ਤਕ ਚਲਦੀਆਂ ਰਹਿੰਦੀਆਂ ਸਨ। ਇੰਨੇ ਲੰਮੇ ਸਮੇਂ ਲਈ ਪੂਜਾ ਦਾ ਕਾਰਜ ਰਾਜੇ ਹੀ ਕਰਵਾ ਸਕਦੇ ਸਨ। ਪ੍ਰਤੱਖ ਹੈ ਕਿ ਪੁਜਾਰੀ ਸ਼੍ਰੇਣੀ ਨੇ ਲੋਕਾਂ ਤੇ ਹਾਵੀ ਹੋ ਕੇ ਆਪਣਾ ਅਧਿਕਾਰ ਖੇਤਰ ਕਾਫੀ ਵਧਾ ਲਿਆ ਸੀ। ਧਰਮ ਨੂੰ ਆਧਾਰ ਬਣਾ ਕੇ ਜਨ ਸਾਧਾਰਣ ਦੀ ਲੁੱਟ ਖਸੁੱਟ ਸ਼ੁਰੂ ਹੋ ਗਈ। ਬਲੀ ਦੇ ਹੱਕ ਵਿਚ ਇਹ ਮਿੱਥ ਘੜੀ ਗਈ ਕਿ ਜਦੋਂ ਬ੍ਰਹਮਾ ਨੇ ਸੰਸਾਰ ਸਿਰਜਨਾ ਕਰਨੀ ਚਾਹੀ ਤਾਂ ਉਸ ਨੇ ਆਪਣੇ ਆਪ ਦੀ ਬਲੀ ਦਿੱਤੀ ਸੀ। ਸੰਸਾਰ ਉਤਪਤੀ ਸਭ ਤੋਂ ਮਹਾਨ ਯੱਗ ਸੀ ਜਿਹੜਾ ਪਰਮਾਤਮਾ ਨੇ ਆਪ ਕੀਤਾ। ਮਨੁੱਖ ਨੂੰ ਉਸ ਨੇ ਕਿਉਂਕਿ ਆਪਣੇ ਵਰਗਾ ਬਣਾਇਆ ਹੈ ਇਸ ਕਰਕੇ ਮਨੁੱਖ ਦਾ ਵੀ ਫਰਜ਼ ਹੈ ਕਿ ਆਪਣੇ ਸਿਰਜਣਹਾਰ ਵਰਗੇ ਕੰਮ ਕਾਜ ਕਰੇ। ਇਸ ਵਾਸਤੇ ਯੱਗ ਵਿਚ ਬਲੀ ਦੇਣੀ ਅਤਿ ਜ਼ਰੂਰੀ ਬਣ ਗਈ। ਬ੍ਰਹਮ ਮਹਾਂਬਲੀ ਹੈ ਤੇ ਬਲੀ ਦੇਣੀ ਧਰਮ ਹੈ।

ਬਲੀ ਤੇ ਯੱਗ

ਵੇਦ ਵਿਚ ਇਕ ਸ਼ਬਦ ਆਉਂਦਾ ਹੈ 'ਤਰੱਈ'। ਤਰਈ ਵਿਦਿਆ ਦਾ ਭਾਵ ਹੈ ਤਿੰਨ ਪੱਖੀ ਗਿਆਨ ਰਿਕ, ਯਜੁਸ ਤੇ ਸਾਮ। ਸ਼ਬਦ 'ਰਿਕ' ਦਾ ਅਰਥ ਹੈ ਪੂਜਾ। ਯਜੁਸ ਦੀ ਧਾਤੂ 'ਯਜ' ਹੈ, ਅਰਥ ਇਸ ਦਾ ਵੀ ਪੂਜਾ ਹੈ ਪਰ ਰਿਕ ਨਾਲ ਇਸਦਾ ਵਖਰੇਵਾਂ ਇਹ ਹੈ ਕਿ ਯਜ, ਪੂਜਾ-ਸਮੱਗਰੀ, ਪੂਜਾ-ਵਿਧੀ ਦਾ ਫਾਰਮੂਲਾ ਹੈ। ਯੱਗ ਕਿਵੇਂ ਕਰਨਾ ਹੈ ਇਸ ਦਾ ਵਰਣਨ ਯਜੁਸ ਸ਼ਬਦ ਨਾਲ ਸਬੰਧਤ ਮੰਤਰਾਂ ਵਿਚ ਮਿਲਦਾ ਹੈ। ਸੋ ਰਿਕ ਮੰਤਰ ਹਨ, ਤੇ ਯਜੁਸ ਮੰਤਰ ਉਚਾਰਣ ਕਰਨ ਦੀਆਂ ਵਿਧੀਆਂ।

ਯੱਗ ਵਿਚ ਬਲੀ ਦਿੱਤੀ ਜਾਂਦੀ ਸੀ। ਹੋਤ੍ਰ ਪੁਜਾਰੀ ਰਿਗਵੇਦ ਵਿਚੋਂ ਮੰਤਰ ਉਚਾਰਣ ਕਰਦਾ ਸੀ ਤੇ ਅਧਵਰਯੂ ਪੁਜਾਰੀ ਯੱਗ ਦੇ ਮੰਤਰ ਉਚਾਰਦਾ ਹੋਇਆ ਨਿਸ਼ਚਿਤ ਵਿਧੀਆਂ ਨਾਲ ਯੱਗ ਕਰਦਾ ਸੀ। ਉਦਗਾਤ੍ਰ ਪੁਜਾਰੀ ਸਾਹਮਣੇ ਬੈਠ ਕੇ ਸਾਮ ਵੇਦ ਦੇ ਮੰਤਰ ਗਾਉਂਦਾ। ਜਦੋਂ ਅਸ਼ਵਮੇਧ ਯੱਗ ਕੀਤਾ ਜਾਂਦਾ ਤਾਂ ਵੀਣਾ ਵਜਾਈ ਜਾਂਦੀ ਤੇ ਘੋੜੇ ਦੀ ਬਲੀ ਦਿੱਤੀ ਜਾਂਦੀ।

ਯੱਗ ਵਿਚ ਧਨ ਦੀ ਪ੍ਰਾਪਤੀ ਲਈ, ਰਾਜ ਦੀ ਖੁਸ਼ਹਾਲੀ ਲਈ, ਬਿਮਾਰੀ, ਕੁਦਰਤੀ ਆਫਤਾਂ ਤੋਂ ਛੁਟਕਾਰਾ ਤੇ ਦੁਸ਼ਮਣਾਂ ਦੇ ਖਾਤਮੇ ਲਈ ਪ੍ਰਾਰਥਨਾ ਹੁੰਦੀ। ਅੱਗ ਵਿਚ ਗੋਕੇ ਘਿਉ ਸਮੇਤ ਕਈ ਪ੍ਰਕਾਰ ਦੀ ਸਮੱਗਰੀ ਪਾਈ ਜਾਂਦੀ। ਇਸ ਸਮੱਗਰੀ ਨੂੰ ਹੋਮ ਕਿਹਾ ਜਾਂਦਾ ਸੀ।

ਰਿਗਵੇਦ ਦੇ ਮੂਲ ਤੇ ਸਭ ਤੋਂ ਪੁਰਾਤਨ ਮੰਤਰ ਮਨੁੱਖੀ ਮਨ ਦੀ ਮਾਸੂਮੀਅਤ ਦਾ ਪ੍ਰਗਟਾਵਾ ਹਨ। ਬੱਚਿਆਂ ਵਰਗੇ ਦਿਲਾਂ ਵਾਲੇ ਨਿਰਛਲ ਰਿਸ਼ੀ ਕੁਦਰਤ ਦੇ ਰੰਗ ਆਹਮੋ-ਸਾਹਮਣੇ ਖਲੋ ਕੇ ਦੇਖ ਰਹੇ ਸਨ...। ਨਿੱਕੀਆਂ ਨਿੱਕੀਆਂ ਗੱਲਾਂ ਉਨ੍ਹਾਂ ਲਈ ਵੱਡੇ ਵੱਡੇ ਰਹੱਸ ਹਨ। ਪਾਣੀ ਨਾਲ ਭਰੇ ਬੱਦਲਾਂ ਵਿਚ ਅੱਗ, ਬਿਜਲੀ ਬਣਕੇ ਕਿਵੇਂ ਛੁਪ ਗਈ ਹੈ। ਇਵੇਂ ਹੀ ਘਿਉ ਵਿਚ ਅਗਨੀ ਕਿਵੇਂ ਬੈਠੀ ਹੈ। ਲੱਕੜ ਵਿਚ ਅਗਨੀ ਛੁਪੀ ਹੋਈ ਹੈ। ਇਨ੍ਹਾਂ ਗੱਲਾਂ ਤੇ ਉਹ ਹੈਰਾਨ ਹਨ।

ਪਰੰਤੂ ਹਰੇਕ ਧਰਮ ਨਾਲ ਇਹ ਵਾਪਰਦਾ ਹੈ ਕਿ ਪਿੱਛੋਂ ਜਾ ਕੇ ਕਰਮਕਾਂਡ ਜ਼ੋਰ ਫੜ ਜਾਂਦੇ ਹਨ ਤੇ ਮੂਲ ਆਤਮਕ ਭਾਵਨਾਵਾਂ ਦੂਜੇ ਨੰਬਰ ਤੇ ਆ ਜਾਂਦੀਆਂ ਹਨ। ਹਰੇਕ ਧਰਮ ਵਿਚ ਕਿਸੇ ਨਾ ਕਿਸੇ ਪ੍ਰਕਾਰ ਦਾ ਕਰਮ ਕਾਂਡ ਮੌਜੂਦ ਹੈ ਪਰ ਵੈਦਿਕ ਧਰਮ ਵਰਗਾ ਗੁੰਝਲਦਾਰ ਇਹ ਸਿਲਸਿਲਾ ਕਿਸੇ ਹੋਰ ਧਰਮ ਵਿਚ ਨਹੀਂ। ਭਾਵੇਂ ਚਾਰੇ ਵੇਦਾਂ ਵਿਚ ਯੱਗ ਅਤੇ ਬਲੀ ਦੀਆਂ ਰਸਮਾਂ ਦਾ ਜ਼ਿਕਰ ਹੈ ਪਰ ਯਜੁਰਵੇਦ ਦਾ ਕੇਂਦਰੀ ਵਿਸ਼ਾ ਯੱਗ ਹੈ।

ਯੱਗ ਦੇ ਆਰੰਭ ਵਿਚ ਵੇਦੀ ਦੇ ਆਲੇ ਦੁਆਲੇ ਘਾਹ ਵਿਛਾ ਦਿੱਤਾ ਜਾਂਦਾ ਹੈ। ਇਹ ਦੇਵਤਿਆਂ ਦੇ ਬੈਠਣ ਦਾ ਸਥਾਨ ਹੈ। ਪੁਜਾਰੀ ਮੰਤਰ ਉਚਾਰਦੇ ਜਾਂਦੇ ਹਨ ਤੇ ਦੇਵਤੇ ਪ੍ਰਸੰਨ ਹੋ ਹੋ ਕੇ ਆਕਾਸ਼ ਵਿਚੋਂ ਉਤਰਦੇ ਇਥੇ ਬੈਠਦੇ ਜਾਂਦੇ ਹਨ ਜਿਨ੍ਹਾ ਦੇ ਨਾਮ ਹਨ- ਹੋਤ੍ਰ, ਪੋਤ੍ਰ, ਨੇਸਤ੍ਰ, ਅਗਨਿਧ, ਪ੍ਰਸ਼ਾਸਤ੍ਰ, ਅਧਵਰਯੂ, ਬ੍ਰਾਹਮਣ ਤੇ ਉਦਗਾਤ੍ਰ। ਕੋਈ ਅਗਨੀ ਬਾਲਦਾ ਹੈ, ਕੋਈ ਸਮੱਗਰੀ ਅੱਗ ਵਿਚ ਭੇਟ ਕਰਦਾ ਹੈ। ਕੋਈ ਮੰਤਰ ਉਚਾਰ ਰਿਹਾ ਹੈ ਤੇ ਕੋਈ ਗਾ ਰਿਹਾ ਹੈ। ਸਭ ਦੇ ਜ਼ਿੰਮੇ ਕੰਮ ਲੱਗੇ ਹੋਏ ਹਨ।

ਜਿਹੜੀ ਸਮੱਗਰੀ ਹੋਮ ਕੀਤੀ ਜਾਂਦੀ ਸੀ, ਭਾਵ ਅਗਨੀ ਵਿਚ ਭੇਟ ਕੀਤੀ ਜਾਂਦੀ ਸੀ ਉਸ ਵਿਚ ਦੁੱਧ, ਘਿਉ, ਅਨਾਜ, ਰੋਟੀ ਜਾਂ ਕਿਸੇ ਜਾਨਵਰ ਦਾ ਮਾਸ ਹੁੰਦਾ ਸੀ। ਮਾਸ ਉਸ ਜਾਨਵਰ ਦਾ ਹੁੰਦਾ ਜਿਸਦੀ ਬਲੀ ਦਿੱਤੀ ਗਈ। ਬਲੀ ਬੱਕਰੇ ਦੀ, ਬਲਦ ਦੀ, ਭੇਡ ਦੀ ਜਾਂ ਘੋੜੇ ਦੀ ਦਿੱਤੀ ਜਾਂਦੀ ਸੀ। ਮਨੁੱਖ ਦੀ ਬਲੀ ਦੇਣ ਦਾ ਜ਼ਿਕਰ ਵੀ ਆਉਂਦਾ ਹੈ ਪਰ ਬਹੁਤ ਘੱਟ ਤੇ ਰਿਸ਼ੀਆਂ ਨੇ ਇਸ ਨੂੰ ਚੰਗਾ ਨਹੀਂ ਮੰਨਿਆ। ਸ਼ਹਿਦ ਅਤੇ ਸ਼ਰਾਬ ਭੇਟ ਕਰਨ ਦਾ ਜ਼ਿਕਰ ਮੌਜੂਦ ਹੈ। ਯੱਗ ਦੀ ਸਮੱਗਰੀ ਇਕੱਠੀ ਕਰਨ ਲਈ ਖਾਸ ਬਰਤਨ ਬਣਾਏ ਜਾਂਦੇ ਸਨ।ਬੜੇ ਸੁੰਦਰ ਕਲਸ਼ ਇਸ ਕੰਮ ਲਈ ਵਰਤੇ ਜਾਂਦੇ ਸਨ। ਇਸੇ ਸਮੱਗਰੀ ਦਾ ਬੱਚਿਆ ਹਿੱਸਾ ਪ੍ਰਸ਼ਾਦ ਦੇ ਰੂਪ ਵਿਚ ਸ਼ਰਧਾਲੂ ਨੂੰ ਛਕਾਇਆ ਜਾਂਦਾ ਸੀ। ਸਭ ਤੋਂ ਵੱਡਾ ਯੱਗ ਅਸ਼ਵਮੇਧ ਯੱਗ ਹੁੰਦਾ ਸੀ।

ਅਸ਼ਵਮੇਧ ਯੱਗ ਰਾਜਨੀਤਕ ਸ਼ਕਤੀ ਪ੍ਰਦਾਨ ਕਰਨ ਵਾਲਾ ਸਾਧਨ ਹੈ। ਪਰ ਉਸ ਤੋਂ ਵੀ ਵਧੀਕ ਮਹੱਤਵਪੂਰਨ ਸੋਮ ਯੱਗ ਹੈ। ਰਾਜਸੀ ਸ਼ਕਤੀ ਦੇ ਨਾਲ ਨਾਲ ਆਤਮਕ ਸ਼ਕਤੀ ਪ੍ਰਾਪਤ ਕਰਨ ਲਈ, ਸੁਖ ਸ਼ਾਂਤੀ ਲਈ, ਚੰਗੀ ਸਿਹਤ ਲਈ, ਸੰਤਾਨ ਲਈ, ਲੰਮੀ ਉਮਰ ਲਈ ਤੇ ਸਾਰੇ ਇਲਾਕੇ ਦੇ ਕਲਿਆਣ ਲਈ ਇਹ ਯੱਗ ਕੀਤਾ ਜਾਂਦਾ ਸੀ। ਯੱਗ ਕਰਵਾਉਣ ਦੀ ਸਮਰੱਥਾ ਕੇਵਲ ਧਨੀ ਲੋਕਾਂ ਦੀ ਹੁੰਦੀ ਸੀ।

ਵੀ. ਐਮ. ਆਪਟੇ ਨੇ ਆਪਣੇ ਨਿਬੰਧ 'ਵੈਦਿਕ ਰੀਤਾਂ' ਵਿਚ ਵਿਸਥਾਰ ਨਾਲ ਇਕ ਖਾਸ ਯੱਗ ਅਤੇ ਬਲੀ ਦਾ ਜ਼ਿਕਰ ਪੂਰੀ ਬਾਰੀਕੀ ਨਾਲ ਕੀਤਾ ਹੈ। ਉਨ੍ਹਾਂ ਦੁਆਰਾ ਦੱਸਿਆ ਗਿਆ ਹੂਬਹੂ ਚਿੱਤਰ ਇਸ ਪ੍ਰਕਾਰ ਹੈ:

"ਜਿਸ ਪਸ਼ੂ ਦੀ ਬਲੀ ਦੇਣੀ ਹੋਵੇ ਉਸਦੇ ਦੁਆਲੇ ਤਿੰਨ ਵਾਰ ਬਲਦੀ ਲੱਕੜ ਫੇਰੀ ਜਾਂਦੀ ਹੈ। ਇਹ ਇਕ ਜਾਦੂ ਹੈ ਤੇ ਮੰਨਿਆ ਜਾਂਦਾ ਹੈ ਕਿ ਇਉਂ ਬਦਰੂਹਾਂ ਪਸ਼ੂ ਦੇ ਨੇੜੇ ਨਹੀਂ ਆਉਣਗੀਆਂ। ਪਸ਼ੂ ਨੂੰ ਵੇਦੀ ਦੇ ਨੇੜੇ ਲਿਜਾਣ ਤੋਂ ਪਹਿਲਾਂ ਕਈ ਪ੍ਰਕਾਰ ਦੇ ਪਵਿੱਤਰ ਜਲ ਇਸ ਉਪਰ ਛਿੜਕੇ ਜਾਂਦੇ ਹਨ, ਫਿਰ ਪਸ਼ੂ ਨੂੰ ਦੋ ਲੋਹੇ ਦੀਆਂ ਨੁਕੀਲੀਆਂ ਛੜਾਂ ਛੁਹਾਈਆਂ ਜਾਂਦੀਆਂ ਹਨ। ਇਹ ਸਲਾਖਾਂ ਬਾਅਦ ਵਿਚ ਮਾਸ ਅੱਗ ਵਿਚ ਪਕਾਉਣ ਦੇ ਕੰਮ ਆਉਂਦੀਆਂ ਹਨ। ਇਹ ਪ੍ਰਾਰਥਨਾਵਾਂ ਕੀਤੀਆਂ ਜਾਂਦੀਆਂ ਹਨ ਕਿ ਮਾਰੇ ਜਾ ਰਹੇ ਪਸ਼ੂ ਦਾ ਪਾਪ ਨਾ ਲੱਗੇ ਕਿਉਂਕਿ ਪਸ਼ੂ ਵਾਸਤਵ ਵਿਚ ਮਰ ਹੀ ਨਹੀਂ ਰਿਹਾ- ਉਹ ਤਾਂ ਦੇਵਤਿਆਂ ਪਾਸ ਜਾਂ ਰਿਹਾ ਹੈ। ਖੂਨ ਖਰਾਬ ਨਾ ਹੋਵੇ, ਇਸ ਲਈ ਪਸ਼ੂ ਦੇ ਗਲ ਵਿਚ ਰੱਸਾ ਵਲੇਟ ਕੇ ਉਸਨੂੰ ਗਲ ਘੋਟ ਕੇ ਮਾਰ ਦਿੱਤਾ ਜਾਂਦਾ ਹੈ। ਰੱਸਾ ਖਿੱਚਣ ਦਾ ਕੰਮ ਸਮਿੱਤ੍ਰ ਪੁਜਾਰੀ ਕਰਦੇ ਹਨ। ਫਿਰ ਪਸ਼ੂ ਨੂੰ ਕੱਟ ਕੇ ਚਰਬੀ ਵੱਖ ਕਰ ਦਿੱਤੀ ਜਾਂਦੀ ਹੈ ਜੋ ਅਗਨੀ ਭੇਟ ਕਰਕੇ ਦੇਵਤਿਆਂ ਦੀ ਖੁਰਾਕ ਬਣਾਈ ਜਾਂਦੀ ਹੈ। ਖੂਨ ਰਾਖਸ਼ਾਂ ਅਤੇ ਪਰੇਤ ਆਤਮਾਵਾਂ ਵਾਸਤੇ ਵੱਖਰੇ ਟੋਏ ਵਿਚ ਪਾ ਦਿੱਤਾ ਜਾਂਦਾ ਹੈ। ਲੋਹੇ ਦੀਆਂ ਸਲਾਖਾਂ ਅੱਗ ਵਿਚ ਰੱਖ ਦਿੱਤੀਆਂ ਜਾਂਦੀਆਂ ਹਨ। ਤਿੰਨ ਗਊਆਂ ਜੰਜਮਾਨ ਵੱਲੋਂ ਦਾਨ ਕੀਤੀਆਂ ਜਾਂਦੀਆਂ ਹਨ।

ਲਾਸ਼ ਦੇ ਟੁਕੜੇ ਕਰਕੇ ਮਾਸ ਬਰੀਕ ਕੱਟ ਲਿਆ ਜਾਂਦਾ ਹੈ। ਚਾਵਲ ਬਣਾਏ ਜਾਂਦੇ ਹਨ। ਪਸ਼ੂ ਦੇ ਖਾਸ ਖਾਸ ਅੰਗ ਖਾਸ ਖਾਸ ਦੇਵਤਿਆਂ ਨੂੰ ਭੇਟ ਕੀਤੇ ਜਾਂਦੇ ਹਨ ਤੇ ਫਿਰ ਪੁਜਾਰੀ ਭੋਜਨ ਛਕਦੇ ਹਨ। ਬਾਅਦ ਵਿਚ ਮਹਿਮਾਨ ਭੋਜਨ ਕਰਦੇ ਹਨ ਤੇ ਅਖੀਰ ਵਿਚ ਜਜਮਾਨ। ਬਚਿਆ ਘਿਉ, ਚਰਬੀ, ਬਚਿਆ ਮਾਸ, ਘਾਹ ਦਾ ਬੰਡਲ

ਸਭ ਅਗਨੀ ਭੇਟ ਕੀਤੇ ਜਾਂਦੇ ਹਨ। ਮੋਟੀਆਂ ਹੱਡੀਆਂ ਜੋ ਬਲ ਨਹੀਂ ਸਕਣਗੀਆਂ ਟੋਇਆ ਪੁੱਟ ਕੇ ਦੱਬ ਦਿੱਤੀਆਂ ਜਾਂਦੀਆਂ ਹਨ ਤਾਂ ਕਿ ਇਹ ਪਵਿੱਤਰ ਵਸਤਾਂ ਕਿਤੇ ਜਿੰਨ ਪ੍ਰੇਤਾਂ ਦੇ ਕੰਮ ਨਾ ਆ ਜਾਣ ਕਿਉਂਕਿ ਇਨ੍ਹਾਂ ਨਾਲ ਸ਼ਕਤੀ ਪ੍ਰਾਪਤ ਹੁੰਦੀ ਹੈ।"

ਯਾਸਕ ਮੁਨੀ ਦਸਦੇ ਹਨ ਕਿ ਯੱਗ ਕਰਦਿਆਂ ਤੇ ਬਲੀ ਦਿੰਦਿਆਂ ਜੋ ਅਨੇਕ ਪ੍ਰਕਾਰ ਦੇ ਮੰਤਰ ਉਚਾਰੇ ਜਾਂਦੇ ਹਨ ਉਹ ਇਕੋ ਹਸਤੀ-ਆਤਮਾ ਦੇ ਵੱਖ-ਵੱਖ ਰੂਪ ਹਨ। ਘੋੜਿਆਂ ਬਾਰੇ, ਘਾਹ, ਬੂਟ, ਬਨਸਪਤੀ ਤੇ ਪੰਛੀਆਂ ਬਾਰੇ ਰਚੇ ਮੰਤਰ ਇਨ੍ਹਾਂ ਵਸਤਾਂ ਦੀ ਪ੍ਰਸੰਨਤਾ ਪ੍ਰਾਪਤ ਕਰਨ ਲਈ ਨਹੀਂ ਰਚੇ ਗਏ ਸਗੋਂ ਵੇਦਾਂ ਦੇ ਰਿਸ਼ੀਆਂ ਨੇ ਇਹ ਸਾਰੀਆਂ ਵਸਤਾਂ ਇਕੋ ਆਤਮਾਂ ਦੇ ਵੱਖ-ਵੱਖ ਰੂਪ ਮੰਨੇ ਹਨ। ਰਿਸ਼ੀਆਂ ਵਾਸਤੇ ਸੰਸਾਰ ਦੀ ਹਰ ਵਸਤੂ ਆਤਮਾ ਦਾ ਰਥ ਹੈ ਇਸ ਲਈ ਇਹ ਸਤਿਕਾਰਯੋਗ ਹੈ। ਪਹੁੰਚਣਾ ਆਤਮਾ ਤੱਕ ਹੀ ਹੈ। ਜੇ ਕੋਈ ਬੰਦਾ ਤੁਹਾਡੇ ਪਹਿਰਾਵੇ ਦੀ ਉਸਤਤਿ ਕਰੇ, ਤੁਹਾਡੀ ਬੋਲੀ ਦੀ ਸ਼ਲਾਘਾ ਕਰੇ ਤਾਂ ਅਸਲ ਵਿਚ ਉਹ ਤੁਹਾਡੀ ਹੀ ਉਸਤਤਿ ਕਰ ਰਿਹਾ ਹੈ।

ਸ਼੍ਰੋਮਣੀ ਵੈਦਿਕ ਦੇਵਤੇ

ਸੱਤ ਦਰਿਆਵਾਂ ਦੀ ਉਪਜਾਊ ਧਰਤੀ ਸਪਤ ਸਿੰਧੂ ਉਤੇ ਆਬਾਦ ਆਰੀਆ ਲੋਕ ਖੁਸ਼ਹਾਲ ਜੀਵਨ ਬਤੀਤ ਕਰ ਰਹੇ ਸਨ। ਹਰੀਆਂ ਲਹਿਰਾਂਦੀਆਂ ਫਸਲਾਂ, ਵਗਦੇ ਦਰਿਆ, ਸਵੱਛ ਆਕਾਸ਼ ਤੇ ਉੱਤਰ ਦੀ ਪਰਬਤਮਾਲਾ ਮਨ ਅੰਦਰ ਤਰੰਗਾਂ ਛੇੜਦੇ ਸਨ, ਤਦ ਮੰਤਰਾਂ ਦਾ ਉਚਾਰਣ ਹੁੰਦਾ ਸੀ। ਸਾਵਣ ਦੀਆਂ ਘਟਾਵਾਂ ਦੇਖ ਕੇ- ਬਿਜਲੀ ਦੀ ਗਰਜ ਦੇਖਕੇ ਉਹ ਇਨ੍ਹਾਂ ਨੂੰ ਦੇਵਤਿਆਂ ਦੇ ਨਾਮ ਦੇ ਕੇ ਉਸਤਤ ਕਰਦੇ। ਸੂਰਜ ਦਾ ਨਾਮ ਮਿੱਤਰ ਦੇਵਤਾ, ਆਕਾਸ਼ ਦਾ ਤੇ ਜਲ ਦਾ ਵਰੁਣ, ਪ੍ਰਿਥਵੀ ਦੇਵਤਾ ਧਰਤੀ ਦਾ ਤੇ ਅਗਨੀ ਦੇਵ ਅੱਗ ਦੇ ਪ੍ਰਤੀਕ ਹਨ। ਇਹ ਦੇਵਤੇ ਵੇਦਾਂ ਦੀ ਰਚਨਾ ਤੋਂ ਪਹਿਲੋਂ ਦੇ ਹਨ। ਹੋ ਸਕਦਾ ਹੈ ਪੂਰਵ ਵੈਦਿਕ ਕਾਲ ਵਿਚ ਇਨ੍ਹਾਂ ਦੀ ਉਸਤਤ ਤੇ ਪੂਜਾ ਕੁੱਝ ਭਿੰਨ ਢੰਗ ਨਾਲ ਹੁੰਦੀ ਹੋਵੇ ਪਰ ਇਹ ਦੇਵ ਮੌਜੂਦ ਸਨ।

ਅਦਿਤੀ ਸਾਰੇ ਦੇਵਾਂ ਦੀ ਜਣਨੀ ਸੀ। ਅਦਿਤੀ ਨੂੰ ਅਨੰਤ ਮੰਨਿਆ ਗਿਆ। ਮੈਕਸਮੂਲਰ ਦਾ ਕਥਨ ਹੈ- "ਅਦਿਤੀ, ਪੁਰਾਤਨ ਦੇਵੀ ਵਾਸਤਵ ਵਿਚ ਅਨੰਤਤਾ ਨੂੰ ਪਰਗਟ ਕਰਨ ਲਈ ਇਕ ਨਾਮ ਰੱਖਿਆ ਗਿਆ। ਇਹ ਅਨੰਤਤਾ ਤਰਕਪੂਰਣ ਨਿਰਾਕਾਰ ਕਲਪਣਾ ਨਹੀਂ ਸੀ ਸਗੋਂ ਪਰਗਟ ਸੰਸਾਰ ਦੀ ਅਨੰਤਤਾ ਸੀ- ਉਸ ਸਭ ਕੁੱਝ ਦੀ ਅਨੰਤਤਾ ਜਿਸ ਨੂੰ ਅੱਖਾਂ ਦੇਖ ਸਕਦੀਆਂ ਹਨ, ਬੇਅੰਤ ਪਸਾਰ, ਧਰਤੀ ਤੋਂ ਪਾਰ, ਬੱਦਲਾਂ ਤੋਂ ਪਾਰ, ਆਕਾਸ਼ ਤੋਂ ਪਾਰ।"

ਸ਼ੁਰੂ ਵਿਚ ਕੇਵਲ ਤਿੰਨ ਦੇਵਤੇ ਸਨ। ਫਿਰ ਇਨ੍ਹਾਂ ਦੀ ਗਿਣਤੀ ਤੇਤੀ ਹੋ ਗਈ। ਉਸ ਤੋਂ ਪਿੱਛੋਂ ਇਹ ਤੇਤੀ ਸੌ ਹੋ ਗਏ ਤੇ ਅਖੀਰ ਵਿਚ ਤੇਤੀ ਕਰੋੜ ਦੇਵਤਿਆਂ ਦਾ ਜ਼ਿਕਰ ਆਉਂਦਾ ਹੈ ਜਿਸਦਾ ਭਾਵ ਇਹ ਲੈਣਾ ਚਾਹੀਦਾ ਹੈ ਕਿ ਇਨ੍ਹਾਂ ਦੀ ਗਿਣਤੀ ਅਨੰਤ ਹੈ। ਦੇਵਤਿਆਂ ਦੀ ਵਧੀਕ ਗਿਣਤੀ ਵਾਸਤਵ ਵਿਚ ਪੂਰਬਲੇ ਦੇਵਤਿਆਂ ਦੀਆਂ ਹੀ ਵਿਭਿੰਨ ਸ਼ਕਤੀਆਂ ਹਨ।

ਮੰਤਰ ਰਚਨਾ ਕਰਦੇ ਹੋਏ ਰਿਸ਼ੀ ਜਿਸ ਕਿਸੇ ਵੀ ਦੇਵ ਦੀ ਉਸਤਤਿ ਕਰਦੇ ਹਨ ਉਸੇ ਨੂੰ ਉਹ ਸਰਬੋਤਮ ਮੰਨ ਕੇ ਚਲਦੇ ਹਨ। ਅਸਲ ਵਿਚ ਉਨ੍ਹਾਂ ਦੇ

ਅਰਧ-ਚੇਤਨ ਮਨ ਵਿਚ ਕਿਸੇ ਵੱਡੀ ਅਧਿਆਤਮਕ ਸ਼ਕਤੀ ਦਾ ਗਿਆਨ ਮੌਜੂਦ ਸੀ। ਦੇਵਤਿਆਂ ਨੂੰ ਉਹ ਕਿਸੇ ਕੇਂਦਰੀ ਸ਼ਕਤੀ ਦਾ ਪ੍ਰਗਟਾਵਾ ਮੰਨਦੇ ਹਨ। ਸ਼ਕਤੀ ਉਹੀ ਹੈ- ਕੇਂਦਰੀ ਅਤੇ ਅਸੀਮ, ਇਸ ਦੇ ਵੱਖ-ਵੱਖ ਪ੍ਰਗਟਾਵੇ ਦੇਵਤਿਆਂ ਰਾਹੀਂ ਹੋ ਰਹੇ ਹਨ। ਹਰ ਦੇਵ ਅਨੂਪਮ ਅਤੇ ਸਰਬ-ਸ਼ਕਤੀਮਾਨ ਹੈ ਕਿਉਂਕਿ ਸਰਬਸ਼ਕਤੀਮਾਨਤਾ ਦਾ ਉਹ ਪ੍ਰਗਟਾਵਾ ਕਰ ਰਿਹਾ ਹੈ।

ਵਰੁਣ

ਵਰੁਣ ਨੈਤਿਕ ਅਨੁਸ਼ਾਸਨ ਦਾ ਮਾਲਕ ਹੈ। ਉਸ ਦੀ ਉਸਤਤਿ ਵਿਚ ਮੰਤਰ ਹੈ-

ਅਸੀਂ ਗੁਨਾਹਗਾਰ ਲੋਕ ਹਾਂ ਓ ਵਰੁਣ ਦੇਵ
ਤੇਰੇ ਹੁਕਮਾਂ ਦੀ ਹਰ ਰੋਜ਼ ਉਲੰਘਣਾ ਕਰਦੇ ਹਾਂ
ਪਰ ਸਾਨੂੰ ਮੌਤ ਦਾ ਨਿਸ਼ਾਨਾ ਨਾ ਬਣਾ

ਤੂੰ ਉਨ੍ਹਾਂ ਨੂੰ ਖਤਮ ਕਰਦਾ ਹੈਂ ਜੋ ਤੇਰਾ ਅਨਾਦਰ ਕਰਦੇ ਹਨ
ਪਰ ਸਾਨੂੰ ਤੂੰ ਆਪਣੇ ਕ੍ਰੋਧ ਰਾਹੀਂ ਨਾਸ ਨਾ ਕਰੀਂ
ਓ ਵਰੁਣ ਅਸੀਂ ਤੇਰੀ ਉਪਮਾ ਕਰਦੇ ਹਾਂ
ਭਾਵੇਂ ਅਸੀਂ ਅਜਿਹੇ ਰਥਵਾਨ ਹਾਂ ਜਿਨ੍ਹਾਂ ਦੇ ਘੋੜੇ ਥੱਕੇ ਹੋਏ ਹਨ
ਪਰ ਸਾਡਾ ਭਲਾ ਕਰ ਮਾਲਕ।

ਓ ਵਰੁਣ
ਦੇਵਤਿਆਂ ਵਿਰੁੱਧ ਅਸੀਂ ਨਾਸ਼ਵਾਨ ਲੋਕ ਅਵੱਗਿਆ ਵੀ
ਕਰੀਏ
ਅਗਿਆਨਤਾ ਵਸ ਤੇਰੇ ਹੁਕਮ ਨਾ ਮੰਨੀਏ
ਤਦ ਵੀ ਐ ਵਰੁਣ ਸਾਨੂੰ ਸਜ਼ਾ ਨਾ ਦੇਹ।

ਐ ਚਮਕਦੇ ਵਰੁਣ
ਸਾਡੀ ਸਮਰੱਥਾ ਅਤੇ ਵਿਚਾਰ ਤਿੱਖੇ ਕਰ
ਮਨ ਨੂੰ ਇਸ ਪ੍ਰਕਾਰ ਅਨੁਸ਼ਾਸਿਤ ਕਰੀਏ ਕਿ ਇਹ
ਬਦੀ ਦੇ ਸਾਗਰ ਵਿਚੋਂ ਕਿਸ਼ਤੀ ਵਾਂਗ ਪਾਰ ਲੰਘਾ ਦਏ।

ਅੰਮ੍ਰਿਤ ਵੇਲੇ ਇਸ਼ਨਾਨ ਕਰਨ ਸਮੇਂ ਇਹ ਮੰਤਰ ਉਚਾਰਿਆ ਜਾਣਾ ਪਵਿਤ੍ਰ ਕਾਰਜ ਮੰਨਿਆ ਜਾਂਦਾ ਸੀ:

ਸੁਨਹਿਰੀ ਪਾਣੀਆਂ ਦੇ ਮਾਲਕ ਵਰੁਣ ਤੋਂ
ਮੈਂ ਇਸ਼ਨਾਨ ਕਰਨ ਲਈ ਇਕ ਘਾਟ ਮੰਗਦਾ ਹਾਂ
ਬਦ ਲੋਕਾਂ ਪਾਸੋਂ ਮੈਂ ਖਾਣਾ ਖਾਧਾ, ਬਦ ਲੋਕਾਂ ਪਾਸੋਂ ਦਾਨ

ਪ੍ਰਾਪਤ ਕੀਤਾ,
ਜੋ ਪਾਪ ਕਮਾਇਆ ਮਨ, ਬਚਨ ਤੇ ਕਰਮਾ ਰਾਹੀਂ ਕਮਾਇਆ,
ਇੰਦਰ ਵਰੁਣ ਬ੍ਰਹਿਸਪਤੀ ਤੇ ਸੂਰਜ ਉਨ੍ਹਾਂ ਨੂੰ ਬਾਰ ਬਾਰ ਸ਼ੁੱਧ ਕਰਨ।
ਖਾਣ ਪੀਣ ਤੇ ਨਾਜਾਇਜ਼ ਢੰਗ ਰਾਹੀਂ ਵਸਤਾਂ ਪ੍ਰਾਪਤ ਕਰਨ
ਦੇ ਪਾਪ ਨੂੰ ਵਰੁਣ ਦੇਵ ਆਪਣੇ ਹੱਥ ਨਾਲ ਸਾਫ ਕਰੇ
ਮੈਂ ਬਦੀ, ਅਪਵਿੱਤਰਤਾ ਤੇ ਪਾਪ ਤੋਂ ਮੁਕਤ ਹੋ ਕੇ ਸਵਰਗ ਵਿਚ ਜਾਵਾਂ
ਤੇ ਕਰਤਾਰ ਮਾਲਕ ਦਾ ਸੰਸਾਰ ਪ੍ਰਾਪਤ ਕਰ ਸਕਾਂ।

ਅਥਰਵ ਵੇਦ ਵਿਚ ਵਰੁਣ ਦਾ ਚਿੱਤਰ ਇਉਂ ਖਿੱਚਿਆ ਹੈ:

ਇਨ੍ਹਾਂ ਸੰਸਾਰਾਂ ਦਾ ਸ਼ਕਤੀਸ਼ਾਲੀ ਸ਼ਾਸਕ ਹਰੇਕ ਦੇ ਐਨ ਨੇੜੇ ਮੌਜੂਦ ਹੁੰਦਾ ਹੈ ਭਾਵੇਂ ਕੋਈ ਛੁਪ ਛੁਪ ਕੇ ਕੰਮ ਕਰੇ। ਜੇ ਕੋਈ ਬੰਦਾ ਲੁਕ ਕੇ ਚੱਲੇ, ਬਿਸਤਰੇ ਵੱਲ ਜਾਵੇ ਜਾਂ ਬਿਸਤਰੇ ਤੋਂ ਉਠੇ, ਵਰੁਣ ਦੇਖਦਾ ਹੈ। ਜਦੋਂ ਦੋ ਬੰਦੇ ਆਪਸ ਵਿਚ ਘੁਸਰ-ਮੁਸਰ ਕਰਨ, ਉਦੋਂ ਤੀਜਾ ਵਰੁਣ ਉੱਥੇ ਮੌਜੂਦ ਹੁੰਦਾ ਹੈ। ਧਰਤੀ ਉਸਦੇ ਕਬਜ਼ੇ ਵਿਚ ਹੈ ਤੇ ਅਨੰਤ ਆਕਾਸ਼ ਉਸਦੇ ਅਧੀਨ ਹਨ। ਸਮੁੰਦਰ ਉਸਦਾ ਕਮਰਕਸਾ ਹੈ ਪਰ ਪਾਣੀ ਦੀ ਇਕ ਬੂੰਦ ਵਿਚ ਵੀ ਉਹ ਮੌਜੂਦ ਹੈ। ਜੇ ਕੋਈ ਅਸਮਾਨ ਤੋਂ ਵੀ ਪਾਰ ਦੌੜ ਜਾਵੇ, ਮਹਾਰਾਜ ਵਰੁਣ ਉਸਦੇ ਨੇੜੇ ਤੇੜੇ ਹੋਵੇਗਾ।

ਵਰੁਣ ਦੇਵ ਆਕਾਸ਼ ਵਿਚ ਚਮਕਦਾ ਹੈ। ਉਹ ਆਕਾਸ਼ ਦਾ ਮਾਲਕ ਹੈ। ਉਹ ਸਾਰੇ ਸੰਸਾਰ ਦਾ ਪਹਿਰੇਦਾਰ ਹੈ ਜੋ ਪਾਪੀਆਂ ਨੂੰ ਸਜ਼ਾਵਾਂ ਦਿੰਦਾ ਹੈ ਤੇ ਪੁੰਨ ਕਰਨ ਵਾਲਿਆ ਨੂੰ ਇਨਾਮ। ਉਹ ਉਨ੍ਹਾਂ ਪਾਪੀਆਂ ਨੂੰ ਮੁਆਫ ਵੀ ਕਰ ਦਿੰਦਾ ਹੈ ਜਿਹੜੇ ਉਸਦੀ ਸ਼ਰਣ ਵਿਚ ਆ ਜਾਂਦੇ ਹਨ। ਉਸ ਬਾਰੇ ਕੁੱਝ ਮੰਤਰ ਇਉਂ ਹਨ-

ਅਸੀਂ ਤੈਨੂੰ ਯਾਦ ਰਖਦੇ ਹਾਂ,
ਤੇਰੀ ਉਪਮਾ ਕਰਦੇ ਹਾਂ,
ਇਸ ਲਈ ਹੇ ਵਰੁਣ ਸਾਡੇ ਤੇ ਮਿਹਰਬਾਨ ਹੋ।

ਹੇ ਵਰੁਣ ਸਾਡੀ ਅਗਵਾਈ ਕਰ
ਅਸੀਂ ਤੇਰੀ ਹੀ ਸ਼ਰਣ ਵਿਚ ਰਹੀਏ
ਤੂੰ ਸਭ ਯੋਧਿਆਂ ਤੋਂ ਮਹਾਨ ਯੋਧਾ ਹੈਂ।
ਮੇਰੇ ਪਾਪ ਦੂਰ ਕਰ
ਤੇਰੇ ਵਿਧਾਨ ਵਿਚ ਅਸੀਂ ਵਧੀਏ ਫੁੱਲੀਏ
ਜਿੰਨਾ ਚਿਰ ਮੈਂ ਗੀਤ ਬੁਣਦਾ ਰਹਾਂ ਧਾਗਾ ਨਾ ਕੱਟ।

ਹੇ ਵਰੁਣ, ਡਰ ਮੇਰੇ ਤੋਂ ਦੂਰ ਭਜਾ
ਹੇ ਨਿਆਂਕਾਰੀ ਬਾਦਸ਼ਾਹ ਸਾਡੇ ਤੇ ਦਇਆ ਕਰ
ਜਿਵੇਂ ਵੱਛੇ ਦੇ ਗਲੋਂ ਰੱਸਾ ਖੋਲ੍ਹ ਦਈਦਾ ਹੈ ਇਸੇ ਤਰ੍ਹ
ਮੇਰੇ ਪਾਪ ਦੂਰ ਕਰ- ਬਹੁਤ ਦੂਰ ਭਜਾ ਦੇਹ।

ਤੇਰੀ ਆਗਿਆ ਬਗੈਰ ਮੈਂ ਅੱਖ ਵੀ ਨਹੀਂ ਝਪਕ ਸਕਦਾ।

ਹੇ ਵਰੁਣ ਜਿਨ੍ਹਾਂ ਹਥਿਆਰਾਂ ਨਾਲ ਤੂੰ ਪਾਪੀਆਂ ਨੂੰ
ਮਾਰਦਾ ਹੈਂ ਉਹ ਸਾਡੇ ਉਤੇ ਨਾ ਚਲਾ।
ਅਸੀਂ ਹਨੇਰੇ ਵੱਲ ਨਾ ਜਾਈਏ
ਸਾਡੇ ਦੁਸ਼ਮਣਾਂ ਨੂੰ ਭਾਂਜ ਦੇਹ ਤਾਂ ਕਿ ਅਸੀਂ ਜਿਊਂ ਸਕੀਏ।

•

ਹੇ ਸ਼ਕਤੀਮਾਨ ਵਰੁਣ ਜਿਵੇਂ ਅਸੀਂ ਭੂਤਕਾਲ ਵਿਚ ਤੇਰੀ
ਉਪਮਾ ਕਰਦੇ ਸਾਂ, ਜਿਵੇਂ ਵਰਤਮਾਨ ਵਿਚ ਤੇਰੇ ਗੁਣ ਗਾਉਂਦੇ
ਹਾਂ ਇਸੇ ਤਰ੍ਹਾਂ ਭਵਿੱਖ ਵਿਚ ਕਰਦੇ ਰਹੀਏ।
ਹੇ ਅਜਿੱਤ ਨਾਇਕ ਵਿਸ਼ਵ ਦੇ ਸਾਰੇ ਨਿਯਮ ਤੇਰੇ ਬਣਾਏ ਹੋਏ ਹਨ।
ਇਹ ਕਾਨੂੰਨ ਚੱਟਾਨ ਵਾਂਗ ਅਹਿਲ ਹਨ।

ਮੇਰੀ ਆਤਮ ਗਿਲਾਨੀ ਮੇਰੇ ਤੋਂ ਦੂਰ ਕਰ
ਦੂਜਿਆਂ ਵੱਲੋਂ ਕੀਤੀ ਬੁਰਾਈ ਦਾ ਮੇਰੇ ਤੇ ਅਸਰ ਨਾ ਹੋਵੇ
ਅਜੇ ਤਾਂ ਅਨੇਕ ਵਾਰ ਸੂਰਜ ਚੜ੍ਹੇਗਾ,
ਅਨੇਕਾਂ ਸਵੇਰਾਂ ਭਰੀ ਜ਼ਿੰਦਗਾਨੀ ਸਾਨੂੰ ਬਖ਼ਸ਼ ਦੇ ਵਰੁਣ।

ਵਰੁਣ ਨੂੰ ਅਦਿਤੀ ਦਾ ਪੁੱਤਰ ਕਿਹਾ ਗਿਆ ਹੈ। ਦਿੱਤੀ ਦਾ ਭਾਵ ਹੈ ਸੀਮਾਂ ਵਿਚ, ਬੰਨ੍ਹੀ ਹੋਈ। ਅਦਿਤੀ ਦਾ ਅਰਥ ਹੈ ਅਨੰਤ, ਸੁਤੰਤਰ। ਜੋ ਧਰਤੀ ਅਤੇ ਆਕਾਸ਼ ਤੋਂ ਪਰੇ ਪਰੇਰੇ ਹੋਵੇ। ਕਿਉਂਕਿ ਵਰੁਣ ਅਦਿਤੀ ਦਾ ਪੁੱਤਰ ਹੈ ਇਸ ਕਰਕੇ ਇਹ ਅਦਿੱਖ ਸੰਸਾਰ ਦਾ ਹੁਕਮਰਾਨ ਵੀ ਹੈ।

ਇੰਦਰ

ਸਭ ਦੇਵਤਿਆਂ ਤੋਂ ਵਧੀਕ ਵਾਰ ਇੰਦਰ ਦਾ ਜ਼ਿਕਰ ਆਇਆ ਹੈ। ਉਹ ਲੰਮੀਆਂ ਬਾਹਾਂ ਵਾਲਾ ਸ਼ਕਤੀਸ਼ਾਲੀ ਜਰਨੈਲ ਸੀ ਜੋ ਇਕੱਲਾ ਹੀ ਇਕ ਵੱਡੇ ਜਾਨਵਰ ਨੂੰ ਖਾ ਜਾਂਦਾ ਸੀ।

ਅਸੁਰਾਂ ਨਾਲ ਯੁੱਧ ਕਰਦਿਆਂ ਆਰੀਆ ਲੋਕਾਂ ਦਾ ਬੜਾ ਨੁਕਸਾਨ ਹੋ ਰਿਹਾ ਸੀ। ਉਨ੍ਹਾਂ ਦੇ ਅਨੇਕ ਸੈਨਿਕ ਅਤੇ ਲੋਕ ਮਾਰੇ ਜਾ ਰਹੇ ਸਨ। ਆਰੀਆਂ ਨੇ ਇਸਦੇ ਕਾਰਨ ਪਤਾ ਕਰਨ ਲਈ ਵਿਚਾਰ-ਵਟਾਂਦਰਾ ਕੀਤਾ। ਇਸ ਵਿਚਾਰ-ਚਰਚਾ ਤੋਂ ਬਾਅਦ ਇਹ ਸਿੱਟਾ ਨਿਕਲਿਆ ਕਿ ਅਜਿਹਾ ਇਸ ਕਰਕੇ ਹੋ ਰਿਹਾ ਹੈ ਕਿਉਂਕਿ ਅਸੁਰਾਂ ਪਾਸ ਉਨ੍ਹਾਂ ਦਾ ਰਾਜਾ ਹੈ ਜਦੋਂ ਕਿ ਆਰੀਆ ਲੋਕਾਂ ਦਾ ਕੋਈ ਰਾਜਾ ਨਹੀਂ। ਤੁਰੰਤ ਇੰਦਰ ਨੂੰ ਰਾਜਾ ਚੁਣਿਆ ਗਿਆ ਕਿਉਂਕਿ ਉਸ ਤੋਂ ਵਧੀਕ ਹੋਰ ਕੋਈ ਸੂਰਬੀਰ ਉਸ ਵਰਗਾਂ ਯੋਗ ਨਹੀਂ ਸੀ। ਇੰਦਰ ਨੇ ਦਰਿਆਵਾਂ ਦੇ ਰੁਖ ਬਦਲ ਦਿੱਤੇ ਤੇ ਅਸੁਰਾਂ ਦੇ ਸ਼ਹਿਰਾਂ ਨੂੰ ਪਾਣੀ ਵਿਚ ਡਬੋ ਦਿੱਤਾ। ਉਸ ਨੇ ਅਗਨੀ ਦੇਵਤਾ ਨੂੰ ਕਿਹਾ ਸਾੜ ਦੇਹ। ਪਿੰਡਾਂ ਦੇ ਪਿੰਡ ਸ਼ਹਿਰਾਂ ਦੇ ਸ਼ਹਿਰ ਅਗਨੀ ਨੇ ਹੁਕਮ ਮੰਨ ਕੇ

ਭਸਮ ਕਰ ਦਿੱਤੇ। ਲਗਦਾ ਹੈ ਕਿ ਜਿਵੇਂ ਇੰਦਰ ਪਹਿਲਾ ਆਰੀਆ ਰਾਜਾ ਹੋਵੇ ਤੇ ਉਸ ਤੋਂ ਬਾਅਦ ਲਗਾਤਾਰ ਨਿਯਮਬੱਧ ਸਟੇਟ ਚੱਲ ਪਈ ਹੋਵੇ। ਪਰ ਇੰਦਰ ਦੇ ਰਾਜ ਦੀਆਂ ਹੱਦਾਂ ਕਿੱਥੇ ਤਕ ਸਨ- ਇਸ ਬਾਰੇ ਕੋਈ ਸੰਕੇਤ ਵੇਦ ਵਿਚ ਨਹੀਂ ਹੈ।

ਉਸਦੀ ਉਸਤਤਿ ਵਿਚ ਉਚਾਰੇ ਗਏ ਮੰਤਰ ਕੁੱਝ ਇਸ ਪ੍ਰਕਾਰ ਦੇ ਹਨ-

ਮੰਤਰਾਂ ਨਾਲ ਸਜੇ ਓ ਸੁਹਣੇ ਇੰਦਰ
ਜੋ ਲੋਕ ਸਵਰਗੀ ਰਸਮਾਂ ਨਿਭਾਣ ਦੇ ਇਛੁੱਕ ਹਨ
ਜੋ ਧਨ ਪ੍ਰਾਪਤੀ ਦੇ ਚਾਹਵਾਨ ਹਨ
ਤੇ ਜਿਹੜੇ ਕਿ ਧਿਆਨਵਾਨ ਹਨ
ਉਸ ਪ੍ਰਕਾਰ ਤੇਰੇ ਨਜ਼ਦੀਕ ਰਹਿੰਦੇ ਹਨ
ਜਿਵੇਂ ਔਰਤਾਂ ਆਪਣੇ ਪਿਆਰੇ ਪਤੀਆਂ ਦੇ ਨੇੜੇ
ਉਨ੍ਹਾਂ ਦਾ ਚਿੰਤਨ ਤੈਨੂੰ ਛੁਹ ਲੈਂਦਾ ਹੈ।

ਐ ਮੇਰੇ ਮਾਲਕ ਇੰਦਰ
ਜਿਹੜਾ ਬਾਦਸ਼ਾਹ ਬਦਜ਼ਬਾਨ ਹੋਏ, ਸਾਨੂੰ ਉਸਦੀ ਪਰਜਾ ਨਾ ਬਣਾਈਂ
ਜੋ ਕੁਰੱਖਤ ਹੋਵੇ, ਜੋ ਦਬਕੇ ਮਾਰੇ ਤੇ ਜੋ ਜ਼ਾਲਮ ਹੋਵੇ
ਉਹ ਸਾਡਾ ਰਾਜਾ ਨਾ ਹੋਵੇ
ਸਾਡਾ ਧਿਆਨ ਤੇਰੇ ਵਿਚ ਲੱਗਾ ਰਹੇ।

ਬਹੁਤ ਲੋਕਾਂ ਦੀ ਉਸਤੁਤੀ ਵਿਚਕਾਰ ਖਲੋਤੇ ਇੰਦਰ, ਅਸੀਂ ਤੇਰੇ ਹਾਂ।
ਕੇਵਲ ਤੇਰੇ ਲਈ ਅਸੀਂ ਬੁੱਧੀ ਦਾ ਵਿਸਥਾਰ ਕੀਤਾ
ਤੇਰੇ ਬਗੈਰ ਓ ਮਾਘਵਨ ਹੋਰ ਕੋਈ ਪ੍ਰਸੰਨਤਾ ਨਹੀਂ ਦਿੰਦਾ
ਸਾਨੂੰ ਅਗਿਆਨਤਾ ਵਿਚੋਂ ਬਾਹਰ ਕੱਢ ਐ ਦੇਵ
ਸਾਨੂੰ ਸਿੱਖਿਆ ਦੇਹ, ਸਹਾਇਤਾ ਕਰ
ਤੂੰ ਸ਼ਕਤੀਵਾਨ ਹੈਂ ਤੇ ਜਾਣਦਾ ਹੈਂ ਇਹ ਕੰਮ ਕਿਵੇਂ ਕਰਨਾ ਹੈ।

ਸ਼ਕਤੀਸ਼ਾਲੀ ਇੰਦਰ,
ਇਸ ਦੁਲਹਨ ਨੂੰ ਪੁੱਤਰਾਂ ਦੀ ਅਤੇ ਧਨ ਦੀ ਦਾਤ ਦੇਹ
ਇਸ ਦੇ ਦਸ ਬੇਟੇ ਹੋਣ ਤੇ ਇਸ ਦਾ ਪਤੀ ਇਸਦਾ ਗਿਆਰ੍ਹਵਾਂ ਬੇਟਾ ਹੋਵੇ।

ਉੱਤਮ ਜਨਮ ਵਾਲਾ ਇੰਦਰ ਉਚੀ ਰੂਹ ਦਾ ਸੁਆਮੀ ਹੈ।
ਉਹ ਦੇਵਤਿਆਂ ਦਾ ਰਖਵਾਲਾ ਹੈ ਜਿਸਦੇ ਇਕ ਸਾਹ ਨਾਲ ਦੋ ਜਹਾਨ ਕੰਬਦੇ ਹਨ
ਡੋਲ ਰਹੀ ਧਰਤੀ ਨੂੰ ਉਸਨੇ ਥਿਰ ਕੀਤਾ, ਟਕਰਾਉਂਦੇ ਪਰਬਤਾਂ ਨੂੰ ਸ਼ਾਂਤ ਕੀਤਾ

ਵਾਯੂਮੰਡਲ ਦੀ ਮਿਣਤੀ ਕੀਤੀ ਤੇ ਸਵਰਗ ਨੂੰ ਸਹਾਰਾ ਦਿੱਤਾ।

ਉਸਨੇ ਦੈਂਤ ਮਾਰੇ, ਸੱਤ ਦਰਿਆ ਕਾਬੂ ਕੀਤੇ ਤੇ ਵੱਲ ਰਾਖਸ਼ ਦੀ
ਗੁਫਾ ਵਿਚੋਂ ਪਸ਼ੂ ਛੁਡਾ ਕੇ ਲਿਆਂਦੇ।
ਦੋ ਪੱਥਰਾਂ ਵਿਚੋਂ ਉਸਨੇ ਅਗਨੀ ਪੈਦਾ ਕੀਤੀ।
ਬ੍ਰਹਿਮੰਡ ਨੂੰ ਕਾਂਬਾ ਛੇੜਨ ਵਾਲੇ ਇੰਦਰ ਨੇ ਦੈਂਤਾਂ ਦਾ ਪਿੱਛਾ ਕੀਤਾ
ਤੇ ਵੈਰੀ ਦੇ ਖ਼ਜ਼ਾਨੇ ਲੁੱਟੇ।
ਲੋਕ ਕਹਿੰਦੇ ਹਨ- ਉਹ ਕਿਥੇ ਹੈ?
ਉਹ ਭਿਅੰਕਰ ਹੈ, ਉਹ ਨਹੀਂ ਹੈ,
ਦੁਸ਼ਮਣ ਦੇ ਧਨ ਉਤੇ ਉਹ ਹੂੰਝਾ ਫੇਰ ਦਿੰਦਾ ਹੈ।
ਸ਼ਾਇਰ ਕਹਿੰਦੇ ਹਨ- ਉਸਤੇ ਵਿਸ਼ਵਾਸ ਰੱਖੋ।

ਗਰੀਬਾਂ, ਲਤਾੜਿਆਂ ਨਿਮਾਣਿਆਂ ਤੇ ਪੁਜਾਰੀਆਂ ਨੂੰ ਉਹੀ ਹਲੂਣਤਾ ਹੈ
ਸੁਹਣੇ ਮੁੱਖ ਵਾਲਾ ਇੰਦਰ ਸੋਮ-ਰਸ ਭੇਟ ਕਰਨ ਵਾਲੇ ਦੀ
ਸਹਾਇਤਾ ਕਰਦਾ ਹੈ
ਘੋੜੇ, ਪਸ਼ੂ, ਪਿੰਡ ਤੇ ਰਥ ਉਸਦੇ ਵਸ ਵਿਚ ਹਨ।
ਸੂਰਜ ਪੈਦਾ ਕਰਕੇ ਉਸਨੇ ਦਿਨ ਚਾੜ੍ਹਿਆ।

ਉਹ ਪਾਣੀਆਂ ਨੂੰ ਰਾਹ ਦਿਖਾਉਂਦਾ ਹੈ।
ਕਮਜ਼ੋਰ ਵੀ ਤੇ ਸ਼ਕਤੀਸ਼ਾਲੀ ਵੈਰੀ ਵੀ ਉਸਦੀ ਮੱਦਦ ਮੰਗਦੇ ਹਨ।
ਉਸ ਬਗੈਰ ਵਿਜੈ ਸੰਭਵ ਨਹੀਂ।
ਉਹ ਸ਼ਕਤੀ ਦਾ ਕੇਂਦਰ ਹੈ।
ਪਾਪੀਆਂ ਦੇ ਟੁਕੜੇ ਉਹ ਬਿਜਲੀਆਂ ਨਾਲ ਕਰ ਦਿੰਦਾ ਹੈ।
ਜਿਹੜੇ ਉਹਨੂੰ ਗੁੱਸੇ ਕਰ ਦੇਣ ਉਨ੍ਹਾਂ ਨੂੰ ਉਹ ਬਰਦਾਸ਼ਤ ਨਹੀਂ ਕਰਦਾ।
ਉਹ ਦਸਯੂ (ਦਾਸਾਂ) ਨੂੰ ਕਤਲ ਕਰਦਾ ਹੈ।
ਉਸ ਨੇ ਪਤਝੜ ਵਿਚ ਸੰਬਰ ਲੱਭਿਆ।
ਉਸਨੇ ਦੈਂਤ ਕਤਲ ਕੀਤਾ।
ਸੱਤ ਕਿਰਨਾ ਨਾਲ ਉਹ ਸੱਤ ਦਰਿਆ ਵਗਾ ਦਿੰਦਾ ਹੈ।
ਸਵਰਗ ਵੱਲ ਚੜ੍ਹ ਰਹੇ ਰੋਹਿਣ ਨੂੰ ਉਸਨੇ ਬਿਜਲੀ ਨਾਲ ਟੁਕੜੇ
ਟੁਕੜੇ ਕਰ ਦਿੱਤਾ।
ਉਸ ਅੱਗੇ ਧਰਤ ਆਕਾਸ਼ ਝੁਕਦੇ ਹਨ।
ਉਸਦੀ ਸ਼ਕਤੀ ਅਗੇ ਪਰਬਤ ਕੰਬਦੇ ਹਨ।
ਉਹ ਸੋਮਰਸ ਦਾ ਪਿਅੱਕੜ ਹੈ।
ਜੋ ਸੋਮ ਭੇਟ ਕਰੇ ਉਹ ਉਸਦੀ ਮਦਦ ਮਰਦਾ ਹੈ,
ਜੋ ਪੂਜਾ ਸਮੱਗਰੀ ਤਿਆਰ ਕਰੇ, ਭੇਟਾ ਦਏ,
ਉਸਦੀ ਉਸਤਤਿ ਕਰੇ, ਉਸਤੇ ਪ੍ਰਸੰਨ ਹੁੰਦਾ ਹੈ।

ਕਵੀ ਕਹਿੰਦੇ ਹਨ- ਤੂੰ ਬੇਅੰਤ ਹੈਂ, ਸੱਚਾ ਹੈਂ।
ਆਪਣੇ ਉਪਾਸ਼ਕਾਂ ਨੂੰ ਸ਼ਕਤੀ ਦਿੰਦਾ ਹੈਂ।

ਹਰ ਯੁੱਗ ਵਿਚ ਪਤਨੀ ਦੀ ਆਪਣੀ ਸੌਂਕਣ ਨਾਲ ਲੜਾਈ ਰਹੀ ਹੈ। ਰਿਗਵੇਦ ਵਿਚ ਵੀ ਅਜਿਹਾ ਇਕ ਪ੍ਰਸੰਗ ਆਉਂਦਾ ਹੈ ਜਦੋਂ ਇੰਦਰ ਦੀ ਪਤਨੀ ਇੰਦਰਾਣੀ ਪਤੀ ਨਾਲ ਲੜਦੀ ਹੈ ਤੇ ਇਸ ਲੜਾਈ ਦਾ ਕਾਰਨ ਇੰਦਰ ਦੀ ਦੂਜੀ ਪਤਨੀ 'ਅਗਨੀ' ਹੈ। ਇਕ ਸੰਵਾਦ ਇਸ ਪ੍ਰਕਾਰ ਹੈ-

ਇੰਦਰ- ਹੇ ਸੋਹਣੇ ਕੇਸਾਂ ਵਾਲੀ, ਹੇ ਬਹਾਦਰ ਪਤਨੀ,
ਮੇਰੀ ਅਗਨੀ ਨਾਲ ਤੇਰੇ ਗੁੱਸੇ ਦਾ ਕੀ ਕਾਰਨ ਹੈ,
ਇੰਦਰਾਣੀ- ਅਗਨੀ ਦੁਸ਼ਟ ਹੈ। ਉਹ ਮੈਨੂੰ ਕਹਿੰਦੀ ਹੈ ਕਿ ਮੈਂ
ਨਿਰਬਲ ਪੁੱਤਰਾਂ ਦੀ ਮਾਂ ਹਾਂ।

ਇੰਦਰ ਦੀ ਉਸਤਤੀ ਵਿਚ ਰਚੇ ਮੰਤਰ ਕਈ ਜਗ੍ਹਾ ਦਸਦੇ ਹਨ ਕਿ ਆਰੀਆਂ ਦੇ ਜਰਨੈਲ ਇੰਦਰ ਨੇ ਮੂਲ ਵਾਸੀਆਂ ਦਾ ਭਾਰੀ ਗਿਣਤੀ ਵਿਚ ਕਤਲਿਆਮ ਕੀਤਾ ਸੀ-

ਉਸ ਨੇ ਪੰਜਾਹ ਹਜ਼ਾਰ ਕਾਲਿਆਂ ਨੂੰ ਧਰਤੀ ਉੱਤੇ ਵਿਛਾ ਦਿੱਤਾ
ਦੁਸ਼ਮਣਾਂ ਦੇ ਗੜ੍ਹ ਇਵੇਂ ਪਾੜ ਦਿੱਤੇ ਜਿਵੇਂ ਪੁਰਾਣਾ ਕੱਪੜਾ ਲੀਰੋ ਲੀਰ ਕਰ ਦਿੱਤਾ ਹੋਵੇ।
ਜਦੋਂ ਰਾਜਾ ਸੁਦਾਸ ਨੂੰ ਦਸ ਰਾਜਿਆਂ ਨੇ ਘੇਰ ਲਿਆ
ਤਾਂ ਇੰਦਰ ਨੇ ਪਾਣੀਆਂ ਦੇ ਰੁਖ ਬਦਲ ਦਿੱਤੇ ਤੇ ਸੁਦਾਸ ਨੂੰ ਬਚਾਇਆ।

ਅਗਨੀ

ਅਗਨੀ ਉਹ ਦੇਵ ਹੈ ਜਿਹੜਾ ਹਰ ਵਕਤ ਅੱਗ ਦੇ ਰੂਪ ਵਿਚ ਸਾਡੇ ਪਾਸ ਰਹਿੰਦਾ ਹੈ। ਸਵੇਰ ਸਾਰ ਜਦੋਂ ਘਰਾਂ ਵਿਚ ਚੁੱਲ੍ਹੇ ਬਲਦੇ ਸਨ ਤਾਂ ਥੋੜ੍ਹੀ ਮਾਤਰਾ ਵਿਚ ਖਾਣ ਸਮੱਗਰੀ ਚੁੱਲ੍ਹੇ ਵਿਚ ਸੁੱਟ ਕੇ ਅਗਨੀ ਪੂਜਾ ਕੀਤੀ ਜਾਂਦੀ ਸੀ ਤੇ ਇਹ ਦਿਨ ਦੀ ਪਹਿਲੀ ਬਲੀ ਮੰਨੀ ਜਾਂਦੀ ਸੀ। ਇਹ ਉਹ ਦੇਵਤਾ ਹੈ ਜਿਹੜਾ ਤੁਰੰਤ ਮਨੁੱਖਾਂ ਦੀਆਂ, ਭਾਵ ਆਪਣੇ ਉਪਾਸ਼ਕਾਂ ਦੀਆਂ ਲੋੜਾਂ, ਖਾਣਾ ਆਦਿ ਪਕਾ ਕੇ ਪੂਰੀਆਂ ਕਰਦਾ ਹੈ। ਇਸ ਦੀ ਉਸਤਤੀ ਪਿੱਛੇ ਇਕ ਮਨੋਰਥ ਇਹ ਵੀ ਹੈ ਕਿ ਇੰਦਰ ਵਾਯੂ, ਵਰੁਣ, ਊਸ਼ਾ, ਅਸ਼ਵਨੀ ਆਦਿਕ ਦੇਵ ਕਈ ਵਾਰ ਪ੍ਰਾਰਥਨਾਵਾਂ ਵੱਲ ਧਿਆਨ ਨਹੀਂ ਦਿੰਦੇ ਪਰ ਅਗਨੀ ਤੁਰੰਤ ਪਰਗਟ ਹੋ ਜਾਂਦਾ ਹੈ। ਇਸ ਨੂੰ ਸੈਂਕੜੇ ਜੀਭਾਂ ਵਾਲਾ ਤੇ ਸੁਨਹਿਰੀ ਵਾਲਾਂ ਵਾਲਾ ਦੇਵ ਕਿਹਾ ਗਿਆ। ਇਸਦੇ ਵਾਲ ਕਾਲੇ ਰੰਗ ਦੇ ਵੀ ਹਨ (ਧੂਏਂ ਵੱਲ ਸੰਕੇਤ ਹੈ)। ਕਿਉਂਕਿ ਕੋਈ ਵੀ ਯੱਗ ਅਗਨੀ ਤੋਂ ਬਗੈਰ ਨਹੀਂ ਹੋ ਸਕਦਾ, ਇਸ ਕਰਕੇ ਇਸ ਦਾ ਸਤਿਕਾਰ ਕੀਤਾ ਜਾਂਦਾ ਹੈ ਕਿ ਇਹ ਬਾਕੀ ਦੇਵਤਿਆਂ ਨੂੰ ਵੀ ਬੁਲਾਉਂਦਾ ਹੈ। ਯੱਗ ਦੌਰਾਨ ਅਗਨੀ ਸਾਹਮਣੇ ਆਹੂਤੀਆਂ ਦਿੰਦੇ ਪੁਜਾਰੀ ਇਹੋ ਮੰਤਰ ਉਚਾਰਦੇ ਹਨ ਕਿ ਹੇ ਅਗਨੀ, ਇੰਦਰ ਦੇਵਤਾ ਨੂੰ ਕਹੋ ਬਿਰਾਜਮਾਨ ਹੋਣ, ਵਰੁਣ ਨੂੰ ਸੱਦ ਕੇ ਲੈ ਆਓ, ਆਦਿਕ। ਅਗਨੀ ਦੀ ਮਨਭਾਉਂਦੀ ਖੁਰਾਕ ਘਿਉ ਮੰਨਿਆ ਗਿਆ ਹੈ। ਇਸ ਕਰਕੇ ਯੱਗ ਵਿਚ ਦੇਸੀ ਘਿਉ, ਖਾਸ ਕਰ ਗੌਕੇ ਘਿਉ ਦੀਆਂ ਆਹੂਤੀਆਂ ਪਾਈਆਂ ਜਾਂਦੀਆਂ ਹਨ।

ਅਗਨੀ ਹਰ ਕਿਤੇ ਹੈ। ਉਹ ਪੌਦਿਆਂ ਵਿਚ ਛੁਪਿਆ ਬੈਠਾ ਹੈ। ਜਦੋਂ ਲੱਕੜਾਂ ਬਾਲਦੇ ਹਾਂ ਉਹ ਪਰਗਟ ਹੋ ਕੇ ਆਕਾਸ਼ ਵਿਚ ਉੱਚਾ ਚਲਾ ਜਾਂਦਾ ਹੈ ਤੇ ਬੱਦਲ ਬਣ ਜਾਦਾ ਹੈ। ਬੱਦਲ ਬਣ ਕੇ ਫਿਰ ਉਹ ਬਾਰਸ਼ ਕਰਦਾ ਹੈ ਜਿਸ ਨਾਲ ਬਿਰਖ ਬੂਟੇ ਪੈਦਾ ਹੁੰਦੇ ਹਨ ਅਤੇ ਵਧਦੇ ਫੁਲਦੇ ਹਨ। ਸੋ ਧੂਏਂ ਦੇ ਰੂਪ ਵਿਚ ਇਹ ਲੱਕੜੀ ਵਿਚੋਂ ਉਪਰ ਉੱਠ ਕੇ ਜਦੋਂ ਬਾਰਸ਼ ਬਣ ਕੇ ਹੇਠਾਂ ਉਤਰਿਆ ਤਾਂ ਫਿਰ ਬੂਟਿਆਂ ਵਿਚ ਸਮਾ ਗਿਆ। ਇਹ ਪਾਣੀਆਂ ਵਿਚ ਵੀ ਮੌਜੂਦ ਹੈ ਤੇ ਆਕਾਸ਼ ਵਿਚ ਇਹ ਬਿਜਲੀ ਬਣ ਕੇ ਲਿਸ਼ਕਾਰੇ ਮਾਰਦਾ ਹੈ। ਸੂਰਜ ਵਿਚ ਵੀ ਅਗਨੀ ਦਾ ਹੀ ਨਿਵਾਸ ਹੈ।

ਅਗਨੀ ਭੂਤਾਂ ਪ੍ਰੇਤਾਂ ਅਤੇ ਲਾਸ਼ਾਂ ਨੂੰ ਖਾ ਜਾਂਦਾ ਹੈ (ਮਨੁੱਖਾਂ ਦੇ ਸਸਕਾਰ ਵੱਲ ਇਸ਼ਾਰਾ ਹੈ)। ਉਹ ਧਰਤੀ ਤੋਂ ਆਕਾਸ਼ ਵੱਲ ਉਪਰ ਨੂੰ ਅਤੇ ਖੱਬੇ ਸੱਜੇ ਚਾਰੇ ਪਾਸੇ ਹਰ ਦਿਸ਼ਾ ਵਿਚ ਫੈਲਿਆ ਹੋਇਆ ਹੈ। ਬਹੁਤ ਸਾਰੇ ਯੁੱਧਾਂ ਵਿਚ ਉਸਨੇ ਇੰਦਰ ਦਾ ਸਾਥ ਦਿੱਤਾ। ਜਦੋਂ ਇੰਦਰ ਨੇ ਅਗਨੀ ਨੂੰ ਕਿਹਾ- ਸ਼ੱਤਰੂ ਦੇ ਨਗਰ ਨਿਗਲ ਜਾਹ ਤਾਂ ਅਗਨੀ ਨੇ ਵਿਆਪਕ ਤਬਾਹੀ ਮਚਾ ਦਿਤੀ ਸੀ।

ਅਗਨੀ ਦੇ ਮੰਤਰ

ਓ ਅਗਨੀ
ਪਿਤਾ ਦੀ ਪੁੱਤਰ ਨਾਲ ਜਿਵੇਂ ਨੇੜਤਾ ਹੈ
ਉਵੇਂ ਸਾਡੇ ਨਾਲ ਸਾਂਝ ਰੱਖ
ਸਾਡਾ ਭਲਾ ਕਰਨ ਹਿਤ ਸਾਡਾ ਸਾਥ ਦੇਹ

ਪਿਤਾਪੁਰਖੀ ਜਾਇਦਾਦ ਵਾਂਗ ਅਗਨੀ ਸਾਡਾ ਧਨ ਹੈ
ਉਹ ਸਾਡਾ ਮਦਦਗਾਰ ਹੈ।
ਵਿਦਵਾਨ ਅਧਿਆਪਕ ਵਾਂਗ ਉਹ ਰੌਚਕ ਅਤੇ ਉੱਤਮ ਸਿੱਖਿਆ ਪ੍ਰਦਾਨ ਕਰਦਾ ਹੈ।
ਤ੍ਰਿਪਤ ਮਹਿਮਾਨ ਵਾਂਗ ਉਹ ਆਰਾਮ ਕਰਦਾ ਹੈ
ਉਹ ਇਕ ਪੁਜਾਰੀ ਵੀ ਹੈ ਤੇ ਆਪਣੇ ਪ੍ਰਸ਼ੰਸਕਾਂ ਨੂੰ ਸੁੰਦਰ ਘਰ ਰਹਿਣ ਲਈ ਦਿੰਦਾ ਹੈ।

ਸੂਰਜ ਵਾਂਗ ਉਹ ਸਭ ਦਾ ਬਰਾਬਰ ਹਿਤਕਾਰੀ ਹੈ
ਜਦੋਂ ਉਹ ਸਾਡੇ ਵਿਚਕਾਰ ਮਿੱਤਰ ਰਾਜਕੁਮਾਰ ਵਾਂਗ ਬੈਠਦਾ ਹੈ
ਤਾਂ ਇੰਜ ਲਗਦਾ ਹੈ ਜਿਵੇਂ ਅਸੀਂ ਪਿਤਾ ਦੀ ਗੋਦ ਵਿਚ ਬੈਠੇ ਹੋਈਏ
ਵਿਸ਼ਵਾਸਪਾਤਰ ਪਤਨੀ ਵਾਂਗ ਉਹ ਬੇਦਾਗ਼ ਹੈ।

ਮਿਸਤਰੀ ਜਿਵੇਂ ਰਥ ਨੂੰ ਸ਼ਿੰਗਾਰਦਾ ਹੈ
ਉਸੇ ਪ੍ਰਕਾਰ ਅੱਗ
ਦੀ ਉਸਤਤ ਅਸੀਂ ਆਪਣੀ ਬੁੱਧੀ ਰਾਹੀਂ ਸ਼ਿੰਗਾਰੀਆਂ ਹੋਈਆਂ ਮੰਤਰ-ਪੰਕਤੀਆ ਨਾਲ ਕਰਦੇ ਹਾਂ।

ਉਹ ਸਮਰੱਥ ਜਾਣੀ ਜਾਣ ਅੰਤਰਜਾਮੀ ਹੈ
ਉਸਦੀ ਹਾਜ਼ਰੀ ਵਿਚ ਸਾਡੇ ਮਨ ਉੱਲਾਸ ਨਾਲ ਭਰ ਜਾਂਦੇ ਹਨ
ਓ ਅਗਨੀ ਤੇਰੀ ਮਿਤਰਤਾ ਸਦਕਾ ਸਾਨੂੰ ਕਸ਼ਟ ਨਾ ਹੋਣ
ਅਸੀਂ ਤੇਰੇ ਹਾਂ।

ਕਿਸ਼ਤੀ ਜਿਵੇਂ ਦਰਿਆ ਪਾਰ ਕਰਵਾ ਦਿੰਦੀ ਹੈ
ਸਾਨੂੰ ਆਪਣੇ ਦੁਸ਼ਮਣਾ ਤੋਂ ਬਚਾ ਕੇ ਪਾਰ ਉਤਾਰ
ਓ ਅਗਨੀ, ਪਾਪ ਸਾਥੋਂ ਵਿਛੜ ਜਾਣ।
ਓ ਅਗਨੀ, ਧਨ ਵੱਲ ਜਾਂਦੇ ਰਸਤੇ ਉਤੇ ਸਾਨੂੰ ਲੈ ਜਾ
ਓ ਚਮਕ ਦਮਕ ਵਾਲੇ ਦੇਵਤਾ ਤੂੰ ਜਾਣੀਜਾਣ ਹੈ
ਪਾਪ ਹੁਸ਼ਿਆਰੀ ਨਾਲ ਸਾਡੇ ਵੱਲ ਵਧਦੇ ਹਨ- ਉਨ੍ਹਾਂ ਤੋਂ ਬਚਾ
ਬੇਅੰਤ ਸੁੰਦਰ ਸ਼ਬਦਾਂ ਨਾਲ ਅਸੀਂ ਤੈਨੂੰ ਪ੍ਰਣਾਮ ਕਰਦੇ ਹਾਂ।

-ਹੇ ਅਗਨੀ ਮੇਰੇ ਵੱਲੋਂ ਭੇਟ ਕੀਤਾ ਈਂਨ੍ਹਣ ਬਾਲਣ ਸਵੀਕਾਰ ਕਰ
ਮੇਰੀ ਸੇਵਾ ਮੰਜੂਰ ਕਰ, ਮੇਰੇ ਗੀਤ ਸੁਣ।
-ਤੂੰ ਧਨ ਦਾ ਮਾਲਕ ਹੈਂ, ਧਨ ਵੰਡਦਾ ਹੈਂ
ਹੇ ਸਮਝਦਾਰ ਅਤੇ ਸ਼ਕਤੀਸ਼ਾਲੀ ਦੇਵ
ਅਸਾਡੇ ਦੁਸ਼ਮਣ ਮਿੱਤਰ ਹੋ ਜਾਣ

-ਉਹ ਸਾਡੇ ਲਈ ਆਕਾਸ਼ ਵਿਚੋਂ ਵਰਖਾ ਭੇਜਦਾ ਹੈ
ਉਹ ਬੇਅੰਤ ਸ਼ਕਤੀ ਦਿੰਦਾ ਹੈ
ਉਹ ਸਾਨੂੰ ਅਣਗਿਣਤ ਖਾਧ ਪਦਾਰਥ ਦਿੰਦਾ ਹੈ।

-ਸਭ ਦੇਵਾਂ ਤੋਂ ਛੋਟੀ ਉਮਰ ਵਾਲੇ
ਦੇਵਾਂ ਦੇ ਦੂਤ, ਪੂਜਾ ਦੇ ਅਧਿਕਾਰੀ
ਆਓ ਆਪਣੇ ਉਪਾਸ਼ਕਾਂ ਪਾਸ ਆਓ
ਅਸੀਂ ਤੁਹਾਡੇ ਵਾਸਤੇ ਬੇਚੈਨ ਹਾਂ
ਤੂੰ ਸਿਆਣਾ ਹੈਂ ਤੂੰ ਆਨੰਦਿਤ ਹੈਂ
ਤੂੰ ਬਲੀ ਦੇਹ, ਨਿਰਵਿਘਨ ਯੱਗ ਸੰਪੂਰਨ ਕਰ
ਇਸ ਪਵਿੱਤਰ ਘਾਹ ਉਪਰ ਬਿਰਾਜਮਾਨ ਰਹਿ।

ਸਰਘੀ ਵੇਲੇ ਸਭ ਤੋਂ ਉੱਚਾ, ਉਹ ਸ਼ਕਤੀਸ਼ਾਲੀ ਦੇਵ
ਰੋਸ਼ਨੀ ਲੈ ਕੇ ਆਇਆ, ਹਨੇਰਿਆਂ ਵਿਚੋਂ ਚਮਕਿਆ
ਚਕਾਚੌਂਧ ਕਰ ਦੇਣ ਵਾਲੇ ਸੁੰਦਰ ਅਗਨੀ ਨੇ
ਜਨਮ ਲੈਂਦਿਆਂ ਹੀ ਮਨੁੱਖੀ ਆਬਾਦੀਆਂ ਵਿਚ ਰੌਣਕਾਂ ਲਾ ਦਿੱਤੀਆਂ

ਧਰਤ ਅਤੇ ਆਕਾਸ਼ ਦੇ ਬੇਟੇ ਅਗਨੀ
ਸੁੰਦਰ ਮੁਖੜੇ ਵਾਲੇ, ਫੁੱਲਾਂ ਉਪਰ ਬਿਖਰੇ ਹੋਏ ਅਗਨੀ
ਰਾਤਾਂ ਅਤੇ ਹਨੇਰਿਆ ਵਿਚੋਂ ਨਿਕਲਣ ਵਾਲੇ ਦੇਵ
ਸਾਨੂੰ ਸੁਖੀ ਰੱਖ।

-ਨਾਸ਼ਵਾਨ ਜੀਵਾਂ ਦੇ ਮਹਿਮਾਨ ਅਗਨੀ ਦੀ ਜੈ ਜੈ ਕਾਰ ਹੋਵੇ
ਪਵਿੱਤਰ ਰਸਮਾਂ ਦੇ ਪੁਜਾਰੀ, ਸ਼ਾਨਦਾਰ ਰਥ ਦੇ ਸਵਾਰ
ਸਾਰੀਆਂ ਬਲੀਆਂ ਦੇ ਜਗਮਗਾਉਂਦੇ ਸੰਕੇਤ
ਸ਼ਕਤੀਸ਼ਾਲੀ, ਦੈਵੀ, ਸਭ ਦੇਵਾਂ ਦੇ ਬਰਾਬਰ ਅਗਨੀ ਦੀ ਜੈ ਜੈ ਕਾਰ ਹੋਵੇ।

-ਤੂੰ ਧਰਤ ਅਕਾਸ਼ ਤਾਣ ਦਿੱਤੇ
ਸਾਡੇ ਮਿੱਤਰ, ਮਾਪਿਆਂ ਦੇ ਸੱਚੇ ਪੁੱਤਰ ਅਗਨੀ
ਆਓ, ਜਵਾਨ ਦੇਵਤਾ ਅਸੀਂ ਤੈਨੂੰ ਸੱਦ ਰਹੇ ਹਾਂ।
ਸਾਡੇ ਪਾਸ ਬਾਕੀ ਦੇਵਤਿਆਂ ਨੂੰ ਵੀ ਲੈ ਕੇ ਆਓ

ਭਗਵਦ ਗੀਤਾ

ਵੈਦਿਕ ਦਰਸ਼ਨ ਦਾ ਤੱਤਸਾਰ ਜੇ ਕਿਸੇ ਇਕ ਗ੍ਰੰਥ ਵਿਚ ਸੂਤਰਬਧ ਹੈ ਤਾਂ ਉਹ ਗੀਤਾ ਹੈ। ਸਦੀਆਂ ਤੋਂ ਇਹ ਗ੍ਰੰਥ ਕਰੋੜਾਂ ਲੋਕਾਂ ਦਾ ਪ੍ਰੇਰਨਾ ਸਰੋਤ ਹੈ। ਪੱਛਮੀ ਦਾਰਸ਼ਨਿਕਾਂ ਨੂੰ ਸਭ ਤੋਂ ਵਧੀਕ ਗੀਤਾ ਨੇ ਟੁੰਬਿਆ। ਅੱਜ ਵਿਸ਼ਵ ਦੀ ਕੋਈ ਮਹੱਤਵਪੂਰਨ ਭਾਸ਼ਾ ਅਜਿਹੀ ਨਹੀਂ ਜਿਸ ਵਿਚ ਗੀਤਾ ਦਾ ਅਨੁਵਾਦ ਨਾ ਮਿਲਦਾ ਹੋਵੇ। ਸਗੋਂ ਇਕ ਇਕ ਭਾਸ਼ਾ ਵਿਚ ਕਈਆਂ ਵਿਦਵਾਨਾਂ ਦੇ ਵੱਖ-ਵੱਖ ਟੀਕੇ ਹਨ। ਗੀਤਾ ਬਾਰੇ ਇਹ ਅਖਾਣ ਹੁਣ ਤਕ ਪ੍ਰਚੱਲਤ ਹੈ ਕਿ ਅਰਜਣ ਵੱਛਾ ਹੈ ਤੇ ਕ੍ਰਿਸ਼ਨ ਗਵਾਲਾ, ਉਪਨਿਸ਼ਦ ਗਾਵਾਂ ਹਨ। ਕ੍ਰਿਸ਼ਨ ਨੇ ਇਨ੍ਹਾਂ ਗਾਵਾਂ ਦਾ ਜੋ ਦੁੱਧ ਚੋਇਆ ਉਸ ਦਾ ਨਾਮ ਗੀਤਾ ਹੈ।

ਮਹਾਨ ਮਹਾਂਕਾਵਿ 'ਮਹਾਂਭਾਰਤ' (ਮਹਾਂਭਾਰਤ ਦਾ ਅਰਥ ਹੈ ਮਹਾਨ ਯੁੱਧ) ਦੇ ਪੱਚੀਵੇਂ ਅਧਿਆਇ ਤੋਂ ਲੈ ਕੇ ਬਿਆਲੀਵੇਂ ਅਧਿਆਇ ਵਿਚ ਗੀਤਾ ਦਾ ਉਚਾਰਨ ਅਠਾਰਾਂ ਅਧਿਆਇਆਂ ਵਿਚ ਦਰਜ ਹੈ। ਗੀਤਾ ਦੀ ਰਚਨਾ ਕਿਵੇਂ ਹੋਈ- ਕਦੀ-ਕਦੀ ਇਉਂ ਲਗਦਾ ਹੈ ਜਿਵੇਂ ਕੋਈ ਇਤਫਾਕੀਆ ਘਟਨਾ ਅਚਾਨਕ ਵਾਪਰੀ ਹੋਵੇ। ਪਰ ਗੁਰੂਆਂ ਅਵਤਾਰਾਂ ਨੇ ਸਾਨੂੰ ਦੱਸਿਆ ਹੈ ਕਿ ਕੋਈ ਘਟਨਾ ਅਚਾਨਕ ਵਾਪਰੀ ਹੋਈ ਅਨਹੋਣੀ ਨਹੀਂ ਹੁੰਦੀ। ਅਸੀਂ ਅਕਸਰ ਦੇਖਦੇ ਹਾਂ ਕਿ ਕਿਸੇ ਜੁਆਨ ਧੀ ਪੁੱਤਰ ਦੀ ਮੌਤ ਉਤੇ ਅਫਸੋਸ ਪਰਗਟ ਕਰਨ ਆਏ ਲੋਕ ਸ਼ਰਧਾਂਜਲੀਆਂ ਅਰਪਣ ਕਰਦੇ ਹੋਏ ਆਖਦੇ ਹਨ- ਇਹ ਅਨਹੋਣੀ ਹੋ ਗਈ ਹੈ। ਕਿਸੇ ਘਟਨਾ ਨੂੰ ਜਿਹੜਾ ਮਨੁੱਖ ਅਨਹੋਣੀ ਕਹਿ ਰਿਹਾ ਹੈ ਤਾਂ ਕੀ ਉਸਨੂੰ ਪਤਾ ਹੈ ਕਿ 'ਹੋਣੀ' ਕੀ ਸੀ? ਜਿਸਨੂੰ 'ਹੋਣੀ' ਦਾ ਪਤਾ ਹੈ ਉਸ ਲਈ ਕੋਈ ਵੀ ਘਟਨਾ ਅਨਹੋਣੀ ਨਹੀਂ ਹੈ। ਜੰਗ ਦੇ ਮੈਦਾਨ ਵਿਚ ਆਪਣੇ ਸਕੇ ਸਬੰਧੀਆਂ, ਗੁਰੂਆਂ ਅਤੇ ਮਿੱਤਰਾਂ ਨੂੰ

ਸਾਹਮਣੇ ਜੰਗ ਲੜਨ ਲਈ ਖਲੋਤੇ ਦੇਖ ਕੇ ਅਰਜਣ ਹਥਿਆਰ ਸੁੱਟ ਦਿੰਦਾ ਹੈ ਤੇ ਆਖਦਾ ਹੈ- ਹੇ ਕ੍ਰਿਸ਼ਨ ਮੈਂ ਆਪਣੇ ਇਨ੍ਹਾਂ ਪਿਆਰਿਆਂ ਨੂੰ ਮਾਰ ਕੇ ਜੇ ਰਾਜ ਪ੍ਰਾਪਤ ਕਰ ਵੀ ਲਿਆ ਤਾਂ ਕੀ ਕਰਾਂਗਾ ਉਸ ਰਾਜ ਨੂੰ ਜਿਸ ਵਿਚ ਇਹ ਸਾਰੇ ਨਹੀਂ ਹੋਣਗੇ ?

ਮਹਾਂਭਾਰਤ ਵਿਚ ਅਨੇਕ ਸੰਕਟ ਵਾਪਰਦੇ ਦਿਖਾਏ ਗਏ ਹਨ- ਪਰ ਇਹ ਸੰਕਟ ਸਭ ਤੋਂ ਨਿਰਾਲਾ ਅਤੇ ਸਿਖਰਲਾ ਹੈ। ਦੋਵੇਂ ਸੈਨਾਵਾਂ ਆਹਮੋ-ਸਾਹਮਣੇ ਹਨ- ਯੁੱਧ ਰੇਖਾ ਖਿੱਚੀ ਜਾ ਚੁੱਕੀ ਹੈ- ਜੰਗ ਦੇ ਬਿਗਲ ਵੱਜ ਰਹੇ ਹਨ ਤੇ ਪਾਂਡਵਾਂ ਦੇ ਸ਼੍ਰੋਮਣੀ ਜਰਨੈਲ ਨੇ ਹਥਿਆਰ ਸੁੱਟ ਦਿੱਤੇ ਹਨ। ਸ੍ਰੀ ਕ੍ਰਿਸ਼ਨ ਜੀ ਸਾਹਮਣੇ ਬਹੁਤ ਸਾਰੀਆਂ ਸਮੱਸਿਆਵਾਂ ਆਈਆਂ ਪਰ ਇਹੋ ਜਿਹੀ ਅਜੀਬ ਸਮੱਸਿਆ ਹੋਰ ਕੋਈ ਨਹੀਂ। ਤਦ ਗੀਤਾ ਦਾ ਉਪਦੇਸ਼ ਪ੍ਰਕਾਸ਼ਵਾਨ ਹੁੰਦਾ ਹੈ। ਸ੍ਰੀ ਕ੍ਰਿਸ਼ਨ ਜੀ ਆਖਦੇ ਹਨ- "ਸੁਣ ਹੇ ਅਰਜਣ।" ਜਿਵੇਂ ਜਿਵੇਂ ਗੀਤਾ ਦਾ ਪਾਠ ਕਰਦੇ ਜਾਈਏ ਤਿਵੇਂ-ਤਿਵੇਂ ਸਾਨੂੰ ਪ੍ਰਤੀਤ ਹੋਣ ਲਗਦਾ ਹੈ ਕਿ ਅਰਜਣ ਤਾਂ ਕੇਵਲ ਇਕ ਨਾਮ ਹੈ- ਇਹ ਤਾਂ ਸਾਨੂੰ ਸੰਬੋਧਨ ਕਰਕੇ ਲਿਖਿਆ ਗਿਆ ਗ੍ਰੰਥ ਹੈ- ਅਰਜਣ ਤਾਂ ਇਤਿਹਾਸ ਵਿਚ ਇਕ ਨਾਇਕ ਵਜੋਂ ਆਇਆ ਅਤੇ ਚਲਾ ਗਿਆ- ਅਸੀਂ ਅਜੇ ਜਿਉਂਦੇ ਜਾਗਦੇ ਹਾਂ ਤੇ ਸਾਡੇ ਸਾਹਮਣੇ ਸਾਡਾ ਆਪਣਾ ਮਹਾਂਭਾਰਤ ਹੈ। ਭਗਵਤ ਗੀਤਾ ਮਨੁਖਤਾ ਦਾ ਰਸਤਾ ਹਮੇਸ਼ਾ ਰੌਸ਼ਨ ਕਰਦੀ ਰਹੀ ਹੈ। ਮਹਾਨ ਗਲਪਕਾਰ ਕ੍ਰਿਸ਼ਨਚੰਦਰ ਲਿਖਦਾ ਹੈ, "ਸਾਡਾ ਜੀਵਨ ਇਕ ਸੰਪੂਰਣ ਮਹਾਂਭਾਰਤ ਹੈ। ਅਸੀਂ ਆਪ ਹੀ ਕੌਰਵ ਹਾਂ ਆਪ ਹੀ ਪਾਂਡਵ। ਅਸੀਂ ਆਪਣਿਆਂ ਨਾਲ ਲੜਨ ਲਈ ਹਥਿਆਰ ਲੈ ਕੇ ਨਿਕਲਦੇ ਹਾਂ ਅਤੇ ਆਪੇ ਆਪਣੇ ਹਥਿਆਰ ਸੁੱਟ ਦਿੰਦੇ ਹਾਂ। ਹਥਿਆਰ ਸੁੱਟਣ ਤੋਂ ਬਾਅਦ ਫਿਰ ਆਪਣੇ ਆਪ ਨੂੰ ਕਹਿੰਦੇ ਹਾਂ- ਸੁਣ ਹੇ ਅਰਜਣ।"

ਭਗਵਦ ਦਾ ਅਰਥ ਹੈ ਭਗਵਾਨ ਤੇ ਗੀਤਾ ਮਾਇਨੇ ਗੀਤ। ਸੋ ਭਗਵਦ ਗੀਤਾ ਦਾ ਅਰਥ ਹੈ- ਭਗਵਾਨ ਦਾ ਗੀਤ। ਜਦੋਂ ਯੁੱਧ ਦੇ ਮੈਦਾਨ ਵਿਚ ਅਰਜਣ ਨਿਰਉਤਸ਼ਾਹਿਤ ਤੇ ਨਿਸਤੇਜ ਹੋ ਗਿਆ ਤੇ ਲੜਨ ਤੋਂ ਇਨਕਾਰ ਕਰ ਦਿੱਤਾ ਤਦ ਉਸਨੂੰ ਗੀਤਾ ਦੇ ਰੂਪ ਵਿਚ ਰੂਹਾਨੀ ਖੁਰਾਕ ਦਿੱਤੀ ਗਈ। ਇਥੇ ਇਕ ਹੋਰ ਦਿਲਚਸਪ ਪ੍ਰਸੰਗ ਸਾਡੇ ਸਾਹਮਣੇ ਆ ਗਿਆ। ਕੌਰਵਾਂ ਅਤੇ ਪਾਂਡਵਾਂ ਸਾਰਿਆਂ ਦਾ ਸ਼੍ਰੋਮਣੀ ਤੀਰ-ਅੰਦਾਜ਼ ਅਰਜਣ ਸੀ। ਇਹ ਉਹੀ ਅਰਜਣ ਸੀ ਜਿਸਨੇ ਮੱਛੀ ਦਾ ਪ੍ਰਛਾਵਾਂ ਤੇਲ ਵਿਚ ਦੇਖ ਕੇ ਅੱਖ ਵਿੰਨ੍ਹ ਦਿੱਤੀ ਸੀ ਤੇ ਸਵੰਬਰ ਵਿਚ ਦ੍ਰੋਪਤੀ ਜਿੱਤ ਲਈ ਸੀ। ਜਦੋਂ ਜੰਗਲ ਵਿਚ ਗੁਰੂ ਦਰੋਣਾਚਾਰਜ ਸ਼ਸਤਰ ਵਿੱਦਿਆ ਸਿਖਾ ਰਹੇ ਸਨ, ਦੂਰ ਇਕ ਰੁੱਖ ਵੱਲ ਇਸ਼ਾਰਾ ਕਰਕੇ ਉਨ੍ਹਾਂ ਪੁੱਛਿਆ- ਕੀ ਦਿਸ ਰਿਹਾ ਹੈ ? ਕਿਸੇ ਨੇ ਕਿਹਾ ਰੁੱਖ ਦਿਸਦਾ ਹੈ। ਕਿਸੇ ਨੇ ਕਿਹਾ ਰੁੱਖ ਉੱਤੇ ਇਕ ਪੰਛੀ ਬੈਠਾ ਦਿਸਦਾ ਹੈ, ਪਰ ਅਰਜਣ ਨੇ ਕਿਹਾ ਕਿ ਮੈਨੂੰ ਕੇਵਲ ਪੰਛੀ ਦੀ ਅੱਖ ਦਿਸਦੀ ਹੈ। ਤਦ ਦਰੋਣਾਚਾਰਜ ਨੇ ਕਿਹਾ- ਬਸ ਫਿਰ ਦੇਖਦਾ ਕੀ ਹੈਂ- ਫੁੰਡ ਦੇਹ। ਅਰਜਣ ਨੇ ਨਿਸ਼ਾਨਾ ਬੰਨ੍ਹਿਆ, ਤੀਰ ਚਲਾਇਆ ਅਤੇ ਪੰਛੀ ਦੀ ਅੱਖ ਫੁੰਡ ਦਿੱਤੀ। ਉਹ ਅਰਜਣ ਜੋ ਮਹਾਨ ਧਨੁਖਧਾਰੀ ਤਾਂ ਹੈ ਹੀ ਸੀ- ਜਿਸਨੂੰ ਕੇਵਲ ਆਪਣਾ ਸੂਖਮ ਤੋਂ ਸੂਖਮ ਨਿਸ਼ਾਨਾ ਦੂਰੋਂ ਦਿਸਦਾ ਹੁੰਦਾ ਸੀ ਉਸੇ ਅਰਜਣ ਦੀਆਂ ਅੱਖਾਂ, ਸਾਹਮਣੇ

ਦਿਸਦੇ ਨਿਸ਼ਾਨੇ ਤੋਂ ਭਟਕ ਗਈਆਂ ਸਨ। ਇਹ ਸਹੀ ਹੈ ਕਿ ਸਭ ਤੋਂ ਤੀਖਣਬੁੱਧ ਵਿਅਕਤੀ ਹੀ ਸਭ ਤੋਂ ਵੱਡੀ ਘੁੰਮਣਘੇਰੀ ਵਿਚ ਫਸਦਾ ਹੈ। ਸ੍ਰੀ ਕ੍ਰਿਸ਼ਨ ਨੇ ਉਸਨੂੰ ਜੋ ਉਪਦੇਸ਼ ਦਿੱਤਾ ਉਹ ਅਰਜਣ ਨੂੰ ਘੁੰਮਣਘੇਰੀ ਵਿਚੋਂ ਕੱਢਣ ਵਾਲਾ ਹੈ। ਕਰਮ ਕਰਨਾ ਤੇ ਕਰਮ ਦੇ ਨਤੀਜਿਆਂ ਦਾ ਵੀ ਧਿਆਨ ਰੱਖਣਾ- ਤੇ ਆਮ ਜੀਵਨ ਵਿਚ ਹੀ ਨਹੀਂ- ਜੰਗ ਦੇ ਮੈਦਾਨ ਵਿਚ ਵੀ- ਇਹ ਕਿਸੇ ਅਰਜਣ ਵਰਗੇ ਮਹਾਨ ਮਨੁੱਖ ਦਾ ਕੰਮ ਹੁੰਦਾ ਹੈ। ਉਹ ਮੌਤ ਤੋਂ ਭੈ-ਭੀਤ ਨਹੀਂ ਹੈ- ਨਾ ਉਸਨੂੰ ਇਹ ਵਹਿਮ ਹੈ ਕਿ ਉਹ ਹਾਰ ਜਾਏਗਾ। ਉਸਦੀ ਸਮੱਸਿਆ ਹੋਰ ਹੈ। ਇਹ ਸਮੱਸਿਆ ਇਕ-ਯੋਧੇ ਦੀ ਨਹੀਂ ਹੈ- ਯੋਧਾ ਤਾਂ ਉਸ ਵਰਗਾ ਕੋਈ ਹੈ ਹੀ ਨਹੀਂ ਹੋਰ। ਵਾਸਤਵ ਵਿਚ ਯੋਧੇ ਤੋਂ ਵੱਡਾ ਉਸ ਅੰਦਰ ਇਕ ਮਨੁੱਖ ਹੈ। ਇਹੀ ਉਸ ਦੀ ਮਹਾਨਤਾ ਹੈ। ਜੰਗ ਦੇ ਮੈਦਾਨ ਵਿਚ ਤਾਂ ਕੇਵਲ ਯੋਧਾ ਹੋਣਾ ਚਾਹੀਦਾ ਸੀ ਅਰਜਣ ਨੂੰ, ਪਰ ਅਜਿਹਾ ਨਹੀਂ ਹੋਇਆ। ਉਸ ਅੰਦਰਲਾ ਵਡੇਰਾ ਇਨਸਾਨ ਉਸਨੂੰ ਦਸਦਾ ਹੈ ਕਿ ਨਤੀਜੇ ਭਿਆਨਕ ਨਿਕਲਣਗੇ- ਕਿ ਗੁਰੂ ਜਨ ਤੇ ਸਖੇ ਮੀਤ ਨਹੀਂ ਰਹਿਣਗੇ। ਉਹ ਸ੍ਰੀ ਕ੍ਰਿਸ਼ਨ ਜੀ ਨੂੰ ਕਹਿ ਰਿਹਾ ਹੈ ਕਿ ਹਾਰ ਜਾਂ ਜਿੱਤ- ਇਸ ਦੀ ਨਾ ਪ੍ਰਵਾਹ ਹੈ ਨਾ ਚਿੰਤਾ। ਯੋਧਾ ਕੇਵਲ ਯੁੱਧ ਕਰਦਾ ਹੈ ਪਰ ਉਸਨੂੰ ਵੱਡੇ ਤੇ ਭਿਆਨਕ ਨਤੀਜਿਆਂ ਦੀ ਚਿੰਤਾ ਹੈ। ਇਹੀ ਅਰਜਣ ਦੀ ਮਹਾਨਤਾ ਹੈ ਤੇ ਇਹੀ ਮਹਾਂਭਾਰਤ ਦੇ ਰਚਣਹਾਰੇ ਮਹਾਂਕਵੀ ਦੀ ਵਡਿੱਤਣ।

ਇੱਥੇ ਇਹ ਗੱਲ ਵਰਣਨ ਯੋਗ ਹੈ ਕਿ ਜਿਸ ਪ੍ਰਕਾਰ ਗੀਤਾ ਦਾ ਗ੍ਰੰਥ ਅੱਜ ਸਾਡੇ ਸਾਹਮਣੇ ਹੈ ਇਹ ਜ਼ਰੂਰੀ ਨਹੀਂ ਕਿ ਇਸ ਰੂਪ ਵਿਚ ਇਹ ਮਹਾਂਭਾਰਤ ਦੇ ਮੈਦਾਨ ਵਿਚ ਸੁਣਾਇਆ ਗਿਆ ਹੋਵੇ। ਉਦੋਂ ਇੰਨੇ ਲੰਮੇ ਪ੍ਰਸ਼ਨਾ ਉੱਤਰਾਂ ਵਾਸਤੇ ਵਕਤ ਨਹੀਂ ਸੀ। ਅਰਜਣ ਸ੍ਰੀ ਕ੍ਰਿਸ਼ਨ ਜੀ ਦੇ ਥੋਹੜੇ ਬੋਲਾਂ ਨਾਲ ਹੀ ਸੰਸਾਰ ਦਾ ਕੁੱਲ ਰਹੱਸ ਸਮਝ ਗਿਆ ਹੋਵੇਗਾ। ਆਖਰ ਉਹ ਭੀਸ਼ਮ ਪਿਤਾਮਾ ਤੇ ਦਰੋਣਾਚਾਰਜ ਦਾ ਵਿਦਿਆਰਥੀ ਸੀ ਤੇ ਕ੍ਰਿਸ਼ਨ ਜੀ ਦਾ ਮਿੱਤਰ। ਉਹ ਆਮ ਵਿਅਕਤੀ ਅਤੇ ਸਾਧਾਰਣ ਲੜਾਕਾ ਨਹੀਂ ਸੀ। ਇਸ ਕਰਕੇ ਦੁਬਾਰਾ ਹਥਿਆਰ ਚੁੱਕਣ ਵਿਚ ਉਸਨੂੰ ਵਧੀਕ ਦੇਰੀ ਨਹੀਂ ਲੱਗੀ। ਪਰ ਅਸੀਂ ਸੰਸਾਰ ਵਿਚਲੀ ਮਾਇਆ ਦੇ ਜਾਲ ਵਿਚ ਏਨੇ ਫਸੇ ਹੋਏ ਹਾਂ ਕਿ ਸਾਨੂੰ ਦੇਰ ਬਾਦ ਗੱਲ ਸਮਝ ਵਿਚ ਆਉਂਦੀ ਹੈ। ਇਸ ਲਈ ਹੋ ਸਕਦਾ ਹੈ ਰਿਸ਼ੀਆਂ ਨੇ ਗੀਤਾ ਦਾ ਵਿਸਥਾਰਪੂਰਵਕ ਰੂਪ ਬਾਦ ਵਿਚ ਸਾਡੀ ਸਹੂਲਤ ਲਈ ਸਿਰਜਿਆ ਹੋਵੇ ਕਿਉਂਕਿ ਅਰਜਣ ਦੇ ਸ਼ੰਕੇ ਦਾ ਹੱਲ ਤਾਂ ਗੀਤਾ ਦੀ ਪਉੜੀ 2.37 ਤੱਕ ਹੀ ਕ੍ਰਿਸ਼ਨ ਜੀ ਨੇ ਕਰ ਦਿੱਤਾ ਸੀ। ਜੇ ਵਿਸਤ੍ਰਿਤ ਰੂਪ ਬਾਦ ਵਿਚ ਬਣਿਆ ਤਦ ਵੀ ਗੀਤਾ ਦੀ ਮਹਾਨਤਾ ਵਿਚ ਕੋਈ ਫਰਕ ਨਹੀਂ ਪੈਂਦਾ। ਕੁੱਲ ਉਪਨਿਸ਼ਦਾਂ ਦਾ ਦਰਸ਼ਨ ਜੇ ਸਾਨੂੰ ਇਕ ਥਾਂ ਤੇ ਪ੍ਰਾਪਤ ਹੁੰਦਾ ਹੈ ਤਾਂ ਉਹ ਗੀਤਾ ਹੀ ਹੈ। ਇਹ ਅਤਿਅੰਤ ਪਵਿੱਤਰ ਧਰਮ ਗ੍ਰੰਥ ਹੈ ਜਿਹੜਾ ਹਨੇਰੇ ਵਿਚ ਭਟਕੇ ਯਾਤਰੂਆਂ ਨੂੰ ਰਸਤਾ ਦਿਖਾਉਂਦਾ ਰਿਹਾ ਹੈ।

ਗੀਤਾ ਦਾ ਤੱਤਸਾਰ

1. ਨਿਸ਼ਕਾਮ ਕਰਮ ਸਰਬੋਤਮ

ਕਰਮ ਕਰਨਾ ਜੀਵਨ ਦਾ ਮੂਲ ਉਦੇਸ਼ ਹੈ। ਕਰਮਹੀਣਤਾ ਦਾ ਭਾਵ ਹੈ ਜੜ੍ਹ ਹੋ ਜਾਣਾ, ਨਿਰਜਿੰਦ ਹੋ ਜਾਣਾ। ਗਿਆਨੀ ਪੁਰਖ ਕਰਮ ਕਰਦੇ ਹਨ ਪਰ ਉਨ੍ਹਾਂ

ਕਰਮਾਂ ਤੋਂ ਇਹ ਆਸ ਨਹੀਂ ਰਖਦੇ ਕਿ ਲਾਭ ਅਵੱਸ਼ ਮਿਲੇਗਾ। ਉਹ ਸਹੀ ਮਾਰਗ ਤੇ ਚਲਦੇ ਨਫੇ ਨੁਕਸਾਨ ਦੀ ਪ੍ਰਵਾਹ ਨਹੀਂ ਕਰਦੇ।

2. ਤਿਆਗ

ਗੀਤਾ ਵਿਚ ਤਿਆਗ ਸ਼ਬਦ ਦੀ ਬਹੁਤ ਵਾਰੀ ਵਰਤੋਂ ਹੋਈ ਹੈ ਪਰ ਇਸ ਦਾ ਅਰਥ ਸਨਿਆਸ ਲੈ ਲੈਣਾ ਸਹੀ ਨਹੀਂ। ਸ੍ਰੀ ਕ੍ਰਿਸ਼ਨ ਆਪ ਸਨਿਆਸੀ ਨਹੀਂ ਸਨ। ਅਰਜਣ ਗ੍ਰਹਿਸਥੀ ਸੀ, ਫਿਰ ਜਦੋਂ ਉਹ ਤਿਆਗ ਸਬਦ ਦਾ ਪ੍ਰਯੋਗ ਕਰਦੇ ਹਨ ਤਾਂ ਇਸ ਦਾ ਭਾਵ ਹੈ ਸੰਸਾਰ ਵਿਚ ਰਹਿਣਾ ਪਰ ਸੰਸਾਰੀ ਨਹੀਂ ਹੋਣਾ। ਆਪਣੇ ਕਰਤੱਵ ਨੂੰ ਨਾ ਭੁੱਲਣਾ ਹੀ ਸਭ ਤੋਂ ਵੱਡਾ ਤਿਆਗ ਹੈ। ਗੀਤਾ ਦਾ ਵਾਕ ਹੈ- ਜੋ ਆਤਮ (ਪਰਮਾਤਮਾ) ਦਾ ਉਪਾਸ਼ਕ ਹੈ ਤੇ ਜੋ ਆਤਮ ਤੋਂ ਸੰਤੁਸ਼ਟ ਹੈ- ਕੇਵਲ ਆਤਮ ਤੋਂ- ਉਹ ਫਰਜ਼ਾਂ ਤੋਂ ਸੁਤੰਤਰ ਹੋ ਜਾਂਦਾ ਹੈ।

3. ਅਵਤਾਰ-ਸਿਧਾਂਤ:

ਸ੍ਰੀ ਕ੍ਰਿਸ਼ਨ ਜੀ ਗੀਤਾ ਵਿਚ ਅਰਜਣ ਸਾਹਮਣੇ ਆਪਣੀ ਈਸ਼ਵਰੀ ਸ਼ਕਤੀ ਦਾ ਪ੍ਰਤੱਖ ਪ੍ਰਗਟਾਵਾ ਕਰਕੇ ਆਖਦੇ ਹਨ- ਮੈਂ ਹਾਂ ਪੁਰਸ਼ੋਤਮ, ਮੈਂ ਹਾਂ ਉਹ ਜਿਸਨੇ ਸ੍ਰਿਸ਼ਟੀ ਰਚੀ ਤੇ ਆਪਣੀ ਕੁੱਲ ਸ਼ਕਤੀ ਦੇ ਇਕ ਨਿੱਕੇ ਜਿਹੇ ਹਿੱਸੇ ਨਾਲ ਇਸ ਨੂੰ ਚਲਾ ਰਿਹਾ ਹਾਂ। ਤਿੰਨ ਲੋਕਾਂ ਅਤੇ ਤਿੰਨ ਕਾਲਾਂ ਦਾ ਵਾਸਾ ਮੇਰੇ ਵਿਚ ਹੈ- ਮੈਂ ਹਾਂ ਇਨ੍ਹਾਂ ਦਾ ਜਨਮਦਾਤਾ।

ਫਿਰ ਉਹ ਆਖਦੇ ਹਨ ਕਿ ਕੇਵਲ ਹੁਣ ਨਹੀਂ ਜਦੋਂ ਸੰਸਾਰ ਵਿਚ ਅਧਰਮ ਦਾ ਪਸਾਰਾ ਹੋ ਜਾਂਦਾ ਹੈ ਤੇ ਧਰਮ ਨਸ਼ਟ ਹੋ ਜਾਂਦਾ ਹੈ- ਮੈਂ ਅਵਤਾਰ ਧਾਰਦਾ ਹਾਂ ਤੇ ਫਿਰ ਸ੍ਰਿਸਟੀ ਨੂੰ ਧਰਮ ਮਾਰਗ ਉੱਤੇ ਚਲਾਉਂਦਾ ਹਾਂ।

4. ਪ੍ਰਭੂ ਦੀ ਸ਼ਰਣ-

> ਸ੍ਰੀ ਕ੍ਰਿਸ਼ਨ ਆਖਦੇ ਹਨ-
> ਉਸ ਦੀ ਸ਼ਰਣ ਵਿਚ ਆਉ, ਸੰਪੂਰਨ ਮਨ ਨਾਲ।
> ਹੇ ਭਾਰਤ ਉਸਦੀ ਕਿਰਪਾ ਨਾਲ ਤੁਸੀਂ ਅਨੂਪਮ ਸ਼ਾਂਤੀ ਤੇ ਉਚਤਮ ਸਵਰਗ ਪ੍ਰਾਪਤ ਕਰ ਪਾਓਗੇ।

ਕ੍ਰਿਸ਼ਨ ਜੀ ਹਿਚਕਚਾ ਰਹੇ ਅਰਜਣ ਨੂੰ ਜੰਗ ਦੀ ਪ੍ਰੇਰਨਾ ਦਿੰਦੇ ਕਹਿੰਦੇ ਹਨ- ਜਿਨ੍ਹਾਂ ਨੂੰ ਤੂੰ ਸਾਹਮਣੇ ਖਲੋਤੇ ਦੇਖ ਰਿਹਾ ਹੈਂ- ਮੈਂ ਇਨ੍ਹਾਂ ਨੂੰ ਪਹਿਲੋਂ ਹੀ ਮਾਰ ਚੁੱਕਾ ਹਾਂ। ਕੇਵਲ ਦਿਖਾਈ ਦੇ ਰਹੇ ਹਨ ਇਹ, ਜਿਉਂਦੇ ਨਹੀਂ। ਜਿਹੜੇ ਜਿਉਂਦੇ ਨਹੀਂ ਹਨ, ਉਨ੍ਹਾਂ ਨੂੰ ਮਾਰਨ ਦਾ ਪਾਪ ਤੇਰੇ ਤੇ ਨਹੀਂ ਲੱਗੇਗਾ। ਸੋ ਯੁੱਧ ਕਰ ਤੇ ਹੱਕ ਦੀ ਲੜਾਈ ਲੜ। ਵਿਸ਼ਵਾਸ ਰੱਖ।

ਮਹਾਂਭਾਰਤ ਦੇ ਯੁੱਧ ਵਿਚ ਕ੍ਰਿਸ਼ਨ ਜੀ ਅਰਜਣ ਦੇ ਰਥਵਾਨ ਹਨ ਤੇ ਗੀਤਾ ਵਿਚ ਉਹ ਸਰਬਸ਼ਕਤੀਮਾਨ, ਸਰਬਵਿਆਪਕ, ਅੰਤਰਜਾਮੀ ਪਾਰਬ੍ਰਹਮ ਪਰਮੇਸ਼ਵਰ ਹਨ। ਇਸੇ ਪੱਖ ਤੋਂ ਗੀਤਾ ਦੀ ਮਹੱਤਤਾ ਸਦੀਵੀ ਬਣ ਗਈ ਹੈ ਕਿਉਂਕਿ ਹਵਸ, ਈਰਖਾ ਲੋਭ, ਹੰਕਾਰ ਅਤੇ ਬਦੀ ਦਾ ਮਹਾਂਭਾਰਤ ਹਰ ਮਨੁੱਖ ਦੇ ਆਲੇ ਦੁਆਲੇ ਪਸਰਿਆ ਹੋਇਆ ਹੈ। ਮਨੁੱਖ ਦੀ ਲੋਚਾ ਹੈ ਕਿ ਇਨ੍ਹਾਂ ਬੁਰਾਈਆਂ ਉੱਤੇ ਫਤਹਿਯਾਬ ਹੋ ਕੇ ਰਣਯੋਧਾ ਬਣੇ। ਰਜਨੀਸ਼ ਆਖਦੇ ਹਨ, ਕ੍ਰਿਸ਼ਨ ਜੀ ਹਰ ਯੁੱਗ

ਵਿਚ ਹਰ ਵਿਅਕਤੀ ਦੇ ਹਰ ਸੰਕਟ ਵਿਚ ਰਥਵਾਨ ਬਣਨ ਲਈ ਤਿਆਰ ਹਨ। ਉਹ ਰਥਵਾਨ ਬਣਨ ਲਈ ਤਿਆਰ ਹਨ ਪਰ ਅਸੀਂ ਉਨ੍ਹਾਂ ਨੂੰ ਇਹ ਕਾਰਜ ਸੌਂਪਣ ਲਈ ਤਿਆਰ ਨਹੀਂ ਕਿਉਂਕਿ ਜੇ ਉਨ੍ਹਾਂ ਨੇ ਸਾਡੇ ਜੀਵਨ ਦੀ ਅਗਵਾਈ ਕਰਨੀ ਸ਼ੁਰੂ ਕਰ ਦਿੱਤੀ...ਜੇ ਉਨ੍ਹਾਂ ਨੂੰ ਰਥ ਦੀਆਂ ਵਾਗਾਂ ਫੜਾ ਦਿੱਤੀਆਂ, ਫਿਰ ਉਹ ਹੋਵੇਗਾ ਜੋ ਰਥਵਾਨ ਚਾਹੇਗਾ। ਪਰ ਅਸੀਂ ਚਾਹੁੰਦੇ ਹਾਂ ਮਨਮਰਜ਼ੀ ਕਰੀਏ। ਇਸੇ ਕਰਕੇ ਗੀਤਾ ਨੂੰ ਅਲਮਾਰੀਆਂ ਦਾ ਸ਼ਿੰਗਾਰ ਬਣਾ ਕੇ ਰੱਖ ਲੈਂਦੇ ਹਾਂ। ਇਸ ਨੂੰ ਮੰਨਦੇ ਨਹੀਂ। ਮੰਨਣ ਨਾਲ ਨੇਕੀ ਦੇ ਰਾਹ ਤੁਰਨਾ ਪਵੇਗਾ ਤੇ ਇਹ ਰਾਹ ਔਕੜਾਂ ਭਰਿਆ ਹੈ.....ਇਸ ਰਾਹ ਉੱਤੇ ਪੀੜ ਪਰਾਈ ਦਾ ਧਿਆਨ ਪਹਿਲਾਂ ਰੱਖਣਾ ਪਵੇਗਾ ਸਵਾਰਥ ਛੱਡਣਾ ਪਵੇਗਾ। ਜੇ ਆਪਣੇ ਰਿਸ਼ਤੇਦਾਰ ਜਾਂ ਪਰਿਵਾਰ ਦੇ ਜੀਅ ਗਲਤ ਹਨ ਤਾਂ ਉਨ੍ਹਾਂ ਦੇ ਵਿਰੁਧ ਖਲੋਣਾ ਪਵੇਗਾ। ਕੌਣ ਇਹੋ ਜਿਹੇ ਰਥਵਾਨ ਨੂੰ ਨੇੜੇ ਰੱਖ ਕੇ ਸੰਕਟ ਸਹੇੜੇਗਾ। ਕੋਈ ਅਰਜਣ ਹੀ ਹੋ ਸਕਦਾ ਹੈ ਇਹੋ ਜਿਹਾ। ਥੋੜ੍ਹੇ ਹੋਣ ਭਾਵੇਂ, ਪਰ ਕੁਝ ਲੋਕ ਅਜਿਹੇ ਹਨ ਜਿਨ੍ਹਾਂ ਦਾ ਰਥਵਾਨ ਕ੍ਰਿਸ਼ਨ ਹੈ।

ਰਚਣਹਾਰ

ਗੀਤਾ ਦੇ ਕਰਤਾ ਨੇ ਆਪਣਾ ਨਾਮ ਗ੍ਰੰਥਾਂ ਵਿਚ ਅੰਕਿਤ ਨਹੀਂ ਕੀਤਾ। ਅਜਿਹਾ ਰਿਵਾਜ ਨਹੀਂ ਸੀ। ਰਿਸ਼ੀ ਲੋਕ ਸਮਝਦੇ ਸਨ ਕਿ ਜੇ ਚੰਗੀ ਬਾਣੀ ਉਤਰੀ ਹੈ ਤਾਂ ਉਹ ਮਨੁੱਖ ਦੀ ਨਹੀਂ ਦੈਵੀ ਹੈ। ਇਸ ਗ੍ਰੰਥ ਦੇ ਰਚਨਕਾਰ ਅਤੇ ਰਚਨਾਕਾਲ ਬਾਰੇ ਵਿਦਵਾਨਾਂ ਨੇ ਬਹੁਤ ਸਾਰੇ ਵਿਚਾਰ ਭਿੰਨ ਭਿੰਨ ਪ੍ਰਕਾਰ ਦੇ ਦਿੱਤੇ ਹਨ। ਗਾਰਬੇ ਦਾ ਮੱਤ ਇਹ ਹੈ ਕਿ ਪਹਿਲੋਂ ਇਹ ਸਾਂਖਯੋਗ ਦਾ ਗ੍ਰੰਥ ਸੀ ਤੇ ਪਿੱਛੋਂ ਜਾ ਕੇ ਕ੍ਰਿਸ਼ਨ-ਭਗਤਾਂ ਨੇ ਇਸ ਵਿਚ ਤਬਦੀਲੀਆਂ ਕਰਕੇ ਵਰਤਮਾਨ ਰੂਪ ਦੇ ਦਿੱਤਾ। ਹਾਪਕਿਨਜ਼ ਦਾ ਕਹਿਣਾ ਹੈ ਕਿ ਆਰੰਭ ਵਿਚ ਇਹ ਵਿਸ਼ਨੂੰ-ਭਗਤਾਂ ਵੱਲੋਂ ਰਚਿਆ ਗਿਆ ਗ੍ਰੰਥ ਸੀ ਤੇ ਹੋ ਸਕਦਾ ਹੈ ਉਸ ਤੋਂ ਪਹਿਲਾਂ ਇਹ ਨਿਰੋਲ ਰੂਹਾਨੀਅਤ ਦੀ ਕਵਿਤਾ ਹੋਵੇ ਤੇ ਬਾਅਦ ਵਿਚ ਉਪਨਿਸ਼ਦਾਂ ਤੋਂ ਵੀ ਪਿੱਛੋਂ ਇਸਨੂੰ ਹੁਣ ਵਾਲਾ ਰੂਪ ਮਿਲਿਆ ਹੋਵੇ। ਕੁੱਝ ਵਿਦਵਾਨ ਇਸ ਨੂੰ ਇਕ ਉਪਨਿਸ਼ਦ ਹੀ ਆਖਦੇ ਹਨ ਜੋ ਸਾਰੇ ਉਪਨਿਸ਼ਦਾਂ ਤੋਂ ਬਾਅਦ ਰਚਿਆ ਗਿਆ ਹੋਣ ਕਰਕੇ ਵਧੀਕ ਸੰਖੇਪ, ਸਟੀਕ ਤੇ ਸਾਰਥਕ ਬਣ ਗਿਆ ਕਿਉਂਕਿ ਪਹਿਲੇ ਗ੍ਰੰਥਾਂ ਦਾ ਤੱਤਸਾਰ ਇਸ ਵਿਚ ਸਮਾ ਚੁੱਕਾ ਹੈ। ਰੁਡਲਫ ਆਟੋ ਦਾ ਵਿਚਾਰ ਹੈ ਕਿ ਮੂਲ ਗੀਤਾ ਸੰਖਿਪ ਵਿਚ ਕ੍ਰਿਸ਼ਨ ਵੱਲੋਂ ਅਰਜਣ ਨੂੰ ਪਾਈ ਇਕ ਵੰਗਾਰ ਸੀ ਜਿਸ ਵਿਚ ਗੰਭੀਰ ਦਾਰਸ਼ਨਿਕ ਸੰਵਾਦ ਨਹੀਂ ਸਨ। ਇਕੋ ਮਸਲਾ ਸਾਹਮਣੇ ਸੀ- ਅਰਜਣ ਦਾ ਯੁੱਧ ਲੜਨੋ ਇਨਕਾਰ ਕਰਨਾ ਤੇ ਕ੍ਰਿਸ਼ਨ ਦਾ ਉਸਨੂੰ ਆਪਣੇ ਫਰਜ਼ ਤੋਂ ਚੇਤੰਨ ਕਰਵਾ ਕੇ ਮੁੜ ਤਿਆਰ ਕਰਨਾ। ਬਾਕੀ ਦੀ ਦਾਰਸ਼ਨਿਕਤਾ ਪਿਛਲੇਰੇ ਵਿਦਵਾਨਾ ਦਾ ਕਾਰਜ ਹੈ।

ਜਿੱਥੋਂ ਤਕ ਰਚਣਹਾਰੇ ਦਾ ਸਬੰਧ ਹੈ- ਉਸ ਬਾਰੇ ਵਧੇਰੇ ਕਿੰਤੂ-ਪਰੰਤੂ ਬੇਅਰਥ ਹਨ ਕਿਉਂਕਿ ਮਹਾਂਭਾਰਤ ਦਾ ਕਰਤਾ ਵੇਦ-ਵਿਆਸ ਹੈ ਤਾਂ ਗੀਤਾ ਦਾ ਕਰਤਾ ਹੋਰ ਕੋਈ ਕਿਵੇਂ ਹੋ ਗਿਆ। ਸੋ ਬਿਨਾ ਸ਼ੱਕ ਗੀਤਾ ਦੀ ਰਚਨਾ ਵਿਆਸ ਦਾ ਕੀਤਾ ਗਿਆ ਮਹਾਨ ਕਾਰਜ ਹੈ ਜਿਸ ਵਿਚ ਪੂਰਬਲੀ ਸਾਧਨਾ ਤੇ ਆਤਮਕ-ਪ੍ਰਾਪਤੀਆਂ ਦਾ ਸਹਾਰਾ ਨਿਰਸੰਦੇਹ ਲਿਆ ਗਿਆ ਹੈ। ਇਹ ਠੀਕ ਹੈ ਕਿ ਏਡੀ ਲੰਮੀ ਫਿਲਾਸਫੀ,

ਪ੍ਰਸ਼ਨਉੱਤਰ-ਇਹ ਸਭ ਯੁੱਧ ਦੇ ਮੈਦਾਨ ਵਿਚ ਉਦੋਂ ਸੰਭਵ ਨਹੀਂ ਜਦੋਂ ਤਤਪਰ ਫੌਜਾਂ ਆਹਮੋ-ਸਾਹਮਣੇ ਖਲੋਤੀਆਂ ਹਨ ਤੇ ਯੁੱਧ ਦੇ ਬਿਗਲ ਵੱਜ ਚੁੱਕੇ ਹਨ।

ਗੀਤਾ ਓਨੀ ਹੀ ਪੁਰਾਣੀ ਹੈ ਜਿੰਨਾ ਪੁਰਾਣਾ ਮਹਾਂਭਾਰਤ। ਪਰ ਸਾਡੇ ਪਾਸ ਸਭ ਤੋਂ ਪੁਰਾਤਨ ਰੂਪ ਉਹ ਹੈ ਜਿਸਦਾ ਸ਼ੰਕਰ ਨੇ ਟੀਕਾ ਕੀਤਾ ਹੈ। ਉਸਤੋਂ ਪਹਿਲੋਂ ਵੀ ਟੀਕੇ ਹੋਏ ਹੋਣਗੇ ਤੇ ਇਸ ਗ੍ਰੰਥ ਦੀਆਂ ਸੈਂਚੀਆਂ ਮੌਜੂਦ ਹੋਣਗੀਆਂ ਪਰ ਸਾਡੇ ਪਾਸ ਸ਼ੰਕਰ ਦੇ ਭਾਸ਼ਯ ਤੋਂ ਪੁਰਾਣਾ ਕੋਈ ਰੂਪ ਨਹੀਂ ਜਿਸ ਕਰਕੇ ਸ਼ੰਕਰ ਦੇ ਗ੍ਰੰਥ ਨੂੰ ਹੀ ਪੁਰਾਣੀ ਤੇ ਵਿਸ਼ਵਾਸਯੋਗ ਰਚਨਾ ਮੰਨਿਆ ਗਿਆ ਹੈ। ਸ਼ੰਕਰ ਦਾ ਸਮਾਂ 788 ਤੋਂ 820 ਈਸਵੀ ਵਿਚਕਾਰ ਦਾ ਹੈ।

ਸ਼ੰਕਰ ਦੇ ਵਿਚਾਰਾਂ ਦਾ ਵਿਕਾਸ ਆਨੰਦ ਗਿਰੀ (ਤੇਹਰਵੀਂ ਸਦੀ) ਫਿਰ ਸ੍ਰੀਧਰ (ਚੌਂਧਵੀਂ ਸਦੀ), ਮਧੁਸੂਦਨ (ਸੋਹਲਵੀਂ ਸਦੀ), ਤੇ ਨੇ ਕੀਤਾ। ਇਨ੍ਹਾਂ ਸੰਤਾਂ ਨੇ ਵੀ ਗੀਤਾ ਦੇ ਭਾਸ ਲਿਖੇ ਪਰ ਇਨ੍ਹਾਂ ਦਾ ਵਿਸ਼ਲੇਸ਼ਣ ਮੌਲਿਕ ਨਹੀਂ ਸੀ ਸਗੋਂ ਸ਼ੰਕਰ ਦੇ ਵਿਚਾਰਾਂ ਨੂੰ ਹੀ ਅੱਗੇ ਤੋਰਨਾ ਇਨ੍ਹਾਂ ਦਾ ਮਨੋਰਥ ਸੀ।

ਰਾਮਾਨੁਜ (ਗਿਆਰਵੀਂ ਸਦੀ), ਮਾਧਵ (ਬਾਹਰਵੀਂ ਸਦੀ ਈਸਵੀ), ਨਿੰਬਾਰਕ (ਬਾਹਰਵੀਂ ਸਦੀ), ਵੱਲਭਾਚਾਰੀਆ (ਪੰਦਰਵੀਂ ਸਦੀ ਈਸਵੀ) ਨੇ ਸੁਤੰਤਰ ਰੂਪ ਵਿਚ ਗੀਤਾ ਦੀ ਵਿਆਖਿਆ ਆਪੋ ਆਪਣੇ ਦ੍ਰਿਸ਼ਟੀਕੋਣ ਤੋਂ ਕੀਤੀ। ਵਰਤਮਾਨ ਸਮੇਂ ਵਿਚ ਬਾਲ ਗੰਗਾਧਰ ਤਿਲਕ, ਸ੍ਰੀ ਅਰਵਿੰਦੋ, ਮਹਾਤਮਾ ਗਾਂਧੀ, ਵਿਨੋਬਾ ਭਾਵੇ, ਭਗਵਾਨ ਰਜਨੀਸ਼ ਅਤੇ ਡਾ. ਰਾਧਾ ਕ੍ਰਿਸ਼ਨਨ ਨੇ ਗੀਤਾ ਦੇ ਸ਼ਬਦਾਰਥ ਤੇ ਟੀਕੇ ਲਿਖੇ ਹਨ।

ਗੀਤਾ ਦੀ ਵਿਆਖਿਆ ਪੱਛਮ ਦੇ ਵਿਦਵਾਨਾਂ ਨੇ ਵੀ ਕੀਤੀ ਹੈ। ਇਨ੍ਹਾਂ ਵਿਚ ਕੇ. ਟੀ. ਤੇਲਾਂਗ, ਆਰ. ਗਾਰਬੇ, ਰੁਡਲਫ ਓਟੋ, ਜੈਕੋਬੀ, ਹੱਪਕਿਨਜ਼ ਅਤੇ ਮੈਕਸਮੂਲਰ ਦੇ ਕੰਮ ਗੰਭੀਰ ਅਧਿਐਨ ਦਾ ਨਤੀਜਾ ਹਨ। ਹਰੇਕ ਵਿਦਵਾਨ, ਚਾਹੇ ਭਾਰਤੀ ਚਾਹੇ ਵਿਦੇਸ਼ੀ, ਸਭ ਦੀ ਆਪਣੀ ਕਿਸਮ ਦੀ ਵਿਆਖਿਆ ਹੈ ਤੇ ਕਈ ਵਾਰ ਇਕ ਦੂਜੇ ਦੀ ਵਿਰੋਧੀ। ਇਸ ਨਾਲ ਇਸ ਗ੍ਰੰਥ ਦੀ ਮੂਲ ਸਚਾਈ ਉੱਤੇ ਕੋਈ ਫਰਕ ਨਹੀਂ ਪੈਂਦਾ ਕਿਉਂਕਿ ਗੀਤਾ ਦੀ ਕਥਾ ਭਗਵਾਨ ਦੀ ਕਹਾਣੀ ਹੈ, ਭਗਵਾਨ ਦਾ ਕੋਈ ਇਕ ਵਰਣਨ ਨਹੀਂ ਹੋ ਸਕਦਾ ਸਗੋਂ ਕਹਿਣਾ ਚਾਹੀਦਾ ਹੈ ਵਰਣਨ ਹੋ ਹੀ ਨਹੀਂ ਸਕਦਾ, ਇਸ ਕਰਕੇ ਜਿੰਨੇ ਵੀ ਵਰਣਨ/ਅਰਥ ਹੋਣਗੇ ਉਹ ਸਾਰੇ ਟੀਕਾਕਾਰ ਦੇ ਨਿੱਜੀ ਦ੍ਰਿਸ਼ਟੀਕੋਣ ਦਾ ਪ੍ਰਗਟਾਵਾ ਹੋਣਗੇ। ਦੂਸਰੇ ਪੱਖ ਤੋਂ ਕਿਉਂਕਿ ਉਸਦੀ ਕੋਈ ਨਿਸ਼ਚਿਤ ਇਕ ਵਿਆਖਿਆ ਹੈ ਹੀ ਨਹੀਂ ਭਗਵਾਨ ਦਾ ਇਹ ਗੀਤ ਇਸੇ ਕਰਕੇ ਲਾਸਾਨੀ ਹੈ ਕਿਉਂਕਿ ਵਿਆਖਿਆ ਵਿਚ ਵੀ ਤੇ ਅਨੁਭਵ ਵਿਚ ਵੀ ਇਹ ਅਨੰਤ ਹੈ।

ਮਾਰਗ

ਮਾਰਗ ਦਾ ਅਰਥ ਹੈ ਰਸਤਾ। ਉਹ ਰਸਤਾ ਜਿਹੜਾ ਭਗਵਾਨ ਤਕ ਪੁਚਾ ਦੇਵੇ ਸਹੀ ਮਾਰਗ ਹੈ। ਕੋਈ ਇਕੋ ਇਕ ਰਸਤਾ ਅਜਿਹਾ ਨਹੀਂ ਹੈ ਜਿਹੜਾ ਉਸ ਤਕ ਪੁਚਾਵੇ। ਕਈ ਰਾਹ ਹਨ, ਕਿਸੇ ਨੂੰ ਕੋਈ ਰਾਹ ਸਹੀ ਲਗਦਾ ਹੈ ਤੇ ਉਸ ਰਾਹੀਂ ਮੰਜ਼ਿਲ ਉੱਤੇ ਪੁੱਜ ਜਾਂਦਾ ਹੈ ਜਦੋਂ ਕਿ ਕਿਸੇ ਦੂਸਰੇ ਨੂੰ ਕੋਈ ਹੋਰ ਰਾਹ

ਪਸੰਦ ਆਉਂਦਾ ਹੈ। ਬੁਧਮਤਿ ਵਿਚ ਇਸ ਨੂੰ ਧੰਮ (ਧਰਮ) ਕਿਹਾ ਹੈ ਤੇ ਗੁਰਮਤਿ ਵਿਚ ਪੰਥ। ਗੀਤਾ ਵਿਚ ਤਿੰਨ ਮੁੱਖ ਮਾਰਗ ਸੁਝਾਏ ਗਏ ਹਨ ਜੋ ਜਗਿਆਸੂਆਂ ਨੂੰ ਉੱਤਮ ਨਿਸ਼ਾਨੇ ਤਕ ਪਹੁੰਚਾਂਦੇ ਹਨ। ਇਹ ਤਿੰਨ ਮਾਰਗ ਨਿਮਨਲਿਖਤ ਹਨ-

1. ਕਰਮ ਮਾਰਗ
2. ਭਗਤੀ ਮਾਰਗ
3. ਗਿਆਨ ਮਾਰਗ

ਕਰਮ ਮਾਰਗ

ਕਰਮ ਦਾ ਸਿੱਧਾ ਸਾਦਾ ਅਰਥ ਹੈ ਕੰਮ। ਮਨੁੱਖ ਤਾਂ ਕੀ ਸੰਸਾਰ ਵਿਚ ਚੇਤਨ ਅਚੇਤਨ ਹਰ ਵਸਤ ਕਿਸੇ ਨਾ ਕਿਸੇ ਪ੍ਰਕਾਰ ਦੇ ਕਰਮ ਕਰਨ ਵਿਚ ਰੁੱਝੀ ਹੋਈ ਹੈ। ਪਸ਼ੂ ਪੰਛੀ ਵਾਸ਼ਨਾਵਾਂ ਅਧੀਨ ਕਰਮ ਕਰਦੇ ਹਨ, ਬੁਰੇ ਭਲੇ ਦੇ ਗਿਆਨ ਤੋਂ ਬਗੈਰ। ਕੇਵਲ ਮਨੁੱਖ ਹੈ ਜਿਸ ਨੂੰ ਪਤਾ ਹੈ ਕੀ ਚੰਗਾ ਹੈ ਕੀ ਮੰਦਾ। ਜੇ ਮਨੁੱਖ ਜਾਣਕਾਰ ਹੋਣ ਦੇ ਬਾਵਜੂਦ ਹਵਸ ਅਧੀਨ ਬੁਰਾਈ ਕਰਦਾ ਹੈ ਤਾਂ ਉਹ ਮਨੁੱਖ ਨਹੀਂ ਪਸ਼ੂ ਹੈ। ਸਗੋਂ ਕਹਿਣਾ ਚਾਹੀਦਾ ਹੈ ਕਿ ਪਸ਼ੂ ਤੋਂ ਬਦਤਰ ਹੈ ਕਿਉਂਕਿ ਬੁਰੇ ਕੰਮ ਕਰਨ ਲਈ ਡੂੰਘੀਆਂ ਸਾਜ਼ਸ਼ਾਂ ਰਚਣ ਵਾਸਤੇ ਉਸ ਪਾਸ ਦਿਮਾਗ ਵੀ ਹੈ। ਪਰ ਜੇ ਸਾਰਥਕ ਦਿਸ਼ਾ ਵੱਲ ਸੰਜਮੀ ਹੋ ਕੇ ਚੱਲੇ, ਪਰਉਪਕਾਰੀ ਹੋ ਕੇ ਜੀਵਨ ਬਤੀਤ ਕਰੇ, ਤਦ ਅਜਿਹਾ ਸਦਾਚਾਰੀ ਮਨੁੱਖ ਆਤਮਿਕ ਤੌਰ ਤੇ ਉਪਰ ਉਠਦਾ ਹੈ। ਉਸਦਾ ਆਪਣਾ ਭਲਾ ਵੀ ਹੁੰਦਾ ਹੈ। ਕਿਉਂਕਿ ਹੋਰਾਂ ਲਈ ਪ੍ਰੇਰਨਾ ਸਰੋਤ ਬਣਦਾ ਹੈ ਇਸ ਲਈ ਬਾਕੀਆਂ ਲਈ ਵੀ ਕਲਿਆਣਕਾਰੀ ਬਣਦਾ ਹੈ। ਜਦੋਂ ਅਸੀਂ ਗ੍ਰੰਥਾਂ ਵਿਚ ਪੜ੍ਹਦੇ ਹਾਂ ਕਿ ਫਲਾਣੇ ਮਹਾਤਮਾ ਨੂੰ ਨੇਕ ਹੋਣ ਕਰਕੇ ਵਰ ਮਿਲਿਆ ਸੀ ਕਿ ਤੇਰੀਆਂ ਸੱਤ ਕੁਲਾਂ ਸੁਰਗ ਵਿਚ ਜਾਣਗੀਆਂ- ਉਸਦਾ ਇਹੀ ਭਾਵ ਸੀ ਕਿ ਨੇਕ ਮਨੁੱਖ ਦੀ ਸੰਤਾਨ ਪੀੜ੍ਹੀ ਦਰ ਪੀੜ੍ਹੀ ਨੇਕੀ ਕਰਦੀ ਜਾਂਦੀ ਹੈ।

ਹੌਲੀ-ਹੌਲੀ ਕਰਮ ਸ਼ਬਦ ਦਾ ਅਰਥ 'ਕਿਸਮਤ' ਸਮਝਿਆ ਜਾਣ ਲੱਗਾ। ਅਸੀਂ ਦੁੱਖ ਵਿਚ ਆਖਦੇ ਹਾਂ "ਸਭ ਕਰਮਾਂ ਦਾ ਫਲ ਹੈ। ਸਾਡੇ ਤਾਂ ਮਾੜੇ ਕਰਮ ਹਨ।" ਕਰਮ ਸ਼ਬਦ ਦਾ ਅਰਥ ਕਿਸਮਤ ਵਿਚ ਤਬਦੀਲ ਹੋ ਜਾਣ ਦੀ ਘਟਨਾ ਸੁਭਾਵਕ ਹੈ ਕਿਉਂਕਿ ਕਰਮ (ਭਾਵ ਕੰਮ) ਦਾ ਨਤੀਜਾ ਉਹ ਹੋਵੇਗਾ ਜਿਹੋ ਜਿਹਾ ਕਰਮ ਕੀਤਾ ਜਾਵੇਗਾ। ਨੇਕੀ ਕਰਾਂਗੇ ਤਾਂ ਨੇਕੀ ਮਿਲੇਗੀ। ਬੁਰਾ ਕਰਾਂਗੇ ਤਾਂ ਦੁੱਖਾਂ ਵਿਚ ਗ੍ਰਸਤ ਹੋਵਾਂਗੇ।

ਜਦੋਂ ਇਹ ਦੇਖਿਆ ਗਿਆ ਕਿ ਕੁਝ ਬੰਦੇ ਲਗਾਤਾਰ ਬੁਰਾਈ ਕਰਦੇ ਆ ਰਹੇ ਹਨ ਪਰ ਬੁਰੇ ਕਰਮਾਂ ਦੇ ਫਲਸਰੂਪ ਉਨ੍ਹਾਂ ਨੂੰ ਸਜ਼ਾ ਨਹੀਂ ਮਿਲ ਰਹੀ....ਸਗੋਂ ਐਸ਼ਪੂਰਣ ਜੀਵਨ ਬਿਤਾ ਕੇ ਸੰਸਾਰ ਤੋਂ ਗਏ ਹਨ ਤਾਂ ਇਸ ਗੁੰਝਲ ਦਾ ਹੱਲ ਲੱਭਣ ਵਾਸਤੇ ਮਨੁੱਖ ਯਤਨਸ਼ੀਲ ਹੋਇਆ। ਇਵੇਂ ਕੀ ਨੇਕੀ ਕਰਨ ਵਾਲੇ ਮਨੁੱਖ ਕਸ਼ਟ ਭੋਗਦੇ ਰਹੇ। ਅਜਿਹਾ ਵਰਤਾਰਾ ਕਿਉਂ ਹੋ ਰਿਹਾ ਹੈ? ਜੇ ਅਜਿਹਾ ਹੈ ਤਾਂ ਕਰਮ ਦੇ ਸਿਧਾਂਤ ਦੀ ਕੀ ਸਾਰਥਕਤਾ ਹੋਈ? ਇਸ ਉਲਝਣ ਵਿਚੋਂ ਆਵਾਗਉਣ, ਭਾਵ ਪੁਨਰ ਜਨਮ, ਯਾਨੀ ਕਿ ਬਾਰ ਬਾਰ ਜਨਮ ਲੈਣ ਦੇ ਸਿਧਾਂਤ ਦਾ ਜਨਮ ਹੋਇਆ। ਜੇ ਮਾੜੇ ਕਰਮ ਕਰਨ ਵਾਲੇ ਨੂੰ ਇਸ ਜਨਮ ਵਿਚ ਸਜ਼ਾ ਨਹੀਂ ਮਿਲੀ ਤਾਂ ਅਗਲੇ

ਜਨਮ ਵਿਚ ਉਹ ਇਸਦਾ ਫਲ ਅਵੱਸ਼ ਭੁਗਤੇਗਾ। ਸੋ ਕਰਮਾਂ ਦਾ ਫਲ ਤਾਂ ਅਵੱਸ਼ ਮਿਲਣਾ ਹੈ ਪਰ ਕਦੋਂ ਮਿਲੇ- ਪਤਾ ਨਹੀਂ। ਚੰਗੀਆਂ ਮਾੜੀਆਂ ਜੂਨਾਂ ਨੂੰ ਵੀ ਕਰਮ ਦੇ ਸਿਧਾਂਤ ਨਾਲ ਜੋੜ ਦਿੱਤਾ ਗਿਆ। ਜਿਹੜਾ ਵਿਅਕਤੀ ਸਾਰੀ ਉਮਰ ਪੁੰਨ-ਕਾਰਜ ਕਰੇਗਾ ਉਹ ਜਨਮ-ਮਰਨ ਦੇ ਗੇੜ ਤੋਂ ਮੁਕਤ ਹੋ ਜਾਵੇਗਾ ਤੇ ਬ੍ਰਹਮ ਵਿਚ ਲੀਨ ਹੋ ਜਾਵੇਗਾ। ਵਧੇਰੇ ਚੰਗੇ ਕਰਮ ਕਰਨ ਵਾਲਾ ਵਿਅਕਤੀ ਵਧੇਰੇ ਚੰਗੀ ਜੂਨ ਵਿਚ ਜਨਮ ਲਵੇਗਾ। ਬਦ ਲੋਕ ਕਰਮਾਂ ਅਨੁਸਾਰ ਚੁਰਾਸੀ ਲੱਖ ਜੂਨਾਂ ਵਿਚ ਕਿਸੇ ਵੀ ਥਾਂ ਦੁੱਖ ਭੋਗ ਸਕਦੇ ਹਨ। ਪਸ਼ੂ, ਜਿਹੜੇ ਦੂਜਿਆਂ ਦੀ ਖੁਰਾਕ ਬਣਦੇ ਹਨ ਜਾਂ ਸਾਰੀ ਉਮਰ ਭਾਰ ਢੋਂਦੇ ਹਨ ਉਨ੍ਹਾਂ ਦਾ ਕੀ ਕਸੂਰ ਹੈ? ਉਤਰ ਹੈ ਕਿ ਇਸ ਜਨਮ ਵਿਚ ਕੋਈ ਕਸੂਰ ਨਾ ਸਹੀ- ਇਹ ਪਿਛਲੇ ਜਨਮ ਦੇ ਕਰਮਾਂ ਦਾ ਫਲ ਭੁਗਤ ਰਹੇ ਹਨ।

ਕਰਮਾਂ ਦਾ ਸਿਧਾਂਤ ਭਾਰਤ ਵਿਚ ਪਹਿਲੀ ਵੇਰ ਗੀਤਾ ਵਿਚ ਪੇਸ਼ ਹੋਇਆ ਹੋਵੇ ਅਜਿਹੀ ਗੱਲ ਨਹੀਂ। ਵੇਦਾਂ ਵਿਚ ਵੀ, ਜੈਨ ਮਤਿ ਅਤੇ ਬੁਧਮਤਿ ਵਿਚ ਵੀ ਇਹ ਸਿਧਾਂਤ ਆਪਣੇ ਆਪਣੇ ਢੰਗ ਰਾਹੀਂ ਪੇਸ਼ ਹੋਇਆ ਹੈ। ਗੀਤਾ ਦਾ ਸਬੰਧ ਕਿਉਂਕਿ ਵੈਦਿਕ ਦਰਸ਼ਨ ਨਾਲ ਹੈ ਇਸ ਕਰਕੇ ਇਥੇ ਵੈਦਿਕ ਕਰਮ ਦਰਸ਼ਨ ਵੱਲ ਹੀ ਪੰਛੀ ਝਾਤ ਪੁਆਈ ਜਾਵੇਗੀ।

ਵੇਦਾਂ ਵਿਚ ਕਰਮ ਦਾ ਸਿਧਾਂਤ ਕੇਵਲ ਮੌਜੂਦ ਹੀ ਨਹੀਂ ਸਗੋਂ ਵੱਖ-ਵੱਖ ਢੰਗ ਤਰੀਕੇ ਸੁਝਾਏ ਗਏ ਹਨ ਜਿਨ੍ਹਾਂ ਨੂੰ ਕਰਨ ਨਾਲ ਸੁਖਦਾਈ ਜੀਵਨ, ਚੰਗੀ ਸਿਹਤ, ਖੁਸ਼ਹਾਲੀ ਤੇ ਭਰਪੂਰ ਫਸਲਾਂ ਪ੍ਰਾਪਤ ਹੁੰਦੀਆਂ ਹਨ ਤੇ ਦੂਜੇ ਪਾਸੇ ਬਿਮਾਰੀ, ਕੰਗਾਲੀ ਅਤੇ ਮੌਤ ਤੋਂ ਛੁਟਕਾਰਾ ਪ੍ਰਾਪਤ ਹੁੰਦਾ ਹੈ। ਵੇਦਾਂ ਵਿਚ ਦ੍ਰਿਸ਼ਟਮਾਨ ਅਤੇ ਅਦ੍ਰਿਸ਼ਟ ਦੇਵਤਿਆਂ ਅੱਗੇ ਉਚਾਰਣ ਕੀਤੇ ਜਾਣ ਵਾਲੇ ਅਨੇਕ ਮੰਤਰ ਹਨ ਜਿਨ੍ਹਾਂ ਰਾਹੀਂ ਅਸੀਂ ਮਨੋਇਛਤ ਕਰਮ ਪ੍ਰਾਪਤ ਕਰ ਸਕਦੇ ਹਾਂ। ਯੱਗ ਅਤੇ ਬਲੀ ਵੀ ਕਰਮਾ ਦੀ ਸ਼ੁੱਧਤਾ ਹਿਤ ਕੀਤੇ ਜਾਣ ਵਾਲੇ ਕਰਮ-ਕਾਂਡ ਹਨ। ਵਿਸ਼ਵਾਸ ਕੀਤਾ ਜਾਂਦਾ ਸੀ ਕਿ ਬੁਰੇ ਕੰਮ ਕਰਨ ਵਾਲਾ ਵਿਅਕਤੀ ਵੀ ਯੱਗ, ਹਵਨ ਅਤੇ ਬਲੀ ਆਦਿਕ ਰਸਮਾਂ ਰਾਹੀਂ ਕਰਮਯੋਗੀ ਬਣ ਸਕਦਾ ਸੀ। ਦੇਵਤਿਆਂ ਅੱਗੇ ਭੇਟਾ ਰੱਖੋ, ਬਦਲੇ ਵਿਚ ਉਹ ਵਰਦਾਨ ਦੇਣਗੇ। ਇਸੇ ਪਰਕਾਰ, ਜੇ ਖੁਸ਼ਹਾਲ ਜੀਵਨ ਜਿਉਂ ਰਹੇ ਹੋ ਤਾਂ ਦਾਨ ਦਿਉ-ਕਿਉਂਕਿ ਇਹ ਦੇਵਤਿਆਂ ਦੀ ਕਿਰਪਾ ਸਦਕਾ ਹੈ।

ਜਿਸ ਮਨੋਰਥ ਨੂੰ ਸਾਹਮਣੇ ਰੱਖ ਕੇ ਕਰਮ ਕੀਤੇ ਜਾਣ ਉਹ ਮਨੋਰਥ ਉਚਿਤ ਹੋਵੇ ਤਦ ਹੀ ਕਰਮ ਸਾਰਥਕ ਹੋਣਗੇ। ਜੇ ਚੋਰ ਚੋਰੀ ਕਰਨ ਤੋਂ ਪਹਿਲਾਂ ਸਫਲਤਾ ਦੀ ਪ੍ਰਾਪਤੀ ਹਿਤ ਮੰਤਰ ਉਚਾਰਦਾ ਹੈ ਤਾਂ ਉਸਦਾ ਮੰਤਰ-ਉਚਾਰਣ ਪੁੰਨ ਕਰਮ ਨਹੀਂ ਮੰਨਿਆ ਜਾਵੇਗਾ। ਇਸੇ ਪ੍ਰਕਾਰ ਇਕ ਬੰਦਾ ਕਿਸੇ ਦੀ ਇਜ਼ਤ ਬਚਾਉਣ ਲਈ ਸੰਗਰਾਮ ਕਰ ਰਿਹਾ ਹੈ ਪਰ ਦੂਜਾ ਇਜ਼ਤ ਲੁੱਟਣ ਲਈ ਹਥਿਆਰ ਚਲਾ ਰਿਹਾ ਹੈ ਤਾਂ ਦੂਜਾ ਵਿਅਕਤੀ ਪਾਪੀ ਅਖਵਾਏਗਾ ਭਾਵੇਂ ਕਿ ਦੋਵੇਂ ਹਥਿਆਰਾਂ ਨਾਲ ਇਕ ਦੂਜੇ ਵਿਰੁੱਧ ਜੰਗ ਲੜ ਰਹੇ ਹਨ।

ਗੀਤਾ ਵਿਚ ਸਮੱਸਿਆ ਆ ਗਈ ਹੈ ਕਿ ਅਰਜਣ ਕਰਮ ਕਰਨ ਨਾਲੋਂ ਕਰਮਹੀਣਤਾ ਨੂੰ ਤਰਜੀਹ ਦੇ ਰਿਹਾ ਹੈ। ਉਸ ਅਨੁਸਾਰ ਯੁੱਧ ਵਿਚਲੀਆਂ ਹੱਤਿਆਵਾਂ ਪਾਪ-ਕਾਰਜ ਹਨ- ਇਸ ਲਈ ਇਨ੍ਹਾਂ ਤੋਂ ਬਚਿਆ ਜਾਵੇ- ਕਰਮ ਕੀਤਾ ਹੀ ਨਾ ਜਾਵੇ, ਯੁੱਧ ਕਰਨ ਦੀ ਥਾਂ ਸੰਨਿਆਸ ਲੈ ਲਿਆ ਜਾਵੇ।

ਅਰਜਣ ਦੀਆਂ ਯੁੱਧ ਵਿਰੁੱਧ ਦਲੀਲਾਂ ਜਾਂ ਕਰਮ ਦਾ ਤਿਆਗ ਕਰਨ ਦੀ ਵਕਾਲਤ, ਵਾਸਤਵ ਵਿਚ ਭਾਰਤੀ ਦਰਸ਼ਨ ਦਾ ਮਹੱਤਵਪੂਰਨ ਅੰਗ ਬਣੀ ਰਹੀ। ਜੈਨਮਤਿ ਅਤੇ ਸਾਂਖ ਦਰਸ਼ਨ ਵਿਚ ਅੱਜ ਤਕ ਕਰਮ ਦੇ ਤਿਆਗ ਉੱਤੇ ਬਲ ਦਿੱਤਾ ਜਾਂਦਾ ਹੈ ਪਰ ਕ੍ਰਿਸ਼ਨ ਦਾ ਫਲਸਫਾ ਮਨੁੱਖ ਨੂੰ ਪ੍ਰਚੰਡ ਸਕ੍ਰਿਯ ਕਰਮ ਕਰਨ ਵੱਲ ਪ੍ਰੇਰਿਤ ਕਰਦਾ ਹੈ।

ਅਰਜਣ ਦਾ ਯੁੱਧ ਦੇ ਵਿਰੁੱਧ ਹੋ ਜਾਣਾ ਉਸ ਦੇ ਮਨ ਵਿਚ ਗਿਆਨ ਦਾ ਪ੍ਰਕਾਸ਼ ਹੋ ਜਾਣਾ ਨਹੀਂ ਸਗੋਂ ਮੋਹ ਦਾ ਉਤਪੰਨ ਹੋ ਜਾਣਾ ਹੈ। ਉਹ ਯੁੱਧ ਤਾਂ ਪਹਿਲਾਂ ਵੀ ਅਨੇਕ ਵਾਰ ਲੜ ਚੁੱਕਾ ਹੈ। ਇੱਥੇ ਵੀ, ਵਰਤਮਾਨ ਪ੍ਰਸੰਗ ਵਿਚ ਉਹ ਕੁੱਲ ਸੰਸਾਰ ਵਿਚ ਹੋ ਰਹੇ ਜਾਂ ਹੋਣ ਵਾਲੇ ਯੁੱਧਾਂ ਦੇ ਖਿਲਾਫ ਨਜ਼ਰ ਨਹੀਂ ਆਉਂਦਾ- ਸਗੋਂ ਕੇਵਲ ਇਸ ਮਹਾਂਭਾਰਤ ਯੁੱਧ ਵਿਚ ਸ਼ਸਤਰ ਨਹੀਂ ਚਲਾਉਣਾ ਚਾਹੁੰਦਾ ਕਿਉਂਕਿ ਸਾਹਮਣੇ ਉਸਦੇ ਗੁਰੂ, ਬਾਬੇ ਅਤੇ ਬਾਕੀ ਰਿਸ਼ਤੇਦਾਰ ਖਲੋਤੇ ਹਨ। ਸਨਿਆਸ ਉਸ ਅਵਸਥਾ ਦਾ ਨਾਮ ਹੈ ਜਿੱਥੇ ਨਿੱਜੀ ਭਾਵਨਾਵਾਂ ਤੋਂ ਉੱਪਰ ਉੱਠ ਕੇ ਕਰਮ ਦੇ ਤਿਆਗ ਵੱਲ ਪ੍ਰੇਰਿਤ ਕਰੇ ਪਰ ਇਥੇ ਤਾਂ ਨਿਜੀ ਭਾਵਨਾਵਾਂ ਦਾ ਵੱਸ ਚੱਲ ਰਿਹਾ ਹੈ। ਇਸੇ ਕਰਕੇ ਕ੍ਰਿਸ਼ਨ ਜੀ ਅਰਜਣ ਨੂੰ ਆਖਦੇ ਹਨ ਕਿ ਇਸ ਵਕਤ ਤੂੰ ਸ਼ਸਤਰ ਸੁੱਟ ਕੇ ਕਰਮਾਂ ਦਾ ਤਿਆਗ ਨਹੀਂ ਕਰ ਰਿਹਾ, ਕਾਇਰਤਾ ਦਾ ਸਬੂਤ ਦੇ ਰਿਹਾ ਹੈਂ।

ਕ੍ਰਿਸ਼ਨ ਜੀ ਕਹਿੰਦੇ ਹਨ ਕਿ ਮੋਹ ਤਿਆਗ ਕੇ ਨਿਰਸੁਆਰਥ ਹੋ ਕੇ ਕੇਵਲ ਫਰਜ਼ ਦੀ ਪੂਰਤੀ ਲਈ ਯੁੱਧ ਲੜ। ਅਜਿਹਾ ਕਰੇਂਗਾ ਤਾਂ ਤੇਰੇ ਵਿਚ ਹਿੰਸਾ ਨਹੀਂ ਆਏਗੀ ਕਿਉਂਕਿ ਤੂੰ ਬਦਲਾਖੋਰ ਨਹੀਂ ਹੈਂ, ਕੇਵਲ ਆਪਣੇ ਫਰਜ਼ ਦੀ ਪਛਾਣ ਕਰ ਰਿਹਾ ਹੈਂ। ਜਿਨ੍ਹਾਂ ਨੂੰ ਤੂੰ ਤਿਆਰ ਬਰ ਤਿਆਰ ਆਪਣੇ ਸਾਹਮਣੇ ਖਲੋਤੇ ਦੇਖ ਰਿਹਾ ਹੈਂ- ਵਾਸਤਵ ਵਿਚ ਉਹ ਮਰ ਚੁੱਕੇ ਹੋਏ ਹਨ। ਤੇਰਾ ਕੀ ਖਿਆਲ ਹੈ ਕਿ ਤੂੰ ਦ੍ਰਿਸ਼ਟੀ ਦਾ ਚਾਲਕ ਹੈਂ, ਜਾਂ ਤੂੰ ਕਿਸੇ ਵਿਸ਼ੇਸ਼ ਘਟਨਾ ਦਾ ਮੂਲ ਕਾਰਨ ਹੈਂ ਜਾਂ ਨਤੀਜਾ?....ਤੂੰ ਵਿਧਾਤਾ ਦੇ ਵਿਧਾਨ ਵਿਚ ਆਪਣਾ ਸਥਾਨ ਦੇਖ ਕੇ ਫਰਜ਼ ਦੀ ਪੂਰਤੀ ਕਰ।

ਅਰਜਣ ਦਾ ਮੋਹਵਸ ਹਥਿਆਰ ਸੁੱਟਣਾ ਅਹਿੰਸਾ ਦੇ ਮਹਾਨ ਅਸੂਲ ਦੀ ਪਾਲਣਾ ਨਹੀਂ ਸਗੋਂ ਕ੍ਰਿਸ਼ਨ ਅਨੁਸਾਰ ਘੋਰ ਅਗਿਆਨਤਾ ਕਾਰਨ ਹੈ। ਅਨਿਆਂ ਵਿਰੁੱਧ ਲੜਨਾ ਸੂਰਮਗਤੀ ਹੈ ਤੇ ਉਸਤੋਂ ਭੱਜ ਜਾਣਾ ਕਾਇਰਤਾ ਹੈ ਅਹਿੰਸਾ ਨਹੀਂ। ਲੜਦਿਆਂ ਹੋਇਆਂ ਸਹਿਜ ਭਾਵ ਵਿਚ ਵਿਚਰਨਾ ਆਪਣੇ ਅਹੰਕਾਰ ਨੂੰ ਜਾਗਣ ਨਾ ਦੇਣਾ ਤੇ ਇਸ ਸਭ ਵਰਤਾਰੇ ਨੂੰ ਦੈਵੀ-ਖੇਡ ਸਮਝਣਾ ਸਰਬੋਤਮ ਕਰਤੱਵ ਹੈ।

ਗੀਤਾ ਵਿਚ ਇਹ ਉਪਦੇਸ਼ ਤਾਂ ਬਾਰ ਬਾਰ ਦੁਹਰਾਇਆ ਹੀ ਹੈ ਕਿ ਕਰਮ ਕਰੋ, ਕਰਮ ਜੀਵਨ ਦਾ ਅਵੱਸ਼ਕ ਅੰਗ ਹੈ- ਪਰ ਨਾਲ ਹੀ ਇਹ ਵੀ ਕਿਹਾ ਹੈ ਕਿ ਕਰਮ ਕਰਦੇ ਹੋਏ ਉਸਦੇ ਫਲ ਪ੍ਰਤੀ ਆਸਵੰਦ ਨਾ ਹੋਵੇ। ਕਰਮ ਕਰੋ- ਪਰ ਕਰਮ ਨਿਸ਼ਕਾਮ ਹੋਵੇ। ਚੰਗੇ ਫਲ ਦੀ ਪ੍ਰਾਪਤੀ ਲਈ ਚੰਗਾ ਕਰਮ ਕਰਨਾ ਵੀ ਇਕ ਵੱਖਰੀ ਤਰ੍ਹਾਂ ਦਾ ਸੁਆਰਥ ਹੈ। ਕਰਮਯੋਗ ਬਾਰੇ ਕ੍ਰਿਸ਼ਨ ਜੀ ਤੀਜੇ ਅਧਿਆਇ ਵਿਚ ਇਉਂ ਫੁਰਮਾਨ ਕਰਦੇ ਹਨ,

"ਹੇ ਅਰਜਨ, ਇਸ ਸੰਸਾਰ ਵਿਚ ਮੈਂ ਦੋ ਪ੍ਰਕਾਰ ਦੀ ਆਤਮਿਕ ਜ਼ਿੰਦਗੀ ਬਤੀਤ ਕਰਨ ਦਾ ਉਪਦੇਸ਼ ਦਿੱਤਾ ਸੀ- ਅਕਲਵੰਦਾਂ ਲਈ ਗਿਆਨ ਮਾਰਗ ਅਤੇ ਕ੍ਰਿਆਸ਼ੀਲ ਮਨੁੱਖਾਂ ਲਈ ਕਰਮ-ਮਾਰਗ। ਕਰਮ ਨਾ ਕਰਨ ਨਾਲ ਕੋਈ ਬੰਦਾ ਕਰਮ ਤੋਂ ਮੁਕਤ ਨਹੀਂ ਹੋ ਸਕਦਾ ਤੇ ਕੰਮ ਛੱਡ ਦੇਣ ਨੂੰ ਸਨਿਆਸ ਨਹੀਂ ਕਿਹਾ ਜਾਂਦਾ, ਇਹ ਸਿੱਧੀ ਨਹੀਂ ਹੈ। ਮਨੁੱਖ ਪਲ ਭਰ ਵੀ ਬਗੈਰ ਕਰਮ ਕਰਨ ਦੇ ਨਹੀਂ ਰਹਿ ਸਕਦਾ। ਕੁਦਰਤ ਦੇ ਨਿਯਮਾਂ ਅਨੁਸਾਰ ਹਰ ਹਾਲਤ ਵਿਚ ਵਿਅਕਤੀ ਨੂੰ ਕਰਮ ਕਰਨਾ ਪੈਂਦਾ ਹੈ। ਤੇਰੇ ਲਈ ਜੋ ਕਾਰਜ ਨਿਸ਼ਚਿਤ ਹੈ ਸੋ ਤੂੰ ਕਰ ਕਿਉਂਕਿ ਕਰਮ ਕਰਨਾ ਕਰਮਹੀਣ ਹੋਣ ਤੋਂ ਚੰਗਾ ਹੈ। ਬਿਨਾ ਕਰਮ ਕਰਨ ਦੇ ਤਾਂ ਤੇਰਾ ਸਰੀਰ ਵੀ ਨਹੀਂ ਬਚ ਸਕਦਾ। ਜਿਹੜੇ ਕਰਮ ਯੱਗ ਵਾਸਤੇ ਕੀਤੇ ਜਾਂਦੇ ਹਨ ਉਨ੍ਹਾਂ ਨੂੰ ਛੱਡ ਕੇ ਬਾਕੀ ਸਾਰਾ ਸੰਸਾਰ ਕਰਮਬੰਧਨ ਵਿਚ ਗ੍ਰਸਤ ਕਰਨ ਵਾਲਾ ਹੈ, ਇਸ ਲਈ ਹੇ ਕੁੰਤੀਪੁੱਤਰ ਕਰਮ ਕਰ, ਤੇਰਾ ਕਰਮ ਯੱਗ ਦਾ ਹੀ ਇਕ ਰੂਪ ਹੋਵੇਗਾ।"

ਫਿਰ ਕ੍ਰਿਸ਼ਨ ਜੀ ਦਾ ਕਰਮਾਂ ਬਾਰੇ ਫੁਰਮਾਨ ਹੈ-

"ਜੋ ਮਨੁੱਖ ਕੇਵਲ ਆਤਮ ਵਿਚ ਆਨੰਦ ਅਨੁਭਵ ਕਰਦਾ ਹੈ, ਉਹ ਆਤਮ ਤੋਂ ਸੰਤੁਸ਼ਟ ਹੈ, ਤੇ ਜੋ ਆਤਮ ਤੋਂ ਸੰਤੁਸ਼ਟ ਹੈ ਉਸ ਵਾਸਤੇ ਅਜਿਹਾ ਕੋਈ ਕਾਰਜ ਨਹੀਂ ਜੋ ਕਰਨਾ ਜ਼ਰੂਰੀ ਹੋਵੇ। ਇਸੇ ਤਰ੍ਹਾਂ ਇਸ ਸੰਸਾਰ ਵਿਚ ਉਸ ਵਾਸਤੇ ਕੋਈ ਅਜਿਹੀ ਵਸਤੂ ਨਹੀਂ ਰਹਿੰਦੀ ਜੋ ਉਨ੍ਹਾਂ ਕਰਮਾਂ ਦੁਆਰਾ ਪ੍ਰਾਪਤ ਹੋਈ ਹੋਵੇ ਜੋ ਉਸਨੇ ਕੀਤੇ ਹਨ ਜਾਂ ਉਨ੍ਹਾਂ ਕਰਮਾਂ ਨਾਲ ਪ੍ਰਾਪਤ ਹੋਣੀ ਹੋਵੇ ਜੋ ਨਹੀਂ ਕੀਤੇ। ਕਿਸੇ ਪ੍ਰਾਣੀ ਉਤੇ ਉਹ ਆਪਣੇ ਸਵਾਰਥ ਵਾਸਤੇ ਨਿਰਭਰ ਨਹੀਂ ਰਹਿੰਦਾ। ਇਸ ਵਾਸਤੇ ਹੇ ਅਰਜਨ ਤੂੰ ਇੱਛਾ ਮੁਕਤ ਹੋ ਕੇ ਸਦਾ ਯੋਗ ਕਰਮ ਕਰਦਾ ਰਹਿ ਕਿਉਂਕਿ ਨਿਸ਼ਕਾਮ ਕਰਮ ਕਰਨ ਵਾਲਾ ਮਨੁੱਖ ਸਰਬੋਤਮ ਪਰਮੇਸ਼ਵਰ ਨੂੰ ਪ੍ਰਾਪਤ ਕਰ ਲੈਂਦਾ ਹੈ।"

ਬਾਰ ਬਾਰ ਕ੍ਰਿਸ਼ਨ ਜੀ ਹੁਕਮ ਦਿੰਦੇ ਹਨ- "ਹੇ ਅਰਜਣ ਜੰਗ ਲੜ। ਕਰਮ ਦਾ ਤਿਆਗ ਨਾ ਕਰ, ਯੁੱਧ ਕਰ, ਖੱਤਰੀ ਦਾ ਇਹੋ ਧਰਮ ਹੈ।" "ਮਨੁੱਖ ਬੇਸ਼ਕ ਗਿਆਨਵਾਨ ਵੀ ਕਿਉਂ ਨਾ ਹੋਵੇ.....ਆਪਣੇ ਸੁਭਾਅ ਅਨੁਸਾਰ ਕਾਰਜ ਕਰਦਾ ਹੈ। ਪਸ਼ੂ ਆਪਣੇ ਅੰਤਰੀਵੀ ਸੁਭਾਅ ਅਨੁਸਾਰ ਚਲਦੇ ਹਨ....ਜੋਰ ਜਬਰਦਸਤੀ ਕਿਧਰੇ ਨਹੀਂ ਚਲਦੀ।" "ਹੇ ਕੁੰਤੀ ਪੁੱਤਰ ਤੇਰਾ ਇਹ ਸੋਚਣਾ ਕਿ ਤੂੰ ਆਪਣੀ ਮਰਜ਼ੀ ਨਾਲ ਕਰਮ ਕਰਨੇ ਛੱਡ ਸਕਦਾ ਹੈਂ ਜਾਂ ਯੁੱਧ ਨਾ ਕਰਨ ਦਾ ਫੈਸਲਾ ਕਰ ਸਕਦਾ ਹੈਂ ਵਿਅਰਥ ਹੈ। ਤੇਰੇ ਅੰਤਰੀਵੀ ਗੁਣ ਤੈਨੂੰ ਯੁੱਧ ਕਰਨ ਲਈ ਪ੍ਰੇਰਨਗੇ...ਨਾ ਚਾਹੇਂ ਤਦ ਵੀ ਤੈਨੂੰ ਯੁਧ ਵਿਚ ਕਿਰਿਆਸ਼ੀਲ ਹੋਣਾ ਪਵੇਗਾ। ਆਦਮੀ ਕੁਦਰਤ ਦੇ ਹੱਥ ਵਿਚ ਇਕ ਖਿਡੌਣਾ ਹੈ ਕੇਵਲ।"

ਕ੍ਰਿਸ਼ਨ ਜੀ ਆਖਦੇ ਹਨ ਕਿ ਸਾਧਾਰਣ ਪ੍ਰਾਣੀ ਤਾਂ ਕੀ ਮੈਂ ਤਿੰਨ ਲੋਕਾਂ ਦਾ ਸੁਆਮੀ ਵੀ ਖਾਸ ਅਨੁਸ਼ਾਸਨ ਵਿਚ ਸਕ੍ਰਿਯ ਹਾਂ, ਜੇ ਮੈਂ ਸੁਸਤ ਹੋ ਜਾਵਾਂ ਸਾਰਾ ਸੰਸਾਰ ਸੁਸਤ ਹੋ ਜਾਵੇਗਾ। ਜੇ ਮੈਂ ਜੜ੍ਹ ਹੋ ਜਾਵਾਂ ਵਿਸ਼ਵ ਜੜ੍ਹ ਹੋ ਜਾਵੇ।

ਗੀਤਾ ਤੋਂ ਪਹਿਲੇ ਸਮਿਆਂ ਵਿਚ ਦੋ ਪ੍ਰਕਾਰ ਦੀ ਵਿਚਾਰਧਾਰਾ ਪ੍ਰਚੱਲਤ ਸੀ। ਗ੍ਰਹਿਸਥੀ ਲੋਕ ਕਰਮਸ਼ੀਲ ਸਨ ਪਰ ਉਹ ਕਰਮ ਕਰਕੇ ਉਸਦੇ ਫਲ ਦੇ ਆਸਵੰਦ ਸਨ। ਦੂਜੇ ਪਾਸੇ ਸਨਿਆਸੀ ਸਨ ਜਿਹੜੇ ਆਖਦੇ ਸਨ ਕਿ ਕਰਮ ਕਰਨਾ ਹੀ ਨਹੀਂ, ਕਿ ਕਰਮ ਕਰਾਂਗੇ ਤਾਂ ਆਵਾਗਾਉਣ ਵਿਚ ਪਵਾਂਗੇ। ਗੀਤਾ ਨੇ ਇਨ੍ਹਾਂ ਦੋਵੇਂ

ਰਸਤਿਆਂ ਨੂੰ ਗਲਤ ਦੱਸਿਆ। ਕਰਮ ਅਵੱਸ਼ ਕਰੋ ਪਰ ਫਲ ਦੀ ਆਸ ਨਾ ਰੱਖੋ। ਕ੍ਰਿਸ਼ਨ ਜੀ ਅਰਜਣ ਨੂੰ ਆਖਦੇ ਹਨ ਕਿ ਹਰ ਪਲ ਮੈਨੂੰ ਯਾਦ ਰੱਖ ਪਰ ਨਾਲ ਯੁੱਧ ਵੀ ਕਰਦਾ ਰਹਿ।

ਸ਼ੰਕਰ ਗਿਆਨ-ਮਾਰਗ ਨੂੰ ਸਰਬੋਤਮ ਮੰਨਦਾ ਹੈ। ਸਾਧਾਰਨ ਮਨੁੱਖ ਯੱਗ, ਹਵਨ, ਬਲੀ ਆਦਿਕ ਵੈਦਿਕ ਰੀਤਾਂ ਬਿਨਾ ਕਿਸੇ ਸਵਾਰਥ ਦੇ ਨਿਭਾਉਂਦਾ ਹੈ ਤਾਂ ਉਹ ਗਿਆਨ ਮਾਰਗ ਵੱਲ ਵਧ ਰਿਹਾ ਹੈ। ਸ਼ੁਭ ਕਰਮ ਉਹ ਧੂਣੀ ਹੈ ਜਿਸ ਵਿਚ ਵਿਕਾਰ ਨਸ਼ਟ ਹੋ ਜਾਂਦੇ ਹਨ ਤੇ ਮਨੁੱਖ ਪਰਮ ਸੱਤ ਦੀ ਪ੍ਰਾਪਤੀ ਕਰਦਾ ਹੈ। ਇਸੇ ਪ੍ਰਕਾਰ ਵਰਣ ਆਸ਼ਰਮ ਧਰਮ ਦੀ ਪਾਲਣਾ ਸਭ ਮਨੁੱਖਾਂ ਲਈ ਹਿਤਕਾਰੀ ਹੈ। ਬ੍ਰਾਹਮਣ ਧਰਮ ਕਾਰਜ ਕਰਦਾ ਹੋਇਆ ਗਿਆਨਮਾਰਗ ਵੱਲ ਵਧੇ, ਖੱਤਰੀ ਰਣਭੂਮੀ ਵਿਚ ਅਰਜਣ ਵਾਂਗ ਲੜਦਾ ਹੋਇਆ ਭਗਵਾਨ ਕ੍ਰਿਸ਼ਨ ਨੂੰ ਹਿਰਦੇ ਵਿਚ ਵਸਾ ਕੇ ਰੱਖੇ, ਵੈਸ਼ ਕਾਰੋਬਾਰ ਕਰਦਾ ਹੋਇਆ ਧਰਮ ਉੱਤੇ ਚੱਲੇ ਤੇ ਸ਼ੂਦਰ ਦਾ ਧਰਮ ਹੈ ਹੀ ਸੇਵਾ ਕਰਨਾ। ਆਪੋ ਆਪਣੇ ਕਰਮ ਕਰਦੇ ਹੋਏ ਇਹ ਵਰਣ ਧਰਮ ਦਾ ਪੰਧ ਤੈਅ ਕਰ ਸਕਦੇ ਹਨ। ਕਰਮ ਤਿੰਨ ਪ੍ਰਕਾਰ ਦਾ ਹੁੰਦਾ ਹੈ-

1. ਕਰਮ
2. ਅਕਰਮ
3. ਵਿਕਰਮ

ਕਰਮ ਤੋਂ ਭਾਵ ਹੈ ਕ੍ਰਿਆ- ਕੰਮ ਕਰਨਾ। ਹਰ ਪ੍ਰਾਣੀ ਚਾਹੇ ਜਾਂ ਨਾ ਉਹ ਕਰਮ ਕਰੇਗਾ, ਕਰਮ ਉੱਤੇ ਉਸਦਾ ਵਸੀਕਰਣ ਨਹੀਂ। ਅਕਰਮ ਦਾ ਭਾਵ ਹੈ ਕਰਮ ਨਾ ਕਰਨਾ, ਕਰਮ ਤੋਂ ਸੁਤੰਤਰ ਹੋ ਜਾਣਾ, ਜਿਥੇ ਕ੍ਰਿਆ ਨਾ ਹੋਵੇ। ਵਿਕਰਮ ਦਾ ਅਰਥ ਹੈ ਬੁਰੇ ਕਰਮ। ਕ੍ਰਿਸ਼ਨ ਜੀ ਗੀਤਾ ਵਿਚ ਆਖਦੇ ਹਨ- ਕਿ ਜੋ ਵਿਅਕਤੀ ਕਰਮ ਵਿਚ ਅਕਰਮ ਅਤੇ ਅਕਰਮ ਵਿਚ ਕਰਮ ਦਾ ਅਨੁਭਵ ਕਰਦਾ ਹੈ ਉਹ ਮਨੁੱਖਾਂ ਵਿਚ ਸ੍ਰੇਸ਼ਟ ਬੁਧੀਮਾਨ ਹੈ ਤੇ ਉਸਨੇ ਕਰਨਯੋਗ ਸਭ ਉਹ ਕੁਝ ਕਰ ਲਿਆ ਹੈ ਜੋ ਕਰਨਾ ਉਚਿਤ ਹੈ।

ਨਿਸ਼ਕਾਮ ਕਰਮ ਕਰਨ ਵਾਲਾ ਬੰਦਾ ਲੰਮੀਆਂ ਸਕੀਮਾਂ ਤੇ ਲੰਮੀਆਂ ਦਲੀਲਾਂ ਵਿਚ ਨਹੀਂ ਪੈਂਦਾ। ਉਹ ਜਾਣਦਾ ਹੈ ਕਿ ਉਸਦਾ ਸਹਿਜ ਸੁਭਾਅ ਚੁਕਿਆ ਗਿਆ ਇਕ ਇਕ ਕਦਮ ਮੰਜ਼ਲ ਵੱਲ ਲਿਜਾ ਰਿਹਾ ਹੈ। ਅਸਮਾਨ ਵਿਚ ਕਾਲੀਘਟਾ ਛਾ ਗਈ। ਹੇਠਾਂ ਤਪਦਾ ਹੋਇਆ ਮੈਦਾਨ ਹੈ। ਹਰ ਬੂੰਦ ਜੇ ਇਹ ਸੋਚਦੀ ਰਹੇ- ਕਿ ਜੇ ਮੈਂ ਹੇਠਾਂ ਡਿੱਗ ਪਈ ਤਾਂ ਤਬਾਹ ਹੋ ਜਾਵਾਂਗੀ ਤਾਂ ਬਾਰਸ਼ ਹੋਵੇਗੀ ਹੀ ਨਹੀਂ। ਪਰ ਇਉਂ ਨਹੀਂ ਹੁੰਦਾ। ਬੂੰਦਾ-ਬਾਂਦੀ ਸ਼ੁਰੂ ਹੋ ਜਾਂਦੀ ਹੈ ਤੇ ਫਿਰ ਮੋਹਲੇਧਾਰ ਬਾਰਸ਼ ਜਲ ਥਲ ਇਕ ਕਰ ਦਿੰਦੀ ਹੈ।

ਕਨਫਿਊਸ਼ਿਅਸ ਪੁਰਾਣੇ ਚੀਨ ਦਾ ਫਿਲਾਸਫਰ ਸੀ ਜੋ ਹੁਣ ਤੋਂ ਲੱਗਭਗ 2600 ਸਾਲ ਪਹਿਲਾਂ ਹੋਇਆ ਹੈ। ਉਸ ਦੁਆਰਾ ਦਿੱਤੀ ਦਰਿਆ ਦੀ ਉਦਾਹਰਣ ਬੜੇ ਉਚੇ ਅਰਥਾਂ ਵਾਲੀ ਹੈ। ਉਸਨੂੰ ਕਿਸੇ ਨੇ ਪੁੱਛਿਆ, "ਤੂੰ ਏਨਾ ਵੱਡਾ ਮਹਾਨ ਵਿਦਵਾਨ ਕਿਵੇਂ ਬਣ ਗਿਆ? ਕੀ ਘਾਲਣਾ ਘਲੀ ਸੀ?"

ਕਨਫਿਊਸ਼ਿਅਸ ਨੇ ਉੱਤਰ ਦਿੱਤਾ- "ਕੋਈ ਦੇਵਤਾ ਅਕਾਸ਼ ਵਿਚੋਂ ਮਸ਼ਾਲ ਲੈ ਕੇ ਨਹੀਂ ਉਤਰਿਆ। ਕੋਈ ਪਰੀ ਅਕਲ ਦੀ ਕਿਤਾਬ ਲੈ ਕੇ ਨਾ ਆਈ। ਮੈਂ

ਦਰਿਆ ਦੇ ਕਿਨਾਰੇ ਤੁਰਦੇ ਜਾਂਦੇ ਨੇ ਧਿਆਨ ਮਾਰਿਆ ਤਾਂ ਦੇਖਿਆ ਕਿ ਦਰਿਆ ਪਾਸ ਸਮੁੰਦਰ ਨੂੰ ਜਾਣ ਵਾਲੇ ਰਸਤੇ ਦਾ ਕੋਈ ਨਕਸ਼ਾ ਨਹੀਂ ਸੀ। ਉਸਨੇ ਕਿਸੇ ਨੂੰ ਪੁੱਛਿਆ ਵੀ ਨਹੀਂ ਕਿ ਰਸਤਾ ਕਿਧਰ ਦੀ ਜਾਏਗਾ ਪਰ ਉਹ ਸਮੁੰਦਰ ਤਕ ਅੱਪੜ ਗਿਆ। ਸਮੁੰਦਰ ਉਸਦੀ ਕਿਸਮਤ ਵਿਚ ਲਿਖਿਆ ਹੋਇਆ ਸੀ, ਉਸਨੂੰ ਸਮੁੰਦਰ ਮਿਲਣਾ ਹੀ ਸੀ।"

2. ਭਗਤੀ ਮਾਰਗ

'ਭਗਤੀ' ਸ਼ਬਦ ਚ ਸੰਸਕ੍ਰਿਤ ਧਾਤੂ 'ਭਜ' ਹੈ। ਭਜ ਦੇ ਅਰਥ ਹਨ ਸੇਵਾ। ਭਜਨ ਤੇ ਭਜਨੀਕ ਸ਼ਬਦ ਵੀ ਇਸੇ ਧਾਤੂ ਤੋਂ ਪੈਦਾ ਹੋਏ ਹਨ। ਭਜਨ ਕਰਨਾ ਜਾਂ ਭਜਣਾ, ਭਗਤੀ ਦੇ ਪਾਂਧੀ ਲਈ ਜ਼ਰੂਰੀ ਕ੍ਰਿਆਵਾਂ ਹਨ। ਭਜਨੀਕ ਸ਼ਬਦ ਭਗਤ ਲਈ ਵੀ ਵਰਤਿਆ ਜਾਂਦਾ ਹੈ ਤੇ ਇਸਦਾ ਅਰਥ ਹੈ ਪ੍ਰਭੂ ਦੇ ਗੁਣ ਗਾਉਣ ਵਾਲਾ।

ਭਗਤੀ ਦਾ ਅਰਥ ਹੈ ਆਪਣਾ ਆਪਾ ਸਰਬੱਤ ਗੁਰੂਆਂ ਦੇ ਗੁਰੂ ਭਾਵ ਪਰਮਾਤਮਾ ਅੱਗੇ ਸੌਂਪ ਕੇ ਧਿਆਨ ਲਾਉਣਾ। ਭਗਤ ਦੀ ਨਿਗਾਹ ਹੋਰ ਕਿਸੇ ਕੀਮਤੀ ਚੀਜ ਉਤੇ ਨਹੀਂ ਟਿਕਦੀ ਸਿਵਾਇ ਪਰਮਾਤਮਾ ਦੇ। ਭਗਤ ਆਪਣੇ ਅਹੰ ਦਾ ਸੰਪੂਰਨ ਨਾਸ਼ ਕਰਕੇ ਪਰਮੇਸ਼ਰ ਨੂੰ ਅਭੇਦ ਸਮਝਦਾ ਹੈ। ਆਪਣਾ ਅਹੰ ਖਤਮ ਕਰਨਾ ਉਸੇ ਪ੍ਰਕਾਰ ਹੈ ਜਿਵੇਂ ਘੜਾ ਟੁੱਟ ਜਾਣਾ। ਘੜੇ ਦੀ ਦੀਵਾਰ ਟੁੱਟ ਗਈ ਤਾਂ ਅੰਦਰਲਾ ਲਘੂ ਪੁਲਾੜ ਬਾਹਰਲੇ ਅਨੰਤ ਪੁਲਾੜ ਵਿਚ ਸ਼ਾਮਲ ਹੋ ਗਿਆ।

ਭਗਵਾਨ ਅੱਗੇ ਆਤਮ-ਸਮਰਪਣ ਕਰਕੇ ਉਸਦੀ ਸ਼ਰਧਾਪੂਰਣ ਯਾਦ ਵਿਚ ਜੀਵਨ ਬਤੀਤ ਕਰਨ ਨੂੰ ਭਗਤੀ ਮਾਰਗ ਕਿਹਾ ਜਾਂਦਾ ਹੈ। ਪ੍ਰਭੂ ਨੂੰ ਮਾਤਾ, ਪਿਤਾ, ਸਖਾ, ਭਰਾ, ਪਤੀ, ਮਾਲਕ ਕਿਸੇ ਵੀ ਰੂਪ ਵਿਚ ਚਿਤਵਿਆ ਜਾ ਸਕਦਾ ਹੈ। ਭਗਤ ਆਪਣੇ ਆਪ ਵਿਚੋਂ ਅਹੰ ਨੂੰ ਖਤਮ ਕਰਕੇ ਬ੍ਰਹਮ ਦਾ ਪ੍ਰਕਾਸ਼ ਦੇਖਦਾ ਹੈ। ਭਗਤੀ ਦਾ ਮਾਰਗ ਸਨਿਆਸ ਨਹੀਂ ਹੈ। ਗ੍ਰਹਿਸਥ ਜੀਵਨ ਦੀਆਂ ਜ਼ਿੰਮੇਵਾਰੀਆਂ ਨਿਭਾਉਂਦਿਆਂ ਹੋਇਆਂ ਭਗਤ ਲੋਕ ਪ੍ਰਮਾਤਮਾ ਨੂੰ ਸਮਰਪਿਤ ਹਨ। ਭਗਤੀ-ਮਾਰਗ ਵਿਚ ਸ਼ਰਧਾ ਸ਼ਬਦ ਬਹੁਤ ਵਾਰੀ ਵਰਤਿਆ ਮਿਲਦਾ ਹੈ। ਭਗਤੀ ਦੀ ਜੜ ਸ਼ਰਧਾ ਹੈ। ਬਗੈਰ ਸ਼ਰਧਾ ਦੇ ਕੋਈ ਭਗਤੀ ਨਹੀਂ। ਸ਼ਰਧਾ ਦੀ ਅਣਹੋਂਦ ਵਿਚ ਭਗਤੀ ਢੌਂਗ ਹੈ, ਭੇਖ ਹੈ। ਸ਼ਰਧਾਵਾਨਾਂ ਉੱਤੇ ਭਗਵਾਨ ਆਪਣੀ ਕਿਰਪਾ ਕਰਦਾ ਹੈ ਜਿਸਨੂੰ ਦੈਵੀ ਨਦਰਿ ਕਿਹਾ ਜਾਂਦਾ ਹੈ।

ਗੀਤਾ ਵਿਚ ਭਗਤਾਂ ਦੀਆਂ ਚਾਰ ਸ਼੍ਰੇਣੀਆਂ ਮੰਨੀਆਂ ਗਈਆਂ ਹਨ-

1. *ਆਰਤ*
2. *ਜਗਿਆਸੂ*
3. *ਅਰਥਾਰਥੀ*
4. *ਗਿਆਨੀ*

ਸੰਸਾਰਕ ਦੁੱਖਾਂ ਸੰਤਾਪਾਂ ਵਿਚ ਫਸਿਆ ਮਨੁੱਖ ਸੁਖ ਦੀ ਇੱਛਾ ਨਾਲ ਭਗਤੀ ਕਰਦਾ ਹੈ। ਇਹ ਆਰਤ-ਭਗਤ ਹੈ। ਭਗਤੀ ਕਰਦਿਆਂ ਦੁੱਖਾਂ ਤੋਂ ਨਵਿਰਤੀ ਪ੍ਰਾਪਤ ਹੁੰਦੀ ਹੈ।

ਜਗਿਆਸੂ ਭਗਤ ਦਾ ਮਨੋਰਥ ਤਤਕਾਲੀ ਲਾਭ ਲੈਣ ਦੀ ਥਾਂ ਪਰਮੇਸ਼ਰ ਦੇ ਸਰੂਪ ਨੂੰ ਜਾਣ ਲੈਣਾ ਹੁੰਦਾ ਹੈ। ਦੁੱਖ ਹੋਣ ਜਾਂ ਸੁੱਖ, ਜਗਿਆਸੂ ਬ੍ਰਹਮ ਦੀ ਭਗਤੀ ਵਿਚ ਲੀਨ ਰਹਿੰਦਾ ਹੈ।

ਅਰਥਾਰਥੀ ਭਗਤ ਨੂੰ ਸੁਆਰਥੀ ਭਗਤ ਵੀ ਕਿਹਾ ਜਾਂਦਾ ਹੈ। ਅਜਿਹੇ ਭਗਤ ਮੁਫਤੇ ਮੁਫਤੀ ਰੱਬ ਦੀ ਪੂਜਾ ਨਹੀਂ ਕਰਦੇ। ਉਨ੍ਹਾਂ ਦੇ ਖਾਸ ਟੀਚੇ ਹੁੰਦੇ ਹਨ ਤੇ ਇਨ੍ਹਾਂ ਟੀਚਿਆਂ ਦੀ ਪ੍ਰਾਪਤੀ ਵਾਸਤੇ ਉਹ ਪਰਮੇਸ਼ਰ ਦੀ ਅਰਾਧਨਾ ਕਰਦੇ ਹਨ।

ਸਭ ਤੋਂ ਉਚਾ ਦਰਜਾ ਗਿਆਨੀ ਦਾ ਹੈ। ਗਿਆਨੀ ਪੁਰਖ ਪ੍ਰਭੂ ਨੂੰ ਹਰ ਥਾਂ ਸਰਬਵਿਆਪਕ ਰੂਪ ਵਿਚ ਦੇਖਦਾ ਹੈ। ਉਸ ਲਈ ਦਿਸਦਾ ਅਣਦਿਸਦਾ, ਹਨੇਰਾ ਰੋਸ਼ਨੀ, ਸਭ ਪਰਮਾਤਮਾ ਹੈ। ਸਾਰੇ ਭਗਤਾਂ ਵਿਚੋਂ ਗਿਆਨੀ ਨੂੰ ਸਰਬੋਤਮ ਦਰਜਾ ਪ੍ਰਾਪਤ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਭਗਤੀ ਮਾਰਗ ਅਤੇ ਕਰਮ ਮਾਰਗ ਗਿਆਨ ਤਕ ਪੁਚਾਂਦੇ ਹਨ ਤੇ ਗਿਆਨ ਪਰਮੇਸ਼ਰ ਨਾਲ ਮਿਲਾਪ ਕਰਾਉਂਦਾ ਹੈ।

ਗੀਤਾ ਵਿਚ ਭਗਤੀ ਦੀਆਂ ਦੋ ਕਿਸਮਾਂ ਦਾ ਵਰਣਨ ਆਇਆ ਹੈ-

1. *ਸਰਗੁਣ ਭਗਤੀ*
2. *ਨਿਰਗੁਣ ਭਗਤੀ*

ਸਰਗੁਣ (ਸਗੁਣ) ਭਗਤੀ ਕਰਨ ਵਾਲਾ ਮਨੁੱਖ ਦ੍ਰਿਸ਼ਟਮਾਨ ਸੰਸਾਰ ਨੂੰ ਪਰਮਾਤਮਾ ਦਾ ਰੂਪ ਸਮਝ ਕੇ ਭਗਤੀ ਕਰਦਾ ਹੈ। ਉਸ ਲਈ ਪਰਮੇਸ਼ਰ ਪ੍ਰਤੱਖ ਹੈ। ਭਗਤ ਲਈ ਸ਼ੁਭ ਕਰਮ ਕਰਨੇ ਜ਼ਰੂਰੀ ਹਨ। ਸਾਰੇ ਕਰਮਾਂ ਦੀ ਹੋਂਦ ਨੂੰ ਭਗਤ ਪ੍ਰਭੂ ਉਤੇ ਛੱਡ ਦਿੰਦਾ ਹੈ।

ਹੌਲੀ-ਹੌਲੀ ਸਰਗੁਣ ਭਗਤੀ ਵਿਚ ਮੂਰਤੀ ਪੂਜਾ ਆਰੰਭ ਹੋ ਗਈ। ਵੈਦਿਕ ਮੱਤ ਦੇ ਵਿਦਵਾਨ ਅਤੇ ਰਿਸ਼ੀ ਮੂਰਤੀਪੂਜਾ ਨੂੰ ਭਗਤੀ ਦਾ ਕੋਈ ਉੱਤਮ ਨਮੂਨਾ ਨਹੀਂ ਮੰਨਦੇ। ਪਰ ਜਨਸਾਧਾਰਣ ਮੂਰਤੀ ਉਤੇ ਹੀ ਟੇਕ ਰਖਦਾ ਹੈ। ਗੀਤਾ ਵਿਚ ਮੂਰਤੀਪੂਜਾ ਦੀ ਸ਼ਲਾਘਾ ਨਹੀਂ ਕੀਤੀ ਗਈ। ਮੂਰਤੀ ਪੂਜਾ ਵਿਚ ਕਈ ਪ੍ਰਕਾਰ ਦੀ ਸੰਸਾਰਕ ਦੌੜ ਲੱਗ ਜਾਂਦੀ ਹੈ, ਭਾਵ ਮੂਰਤੀ ਕਿਸ ਦੇਵਤੇ ਦੀ, ਮੂਰਤੀ ਉਤੇ ਖਰਚਾ, ਸੋਨੇ ਹੀਰੇ ਤਕ ਦੀ ਜੜਤ, ਵਿਸ਼ਾਲ ਮੰਦਰ, ਮੰਦਰਾਂ ਦੀ ਉਚਾਈ ਅਤੇ ਸੁੰਦਰਤਾ ਵਿਚ ਮੁਕਾਬਲੇ ਦੀ ਹੋੜ, ਅਜਿਹੀਆਂ ਕੁੱਝ ਮਨੁੱਖੀ ਬੁੱਧੀ ਦੀਆਂ ਵਿਗੜੀਆਂ ਰੁਚੀਆਂ ਹਨ ਕਿ ਇਹ ਧਰਮ ਤੱਕ ਲਿਜਾਣ ਦੀ ਥਾਂ ਦੁਬਾਰਾ ਦੁਨਿਆਵੀ ਰੰਗ ਚਾੜ੍ਹਦੀਆਂ ਹਨ। ਪੁਜਾਰੀ ਸ਼੍ਰੇਣੀ ਵਾਸਤੇ ਮੂਰਤੀਪੂਜਾ ਹੀ ਲਾਭਦਾਇਕ ਹੈ ਕਿਉਂਕਿ ਇਕੋ ਸਥਾਨ ਉਤੇ ਪੂਜਾ ਧਨ ਇਕੱਠਾ ਹੋ ਜਾਂਦਾ ਹੈ ਤੇ ਪੁਜਾਰੀ ਦਾ ਸਵਰਗ ਇਸ ਧਰਤੀ ਉਤੇ ਹੀ ਬਣ ਜਾਂਦਾ ਹੈ।

ਨਿਰਗੁਣ ਭਗਤੀ ਵਿਚ ਇਹ ਮੰਨਿਆ ਜਾਂਦਾ ਹੈ ਕਿ ਪਰਗਟ ਸੰਸਾਰ ਭਾਵੇਂ ਪਰਮਾਤਮਾ ਦੀ ਰਚਨਾ ਹੈ ਤੇ ਉਹੀ ਇਸ ਨੂੰ ਸੰਚਾਲਿਤ ਕਰ ਰਿਹਾ ਹੈ- ਪਰ ਇਹ ਉਸ ਦੀ ਸਖਸੀਅਤ ਦਾ ਨਿੱਕਾ ਜਿਹਾ ਹਿੱਸਾ ਹੈ। ਆਪ ਉਹ ਅਦ੍ਰਿਸ਼ਟ ਅਨੰਤ ਸ਼ਕਤੀ ਹੈ। ਭਗਤ ਜਦੋਂ ਅਭੇਦ ਹੁੰਦਾ ਹੈ ਤਾਂ ਅਸੀਮ ਨਿਰਾਕਾਰ ਵਿਚ ਚਲਾ ਜਾਂਦਾ ਹੈ। ਭਗਤ ਲਈ ਗਿਆਨੀ ਪੁਰਖ ਹੋਣਾ ਜ਼ਰੂਰੀ ਨਹੀਂ। ਹੋ ਸਕਦਾ ਹੈ ਭਗਤੀ ਕਰਦਿਆਂ ਕਰਦਿਆਂ ਗਿਆਨ ਪ੍ਰਾਪਤ ਹੋ ਜਾਵੇ ਪਰ ਗਿਆਨ ਪ੍ਰਾਪਤ ਨਹੀਂ ਵੀ ਹੁੰਦਾ ਤਦ ਵੀ ਭਗਤੀ ਦੀ ਕ੍ਰਿਆ ਆਪਣੇ ਆਪ ਵਿਚ ਬਹੁਤ ਸੁਖ ਦੇਣ ਵਾਲੀ ਅਵਸਥਾ ਹੈ।

ਭਗਤੀ ਪਰੰਪਰਾ ਵਿਚ ਆਮ ਤੌਰ ਉੱਤੇ ਇਹ ਦੇਖਣ ਵਿਚ ਆਇਆ ਹੈ ਕਿ ਭਗਤ ਆਪਣੇ ਆਪ ਨੂੰ ਇਸਤਰੀ ਅਤੇ ਪ੍ਰਭੂ ਨੂੰ ਪਤੀ ਸਵੀਕਾਰਦੇ ਹਨ। ਮੀਰਾ ਬਾਈ ਅਤੇ ਸੂਰਦਾਸ ਸਗੁਣ ਭਗਤੀ ਦੇ ਬੜੇ ਸਨਮਾਨਯੋਗ ਸੰਤ ਹੋਏ ਹਨ। ਮੀਰਾ ਜਦੋਂ ਮੰਦਰ ਵਿਚ ਸਭ ਦੇ ਸਾਹਮਣੇ ਨਾਚ ਕਰਨ ਲੱਗੀ ਤਾਂ ਕੁੱਝ ਮਰਦਾਂ ਨੇ ਇਹ ਕਹਿਕੇ ਇਸਤੇ ਇਤਰਾਜ਼ ਕੀਤਾ ਕਿ ਭਲੇ ਘਰ ਦੀ ਔਰਤ ਨੂੰ ਇਉਂ ਸ਼ਰੇਆਮ ਮਰਦਾਂ ਵਿਚਕਾਰ ਨਾਚ ਨਹੀਂ ਕਰਨਾ ਚਾਹੀਦਾ। ਮੀਰਾਂ ਨੇ ਕਿਹਾ ਸੀ - ਇਥੇ ਮਰਦ ਕਿਹੜਾ ਹੈ ਸਿਵਾਇ ਕ੍ਰਿਸ਼ਨ ਦੇ? ਬਾਕੀ ਸਭ ਲੋਕ ਉਸਦੀਆਂ ਗੋਪੀਆਂ ਹਨ- ਜਿਨ੍ਹਾਂ ਨੂੰ ਤੁਸੀਂ ਮਰਦ ਕਹਿੰਦੇ ਹੋ ਉਹ ਵੀ। ਕੇਵਲ ਭਗਵਾਨ ਸਭ ਦਾ ਮਾਲਕ ਤੇ ਪਤੀ ਹੈ।

ਔਰਤਾਂ ਵਿਚ ਬੌਧਿਕਤਾ ਦੇ ਮੁਕਾਬਲੇ ਪ੍ਰੇਮ, ਹਮਦਰਦੀ ਅਤੇ ਸ਼ਰਧਾ-ਭਾਵ ਤੱਤ ਵਧੀਕ ਮਾਤਰਾ ਵਿਚ ਮੌਜੂਦ ਹੁੰਦੇ ਹਨ। ਕਦੀ ਮਾਂ ਦੇ ਰੂਪ ਵਿਚ ਕਦੀ ਪਤਨੀ ਕਦੀ ਭੈਣ ਕਦੀ ਧੀ ਦੇ ਰੂਪ ਵਿਚ ਉਸ ਦੀਆਂ ਵਧੇਰੇ ਭਾਵਨਾਵਾਂ ਦਾ ਕੇਂਦਰ ਪਿਆਰ ਅਤੇ ਹਮਦਰਦੀ ਹੀ ਹੁੰਦਾ ਹੈ। ਇਸ ਲਈ ਭਗਤੀ ਮਾਰਗ ਦਾ ਸਾਰਾ ਵਾਤਾਵਰਣ ਇਸ ਪ੍ਰਕਾਰ ਦਾ ਹੁੰਦਾ ਹੈ ਜਿਥੇ ਇਸਤਰੀਤਵ ਦੀ ਪ੍ਰਧਾਨਤਾ ਹੁੰਦੀ ਹੈ। ਭਗਤ ਆਪਣੇ ਆਪ ਨੂੰ ਲਾਚਾਰ ਤੇ ਕਮਜ਼ੋਰ ਜੀਵ ਸਮਝ ਕੇ ਸਰਵ-ਸ਼ਕਤੀਮਾਨ ਪ੍ਰਭੂ ਦੇ ਚਰਨੀ ਢਹਿ ਪੈਂਦੇ ਹਨ। ਸੰਪੂਰਣ ਆਤਮ ਸਮਰਪਣ ਹੀ ਭਗਤੀ ਵਿਚ ਉਚਤਮ ਗਿਆਨ ਹੈ। ਪ੍ਰਗਟ ਸੰਸਾਰ ਭਗਤ ਵਾਸਤੇ ਦਵੈਤ ਨਹੀਂ ਹੈ। ਇਹ ਵੀ ਪਰਮੇਸ਼ਰ ਹੈ, ਅਦ੍ਰਿਸ਼ਟ ਵੀ ਪਰਮੇਸ਼ਰ ਹੈ- ਫਿਰ ਦਵੈਤ ਕਿਸ ਗੱਲ ਦੀ? ਜਦੋਂ ਸਾਰਾ ਕੁੱਝ ਹੀ ਪਰਮਾਤਮਾ ਦਾ ਹੈ ਤਦ ਉਸ ਵਿਚ ਵੰਡੀਆਂ ਕਿਉਂ ਪਾਈਆਂ ਜਾਣ?

ਸੁਆਮੀ ਰਾਮਕ੍ਰਿਸ਼ਨ ਜੀ ਨੇ ਹਰ ਧਰਮ ਦੀ ਭਗਤੀ ਵਿਚੋਂ ਪ੍ਰਭੂ ਪ੍ਰਾਪਤ ਕਰ ਲਿਆ ਸੀ। ਜਦੋਂ ਉਨ੍ਹਾਂ ਨੇ ਇਸਲਾਮ ਰਾਹੀਂ ਅੱਲਾਹ ਦੀ ਦਰਗਾਹ ਤਕ ਅੱਪੜਨ ਦਾ ਫੈਸਲਾ ਕੀਤਾ ਤਾਂ ਵੇਸ ਵੀ ਮੁਸਲਮਾਨਾ ਦਾ ਕੀਤਾ ਤੇ ਕੁਰਾਨ ਦਾ ਪਾਠ ਆਰੰਭ ਦਿੱਤਾ। ਉਚਤਮ ਪ੍ਰਾਪਤੀ ਹੋ ਗਈ। ਫਿਰ ਬਾਈਬਲ ਦਾ ਪਾਠ ਆਰੰਭਿਆ। ਕਰਾਸ ਪਹਿਨਿਆ ਤੇ ਈਸਾਈ ਦੇ ਪਹਿਰਾਵੇ ਵਿਚ ਗੌਡ ਦੀ ਪ੍ਰਾਪਤੀ ਕੀਤੀ। ਉਨ੍ਹਾਂ ਨੂੰ ਪੁੱਛਿਆ ਗਿਆ- ਪਹਿਰਾਵੇ ਵਿਚ ਕੀ ਪਿਆ ਹੈ? ਕੀ ਲਿਬਾਸ ਦਾ ਵੀ ਕੋਈ ਪ੍ਰਭਾਵ ਭਗਤੀ ਉਪਰ ਪੈਂਦਾ ਹੈ?

ਸੁਆਮੀ ਨੇ ਕਿਹਾ- ਚਾਵਲ ਦੇ ਦਾਣੇ ਉਪਰਲੀ ਫੱਕ ਨੂੰ ਤੁਸੀਂ ਜਿੰਨੀ ਮਰਜੀ ਨਿਕੰਮੀ ਸਮਝ ਕੇ ਸੁੱਟ ਦਿਉ ਪਰ ਇਸ ਦੇ ਬਗੈਰ ਚਾਵਲ ਉਗ ਨਹੀਂ ਸਕਦਾ।

ਕ੍ਰਿਸ਼ਨ ਜੀ ਕਈ ਵਾਰ ਦਸਦੇ ਹਨ- ਕਿ ਭਾਵੇਂ ਬ੍ਰਹਮ ਤਕ ਲੈ ਜਾਣ ਵਾਲੇ ਸਾਰੇ ਮਾਰਗ ਉੱਤਮ ਹਨ ਪਰ ਭਗਤੀ ਮਾਰਗ ਸਰਬੋਤਮ ਹੈ ਕਿਉਂਕਿ ਇਹ ਆਸਾਨ ਹੈ ਤੇ ਕੋਈ ਵੀ ਵਿਅਕਤੀ ਇਹ ਪੰਧ ਅਪਣਾ ਸਕਦਾ ਹੈ। ਗਿਆਨ ਮਾਰਗ ਹਰੇਕ ਦੇ ਵਸ ਦੀ ਕਹਾਣੀ ਨਹੀਂ। ਇਸ ਰਸਤੇ ਉਤੇ ਚਲਦਿਆਂ ਭਾਵਨਾਵਾਂ ਨੂੰ, ਚਿੰਤਨ ਨੂੰ, ਮਾਰਨ ਦੀ ਲੋੜ ਨਹੀਂ। ਇਹ ਉਵੇਂ ਰਹਿਣ ਦਿਉ, ਇਨ੍ਹਾਂ ਦੀ ਦਿਸ਼ਾ ਭਗਵਾਨ ਵੱਲ ਮੋੜ ਦਿਉ ਕੇਵਲ। ਆਪਣਾ ਅਹੰ ਖਤਮ ਕਰੋ- ਕੇਵਲ ਭਗਵਾਨ ਦੇਖੋ। ਜੋ ਮਨੁੱਖ ਆਖਦਾ ਹੈ- "ਤੂੰ ਹੈਂ ਕੇਵਲ, ਕੇਵਲ ਤੂੰ ਹੀ ਤੂੰ ਹੈਂ, ਉਹ ਸਹੀ ਹੈ ਤੇ ਜਿਹੜਾ ਆਖਦਾ ਹੈ- "ਮੈਂ ਹਾਂ ਕੇਵਲ, ਮੇਰੇ ਤੋਂ ਇਲਾਵਾ ਹੋਰ

ਕੋਈ ਨਹੀਂ ਕਿਉਂਕਿ ਮੈਂ ਬ੍ਰਹਮ ਹਾਂ" ਉਹ ਵੀ ਠੀਕ ਹੈ। ਦੋਹਾਂ ਕਥਨਾਂ ਵਿਚ ਕਾਫ਼ੀ ਫਰਕ ਪ੍ਰਤੀਤ ਹੁੰਦਾ ਹੈ ਪਰ ਸਿਖਰ ਤੇ ਜਾ ਕੇ ਇਸਦਾ ਅਰਥ ਤੇ ਰਹੱਸ ਬ੍ਰਹਮ ਹੀ ਬ੍ਰਹਮ ਹੈ। ਇਹੀ ਉਹ ਸਥਾਨ ਹੈ ਜਿੱਥੇ ਭਗਤ ਨੇ ਪੁੱਜਣਾ ਹੈ। ਇਥੇ ਮੈਂ, ਤੂੰ, ਇਹ, ਉਹ ਆਦਿਕ ਸਭ ਝਗੜੇ ਮੁੱਕ ਜਾਂਦੇ ਹਨ। ਇਹ ਗੁਣਾਂ ਤੋਂ ਉਪਰ ਉੱਠ ਜਾਣ ਦੀ ਅਵਸਥਾ ਹੈ।

ਗਿਆਨ ਮਾਰਗ

ਤੀਜੇ ਅਧਿਆਇ ਦੇ ਤੀਜੇ ਸਲੋਕ ਵਿਚ ਕ੍ਰਿਸ਼ਨ ਜੀ ਫੁਰਮਾਉਂਦੇ ਹਨ:

> ਹੇ ਮਾਸੂਮ ਅਰਜਣ,
> ਇਸ ਸੰਸਾਰ ਵਿਚ ਬਹੁਤ ਪਹਿਲਾਂ ਮੈਂ ਦੋ ਜੀਵਨ ਪ੍ਰਣਾਲੀਆਂ ਦਾ ਉਪਦੇਸ਼ ਦਿੱਤਾ ਸੀ। ਚਿੰਤਨਸ਼ੀਲ ਵਿਅਕਤੀਆਂ ਲਈ ਗਿਆਨ ਮਾਰਗ ਅਤੇ ਕਰਮਸ਼ੀਲ ਵਿਅਕਤੀਆਂ ਲਈ ਕਰਮ ਮਾਰਗ।

ਇਸੇ ਪ੍ਰਕਾਰ ਦਾ ਵਿਚਾਰ ਮਹਾਂਭਾਰਤ ਵਿਚ ਹੋਰਾਂ ਥਾਵਾਂ ਤੇ ਵੀ ਆਇਆ ਹੈ, "ਦੋ ਪ੍ਰਕਾਰ ਦੇ ਜੀਵਨ ਦਾ ਸਮਰਥਨ ਵੇਦਾਂ ਨੇ ਕੀਤਾ ਹੈ- ਇਕ ਪਰਵਿਰਤੀਮੂਲਕ ਮਾਰਗ ਤੇ ਦੂਜਾ ਨਵਿਰਤੀਮੂਲਕ ਮਾਰਗ।" ਇਹ ਦੋਵੇਂ ਰਸਤੇ ਇਕੋ ਜਿਹੇ ਹਨ- ਸਗੋਂ ਇਕ ਦੂਜੇ ਦੇ ਪੂਰਕ ਹਨ। ਇਕ ਦੂਜੇ ਤੋਂ ਭਿੰਨ ਨਹੀਂ ਹਨ। ਗਿਆਨੀ ਮਨੁੱਖ ਕਰਮਸ਼ੀਲ ਵੀ ਹੁੰਦਾ ਹੈ ਤੇ ਭਗਤ ਵੀ। ਗਿਆਨੀ ਪੁਰਖ ਆਪਣੇ ਆਪ ਵਿਚ ਮਸਤ, ਆਪਣੇ ਆਪ ਵਿਚ ਸੰਤੁਸ਼ਟ ਰਹਿੰਦਾ ਹੈ।

ਚੌਥੇ ਅਧਿਆਇ ਦੇ ਆਰੰਭਕ ਸਲੋਕਾਂ ਵਿਚ ਗਿਆਨ ਮਾਰਗ ਬਾਰੇ ਭਗਵਾਨ ਦਾ ਕਥਨ ਹੈ-

> ਇਸ ਅਮਰ ਮਾਰਗ ਦਾ ਗਿਆਨ ਮੈਂ ਵਿਵਸਵਾਨ ਨੂੰ ਦਿੱਤਾ ਜਿਸ ਨੇ ਇਹ ਮਨੂ ਨੂੰ ਦਿੱਤਾ ਤੇ ਮਨੂ ਤੋਂ ਇਖਵਾਕ ਨੇ ਸਿੱਖਿਆ। ਇਸ ਤਰ੍ਹਾਂ ਪਰੰਪਰਾ ਅਨੁਸਾਰ ਇਹ ਮਾਰਗ ਰਾਜਰਿਸ਼ੀਆਂ ਨੇ ਇਕ ਦੂਜੇ ਤੋਂ ਸਿੱਖਿਆ, ਪਰ ਹੇ ਅਰਜਣ, ਸਮਾਂ ਬੀਤ ਜਾਣ ਉਪਰੰਤ ਇਹ ਗਿਆਨ ਅਲੋਪ ਹੋ ਗਿਆ। ਉਹੀ ਪ੍ਰਾਚੀਨ ਗਿਆਨ ਮੈਂ ਅੱਜ ਤੈਨੂੰ ਦੱਸਿਆ ਹੈ ਕਿਉਂਕਿ ਤੂੰ ਮੇਰਾ ਸਖਾ ਅਤੇ ਭਗਤ ਹੈਂ ਅਤੇ ਇਹ ਸਰਬੋਤਮ ਗਿਆਨ ਹੈ। ਰਾਗ, ਭੈ ਅਤੇ ਕਰੋਧ ਤੋਂ ਮੁਕਤ ਹੋ ਕੇ ਮੇਰੇ ਅੰਦਰ ਲੀਨ ਹੋ ਕੇ ਮੇਰੀ ਸ਼ਰਣ ਵਿਚ ਆ ਕੇ ਗਿਆਨ ਦੀ ਤਪੱਸਿਆ ਰਾਹੀਂ ਪਵਿੱਤਰ ਹੋਏ ਬਹੁਤ ਸਾਰੇ ਲੋਕਾਂ ਨੇ ਉਹੀ ਅਵਸਥਾ ਪ੍ਰਾਪਤ ਕੀਤੀ ਜੋ ਮੇਰੀ ਹੈ।

ਸਾਰੇ ਮਨੁੱਖ ਵੱਖ-ਵੱਖ ਸੁਭਾਅ ਦੇ ਹੁੰਦੇ ਹਨ। ਕੁਝ ਵਿਅਕਤੀ ਗੰਭੀਰ ਹੁੰਦੇ ਹਨ ਤੇ ਬੌਧਿਕ ਤੌਰ ਤੇ ਬੜੇ ਚੇਤੰਨ, ਕੁਝ ਲੋਕ ਭਾਵੁਕ ਹੁੰਦੇ ਹਨ, ਜਲਦੀ ਦ੍ਰਵਿਤ

ਹੋ ਜਾਣ ਵਾਲੇ ਤੇ ਕੁਝ ਲੋਕ ਦ੍ਰਿੜ੍ਹ ਇਰਾਦੇ ਵਾਲੇ ਤੇ ਅਮਲ ਵਿਚ ਵਿਸ਼ਵਾਸ ਰੱਖਣ ਵਾਲੇ ਹੁੰਦੇ ਹਨ। ਬੌਧਿਕ ਤੌਰ ਤੇ ਚੇਤੰਨ ਲੋਕਾਂ ਲਈ ਗਿਆਨ ਮਾਰਗ, ਸੂਖਮ ਭਾਵਨਾਵਾਂ ਵਾਲਿਆਂ ਲਈ ਭਗਤੀ ਮਾਰਗ ਤੇ ਕਰਮਸ਼ੀਲ ਯੋਧਿਆਂ ਵਾਸਤੇ ਕਰਮ ਮਾਰਗ ਉਪਯੋਗੀ ਹਨ। ਇਹ ਸਾਰੇ ਮਾਰਗ ਇਕ ਦੂਜੇ ਤੋਂ ਵਿਪਰੀਤ ਜਾਂ ਵਿਭਿੰਨ ਨਹੀਂ ਸਗੋਂ ਕੇਵਲ ਕੁੱਝ ਮਾਤਰਾ ਦਾ ਹੀ ਫਰਕ ਹੁੰਦਾ ਹੈ। ਗਿਆਨਵਾਨ ਵਿਅਕਤੀ ਕਰਮਸ਼ੀਲ ਹੋ ਸਕਦਾ ਹੈ ਤੇ ਕਰਮਸ਼ੀਲ ਵਿਅਕਤੀ ਹੋ ਸਕਦਾ ਹੈ ਜਜ਼ਬਾਤੀ ਹੋਵੇ। ਸੋ ਥੋੜ੍ਹੇ ਬਹੁਤ ਫਰਕ ਨਾਲ ਹਰੇਕ ਆਦਮੀ ਵਿਚ ਇਹ ਤਿੰਨੇ ਤੱਤ ਮੌਜੂਦ ਹੁੰਦੇ ਹਨ। ਜਿਸ ਤੱਤ ਦੀ ਅਨੁਪਾਤ ਦੂਜਿਆਂ ਤੋਂ ਕੁਝ ਵਧੀਕ ਹੋਵੇ ਉਹ ਉਸੇ ਮਾਰਗ ਨੂੰ ਅਪਣਾਵੇ ਜੋ ਉਸ ਲਈ ਉਪਯੋਗੀ ਅਤੇ ਆਸਾਨ ਹੋਵੇ। ਸਾਰੇ ਭਗਤਾਂ ਵਿਚੋਂ ਜੋ ਉੱਤਮ ਹੋਵੇ ਉਸੇ ਨੂੰ ਗਿਆਨੀ ਕਿਹਾ ਜਾਂਦਾ ਹੈ ਅਤੇ ਹਰੇਕ ਉਹ ਵਿਅਕਤੀ ਜੋ ਗਿਆਨ ਪ੍ਰਾਪਤ ਕਰ ਲਵੇ ਕਰਮਯੋਗੀ ਹੋ ਜਾਂਦਾ ਹੈ ਕਿਉਂਕਿ ਉਸਦੀ ਇੱਛਾ ਇਹ ਹੁੰਦੀ ਹੈ ਕਿ ਬਾਕੀ ਸੰਸਾਰ ਵੀ ਇਸ ਸਰੇਸ਼ਟ ਗਿਆਨ ਤੋਂ ਵੰਚਿਤ ਨਾ ਰਹੇ।

ਗੀਤਾ ਵਿਚ ਗਿਆਨ ਸ਼ਬਦ ਦੀ ਵਰਤੋਂ ਜਿਨ੍ਹਾਂ ਅਰਥਾਂ ਵਿਚ ਹੋਈ ਹੈ ਉਹ ਅਰਥ ਸਾਧਾਰਨ ਨਹੀਂ ਹਨ। ਤੱਥ, ਅੰਕੜੇ ਅਤੇ ਸੂਚਨਾਵਾਂ ਇਕੱਤਰ ਕਰਨ ਨੂੰ ਗਿਆਨ ਨਹੀਂ ਕਹਿੰਦੇ। ਹਜ਼ਾਰਾਂ ਪੁਸਤਕਾਂ ਪੜ੍ਹਨ ਨਾਲ ਜਾ ਕੋਮਲ ਕਲਾਵਾਂ ਸਿੱਖਣ ਨਾਲ ਉਸ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ ਜਿਸ ਗਿਆਨ ਦਾ ਜ਼ਿਕਰ ਗੀਤਾ ਵਿਚ ਹੈ। ਗੀਤਾ ਵਿਚਲੇ ਗਿਆਨ ਦਾ ਅਰਥ ਹੈ ਬ੍ਰਹਮ ਗਿਆਨ, ਦੈਵੀ ਗਿਆਨ, ਆਤਮਿਕ ਗਿਆਨ। ਇਹ ਗਿਆਨ ਕਿਸੇ ਕਰਮਾਂ ਵਾਲੇ ਬੰਦੇ ਨੂੰ ਹਾਸਲ ਹੁੰਦਾ ਹੈ। ਇਹੀ ਗਿਆਨ ਰਣਭੂਮੀ ਵਿਚ ਕ੍ਰਿਸ਼ਨ ਜੀ ਨੇ ਅਰਜਣ ਨੂੰ ਦਿੱਤਾ ਸੀ।

ਕੁੱਝ ਵਿਅਕਤੀ ਸਾਧਨਾਂ ਕਰਦੇ ਕਰਦੇ ਕੁੱਝ ਸਿਧੀਆਂ ਪ੍ਰਾਪਤ ਕਰ ਲੈਂਦੇ ਹਨ। ਮਨ ਦੀਆਂ ਬਿਰਤੀਆਂ ਉਪਰ ਲਗਾਤਾਰ ਕਾਬੂ ਰੱਖਿਆ ਜਾਵੇ ਤਾਂ ਕੁਝ ਆਤਮਿਕ ਸ਼ਕਤੀਆਂ ਦੀ ਪ੍ਰਾਪਤੀ ਹੋ ਜਾਂਦੀ ਹੈ। ਅਗਿਆਨੀ ਸਾਧੂ ਇਨ੍ਹਾਂ ਸ਼ਕਤੀਆਂ ਦੀ ਵਰਤੋਂ ਆਪਣੇ ਸਵਾਰਥਾਂ ਲਈ ਕਰਨੀ ਸ਼ੁਰੂ ਕਰ ਦਿੰਦੇ ਹਨ। ਉਨ੍ਹਾਂ ਲਈ ਕਰਾਮਾਤਾਂ ਹੀ ਬ੍ਰਹਮਗਿਆਨ ਹੁੰਦਾ ਹੈ। ਇਹ ਵੀ ਮਾਇਆ ਹੈ। ਬ੍ਰਹਮਗਿਆਨ ਤੋਂ ਇਹ ਲੋਕ ਸਗੋਂ ਪਹਿਲਾਂ ਨਾਲੋਂ ਵੀ ਦੂਰ ਚਲੇ ਜਾਂਦੇ ਹਨ। ਗਿਆਨੀ ਵਿਅਕਤੀ ਉਹ ਹੁੰਦਾ ਹੈ ਜੋ ਆਪਣੀਆਂ ਇੱਛਾਵਾਂ ਦਾ ਤਿਆਗ ਕਰੇ। ਕਰਾਮਾਤਾਂ ਦੀ ਨੁਮਾਇਸ਼ ਲਾ ਕੇ ਆਪਣੀ ਪ੍ਰਸਿੱਧੀ ਕਰਵਾਉਣੀ ਦੁਸ਼ਟਾਂ ਦਾ ਕੰਮ ਹੈ ਸਾਧੂਆਂ ਦਾ ਨਹੀਂ।

ਦੂਜੇ ਅਧਿਆਇ ਦੇ ਆਰੰਭ ਵਿਚ ਕ੍ਰਿਸ਼ਨ ਜੀ ਅਰਜਣ ਨੂੰ ਸੁਹਜ ਗਿਆਨ ਦੀਆਂ ਬਾਤਾਂ ਸਮਝਾਉਂਦੇ ਹੋਏ ਕਹਿੰਦੇ ਹਨ ਕਿ ਪਛਤਾਵਾ ਨਾ ਕਰ- ਚਿੰਤਾ ਤਿਆਗ ਸਗੋਂ, ਕਰਮਸ਼ੀਲ ਹੋ ਕਿਉਂਕਿ:

> "ਅਜਿਹਾ ਸਮਾਂ ਕਦੀ ਨਹੀਂ ਹੋਇਆ ਜਦੋਂ ਮੈਂ ਤੂੰ ਤੇ ਇਹ ਸਾਹਮਣੇ ਖਲੋਤੇ ਲੋਕ ਨਾ ਹੋਏ ਹੋਣ। ਅਜਿਹਾ ਸਮਾਂ ਕਦੀ ਆਵੇਗਾ ਵੀ ਨਹੀਂ ਜਦੋਂ ਅਸੀਂ ਸਾਰੇ ਮਿਟ ਚੁੱਕੇ ਹੋਵਾਂਗੇ। (2.12)

"ਜਿਸ ਦੀ ਹੋਂਦ ਨਹੀਂ ਉਹ ਅਮਰ ਨਹੀਂ ਤੇ ਜਿਸਦੀ ਹੋਂਦ ਹੈ ਉਹ ਮਰ ਨਹੀਂ ਸਕਦਾ। (2.16)

"ਆਤਮਾ ਅਬਿਨਾਸ਼ੀ ਅਤੇ ਅਗੰਮ ਹੈ- ਕੇਵਲ ਸਰੀਰ ਨਾਸ਼ਵਾਨ ਹਨ। ਇਸ ਲਈ ਹੇ ਅਰਜਣ ਯੁੱਧ ਕਰ। (2.18)

"ਜੋ ਇਹ ਸੋਚਦਾ ਹੈ ਕਿ ਉਹ ਮਾਰਦਾ ਹੈ ਤੇ ਜੋ ਇਹ ਸੋਚਦਾ ਹੈ ਕਿ ਉਹ ਮਾਰਿਆ ਜਾਂਦਾ ਹੈ- ਉਹ ਦੋਵੇਂ ਸੱਤ ਨੂੰ ਨਹੀਂ ਜਾਣਦੇ। ਆਤਮਾ ਨਾ ਮਾਰਦੀ ਹੈ ਨਾ ਮਰਦੀ ਹੈ।

"ਉਹ ਕਦੀ ਜਨਮ ਨਹੀਂ ਲੈਂਦੀ, ਨਾ ਮਰਦੀ ਹੈ- ਉਸਦੀ ਹੋਂਦ ਕਦੇ ਖ਼ਤਮ ਨਹੀਂ ਹੁੰਦੀ- ਉਹ ਅਜਨਮ, ਦੈਵੀ, ਨਿੱਤ ਅਤੇ ਪ੍ਰਾਚੀਨ ਹੈ। ਸਰੀਰ ਦੇ ਮਰਨ ਨਾਲ ਉਹ ਮਰਦੀ ਨਹੀਂ। (2.20)

"ਸ਼ਸਤਰ ਇਸ ਨੂੰ ਕੱਟ ਨਹੀਂ ਸਕਦੇ। ਅੱਗ ਇਸ ਨੂੰ ਜਾਲ ਨਹੀਂ ਸਕਦੀ। ਪਾਣੀ ਇਸ ਨੂੰ ਡੁਬੋ ਨਹੀਂ ਸਕਦਾ ਤੇ ਹਵਾ ਇਸ ਨੂੰ ਸੁਕਾ ਨਹੀਂ ਸਕਦੀ (2.23)

ਗੀਤਾ ਦਾ ਇਹ ਉੱਤਮ ਗਿਆਨ ਪ੍ਰਾਪਤ ਕਰਕੇ ਅਰਜਣ ਨੇ ਬੀਰ ਪੁਰਖ ਬਣਕੇ ਘੋਰ ਯੁੱਧ ਲੜਿਆ ਅਤੇ ਜਿੱਤਿਆ।

ਮਾਨਵ ਦਾ ਜੀਵਨ ਉਦੇਸ਼

ਗੀਤਾ ਵਿਚ ਕ੍ਰਿਸ਼ਨ ਜੀ ਅਰਜਣ ਨੂੰ ਹਥਿਆਰ ਚੁੱਕ ਕੇ ਕ੍ਰਿਆਸ਼ੀਲ ਹੋਣ ਲਈ ਕਹਿੰਦੇ ਹਨ। ਮਨੁੱਖ ਆਪਣੇ ਆਪ ਕੋਈ ਫੈਸਲਾ ਨਹੀਂ ਲੈ ਸਕਦਾ। ਅਰਜਣ ਨੇ ਵਕਤੀ ਤੌਰ ਤੇ ਜਜ਼ਬਾਤੀ ਹੋ ਕੇ ਯੁੱਧ ਨਾ ਕਰਨ ਦਾ ਫੈਸਲਾ ਕਰ ਲਿਆ ਪਰ ਇਹ ਯੁੱਧ ਅਟੱਲ ਹੈ ਤੇ ਕ੍ਰਿਸ਼ਨ ਜੀ ਆਖਦੇ ਹਨ ਕਿ ਹਰ ਹਾਲਤ ਵਿਚ ਤੈਨੂੰ ਕਰਮਸ਼ੀਲ ਹੋਣਾ ਪਵੇਗਾ। ਭਗਵਾਨ ਕਹਿੰਦੇ ਹਨ- ਮੈਂ ਤਿੰਨ ਲੋਕਾਂ ਤੇ ਤਿੰਨੇ ਕਾਲਾਂ ਦਾ ਸੁਆਮੀ ਹਾਂ- ਕੇਵਲ ਮੈਂ ਹਾਂ ਜਿਹੜਾ ਬਗ਼ੈਰ ਕਰਮ ਕਰਨ ਦੇ ਵੀ ਸਥਿਰ ਰਹਿ ਸਕਦਾ ਹਾਂ- ਪਰ ਫਿਰ ਵੀ ਮੈਂ ਕਰਮ ਕਰਦਾ ਹਾਂ ਤਾਂ ਕਿ ਸੰਸਾਰ ਦੇ ਬਾਕੀ ਵਿਅਕਤੀ ਮੇਰੀਆਂ ਸਰਗਰਮੀਆਂ ਦੇਖਦੇ ਹੋਏ ਨਿਰੰਤਰ ਕਿਰਿਆਸ਼ੀਲ ਰਹਿਣ। ਜੇ ਮੈਂ ਕੰਮ ਕਰਨਾ ਤਿਆਗ ਦਿਆਂ ਤਾਂ ਸਾਰਾ ਵਿਸ਼ਵ ਤਬਾਹ ਹੋ ਜਾਵੇਗਾ। "ਉਹ ਜਿਹੜਾ ਕ੍ਰਿਆ ਵਿਚ ਵਿਸ਼ਰਾਮ ਦੇਖਦਾ ਹੈ ਤੇ ਜਿਹੜਾ ਵਿਸ਼ਰਾਮ ਵਿਚ ਕ੍ਰਿਆ ਬਾਰੇ ਜਾਣਦਾ ਹੈ ਉਹ ਗਿਆਨੀ ਹੈ, ਉਹ ਯੋਗੀ ਹੈ। ਕੇਵਲ ਪੁਰਖ (ਪਰਮਾਤਮਾ) ਕ੍ਰਿਆਮੁਕਤ ਹੋਣ ਦੇ ਸਮਰੱਥ ਹੈ ਹੋਰ ਕੋਈ ਪ੍ਰਾਣੀ ਨਹੀਂ। ਸੋ ਮਾਨਵ ਜੀਵਨ ਦਾ ਪ੍ਰਥਮ ਉਦੇਸ਼ ਲਗਾਤਾਰ ਸ਼ੁਭ-ਕਰਮਨ ਕਰਨ ਦਾ ਹੈ।

ਜੀਵਨ ਦਾ ਉਦੇਸ਼ ਮੁਕਤ ਹੋਣਾ ਹੈ। ਪ੍ਰਸ਼ਨ ਹੈ, ਕਿਸਨੇ ਮੁਕਤ ਹੋਣਾ ਹੈ ਤੇ ਕਿਸ ਤੋਂ ਮੁਕਤ ਹੋਣਾ ਹੈ? ਆਤਮਾ ਨੇ ਮੁਕਤ ਹੋਣਾ ਹੈ ਸਰੀਰ ਤੋਂ ਅਤੇ ਸਰੀਰ ਦੇ ਕਰਮਾਂ ਤੋਂ। ਇਥੇ ਦੂਜਾ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਇਕ ਪਾਸੇ ਤਾਂ ਧਰਮ ਗ੍ਰੰਥ ਦਸਦੇ ਹਨ ਕਿ ਪਰਮਾਤਮਾ ਦੇ ਹੁਕਮ ਬਗੈਰ ਪੱਤਾ ਵੀ ਨਹੀਂ ਹਿਲਦਾ, ਫਿਰ ਮਨੁੱਖ ਕਿਵੇਂ ਉੱਚੇ ਆਦਰਸ਼ਾਂ ਵੱਲ ਪ੍ਰੇਰਿਤ ਹੋਵੇ? ਕੀ ਉਸਨੂੰ ਕੁੱਝ ਵੀ ਸੁਤੰਤਰਤਾ ਪ੍ਰਾਪਤ ਨਹੀਂ ਹੈ? ਇਸ ਸਮੱਸਿਆ ਦਾ ਸਮਾਧਾਨ ਵਿਦਵਾਨ ਲੋਕਾਂ ਨੇ ਤਾਸ਼ ਦੀ ਖੇਡ ਨਾਲ ਤੁਲਨਾ ਕਰਕੇ ਕੀਤਾ ਹੈ। ਤਾਸ਼ ਦੀ ਕਾਢ ਅਸੀਂ ਨਹੀਂ ਕੱਢੀ। ਇਸ ਦੇ ਪੱਤੇ ਅਸਾਂ ਨਹੀਂ ਬਣਾਏ। ਖੇਡ ਦੀਆਂ ਸ਼ਰਤਾਂ ਵੀ ਪਹਿਲੋਂ ਤੈਅ ਹੋ ਚੁੱਕੀਆਂ ਹਨ। ਪੱਤਿਆਂ ਦੀ ਵੰਡ ਉੱਤੇ ਕੋਈ ਅਧਿਕਾਰ ਨਹੀਂ, ਚੰਗੇ ਆਉਣ ਜਾਂ ਮਾੜੇ, ਖੇਡਣਾ ਪਵੇਗਾ। ਫਰਕ ਏਨਾ ਹੈ ਕਿ ਮਾਹਿਰ ਖਿਲਾੜੀ ਪਾਸ ਮਾੜੇ ਪੱਤੇ ਆਉਣ ਤਦ ਵੀ ਉਹ ਜੇਤੂ ਹੋ ਸਕਦਾ ਹੈ ਤੇ ਨਾਲਾਇਕ ਖਿਡਾਰੀ ਪਾਸ ਚੰਗੇ ਪੱਤੇ ਹੋਣ ਤਦ ਵੀ ਹਾਰ ਜਾਂਦਾ ਹੈ। ਇਹੀ ਹਾਲ ਮਨੁੱਖਾ ਜੀਵਨ ਦਾ ਹੈ। ਕੁਸ਼ਲ ਬੰਦੇ ਸੀਮਤ ਸਾਧਨ ਹੋਣ ਉੱਤੇ ਵੀ ਸਫਲ ਹੋ ਜਾਂਦੇ ਹਨ ਤੇ ਬਹੁਤ ਵਾਰੀ ਸਾਰੇ ਸਾਧਨਾਂ ਦੀ ਹੋਂਦ ਉਪਰੰਤ ਵੀ ਮਨੁੱਖ ਫਾਡੀ ਰਹਿ ਜਾਂਦਾ ਹੈ।

ਤਿੰਨਾਂ ਵਿਚੋਂ ਕੋਈ ਵੀ ਮਾਰਗ, ਕਰਮ, ਭਗਤੀ ਤੇ ਗਿਆਨ ਜਦੋਂ ਮਨੁੱਖ ਨੂੰ ਸਿਖਰ ਉੱਤੇ ਲੈ ਜਾਂਦਾ ਹੈ ਤਾਂ ਉਪਰਲਾ ਅਨੁਭਵ ਇਕੋ ਪ੍ਰਕਾਰ ਦਾ ਹੈ। ਇਹ ਉਸੇ ਪਰਕਾਰ ਦਾ ਹੈ ਜਿਵੇਂ ਪਰਬਤ ਉੱਤੇ ਚੜ੍ਹਨ ਵਾਸਤੇ ਕਈ ਰਸਤੇ ਹਨ। ਮੰਜ਼ਿਲ ਪਰਬਤ ਦੀ ਚੋਟੀ ਹੈ। ਚੋਟੀ ਉੱਤੇ ਜਿਸ ਰਾਹ ਮਰਜ਼ੀ ਚੜ੍ਹੋ, ਉਪਰ ਜਾ ਕੇ ਇਕੋ ਦ੍ਰਿਸ਼ ਸਭ ਪਰਬਤਾਰੋਹੀਆਂ ਨੂੰ ਦਿੱਸੇਗਾ। ਅਨੰਤਤਾ ਦਾ ਅਨੁਭਵ ਵੱਖ-ਵੱਖ ਨਹੀਂ ਹੁੰਦਾ। ਅਜਿਹੀ ਅਵਸਥਾ ਵਿਚ ਨਾ ਭੂਤਕਾਲ ਰਹਿੰਦਾ ਹੈ ਨਾ ਭਵਿੱਖ, ਸਭ ਵਰਤਮਾਨ ਹੀ ਵਰਤਮਾਨ ਹੈ।

ਜਿਹੜੇ ਵਿਅਕਤੀ ਮੁਕਤ ਹੋ ਜਾਂਦੇ ਹਨ ਉਹ ਕਿਰਿਆਹੀਣ ਨਹੀਂ ਹੁੰਦੇ ਸਗੋਂ ਤਤਪਰ ਰਹਿੰਦੇ ਹਨ ਕਿ ਬਾਕੀਆਂ ਦੇ ਰਸਤੇ ਵੀ ਰੁਸ਼ਨਾਏ ਜਾਣ। ਗੀਤਾ ਦੇ ਕੁੱਝ ਸ਼ਲੋਕਾਂ ਦਾ ਅਰਥ ਤਿਆਗ, ਸਨਿਆਸ ਆਦਿਕ ਕੀਤਾ ਜਾਂਦਾ ਹੈ। ਉਥੇ ਇਸ ਦਾ ਭਾਵ ਸਭ ਕੁੱਝ ਛੱਡ ਛਡਾ ਕੇ ਕੇਵਲ ਜੰਗਲਾਂ ਵਿਚ ਚਲੇ ਜਾਣਾ ਜੀਵਨ ਉਦੇਸ਼ ਨਹੀਂ। ਛੱਡਣੇ ਦੁਸ਼ਟ ਕਰਮ ਹਨ, ਆਚਰਣ ਉੱਚਾ ਰੱਖਣਾ ਹੈ। ਨੇਕ ਵਿਅਕਤੀ ਲਈ ਵੱਡੀ ਜ਼ਿੰਮੇਵਾਰੀ ਇਹੋ ਬਣਦੀ ਹੈ ਕਿ ਉਹ ਬਾਕੀਆਂ ਨੂੰ ਆਪਣੇ ਜਿਹਾ ਕਰੇ। ਗੀਤਾ ਦਾ ਸ਼ਲੋਕ ਹੈ, "ਉਹ ਜਿਹੜਾ ਸਭ ਵਸਤਾਂ ਵਿਚ ਮੈਨੂੰ ਦੇਖਦਾ ਹੈ ਤੇ ਜਿਹੜਾ ਮੇਰੇ ਵਿਚ ਸਭ ਵਸਤਾਂ ਦੇਖਦਾ ਹੈ, ਕਦੇ ਮੇਰੇ ਤੋਂ ਵਿਛੜਦਾ ਨਹੀਂ ਨਾ ਮੈਂ ਉਸਤੋਂ ਵਖ ਹੁੰਦਾ ਹਾਂ।"

ਜਿਸ ਮਨੁੱਖ ਨੂੰ ਇਹ ਜਾਣਕਾਰੀ ਨਹੀਂ ਕਿ ਸੰਸਾਰ ਮਿਥਿਆ ਹੈ, ਜਿਹੜਾ ਇਸਨੂੰ ਸੱਚ ਜਾਣ ਕੇ ਇਸ ਦੇ ਸੁਖਾਂ ਦੁੱਖਾਂ ਵਿਚ ਗਲਤਾਨ ਹੈ ਉਹ ਅਗਿਆਨੀ ਹੈ। ਅਗਿਆਨੀ ਭਲੇ ਅਤੇ ਬੁਰੇ ਦੀ ਪਛਾਣ ਨਹੀਂ ਕਰਦਾ- ਉਸਦੀ ਇਕੋ ਇੱਕ ਇੱਛਾ ਆਪਣੀਆਂ ਸਰੀਰਕ ਲੋੜਾਂ ਪੂਰੀਆਂ ਕਰਨ ਦੀ ਹੁੰਦੀ ਹੈ। ਉਹ ਆਪਣੀਆਂ ਗਿਆਨ ਇੰਦਰੀਆਂ ਦੀ ਪੱਕੀ ਪਕੜ ਵਿਚ ਹੈ। ਉਸਨੂੰ ਆਪਣੀ ਹਵਸ ਕਾਰਨ ਦੁੱਖ ਵੀ ਮਿਲਦੇ ਹਨ, ਉਹ ਪਛਤਾਉਂਦਾ ਵੀ ਹੈ ਪਰ ਫਿਰ ਉਹੀ ਅਨੈਤਿਕ ਕੰਮ ਕਰਦਾ

ਹੈ ਜਿਹੜੇ ਉਸਨੂੰ ਪਤਾ ਹੈ ਨਹੀਂ ਕਰਨੇ ਚਾਹੀਦੇ, ਜੋ ਦੁੱਖ ਦੇਣਗੇ। ਇਹ ਪਸ਼ੂ ਬਿਰਤੀ ਹੈ। ਪਸ਼ੂ ਨੂੰ ਪਤਾ ਨਹੀਂ ਕਿ ਕੀ ਉਚਿਤ ਹੈ ਕੀ ਅਨੁਚਿਤ, ਪਰ ਮਨੁੱਖ ਨੂੰ ਕਿਉਂਕਿ ਪਤਾ ਹੈ ਫਿਰ ਵੀ ਗਲਤ ਕੰਮ ਕਰਦਾ ਹੈ ਇਸ ਲਈ ਕਰੜੀ ਸਜ਼ਾ ਦਾ ਹੱਕਦਾਰ ਹੈ।

ਅਗਿਆਨੀ ਮਨੁੱਖ ਵਿਚ ਸਭ ਤੋਂ ਵੱਡਾ ਐਬ ਹੰਕਾਰ ਹੁੰਦਾ ਹੈ। ਹੰਕਾਰ ਮਨੁੱਖ ਨੂੰ ਅੰਨ੍ਹਾਂ ਕਰ ਦਿੰਦਾ ਹੈ। ਮਨੁੱਖ ਇਹ ਨਹੀਂ ਸੋਚਦਾ ਕਿ ਕੁਲ ਬ੍ਰਹਿਮੰਡ ਵਿਚ ਉਹ ਇਕ ਕਣ ਮਾਤਰ ਹੈ- ਉਹ ਸੋਚਦਾ ਹੈ ਸਾਰਾ ਬ੍ਰਹਿਮੰਡ ਮੈਂ ਹਾਂ ਤੇ ਸਭ ਕੁੱਝ ਮੇਰੇ ਵਾਸਤੇ ਹੈ। ਗੀਤਾ ਦਾ ਅਜਿਹੇ ਵਿਅਕਤੀਆਂ ਲਈ ਸੰਦੇਸ਼ ਇਹ ਹੈ ਕਿ ਇਹ ਬਲੀ ਦੇਣ। ਬਲੀ ਕਿਸ ਵਸਤੂ ਦੀ? ਹੰਕਾਰ ਦੀ ਬਲੀ, ਅਗਿਆਨਤਾ ਦੀ ਬਲੀ, ਐਸ਼ਵਰਜ ਦੀ ਬਲੀ ਤੇ ਬੁਰੇ ਕੰਮਾਂ ਦੀ ਬਲੀ। ਵਿਅਕਤੀ ਅਜਿਹਾ ਕਰਦਾ ਹੈ ਤਾਂ ਉਸ ਜਿਹਾ ਮਹਾਨ ਯੱਗ ਹੋਰ ਕੋਈ ਨਹੀਂ। ਸਿਖਿਆ ਹੈ- 'ਸੰਕਲਪ' ਤਿਆਗੋ। ਇੱਥੇ ਸੰਕਲਪ ਸ਼ਬਦ ਦਾ ਭਾਵ ਹੈ ਸਵਾਰਥੀ ਇੱਛਾਵਾਂ ਦੀ ਪੂਰਤੀ ਹਿਤ ਕੀਤੇ ਜਾਣ ਵਾਲੇ ਮਾਨਸਿਕ ਜਮ੍ਹਾਂ ਨਫੀ ਦੇ ਹਿਸਾਬ ਕਿਤਾਬ- ਕਿ ਇਹ ਕਰਾਂਗਾ ਤਾਂ ਇਹ ਨੁਕਸਾਨ ਹੋ ਜਾਵੇਗਾ- ਇਉਂ ਕਰਾਂਗਾ ਤਦ ਇੰਨਾ ਫਾਇਦਾ ਹੋਵੇਗਾ। ਨਫਾ ਨੁਕਸਾਨ ਵਧੇਰੇ ਕਰਕੇ ਪਰਮਾਤਮਾ ਦੇ ਹੱਥ ਹੈ ਪਰ ਮਨੁੱਖ ਆਪਣੀ ਹੋਣੀ ਦਾ ਆਪ ਸੁਆਮੀ ਬਣਿਆ ਰਹਿੰਦਾ ਹੈ। ਇਸ ਦਾ ਨਤੀਜਾ ਦੁੱਖ, ਸੰਤਾਪ ਅਤੇ ਪਛਤਾਵੇ ਵਿਚ ਨਿਕਲਦਾ ਹੈ। ਗਿਆਨ-ਇੰਦਰੀਆਂ ਨੂੰ ਨਸ਼ਟ ਕਰਨਾ ਕੋਈ ਇਲਾਜ ਨਹੀਂ, ਇਨ੍ਹਾਂ ਨੂੰ ਵੱਸ ਵਿਚ ਕਰਨਾ ਇਲਾਜ ਹੈ। ਵੈਦਿਕ ਗ੍ਰੰਥਾਂ ਵਿਚ ਕੱਛੂ ਦੀ ਉਦਾਹਰਣ ਮਿਲਦੀ ਹੈ। ਜਦੋਂ ਜ਼ਰੂਰਤ ਹੁੰਦੀ ਹੈ ਉਹ ਸਿਰ ਅਤੇ ਲੱਤਾਂ ਖੋਲ ਵਿਚੋਂ ਸੀਮਤ ਸਮੇਂ ਲਈ ਬਾਹਰ ਕੱਢ ਲੈਂਦਾ ਹੈ। ਫਿਰ ਅੰਦਰ ਕਰਕੇ ਸੌਂ ਜਾਂਦਾ ਹੈ। ਇਵੇਂ ਹੀ ਸਮੁੰਦਰ ਵਿਚ ਸੈਂਕੜੇ ਨਦੀਆਂ ਦਰਿਆ ਡਿਗਦੇ ਹਨ ਪਰ ਸਮੁੰਦਰ ਸ਼ਾਂਤ, ਮਸਤ ਹੈ। ਨਦੀਆਂ ਉਸਨੂੰ ਹਿਲਾ ਨਹੀਂ ਸਕਦੀਆਂ ਕਿਉਂਕਿ ਉਹ ਮਹਾਨ ਹੈ। ਇਵੇਂ ਹੀ ਗਿਆਨੀ ਪੁਰਖ ਦੀਆਂ ਗਿਆਨ ਇੰਦਰੀਆਂ ਕਾਰਜਸ਼ੀਲ ਹਨ ਪਰ ਉਹ ਉਸ ਦੇ ਮਨ ਨੂੰ ਡੁਲਾ ਨਹੀਂ ਸਕਦੀਆਂ।

ਵੈਦਿਕ ਕਾਲ ਵਿਚ ਯੱਗ, ਹਵਨ ਤੇ ਬਲੀ ਆਦਿਕ ਕਰਮਕਾਂਡ ਨਿਭਾਉਣਾ ਜੀਵਨ ਦਾ ਮਹੱਤਵਪੂਰਨ ਉਦੇਸ਼ ਹੁੰਦਾ ਸੀ। ਯੱਗ ਵਿਚ ਪੁਜਾਰੀ ਦੀ ਅਹਿਮ ਭੂਮਿਕਾ ਸੀ। ਹੌਲੀ ਹੌਲੀ ਪੁਜਾਰੀ ਏਨਾ ਸ਼ਕਤੀਸ਼ਾਲੀ ਹੋ ਗਿਆ ਕਿ ਉਸਨੇ ਯੱਗ ਦੀ ਰਸਮ ਬੜੀ ਪੇਚੀਦਾ, ਲੰਮੀ ਅਤੇ ਮਹਿੰਗੀ ਕਰ ਦਿੱਤੀ। ਨੌਬਤ ਇਹ ਆਈ ਕਿ ਧਨਵਾਨ ਲੋਕ ਜਾਂ ਰਾਜੇ ਮਹਾਰਾਜੇ ਹੀ ਕੇਵਲ ਯੱਗ ਕਰਵਾਉਣ ਸਮਰੱਥ ਰਹਿ ਗਏ। ਲੋਕ, ਦੇਖ ਅਤੇ ਅਨੁਭਵ ਕਰ ਰਹੇ ਸਨ ਕਿ ਧਨਾਢ ਲੋਕ ਅਨੈਤਕ ਢੰਗ ਨਾਲ ਧਨ ਕਮਾਉਂਦੇ ਪਰ ਉਹ ਯੱਗ ਕਰਕੇ ਪਾਪਾਂ ਤੋਂ ਮੁਕਤ ਹੋ ਜਾਂਦੇ। ਜਨਸਾਧਾਰਨ ਸਾਦਗੀਪੂਰਨ ਜੀਵਨ ਬਤੀਤ ਕਰਦਾ ਹੋਇਆ ਵੀ ਆਪਣੇ ਆਪ ਨੂੰ ਪਾਪੀ ਸਮਝਦਾ ਕਿਉਂਕਿ ਧਾਰਮਿਕ ਰਸਮਾਂ ਤੇ ਖਰਚ ਕਰਨਾ ਉਸਦੀ ਸਮਰੱਥਾ ਤੋਂ ਬਾਹਰ ਸੀ। ਸਮਾਜ ਇਸ ਉਧੇੜ-ਬੁਣ ਵਿਚ ਵਿਚਰ ਰਿਹਾ ਸੀ ਤੇ ਚਾਹੁੰਦਾ ਸੀ ਕਿ ਇਸਦਾ ਕੋਈ ਹੱਲ ਨਿਕਲੇ।

ਹਿੰਸਾ ਕਿਸੇ ਪ੍ਰਕਾਰ ਦੀ ਵੀ ਹੋਵੇ ਆਮ ਤੌਰ ਤੇ ਪਸੰਦ ਨਹੀਂ ਕੀਤੀ ਜਾਂਦੀ। ਪਰ ਧਾਰਮਿਕ ਰਸਮਾਂ ਵਿਚ ਹਿੰਸਾ ਜਦੋਂ ਅਨਿੱਖੜ ਭਾਗ ਬਣ ਜਾਵੇ ਉਦੋਂ ਇਹ ਹੋਰ ਵੀ ਅਜੀਬ ਲਗਦੀ ਹੈ। ਵੈਦਿਕ ਧਾਰਮਿਕ ਰਸਮਾਂ ਨਿਭਾਉਂਦਿਆਂ ਪਸ਼ੂ ਬਲੀ ਆਵਸ਼ਕ ਸੀ। ਕਿਸੇ ਸਮੇਂ ਤਾਂ ਨਰ ਬਲੀ (ਮਨੁੱਖ ਦੀ ਹੱਤਿਆ) ਵੀ ਪ੍ਰਚੱਲਤ ਹੋ ਗਈ ਸੀ ਪਰ ਜਲਦੀ ਹੀ ਬੰਦ ਹੋ ਗਈ। ਵੇਦਾਂ ਵਿਚ ਸਾਨੂੰ ਨਰ ਬਲੀ ਦੇ ਸੰਕੇਤ ਮਿਲਦੇ ਹਨ। ਪਸ਼ੂਧਨ ਸਮਾਜ ਵਿਚ ਅਹਿਮ ਭੂਮਿਕਾ ਨਿਭਾਉਂਦਾ ਸੀ। ਬਲਦ, ਗਾਵਾਂ, ਮੱਝਾਂ, ਘੋੜੇ, ਊਠ ਆਦਿਕ ਜਾਨਵਰ ਸਾਰੀ ਉਮਰ ਮਨੁੱਖੀ ਪਰਿਵਾਰ ਦੀਆਂ ਲੋੜਾਂ ਪੂਰੀਆਂ ਕਰਦੇ ਸਨ। ਇਨ੍ਹਾਂ ਹੀ ਜਾਨਵਰਾਂ ਦੀ ਬਲੀ ਯੱਗ ਵਿਚ ਦੇਣ ਦਾ ਰਿਵਾਜ ਸਿਖਰ ਉੱਤੇ ਪੁੱਜ ਗਿਆ ਤਾਂ ਇਸ ਸਿਖਰ ਤੋਂ ਵਾਪਸੀ ਜ਼ਰੂਰੀ ਹੋ ਗਈ। ਸਮਾਜ ਨੇ ਇਸ ਨੂੰ ਨਾਪਸੰਦ ਕਰਨਾ ਸ਼ੁਰੂ ਕਰ ਦਿੱਤਾ। ਫਲਸਰੂਪ ਬਲੀ ਦੀ ਰਸਮ ਹੌਲੀ ਹੌਲੀ ਸਮਾਪਤੀ ਵੱਲ ਵਧਦੀ ਗਈ। ਜੈਨ ਧਰਮ ਅਤੇ ਬੁੱਧ ਧਰਮ ਨੇ ਬਲੀ ਦੇ ਰਿਵਾਜ ਦੀ ਕਰੜੀ ਆਲੋਚਨਾ ਕੀਤੀ। ਬ੍ਰਾਹਮਣਾ ਨੇ ਇਸ ਆਲੋਚਨਾ ਨੂੰ ਉਸਾਰੂ ਨੁਕਤਾਚੀਨੀ ਵਜੋਂ ਲਿਆ ਤੇ ਕਿਸੇ ਵਕਤ ਜਿਹੜੇ ਬ੍ਰਾਹਮਣ ਬਲੀ ਦੇਣ ਉਪਰੰਤ ਪਸ਼ੂ ਦਾ ਮਾਸ ਪ੍ਰਸ਼ਾਦਿ ਦੇ ਰੂਪ ਵਿਚ ਵੰਡਦੇ ਅਤੇ ਆਪ ਖਾਂਦੇ ਸਨ ਉਹ ਨਿਰੋਲ ਸ਼ਾਕਾਹਾਰੀ ਹੋ ਗਏ। ਇਸ ਵਿਚ ਸੰਦੇਹ ਨਹੀਂ ਕਿ ਕਿਤੇ ਕਿਤੇ ਮੰਦਰਾਂ ਵਿਚ ਅਜੇ ਵੀ ਬਲੀ ਦਾ ਰਿਵਾਜ ਹੈ ਪਰ ਇਕ ਤਾਂ ਇਹ ਬਹੁਤ ਘੱਟ ਥਾਵਾਂ ਉੱਤੇ ਹੈ ਤੇ ਦੂਜੇ ਇਹ ਕਿ ਜਿਥੇ ਕਿਤੇ ਪ੍ਰਚੱਲਤ ਹੈ, ਇਸਨੂੰ ਵਧੇਰੇ ਲੋਕ ਪਸੰਦ ਨਹੀਂ ਕਰਦੇ।

ਬਲੀ ਦੀ ਇਹ ਸੰਖੇਪ ਚਰਚਾ ਇਸ ਲਈ ਕਰਨੀ ਆਵਸ਼ਕ ਹੋ ਗਈ ਕਿ ਵੈਦਿਕ ਮੱਤ ਵਿਚ ਬੇਜਾਨ ਕਠੋਰਤਾ ਨਹੀਂ। ਜਿਹੜੇ ਗੁਣ ਸਾਰਥਕ ਲੱਗਣ ਉਹ ਗ੍ਰਹਿਣ ਕਰ ਲਏ ਜਾਣ ਦੀ ਪ੍ਰਥਾ ਪ੍ਰਚੱਲਤ ਰਹੀ। ਵੈਦਿਕ ਰਿਸ਼ੀਆਂ ਦੀ ਤਾਂ ਪ੍ਰਾਰਥਨਾ ਹੀ ਇਹੀ ਸੀ- "ਮੈਨੂੰ ਹਨੇਰੇ ਵਿਚੋਂ ਰੋਸ਼ਨੀ ਵੱਲ ਲੈ ਜਾਓ"। ਗਿਆਨ ਦੀ ਇਹ ਰੋਸ਼ਨੀ ਜਿਥੋਂ ਵੀ ਮਿਲੇ ਗ੍ਰਹਿਣ ਕਰਨੀ ਵਾਜਬ ਹੈ। ਸਮੇਂ ਦੇ ਬੀਤਣ ਨਾਲ ਇਹ ਅਹਿਸਾਸ ਜ਼ੋਰ ਫੜਦਾ ਗਿਆ ਕਿ ਮਨੁੱਖ ਸਭ ਜੀਵਾਂ ਦਾ ਸਿਰਤਾਜ ਹੈ। ਮਨੁੱਖ ਲਈ ਚਾਹੀਦਾ ਤਾਂ ਇਹ ਹੈ ਕਿ ਉਹ ਚਲ ਅਚੱਲ ਸਭ ਜੀਵਾਂ ਲਈ ਸੁਖਦਾਈ ਸਾਬਤ ਹੋਵੇ ਪਰ ਗੱਲ ਉਲਟੀ ਸ਼ੁਰੂ ਹੋ ਗਈ। ਜੀਵਨ ਉਦੇਸ਼ ਚਾਹੀਦਾ ਸੀ- ਬਹੁਜਨ ਹਿਤਾਇ, ਬਹੁਜਨ ਸੁਖਾਇ। ਪਰ ਮਨੁੱਖ ਨੇ ਬੇਰਹਿਮੀ ਦਾ ਰੁਖ ਅਪਣਾ ਕੇ ਜੀਵਾਂ ਦਾ ਸੰਘਾਰ ਕਰਨਾ ਆਰੰਭ ਕਰ ਦਿੱਤਾ। ਇਥੋਂ ਹੀ ਸਾਰਥਕ ਮੋੜ ਦੀ ਸ਼ੁਰੂਆਤ ਹੋਈ ਤੇ ਇਤਿਹਾਸ ਦੇ ਲੰਮੇ ਦੌਰ ਵਿਚ ਭਾਰਤੀ ਸਮਾਜ ਦੀ ਬਹੁਗਿਣਤੀ ਅਹਿੰਸਕ ਰਹੀ ਹੈ। ਅੱਜ ਵੀ ਭਾਰਤੀ ਸੰਵਿਧਾਨ ਵਿਚ ਅਜਿਹੀਆਂ ਧਾਰਾਵਾਂ ਸ਼ਾਮਲ ਹਨ ਜਿਨ੍ਹਾਂ ਵਿਚ ਪਸ਼ੂਆਂ ਨੂੰ ਤਸੀਹੇ ਦੇਣ, ਉਨ੍ਹਾਂ ਦੀ ਸਮਰੱਥਾ ਤੋਂ ਵਧੀਕ ਕੰਮ ਲੈਣ ਵਾਲੇ ਵਿਅਕਤੀ ਨੂੰ ਸਜਾ ਦੇਣ ਦੀ ਵਿਵਸਥਾ ਹੈ। ਅਜਿਹਾ ਇਸ ਕਰਕੇ ਕੀਤਾ ਗਿਆ ਕਿ ਮਨੁੱਖ ਨੂੰ ਅਹਿਸਾਸ ਹੋਵੇ ਕਿ ਉਹ ਸਭ ਜੀਵਾਂ ਦਾ ਹਿਤੈਸ਼ੀ ਹੈ ਨਾ ਕਿ ਦੁਸ਼ਮਣ।

ਵੈਦਿਕ ਕਰਮਕਾਂਡ ਜਦੋਂ ਸਿਖਰਾਂ ਛੂਹ ਰਿਹਾ ਸੀ ਉਦੋਂ ਜੈਨ-ਮੱਤ ਤੇ ਬੁੱਧ-ਮੱਤ ਦਾਰਸ਼ਨਿਕ ਗ੍ਰੰਥਾਂ ਦੀ ਰਚਨਾ ਕਰ ਰਹੇ ਸਨ। ਬਹੁਤ ਸੂਖਮ ਪ੍ਰਸ਼ਨਾ ਦੇ ਸਮਾਧਾਨ ਲੱਭੇ ਜਾ ਰਹੇ ਸਨ ਤੇ ਹਰ ਸ਼ੰਕੇ ਦੀ ਨਵਿਰਤੀ ਕਰਨ ਲਈ ਸਾਧੂ ਸੰਤ ਤਿਆਰ ਰਹਿੰਦੇ ਸਨ। ਬ੍ਰਾਹਮਣ ਸਮਾਜ ਨੇ ਵੀ ਇਹ ਲੋੜ ਪ੍ਰਤੀਤ ਕੀਤੀ ਕਿ ਕੇਵਲ

ਬਲੀਆਂ ਦੇਣ ਨਾਲ ਤੇ ਯੱਗ ਕਰਨ ਨਾਲ ਵੈਦਿਕ ਮੱਤ ਵਿਚ ਖੜੋਤ ਆ ਜਾਵੇਗੀ। ਇਸਦਾ ਇਹ ਨੁਕਸਾਨ ਵੀ ਹੋ ਸਕਦਾ ਸੀ- ਕਿ ਸਾਰੇ ਲੋਕ ਕਿਤੇ ਜੈਨ ਧਰਮ ਤੇ ਬੁੱਧ ਧਰਮ ਹੀ ਨਾ ਅਪਨਾ ਲੈਣ। ਦਰਸ਼ਨ ਦੀ ਖਾਲੀ ਥਾਂ ਦਰਸ਼ਨ ਨਾਲ ਹੀ ਭਰੀ ਜਾ ਸਕਦੀ ਸੀ। ਤਦ ਉਪਨਿਸ਼ਦਾਂ ਦੀ ਰਚਨਾ ਹੋਈ ਤੇ ਗੀਤਾ ਇਸ ਦਰਸ਼ਨ ਦਾ ਅੰਤਿਮ ਪੜਾਅ ਹੈ। ਗੀਤਾ ਤੋਂ ਬਾਅਦ ਦਾ ਵੈਦਿਕ ਦਰਸ਼ਨ ਉਪਨਿਸ਼ਦਾਂ ਦੇ ਅਤੇ ਗੀਤਾ ਦੇ ਦਰਸ਼ਨ ਦੀ ਵਿਆਖਿਆ ਹੈ।

ਪੁਰਾਣ ਸਾਹਿਤ ਵਿਚ ਅਹਿੰਸਾ ਦੀ ਉਪਮਾ ਕਰਕੇ ਦਇਆ, ਖਿਮਾ, ਆਤਮ ਅਨੁਸ਼ਾਸਨ ਅਤੇ ਬਰਦਾਸ਼ਤ ਕਰਨ ਵਰਗੇ ਗੁਣਾਂ ਨੂੰ ਮਨੁੱਖ ਦੇ ਸਰੇਸ਼ਟ ਗੁਣ ਕਿਹਾ ਗਿਆ ਹੈ। ਦਾਨਪੁੰਨ, ਸੱਚ, ਤਪ ਤੇ ਗਿਆਨ ਮਨੁੱਖ ਜਾਤੀ ਦੇ ਗਹਿਣੇ ਹਨ। ਪਦਮ ਪੁਰਾਣ ਵਿਚ ਕਿਹਾ ਗਿਆ ਹੈ, "ਅਹਿੰਸਾ ਪਰਮ-ਧਰਮ ਹੈ ਤੇ ਅਹਿੰਸਾ ਪਰਮ-ਤਪ ਹੈ।" ਇਸ ਗੁਣ ਵਿਚ ਬਾਕੀ ਸਾਰੇ ਦੇ ਸਾਰੇ ਗੁਣ ਸਮਾਏ ਹੋਏ ਹਨ। ਹਿੰਸਾ ਕਰਨ ਵਾਲਾ ਬੰਦਾ ਨਵੀਆਂ ਜੂਨਾਂ ਵਿਚ ਪੈ ਕੇ ਬਾਰ ਬਾਰ ਦੁੱਖਾਂ ਦਾ ਸਾਹਮਣਾ ਕਰਦਾ ਹੈ। ਜਿਵੇਂ ਤੁਸੀਂ ਚਾਹੁੰਦੇ ਹੋ ਤੁਹਾਡੇ ਨਾਲ ਨਾ ਹੋਵੇ, ਉਹ ਕੁਝ ਤੁਸੀਂ ਦੂਜਿਆਂ ਨਾਲ ਨਾ ਕਰੋ।

ਅਹਿੰਸਾ ਤੋਂ ਬਾਅਦ ਸੱਤ ਨੂੰ ਧਰਮ ਦਾ ਥੰਮ੍ਹ ਮੰਨਿਆ ਗਿਆ ਹੈ। ਇਹ ਦ੍ਰਿੜ੍ਹ ਕਰਵਾਇਆ ਗਿਆ ਹੈ ਕਿ ਹਾਸੇ ਮਜ਼ਾਕ ਵਿਚ ਵੀ ਅਜਿਹਾ ਝੂਠ ਨਾ ਬੋਲੋ ਜਿਹੜਾ ਬਰਦਾਸਤ ਨਾ ਹੋ ਸਕੇ। ਇਸੇ ਤਰ੍ਹਾਂ ਅਜਿਹਾ ਸੱਚ ਨਾ ਬੋਲੋ ਜਿਹੜਾ ਨੁਕਸਾਨ ਕਰਨ ਦੀ ਮਨਸ਼ਾ ਨਾਲ ਬੋਲਿਆ ਜਾਵੇ। ਇਹ ਸੱਚ ਹੀ ਹੈ ਜਿਹੜਾ ਇਕ ਵਿਅਕਤੀ ਦੀ ਸਾਂਝ ਦੂਜੇ ਨਾਲ ਪੱਕੀ ਕਰਦਾ ਹੈ। ਸੱਚ ਸਾਡੇ ਮਨ, ਵਚਨ ਅਤੇ ਕਰਮ ਵਿਚ ਨਿਰਮਲਤਾ ਪੈਦਾ ਕਰਦਾ ਹੈ।

ਦੂਜਾ ਉਤਮ ਗੁਣ ਸ਼ੌਚ (ਸਫਾਈ) ਹੈ। ਸਾਫ ਜਲ ਨਾਲ ਸਰੀਰ ਦੀ ਸ਼ੁਧਤਾ ਰੱਖਣੀ ਲਾਜ਼ਮੀ ਹੈ। ਹਰ ਸਵੇਰ ਇਸ਼ਨਾਨ ਕਰਨ ਉਪਰੰਤ ਪੂਜਾ ਪਾਠ ਕੀਤਾ ਜਾਵੇ। ਇਸ਼ਨਾਨ ਸਰੀਰ ਨੂੰ ਸਾਫ ਕਰਦਾ ਹੈ ਤੇ ਪੂਜਾ ਮਨ ਨੂੰ। ਕਾਮ, ਕਰੋਧ ਵਰਗੇ ਵਿਕਾਰ ਮਨ ਨੂੰ ਮੈਲਾ ਕਰ ਦਿੰਦੇ ਹਨ ਤੇ ਵੈਰਾਗ, ਖਿਮਾ, ਸਹਿਨਸ਼ੀਲਤਾ ਤੇ ਤਪ ਵਰਤ ਆਦਿਕ ਨਾਲ ਮਨ ਪਵਿੱਤਰ ਹੁੰਦਾ ਹੈ।

ਵੈਦਿਕ ਮੱਤ ਵਰਣ-ਆਸ਼ਰਮ ਧਰਮ ਨੂੰ ਸਰਬੋਤਮ ਮੰਨਦਾ ਹੈ। ਚਾਰੇ ਵਰਣ ਪੂਰੇ ਅਨੁਸ਼ਾਸਨ ਵਿਚ ਰਹਿ ਕੇ ਆਪਣਾ ਆਪਣਾ ਧਰਮ ਪਾਲਣ ਕਰਨ। ਬ੍ਰਾਹਮਣ ਲਾਲਚ ਨਾ ਕਰੇ। ਉਹ ਦਾਨ ਕੇਵਲ ਪ੍ਰਾਪਤ ਨਾ ਕਰੇ ਦਾਨ ਦੇਵੇ ਵੀ। ਪ੍ਰਾਪਤ ਕੀਤੀ ਵਿਦਿਆ ਛੁਪਾ ਕੇ ਨਾ ਰੱਖੇ ਵੰਡੇ ਵੀ। ਪੂਜਾ ਬਲੀ ਯੱਗ ਹਵਨ ਸਭ ਸੰਸਕਾਰ ਨਿਭਾਉਣ ਦੇ ਸਮਰਥ ਹੋਵੇ। ਇਸੇ ਪ੍ਰਕਾਰ ਖੱਤਰੀ ਆਪਣੀ ਬਹਾਦਰ ਸ਼ਾਨ ਨੂੰ ਕਾਇਮ ਰੱਖਣ ਹਿਤ ਸਰੀਰ ਨੂੰ ਸੁਡੌਲ ਰੱਖੇ। ਗਊ ਗਰੀਬ ਅਤੇ ਸ਼ਰਣ ਆਏ ਦੀ ਰਾਖੀ ਕਰੇ। ਇਸਤਰੀ ਦੀ ਇੱਜ਼ਤ ਦਾ ਰਖਵਾਲਾ ਹੋਵੇ। ਖੱਤਰੀ ਨੂੰ ਬਾਦਸ਼ਾਹ ਦਾ ਰੁਤਬਾ ਮਿਲਿਆ ਹੋਇਆ ਹੈ। ਉਹ ਆਪਣੇ ਰੁਤਬੇ ਨੂੰ ਨੀਵਾਂ ਨਾ ਹੋਣ ਦਏ। ਵਿਦਿਆ ਪ੍ਰਾਪਤ ਕਰੇ ਤੇ ਦਾਨ ਦੇਵੇ। ਲੋੜਵੰਦ ਉਸਦੇ ਦਰੋਂ ਖਾਲੀ ਨਾ ਮੁੜੇ। ਵੈਸ਼ ਆਪਣਾ ਵਪਾਰ ਆਦਿਕ ਦਾ ਧੰਦਾ ਸ਼ੁੱਧ ਰੱਖੇ। ਬੇਈਮਾਨੀਆਂ ਨਾਲ ਧਨ ਇਕੱਤਰ ਨਾ ਕਰੇ। ਦਾਨਪੁੰਨ ਅਵੱਸ਼ ਕਰੇ ਤੇ ਸ਼ੂਦਰ ਸਮਾਜ ਦੀ ਸੇਵਾ ਕਰੇ, ਹਲੀਮੀ ਰੱਖੇ,

ਸਤਿਕਾਰ ਨਾਲ ਪੇਸ਼ ਆਵੇ। ਇਹ ਚਾਰੇ ਵਰਣ ਸਮਾਜ ਦੇ ਸਰੀਰ ਦੇ ਚਾਰ ਮੁੱਖ ਅੰਗ ਹਨ। ਹਰੇਕ ਅੰਗ ਦੀ ਤੰਦਰੁਸਤੀ ਜ਼ਰੂਰੀ ਹੈ। ਕੋਈ ਇਕ ਹਿੱਸਾ ਵੀ ਜੇ ਬੇਕਾਰ ਹੋ ਗਿਆ ਤਾਂ ਸਮਾਜ ਖਿੰਡ ਜਾਵੇਗਾ। ਚਾਰੇ ਵਰਣ ਆਪਸੀ ਸਹਿਯੋਗ ਨਾਲ ਮਿਲਕੇ ਜੀਵਨ ਬਤੀਤ ਕਰਨ। ਸਮਾਜ ਵਿਚ ਜੇ ਉਲਾਰ ਪੈਦਾ ਹੋ ਗਿਆ ਤਾਂ ਉਪੱਦਰ ਖੜੇ ਹੋ ਜਾਣਗੇ।

ਚਾਰ ਆਸ਼ਰਮ, ਬ੍ਰਹਮਚਰਜ, ਗ੍ਰਹਿਸਥ, ਬਾਣਪ੍ਰਸਥ ਤੇ ਸੰਨਿਆਸ ਮਨੁੱਖੀ ਜੀਵਨ ਨੂੰ ਸਮਤੋਲ ਬਣਾਉਂਦੇ ਹਨ। ਬ੍ਰਹਮਚਾਰੀ ਆਸ਼ਰਮ ਵਿਚ ਵਿਦਿਆਰਥੀ ਕਠਿਨ ਮਿਹਨਤ ਕਰਕੇ ਵਿਦਿਆ ਪ੍ਰਾਪਤ ਕਰੇ। ਸਾਦਾ ਖਾਣਾ ਖਾਵੇ, ਧਰਤ ਤੇ ਸੌਂਵੇ। ਗੁਰੂਆਂ ਅਧਿਆਪਕਾਂ ਦੀ ਸੇਵਾ ਕਰੇ ਸਤਿਕਾਰ ਕਰੇ। ਭੀਖ ਮੰਗ ਕੇ ਖਾਣਾ ਖਾਣ ਨਾਲ ਉਸ ਵਿਚ ਸਾਰੀ ਉਮਰ ਲਈ ਨਿਮਰ ਭਾਵ ਪੈਦਾ ਹੋ ਜਾਣਗੇ।

ਗ੍ਰਹਿਸਥ ਜੀਵਨ ਵਿਚ ਕਮਾਈ ਕਰੇ, ਘਰ ਵਸਾਏ, ਸੰਤਾਨ ਉਤਪਨ ਕਰੇ ਪਰ ਵਿਲਾਸਤਾ ਵਾਲਾ ਜੀਵਨ ਬਤੀਤ ਨਾ ਕਰੇ। ਸੰਤਾਨ ਨਾਲ ਵਧੀਕ ਮੋਹ ਨਾ ਰੱਖੇ। ਇਸ ਫਰਜ਼ ਦੀ ਪੂਰਤੀ ਨਾਲ ਗ੍ਰਹਿਸਥ ਚਲਾਵੇ ਕਿ ਮਨੁੱਖੀ ਨਸਲ ਅੱਗੇ ਤੋਰਨੀ ਹੈ। ਮਾਤਾ ਪਿਤਾ ਨੂੰ ਅੰਤ ਤਕ ਸਤਿਕਾਰ ਮਿਲੇ। ਉਨ੍ਹਾਂ ਦੇ ਸਵਰਗ ਸਿਧਾਰਨ ਪਿੱਛੋਂ ਉਨ੍ਹਾਂ ਦਾ ਕਿਰਿਆ ਕਰਮ ਤੇ ਸਰਾਧ ਆਦਿਕ ਨਾਲ ਉਨ੍ਹਾਂ ਦੀਆਂ ਆਤਮਾਵਾਂ ਨੂੰ ਸੁਖੀ ਰੱਖੇ। ਉਸਦੇ ਬਤੌਰ ਪਤੀ, ਪਿਤਾ, ਪੁੱਤਰ, ਭਰਾ ਵੱਖ-ਵੱਖ ਫਰਜ਼ ਹਨ। ਹਰ ਫਰਜ਼ ਦੀ ਪਾਲਣਾ ਕਰਨ ਵੇਲੇ ਨੇਕੀ ਤੇ ਈਮਾਨਦਾਰੀ ਦਾ ਪੱਲਾ ਨਾ ਛੱਡੇ।

ਬਾਣਪ੍ਰਸਥ ਆਸ਼ਰਮ ਵਿਚ ਮਨੁੱਖ ਢਲਦੀ ਉਮਰ ਨੂੰ ਪੁੱਜ ਜਾਂਦਾ ਹੈ। ਇਸ ਉਮਰੇ ਪਰਿਵਾਰ ਤੋਂ ਵਿਰੱਕਤ ਰਹੇ। ਅਕਸਰ ਸਾਧੂਆਂ ਸੰਤਾਂ ਦੀ ਸੰਗਤ ਕਰਦਾ ਰਹੇ। ਪੂਜਾ, ਭਜਨ ਪਾਠ ਦਾ ਅਭਿਆਸ ਕਰੇ। ਜੰਗਲਾਂ ਵਿਚ ਜਾ ਕੇ ਸਾਧੂਆਂ ਦੀ ਸੇਵਾ ਕਰੇ ਤੇ ਉਨ੍ਹਾਂ ਤੋਂ ਰਿਖੀਆਂ ਦੀ ਸਿੱਖਿਆ ਪ੍ਰਾਪਤ ਕਰੇ। ਸਾਦਗੀ ਵਾਲਾ ਜੀਵਨ ਬਤੀਤ ਕਰੇ। ਆਪਣੀ ਸੰਤਾਨ ਨੂੰ ਹੌਲੀ ਹੌਲੀ ਆਪਣੀਆਂ ਜ਼ਿੰਮੇਵਾਰੀਆਂ ਅਤੇ ਆਪਣੀ ਜਾਇਦਾਦ ਸੌਂਪ ਦੇਵੇ।

ਸਨਿਆਸ ਦਾ ਭਾਵ ਹੈ ਪੂਰਨ ਤਿਆਗ। ਇਹ ਉਮਰ ਦਾ ਅਖੀਰ ਹੈ। ਖਾਣੇ ਉਤੇ ਸੰਜਮ ਰੱਖੇ। ਸਾਰਾ ਸਮਾਂ ਧਿਆਨ ਵਿਚ ਲੰਘਾਵੇ। ਜਿੰਨੇ ਸੁਆਸ ਬਾਕੀ ਬਚੇ ਹਨ ਉਹ ਸਾਰਥਕ ਸਿੱਧ ਹੋਣ। ਧਰਤੀ ਤੋਂ ਜਾਣ ਦਾ ਪੜਾਅ ਹੈ ਸਨਿਆਸ ਆਸ਼ਰਮ। ਸਾਰੀ ਉਮਰ ਵਿਚ ਹੋਈਆਂ ਗਲਤੀਆਂ ਦਾ ਪਸ਼ਚਾਤਾਪ ਕਰੇ। ਧਰਤੀ ਉਸਦਾ ਵਿਛੌਣਾ ਬਣੇ ਤੇ ਚਮੜੀ ਉਸਦਾ ਓੜ੍ਹਨ। ਵਰਤ ਰੱਖੇ। ਜੰਗਲੀ ਆਹਾਰ ਕਰੇ। ਸਮਾਂ ਧਿਆਨ ਵਿਚ ਅਤੇ ਅਧਿਐਨ ਵਿਚ ਬਤੀਤ ਕਰੇ। ਇਨ੍ਹਾਂ ਵਰਣ-ਆਸ਼ਰਮਾਂ ਦੇ ਨੇਮ ਧਰਮ ਮੰਨਣ ਵਾਲਾ ਤੇ ਪਾਲਣਾ ਕਰਨ ਵਾਲਾ ਵਿਅਕਤੀ ਆਪਣੇ ਜੀਵਨ ਮਨੋਰਥ ਵਿਚ ਸਫਲ ਹੋ ਕੇ ਸੰਸਾਰ ਤੋਂ ਵਿਦਾ ਹੁੰਦਾ ਹੈ।

ਇਸ ਜੀਵਨ ਵਿਚ ਮਨੁੱਖ ਕਰਜ਼ਈ ਹੈ। ਉਸਨੇ ਤਿੰਨ ਪ੍ਰਕਾਰ ਦਾ ਕਰਜ਼ ਅਦਾ ਕਰਨਾ ਹੁੰਦਾ ਹੈ-

1. *ਸਾਧੂਆਂ ਦਾ ਰਿਣ*
2. *ਦੇਵਤਿਆਂ ਦਾ ਰਿਣ*
3. *ਪਿਤਰਾਂ ਦਾ ਰਿਣ*

ਸਾਧੂਆਂ ਸੰਤਾਂ ਨੇ ਸਾਨੂੰ ਜੀਵਨ ਦੇ ਉਦੇਸ਼ ਵੱਲ ਉਂਗਲ ਫੜ ਕੇ ਲਿਜਾਣਾ ਹੈ। ਉਹੋ ਸਾਡੇ ਅਧਿਆਪਕ ਹਨ। ਉਨ੍ਹਾਂ ਦੀ ਸੇਵਾ, ਸਤਿਕਾਰ ਅਤੇ ਦਾਨ ਕਰਕੇ ਸੰਤਾਂ ਦੀ ਪ੍ਰਸੰਨਤਾ ਹਾਸਲ ਕਰਨੀ ਹੈ। ਦੇਵਤੇ ਸਾਡੀ ਜ਼ਿੰਦਗੀ ਨੂੰ, ਇਸਦੀ ਗਤੀ ਨੂੰ ਦਿਸ਼ਾ ਨੂੰ ਨਿਸ਼ਚਿਤ ਕਰਦੇ ਹਨ। ਉਹ ਸਾਡੀ ਕਿਸਮਤ ਬਣਾਉਂਦੇ ਜਾਂ ਵਿਗਾੜਦੇ ਹਨ। ਉਹ ਪ੍ਰਸੰਨ ਹੋਣ ਤਾਂ ਬਖਸ਼ਿਸ਼ਾਂ ਕਰਦੇ ਹਨ। ਨਾਰਾਜ ਹੋਣ ਤਾਂ ਕਰੋਪੀ ਆ ਜਾਂਦੀ ਹੈ। ਵੇਦਾਂ ਵਿਚ ਦਰਜ ਕੀਤੇ ਮੰਤਰਾਂ ਦਾ ਉਚਾਰਣ, ਯੱਗ, ਹਵਨ ਆਦਿਕ ਕਰਕੇ ਦੇਵਤਿਆਂ ਦਾ ਕਰਜ਼ਾ ਉਤਾਰਿਆ ਜਾਦਾ ਹੈ। ਪਿਤਰਾਂ ਸਦਕਾ ਅਸੀਂ ਸੰਸਾਰ ਦਾ ਮੂੰਹ ਦੇਖਿਆ। ਉਹ ਸਾਡੇ ਜਨਮਦਾਤੇ, ਪਿਤਾਮੇ ਹਨ। ਉਨ੍ਹਾਂ ਨੂੰ ਸਤਿਕਾਰ ਨਾਲ ਯਾਦ ਕਰਨਾ ਤੇ ਸ਼ਰਾਧ ਕਰਾਉਣੇ ਵੈਦਿਕ ਧਰਮ ਦਾ ਅਨਿੱਖੜ ਅੰਗ ਹੈ। ਮਾਤਾ-ਪਿਤਾ ਦੀ ਸਾਂਭ-ਸੰਭਾਲ ਤੇ ਸਤਿਕਾਰ ਕਰਨਾ ਹਰ ਮਨੁੱਖ ਦਾ ਫਰਜ਼ ਹੈ।

ਕਰਮ ਸਿਧਾਂਤ ਮਨੁੱਖਤਾ ਦੀ ਦੋ ਪੱਖੋਂ ਸਹਾਇਤਾ ਕਰਦਾ ਹੈ। ਪਹਿਲੀ ਉਲਝਣ ਤਾਂ ਇਹ ਹੈ ਕਿ ਕੁਝ ਜੀਵ ਨੀਵੀਂ ਜੂਨ ਵਿਚ ਕਿਉਂ ਹਨ ਕੁਝ ਉਚੀ ਜੂਨ ਵਿਚ ਕਿਉਂ। ਮਨੁੱਖਾਂ ਵਿਚ ਵੀ, ਕੁਝ ਸੁਖੀ ਕਿਉਂ ਹਨ ਬਾਕੀ ਦੁਖੀ ਕਿਉਂ। ਚੰਗੇ ਕੰਮ ਕਰਨ ਵਾਲੇ ਕਿਉਂ ਕਸ਼ਟਾਂ ਵਿਚ ਜੀਵਨ ਭੋਗਦੇ ਹਨ ਤੇ ਮਾੜੇ ਕਿਉਂ ਮੌਜ ਮਸਤੀ ਵਿਚ ਹਨ। ਇਨ੍ਹਾਂ ਪ੍ਰਸ਼ਨਾਂ ਦਾ ਕੋਈ ਉੱਤਰ ਨਹੀਂ ਸੀ। ਕਰਮ ਦੇ ਸਿਧਾਂਤ ਰਾਹੀਂ ਇਹ ਉਲਝਣਾਂ ਹੱਲ ਕੀਤੀਆਂ ਗਈਆਂ। ਜਿਹੜੇ ਕਰਮ ਮਨੁੱਖ ਕਰੇਗਾ ਉਹ ਉਸਦੀ ਆਤਮਾਂ ਉੱਤੇ ਅੰਕਿਤ ਹੁੰਦੇ ਰਹਿਣਗੇ। ਨੇਕ ਬੰਦੇ ਦੀ ਆਤਮਾ ਸੁਰਖ਼ਰੂ ਹੋ ਕੇ ਸਵਰਗ ਵਿਚ ਜਾ ਬਿਰਾਜੇਗੀ ਤੇ ਫਿਰ ਜਨਮ ਮਰਨ ਦੇ ਗੇੜ ਵਿਚ ਨਹੀਂ ਪਵੇਗੀ। ਪਰ ਬੁਰੇ ਮਨੁੱਖ ਕੀਤੇ ਹੋਏ ਕਰਮਾਂ ਦੇ ਹਿਸਾਬ ਨਾਲ ਵੱਖ-ਵੱਖ ਜੂਨਾਂ ਵਿਚ ਭਟਕਣਗੇ। ਇਹੀ ਉਤਰ ਨੇਕ ਬੰਦੇ ਦੇ ਕਸ਼ਟਾਂ ਦਾ ਹੈ। ਉਹ ਨੇਕੀ ਕਰਨ ਦੇ ਬਾਵਜੂਦ ਕਸ਼ਟ ਵਿਚ ਕਿਉਂ ਹੈ? ਇਸਦਾ ਉੱਤਰ ਹੈ- ਉਸਨੇ ਪਿਛਲੇ ਜਨਮ ਵਿਚ ਬੁਰੇ ਕਰਮ ਕੀਤੇ ਸਨ, ਜਾਂ ਫਿਰ, ਉਸਨੂੰ ਅਗਲਾ ਜਨਮ ਅੱਛਾ ਮਿਲੇਗਾ। ਕਰਮ ਦੇ ਸਿਧਾਂਤ ਵਿਚ ਚਿੰਤਕਾਂ ਨੇ ਕਈ ਨੁਕਸ ਕੱਢੇ ਹਨ ਪਰ ਫਿਰ ਵੀ ਮਾੜੇ ਮੋਟੇ ਬਦਲਵੇਂ ਰੂਪ ਵਿਚ ਹਰੇਕ ਭਾਰਤੀ ਧਰਮ ਨੇ ਕਰਮ-ਸਿਧਾਂਤ ਨੂੰ ਸਵੀਕਾਰ ਕੀਤਾ ਹੈ। ਕਰਮ-ਸਿਧਾਂਤ ਦੀਆਂ ਕੁਝ ਖਾਮੀਆਂ ਇਹ ਹਨ-

1. ਆਰੰਭ ਵਿਚ ਜਦੋਂ ਸ੍ਰਿਸ਼ਟੀ ਦੀ ਸਿਰਜਣਾ ਨਵੇਂ ਸਿਰਿਉਂ ਹੋਈ, ਉਦੋਂ ਜਦੋਂ ਸਿਵਾਇ ਪਰਮਾਤਮਾ ਦੇ ਹੋਰ ਕੋਈ ਨਹੀਂ ਸੀ, ਉਦੋਂ ਏਨੀਆਂ ਜੂਨੀਆਂ ਪੈਦਾ ਹੋਈਆਂ ਸਨ ਤਾਂ ਹੇਠਲੀਆਂ ਜੂਨਾ ਵਿਚ ਜਿਹੜੇ ਜੀਵ ਪੈਦਾ ਹੋਏ ਉਨ੍ਹਾਂ ਦਾ ਕੀ ਕਸੂਰ ਸੀ।
2. ਆਤਮਾ ਬੁਰੇ ਕੰਮ ਨਹੀਂ ਕਰਦੀ। ਬੁਰੇ ਕੰਮ ਮਨ ਕਰਦਾ ਹੈ। ਸਰੀਰ ਵੀ ਬੁਰੇ ਕੰਮ ਨਹੀਂ ਕਰਦਾ, ਮਨ ਉਸਤੋਂ ਬੁਰੇ ਕੰਮ ਕਰਵਾਉਂਦਾ ਹੈ। ਜੂਨਾਂ ਵਿਚ ਸਜ਼ਾ ਸਰੀਰ ਭੁਗਤਦਾ ਹੈ ਜਦੋਂ ਕਿ ਉਹ ਬੇਕਸੂਰ ਹੈ। ਇਸੇ ਪ੍ਰਕਾਰ ਅਨੇਕ ਜਨਮਾਂ ਵਿਚ ਆਤਮਾ, ਭਟਕਦੀ ਹੈ ਜਦੋਂ ਕਿ ਉਹ ਬੇਕਸੂਰ ਹੈ।

3. ਆਤਮਾ ਭਲੇ ਬੁਰੇ ਤੋਂ ਨਿਰਲੇਪ ਹੈ, ਉਹ ਪਰਮਾਤਮਾ ਦਾ ਹੀ ਰੂਪ ਹੈ। ਜਦੋਂ ਇਹ ਭਲੇ ਬੁਰੇ ਤੋਂ ਨਿਰਲੇਪ ਹੈ ਤਾਂ ਫਿਰ ਕਰਮ ਇਸ ਉਤੇ ਅਸਰ ਕਿਉਂ ਕਰਦੇ ਹਨ ਕਿਉਂਕਿ ਕਰਮਾਂ ਨੂੰ ਅਗਲੀ ਜੂਨ ਤਕ ਲਿਜਾਣ ਵਿਚ ਆਤਮਾ ਹੀ ਕਾਰਜਸ਼ੀਲ ਹੈ। ਪੁਰਾਣਾ ਵਿਚ ਲਿਖਿਆ ਹੈ ਕਿ ਜਿਵੇਂ ਵੱਛਾ ਹਜ਼ਾਰਾਂ ਗਾਵਾਂ ਵਿਚੋਂ ਵੀ ਆਪਣੀ ਮਾਂ ਨੂੰ ਲੱਭ ਲੈਂਦਾ ਹੈ ਇਵੇਂ ਹੀ ਪਿਛਲੇ ਜਨਮ ਦੇ ਕਰਮ ਹਰ ਜੂਨ ਵਿਚ ਪਏ ਆਪਣੇ ਕਰਤਾ ਨੂੰ ਪਛਾਣ ਲੈਂਦੇ ਹਨ।
4. ਜੂਨ ਵਿਚ ਕੇਵਲ ਉਹ ਪੈਂਦਾ ਹੈ ਜਿਸਨੇ ਮਾੜੇ ਕੰਮ ਕੀਤੇ ਹੋਣ। ਮੁਕਤ ਆਤਮਾਵਾਂ ਜੂਨਾਂ ਵਿਚ ਨਹੀਂ ਪੈਂਦੀਆਂ। ਫਿਰ ਅਵਤਾਰ ਕਿਉਂ ਪੈਦਾ ਹੋਏ ?

ਜਿੰਨੇ ਮਰਜ਼ੀ ਕਿੰਤੂ ਪ੍ਰੰਤੂ ਹੁੰਦੇ ਰਹਿਣ ਕਰਮ-ਸਿਧਾਂਤ ਬਹੁਤ ਸ਼ਕਤੀਸ਼ਾਲੀ ਵਿਸ਼ਵਾਸ ਬਣਕੇ ਭਾਰਤੀ ਸਮਾਜ ਦੇ ਮਨ ਵਿਚ ਬੈਠਿਆ ਹੋਇਆ ਹੈ। ਇਸ ਸਿਧਾਂਤ ਰਾਹੀਂ ਸਮਾਜ ਅਨੁਸ਼ਾਸਨ ਵਿਚ ਰਹਿੰਦਾ ਹੈ। ਮਨੁੱਖ ਲਗਾਤਾਰ ਨੇਕੀ ਵੱਲ ਵਧਣ ਲਈ ਪ੍ਰੇਰਿਤ ਹੁੰਦਾ ਰਹਿੰਦਾ ਹੈ। ਸੁਚੇਤ ਅਤੇ ਅਚੇਤ ਰੂਪ ਵਿਚ ਇਹ ਬੁਰਾਈ ਉਪਰ ਬੰਦਸ਼ਾਂ ਲਾਉਂਦਾ ਹੈ।

ਵੈਦਿਕ ਮੱਤ ਵਿਚ ਜੈਨਮੱਤ ਵਾਂਗ ਹੀ ਵਰਤਾਂ ਦੀ ਬੜੀ ਮਹੱਤਤਾ ਹੈ। ਕੁੱਝ ਲੋਕਾਂ ਦਾ ਖਿਆਲ ਹੈ ਕਿ ਇਹ ਸਰੀਰ ਦੀ ਤੰਦਰੁਸਤੀ ਲਈ ਠੀਕ ਹਨ। ਇਹ ਸਹੀ ਹੈ ਪਰ ਕੇਵਲ ਇਹ ਸਰੀਰ ਨੂੰ ਠੀਕ ਨਹੀਂ ਰਖਦੇ ਵਰਤਾਂ ਨਾਲ ਮਨ ਵੀ ਪਵਿੱਤਰ ਹੋ ਜਾਂਦਾ ਹੈ। ਖਾਸ ਤਿਉਹਾਰਾਂ ਵੇਲੇ, ਖਾਸ ਦਿਨਾਂ ਤਿੱਥਾਂ ਉਤੇ ਵਰਤ ਰੱਖਣ ਦੀ ਸਿਫਾਰਸ਼ ਹੈ। ਵਰਤ ਵਾਲੇ ਦਿਨ ਖਾਣ ਤੋਂ ਪਰਹੇਜ਼ ਰੱਖਣ ਦੇ ਨਾਲ ਨਾਲ ਧਰਮ-ਗ੍ਰੰਥਾਂ ਦਾ ਪਾਠ ਕਰਨਾ, ਸੁਣਨਾ, ਮੰਦਰ ਜਾਣਾ ਤੇ ਦਾਨ ਕਰਨਾ ਜ਼ਰੂਰੀ ਹੈ। ਵਰਤ, ਸਾਰੇ ਸਮੇਂ ਲਈ, ਵਰਤ ਰੱਖਣ ਵਾਲੇ ਨੂੰ ਧਰਮ ਦੇ ਅਨੁਭਵ ਵਿਚ ਜਕੜੀ ਰਖਦਾ ਹੈ। ਭਾਵੇਂ ਵੈਦਿਕ ਪਰੰਪਰਾ ਵਿਚ ਸਭਨਾਂ ਨੂੰ ਵਰਤ ਰੱਖਣ ਦੀ ਹਦਾਇਤ ਹੈ ਪਰ ਅਮਲੀ ਤੌਰ ਤੇ ਮਰਦਾਂ ਦੇ ਮੁਕਾਬਲੇ ਇਸਤਰੀਆਂ ਵਧੀਕ ਵਰਤ ਰੱਖਦੀਆਂ ਹਨ।

ਜੇ ਵੈਦਿਕ ਪਰੰਪਰਾ ਦੀ ਸਮੁੱਚਤਾ ਨੂੰ ਸਾਹਮਣੇ ਰੱਖ ਕੇ ਕੇਵਲ ਇਕ ਸ਼ਬਦ ਅਜਿਹਾ ਲੱਭਣ ਦਾ ਯਤਨ ਕਰੀਏ ਜਿਹੜਾ ਮਾਨਵ ਜੀਵਨ ਦਾ ਸਰਬੋਤਮ ਉਦੇਸ਼ ਹੈ, ਉਹ ਹੈ 'ਧਰਮ'। ਧਰਮ ਤੋਂ ਵੱਡੀ ਕੋਈ ਪ੍ਰਾਪਤੀ ਨਹੀਂ। ਉਪਰ ਵਰਣਨ ਕੀਤੇ ਵੱਖ-ਵੱਖ ਚੰਗੇ ਗੁਣ ਵਾਸਤਵ ਵਿਚ ਧਰਮ ਦੇ ਹੀ ਨਿੱਕੇ ਮੋਟੇ ਹਿਸੇ ਹਨ। ਧਰਮ ਵਿਚ ਚਾਰੇ ਆਸ਼ਰਮ, ਚਾਰੇ ਵਰਣ ਤੇ ਚਾਰੇ ਪੁਰਸ਼ਾਰਥ (ਧਰਮ ਅਰਥ ਕਾਮ ਮੋਖ) ਸ਼ਾਮਲ ਹਨ। ਧਰਮ ਉਹ ਸ਼ਕਤੀ ਹੈ ਜਿਹੜੀ ਮਨੁੱਖਤਾ ਦੀ ਸੰਗਲੀ ਦੀਆਂ ਕੜੀਆਂ ਨੂੰ ਜੋੜਦੀ ਹੈ। ਧਰਮ ਦੀ ਆਤਮਾ ਸੱਚ ਹੈ। ਮਨੂ-ਸਿਮ੍ਰਤੀ ਵਿਚ ਲਿਖਿਆ ਹੈ, "ਸੱਚ ਬੋਲੋ ਪਰ ਦਿਲ ਨਾ ਦੁਖਾਓ। ਲੋਕ ਤੁਹਾਨੂੰ ਚੰਗਾ ਕਹਿਣ, ਇਸ ਮਨਸ਼ਾ ਨਾਲ ਕਿਤੇ ਸੱਚ ਨੂੰ ਤਿਆਗ ਨਾ ਦਿਉ।"

ਪਿਛਲੇਰੇ ਵੈਦਿਕ ਸਾਹਿਤ ਨਾਲ ਜਾਣ ਪਛਾਣ
(ਪੁਰਾਣ, ਉਪਨਿਸ਼ਦ ਅਤੇ ਸ਼ਾਸਤਰ)

ਪੁਰਾਣ :

ਪੁਰਾਣ ਬ੍ਰਾਹਮਣੀ ਮੱਤ ਦੇ ਮਹੱਤਵਪੂਰਣ ਗ੍ਰੰਥ ਹਨ ਜਿਨ੍ਹਾਂ ਦੇ ਰਚਨਾ ਕਾਲ ਸਬੰਧੀ ਵਾਦ-ਵਿਵਾਦ ਸਦਾ ਰਿਹਾ ਹੈ। ਪੁਰਾਣ ਦਾ ਅਰਥ ਹੈ, ਪੁਰਾਣਾ ਜਾਂ ਪੁਰਾਤਨ ਤੇ ਬ੍ਰਾਹਮਣੀ ਮੱਤ ਇਹਨਾਂ ਨੂੰ ਕਿਸੇ ਕਾਲ ਚੱਕਰ ਵਿਚ ਸੀਮਤ ਨਹੀਂ ਕਰਨਾ ਚਾਹੁੰਦਾ। ਬ੍ਰਾਹਮਣੀ ਮਤ ਦੇ ਅਨੁਯਾਈ ਪੁਰਾਣਾਂ ਨੂੰ ਇਤਿਹਾਸ ਤੋਂ ਅਤੇ ਇਥੋਂ ਤਕ ਕਿ 'ਸਮੇਂ' ਤੋਂ ਵੀ ਵਧ ਪੁਰਾਣੇ ਮੰਨਦੇ ਹਨ। ਇਸਦਾ ਭਾਵ ਹੈ ਕਿ ਪੁਰਾਣ ਅਨਾਦੀ ਹਨ। ਫਿਰ ਵੀ ਭਾਸ਼ਾ ਸ਼ਾਸਤਰੀਆਂ ਨੇ ਸਭ ਤੋਂ ਵਧ ਪ੍ਰਸਿਧ ਵਿਸ਼ਣੂ ਪੁਰਾਣ ਦੀ ਰਚਨਾ ਦਾ ਸਮਾਂ 1000 ਸਾਲ ਪੂਰਬ ਈਸਵੀ ਮਿਥਿਆ ਹੈ। ਕੁਝ ਕੁ ਪੁਰਾਣ ਬਹੁਤ ਪਿਛੋਂ ਦੀ ਰਚਨਾ ਹਨ। ਮੁਖ ਪੁਰਾਣ 18 ਹਨ ਅਤੇ ਇਹਨਾਂ ਦੇ ਨਾਮ ਹੇਠ ਲਿਖੇ ਹਨ:-

1. ਵਿਸ਼ਣੂ ਪੁਰਾਣ
2. ਪਦਮ ਪੁਰਾਣ
3. ਬ੍ਰਹਮ ਪੁਰਾਣ
4. ਸ਼ਿਵ ਪੁਰਾਣ
5. ਭਾਗਵਤ ਪੁਰਾਣ
6. ਨਾਰਦ ਪੁਰਾਣ
7. ਮਾਰਕੰਡੇ ਪੁਰਾਣ
8. ਅਗਨੀ ਪੁਰਾਣ
9. ਭਵਿਖ ਪੁਰਾਣ
10. ਬ੍ਰਹਮ ਵਿਵ੍ਰਤਾ ਪੁਰਾਣ
11. ਲਿੰਗ ਪੁਰਾਣ
12. ਵਰਾਹ ਪੁਰਾਣ
13. ਸਕੰਧ ਪੁਰਾਣ
14. ਵਾਮਨ ਪੁਰਾਣ
15. ਕੂਰਮ ਪੁਰਾਣ
16. ਮਤਸਯਾ ਪੁਰਾਣ
17. ਗਰੁੜ ਪੁਰਾਣ
18. ਬ੍ਰਹਮਨੰਦ ਪੁਰਾਣ

ਪੁਰਾਣ ਮਹਾਂਭਾਰਤ ਅਤੇ ਰਾਮਾਇਣ ਵਾਂਗ ਮਹਾਂਕਾਵਿ ਹਨ ਅਤੇ ਧਰਮ ਸਚਾਈਆਂ ਨੂੰ ਇਹਨਾ ਗ੍ਰੰਥਾਂ ਵਿਚ ਬਹੁਤ ਸਰਲ ਤਰੀਕੇ ਨਾਲ ਬਿਆਨ ਕੀਤਾ ਗਿਆ ਹੈ। ਬੜੀਆਂ ਦਿਲਚਸਪ ਕਹਾਣੀਆਂ ਰਚੀਆਂ ਹੋਈਆਂ ਹਨ। ਭਾਰਤ ਦੀ ਧਾਰਮਿਕ, ਸਦਾਚਾਰਕ ਵਿਵਿਧਤਾ ਅਤੇ ਵਿਭਿੰਨਤਾ ਦੀ ਅਮੀਰੀ ਦਾ ਇਹਨਾਂ ਗ੍ਰੰਥਾਂ ਵਿਚ ਖੂਬ ਪ੍ਰਦਰਸ਼ਨ ਹੁੰਦਾ ਹੈ। ਬਹੁਤੇ ਪੁਰਾਣ ਪਰਮਾਤਮਾ ਜਾ ਪਰਮਾਤਮਾਂ ਦੀ ਕਿਸੇ ਸ਼ਕਤੀ ਭਾਵ ਅਵਤਾਰ ਦੇ ਆਲੇ-ਦੁਆਲੇ ਘੁੰਮਦੇ ਹਨ। ਭਾਗਵਤ ਪੁਰਾਣ ਬਹੁਤ ਪ੍ਰਸਿੱਧ ਅਤੇ ਹਰਮਨ ਪਿਆਰਾ ਗ੍ਰੰਥ ਹੈ ਜਿਸ ਵਿਚ ਭਗਵਾਨ ਵਿਸ਼ਣੂੰ ਦੇ ਵੱਖ-ਵੱਖ ਨੌਂ ਅਵਤਾਰ ਧਾਰਨ ਦਾ ਜ਼ਿਕਰ ਕੀਤਾ ਹੈ ਤੇ ਲਿਖਿਆ ਹੈ ਕਿ ਦਸਵੀਂ ਵਾਰ ਕਲਜੁਗ ਦੀ ਸਮਾਪਤੀ ਵੇਲੇ ਉਹ ਕਲਕੀ ਅਵਤਾਰ ਦੇ ਰੂਪ ਵਿਚ ਪ੍ਰਗਟ ਹੋਵੇਗਾ। ਮਾਰਕੰਡੇ ਪੁਰਾਣ ਦੀ ਚੰਡੀ ਕਥਾ ਕਿਹੜੇ ਹਿੰਦੂ ਨੂੰ ਭੁਲੀ ਹੋਈ ਹੈ? ਇਸ ਵਿਚ ਚੰਡੀ ਦਾ ਰਾਖਸ਼ਾਂ ਨਾਲ ਖੌਫਨਾਕ ਯੁੱਧ ਦਿਖਾਇਆ ਗਿਆ ਹੈ। ਦੇਵੀ ਜੇਤੂ ਹੋਈ ਹੈ ਤੇ ਰਾਖਸ਼ ਖਤਮ ਹੋ ਗਏ ਹਨ। ਬਦੀ ਉਤੇ ਨੇਕੀ ਦੀ ਜਿੱਤ ਦਾ ਇਹ ਕਾਵਿਕ ਅਤੇ ਰਹੱਸਮਈ ਸੰਕੇਤ ਹੈ।

ਪੁਰਾਣਾਂ ਦੀ ਆਧਾਰਸ਼ਿਲਾ ਵੇਦ ਹੀ ਹਨ। ਵੈਦਿਕ ਦੇਵਤਿਆਂ ਦੀਆਂ ਸ਼ਕਤੀਆਂ ਅਤੇ ਉਹਨਾਂ ਦੇ ਸੁਭਾਅ ਦਾ ਵਿਸਥਾਰ ਕੀਤਾ ਗਿਆ ਹੈ। ਉਦਾਹਰਣ ਲਈ, ਵਿਸ਼ਨੂੰ ਦੇਵਤੇ ਦਾ ਜ਼ਿਕਰ ਰਿਗਵੇਦ ਵਿਚ ਵੀ ਮਿਲਦਾ ਹੈ ਪਰ ਇੰਦਰ, ਅਗਨੀ, ਵਰੁਣ ਆਦਿਕ ਦੇਵਾਂ ਦੇ ਮੁਕਾਬਲੇ ਤੇ ਵਿਸ਼ਨੂੰ ਦੀ ਪ੍ਰਸੰਸਾ ਵਿਚ ਬਹੁਤ ਘਟ ਮੰਤਰ ਹਨ। ਪਰ ਵਿਸ਼ਨੂੰ ਪੁਰਾਣ ਵਿਚ ਸਰਵ-ਸ੍ਰੇਸ਼ਟ ਦੇਵ ਵਿਸ਼ਨੂੰ ਹੀ ਬਣ ਗਿਆ। ਸਾਰੇ ਜੀਵਾਂ ਜੰਤਾਂ ਵਿਚ ਉਸਦਾ ਸਨਮਾਨ ਹੈ। ਸੰਸਾਰ ਉਸਦੇ ਆਸਰੇ ਤੇ ਟਿਕਿਆ ਹੋਇਆ ਹੈ। ਉਸ ਦੀ ਕਦੀ ਮੌਤ ਨਹੀਂ ਹੁੰਦੀ। ਇਕ ਦੇਵ ਦੂਜੇ ਦੇਵ ਦਾ ਸਲਾਹਕਾਰ ਹੋ ਸਕਦਾ ਹੈ ਅਤੇ ਕਦੀ ਕਦੀ ਪਰੇਰਨਾ ਸਰੋਤ ਵੀ। ਇੰਦਰ ਦੀ ਸਲਾਹ ਨਾਲ ਵਿਸ਼ਨੂੰ ਸੋਮਰਸ ਪੀ ਲੈਂਦਾ ਹੈ ਅਤੇ ਦੁਸ਼ਟਾਂ ਦੀ ਧਨ ਸੰਪਤੀ ਲੁਟ ਲੈਂਦਾ ਹੈ। ਵੇਦਾਂ ਵਿਚ ਅਵਤਾਰਵਾਦ ਦਾ ਸਿਧਾਂਤ ਅਜੇ ਨਿਖਰਿਆ ਨਹੀਂ ਸੀ ਭਾਵੇਂ ਦੇਵ ਸ਼ਕਤੀ ਦੇ ਪ੍ਰਗਟ ਹੋ ਜਾਣ ਦੀਆਂ ਉਦਾਹਰਣਾਂ ਜ਼ਰੂਰ ਹਨ। ਪੁਰਾਣਿਕ ਸਾਹਿਤ ਵਿਚ ਅਵਤਾਰਵਾਦ ਦਾ ਸਿਧਾਂਤ ਪੂਰੀ ਤਰ੍ਹਾਂ ਸਥਾਪਤ ਹੋ ਕੇ ਹਿੰਦੂ ਧਰਮ ਦਾ ਅਟੁੱਟ ਅੰਗ ਬਣ ਜਾਂਦਾ ਹੈ।

ਰਿਗਵੇਦ ਵਿਚ ਲਿੰਗ ਪੂਜਾ ਦਾ ਵਰਣਨ ਨਹੀਂ ਮਿਲਦਾ। ਸਗੋਂ ਉਹਨਾਂ ਲੋਕਾਂ ਦੀ ਨਿੰਦਿਆਂ ਕੀਤੀ ਗਈ ਹੈ ਜਿਹੜੇ ਲਿੰਗ ਪੂਜਾ ਕਰਦੇ ਸਨ। ਕਿਹਾ ਜਾਂਦਾ ਹੈ ਕਿ ਲਿੰਗ ਪੂਜਾ 'ਗ਼ੈਰ-ਆਰੀਅਨ ਪਰੰਪਰਾ ਸੀ ਤੇ ਇਸ ਦਾ ਸਬੰਧ ਸ਼ਰੋਮਣ ਪਰੰਪਰਾ ਨਾਲ ਜੋੜਿਆ ਗਿਆ ਹੈ। ਪਰ ਪੁਰਾਣਿਕ ਗ੍ਰੰਥਾਂ ਦੀ ਰਚਨਾਂ ਤਕ ਇਹ ਗ਼ੈਰ-ਆਰੀਅਨ ਧਾਰਮਿਕ ਰਿਵਾਜ ਆਰੀਅਨ ਧਰਮ ਪਰੰਪਰਾਵਾਂ ਵਿਚ ਸ਼ਾਮਲ ਹੋ ਗਿਆ। ਕੇਵਲ ਸ਼ਿਵ ਪੁਰਾਣ ਵਿਚ ਹੀ ਨਹੀਂ ਵਾਯੂ ਪੁਰਾਣ, ਬ੍ਰਹਮ ਪੁਰਾਣ ਅਤੇ ਮਤਸਯ ਪੁਰਾਣ ਵਿਚ ਵੀ ਲਿੰਗ ਪੂਜਾ ਦਾ ਜ਼ਿਕਰ ਹੈ।

ਪੁਰਾਣ ਸਾਹਿਤ ਦੁਆਰਾ ਸ਼ਕਤੀ ਮਤ ਦਾ ਵੀ ਪ੍ਰਵੇਸ਼ ਹੁੰਦਾ ਹੈ। ਬ੍ਰਹਮ ਪੁਰਾਣ ਵਿਚ ਸ਼ਕਤੀ ਨੂੰ ਤਿੰਨ ਲੋਕਾਂ ਦੀ ਜਣਨੀ ਕਿਹਾ ਗਿਆ ਹੈ। ਉਹ ਪਾਪਾਂ ਦਾ ਨਾਸ ਕਰਨ ਵਾਲੀ ਹੈ। ਸ਼ਕਤੀ ਪੂਜਣ ਵਾਲਾ ਆਦਮੀ ਪਾਪ ਮੁਕਤ ਹੋ ਕੇ ਸਵਰਗ ਜਾਂਦਾ ਹੈ। ਮਨੁੱਖ ਨੂੰ ਹਾਰ ਦਾ ਮੂੰਹ ਨਹੀਂ ਦੇਖਣਾ ਪੈਂਦਾ। ਵਿਸ਼ਨੂੰ ਪੁਰਾਣ ਵਿਚ ਲਿਖਿਆ ਹੈ ਕਿ ਸ਼ਕਤੀ, ਮਾਸ ਅਤੇ ਸ਼ਰਾਬ ਦੀ ਵਰਤੋਂ ਨਾਲ ਖੁਸ਼ ਹੁੰਦੀ ਹੈ ਇਸ ਕਰਕੇ ਉਸਨੂੰ ਇਹ ਸੁਗਾਤਾਂ ਭੇਟ ਕਰਨੀਆਂ ਚਾਹੀਦੀਆਂ ਹਨ। ਬ੍ਰਹਮ ਪੁਰਾਣ ਵਿਚ ਦੇਵੀ ਨੂੰ ਸ਼ਰਾਬ ਨਾਲ ਸਬੰਧਤ ਕੀਤਾ ਗਿਆ ਹੈ। ਲਲਿਤਾ ਨਾਮ ਦੀ ਇਕ ਦੇਵੀ ਦੇ ਉਪਾਸ਼ਕ ਸ਼ਰਾਬ ਵਿਚ ਧੁਤ ਹੋ ਕੇ ਉਸਦੀ ਭਗਤੀ ਕਰਦੇ ਸਨ। ਸ਼ਕਤੀ ਦੁਆਰਾ ਅਸੁਰਾਂ ਦਾ ਨਾਸ ਕੀਤਾ ਜਾਂਦਾ ਹੈ।

ਗੰਧਰਵ ਅਤੇ ਅਪੱਸਰਾਵਾਂ ਦੀ ਪਰੰਪਰਾ ਵੀ ਪੌਰਾਣਕ ਸਾਹਿਤ ਵਿਚ ਬੱਝਦੀ ਹੈ। ਗੰਧਰਵ ਦੇਵਤੇ ਨਹੀਂ ਹਨ ਭਾਵੇਂ ਉਹਨਾਂ ਵਿਚ ਦੇਵ ਗੁਣ ਮੌਜੂਦ ਹਨ। ਉਹ ਦੇਵਤਿਆਂ ਦਾ ਸੰਕਟ ਵਿਚ ਸਾਥ ਦਿੰਦੇ ਹਨ। ਕਿਤੇ ਕਿਤੇ ਗੰਧਰਵਾਂ ਅਤੇ ਦੇਵਾਂ ਨੂੰ ਇਕ ਜੂਨੀ ਦੀ ਸਾਂਝ ਰਖਣ ਵਾਲੇ ਵੀ ਲਿਖਿਆ ਹੈ।

ਤਪ ਸਾਧਨਾ ਕਰਨ ਉਰੰਤ ਯੋਗੀ ਗੰਧਰਵ ਦਾ ਰੁਤਬਾ ਹਾਸਲ ਕਰਦਾ ਹੈ। ਜਦੋਂ ਕ੍ਰਿਸ਼ਨ ਅਤੇ ਇੰਦਰ ਦੇਵਤੇ ਵਿਚਕਾਰ ਯੁੱਧ ਹੋ ਰਿਹਾ ਸੀ ਤਾਂ ਵਿਸ਼ਨੂੰ ਪੁਰਾਣ ਅਨੁਸਾਰ ਗੰਧਰਵਾਂ ਨੇ ਇੰਦਰ ਦੀ ਮੱਦਦ ਕੀਤੀ ਸੀ ਕਿਉਂਕਿ ਗੰਧਰਵ ਦੇਵਤਿਆਂ

ਦੇ ਵਧੇਰੇ ਨੇੜੇ ਹਨ ਅਵਤਾਰਾਂ ਨਾਲੋਂ। ਗੰਧਰਵਾਂ ਦੇ ਜਨਮ ਬਾਰੇ ਲਿਖਿਆ ਹੈ ਕਿ ਚੰਦਰਮਾ ਨੇ ਦੱਕਸ਼ ਦੀਆਂ ਲੜਕੀਆਂ ਨਾਲ ਸੰਜੋਗ ਕੀਤਾ ਤਾਂ ਗੰਧਰਵ ਉਤਪੰਨ ਹੋਏ ਸਨ। ਉਹਨਾਂ ਦਾ ਨਿਵਾਸ ਪਰਬਤਾਂ ਦੀਆਂ ਗੁਫਾਵਾਂ, ਸਮੁੰਦਰ ਅਤੇ ਸਵਰਗ ਵਿਚ ਹੈ। ਗੰਧਰਵ ਗਾਉਣ ਦੇ ਸ਼ੌਕੀਨ ਹਨ।

ਅਪੱਸਰਾਵਾਂ ਗੰਧਰਵਾਂ ਸੰਗ ਨਾਚ ਕਰਦੀਆਂ ਹਨ। ਗੰਧਰਵਾਂ ਦੁਆਰਾ ਅਪਸਰਾਵਾਂ ਨਾਲ ਸੰਜੋਗ ਦਾ ਜ਼ਿਕਰ ਵੀ ਪੁਰਾਣਾ ਵਿਚ ਹੈ। ਸੂਰਜ ਦੇ ਰਥ ਵਿਚ ਗੰਧਰਵ ਗਾਉਂਦੇ ਹਨ ਅਤੇ ਅਪੱਸਰਾਵਾਂ ਨਚਦੀਆਂ ਹਨ। ਅਪੱਸਰਾਵਾਂ ਦਾ ਸਬੰਧ ਗੰਧਰਵਾਂ ਤੋਂ ਇਲਾਵਾ ਮਨੁੱਖਾਂ ਨਾਲ ਵੀ ਹੋ ਸਕਦਾ ਹੈ। ਵਿਸ਼ਨੂੰ ਪੁਰਾਣ ਵਿਚ ਤ੍ਰਿਣਬਿੰਦ ਰਾਜੇ ਦਾ ਅਲੰਬੁਸਾ ਨਾਲ ਪਿਆਰ ਵਿਆਹ ਹੋਇਆ ਹੈ। ਇਹੋ ਜਿਹੀ ਹੀ ਕਹਾਣੀ ਪੁਰੂਰਵਾ ਅਤੇ ਉਰਵਸ਼ੀ ਬਾਰੇ ਵੀ ਪ੍ਰਚੱਲਤ ਹੈ।

ਪੁਰਾਣਾਂ ਵਿਚ ਯਕਸ਼ਾਂ ਦਾ ਵੀ ਜ਼ਿਕਰ ਆਉਂਦਾ ਹੈ। ਉਹਨਾਂ ਦਾ ਨਿਵਾਸ ਅਸਥਾਨ ਪਰਬਤ ਹਨ। ਹਿਮਾਲਾ ਉੱਤੇ ਰਾਕਸ਼ਾਂ ਅਤੇ ਪੈਸ਼ਾਚਾਂ ਦੇ ਨਾਲ ਯਕਸ਼ ਵੀ ਰਹਿੰਦੇ ਹਨ। ਉਹ ਸੁਮੇਰ ਪਰਬਤ ਉਤੇ ਵੀ ਖੇਡਦੇ ਰਹਿੰਦੇ ਹਨ। ਅੱਖ ਦੇ ਫੇਰ ਵਿਚ ਉਹ ਮਨੁੱਖ ਦੇ ਲਹੂਮਾਸ ਨੂੰ ਚੱਟ ਕਰ ਜਾਂਦੇ ਹਨ। ਨਾਗਪੂਜਾ ਦਾ ਵਿਸਥਾਰ ਵੀ ਪੌਰਾਣਿਕ ਗ੍ਰੰਥਾਂ ਵਿਚ ਖੂਬ ਹੋਇਆ ਹੈ।

ਯੱਗ ਕਰਨ ਦੀ ਪਰੰਪਰਾ ਪੁਰਾਣ ਵਿਚ ਜਾਰੀ ਰਹਿੰਦੀ ਹੈ। ਯੱਗ ਨੂੰ ਪੁੰਨ ਕਾਰਜ ਕਿਹਾ ਗਿਆ ਹੈ। ਯੱਗ ਨਾ ਹੋਣ ਤਾਂ ਧਰਮ ਦਾ ਨਾਸ ਹੋ ਜਾਂਦਾ ਹੈ। ਯੱਗ ਕਰਨ ਨਾਲ ਦੇਵਤੇ ਅਤੇ ਪ੍ਰਾਣੀ ਪ੍ਰਸੰਨ ਹੁੰਦੇ ਹਨ। ਯੱਗ ਦੀ ਨਿੰਦਿਆ ਕਰਨ ਵਾਲੇ ਨੂੰ ਨਰਕਗਾਮੀ ਕਿਹਾ ਗਿਆ ਹੈ। ਰਿਸ਼ੀਗਣ ਆਖਦੇ ਹਨ ਕਿ ਜਿਸ ਰਾਸ਼ਟਰ ਵਿਚ ਬ੍ਰਾਹਮਣ ਯੱਗ ਕਰਵਾਉਂਦੇ ਰਹਿੰਦੇ ਹਨ ਉਥੇ ਕਦੇ ਕਲੇਸ਼ ਨਹੀਂ ਵਾਪਰਦਾ, ਸੰਕਟ ਨਹੀਂ ਆਉਂਦਾ। ਯੱਗ ਕਰਨ ਨਾਲ ਸੰਸਾਰਕ ਅਤੇ ਪਰਮਾਰਥਕ ਦੋਵੇਂ ਪ੍ਰਕਾਰ ਦੀਆਂ ਇਛਾਵਾਂ ਦੀ ਪੂਰਤੀ ਹੁੰਦੀ ਹੈ। ਪੁਰੂਰਵਾ ਨੇ ਉਰਵਸ਼ੀ ਨਾਲ ਵਿਆਹ ਕਰਵਾਉਣ ਵਾਸਤੇ ਯੱਗ ਕੀਤੇ ਸਨ। ਯੱਗ ਨਾਲ ਪੁੱਤਰ ਪ੍ਰਾਪਤੀ, ਸਿਹਤ ਪ੍ਰਾਪਤੀ ਅਤੇ ਧੰਨ ਸੰਪਤੀ ਦੀ ਪ੍ਰਾਪਤੀ ਹੁੰਦੀ ਹੈ। ਪਰ ਯੱਗ ਹਰੇਕ ਵਿਅਕਤੀ ਨਹੀਂ ਕਰ ਸਕਦਾ ਕਿਉਂਕਿ ਸਾਮੱਗਰੀ ਬਹੁਤ ਖਰਚ ਹੁੰਦੀ ਹੈ। ਇਸ ਕਰਕੇ ਰਾਜੇ ਮਹਾਰਾਜੇ ਜਾਂ ਵੱਡੇ ਧਨਵਾਨ ਹੀ ਕਰਵਾ ਸਕਦੇ ਹਨ। ਫਿਰ ਗਰੀਬ ਆਦਮੀ ਕੀ ਕਰੇ? ਪੁਰਾਣਾਂ ਅਨੁਸਾਰ ਗਰੀਬ ਆਦਮੀ ਨੂੰ ਤੀਰਥ ਯਾਤਰਾ ਕਰਨੀ ਚਾਹੀਦੀ ਹੈ। ਪ੍ਰਯਾਗ ਤੀਰਥ ਉਤੇ ਜਾਣ ਨਾਲ ਕਦਮ ਕਦਮ ਤੇ ਅਸ਼ਵਮੇਧ ਯੱਗ ਦਾ ਫਲ ਪ੍ਰਾਪਤ ਹੁੰਦਾ ਹੈ। ਲਿਖਿਆ ਹੈ ਕਿ ਉਹ ਆਦਮੀ ਜਿਹੜਾ ਕਦੇ ਯੱਗ ਨਾ ਕਰੇ ਭਾਵੇ ਚੋਰ ਹੀ ਹੋਵੇ, ਤੀਰਥ ਅਸਥਾਨ ਤੇ ਆ ਕੇ ਮੁਕਤ ਹੋ ਜਾਂਦਾ ਹੈ। ਖੱਤਰੀ, ਬ੍ਰਾਹਮਣ, ਸੂਦਰ, ਵੈਸ਼ ਅਤੇ ਇਸਤਰੀਆਂ ਸਾਰਿਆਂ ਲਈ ਤੀਰਥ ਯਾਤਰਾ ਮੁਕਤੀ ਸਰੋਤ ਹੈ।

ਆਪਣੇ ਮਾਤਾ ਪਿਤਾ ਦੇ ਸੁਖ ਵਾਸਤੇ ਸ਼ਰਾਧ ਕਰਵਾਉਣ ਲਈ ਪੁਰਾਣਾਂ ਵਿਚ ਕਿਹਾ ਗਿਆ ਹੈ। ਜਿਹੜਾ ਪੁੱਤਰ ਗਯਾ ਜਾ ਕੇ ਮਾਪਿਆਂ ਦਾ ਸ਼ਰਾਧ ਕਰਵਾਉਂਦਾ ਹੈ ਉਹ ਉਹਨਾਂ ਨੂੰ ਸੰਸਾਰ ਦਾ ਭਵ-ਸਾਗਰ ਪਾਰ ਕਰਵਾ ਦਿੰਦਾ ਹੈ। ਵਿਸ਼ਨੂ ਪੁਰਾਣ ਵਿਚ ਲਿਖਿਆ ਹੈ ਕਿ ਪਿਤਰ ਉਡੀਕਦੇ ਰਹਿੰਦੇ ਹਨ ਕਿ ਉਹਨਾਂ ਦੀ ਸੰਤਾਨ ਸ਼ਰਾਧ ਕਰਵਾਵੇ।

ਦਾਨ ਕਰਨ ਉਤੇ ਜ਼ੋਰ ਦਿੱਤਾ ਗਿਆ ਹੈ। ਗਯਾ ਵਿਚ ਵੈਤਰਣੀ ਦੇ ਅਸਥਾਨ ਤੇ ਇਸ਼ਨਾਨ ਕਰਕੇ ਜਿਹੜਾ ਆਦਮੀ ਗਊ ਦਾਨ ਕਰਦਾ ਹੈ ਉਸ ਦੀਆਂ ਇੱਕੀ ਕੁਲਾਂ ਦਾ ਉਧਾਰ ਹੋ ਜਾਂਦਾ ਹੈ। ਪਰਿਯਾਗ ਉਤੇ ਵੀ ਦਾਨ ਕਰਨ ਨੂੰ ਉੱਤਮ ਮੰਨਿਆ ਹੈ।

ਪੁਰਾਣ ਗ੍ਰੰਥਾਂ ਵਿਚ ਕੁੱਝ ਵਚਿਤਰ ਅਤੇ ਦਿਲਚਸਪ ਰਸਮਾਂ ਵੀ ਹਨ। ਉਦਾਹਰਣ ਲਈ ਖਾਸ ਥਾਵਾਂ ਤੇ ਆਤਮ ਹੱਤਿਆ ਕਰਨੀ ਪੁੰਨ ਕਾਰਜ ਹੈ। ਮਤਸਯ ਪੁਰਾਣ ਅਨੁਸਾਰ ਪਰਿਯਾਗ ਵਿਚ ਬਰੋਟੇ ਦੇ ਰੁੱਖ ਦੀ ਜੜ੍ਹ ਨਜ਼ਦੀਕ ਜਿਹੜਾ ਆਦਮੀ ਪਰਾਣ ਤਿਆਗ ਦਿੰਦਾ ਹੈ, ਉਸ ਨੂੰ ਸੁਰਗ ਵਿਚ ਪੂਜਿਆ ਜਾਂਦਾ ਹੈ। ਜਿਹੜਾ ਆਦਮੀ ਸਿਰ ਪਰਨੇ ਅੱਗ ਵਿਚ ਡਿਗ ਕੇ ਮਰੇ ਉਹ ਇਕ ਲੱਖ ਸਾਲ ਤਕ ਸੁਰਗ ਵਿਚ ਪੂਜਿਆ ਜਾਂਦਾ ਹੈ। ਜਿਹੜਾ ਆਦਮੀ ਆਪਣੇ ਆਪ ਨੂੰ ਵਿਚਕਾਰੋਂ ਆਰੇ ਨਾਲ ਚਿਰਵਾ ਲਵੇ ਉਹ ਹਜਾਰਾਂ ਸਾਲ ਚੰਦਰ ਲੋਕ ਦਾ ਵਾਸੀ ਬਣ ਜਾਂਦਾ ਹੈ।

ਇਸ ਤੋਂ ਇਲਾਵਾ ਪੁਰਾਣਾਂ ਵਿਚ ਕੰਨਿਆਂ ਦਾਨ, ਮੁੰਡਨ, ਯਾਤਰਾ ਵਿਧੀ ਤੇ ਦੇਸ਼ ਰਟਨ, ਤੀਰਥ ਭਰਮਣ ਦੇ ਸੰਸਕਾਰ ਵਿਸਥਾਰ ਨਾਲ ਦਿਤੇ ਗਏ ਹਨ ਅਤੇ ਇਹਨਾਂ ਸੰਸਕਾਰਾਂ ਦੀ ਮਹੱਤਤਾ ਵੀ ਸਮਝਾਈ ਗਈ ਹੈ। ਚਾਰ ਵਰਣਾਂ ਨੂੰ ਸਥਾਪਿਤ ਕੀਤਾ ਗਿਆ ਹੈ ਅਤੇ ਬ੍ਰਾਹਮਣ ਦੀ ਪਵਿੱਤਰਤਾ ਅਤੇ ਉਤਮਤਾ ਸਵੀਕਾਰ ਕੀਤੀ ਗਈ ਹੈ। ਬ੍ਰਾਹਮਣ ਦੇ ਚਾਲ ਚਲਣ ਬਾਰੇ ਕਦੀ ਸ਼ੱਕ ਨਹੀਂ ਕਰਨਾ ਚਾਹੀਦਾ, ਵਾਯੂ ਪੁਰਾਣ ਵਿਚ ਇਹ ਲਿਖਿਆ ਹੈ। ਬ੍ਰਾਹਮਣ ਦਾ ਅਪਮਾਨ ਕਰਨਾ ਠੀਕ ਨਹੀਂ। ਬ੍ਰਾਹਮਣਾਂ ਕਰਕੇ ਹੀ ਸੂਰਜ ਅਸਮਾਨ ਵਿਚ ਟਿਕਿਆ ਹੋਇਆ ਹੈ। ਬ੍ਰਾਹਮਣ ਨੂੰ ਦਿਤਾ ਦਾਨ ਸੰਕਟ ਵਿਚੋਂ ਕੱਢਦਾ ਹੈ। ਕਾਸ਼ੀ ਦੇ ਇਕ ਰਾਜੇ ਦੇ ਘਰ ਪ੍ਰਸੂਤ ਸਮਾਂ ਲੰਘਣ ਪਿਛੋਂ ਵੀ ਕੰਨਿਆ ਦਾ ਜਨਮ ਨਹੀਂ ਹੋਇਆ ਸੀ। ਕਾਸ਼ੀਰਾਜੇ ਨੂੰ ਹਰ ਰੋਜ਼ ਬ੍ਰਾਹਮਣਾਂ ਨੂੰ ਦਾਨ ਦੇਣਾ ਪਿਆ ਤਾਂ ਕਿਤੇ ਲੜਕੀ ਦਾ ਜਨਮ ਹੋਇਆ। ਜੇ ਰਾਜਾ ਬ੍ਰਾਹਮਣ ਦੀ ਬੇਇਜ਼ਤੀ ਕਰ ਦੇਵੇ ਤਾਂ ਸਾਰਾ ਰਾਸ਼ਟਰ ਨਾਸ਼ ਹੋ ਜਾਂਦਾ ਹੈ।

ਪੁਰਾਣ ਗ੍ਰੰਥਾਂ ਵਿਚ ਸ਼ੂਦਰ ਦੀ ਦਸ਼ਾ ਅਤਿ ਘਿਨੌਣੀ ਹੈ। ਸ਼ੂਦਰ ਜੇ ਬ੍ਰਾਹਮਣ ਤੋਂ ਯੱਗ ਕਰਵਾ ਲਵੇ ਤਾਂ ਬ੍ਰਾਹਮਣ ਨਰਕ ਵਿਚ ਜਾਂਦਾ ਹੈ। ਕੋਈ ਆਦਮੀ ਸ਼ਰਾਧ ਦਾ ਅਨਾਜ ਸ਼ੂਦਰ ਨੂੰ ਦੇ ਦੇਵੇ ਤਾਂ ਪੁੰਨ ਨਹੀਂ ਲਗਦਾ। ਸ਼ੂਦਰ ਦਾ ਕੰਮ ਕੇਵਲ ਸੇਵਾ ਕਰਨਾ ਹੈ। ਸ਼ੂਦਰ ਦੇ ਕਰਵਾਏ ਯੱਗ ਵਿਚ ਮੰਤਰਾਂ ਦਾ ਉਚਾਰਣ ਵਰਜਿਤ ਹੈ, ਇਹ ਵਿਸ਼ਨੂੰ ਪੁਰਾਣ ਦੀ ਹਦਾਇਤ ਹੈ। ਵਾਯੂ ਅਤੇ ਬ੍ਰਹਮੰਡ ਪੁਰਾਣ ਵੀ ਇਸ ਹਦਾਇਤ ਦੀ ਹਾਮੀ ਭਰਦੇ ਹਨ। ਜਨਕ ਨੇ ਅਸ਼ਵਮੇਧ ਯੱਗ ਕਰਵਾਇਆ ਤਾਂ ਉਸਨੇ ਹੋਰ ਵਸਤਾਂ ਤੋਂ ਇਲਾਵਾ ਦਾਸ ਵੀ ਦਾਨ ਵਿਚ ਵੰਡੇ। ਮਤਸਯ ਪੁਰਾਣ ਅਨੁਸਾਰ ਦਾਸ ਦੇ ਧਨ ਦੀ ਵਰਤੋਂ ਦੂਸਰੇ ਆਦਮੀ ਕਰ ਸਕਦੇ ਹਨ। ਚੰਡਾਲ ਨੂੰ ਪਤਿਤ ਕਿਹਾ ਹੈ, ਉਸ ਨੂੰ ਕੁੱਤਿਆਂ ਅਤੇ ਪੰਛੀਆਂ ਦੀ ਸ਼੍ਰੇਣੀ ਵਿਚ ਰੱਖਿਆ ਗਿਆ ਹੈ।

ਪੁਰਾਣ ਵਿਚ ਵਰਣ ਆਸ਼ਰਮ ਸੰਸਥਾ ਪੱਕੀ ਹੋ ਗਈ। ਆਦਮੀ ਦੇ ਜੀਵਨ ਨੂੰ ਚਾਰ ਭਾਗਾਂ ਵਿਚ ਵੰਡਿਆ ਗਿਆ ਹੈ ਤੇ ਇਹ ਚਾਰ ਭਾਗ ਵੱਖ-ਵੱਖ ਕਾਰਜਾਂ ਵਿਚ ਬਤੀਤ ਹੋਣੇ ਚਾਹੀਦੇ ਹਨ:-

1. ਬ੍ਰਹਮਚਾਰੀ ਆਸ਼ਰਮ
2. ਗ੍ਰਿਹਸਥ ਆਸ਼ਰਮ
3. ਵਾਣਪ੍ਰਸਥ ਆਸ਼ਰਮ
4. ਸੰਨਿਆਸ ਆਸ਼ਰਮ

ਔਸਤਨ ਉਮਰ ਸੌ ਸਾਲ ਵਿਚੋਂ ਪਹਿਲੇ ਪੰਜੀ ਸਾਲ ਮਨੁੱਖ ਵਿਦਿਆ ਹਾਸਲ ਕਰੇ ਅਤੇ ਵਿਸ਼ੇ ਵਿਕਾਰਾਂ, ਸਹਿਵਾਸ ਆਦਿ ਤੋਂ ਪਰਹੇਜ ਰਖੇ। ਦੂਜੇ ਆਸ਼ਰਮ ਵਿਚ ਵਿਆਹ ਸ਼ਾਦੀ ਕਰੇ, ਕਮਾਈ ਕਰੇ, ਸੰਤਾਨ ਉਤਪਤੀ ਕਰੇ ਅਤੇ ਪੰਜਾਹ ਸਾਲ ਤਕ ਜੀਵਨ ਦੇ ਫਰਜ਼ ਨਿਬਾਹੇ। ਤੀਜੇ ਪੜਾਅ ਵਿਚ ਸਾਧੂਆਂ ਸੰਤਾਂ ਦੀ ਸੰਗਤ ਕਰੇ। ਜੰਗਲਾਂ ਵਿਚ ਜਾਕੇ ਉਹਨਾਂ ਦੇ ਬਚਨ ਸੁਣੇ, ਭਜਨ ਬੰਦਗੀ ਕਰਨ ਦੇ ਸਾਧਨਾਂ ਦੀ ਜਾਣਕਾਰੀ ਲਵੇ ਅਤੇ ਸੰਸਾਰ ਵਲੋਂ ਆਪਣੀ ਦਿਲਚਸਪੀ ਘਟ ਕਰਦਾ ਰਹੇ। ਪੰਚੱਤਰ ਸਾਲ ਦੀ ਉਮਰ ਉਪਰੰਤ ਚੌਥੇ ਪੜਾਅ ਵਿਚ ਪੂਰਨ ਸੰਨਿਆਸ ਲੈ ਲਵੇ। ਘਰ ਬਾਰ, ਸਕੇ ਸਬੰਧੀ ਸਭ ਤਿਆਗ ਕੇ ਈਸ਼ਵਰ ਪੂਜਾ ਵਿਚ ਮਗਨ ਹੋ ਜਾਵੇ। ਅਜਿਹੀ ਜਾਣਕਾਰੀ ਵੀ ਪੁਰਾਣਾਂ ਤੋਂ ਮਿਲਦੀ ਹੈ ਕਿ ਕੁਝ ਵਿਅਕਤੀ ਜੰਗਲਾਂ ਵਿਚ ਜਾਣ ਵੇਲੇ ਆਪਣੀਆਂ ਪਤਨੀਆਂ ਨੂੰ ਵੀ ਨਾਲ ਲੈ ਕੇ ਗਏ।

ਪੁਰਾਣ ਯੁਗ ਵਿਚ ਸਤੀ ਦੀ ਰਸਮ ਫੈਲੀ ਹੋਈ ਸੀ। ਵਿਸ਼ਨੂ ਪੁਰਾਣ ਵਿਚ ਲਿਖਿਆ ਹੈ ਕਿ ਸ੍ਰੀ ਕ੍ਰਿਸ਼ਣ ਜੀ ਦੀਆਂ ਕਈ ਰਾਣੀਆਂ ਨੇ, ਰੁਕਮਣੀ ਸਮੇਤ, ਪਤੀ ਦੀ ਲਾਸ਼ ਨਾਲ ਲਿਪਟ ਕੇ ਅੱਗ ਵਿਚ ਪ੍ਰਵੇਸ਼ ਕੀਤਾ ਸੀ। ਰਾਜਾ ਬਾਹੂ ਦੀ ਮੌਤ ਉਪਰੰਤ ਉਸਦੀ ਪਤਨੀ ਨੇ ਸਤੀ ਹੋਣਾ ਚਾਹਿਆ ਤਾਂ ਔਰਵ ਮੁਨੀ ਨੇ ਗਰਭਵਤੀ ਹੋਣ ਕਾਰਨ ਉਸ ਨੂੰ ਇਹ ਇਜਾਜ਼ਤ ਨਹੀਂ ਸੀ ਦਿੱਤੀ।

ਪੁਰਾਣਾਂ ਵਿਚ ਮਾਸ ਖਾਣ ਸਬੰਧੀ ਕਈ ਸੰਕੇਤ ਹਨ। ਮਾਸ ਦੀ ਭੇਟਾ ਨਾਲ ਦੁਰਗਾ ਪ੍ਰਸੰਨ ਹੋਕੇ ਕਾਮਨਾਵਾਂ ਦੀ ਪੂਰਤੀ ਕਰਦੀ ਹੈ। ਰਾਜਾ ਸੁਦਾਸ ਨੇ ਯੱਗ ਖਤਮ ਹੋਣ ਤੇ ਆਪਣੇ ਕੁਲ ਪੁਰੋਹਿਤ ਵਸ਼ਿਸ਼ਟ ਲਈ ਮਾਸ ਪਕਵਾਇਆ ਸੀ। ਬ੍ਰਾਹਮਣ ਯੱਗ ਵਿਚ ਮਾਸ ਖਾ ਸਕਦਾ ਹੈ। ਸ਼ਰਾਧਾਂ ਵਿਚ ਮਾਸ ਦੀ ਵਰਤੋਂ ਦਾ ਜ਼ਿਕਰ ਹੈ। ਲਿਖਿਆ ਹੈ ਕਿ ਪਿਤਰ ਜਿਹੜੇ ਪਸ਼ੂਆਂ ਦਾ ਮਾਸ ਖਾ ਕੇ ਖੁਸ਼ ਹੁੰਦੇ ਹਨ ਉਹ ਹਨ ਮੱਛੀ, ਹਿਰਨ, ਖਰਗੋਸ਼, ਬੱਕਰਾ, ਪੰਛੀ ਅਤੇ ਭੇਡਾਂ। ਬ੍ਰਹਮਨੰਦ ਪੁਰਾਣ ਵਿਚ ਲਿਖਿਆ ਹੈ ਕਿ ਸੋਮਰਸ ਵਾਂਗ ਸ਼ਰਾਬ ਦੀ ਵੀ ਉਪਯੋਗਤਾ ਹੈ ਪਰ ਸ਼ਰਾਬ ਨੂੰ ਪਹਿਲੋਂ ਮੰਤਰਾਂ ਨਾਲ ਪਵਿਤਰ ਕਰ ਲੈਣਾ ਚਾਹੀਦਾ ਹੈ। ਇਸਤਰੀ ਸ਼ਰਾਬ ਦੀ ਵਰਤੋਂ ਕੇਵਲ ਆਪਣੇ ਪਤੀ ਦੇ ਸਾਹਮਣੇ ਹੀ ਕਰ ਸਕਦੀ ਸੀ।

ਪੁਰਾਣ ਸਾਹਿਤ ਅਤਿ ਰੌਚਕ ਕਹਾਣੀਆਂ ਵੀ ਸਾਨੂੰ ਸੁਣਾਉਂਦਾ ਰਿਹਾ ਹੈ। ਸਤੀ ਅਨੁਸੂਈਆ, ਦਰੋਪਤੀ, ਦਮਿਅੰਤੀ, ਸਵਿਤਰੀ, ਪਾਰਵਤੀ, ਸੀਤਾ, ਸੁਲੋਚਨਾ ਆਦਿਕ ਉੱਚ ਆਚਰਣ ਵਾਲੀਆਂ ਔਰਤਾਂ ਦੀਆਂ ਕਹਾਣੀਆਂ ਸਾਨੂੰ ਪੁਰਾਣਾ ਵਿਚੋਂ ਪ੍ਰਾਪਤ ਹੁੰਦੀਆਂ ਹਨ। ਅਸ਼ਵਥਾਮਾ, ਅਜਾਮਲ, ਕਰਣ, ਕੁਬੇਰ, ਜਟਾਯੂ, ਦਸਰਥ, ਰਾਜਾ ਨਲ, ਪਰੀਖਤ, ਪਰਸੂਰਾਮ, ਪਾਂਡਵ, ਪ੍ਰਹਿਲਾਦ, ਭਗੀਰਥ, ਭੀਸ਼ਮ, ਰਾਵਣ, ਸਤਿਆਕਾਮ, ਸੁਦਾਮਾ, ਹਨੂਮਾਨ ਅਤੇ ਹਰੀਸ਼ ਚੰਦਰ ਜਿਹੇ ਨਾ ਭੁਲਾਏ ਜਾ ਸਕਣ ਵਾਲੇ ਪਾਤਰ ਪੁਰਾਣ ਸਾਹਿਤ ਦਾ ਹੀ ਅੰਗ ਹਨ।

ਸਪਸ਼ਟ ਹੈ ਕਿ ਪੁਰਾਣ ਸਾਹਿਤ ਅਨੇਕਾਂ ਰੰਗਾਂ ਦੀ ਸਾਮੱਗਰੀ ਦਾ ਖਜ਼ਾਨਾ ਹੈ। ਕਿਤੇ ਕਰਮਕਾਂਡ ਦੇ ਨੇਮ ਹਨ, ਕਿਤੇ ਸਮਾਜ ਦੀਆਂ ਰੀਤੀਆਂ, ਵਿਆਹ, ਨਾਚ ਸੰਗੀਤ, ਗਹਿਣਿਆਂ, ਵਸਤਰਾਂ ਅਤੇ ਖੇਲਣ ਕੁਦਣ ਦਾ ਜ਼ਿਕਰ ਹੈ ਤੇ ਕਿਤੇ ਭਗਤਾਂ, ਦੇਵਤਿਆਂ, ਅਵਤਾਰਾਂ ਅਤੇ ਰਿਸ਼ੀਆਂ ਦੀਆਂ ਦਿਲਚਸਪ ਕਹਾਣੀਆਂ ਹਨ। ਧਾਰਮਿਕ ਕਲਪਣਾਵਾਂ ਦਾ ਬੜਾ ਲੰਮਾ ਤਾਣਾ ਪੇਟਾ ਹੈ। ਬ੍ਰਾਹਮਣੀ ਮਿਥਿਹਾਸ ਦਾ ਸੰਪੂਰਨ ਪ੍ਰਪੰਚ ਪੌਰਾਣਾਂ ਵਿਚ ਵਿਦਮਾਨ ਹੈ।

2. ਉਪਨਿਸ਼ਦ

ਉਪਨਿਸ਼ਦ ਸ਼ਬਦ, ਸੰਸਕ੍ਰਿਤ ਉਪ+ਨੀ+ਸ਼ਦ ਤੋਂ ਬਣਿਆ ਹੈ ਤੇ ਪਰੰਪਰਾ ਵਿਚ ਉਪਨਿਸ਼ਦ ਦਾ ਅਰਥ ਅਧਿਆਪਕ ਦੇ ਨੇੜੇ ਬੈਠਣਾਂ ਲਿਆ ਜਾਂਦਾ ਹੈ। ਕਿਤੇ ਕਿਤੇ ਅਧਿਆਪਕ ਦੀ ਥਾਂ ਬ੍ਰਹਮ ਦੇ ਨਜ਼ਦੀਕ ਹੋਣ ਦੇ ਵੀ ਅਰਥ ਕੀਤੇ ਗਏ ਹਨ। ਉਪਨਿਸ਼ਦਾਂ ਦੀ ਵਿਦਿਆ ਗੁਰੂ ਦੀ ਅਗਵਾਈ ਵਿਚ ਪ੍ਰਾਪਤ ਕਰਨ ਯੋਗ ਉੱਤਮ ਵਿਦਿਆ ਮੰਨੀ ਜਾਂਦੀ ਸੀ। ਉਹੀ ਵਿਦਿਆ ਉੱਤਮ ਮੰਨੀ ਗਈ ਹੈ ਜਿਹੜੀ ਆਤਮਾ ਨੂੰ ਬ੍ਰਾਹਮ ਨਾਲ ਮਿਲਾ ਦੇਵੇ, ਤੇ ਉਪਨਿਸ਼ਦਾਂ ਵਿਚ ਇਸੇ ਪਰਕਾਰ ਦੀ ਸਿਖਿਆ ਦਰਜ ਹੈ। ਇਹ ਵਿਦਿਆ ਬੜੀ ਪਵਿਤਰ ਅਤੇ ਕੀਮਤੀ ਮੰਨੀ ਗਈ ਹੈ। ਇਸ ਬਾਰੇ ਨਿਯਮ ਬਣ ਗਏ ਸਨ ਕਿ-

1. ਇਹ ਬ੍ਰਹਮ ਵਿਦਿਆ ਵਿਦਵਾਨ ਰਿਸ਼ੀ ਕੇਵਲ ਆਪਣੇ ਪੁੱਤਰ ਨੂੰ ਦਿੰਦਾ ਸੀ।
2. ਕੇਵਲ ਉਸ ਸ਼ਾਗਿਰਦ ਨੂੰ ਇਹ ਵਿਦਿਆ ਦਿਤੀ ਜਾਂਦੀ ਸੀ ਜਿਹੜਾ ਕਈ ਸਾਲ ਗੁਰੂ ਦੀ ਸੇਵਾ ਕਰਦਾ ਰਿਹਾ ਹੋਵੇ।
3. ਇਹ ਵਿਦਿਆ ਆਮ ਲੋਕਾਂ ਸਾਹਮਣੇ, ਗ੍ਰਹਿਸਥੀਆਂ ਜਾਂ ਯਾਤਰੂਆਂ ਦੇ ਸਾਹਮਣੇ ਨਹੀਂ ਦਿੱਤੀ ਜਾਂਦੀ ਸੀ। ਕੇਵਲ ਇਕਾਂਤ ਵਿਚ ਦੂਰ ਜੰਗਲਾਂ ਵਿਚ ਰਿਸ਼ੀ ਇਸ ਵਿਦਿਆ ਦਾ ਗਿਆਨ ਆਪਣੇ ਸਭ ਤੋਂ ਪਿਆਰੇ ਵਿਦਿਆਰਥੀਆਂ ਨੂੰ ਦਿੰਦੇ ਸਨ।
4. ਇਹ ਵਿਦਿਆ ਕੇਵਲ ਉਸੇ ਵਿਦਿਆਰਥੀ ਨੂੰ ਦਿਤੀ ਜਾਂਦੀ ਸੀ ਜਿਹੜਾ ਇਹ ਫੈਸਲਾ ਕਰ ਚੁੱਕਾ ਹੈ ਕਿ ਉਹ ਸਾਰੀ ਉਮਰ ਅਧਿਆਪਕ ਦਾ ਜੀਵਨ ਬਤੀਤ ਕਰੇਗਾ।
5. ਨਿੰਦਕਾਂ, ਦੁਰਬੁੱਧੀ ਵਾਲੇ ਵਿਅਕਤੀਆਂ, ਅਛੂਤਾਂ ਅਤੇ ਉਹ ਸ਼ਖਸ ਜਿਹੜੇ ਇਸ ਪਵਿਤਰ ਵਿਦਿਆ ਨੂੰ ਪ੍ਰਾਪਤ ਕਰਨ ਦੇ ਅਧਿਕਾਰੀ ਨਾ ਹੋਣ ਉਹਨਾਂ ਨੂੰ ਇਹ ਵਿਦਿਆ ਨਹੀਂ ਸੀ ਦਿੱਤੀ ਜਾਂਦੀ। ਇਸ ਵਿਦਿਆ ਨੂੰ ਪ੍ਰਾਪਤ ਕਰਨ ਆਏ ਅਭਿਲਾਖੀ ਦੀ ਪਰਖ ਕੀਤੀ ਜਾਂਦੀ ਸੀ।

ਇਸ ਸਬੰਧੀ ਸਤਿਆਕਾਮ ਦੀ ਕਥਾ ਬੜੀ ਪ੍ਰਸਿੱਧ ਹੈ। ਇਸ ਤੋਂ ਪਤਾ ਚਲਦਾ ਹੈ ਕਿ ਪ੍ਰੀਖਿਆ ਲੈਣ ਵਾਲੇ ਰਿਸ਼ੀ ਕਿੰਨੀ ਬਰੀਕ ਬੁੱਧੀ ਨਾਲ ਪਰਖ ਕਰਦੇ ਸਨ। ਬਾਲਕ ਸਤਿਆਕਾਮ ਮਾਂ ਪਾਸ ਗਿਆ ', ਕਿਹਾ, "ਮੈਂ ਸਰਬੋਤਮ ਵਿਦਿਆ ਪ੍ਰਾਪਤ ਕਰਨ ਵਾਸਤੇ ਬ੍ਰਹਮਚਾਰੀ ਜੀਵਨ ਬਿਤਾਉਣਾ ਚਾਹੁੰਦਾ ਹਾਂ, ਜਿਥੇ ਵੀ ਮੈਂ ਜਾਂਦਾ ਹਾਂ ਮੈਨੂੰ ਇਹੀ ਪ੍ਰਸ਼ਨ ਕੀਤਾ ਜਾਂਦਾ ਹੈ ਕਿ ਮੇਰਾ ਖਾਨਦਾਨ ਕਿਹੜਾ ਹੈ, ਮੈਂ

ਕਿਸ ਦਾ ਪੁੱਤਰ ਹਾਂ, ਮੇਰਾ ਕੀ ਵੰਸ਼ ਹੈ। ਮੈਨੂੰ ਇਸ ਦਾ ਪਤਾ ਨਹੀਂ। ਦੱਸੋ ਮੈਂ ਕੀ ਉਤਰ ਦਿਆਂ ਮਾਂ।"

ਮਾਤਾ ਨੇ ਕਿਹਾ, "ਪੁਤਰ ਮੈਂ ਗਰੀਬ ਨੌਕਰਾਣੀ ਸੀ। ਮਾਲਕ ਦੇ ਹੁਕਮ ਮੰਨਣੇ ਪੈਂਦੇ ਸਨ। ਮਹਿਮਾਨਾਂ ਦੀ ਭਰਮਾਰ ਰਹਿੰਦੀ ਸੀ। ਇਸ ਦੌਰਾਨ ਤੂੰ ਪੈਦਾ ਹੋਇਆ। ਇਸ ਕਰਕੇ ਮੈਨੂੰ ਪਤਾ ਨਹੀਂ ਤੇਰਾ ਪਿਤਾ ਕੌਣ ਹੈ। ਮੈਂ ਤਾਂ ਸਿਰਫ ਏਨਾ ਜਾਣਦੀ ਹਾਂ ਕਿ ਮੇਰਾ ਨਾਮ ਜਬਾਲਾ ਹੈ ਤੇ ਤੂੰ ਸਤਿਆਕਾਮ ਹੈ।"

ਸਤਿਆਕਾਮ, ਰਿਸ਼ੀ ਗੌਤਮ ਪਾਸ ਹਾਜ਼ਰ ਹੋਇਆ ਤੇ ਕੁਲ ਵੰਸ਼ ਬਾਰੇ ਪੁੱਛਣ ਤੇ ਉਹੀ ਜਵਾਬ ਦਿੱਤਾ ਜਿਹੜਾ ਮਾਤਾ ਨੇ ਦਸਿਆ ਸੀ। ਅਚਾਰੀਆਂ ਪ੍ਰਸੰਨ ਹੋਕੇ ਕਹਿਣ ਲਗੇ, "ਨਿਰਸੰਦੇਹ ਤੂੰ ਬ੍ਰਾਹਮਣ ਦਾ ਪੁੱਤਰ ਹੈਂ। ਕਿਸੇ ਹੋਰ ਨੀਵੀਂ ਕੁਲ ਦਾ ਵਿਅਕਤੀ ਅਜਿਹਾ ਕਠੋਰ ਸੱਚ ਨਹੀਂ ਬੋਲ ਸਕਦਾ। ਤੂੰ ਬ੍ਰਹਮ ਵਿਦਿਆ ਪ੍ਰਾਪਤ ਕਰਨ ਦਾ ਵੀ ਅਧਿਕਾਰੀ ਹੈਂ।"

ਉਪਨਿਸ਼ਦਾਂ ਦੀ ਸਿਖਿਆ ਨੂੰ 'ਵੇਦਾਂਤ' ਕਿਹਾ ਗਿਆ ਹੈ। ਇਸ ਦਾ ਅਰਥ ਹੈ ਵੇਦ ਦੀ ਮੱਤ ਦਾ ਸਿਖਰ, ਅੰਤ। ਭਾਵ ਜਿਸ ਤੋਂ ਉਪਰ ਹੋਰ ਕੋਈ ਵਿਦਿਆ ਨਾ ਹੋਵੇ। ਤਰਤੀਬ ਅਨੁਸਾਰ ਵੀ ਉਪਨਿਸ਼ਦ ਵੇਦਾਂ ਦਾ ਅਖੀਰਲਾ ਭਾਗ ਹਨ। ਵੇਦ ਦੇ ਪਿਛੇ ਫਿਰ ਬ੍ਰਾਹਮਣ ਗ੍ਰੰਥ ਹੁੰਦਾ ਹੈ, ਫਿਰ ਆਰਣਯਕ ਗ੍ਰੰਥ ਤੇ ਫਿਰ ਅੰਤ ਵਿਚ ਉਪਨਿਸ਼ਦ। ਸੋ ਵੇਦ+ਅੰਤ=ਵੇਦਾਂਤ। ਵੇਦ ਦਾ ਅੰਤਮ ਭਾਗ।

ਉਪਨਿਸ਼ਦਾਂ ਦੀ ਗਿਣਤੀ ਬਾਰੇ ਵਿਦਵਾਨਾਂ ਦੇ ਮਤ-ਭੇਦ ਹਨ। ਇਹਨਾਂ ਦੀ ਗਿਣਤੀ 9 ਤੋਂ 200 ਤਕ ਜਾ ਪੁਜੀ ਹੈ। ਹਿਊਮ ਨੇ 30 ਉਪਨਿਸ਼ਦ ਛਾਪੇ ਹਨ। ਮਦਰਾਸ ਵਿਚ ਸਥਿਤ ਆਡਿਆਰ ਲਾਇਬਰੇਰੀ ਵਿਚ 179 ਉਪਨਿਸ਼ਦ ਹਨ। ਪ੍ਰਾਚੀਨ ਗ੍ਰੰਥਾਂ ਵਿਚ ਹਜ਼ਾਰਾਂ ਉਪਨਿਸ਼ਦਾਂ ਦਾ ਜ਼ਿਕਰ ਹੈ। ਕਿਨ੍ਹਾਂ ਉਪਨਿਸ਼ਦਾਂ ਨੂੰ ਪ੍ਰਧਾਨ ਮੰਨਿਆ ਜਾਵੇ ਤੇ ਕਿਨ੍ਹਾਂ ਨੂੰ ਗੌਣ, ਇਹ ਸਮੱਸਿਆ ਹੈ। ਜਿਸ ਵਿਦਵਾਨ ਨੂੰ ਜਿਹੜੇ ਉਪਨਿਸ਼ਦ ਆਪਣੀ ਵਿਚਾਰਧਾਰਾ ਨਾਲ ਮੇਲ ਖਾਂਦੇ ਦਿਸੇ ਉਸਨੇ ਉਹਨਾਂ ਨੂੰ ਪ੍ਰਧਾਨ ਤੇ ਹੋਰ ਬਾਕੀਆਂ ਨੂੰ ਸਹਾਇਕ ਉਪਨਿਸ਼ਦ ਕਿਹਾ। ਭਾਵੇਂ ਸਾਰੇ ਦੇ ਸਾਰੇ ਉਪਨਿਸ਼ਦ ਮਹੱਤਵਪੂਰਣ ਗ੍ਰੰਥ ਹਨ, ਫਿਰ ਵੀ ਉਹਨਾ ਵਿਚੋਂ ਇਕ ਦਰਜਨ ਅਜਿਹੇ ਹਨ, ਜਿਨ੍ਹਾਂ ਦਾ ਅਸਰ ਬਾਕੀਆਂ ਉਤੇ ਦੇਖਿਆ ਜਾ ਸਕਦਾ ਹੈ। ਉਹਨਾਂ ਵਿਚੋਂ ਮੁੱਖ ਉਪਨਿਸ਼ਦ ਹੇਠ ਲਿਖੇ ਹਨ:

1. ਈਸ਼	7. ਕੇਨ
2. ਐਤਰੇਯ	8. ਕੱਠ
3. ਤੈਤਰੇਯ	9. ਮੁੰਡਕ
4. ਸ਼ਵੇਤਾਸਵਤਰ	10. ਮਾਂਡੂਕਯ
5. ਛਾਂਦੋਗਯ	11. ਪ੍ਰਸ਼ਨ
6. ਬ੍ਰਹਦ ਆਰਣਯਕ	12. ਕੌਸ਼ੀਤਕੀ

ਉਪਨਿਸ਼ਦਾਂ ਦਾ ਰਚਨਾ ਕਾਲ ਵਧ ਤੋਂ ਵਧ ਈਸਵੀ ਸੰਨ ਦੇ ਆਰੰਭ ਹੋਣ ਤੋਂ ਹਜ਼ਾਰ ਕੁ ਸਾਲ ਪਿਛੇ ਤਕ ਜਾ ਸਕਦਾ ਹੈ। ਵੱਖ-ਵੱਖ ਉਪਨਿਸ਼ਦ ਵੱਖ ਵੱਖ ਸਮੇਂ ਰਚੇ ਗਏ। ਇਥੋਂ ਤਕ ਕਿ ਅਕਬਰ ਦੇ ਰਾਜ ਕਾਲ ਭਾਵ ਸੋਲ੍ਹਵੀਂ ਸਦੀ ਵਿਚ ਕਿਸੇ ਵਿਅਕਤੀ ਨੇ ਅੱਲਾ ਨਾਮ ਦਾ ਇਕ ਉਪਨਿਸ਼ਦ ਵੀ ਲਿਖਿਆ। ਇਸ ਤੋਂ ਵੀ ਬਾਦ

ਦੇ ਉਪਨਿਸ਼ਦ ਮਿਲਦੇ ਹਨ।

ਕੇਂਦਰੀ ਵਿਸ਼ਾ ਬ੍ਰਹਮ ਅਤੇ ਆਤਮਾ ਦਾ ਸਬੰਧ ਹੈ। ਵਿਅਕਤੀ ਪਰਮ ਸੱਤ ਦੇ ਪਾਸ ਜਾਣਾ ਚਾਹੁੰਦਾ ਹੈ। ਉਸ ਵਿਚ ਅਭੇਦ ਹੋਣਾ ਚਾਹੁੰਦਾ ਹੈ, ਉਸ ਦੇ ਭੇਦ ਪ੍ਰਗਟ ਕਰਨਾ ਚਾਹੁੰਦਾ ਹੈ। ਸ੍ਰਿਸ਼ਟੀ ਦੀ ਉਤਪਤੀ ਕਿਵੇਂ ਹੋਈ, ਕਿਉਂ ਹੋਈ ਅਤੇ ਜਗਤ ਵਿਚ ਬ੍ਰਹਮ ਕਿਵੇਂ ਸਮਾਇਆ ਹੋਇਆ ਹੈ, ਅਜਿਹੀਆਂ ਸਮੱਸਿਆਵਾਂ ਦਾ ਸਮਾਧਾਨ ਉਪਨਿਸ਼ਦਾਂ ਵਿਚ ਮਿਲਦਾ ਹੈ। ਉਪਨਿਸ਼ਦ ਦੇ ਸ਼ਬਦ ਹਨ:

"ਇਹ ਆਤਮਾ ਜੋ ਮੇਰਾ ਅੰਤਹਕਰਣ ਹੈ, ਬ੍ਰਹਮ ਹੀ ਹੈ। ਉਹ ਨਾ ਬੋਲਦਾ ਹੈ ਨਾ ਕੋਈ ਕਾਮਨਾ ਕਰਦਾ ਹੈ। ਮੌਤ ਵਕਤ ਮੈਂ ਆਪਣੇ ਛੋਟੇਪਣ ਤੋਂ ਮੁਕਤ ਹੋਣਾ ਹੈ ਤੇ ਅਨੰਤ ਵਿਚ ਸਮਾ ਜਾਣਾ ਹੈ। ਮੇਰਾ ਅੰਤਰ ਬਿੰਦੂ (ਆਤਮਾ) ਧਰਤੀ ਤੋਂ ਵੱਡਾ ਹੈ, ਆਕਾਸ਼ ਤੋਂ ਵੀ। ਅਨੇਕ ਸੰਸਾਰਾਂ ਅਤੇ ਨਛੱਤਰਾਂ ਤੋਂ ਵੀ ਵਡੇਰਾ ਹੈ।"

ਛਾਂਦੋਗਯ ਉਪਨਿਸ਼ਦ ਦਾ ਨਿਮਨ ਪ੍ਰਸੰਗ ਅਤਿ ਰੋਚਕ ਹੈ:

ਉਦਾਲਕ ਅਰੁਨੀ ਦਾ ਇਕ ਪੁੱਤਰ ਸੀ ਸ਼ਵੇਤਕੇਤੂ। ਪਿਤਾ ਨੇ ਕਿਹਾ- ਦੇਖੋ ਪੁੱਤਰ ਕਿਸੇ ਰਿਸ਼ੀ ਕੋਲ ਜਾ ਕੇ ਵੇਦਾਂ ਦਾ ਅਧਿਐਨ ਕਰੋ। ਸਾਡੇ ਘਰ ਦੀ ਇਹ ਪਰੰਪਰਾ ਰਹੀ ਹੈ ਕਿ ਬ੍ਰਾਹਮਣ ਦੇ ਘਰ ਜਨਮ ਲੈਣ ਨਾਲ ਤੂੰ ਬ੍ਰਾਹਮਣ ਬਣ ਗਿਆ ਨਹੀਂ ਸਮਝਿਆ ਜਾਣਾ।

ਸ਼ਵੇਤਕੇਤੂ ਉਦੋਂ ਬਾਰਾਂ ਸਾਲਾਂ ਦਾ ਸੀ। ਬਾਰਾਂ ਸਾਲ ਗ੍ਰੰਥਾਂ ਦਾ ਅਧਿਐਨ ਕਰਨ ਉਪਰੰਤ ਉਹ ਘਰ ਪਰਤਿਆ। ਚਾਈ- ਚਾਈਂ ਪਿਤਾ ਨੂੰ ਮਿਲਿਆ। ਪਿਤਾ ਨੇ ਕਿਹਾ "ਅੱਛਾ ਪੁੱਤਰ, ਤੂੰ ਵਿਦਵਾਨ ਬਣ ਗਿਆ ਹੈਂ। ਤੈਨੂੰ ਆਪਣੀ ਵਿਦਿਆ ਤੇ ਮਾਣ ਹੈ। ਹੁਣ ਤੂੰ ਮੈਨੂੰ ਦੱਸ ਕਿ ਕੀ ਤੂੰ ਉਹ ਸਭ ਕੁਝ ਜਾਣ ਗਿਆ ਹੈਂ ਜਿਹੜਾ ਚਿੰਤਨ ਵਿਚ ਨਹੀਂ ਆਉਂਦਾ? ਜਿਹੜੀਆਂ ਆਵਾਜ਼ਾਂ ਕੰਨਾਂ ਦੁਆਰਾ ਨਹੀਂ ਸੁਣੀਆਂ ਜਾ ਸਕਦੀਆਂ ਕੀ ਤੂੰ ਉਹ ਸੁਣ ਲੈਂਦਾ ਹੈਂ? ਕੀ ਤੂੰ ਅਦਿੱਖ ਵਸਤਾਂ ਅੱਖਾਂ ਦੀ ਮੱਦਦ ਤੋਂ ਬਿਨਾਂ ਦੇਖ ਸਕਣ ਯੋਗ ਹੋ ਗਿਆ ਹੈਂ?" ਇਸ ਤੇ ਸ਼ਵੇਤਕੇਤੂ ਹੈਰਾਨ ਹੋ ਗਿਆ ਕਿ ਇਹ ਕਿਹੋ ਜਿਹੀ ਵਿਦਿਆ ਹੈ। ਉਸ ਨੇ ਕਿਹਾ- ਪਿਤਾ ਜੀ, ਯਕੀਨਨ ਮੇਰੇ ਅਧਿਆਪਕ ਸਤਿਕਾਰ ਯੋਗ ਸਨ। ਜੇ ਉਹ ਇਹ ਵਿਦਿਆ ਜਾਣਦੇ ਹੁੰਦੇ ਤਦ ਉਹ ਮੈਨੂੰ ਜ਼ਰੂਰ ਦਸਦੇ। ਪਿਤਾ ਨੇ ਕਿਹਾ, "ਮੇਰੇ ਚੰਗੇ ਪੁੱਤਰ, ਮੈਂ ਤੈਨੂੰ ਦਸਦਾ ਹਾਂ।" ਇਸ ਪਿਛੋਂ ਉਦਾਲਕ ਨੇ ਆਪਣੇ ਬੇਟੇ ਨੂੰ ਬ੍ਰਹਮ ਵਿਦਿਆ ਦਾ ਪਾਠ ਪੜ੍ਹਾਇਆ।

ਕੇਨ ਉਪਨਿਸ਼ਦ ਦੇ ਸ਼ੁਰੂ ਵਿਚ ਹੀ ਨਿਮਨ ਪ੍ਰਕਾਰ ਦੇ ਪ੍ਰਸ਼ਨ ਦਰਜ ਹਨ:

"ਮਨ ਕਿਸੇ ਵਸਤੂ ਤੋਂ ਪ੍ਰੇਰਿਤ ਹੁੰਦਾ ਹੈ ਤਾਂ ਕਿਸ ਤੋਂ?
ਕਿਸ ਤੋਂ ਉਹ ਕਾਰਜਸ਼ੀਲ ਹੁੰਦਾ ਹੈ?
ਪ੍ਰਾਣਾਂ ਦਾ ਆਧਾਰ ਕੀ ਹੈ?
ਬਾਣੀ ਕਿਸ ਦੀ ਸ਼ਕਤੀ ਨਾਲ ਬੋਲੀ ਜਾਂਦੀ ਹੈ?
ਇੰਦਰੀਆਂ ਨੂੰ ਯੋਗਤਾ ਕੌਣ ਪ੍ਰਦਾਨ ਕਰਦਾ ਹੈ?
ਉਹ ਦੇਵ ਕੌਣ ਹੈ ਤੇ ਕਿਹੋ ਜਿਹਾ ਹੈ?"

ਉਪਨਿਸ਼ਦਾਂ ਦੀ ਕੇਂਦਰੀ ਵਿਚਾਰਧਾਰਾ ਅਹੰ-ਬ੍ਰਹਮਾਸਮੀ ਭਾਵ 'ਮੈਂ ਬ੍ਰਹਮ ਹਾਂ' ਹੈ। ਬ੍ਰਹਮ ਦਾ ਨਾਮ ਓਮ ਹੈ। ਕੇਨ ਉਪਨਿਸ਼ਦ ਅਨੁਸਾਰ ਉਹ ਸ਼ਬਦ ਜਿਹੜਾ ਸਾਰੇ ਵੇਦ ਬਾਰ ਬਾਰ ਦੁਹਰਾਂਦੇ ਹਨ ਤੇ ਸਾਰੇ ਤਿਆਗੀ ਉਚਾਰਦੇ ਹੋਏ ਬ੍ਰਹਮਚਰਜ ਜੀਵਨ ਬਿਤਾਂਦੇ ਹਨ, ਉਹ ਮੰਤਰ ਮੈਂ ਸੰਖੇਪ ਰੂਪ ਵਿਚ ਤੁਹਾਨੂੰ ਦਸਦਾ ਹਾਂ, ਉਹ ਹੈ ਓਮ। ਓਮ ਸ਼ਬਦ ਸਚਮੁਚ ਬ੍ਰਹਮ ਹੈ। ਇਹ ਸ਼ਬਦ ਯਕੀਨਨ ਉੱਤਮ ਹੈ। ਇਹ ਜਗਤ ਦਾ ਆਧਾਰ ਹੈ।

ਉਪਨਿਸ਼ਦਾਂ ਦੀ ਸਿੱਖਿਆ ਪ੍ਰਸ਼ਨ ਉੱਤਰ ਦੇ ਰੋਚਕ ਤਰੀਕੇ ਨਾਲ ਦਿੱਤੀ ਗਈ ਹੈ। ਬ੍ਰਾਹਮਣ, ਕਸ਼ੱਤਰੀ, ਰਿਸ਼ੀ ਅਤੇ ਵਿਦਿਆਰਥੀ ਆਪਸ ਵਿਚ ਸਵਾਲ ਜਵਾਬ ਰਾਹੀਂ ਸ਼ੰਕਿਆਂ ਦੀ ਨਵਿਰਤੀ ਕਰਦੇ ਹਨ। ਉਪਨਿਸ਼ਦਾਂ ਵਿਚ ਯੱਗ ਆਦਿਕ ਕਰਮ ਕਾਂਡਾਂ ਨੂੰ ਮਹੱਤਤਾ ਨਹੀਂ ਦਿੱਤੀ ਗਈ। ਜੀਵਨ ਦਾ ਮਨੋਰਥ ਗਿਆਨ ਹਾਸਲ ਕਰਕੇ ਅਗਿਆਨਤਾ ਦਾ ਨਾਸ਼ ਕਰਨਾ ਹੈ। ਕਰਮਕਾਂਡ ਨਾਲ ਮੁਕਤੀ ਸੰਭਵ ਨਹੀਂ। ਮੁਕਤੀ ਕੇਵਲ ਗਿਆਨ ਰਾਹੀਂ ਹਾਸਲ ਹੁੰਦੀ ਹੈ। ਜੀਵਨ ਦੇ ਸੁਖ ਥੋੜ ਚਿਰੇ ਹਨ। ਇਹੀ ਕਾਰਨ ਹੈ ਕਿ ਨਚਿਕੇਤਾ ਯਮਰਾਜ ਪਾਸੋਂ ਅਮਰ ਹੋਣ ਦਾ, ਮੌਤ ਤੋਂ ਮੁਕਤ ਹੋਣ ਦਾ ਸਾਧਨ ਪੁਛਦਾ ਹੈ ਤਾਂ ਯਮ ਉਸਨੂੰ ਅਨੇਕ ਲਾਲਚ ਦਿੰਦਾ ਹੈ। ਜੀਵਨ ਦੇ ਸੁਖ-ਆਰਾਮ, ਰਾਜਭਾਗ ਅਤੇ ਹਜ਼ਾਰਾਂ ਸਾਲ ਲੰਮੀ ਉਮਰ ਦਾ ਵਰ ਮਿਲ ਸਕਦਾ ਹੈ, ਪਰ ਨਚਿਕੇਤਾ ਅਜਿਹਾ ਸਵਾਲ ਨਾ ਕਰੇ। ਜਗਿਆਸੂ ਹਰ ਚੀਜ਼ ਠੁਕਰਾ ਦਿੰਦਾ ਹੈ ਕਿਉਂਕਿ ਇਹ ਸਾਰੀਆਂ ਵਸਤਾਂ ਨਾਸ਼ਵਾਨ ਹਨ। ਨਾਸ਼ਵਾਨ ਚੀਜ਼ਾਂ ਮੈਨੂੰ ਕਿਵੇਂ ਅਮਰ ਕਰ ਸਕਦੀਆਂ ਹਨ? ਮੈਨੂੰ ਕੇਵਲ ਅੰਮ੍ਰਿਤ ਚਾਹੀਦਾ ਹੈ, ਜੋ ਮੌਤ ਉਤੇ ਵਿਜੇ ਕਰਾ ਸਕੇ। ਬਾਲਕ ਤੋਂ ਪ੍ਰਸੰਨ ਹੋ ਕੇ ਯਮ ਨਚਿਕੇਤਾ ਨੂੰ ਆਤਮ ਗਿਆਨ ਦਾ ਅੰਮ੍ਰਿਤ ਦਿੰਦਾ ਹੈ।

ਉਪਨਿਸ਼ਦਾਂ ਵਿਚ ਵਿਚਾਰ ਪ੍ਰਗਟਾਉਣ ਦੀ ਪੂਰੀ ਸੁਤੰਤਰਤਾ ਮਿਲੀ ਹੈ। ਵੇਦ ਦੀ ਬਾਣੀ ਵਿਚ ਸ਼ੰਕਾ ਕਰਨ ਦੀ ਵਧੇਰੇ ਗੁੰਜਾਇਸ਼ ਨਹੀਂ ਸੀ। ਪਰ ਉਪਨਿਸ਼ਦਾਂ ਵਿਚ ਜਗਿਆਸੂ ਪੈਰ ਪੈਰ ਤੇ ਪ੍ਰਸ਼ਨ ਕਰਦਾ ਹੈ, ਤੇ ਆਪਣੇ ਕਿੰਤੂ ਦਾ ਜਵਾਬ ਮੰਗਦਾ ਹੈ। ਸ਼ਾਪਨਹਾਵਰ ਨੇ ਠੀਕ ਹੀ ਕਿਹਾ ਸੀ ਕਿ ਉਪਨਿਸ਼ਦਾਂ ਦੀ ਰਚਨਾ ਵਿਚ ਮਾਨਵੀ ਚੇਤਨਾ ਦਾ ਸਰਬੋਤਮ ਗਿਆਨ ਮੌਜੂਦ ਹੈ, ਗਿਆਨ ਦਾ ਉੱਚਤਮ ਵਿਕਾਸ ਹੈ। ਉਪਨਿਸ਼ਦਾਂ ਦੀ ਬਾਣੀ ਦਾ ਦਰਸ਼ਨ ਜਿਥੇ ਬੁੱਧੀ ਦੀ ਜਗਿਆਸਾ ਸੰਤੁਸ਼ਟ ਕਰਦਾ ਹੈ ਉੱਥੇ ਇਹਨਾਂ ਵਿਚਲੀ ਕਾਵਿ ਉਡਾਣ ਹਿਰਦੇ ਨੂੰ ਕੀਲ ਲੈਂਦੀ ਹੈ। ਹਜ਼ਾਰਾਂ ਸਾਲਾਂ ਤਕ ਇਹਨਾਂ ਦੀ ਸਾਰਥਕਤਾ ਕਾਇਮ ਰਹੇਗੀ।

ਇਤਿਹਾਸਕ ਪੱਖੋਂ ਵੀ ਉਪਨਿਸ਼ਦਾਂ ਦਾ ਸਥਾਨ ਘੱਟ ਮਹੱਤਵਪੂਰਣ ਨਹੀਂ। ਹਜ਼ਾਰਾਂ ਸਾਲ ਪਹਿਲੋਂ ਰਚੇ ਇਹਨਾਂ ਗ੍ਰੰਥਾਂ ਦਾ ਰਹੱਸਵਾਦ ਅਨੂਪਮ ਹੈ। ਸੂਫੀਆਂ ਦੇ ਰਹੱਸ ਅਨੁਭਵ ਵਿਚ ਉਪਨਿਸ਼ਦਾਂ ਦੇ ਪਰਛਾਵੇਂ ਦੇਖ ਸਕਣੇ ਮੁਸ਼ਕਿਲ ਕੰਮ ਨਹੀਂ। ਕਿਹਾ ਜਾਂਦਾ ਹੈ ਫਕੀਰ ਮਨਸੂਰ ਦਾ ਅਨਅਲਹੱਕ ਦਾ ਸਿਧਾਂਤ ਉਪਨਿਸ਼ਦਾਂ ਦੇ ਅਹੰਬ੍ਰਮਾਸਮੀ ਤੋਂ ਪ੍ਰੇਰਿਤ ਹੋਇਆ ਹੈ। ਸਾਰਾ ਪਿਛਲੇਰਾ ਹਿੰਦੂ ਦਰਸ਼ਨ ਉਪਨਿਸ਼ਦਾਂ ਦਾ ਰਿਣੀ ਹੈ।

ਉਪਨਿਸ਼ਦਾਂ ਦੀ ਵਿਦਿਆ ਨਿਰੀ ਬੁੱਧੀ ਉਤੇ ਆਧਾਰਿਤ ਨਹੀਂ। ਅਨੇਕ ਗ੍ਰੰਥ ਰਟਣ ਨਾਲ ਗਿਆਨਵਾਨ ਨਹੀਂ ਬਣਿਆ ਜਾਂਦਾ। ਗੁਰੂ ਦਾ ਵਰਦਾਨ ਸਹਾਈ ਹੁੰਦਾ

ਹੈ। ਈਸ਼ਵਰ ਦੀ ਬਖਸ਼ਿਸ਼ ਲੋੜੀਂਦੀ ਹੈ। ਗਿਆਨ ਇੰਦਰੀਆਂ ਕਿਸੇ ਨਤੀਜੇ ਤੇ ਪਹੁੰਚਣ ਲਈ ਵਧੇਰੇ ਸਹਾਈ ਨਹੀਂ ਹੁੰਦੀਆਂ। ਦੇਖਣ ਦਾ ਕਾਰਜ ਦਰਅਸਲ ਅੱਖਾਂ ਨਹੀਂ ਕਰਦੀਆਂ, ਸੁਣਨ ਦਾ ਕਾਰਜ ਕੰਨ ਨਹੀਂ ਕਰਦੇ ਤੇ ਇਵੇਂ ਹੀ ਜੀਭ ਆਪਣੇ ਆਪ ਕਿਰਿਆਸ਼ੀਲ ਨਹੀਂ। ਆਤਮਾ ਇਹਨਾ ਚੀਜ਼ਾਂ ਦਾ ਆਧਾਰ ਹੈ। ਉਹ ਪਰਮ ਹੈ ਤੇ ਗਿਆਨ ਇੰਦਰੀਆਂ ਗੌਣ ਹਨ। ਗਿਆਨ ਇੰਦਰੀਆਂ ਦੁਆਰਾ ਬ੍ਰਹਮ ਦੀ ਵਿਦਿਆ ਅਸੰਭਵ ਹੈ। ਇਥੋਂ ਹੀ 'ਨੇਤਿ ਨੇਤਿ' ਦਾ ਸਿਧਾਂਤ ਉਤਪੰਨ ਹੋਇਆ। 'ਨੇਤੀ' ਦਾ ਭਾਵ ਹੁੰਦਾ ਹੈ ਨਹੀਂ। ਬ੍ਰਹਮ ਬਾਰੇ ਜੋ ਵੀ ਵਿਸ਼ੇਸ਼ਣ ਘੜੇ ਗਏ ਹਨ ਉਹ ਵਿਅਰਥ ਹਨ। ਬ੍ਰਹਮ ਸਬੰਧੀ ਕਹੇ ਹਰੇਕ ਵਿਸ਼ੇਸ਼ਣ ਮਗਰੋਂ ਉਪਨਿਸ਼ਦ ਆਖਦਾ ਹੈ "ਨਹੀਂ ਨਹੀਂ ਉਹ ਇਹ ਵੀ ਨਹੀਂ, ਉਸਦੀ ਕੋਈ ਸੰਗਿਆ ਨਹੀਂ ਕੋਈ ਪਰਿਭਾਸ਼ਾ ਨਹੀਂ।" ਈਸ਼ ਉਪਨਿਸ਼ਦ ਆਖਦਾ ਹੈ, "ਉਹ ਅਹਿਲ ਹੈ, ਸਥਿਰ ਹੈ। ਪਰ ਉਹ ਬਿਜਲੀ ਦੀ ਲਿਸ਼ਕਾਰ ਅਤੇ ਖਿਆਲਾਂ ਦੀ ਰਫਤਾਰ ਤੋਂ ਵਧੀਕ ਤੇਜ਼ ਹੈ। ਉਹ ਇਨਾਂ ਬਰੀਕ ਹੈ ਕਿ ਦਿਸਦਾ ਨਹੀਂ ਤੇ ਇਨਾਂ ਵਿਸ਼ਾਲ ਹੈ ਕਿ ਅਨੰਤ ਪੁਲਾੜ ਉਸਦਾ ਇਕ ਛੋਟਾ ਜਿਹਾ ਭਾਗ ਹੈ।"

ਉਪਨਿਸ਼ਦਾਂ ਦੀ ਵਿਦਿਆ ਨੂੰ ਤਿੰਨ ਖੰਡਾਂ ਵਿਚ ਵੰਡ ਕੇ ਵੀ ਇਸਦਾ ਅਧਿਐਨ ਕੀਤਾ ਗਿਆ ਹੈ। ਇਹ ਖੰਡ ਹਨ:-

1. ਗਿਆਨ ਖੰਡ
2. ਬ੍ਰਹਮ ਵਿਦਿਆ ਖੰਡ
3. ਸਾਧਨਾਂ ਖੰਡ

ਗਿਆਨ ਖੰਡ ਵਿਚ ਬੌਧਿਕ ਚਿੰਤਨ ਨਾਲ ਸਬੰਧਤ ਉਪਨਿਸ਼ਦ ਰਖੇ ਗਏ ਹਨ ਕਿਉਂਕਿ ਵਿਚਾਰ ਚਰਚਾ ਇਥੇ ਮੁੱਖ ਵਿਸ਼ਾ ਹੈ। ਕਿਵੇਂ ਬੁੱਧੀ ਨੂੰ ਸੇਧ ਦੇਈਏ ਕਿ ਉਹ ਸਹੀ ਚਿੰਤਨ, ਸ਼ੁਧ ਸਿਮਰਨ ਵਲ ਪਰੇਰਨਾ ਦਏ। ਬ੍ਰਹਮ-ਵਿਦਿਆ-ਖੰਡ ਵਿਚ ਪ੍ਰਸ਼ਨੋਤਰੀ ਲਈ ਕੋਈ ਸਥਾਨ ਨਹੀਂ। ਖਾਮੋਸ਼ੀ ਵਿਚੋਂ ਹੀ ਬ੍ਰਹਮ ਵਿਦਿਆ ਦੀ ਪ੍ਰਾਪਤੀ ਹੋ ਸਕਦੀ ਹੈ। ਦਾਰਸ਼ਨਿਕ ਚਿੰਤਨ ਕੁਝ ਕੁ ਦੇਰ ਬਾਦ ਸਹਾਈ ਹੋਣ ਤੋਂ ਮੁਨਕਰ ਹੋ ਜਾਂਦਾ ਹੈ। ਬੁੱਧੀ ਦੇ ਖੰਭ ਝੜ ਜਾਂਦੇ ਹਨ। ਜਦੋਂ ਅਕਲ ਇਲਮ ਦੀ ਸ਼ਕਤੀ ਜਵਾਬ ਦੇ ਦਏ ਤਦ ਰੂਹ ਦੀ ਉਡਾਣ ਦਾ ਆਰੰਭ ਹੁੰਦਾ ਹੈ। ਇਹ ਬ੍ਰਹਮ ਵਿਦਿਆ ਦਾ ਖੰਡ ਹੈ। ਤੀਸਰੇ ਖੰਡ ਵਿਚ ਮਨ ਨੂੰ, ਬੁੱਧੀ ਨੂੰ ਸਾਧਣ ਦੇ ਤੌਰ ਤਰੀਕੇ ਹਨ। ਭਾਵਨਾਂਵਾਂ ਅਨੇਕ ਦਿਸ਼ਾਵਾਂ ਵਲ ਪਰੇਰਦੀਆਂ ਹਨ। ਫਿਰ ਸੱਤ ਕਿਧਰ ਨੂੰ ਹੈ, ਕਾਮਨਾਵਾਂ ਨੂੰ ਲਗਾਮ ਕਿਵੇਂ ਪਾਈਏ, ਸਤਿਆਰਥੀ ਕਿਵੇਂ ਬਣੀਏ। ਇਹ ਖੰਡ ਇਸ ਮਾਰਗ ਦਾ ਸੁਝਾ ਦਿੰਦਾ ਹੈ। ਈਸ਼ ਉਪਨਿਸ਼ਦ ਵਿਚ ਲਿਖਿਆ ਹੈ, "ਦੁਸ਼ਟ ਚਰਿਤਰ, ਅਸ਼ਾਂਤ ਮਨ ਵਾਲਾ ਅਤੇ ਸੰਜਮ ਰਹਿਤ ਮਨੁੱਖ ਆਪਣੀ ਸੂਖਮ ਬੁੱਧੀ ਰਾਹੀਂ ਵੀ ਪ੍ਰਮਾਤਮਾ ਦੀ ਪ੍ਰਾਪਤੀ ਨਹੀਂ ਕਰ ਸਕਦਾ"। ਪ੍ਰਸ਼ਨ ਉਪਨਿਸ਼ਦ ਅਨੁਸਾਰ, "ਜਿਨ੍ਹਾਂ ਆਦਮੀਆਂ ਵਿਚ ਕੁਟਿਲਤਾ, ਮੱਕਾਰੀ ਅਤੇ ਮਾਇਆ ਆਦਿਕ ਦੁਰਗੁਣ ਨਾ ਹੋਣ ਉਹ ਬ੍ਰਹਮਲੋਕ ਪ੍ਰਾਪਤ ਕਰਨ ਦੇ ਅਧਿਕਾਰੀ ਹਨ।

ਤੈਤਰੇਯ ਉਪਨਿਸ਼ਦ ਵਿਚੋਂ ਹੇਠ ਲਿਖੇ ਖੂਬਸੂਰਤ ਪ੍ਰਸੰਗ ਨਾਲ ਅਸੀਂ ਉਪਨਿਸ਼ਦਾਂ ਦੀ ਸਿਖਿਆ ਦਾ ਸਾਰ ਅੰਕਿਤ ਕਰਦੇ ਹਾਂ: "ਭਰਿਗੂ ਰਿਸ਼ੀ ਆਪਣੇ ਪਿਤਾ ਵਰੁਣ ਪਾਸ ਗਏ ਅਤੇ ਬੋਲੇ- ਭਗਵਾਨ ਮੈਨੂੰ ਬ੍ਰਹਮ ਗਿਆਨ ਦਾ ਭੇਦ

ਦਸੋ।" ਵਰੁਣ ਬੋਲੇ- ਪਰਾਣ, ਅੱਖਾਂ, ਕੰਨ, ਮਨ ਅਤੇ ਬੋਲ, ਇਹ ਸਾਰੇ ਬ੍ਰਹਮ ਦੀ ਪ੍ਰਾਪਤੀ ਵਾਸਤੇ ਦਰਵਾਜ਼ਿਆਂ ਵਾਂਗ ਹਨ। ਜੀਵ ਜਿਸ ਬ੍ਰਹਮ ਵਿਚੋਂ ਪੈਦਾ ਹੁੰਦੇ ਹਨ, ਜਿਸਦੇ ਸਹਾਰੇ ਜਿਉਂਦੇ ਰਹਿੰਦੇ ਹਨ ਅਤੇ ਅੰਤ ਵਿਚ ਇਸ ਸੰਸਾਰ ਤੋਂ ਵਿਦਾ ਹੋ ਕੇ ਜਿਥੇ ਜਾ ਪ੍ਰਵੇਸ਼ ਕਰਦੇ ਹਨ, ਉਹੀ ਬ੍ਰਹਮ ਹੈ। ਇਹ ਸੁਣ ਕੇ ਭਰਿਗੂ ਤਪੱਸਿਆ ਕਰਨ ਲਗੇ।"

3. ਛੇ ਸ਼ਾਸਤਰ

ਵੇਦ ਬਾਣੀ ਭਗਤੀ ਦਾ ਮਾਰਗ ਸੀ। ਹੌਲੀ-ਹੌਲੀ, ਜਿਵੇਂ ਅਕਸਰ ਸਾਰਿਆਂ ਧਰਮਾਂ ਵਿਚ ਵਾਪਰਦਾ ਹੈ, ਪਿੱਛੋਂ ਜਾ ਕੇ ਧਰਮ ਦਾ ਸ਼ਾਸਤਰੀ, ਭਾਵ ਦਾਰਸ਼ਨਿਕ ਅਧਿਐਨ ਹੋਣ ਲਗਾ। ਵੇਦ ਬਾਣੀ ਦੇ ਅਰਥਾਂ ਦੀਆਂ ਵਖਰੀਆਂ ਪ੍ਰਣਾਲੀਆਂ ਹੋਂਦ ਵਿਚ ਆਉਣ ਲਗੀਆਂ ਤੇ ਵੇਦਾਂ ਤੋਂ ਸੁਤੰਤਰ ਵੀ ਚਿੰਤਨ ਦਾ ਵਿਕਾਸ ਹੋਣ ਲਗਾ। ਪੁਰਾਣੇ ਭਾਰਤੀ ਚਿੰਤਨ ਵਿਚ ਛੇ ਦਰਸ਼ਨ ਇਸ ਪੱਖੋਂ ਬਹੁਤ ਪ੍ਰਸਿੱਧ ਹਨ। ਇਨ੍ਹਾਂ ਛੇ ਦਰਸ਼ਨਾਂ ਨੂੰ 'ਖਟ ਦਰਸ਼ਨ' ਜਾ 'ਖਟ ਸ਼ਾਸਤਰ' ਕਹਿੰਦੇ ਹਨ (ਸੰਸਕ੍ਰਿਤ 'ਸ਼ਟ' ਸ਼ਬਦ ਦਾ ਭਾਵ 'ਛੇ' ਹਿੰਦਸੇ ਤੋਂ ਹੈ)। ਛੇ ਸ਼ਾਸਤਰਾਂ ਦੇ ਨਾਮ ਹੇਠ ਲਿਖੇ ਹਨ।

i. ਸਾਂਖ
ii. ਯੋਗ
iii. ਨਿਆਇ
iv. ਵੈਸ਼ੇਸ਼ਕ
vi. ਮੀਮਾਂਸਾ
v. ਵੇਦਾਂਤ

ਹੁਣ ਅਸੀਂ ਇਕ ਇਕ ਕਰਕੇ ਇਨ੍ਹਾਂ ਦਰਸ਼ਨਾਂ ਨਾਲ ਜਾਣ ਪਛਾਣ ਕਰਾਂਗੇ। ਇਹ ਗੱਲ ਪਹਿਲੋਂ ਹੀ ਸਪਸ਼ਟ ਕਰ ਦੇਣੀ ਉਚਿਤ ਹੋਵੇਗੀ ਕਿ ਉਪਰ ਦਰਜ ਛੇ ਸ਼ਾਸਤਰਾਂ ਦਾ ਕ੍ਰਮ ਕਿਸੇ ਖਾਸ ਅਸੂਲ ਉਤੇ ਆਧਾਰਿਤ ਨਹੀਂ ਹੈ। ਅਜੇ ਤਕ ਇਹ ਨਿਰਣਾ ਨਹੀਂ ਹੋ ਸਕਿਆ ਕਿ ਯਕੀਨਨ ਪਹਿਲੋਂ ਕਿਹੜਾ ਸ਼ਾਸਤਰ ਪ੍ਰਚਲਿਤ ਹੋਇਆ ਤੇ ਪਿਛੋਂ ਕਿਹੜਾ। ਉਪਰੋਕਤ ਸਾਰਣੀ ਇਹਨਾਂ ਸ਼ਾਸਤਰਾਂ ਦੀ ਉਪਯੋਗਤਾ ਦਾ ਜਾਂ ਹਰਮਨ ਪਿਆਰੇ ਹੋਣ ਦਾ ਵੀ ਕੋਈ ਕ੍ਰਮ ਨਹੀਂ ਹੈ। ਕਿਸੇ ਵੀ ਸ਼ਾਸਤਰ ਨੂੰ ਪਹਿਲਾਂ ਜਾਂ ਪਿਛੋਂ ਵਿਚਾਰ ਅਧੀਨ ਲਿਆਂਦਾ ਜਾ ਸਕਦਾ ਹੈ ਤੇ ਸਾਰੇ ਦਰਸ਼ਨ ਬਰਾਬਰ ਦੀ ਮਹੱਤਤਾ ਰਖਦੇ ਹਨ।

i. ਸਾਂਖ

ਸਾਂਖ ਦਰਸ਼ਨ ਕਪਿਲ ਰਿਸ਼ੀ ਦੇ ਨਾਮ ਨਾਲ ਸਬੰਧਤ ਹੈ ਪਰ ਸਾਡੇ ਪਾਸ ਅਜੇ ਤਕ ਕਪਿਲ ਦੀ ਕੋਈ ਰਚਨਾ ਮੌਜੂਦ ਨਹੀਂ।

ਵਧੇਰੇ ਵਿਦਵਾਨ ਸਾਂਖ ਨੂੰ ਹੀ ਸਾਰਿਆਂ ਸ਼ਾਸਤਰਾਂ ਵਿਚੋਂ ਪੁਰਾਤਨ ਮੰਨਦੇ ਹਨ ਤੇ ਰਿਗਵੇਦ (10-90) ਵਿਚ ਇਸ ਦੀਆਂ ਜੜ੍ਹਾਂ ਦਸੀਆਂ ਗਈਆਂ ਹਨ। ਸੋ ਸਾਂਖ ਦਾ ਆਧਾਰ ਤਾਂ ਬੜਾ ਪੁਰਾਣਾ ਹੈ ਪਰ ਇਸ ਨੂੰ ਸੰਪੂਰਣ ਦਰਸ਼ਨ ਵਜੋਂ ਕਪਿਲ ਰਿਸ਼ੀ ਨੇ ਕਾਫੀ ਬਾਦ ਵਿਚ ਸਥਾਪਤ ਕੀਤਾ। ਸਾਂਖ ਸ਼ਬਦ ਦੇ ਦੋ ਅਰਥ ਕੀਤੇ ਗਏ

ਹਨ: (ੳ) ਸ਼ਾਸਤਰੀ ਗਿਆਨ ਜਾਂ ਸ਼ੁੱਧ ਗਿਆਨ। ਗੀਤਾ ਵਿਚ ਇਸ ਦਾ ਅਰਥ ਸ਼ੁੱਧ ਗਿਆਨ ਵਜੋਂ ਕੀਤਾ ਹੈ (ਅ) ਸਾਂਖ ਸ਼ਬਦ ਦਾ ਦੂਜਾ ਅਰਥ ਸੰਖਿਆ ਜਾਂ ਗਿਣਤੀ ਵਜੋਂ ਕੀਤਾ ਜਾਂਦਾ ਹੈ ਕਿਉਂਕਿ ਇਸ ਦਰਸ਼ਨ ਦਾ ਆਧਾਰ ਸੰਖਿਆ (ਗਿਣਤੀ) ਹੈ। ਪਦਾਰਥਾਂ ਦੀ ਗਿਣਤੀ ਪੱਕੀ ਮਿਥੀ ਗਈ ਹੈ ਤੇ ਕੁਦਰਤੀ ਹੈ ਕਿ ਸ਼ਾਸਤਰੀਆਂ ਵਿਚਕਾਰ ਇਸ ਗਿਣਤੀ ਉੱਤੇ ਮੱਤ-ਭੇਦ ਹੁੰਦਾ ਰਿਹਾ ਹੋਵੇਗਾ ਤੇ ਭਰਪੂਰ ਵਿਚਾਰ ਹੁੰਦੀ ਰਹੀ ਹੋਵੇਗੀ। ਇਸ ਚਰਚਾ ਦਾ ਮੁੱਖ ਵਿਸ਼ਾ ਗਿਣਤੀ ਸਬੰਧੀ ਹੋਣ ਕਰਕੇ ਸ਼ਾਸਤਰ ਦਾ ਨਾਮ ਸਾਂਖ ਪਿਆ।

ਸਾਂਖ ਦਰਸ਼ਨ ਦਵੈਤਵਾਦੀ ਹੈ। ਸਾਂਖ ਅਨੁਸਾਰ ਸ਼ੁਧ ਆਤਮ ਤੱਤ ਵਿਚੋਂ ਦੋਸ਼ਪੂਰਨ ਅਸੱਤ ਦੀ ਉਤਪਤੀ ਨਹੀਂ ਹੋ ਸਕਦੀ। ਸੰਸਾਰ ਉਤਪਤੀ ਸ਼ੂਨਯ ਵਿਚੋਂ ਵੀ ਸੰਭਵ ਨਹੀਂ। ਜੋ 'ਨਹੀਂ ਹੈ,' ਉਸ ਵਿਚੋਂ 'ਜੋ ਹੈ' ਕਿਵੇਂ ਉਪਜ ਸਕਦਾ ਹੈ? ਜੇ ਕਾਰਨ ਕਾਰਜ ਦੀ ਪਰੰਪਰਾ ਨੂੰ ਪਿਛੇ ਤਕ ਲਿਜਾਂਦੇ ਜਾਈਏ ਤਾਂ ਫਿਰ ਇਕ ਥਾਂ ਉਤੇ ਸਮਾਪਤੀ ਵੀ ਹੋਵੇਗੀ, ਇਸ ਕਰਕੇ ਪ੍ਰਕ੍ਰਿਤੀ ਮੂਲ ਕਾਰਨ ਦਾ ਹੀ ਨਾਮ ਹੈ। ਸਾਂਖ ਨੇ ਪੁਰਸ਼ ਅਤੇ ਪ੍ਰਕ੍ਰਿਤੀ ਦਾ ਸਿਧਾਂਤ ਪੇਸ਼ ਕੀਤਾ ਅਤੇ ਈਸ਼ਵਰ ਦੀ ਹੋਂਦ ਤੋਂ ਇਹ ਇਨਕਾਰੀ ਹੈ।

ਪੁਰਸ਼ ਸ਼ੁੱਧ ਚੇਤਨ ਸੱਤਾ ਹੈ ਜੋ ਨਾ ਉਤਪੰਨ ਹੁੰਦਾ ਹੈ ਤੇ ਨਾ ਉਤਪਤੀ ਕਰਦਾ ਹੈ। ਇਹ ਨਿੱਤ ਹੈ ਜਿਸਦਾ ਅਰਥ ਹੈ ਸਦੀਵਤਾ ਜਾਂ ਅਮਰਤਵ। ਪ੍ਰਕ੍ਰਿਤੀ ਦੂਸਰਾ ਤੱਤ ਹੈ ਜਿਹੜੀ ਪੁਰਸ਼ ਵਾਂਗ ਹੀ ਨਿੱਤ ਹੈ। ਜਦੋਂ ਕਦੀ ਪੁਰਸ਼ ਅਤੇ ਪ੍ਰਕ੍ਰਿਤੀ ਦਾ ਆਪਸ ਵਿਚ ਸੰਜੋਗ ਹੁੰਦਾ ਹੈ ਤਾਂ ਜਗਤ ਰਚਨਾ ਸੁਤੇ ਸਿਧ ਹੋ ਜਾਂਦੀ ਹੈ। ਸੋ ਸਾਰੀਆਂ ਵਸਤਾਂ ਦਾ ਮੂਲ ਕਾਰਨ ਪ੍ਰਕ੍ਰਿਤੀ ਹੋਈ। ਪੁਰਸ਼ ਪ੍ਰਕ੍ਰਿਤੀ ਦੇ ਸੰਜੋਗ ਵਿਚੋਂ ਸਭ ਤੋਂ ਪਹਿਲਾਂ ਬੁੱਧੀ ਪੈਦਾ ਹੁੰਦੀ ਹੈ। ਸਾਂਖ ਦਰਸ਼ਨ ਵਿਚ ਇਸ ਨੂੰ 'ਮਹਤ' ਕਿਹਾ ਗਿਆ ਹੈ। ਫਿਰ ਅਹੰਕਾਰ ਪੈਦਾ ਹੁੰਦਾ ਹੈ (ਜਾਂ ਹਉਮੈ ਦਾ ਪ੍ਰਗਟਾ ਹੋ ਜਾਦਾ ਹੈ)। ਪੰਜਵਾਂ ਤੱਤ ਮਨ ਹੈ। ਪੰਜ ਗਿਆਨ ਇੰਦਰੀਆਂ ਹਨ ਤੇ ਪੰਜ ਕਰਮ ਇੰਦਰੀਆਂ ਹਨ, ਪੰਜ ਸੂਖਮ ਪਦਾਰਥ ਹਨ ਤੇ ਪੰਜ ਹੀ ਸਥੂਲ ਪਦਾਰਥ।

ਜਿਵੇਂ ਪ੍ਰਕ੍ਰਿਤੀ ਦੇ ਪੁਰਸ਼ ਨਾਲ ਸੰਜੋਗ ਵਿਚ ਆਉਣ ਸਾਰ ਜਗਤ ਰਚਨਾ ਆਪਣੇ ਆਪ ਹੋ ਜਾਂਦੀ ਹੈ ਇਵੇਂ ਹੀ ਜੋ ਵੀ ਪ੍ਰਕ੍ਰਿਤੀ ਦੇ ਸੰਪਰਕ ਵਿਚ ਆਉਂਦਾ ਹੈ ਉਹ ਉਸਦੀ ਸਿਰਜਣਾ ਹੀ ਹੁੰਦੀ ਹੈ। ਭਾਵ ਪ੍ਰਕ੍ਰਿਤੀ ਆਪਣੇ ਵਾਸਤੇ ਸਿਰਜਣਾ ਨਹੀਂ ਕਰਦੀ ਹਰੇਕ ਜੀਵਾਤਮਾ ਲਈ ਸਿਰਜਣਾ ਕਰਦੀ ਹੈ। ਪੁਰਸ਼ ਚੇਤੰਨਤਾ ਹੈ ਪਰ ਜੜ੍ਹ ਹੈ। ਪ੍ਰਕਿਰਤੀ ਵਿਚ ਗਤੀ ਹੈ ਪਰ ਚੇਤਨਾ ਨਹੀਂ। ਇਕ ਲੰਗੜਾ ਆਦਮੀ ਹੋਵੇ ਤੇ ਦੂਜਾ ਅੰਨ੍ਹਾਂ। ਇੱਕਲੇ ਇਕੱਲੇ ਉਹ ਕਾਰਜ ਕਰਨ ਤੋਂ ਅਸਮਰਥ ਹਨ ਪਰ ਜੇ ਲੰਗੜਾ ਅੰਨ੍ਹੇ ਦੇ ਮੋਢਿਆਂ ਤੇ ਬੈਠ ਜਾਵੇ, ਤਾਂ ਇਕ ਤੁਰ ਸਕਦਾ ਹੈ ਦੂਜਾ ਰਾਹ ਦਿਖਾ ਸਕਦਾ ਹੈ। ਇਹੀ ਹਾਲ ਪੁਰਸ਼ ਅਤੇ ਪ੍ਰਕ੍ਰਿਤੀ ਦੇ ਸਬੰਧਾਂ ਦਾ ਹੈ। ਸਾਂਖ-ਕਾਰਿਕਾ ਵਿਚ ਲਿਖਿਆ ਹੈ ਕਿ ਜਿਵੇਂ ਨਰਤਕੀ ਦਰਸ਼ਕਾਂ ਦੇ ਪੰਡਾਲ ਵਿਚ ਆਕੇ ਨਾਚ ਕਰਕੇ ਚਲੀ ਜਾਂਦੀ ਹੈ ਤੇ ਫਿਰ ਨਾਚ ਵਾਸਤੇ ਨਹੀਂ ਆਉਂਦੀ ਉਵੇਂ ਹੀ ਪ੍ਰਕ੍ਰਿਤੀ ਪੁਰਸ਼ ਸਾਹਮਣੇ ਪ੍ਰਗਟ ਹੋ ਕੇ ਖਿਰ ਹੋ ਜਾਂਦੀ ਹੈ।

ਈਸ਼ਵਰ ਦੀ ਹੋਂਦ ਸਿੱਧ ਨਹੀਂ ਹੋ ਸਕਦੀ, ਕਿਉਂਕਿ ਉਹ ਨਾ ਤਾਂ ਲਾਲਸਾਵਾਂ ਵਿਚ ਸੀਮਿਤ ਹੋ ਸਕਦਾ ਹੈ ਨਾ ਕਿਸੇ ਕਿਸਮ ਦਾ ਦੁਖ ਕਲੇਸ਼ ਉਸ ਉੱਤੇ ਅਸਰ

ਕਰਦਾ ਹੈ। ਇਸ ਕਰਕੇ ਉਸਦੇ ਅਸਤਿੱਤਵ ਦਾ ਕੋਈ ਸਬੂਤ ਨਹੀਂ ਮਿਲਦਾ। ਦੋਵਾਂ ਹਾਲਤਾਂ ਤੋਂ ਸਿੱਟਾ ਨਿਕਲਦਾ ਹੈ ਕਿ ਉਹ ਸ੍ਰਿਸ਼ਟੀ ਰਚਨਾ ਕਰਨ ਦੇ ਅਸਮਰਥ ਹੈ। ਇਸ ਦਾ ਭਾਵ ਇਹ ਹੋਇਆ ਕਿ ਜੇ ਉਹ ਚੇਸ਼ਟਾਵਾਂ ਤੋਂ ਮੁਕਤ ਹੈ ਤਾਂ ਫਿਰ ਜਗਤ ਰਚਨਾ ਦੀ ਇੱਛਾ ਪੈਦਾ ਹੀ ਨਹੀਂ ਹੋ ਸਕਦੀ, ਤੇ ਜੇ ਫਿਰ ਉਸ ਵਿਚ ਲਾਲਸਾਵਾਂ, ਇੱਛਾਵਾਂ ਹਨ ਤਾਂ ਉਸ ਵਿਚ ਸ਼ਕਤੀ ਹੀ ਨਹੀਂ ਜਿਸ ਨਾਲ ਉਹ ਜਗਤ ਰਚਨਾ ਕਰ ਸਕੇ ਕਿਉਂਕਿ ਲਾਲਸਾਵਾਂ ਕਮਜ਼ੋਰ ਵਿਅਕਤਿੱਤਵ ਦੀ ਨਿਸ਼ਾਨੀ ਹੁੰਦੀਆਂ ਹਨ।

ਈਸ਼ਵਰ ਤੋਂ ਮੁਨੰਕਿਰ ਸਾਂਖ ਦਰਸ਼ਨ ਫਿਰ ਆਖਦਾ ਹੈ, ਤਿੰਨ ਗੁਣਾਂ ਉੱਤੇ ਆਧਾਰਤ ਪਦਾਰਥ ਨੂੰ ਉਹ ਈਸ਼ਵਰ ਕਿਵੇਂ ਪੈਦਾ ਕਰ ਸਕਦਾ ਹੈ ਜਿਸ ਈਸ਼ਵਰ ਨੂੰ ਗੁਣਹੀਨ ਕਿਹਾ ਜਾਂਦਾ ਹੈ। ਮਨੁੱਖ ਜਿਸ ਵਿਚ ਅਨੇਕ ਗੁਣ (ਲੱਛਣ) ਹਨ ਗੁਣਰਹਿਤ ਈਸ਼ਵਰ ਦੀ ਰਚਨਾ ਨਹੀਂ ਹੋ ਸਕਦਾ। ਇਹ ਪ੍ਰਕ੍ਰਿਤੀ ਦੀ ਰਚਨਾ ਹੈ। ਹਾਂ ਪੁਰਸ਼ ਦਾ ਪ੍ਰਕ੍ਰਿਤੀ ਉਤੇ ਪ੍ਰਭਾਵ ਸੁਤੇ ਸਿਧ ਇਵੇਂ ਪੈ ਜਾਂਦਾ ਹੈ ਜਿਵੇਂ ਚੁੰਬਕ ਦਾ ਪ੍ਰਭਾਵ ਆਲੇ ਦੁਆਲੇ ਦੇ ਲੋਹੇ ਤੇ ਆਪੇ ਪੈ ਜਾਂਦਾ ਹੈ। ਇਸ ਸੁਭਾਵਕ ਆਕਰਖਣ ਸ਼ਕਤੀ ਨਾਲ ਸੰਸਾਰ ਉਤਪਤੀ ਹੋ ਜਾਂਦੀ ਹੈ, ਇਸ ਤੋਂ ਇਲਾਵਾ ਪੁਰਸ਼ ਨਾ ਸ੍ਰਿਸ਼ਟੀ ਦਾ ਕਰਤਾ ਹੈ ਨਾ ਉਸ ਨਾਲ ਕੋਈ ਸਬੰਧ ਰਖਦਾ ਹੈ।

ਪ੍ਰਕ੍ਰਿਤੀ ਵਿਚ ਤਿੰਨ ਗੁਣ ਹਨ:- 1. ਸਤੋ 2. ਰਜੋ 3. ਤਮੋ। ਸਤੋ ਗੁਣ ਨੂੰ ਰੋਸ਼ਨੀ ਨਾਲ ਤੁਲਨਾ ਦਿਤੀ ਜਾਂਦੀ ਹੈ। ਸਤਵ ਹਲਕਾ ਪਿਆਰੇ ਰੰਗ ਦਾ ਮਨਮੋਹਕ ਪ੍ਰਕਾਸ਼ ਹੁੰਦਾ ਹੈ। ਰਜੋ ਉਤੇਜਨਾਵਾਂ ਪੈਦਾ ਕਰਦਾ ਹੈ ਤੇ ਕਿਰਿਆਸ਼ੀਲ ਹੁੰਦਾ ਹੈ। ਤਮੋ ਗੁਣ ਅੰਧਕਾਰਮਈ ਅਤੇ ਉਦਾਸੀਨ ਸੁਭਾਵ ਦਾ ਹੋਣ ਕਰਕੇ ਅਗਿਆਨਤਾ ਵਲ ਲਿਜਾਂਦਾ ਹੈ। ਰੰਗ ਅਨੁਸਾਰ ਸਤੋ ਸਫੈਦ, ਰਜੋ ਲਾਲ ਅਤੇ ਤਮੋ ਕਾਲਾ ਹੁੰਦਾ ਹੈ। ਸਤੋ ਗੁਣ ਸੁਖਾਂ ਦਾ ਪ੍ਰਤੀਕ ਹੈ, ਰਜੋ ਦੁਖਾਂ ਦਾ ਤੇ ਤਮੋ ਉਦਾਸੀਨਤਾ ਦਾ ਪ੍ਰਤੀਕ ਹੈ। ਤਮੋ ਗੁਣ ਜੇ ਸਤੋ ਨਾਲ ਮਿਲ ਜਾਵੇ ਤਾਂ ਉਤਾਂਹ ਆਕਾਸ਼ ਵਲ ਲੈ ਜਾਂਦਾ ਹੈ ਪਰ ਜੇ ਰਜੋ ਨਾਲ ਮਿਲ ਜਾਵੇ ਤਾਂ ਹੇਠਾਂ ਵਲ ਲੈ ਜਾਂਦਾ ਹੈ ਭਾਵ ਅਧੋਗਤੀ ਹੋ ਜਾਂਦੀ ਹੈ। ਸਤੋ ਨੂੰ ਜੋਤ, ਤਮੋ ਨੂੰ ਬੱਤੀ ਅਤੇ ਰਜੋ ਨੂੰ ਤੇਲ ਨਾਲ ਵੀ ਤੁਲਨਾ ਦਿਤੀ ਗਈ ਹੈ। ਇਹ ਤਿੰਨ ਗੁਣ ਪ੍ਰਕ੍ਰਿਤੀ ਦੇ ਅਨੇਕ ਪਰਕਾਰ ਦੇ ਤੱਤਾਂ ਨੂੰ ਪੈਦਾ ਕਰਨ ਦੇ ਜ਼ਿੰਮੇਵਾਰ ਹਨ।

ਸਾਂਖ ਅਨੁਸਾਰ ਮਨੁੱਖ ਪ੍ਰਕ੍ਰਿਤੀ ਤੋਂ ਨਿਰਲੇਪ ਹੋ ਜਾਵੇ ਤਾਂ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ। ਮਨੁੱਖ ਅਹੰਕਾਰ ਤਿਆਗੇ। ਅਹੰਕਾਰ ਦਾ ਤਿਆਗ ਕਰਨ ਲਈ ਜ਼ਰੂਰੀ ਹੈ ਕਿ ਮਨੁੱਖ ਸਵੀਕਾਰ ਕਰੇ:

1. ਮੈਂ ਜੋ ਆਪਣੇ ਆਪ ਨੂੰ ਪ੍ਰਤੀਤ ਕਰਦਾ ਹਾਂ ਇਹ ਮੈਂ ਨਹੀਂ ਹਾਂ।
2. ਮੈਂ ਜਿਹੜੀਆਂ ਵਸਤਾਂ ਆਪਣੀਆਂ ਸਮਝਦਾ ਹਾਂ ਉਹ ਮੇਰੀਆਂ ਨਹੀਂ ਹਨ।
3. ਅਹੰਕਾਰ ਵਾਸਤਵਿਕਤਾ (ਭਾਵ ਸਚਾਈ) ਨਹੀਂ ਹੈ।

ਮੁਕਤੀ ਆਨੰਦ ਨੂੰ ਨਹੀਂ ਕਿਹਾ ਜਾਂਦਾ। ਆਨੰਦ ਤਾਂ ਸੁਖਾਂ ਦੀ ਹੀ ਇਕ ਖਾਸ ਅਵਸਥਾ ਹੈ ਤੇ ਮੁਕਤੀ ਸੁੱਖਾਂ ਅਤੇ ਦੁੱਖਾਂ ਦੋਹਾਂ ਤੋਂ ਸੁਤੰਤਰ ਹੈ। ਮੁਕਤੀ ਇਸ ਜੀਵਨ ਵਿਚ ਵੀ ਪ੍ਰਾਪਤ ਹੋ ਸਕਦੀ ਹੈ ਤੇ ਮੌਤ ਉਪਰੰਤ ਵੀ। ਇਹਨਾਂ ਨੂੰ ਕ੍ਰਮਵਾਰ

ਸਦੇਹ ਮੁਕਤੀ ਅਤੇ ਵਿਦੇਹ ਮੁਕਤੀ ਕਿਹਾ ਗਿਆ ਹੈ। ਪੁਰਸ਼ ਪ੍ਰਕ੍ਰਿਤੀ ਨੂੰ ਭੋਗਣ ਤੋਂ ਬਾਦ ਤ੍ਰਿਪਤ ਹੋ ਜਾਂਦਾ ਹੈ। ਉਸ ਵਿਚ ਹੋਰ ਕਾਰਜ ਕਰਨ ਦੀ ਕੋਈ ਚੇਸ਼ਟਾ ਨਹੀਂ ਰਹਿੰਦੀ। ਪ੍ਰਕ੍ਰਿਤੀ ਵੀ ਆਪਣਾ ਰੰਗ ਰੂਪ, ਆਪਣੀ ਕਲਾ, ਆਪਣਾ ਨਰਿਤ ਦਿਖਾ ਕੇ ਸੰਤੁਸ਼ਟ ਹੋ ਜਾਂਦੀ ਹੈ। ਉਸ ਨੂੰ ਫਿਰ ਹੋਰ ਕੋਈ ਤਮੰਨਾ ਨਹੀਂ ਹੁੰਦੀ। ਪੁਰਸ਼ ਆਖਦਾ ਹੈ, "ਮੈਂ ਪ੍ਰਕ੍ਰਿਤੀ ਤੱਕ ਲਈ ਹੈ" ਤੇ ਉਸ ਨੂੰ ਹੋਰ ਦਿਲਚਸਪੀ ਨਹੀਂ। ਪ੍ਰਕ੍ਰਿਤੀ ਆਖਦੀ ਹੈ, "ਮੈਂ ਦਿਖਾਈ ਦੇ ਚੁਕੀ ਹਾਂ" ਤੇ ਫਿਰ ਕਾਰਜ ਰਹਿਤ ਹੋ ਜਾਂਦੀ ਹੈ। ਇਹੀ ਸਦੀਵੀ ਮੁਕਤੀ ਹੈ।

ਸਾਂਖ ਦਰਸ਼ਨ ਦਾ ਅਸਰ ਸ਼ਿਵ ਸ਼ਕਤੀ ਦੇ ਸਿਧਾਂਤ ਉਪਰ ਪਿਆ ਹੈ। ਬੁੱਧ ਮੱਤ ਦਾ ਅਨੀਸ਼ਵਰਵਾਦ ਸਾਂਖ ਦੇ ਸਭ ਤੋਂ ਨੇੜੇ ਹੈ। ਮਨੂੰ ਦੀ ਸਿਮ੍ਰਤੀ ਸ੍ਰਿਸ਼ਟੀ-ਰਚਨਾ ਦੇ ਸੰਦਰਭ ਵਿਚ ਸਾਂਖ ਤੋਂ ਪ੍ਰਭਾਵਿਤ ਹੈ। ਮਹਾਂਭਾਰਤ, ਗੀਤਾ, ਵਿਸ਼ਨੂ ਪੁਰਾਣ ਆਦਿਕ ਗ੍ਰੰਥ ਸਾਂਖ ਦੇ ਸਿਧਾਂਤ ਦਾ ਜ਼ਿਕਰ ਕਰਦੇ ਹਨ।

ii. ਯੋਗ

ਮਹਾਂਭਾਰਤ ਦੇ ਸ਼ਾਂਤੀਪਰਵ ਵਿਚ ਲਿਖਿਆ ਹੈ, ਸਾਂਖ ਵਰਗਾ ਕੋਈ ਗਿਆਨ ਅਤੇ ਯੋਗ ਵਰਗੀ ਕੋਈ ਸ਼ਕਤੀ ਨਹੀਂ। ਬਹੁਤੀਆਂ ਥਾਵਾਂ ਤੇ ਸਾਂਖ ਅਤੇ ਯੋਗ ਦਰਸ਼ਨਾਂ ਦਾ ਜ਼ਿਕਰ ਇਕੱਠਾ ਆਉਂਦਾ ਹੈ ਕਿਉਂਕਿ ਯੋਗ ਸਾਂਖ ਦੇ ਮੱਤ ਨੂੰ ਸਵੀਕਾਰ ਕਰਦਾ ਹੈ। ਵਿਦਵਾਨ ਆਖਦੇ ਹਨ ਕਿ ਯੋਗ ਗਿਆਨ ਦਾ ਕ੍ਰਿਆਤਮਕ ਰੂਪ ਹੈ। ਸਾਂਖ ਸ਼ੁੱਧ ਗਿਆਨ ਹੈ ਅਤੇ ਯੋਗ ਉਸ ਗਿਆਨ ਦੀ ਅਗਵਾਈ ਕਬੂਲ ਕੇ ਉਸ ਦਾ ਅਸਲੀ ਰੂਪ ਪੇਸ਼ ਕਰਦਾ ਹੈ। ਸਾਂਖ ਅਤੇ ਯੋਗ ਵਿਚ ਸਿਧਾਂਤਕ ਅੰਤਰ ਬਹੁਤ ਥੋੜ੍ਹਾ ਹੈ ਤੇ ਸਿਰਫ ਇੰਨਾ ਕਿ ਯੋਗ, ਤੱਤਾਂ ਦੀ ਗਿਣਤੀ ਸਾਂਖ ਵਾਂਗ 25 ਨਹੀਂ ਸਗੋਂ 26 ਮੰਨਦਾ ਹੈ ਤੇ ਇਹ ਛੱਬੀਵਾਂ ਤੱਤ ਈਸ਼ਵਰ ਹੈ। ਸਪਸ਼ਟ ਹੋ ਗਿਆ ਕਿ ਯੋਗ ਈਸ਼ਵਰਵਾਦੀ ਸਾਂਖ ਹੀ ਹੈ। ਈਸ਼ਵਰ ਦੀ ਕਲਪਨਾ ਨਾਲ ਯੋਗ ਵਿਚ ਰਹੱਸਵਾਦੀ ਤੱਤਾਂ ਦਾ ਸ਼ਾਮਲ ਹੋ ਜਾਣਾ ਸੁਭਾਵਿਕ ਹੀ ਸੀ। ਜਿਥੇ ਸਾਂਖ ਵਿਚ ਰਹੱਸ ਅਨੁਭਵ ਦਾ ਅਭਾਵ ਹੈ, ਉਥੇ ਯੋਗ ਇਸ ਨਾਲ ਭਰਪੂਰ ਹੈ।

ਯੋਗ ਸ਼ਾਸਤਰ ਪਾਤੰਜਲੀ ਰਿਸ਼ੀ ਦੀ ਦੇਣ ਹੈ। ਪਾਤੰਜਲੀ ਦੋ ਹੋਏ ਹਨ, ਇਕ ਸਾਡੇ ਯੋਗ ਸ਼ਾਸਤਰ ਦੇ ਰਚਣਹਾਰ ਤੇ ਦੂਸਰੇ ਮਹਾਂਭਾਸ਼ ਦੇ ਕਰਤਾ। ਪਾਤੰਜਲੀ ਬਾਰੇ ਹੋਰ ਕੋਈ ਵਧੇਰੇ ਜਾਣਕਾਰੀ ਪ੍ਰਾਪਤ ਨਹੀਂ ਹੋ ਸਕੀ। ਪੁਰਾਣੇ ਭਾਰਤੀ ਰਿਸ਼ੀਆਂ, ਵਿਦਵਾਨਾਂ ਅਤੇ ਸ਼ਾਸਤਰੀਆਂ ਦੀ ਇਹ ਵਿਸ਼ੇਸ਼ਤਾ ਰਹੀ ਹੈ ਕਿ ਉਹ ਆਪਣੇ ਗ੍ਰੰਥਾਂ ਵਿਚ ਆਪਣੇ ਬਾਰੇ ਕੁਝ ਦਸਦੇ ਹੀ ਨਹੀਂ। ਦਰਅਸਲ ਉਹ ਆਪਣੇ ਆਪ ਨੂੰ ਮਹੱਤਵਹੀਣ ਅਸਲੀਅਤ ਸਮਝਦੇ ਸਨ ਤੇ ਆਪਣੀ ਜਾਣਕਾਰੀ ਦੇਣਾ ਉਹਨਾ ਨੂੰ ਨਿਰਾਰਥਕ ਲਗਦਾ ਸੀ। ਪਾਤੰਜਲੀ ਸ਼ਾਇਦ ਤੀਸਰੀ ਜਾਂ ਚੌਥੀ ਈਸਵੀ ਵਿਚ ਹੋਇਆ।

'ਯੋਗ' ਸ਼ਬਦ ਦਾ ਅਰਥ 'ਜੁੜਨਾ' ਜਾਂ ਮਿਲਣਾ ਹੈ। ਜੀਵ ਆਤਮਾ ਦਾ ਪਰਮਾਤਮਾ ਨਾਲ ਜਿਨ੍ਹਾਂ ਸਾਧਨਾ ਰਾਹੀਂ ਮੇਲ ਹੁੰਦਾ ਹੈ ਉਹੀ ਯੋਗ ਮਾਰਗ ਹੈ। ਭਗਵਤ ਗੀਤਾ ਵਿਚ ਯੋਗ ਦੇ ਸਹੀ ਅਰਥ ਕੀਤੇ ਗਏ ਹਨ। ਯਗਵਲਕਯ ਵੀ ਆਤਮਾ ਪਰਮਾਤਮਾ ਦੇ ਸੰਜੋਗ ਨੂੰ ਯੋਗ ਆਖਦਾ ਹੈ। ਸਮਾਧੀ ਸ਼ਬਦ ਯੋਗ ਤੋਂ

ਵਖਰਾ ਨਹੀਂ ਕੀਤਾ ਜਾ ਸਕਦਾ। ਪਾਤੰਜਲੀ ਦੇ ਯੋਗ ਸੂਤਰ ਦੇ ਚਾਰ ਨਿਮਨ ਲਿਖਤ ਭਾਗ ਹਨ:

(ੳ) ਸਮਾਧੀ ਪਾਦ
(ਅ) ਸਾਧਨ ਪਾਦ
(ੲ) ਵਿਭੂਤੀ ਪਾਦ
(ਸ) ਕੈਵਲਯ ਪਾਦ

ਪਹਿਲੇ ਭਾਗ ਵਿਚ ਯੋਗ ਦੀ ਪਰਿਭਾਸ਼ਾ ਨਿਸ਼ਚਿਤ ਕੀਤੀ ਗਈ ਹੈ। ਲਿਖਿਆ ਹੈ, "ਯੋਗ ਸ਼ਬੰਦ ਨਾਲ ਅਸੀਂ ਆਪਣੇ ਵਿਸ਼ੇ ਨੂੰ ਆਰੰਭ ਕਰਦੇ ਹਾਂ। ਦੇਖੀਏ ਯੋਗ ਦਾ ਵਿਗਿਆਨ ਕੀ ਦਸਦਾ ਹੈ। ਯੋਗ ਮਨ ਦੀ ਇਕਾਗਰਤਾ ਦਾ ਨਾਮ ਹੈ। ਜਦੋਂ ਮਨ ਦੀ ਭਟਕਣਾ ਸਮਾਪਤ ਹੋ ਜਾਵੇ ਤਾਂ ਅਨੰਤ-ਜਾਗਰਣ ਅਵਸਥਾ ਦੀ ਪ੍ਰਾਪਤੀ ਹੋ ਜਾਂਦੀ ਹੈ।" ਦੂਜੇ ਭਾਗ ਸਾਧਨ-ਪਾਦ ਵਿਚ ਯੋਗ ਦੇ ਅੱਠ ਸਾਧਨਾਂ ਦਾ ਵਰਣਨ ਹੈ। ਯੋਗ ਸਾਧਨਾਂ ਸਹੀ ਤਰੀਕੇ ਨਾਲ ਪੂਰੀ ਹੋਣ ਤੇ ਕਈ ਪਰਕਾਰ ਦੀਆਂ ਰਿਧੀਆਂ ਸਿਧੀਆਂ ਦੀ ਪ੍ਰਾਪਤੀ ਹੋ ਜਾਂਦੀ ਹੈ। ਤੀਸਰੇ ਭਾਗ ਵਿਚ ਇਸ ਦੀ ਵਿਆਖਿਆ ਕੀਤੀ ਗਈ ਹੈ। ਅਖੀਰਲਾ, ਚੌਥਾ ਭਾਗ ਉਚਤਮ ਅਵਸਥਾ ਭਾਵ ਮੁਕਤੀ ਪ੍ਰਾਪਤੀ ਦਾ ਹੈ। ਮੁਕਤੀ ਨੂੰ ਯੋਗੀ 'ਕੈਵਲਯ' ਆਖਦੇ ਹਨ। ਮੁਕਤੀ ਦੀ ਅਵਸਥਾ ਕਿਹੋ ਜਿਹੀ ਹੁੰਦੀ ਹੈ, ਇਸ ਬਾਰੇ ਜਾਣਕਾਰੀ ਇਸ ਖੰਡ ਵਿਚੋਂ ਹੁੰਦੀ ਹੈ। ਮੁਕਤੀ ਨੂੰ ਤੁਰੀਆ ਪਾਦ ਵੀ ਆਖਿਆ ਗਿਆ ਹੈ।

ਇਥੇ ਧਿਆਨ ਦੇਣ ਯੋਗ ਗੱਲ ਇਹ ਹੈ ਕਿ ਗੀਤਾ ਵਿਚ ਹਰ ਯੋਗ ਦਾ ਜ਼ਿਕਰ ਆਉਂਦਾ ਹੈ ਜਿਸ ਰਾਹੀਂ ਵਿਅਕਤੀ ਸਰੀਰ ਨੂੰ ਕਈ ਪਰਕਾਰ ਦੇ ਤਸੀਹੇ ਦਿੰਦਾ ਹੈ, ਸਖਤ ਤਪਸਿਆ ਕਰਦਾ ਹੈ ਤੇ ਫਿਰ ਪਰਮ ਗਤੀ ਵਿਚ ਸਥਿਤ ਹੋ ਜਾਂਦਾ ਹੈ। ਪਾਤੰਜਲੀ ਦੇ ਯੋਗ ਨੂੰ ਰਾਜ ਯੋਗ ਆਖਿਆ ਜਾਂਦਾ ਹੈ ਤੇ ਚਿਤ ਬਿਰਤੀਆਂ ਉਤੇ ਰੋਕ ਲਾਉਣ ਨੂੰ ਹੀ ਰਾਜ ਯੋਗ ਕਹਿੰਦੇ ਹਨ। ਪਰ ਚਿਤ ਬਿਰਤੀਆਂ ਦਾ ਨਿਰੋਧ ਕਿਵੇਂ ਕੀਤਾ ਜਾਵੇ ? ਪਾਤੰਜਲੀ ਇਸ ਦੇ ਅੱਠ ਸਾਧਨ ਦਸਦਾ ਹੈ:-

1. 'ਯਮ' ਭਾਵ ਕਾਬੂ ਪਾਉਣਾ
2. 'ਨਿਯਮ' ਭਾਵ ਧਾਰਮਿਕ ਕਾਰ ਵਿਹਾਰ
3. 'ਆਸਣ' ਕਈ ਪਰਕਾਰ ਦੇ ਸਰੀਰਕ ਅਭਿਆਸ
4. 'ਪ੍ਰਾਣਾਯਾਮ' ਭਾਵ ਸਾਹ ਰੋਕ ਸਕਣਾ, ਜਾਂ ਵਕਫੇ ਬਾਦ ਸਾਹ ਲੈਣ ਦਾ ਅਭਿਆਸ
5. 'ਪ੍ਰਤਯਾਹਾਰ' ਅਰਥ ਹੈ ਇੰਦਰੀਆਂ ਉਤੇ ਸੰਜਮ
6. 'ਧਾਰਣ' ਅਰਥਾਤ ਮਨ ਨੂੰ ਸਥਿਰ ਕਰ ਸਕਣਾ।
7. 'ਧਿਆਨ' ਜਾਂ ਚਿੰਤਨ
8. 'ਸਮਾਧੀ' ਯਾਨੀ ਕਿ ਧਾਰਮਿਕ ਬੇਹੋਸ਼ੀ ਦੀ ਅਵਸਥਾ

ਲਗਾਤਾਰ ਅਭਿਆਸ ਕਰਦੇ ਕਰਦੇ ਯੋਗੀ ਖਾਣਾ ਪੀਣਾ ਛਡ ਦਿੰਦੇ ਹਨ ਤੇ ਇਥੋਂ ਤਕ ਕਿ ਆਪਣਾ ਸਾਹ ਵੀ ਰੋਕ ਸਕਣ ਵਿਚ ਸਮਰੱਥ ਹੋ ਜਾਂਦੇ ਹਨ। ਪੱਛਮੀ ਦਾਰਸ਼ਨਿਕ ਇਸ ਗੱਲੋਂ ਅਚੰਭਿਤ ਹੁੰਦੇ ਹਨ ਕਿ ਖਾਣਾ ਪੀਣਾ ਅਤੇ ਸਾਹ ਲੈਣਾ ਸ਼ਰੀਰ ਦੀਆਂ ਬੁਨਿਆਦੀ ਜ਼ਰੂਰਤਾਂ ਹਨ। ਇਹਨਾਂ ਤੋਂ ਕਿਵੇਂ ਪਰਹੇਜ਼ ਕੀਤਾ ਜਾ

ਸਕਦਾ ਹੈ। ਪਰ ਯੋਗੀਆਂ ਵਾਸਤੇ ਖਾਣਾ ਪੀਣਾ ਸਗੋਂ ਕਮਜ਼ੋਰ ਸ਼ਖਸੀਅਤ ਦੀ ਨਿਸ਼ਾਨੀ ਹੁੰਦੀ ਹੈ। ਯੋਗੀਆਂ ਅਨੁਸਾਰ, ਆਤਮਾ ਬਲਵਾਨ ਹੋ ਜਾਵੇ ਤਾਂ ਸਰੀਰ ਦੀਆਂ ਲੋੜਾਂ ਦਾ ਫਿਕਰ ਕਰਨ ਦੀ ਲੋੜ ਨਹੀਂ ਰਹਿੰਦੀ। ਸਾਹ ਬਿਨਾਂ ਵੀ ਗੁਜ਼ਾਰਾ ਹੋ ਸਕਦਾ ਹੈ।

ਤਪੱਸਿਆ ਸਹੀ ਤਰੀਕੇ ਨਾਲ ਹੋਣ ਉਤੇ ਯੋਗੀ ਕਰਾਮਾਤੀ ਸ਼ਕਤੀਆਂ ਹਾਸਲ ਕਰਨ ਯੋਗ ਹੋ ਜਾਂਦੇ ਸਨ। ਇਸ ਦਾ ਜ਼ਿਕਰ ਕਈ ਪੁਰਾਣੇ ਗ੍ਰੰਥਾਂ ਵਿਚ ਮਿਲਦਾ ਹੈ। ਸ਼ਕੁੰਤਲਾ ਦੇ ਸੱਤਵੇਂ ਅੰਕ ਵਿਚਲੇ 175ਵੇਂ ਸਲੋਕ ਵਿਚ ਇਕ ਅਜਿਹੇ ਯੋਗੀ ਦਾ ਜ਼ਿਕਰ ਹੈ ਜਿਹੜਾ ਲੰਮੇ ਸਮੇਂ ਤਕ ਅਹਿਲ ਸਮਾਧੀ ਵਿਚ ਬੈਠਾ ਰਿਹਾ। ਸਿਉਂਕ ਅਤੇ ਕੀੜੀਆਂ ਨੇ ਉਸਦੇ ਸਰੀਰ ਦੁਆਲੇ ਮਿੱਟੀ ਦੀ ਵਰਮੀ ਉਸਾਰ ਦਿਤੀ ਅਤੇ ਚਿੜੀਆਂ ਨੇ ਉਸ ਦੀਆਂ ਜਟਾਵਾਂ ਵਿਚ ਆਹਲਣੇ ਬਣਾ ਲਏ। ਡੂੰਘੇ ਪਾਣੀ ਵਿਚ ਬਿਨਾਂ ਸਾਹ ਲਏ ਕਈ ਕਈ ਦਿਨਾਂ ਤੱਕ ਬੈਠੇ ਰਹਿਣ ਦਾ ਜ਼ਿਕਰ ਬਹੁਤ ਥਾਵਾਂ ਤੇ ਆਉਂਦਾ ਹੈ। ਜਨਮ ਸਾਖੀਆਂ ਵਿਚ ਦਰਜ ਗੁਰੂ ਨਾਨਕ ਦੇਵ ਜੀ ਦਾ ਵੇਈਂ ਨਦੀ ਵਿਚ ਪਰਵੇਸ਼ ਕਰਨ ਅਤੇ ਤਿੰਨ ਦਿਨ ਤਕ ਬਾਹਰ ਨਾ ਆਉਣ ਦੀ ਕਥਾ ਨੂੰ ਕੌਣ ਨਹੀਂ ਜਾਣਦਾ? ਪਰ ਖੁਦ ਯੋਗੀ ਇਹਨਾ ਕਰਾਮਾਤਾਂ ਨੂੰ ਵਧੇਰੇ ਅਹਿਮੀਅਤ ਨਹੀਂ ਦਿੰਦੇ। 'ਮੁਕਤੀ' ਕਰਾਮਾਤਾਂ ਤੋਂ ਬਹੁਤ ਉੱਪਰ ਦੀ ਪ੍ਰਾਪਤੀ ਹੈ। ਕਰਾਮਾਤੀ ਤਾਂ ਬਹੁਤ ਸਾਰੇ ਯੋਗੀ ਹੋ ਸਕਦੇ ਹਨ। ਪਰ ਉਹਨਾਂ ਨੂੰ ਤੁਰੀਆ ਪਾਦ ਵੀ ਪ੍ਰਾਪਤ ਹੋ ਜਾਵੇ ਇਹ ਜ਼ਰੂਰੀ ਨਹੀਂ।

ਅੱਜ ਵੀ ਯੋਗ ਦੀ ਸਾਡੇ ਜੀਵਨ ਵਿਚ ਉਪਯੋਗਤਾ ਹੈ। ਪੱਛਮ ਦੇ ਲੋਕਾਂ ਵਿਚ ਯੋਗ ਨਿਤ ਦਿਨ ਹਰਮਨ ਪਿਆਰਾ ਹੋਣ ਦਾ ਕਾਰਨ ਇਹ ਹੈ ਕਿ ਜ਼ਰੂਰੀ ਨਹੀਂ ਰੂਹਾਨੀ ਅਨੁਭਵ ਯੋਗ ਰਾਹੀਂ ਪ੍ਰਾਪਤ ਹੋਵੇ, ਸਰੀਰ ਦਾ ਸੰਤੁਲਨ ਠੀਕ ਰੱਖਣ ਲਈ ਇਹ ਬਹੁਤ ਲਾਭਦਾਇਕ ਸਾਬਤ ਹੋਇਆ ਹੈ। ਯੋਗ ਅਭਿਆਸ ਰਾਹੀਂ ਸਿਹਤ ਠੀਕ ਰਹਿੰਦੀ ਹੈ, ਸਰੀਰ ਅਰੋਗ ਰਹਿੰਦਾ ਹੈ। ਕਈਆਂ ਬਿਮਾਰੀਆਂ ਦਾ ਇਲਾਜ ਯੋਗ ਆਸਣਾ ਰਾਹੀਂ ਕਰਨ ਦਾ ਜ਼ਿਕਰ ਵੀ ਸੁਣਨ ਵਿਚ ਅਕਸਰ ਆਉਂਦਾ ਹੈ।

iii. ਨਿਆਇ

ਜਿਵੇਂ ਸਾਂਖ ਅਤੇ ਯੋਗ ਦਰਸ਼ਨ ਦਾ ਜ਼ਿਕਰ ਇਕੱਠਿਆਂ ਆਉਂਦਾ ਹੈ ਇਵੇਂ ਨਿਆਇ ਅਤੇ ਵੈਸ਼ੇਸ਼ਕ ਵੀ ਇਕੱਠੀ ਪ੍ਰਣਾਲੀ ਵਿਚ ਆਉਂਦੇ ਹਨ ਕਿਉਂਕਿ ਦੋਹਾਂ ਵਿਚ ਕਈ ਅੰਗ ਸਮਾਨ ਹਨ। ਨਿਆਇ ਸ਼ਾਸਤਰ ਦਾ ਮੋਢੀ ਗੋਤਮ ਨਾਮ ਦਾ ਰਿਸ਼ੀ ਸੀ ਜਿਸਦਾ ਸਮਾਂ ਪੰਜਵੀਂ ਪੂਰਬ ਈਸਵੀ ਤੋਂ ਲੈ ਕੇ ਤੀਸਰੀ ਸਦੀ ਈਸਵੀ (5th century to 3rd century BC) ਤੱਕ ਦਾ ਵੱਖ-ਵੱਖ ਵਿਦਵਾਨਾਂ ਦੁਆਰਾ ਮਿਥਿਆ ਗਿਆ ਹੈ। ਗੋਤਮ ਦੀ ਪੁਸਤਕ ਨਿਆਇ ਸੂਤਰ ਹੈ। ਗੋਤਮ ਤੋਂ ਬਾਦ ਇਸ ਦੀ ਸੰਪੂਰਣ ਰੂਪ ਰੇਖਾ ਵਾਤਸਾਇਨ (ਤੀਜੀ ਸਦੀ ਈਸਵੀ) ਰਿਸ਼ੀ ਨੇ ਬਣਾਈ। ਵਾਤਸਾਇਨ ਨੇ ਨਿਆਇ ਸੂਤਰ ਉਤੇ ਆਪਣਾ ਟੀਕਾ ਨਿਆਇ-ਭਾਸ਼ਯ ਰਚਿਆ ਜਿਹੜਾ ਬੜਾ ਪ੍ਰਸਿਧ ਹੋਇਆ।

ਨਿਆਇ ਸ਼ਬਦ ਦਾ ਅਰਥ ਹੈ ਵਿਸ਼ੇ ਵਿਚ ਪ੍ਰਵੇਸ਼ ਕਰਨਾ। ਇਕ ਅਜਿਹੀ ਤਰਕਪੂਰਨ ਵਿਚਾਰਧਾਰਾ ਵੱਲ ਸੰਕੇਤ ਹੈ ਜਿਸ ਰਾਹੀਂ ਅਸੀਂ ਕਿਸੇ ਨਿਸ਼ਚਿਤ ਸਿੱਟੇ

ਤੇ ਅੱਪੜ ਸਕਦੇ ਹਾਂ। ਨਿਆਇ ਨੂੰ ਕਈ ਵਾਰ ਇਸ ਕਰਕੇ ਵਿਗਿਆਨਾ ਦਾ ਵਿਗਿਆਨ ਵੀ ਕਿਹਾ ਜਾਂਦਾ ਹੈ ਕਿਉਂਕਿ ਇਹ ਗਿਆਨ ਦੀ ਸਿੱਧੀ ਵਾਸਤੇ ਤੱਥਾਂ ਨੂੰ ਆਧਾਰ ਬਣਾਉਂਦਾ ਹੈ। ਕਈਆਂ ਥਾਵਾਂ ਤੇ ਨਿਆਇ ਨੂੰ ਪ੍ਰਮਾਣ ਸ਼ਾਸਤਰ ਵੀ ਆਖਿਆ ਗਿਆ ਹੈ ਤੇ ਕਿਤੇ ਤਰਕ ਸ਼ਾਸਤਰ ਵੀ। ਨਿਆਇ ਬਹਿਸ ਮੁਬਾਹਸੇ, ਜਾਂ ਵਾਦ ਵਿਵਾਦ ਦਾ ਦਰਸ਼ਨ ਹੈ। ਨਿਆਇ ਸੂਤਰ ਗ੍ਰੰਥ ਦੇ ਪਹਿਲੇ ਸੂਤਰ ਵਿਚ ਅਜਿਹੇ 16 ਵਿਸ਼ਿਆਂ ਦਾ ਜ਼ਿਕਰ ਹੈ ਜੋ ਗਿਆਨ-ਮੰਜ਼ਲ ਦੀਆਂ ਦਰਅਸਲ ਸੋਲ੍ਹਾਂ ਪਉੜੀਆਂ ਹਨ। ਨਿਆਇ ਦਰਸ਼ਨ ਨੇ ਦਲੀਲਾਂ ਅਤੇ ਦਲੀਲਾਂ ਦੀ ਸ਼ੁੱਧਤਾ ਸਬੰਧੀ ਆਧਾਰ ਭੂਮੀ ਨਿਸ਼ਚਿਤ ਕੀਤੀ ਹੈ।

ਕਈ ਵਾਰ ਅਜਿਹਾ ਸਮਝ ਲਿਆ ਜਾਂਦਾ ਹੈ ਕਿ ਨਿਆਇ ਕੇਵਲ ਤਰਕ ਸ਼ਾਸਤਰ ਦਾ ਦਰਸ਼ਨ ਹੈ ਪਰ ਇਹ ਗੱਲ ਠੀਕ ਨਹੀਂ। ਤਰਕ ਸ਼ਾਸਤਰ ਇਸਦੇ ਕਈ ਅੰਗਾਂ ਵਿਚੋਂ ਇਕ ਅੰਗ ਹੈ। ਦਰਅਸਲ ਨਿਆਇ ਹਰ ਉਸ ਸਾਧਨ ਦਾ ਸਹਾਰਾ ਲੈਣ ਦਾ ਸਮਰਥਨ ਕਰਦਾ ਹੈ ਜਿਹੜਾ ਸਾਨੂੰ ਅਸਲੀਅਤ ਦਾ ਗਿਆਨ ਕਰਵਾ ਦੇਵੇ। ਯਥਾਰਥ ਤਕ ਪਹੁੰਚਣ ਵਾਸਤੇ ਨਿਆਇ ਸੂਤਰ ਦੇ ਪਹਿਲੇ ਕਾਂਡ ਵਿਚ ਦਰਜ ਤੀਸਰਾ ਸੂਤਰ ਸਹਾਇਤਾ ਕਰਦਾ ਹੈ ਜਿਸ ਅਨੁਸਾਰ ਚਾਰ ਪਰਮਾਣ ਹਨ:

(ੳ) ਪਰਤੱਖ ਪਰਮਾਣ
(ਅ) ਅਨੁਮਾਨ ਪਰਮਾਣ
(ੲ) ਉਪਮਾਨ ਪਰਮਾਣ
(ਸ) ਸ਼ਬਦ ਪਰਮਾਣ

ਇਹ ਚਾਰੇ ਪਰਮਾਣ ਗਿਆਨ ਪ੍ਰਾਪਤੀ ਦੇ ਚਾਰ ਸਾਧਨ ਹਨ। ਇਕ ਇਕ ਕਰਕੇ ਹੁਣ ਇਹਨਾਂ ਬਾਰੇ ਜਾਣਕਾਰੀ ਕਰਵਾਉਣੀ ਉਚਿਤ ਹੋਵੇਗੀ।

(ੳ) ਪਰਤੱਖ ਪਰਮਾਣ

ਪਰਤੱਖ ਦਾ ਅਰਥ ਹੈ ਉਹ ਸਾਧਨ ਜਿਸ ਦੁਆਰਾ ਕੋਈ ਵਸਤੂ ਇੰਦਰੀਆਂ ਦੀ ਪਕੜ ਵਿਚ ਆ ਜਾਵੇ। ਇੰਦਰੀਆਂ ਦੀ ਪਕੜ ਵਿਚ ਕਿਸੇ ਵਸਤੂ ਦਾ ਆ ਜਾਣਾ ਉਸ ਦੀ ਹੋਂਦ ਦਾ ਸਪਸ਼ਟ ਸਬੂਤ ਹੈ। ਪੰਜਾਬੀ ਵਿਚ ਇਕ ਮੁਹਾਵਰਾ ਪ੍ਰਚਲਤ ਹੈ, ਪਰਤੱਖ ਨੂੰ ਪਰਮਾਣ ਕੀ, ਭਾਵ ਜੋ ਚੀਜ਼ ਸਾਫ ਸਾਹਮਣੇ ਦਿਸ ਪਈ ਹੈ ਉਸ ਦੀ ਹੋਂਦ ਨੂੰ ਸਿੱਧ ਕਰਨ ਵਾਸਤੇ ਸਬੂਤ ਦੇਣ ਦੀ ਕੀ ਲੋੜ ਹੈ? ਵਾਤਸਾਇਨ ਆਖਦਾ ਹੈ ਕਿ ਪਰਤੱਖ ਸਭ ਤੋਂ ਮੁਢਲਾ ਪਰਮਾਣ ਹੈ ਅਤੇ ਸਾਰਿਆਂ ਵਿਚੋਂ ਸ਼ਰੋਮਣੀ, ਕਿਉਂਕਿ ਇਸ ਰਾਹੀਂ ਮਨੁੱਖ ਨੂੰ ਸੰਤੁਸ਼ਟੀ ਪ੍ਰਾਪਤ ਹੋ ਜਾਂਦੀ ਹੈ। ਜਦੋਂ ਕੋਈ ਸਾਨੂੰ ਇਹ ਦਸਦਾ ਹੈ ਕਿ ਇਕ ਅਜਿਹਾ ਨਿੱਕਾ ਜਿਹਾ ਯੰਤਰ ਬਣਾ ਲਿਆ ਗਿਆ ਹੈ ਜਿਹੜਾ ਗਣਿਤ ਦੇ ਅਤਿ ਗੁੰਝਲਦਾਰ ਸਵਾਲ ਕੱਢ ਦੇਂਦਾ ਹੈ ਤਾਂ ਇਹ ਗੱਲ ਮੰਨਣ ਵਾਲੀ ਨਹੀਂ ਲਗਦੀ। ਪਰ ਜਦੋਂ ਆਪ ਉਹ ਯੰਤਰ ਦੇਖ ਲਈਏ, ਆਪ ਉਸ ਰਾਹੀਂ ਪ੍ਰਸ਼ਨ ਹੱਲ ਕਰਵਾ ਲਈਏ, ਫਿਰ ਆਪਣੇ ਆਪ ਉਸ ਦੀ ਹੋਂਦ ਅਤੇ ਉਪਯੋਗਤਾ ਸਿੱਧ ਹੋ ਜਾਵੇਗੀ ਤੇ ਅਸੀਂ ਮੰਨ ਜਾਵਾਂਗੇ।

ਗੌਤਮ ਪਰਤੱਖ ਗਿਆਨ ਦੀ ਇਹ ਪਰਿਭਾਸ਼ਾ ਦਿੰਦਾ ਹੈ, "ਉਹ ਗਿਆਨ ਜਿਹੜਾ ਇੰਦਰੀਆਂ ਰਾਹੀਂ ਪ੍ਰਾਪਤ ਹੋਏ, ਜਿਹੜਾ ਸੰਦੇਹ ਮੁਕਤ ਹੋਵੇ ਤੇ ਜਿਹੜਾ ਨਿਸ਼ਚਿਤ ਹੋਵੇ ਉਹੀ ਪ੍ਰਤੱਖ ਗਿਆਨ ਹੈ।" ਗਿਆਨ ਇੰਦਰੀਆਂ ਪੰਜ ਹਨ: ਅੱਖਾਂ, ਕੰਨ, ਨੱਕ, ਜੀਭ ਅਤੇ ਚਮੜੀ। ਇਹਨਾ ਇੰਦਰੀਆਂ ਦੇ ਗਿਆਨ ਦਾ ਖੇਤਰ ਕ੍ਰਮਵਾਰ ਪ੍ਰਕਾਸ਼, ਧੁਨੀ, ਗੰਧ, ਸੁਆਦ ਅਤੇ ਦੇਹ ਹੈ। ਇਥੇ ਇਹ ਵੀ ਧਿਆਨ ਦੇਣ ਯੋਗ ਗੱਲ ਹੈ ਕਿ ਗਿਆਨ ਇੰਦਰੀਆਂ ਅਤੇ ਇਹਨਾ ਦੀ ਆਪਣੇ ਵਿਸ਼ਿਆਂ ਉਤੇ ਪਕੜ ਸੁਤੰਤਰ ਨਹੀਂ। ਮਨ ਰਾਹੀਂ ਇਹ ਇਕ ਦੂਜੀ ਨਾਲ ਮਿਲਵਰਤਨ ਕਰਦੀਆਂ ਹਨ ਅਤੇ ਮਨ ਅੰਤਿਮ ਫੈਸਲਾ ਕਰਨ ਦਾ ਅਖਤਿਆਰ ਰਖਦਾ ਹੈ।

(ਅ) ਅਨੁਮਾਨ ਪਰਮਾਣ

ਗਿਆਨ ਦੇ ਕੁਝ ਵਿਸ਼ੇ ਅਜਿਹੇ ਹਨ ਜਿਥੇ ਪਰਤੱਖ ਗਿਆਨ ਸਫਲ ਨਹੀਂ ਹੋ ਸਕਦਾ। ਉਦਾਹਰਣ ਲਈ ਭੂਤਕਾਲ ਵਿਚ ਵਾਪਰ ਚੁਕੀਆਂ ਘਟਨਾਵਾਂ ਜਾਂ ਭਵਿਖ ਵਿਚ ਹੋਣ ਵਾਲੀਆਂ ਘਟਨਾਵਾਂ। ਪਰਤੱਖ ਤਾਂ ਜੋ ਵਰਤਮਾਨ ਵਿਚ ਸਾਹਮਣੇ ਹੈ, ਉਸ ਗਿਆਨ ਸਬੰਧੀ ਕੇਵਲ ਸਹਾਈ ਹੁੰਦਾ ਹੈ। ਪਰ ਦੂਰ ਪਈਆਂ ਵਸਤਾਂ ਦਾ ਅਧਿਐਨ ਕਿਵੇਂ ਕਰੀਏ? ਇਹ ਅਨੁਮਾਨ ਦਾ ਕਾਰਜ ਖੇਤਰ ਹੈ।

ਅਨੁਮਾਨ ਅਸਿੱਧੇ ਤਰੀਕੇ ਨਾਲ ਪ੍ਰਾਪਤ ਕੀਤਾ ਜਾਣ ਵਾਲਾ ਗਿਆਨ ਹੈ। ਇਕ ਵਸਤੂ ਜੇ ਇਉਂ ਵਾਪਰੀ ਤਾਂ ਦੂਜੀ ਦਾ ਉਸ ਤੋਂ ਅੰਦਾਜ਼ਾ ਲਾ ਸਕਦੇ ਹਾਂ। ਮੇਰੀਆਂ ਦੋ ਲੱਤਾਂ ਹਨ। ਇਹ ਪਰਤੱਖ ਗਿਆਨ ਹੈ। ਮੈਂ ਕਿਉਂਕਿ ਆਦਮੀ ਹਾਂ ਇਸ ਕਰਕੇ ਹਰੇਕ ਆਦਮੀ ਦੀਆਂ ਦੋ ਲੱਤਾਂ ਹੁੰਦੀਆਂ ਹਨ। ਹੁਣ ਜਦੋਂ ਵੀ ਕਿਤੇ ਆਦਮੀ ਦਾ ਜ਼ਿਕਰ ਆਇਆ ਅਸੀਂ ਉਸਨੂੰ ਦੇਖਿਆ ਹੋਵੇ ਭਾਵੇਂ ਨਾ, ਦੋ ਲੱਤਾਂ ਵਾਲੀ ਸ਼ਕਲ ਸਾਡੇ ਸਾਹਮਣੇ ਆ ਜਾਵੇਗੀ। ਇਹ ਅਨੁਮਾਨ ਹੈ। ਅੱਗ ਅਤੇ ਧੂੰਏਂ ਦੀ ਅਕਸਰ ਉਦਾਹਰਣ ਦਿਤੀ ਜਾਂਦੀ ਹੈ। ਧੂੰਆਂ ਉੱਚਾ ਉਠਦਾ ਦਿਸ ਰਿਹਾ ਹੈ। ਇਹ ਪਰਤੱਖ ਹੈ। ਜਿੱਥੇ ਧੂੰਆਂ ਹੁੰਦਾ ਹੈ ਉਥੇ ਅੱਗ ਜ਼ਰੂਰ ਹੁੰਦੀ ਹੈ, ਉਥੇ ਅੱਗ ਹੋਵੇਗੀ। ਇਹ ਅਨੁਮਾਨ ਦਾ ਪਰਮਾਣ ਹੈ।

(ੲ) ਉਪਮਾਨ ਪਰਮਾਣ

ਕਈ ਵਾਰ ਕੁਝ ਵਸਤੂਆਂ ਆਪਸ ਵਿਚ ਰਲਦੀਆਂ ਮਿਲਦੀਆਂ ਹੁੰਦੀਆਂ ਹਨ। ਭਾਵੇਂ ਕਾਫੀ ਵਖਰੇਵਾਂ ਹੋਵੇ, ਪਰ ਕੁਝ ਸਾਂਝੇ ਗੁਣਾਂ ਦੇ ਆਧਾਰ ਤੇ ਅਸੀਂ ਕਿਸੇ ਨਤੀਜੇ ਤੇ ਪਹੁੰਚ ਜਾਂਦੇ ਹਾਂ। ਉਦਾਹਰਣ ਲਈ ਅਸੀਂ ਸ਼ੇਰ ਜੰਗਲ ਵਿਚ ਕਦੀ ਨਹੀਂ ਦੇਖਿਆ। ਪਰ ਘਰਾਂ ਵਿਚ ਬਿੱਲੀ ਆਮ ਤੁਰਦੀ ਫਿਰਦੀ ਦੇਖੀ ਹੈ। ਸਾਨੂੰ ਕੋਈ ਆਖੇ ਕਿ ਸ਼ੇਰ ਬਿੱਲੀ ਵਰਗਾ ਹੁੰਦਾ ਹੈ ਪਰ ਉਸ ਤੋਂ ਕਾਫੀ ਵੱਡਾ ਹੁੰਦਾ ਹੈ ਤਾਂ ਜੰਗਲ ਵਿਚ ਅਸੀਂ ਬਿੱਲੀ ਵਰਗੇ ਵੱਡੇ ਜਾਨਵਰ ਨੂੰ ਵੇਖਕੇ ਸਮਝ ਜਾਵਾਂਗੇ ਕਿ ਇਹ ਸ਼ੇਰ ਹੈ। ਇਸ ਗਿਆਨ ਦੇ ਦੋ ਆਧਾਰ ਹਨ:

1. ਸਮਾਨਤਾ
2. ਸਿਮ੍ਰਤੀ

ਦੋ ਵਸਤਾਂ ਵਿਚ ਸਾਂਝੇ ਗੁਣ ਹੋਣੇ ਜ਼ਰੂਰੀ ਹਨ ਤੇ ਉਹਨਾਂ ਵਿਚੋਂ ਇਕ ਦੇ ਗੁਣ ਸਾਨੂੰ ਯਾਦ ਹੋਣ ਤਾਂ ਦੂਜੇ ਦੇ ਗੁਣਾਂ ਦਾ ਪਤਾ ਲਗ ਜਾਂਦਾ ਹੈ।

(ਸ) ਸ਼ਬਦ ਪਰਮਾਣ

ਸ਼ਬਦ, ਭਾਵ ਬਾਨੀ ਨੂੰ ਪਰਮਾਣ ਮੰਨਣਾ, ਵੈਦਿਕ ਪਰੰਪਰਾ ਨਾਲ ਸਬੰਧਤ ਪ੍ਰਣਾਲੀ ਹੈ। ਕਈ ਅਨੁਭਵ ਅਜਿਹੇ ਹਨ ਜਿਹੜੇ ਅਸੀਂ ਗ੍ਰਹਿਣ ਨਹੀਂ ਕਰ ਸਕਦੇ। ਹਰ ਆਦਮੀ ਹਰ ਵਿਸ਼ੇ ਦਾ ਗਿਆਨ ਹਾਸਲ ਨਹੀਂ ਕਰ ਸਕਦਾ। ਸੋ ਕੁਝ ਵਿਅਕਤੀ ਜਿਹੜੇ ਖ਼ਾਸ ਖੇਤਰ ਵਿਚ ਕੋਈ ਪ੍ਰਾਪਤੀ ਕਰ ਲੈਂਦੇ ਹਨ ਉਹਨਾਂ ਦੀ ਗੱਲ ਸਵੀਕਾਰ ਕਰ ਲਈ ਜਾਂਦੀ ਹੈ। ਰੱਬ ਕੀ ਹੈ, ਕਿਹੋ ਜਿਹਾ ਹੈ, ਕਿਥੇ ਵਸਦਾ ਹੈ ਤੇ ਕੀ ਕਰਦਾ ਹੈ, ਸਾਨੂੰ ਕੋਈ ਪਤਾ ਨਹੀਂ। ਪਰ ਕੁੱਝ ਰਿਸ਼ੀ ਅਤੇ ਗੁਰੂ ਨਿਰੰਤਰ ਸਾਧਨਾ ਰਾਹੀਂ ਰੂਹਾਨੀ ਅਨੁਭਵ ਪ੍ਰਾਪਤ ਕਰਨ ਵਿਚ ਸਫਲ ਹੋ ਗਏ ਸਨ। ਉਹਨਾਂ ਦਾ ਪ੍ਰਾਪਤ ਕੀਤਾ ਗਿਆਨ ਸਾਡੇ ਲਈ ਸਹਾਈ ਹੁੰਦਾ ਹੈ। ਇਸ ਸਬੰਧੀ ਸਿਧੀ ਉਦਾਹਰਣ ਦੇਣੀ ਉਚਿਤ ਹੋਵੇਗੀ। ਫਰਜ਼ ਕਰੋ ਅਸੀਂ ਇਕ ਉੱਚਾ ਪਰਬਤ ਸਾਹਮਣੇ ਖਲੋਤਾ ਦੇਖ ਰਹੇ ਹਾਂ। ਉਸ ਦੇ ਪਰਲੇ ਪਾਰ ਕੀ ਹੈ, ਪਤਾ ਨਹੀਂ। ਪਰ ਇਕ ਆਦਮੀ ਉਪਰੋਂ ਸਿਖਰ ਤੋਂ ਪੁੱਜ ਕੇ ਉਤਰਿਆ ਆ ਰਿਹਾ ਹੈ ਤੇ ਉਹ ਸਾਨੂੰ ਆ ਕੇ ਦਸਦਾ ਹੈ ਕਿ ਪਰਬਤ ਦੇ ਦੂਜੇ ਪਾਸੇ ਝੀਲ ਹੈ, ਇਹੋ ਜਿਹੇ ਬਾਗ ਹਨ ਅਤੇ ਇਸ ਪ੍ਰਕਾਰ ਦੇ ਪੰਛੀ ਹਨ। ਹੁਣ ਜਾਂ ਤਾਂ ਅਸੀਂ ਆਪ ਪਰਬਤ ਉਤੇ ਚੜ੍ਹਕੇ ਪਰਤੱਖ ਪਰਮਾਣ ਰਾਹੀਂ ਦੇਖ ਲਈਏ ਕਿ ਉਸ ਪਾਸੇ ਕੀ ਹੈ, ਜੇ ਅਸੀਂ ਏਨੀ ਉਚਾਈ ਤੇ ਚੜ੍ਹਨ ਤੋਂ ਅਸਮਰਥ ਹਾਂ ਤਾਂ ਫਿਰ ਚੰਗਾ ਹੈ ਉਸ ਆਦਮੀ ਦੀਆਂ ਗੱਲਾਂ ਮੰਨ ਲਈਏ ਜਿਹੜਾ ਉਪਰੋਂ ਸਭ ਕੁਝ ਦੇਖ ਕੇ ਉਤਰਿਆ ਹੈ। ਇਹ ਸ਼ਬਦ ਪਰਮਾਣ ਹੈ।

ਨਿਆਇ ਸਾਸਤਰ ਦਾ ਪ੍ਰਸਿੱਧ ਟੀਕਾਕਾਰ ਵਾਤਸਾਇਨ ਜੀਵਨ ਦਾ ਮਨੋਰਥ ਦੁੱਖਾਂ ਤੋਂ ਛੁਟਕਾਰਾ ਪਾਉਣਾ ਮੰਨਦਾ ਹੈ ਤੇ ਆਖਦਾ ਹੈ, "ਮਿਥਿਆ ਵਿਚ ਗ੍ਰਸਤ ਬੁੱਧੀ ਇਕ ਪੱਖੀ ਅਧਿਐਨ ਕਰ ਸਕਦੀ ਹੈ। ਅਗਿਆਨ ਕਾਰਨ ਈਰਖਾ, ਮੋਹ ਅਤੇ ਹੰਕਾਰ ਪੈਦਾ ਹੁੰਦੇ ਹਨ ਤੇ ਮਨੁੱਖ ਹਿੰਸਕ, ਚੋਰ ਅਤੇ ਕਾਮੀ ਹੋ ਜਾਂਦਾ ਹੈ, ਝੂਠ ਬੋਲਦਾ ਹੈ, ਨਿਰਦਈ ਹੋ ਜਾਂਦਾ ਹੈ ਤੇ ਨਿੰਦਿਆ ਕਰਦਾ ਹੈ। ਪਰੰਤੂ ਦਾਨ ਕਰਨਾ, ਦਿਆਲੂ ਹੋਣਾ, ਸੇਵਾ ਕਰਨਾ, ਹਮਦਰਦੀ ਰੱਖਣਾ ਤੇ ਵੇਦ ਦਾ ਸਤਿਕਾਰ ਕਰਨਾ, ਇਸ ਨਾਲ ਧਰਮ ਦੀ ਉਤਪਤੀ ਹੁੰਦੀ ਹੈ। ਅਧਰਮ ਦਾ ਨਾਸ਼ ਮੋਕਸ਼ (ਮੁਕਤੀ) ਨਾਲ ਹੁੰਦਾ ਹੈ। ਜਿਸ ਭੋਜਨ ਵਿਚ ਸ਼ਹਿਦ ਦੇ ਨਾਲ ਜ਼ਹਿਰ ਵੀ ਰਲਿਆ ਹੋਇਆ ਹੋਵੇ ਉਹ ਭੋਜਨ ਖਾਣਾ ਨੁਕਸਾਨ-ਦਾਇਕ ਹੈ। ਇਵੇਂ ਹੀ ਅਜਿਹੇ ਦੁਖ ਵੀ ਤਿਆਗ ਦੇਣੇ ਚਾਹੀਦੇ ਹਨ ਜਿਨ੍ਹਾਂ ਵਿਚ ਕੁਝ ਸੁਖ ਰਲਿਆ ਹੋਇਆ ਹੋਵੇ।"

iv. ਵੈਸ਼ੇਸ਼ਕ

ਵੈਸ਼ੇਸ਼ਕ ਦਾ ਮੋਢੀ ਆਚਾਰੀਆ ਕਣਾਦ ਸੀ। ਵਿਦਵਾਨਾਂ ਦਾ ਖਿਆਲ ਹੈ ਆਚਾਰੀਆ ਜੀ ਦਾ ਨਾਮ ਕਣਾਦ ਨਹੀਂ ਸੀ ਸਗੋਂ ਇਹ ਉਹਨਾਂ ਦਾ ਉਪਨਾਮ ਸੀ। ਕਣਾਦ ਦਾ ਅਰਥ ਹੁੰਦਾ ਹੈ ਕਣਾਂ ਨੂੰ ਖਾ ਕੇ ਗੁਜ਼ਾਰਾ ਕਰਨ ਵਾਲਾ। ਉਹਨਾ ਦੇ

ਅਸਲੀ ਨਾਮ ਦਾ ਕੋਈ ਪਤਾ ਨਹੀਂ ਲਗਦਾ। ਕਣਾਦ ਦਾ ਸਮਾਂ ਪਹਿਲੀ ਸਦੀ ਪੂਰਬ ਈਸਾ ਮਿਥਿਆ ਗਿਆ ਹੈ। ਪਰ ਜਿਥੋਂ ਤਕ ਇਸ ਸ਼ਾਸਤਰ ਦੇ ਸਿਧਾਂਤਕ ਪਿਛੋਕੜ ਦਾ ਸਬੰਧ ਹੈ, ਕਿਹਾ ਜਾਂਦਾ ਹੈ ਨੌਵੀਂ ਸਦੀ ਪੂਰਬ ਈਸਾ ਵਿਚ ਹੋਏ ਰਿਸ਼ੀ ਉਦਾਲਕ ਤਕ ਇਸ ਸ਼ਾਸਤਰ ਦੀਆਂ ਜੜ੍ਹਾਂ ਚਲੀਆਂ ਜਾਂਦੀਆਂ ਹਨ।

ਪਹਿਲੋ ਪਹਿਲ ਵੈਸ਼ੇਸ਼ਕ ਨੂੰ ਨਿਆਇ ਸ਼ਾਸਤਰ ਦੀ ਸ਼ਾਖ ਸਮਝਿਆ ਜਾਂਦਾ ਸੀ। ਫਿਰ ਇਸਨੂੰ ਨਿਆਇ ਦਾ ਪੂਰਕ ਕਿਹਾ ਜਾਣ ਲਗਾ, ਪਰ ਅਖੀਰ ਵੈਸ਼ੇਸ਼ਕ ਸੁਤੰਤਰ ਦਰਸ਼ਨ ਵਜੋਂ ਸਥਾਪਤ ਹੋ ਗਿਆ। ਭਾਵੇਂ ਨਿਆਇ ਦੇ ਸਿਧਾਂਤਾਂ ਨੂੰ ਵੈਸ਼ੇਸ਼ਕ ਵਿਚ ਪ੍ਰਵਾਨ ਕੀਤਾ ਗਿਆ ਹੈ, ਫਿਰ ਵੀ ਵੈਸ਼ੇਸ਼ਕ ਦਰਸ਼ਨ ਦੀ ਆਪਣੀ ਵਖਰੀ ਹਸਤੀ ਹੈ। ਨਿਆਇ ਅਤੇ ਵੈਸ਼ੇਸ਼ਕ ਦੋਹਾਂ ਦਾ ਨਿਸ਼ਾਨਾ ਗਿਆਨ ਦੀ ਪ੍ਰਾਪਤੀ ਹੈ ਪਰ ਪਹੁੰਚ ਵਿਧੀ ਵਿਚ ਅੰਤਰ ਹੈ। ਨਿਆਇ ਤਰਕ ਸ਼ਾਸਤਰ ਨੂੰ ਆਪਣਾ ਆਧਾਰ ਬਣਾ ਕੇ ਤੁਰਦਾ ਹੈ ਪਰ ਵੈਸ਼ੇਸ਼ਕ ਪ੍ਰਮਾਣ ਦੀ ਬਜਾਇ ਤਾਤਵਿਕ ਪਦਾਰਥਾਂ ਉਤੇ ਟੇਕ ਰਖਦਾ ਹੈ।

ਇਸ ਦਰਸ਼ਨ ਨੂੰ ਵੈਸ਼ੇਸ਼ਕ ਇਸ ਕਰਕੇ ਕਿਹਾ ਜਾਂਦਾ ਹੈ ਕਿ ਪਦਾਰਥ ਵਿਚ ਬਾਕੀ ਗੁਣਾਂ ਤੋਂ ਇਲਾਵਾ ਵਿਸ਼ੇਸ਼ ਨੂੰ ਵੀ ਇਕ ਮਹੱਤਵਪੂਰਨ ਗੁਣ ਮੰਨਿਆ ਗਿਆ ਹੈ। ਵਿਸ਼ੇਸ਼ ਇਕ ਪਦਾਰਥ ਵੀ ਹੈ ਤੇ ਹਰ ਪਦਾਰਥ ਵਿਚ ਇਕ ਵਿਸ਼ੇਸ਼ ਗੁਣ ਵੀ ਹੈ ਜੋ ਉਸਨੂੰ ਬਾਕੀਆਂ ਤੋਂ ਨਿਖੇੜਦਾ ਹੈ। ਇਹ ਵਿਸ਼ੇਸ਼, ਪਦਾਰਥ ਨੂੰ ਇਕ ਸੁਤੰਤਰ ਸ਼ਖ਼ਸੀਅਤ ਪ੍ਰਦਾਨ ਕਰਦਾ ਹੈ। ਭਿੰਨ-ਭਿੰਨ ਆਕਾਰ, ਰੰਗ ਰੂਪ, ਧੁਨੀਆਂ, ਸੁਗੰਧੀਆਂ ਸਭ ਇਕ ਦੂਜੇ ਤੋਂ ਵੱਖ-ਵੱਖ ਹਨ ਕਿਉਂਕਿ ਹਰੇਕ ਦਾ ਵੱਖ-ਵੱਖ ਵਿਸ਼ੇਸ਼ ਹੈ। ਇਥੋਂ ਤਕ ਕਿ ਹਰੇਕ ਪ੍ਰਮਾਣੂ ਵਿਚ ਵਿਸ਼ੇਸ਼ ਮੌਜੂਦ ਹੈ ਜਿਸ ਕਾਰਨ ਸੋਨੇ ਦੀਆਂ ਬਣੀਆਂ ਹੋਈਆਂ ਸਾਰੀਆਂ ਵਸਤਾਂ ਵੀ ਇਕੋ ਜਿਹੀਆਂ ਨਹੀਂ ਹੋ ਸਕਦੀਆਂ। ਵਿਸ਼ੇਸ਼ ਨੂੰ ਇਕ ਪਦਾਰਥ ਮੰਨਣਾ, ਕਿਸੇ ਹੋਰ ਸਿਧਾਂਤ ਵਿਚ ਅਜਿਹੀ ਰਵਾਇਤ ਨਹੀਂ। ਕਣਾਦ ਨੇ ਆਪ ਵਿਸ਼ੇਸ਼ ਦੀ ਪਰਿਭਾਸ਼ਾ ਇਉਂ ਦਿਤੀ ਹੈ, "ਵਿਸ਼ੇਸ਼ ਨਿੱਤ ਦ੍ਰਵ ਦਾ ਉਹ ਨਿਰਾਲਾ ਗੁਣ ਹੈ ਜਿਹੜਾ ਉਸ ਦ੍ਰਵ ਨੂੰ ਦੂਜੇ ਦ੍ਰਵਾਂ ਤੋਂ ਨਿਖੇੜਦਾ ਹੈ"।

ਵੈਸ਼ੇਸ਼ਕ ਅਨੁਸਾਰ ਪਦਾਰਥਾਂ ਦੀ ਗਿਣਤੀ ਛੇ ਹੈ:

1. ਦ੍ਰਵ	4. ਸਮਾਨਯ (ਵਿਆਪਕ)
2. ਗੁਣ	5. ਵਿਸ਼ੇਸ਼
3. ਕਰਮ	6. ਸਮਵਾਇ (ਅੰਤਰਨਿਹਿਤਤਾ)

ਕਣਾਦ ਰਿਸ਼ੀ ਨੇ ਉਪਰੋਕਤ ਛੇ ਪਦਾਰਥਾਂ ਤੋਂ ਇਲਾਵਾ 'ਅਭਾਵ' ਦਾ ਜ਼ਿਕਰ ਵੀ ਕੀਤਾ ਹੈ। ਸੋਨੇ ਤੱਤ ਦਾ ਅਰਥ ਹੈ ਇਸ ਵਿਚ ਚਾਂਦੀ, ਲੋਹਾ ਆਦਿਕ ਬਾਕੀਆਂ ਪਦਾਰਥਾਂ ਦਾ ਅਭਾਵ। ਕਣਾਦ ਅਭਾਵ ਨੂੰ ਪਦਾਰਥ ਨਹੀਂ ਮੰਨਦਾ ਜਦੋਂ ਕਿ ਬਾਦ ਦੇ ਵੈਸ਼ੇਸ਼ਕ ਆਚਾਰੀਆਂ ਨੇ ਇਸਨੂੰ ਸੱਤਵਾਂ ਪਦਾਰਥ ਮੰਨਿਆ ਹੈ। ਪਦਾਰਥ ਦੀ ਪਰਿਭਾਸ਼ਾ ਕਣਾਦ ਨੇ ਵੈਸ਼ੇਸ਼ਕ ਸੂਤਰ (1.1-4) ਵਿਚ ਇਸ ਪ੍ਰਕਾਰ ਦਿੱਤੀ ਹੈ: "ਜਿਸ ਵਸਤ ਨੂੰ ਗਿਆਨ ਦਾ ਵਿਸ਼ਾ ਬਣਾਇਆ ਜਾ ਸਕੇ, ਜਾਂ ਜਿਸਦਾ ਕੋਈ ਨਾਮ ਹੋਵੇ ਉਹ ਪਦਾਰਥ ਹੈ।" ਉਪਰ ਦਰਜ ਪਦਾਰਥਾਂ ਸਬੰਧੀ ਆਉ ਸੰਖੇਪ ਵਿਚ ਜਾਣਕਾਰੀ ਪ੍ਰਾਪਤ ਕਰੀਏ:

1. **ਦ੍ਰਵ** : ਦ੍ਰਵਾਂ ਦੀ ਗਿਣਤੀ ਨੌ ਹੈ, 1. ਪਰਿਥਵੀ 2. ਪਾਣੀ 3. ਅੱਗ 4. ਹਵਾ 5. ਆਕਾਸ਼ 6. ਦਿਸ਼ਾ 7. ਕਾਲ 8. ਆਤਮਾ 9. ਮਨ। ਇਨ੍ਹਾਂ ਦ੍ਰਵਾਂ ਨੂੰ ਦੋ ਸ਼੍ਰੇਣੀਆਂ, ਭੌਤਿਕ ਅਤੇ ਅਧਿਆਤਮਕ ਵਿਚ ਵੀ ਵੰਡਿਆ ਜਾ ਸਕਦਾ ਹੈ। ਪਹਿਲੇ ਚਾਰ ਦ੍ਰਵ ਭੌਤਿਕ ਹੋਣ ਕਰਕੇ ਪ੍ਰਮਾਣੂਆਂ ਦੇ ਬਣੇ ਹੋਏ ਹਨ। ਪਰਮਾਣੂ ਅਸੰਖ ਹਨ। ਪਿਛਲੇ ਪੰਜ ਦ੍ਰਵ ਪ੍ਰਮਾਣੂਆਂ ਤੋਂ ਨਹੀਂ ਬਣੇ ਪਰ ਕਿਉਂਕਿ ਇਹਨਾਂ ਵਿਚ ਵਿਸ਼ੇਸ਼ ਹੈ ਇਸ ਕਰਕੇ ਦ੍ਰਵ ਹਨ। ਮਨ ਅਤੇ •ਆਤਮਾਵਾਂ ਅਣਗਿਣਤ ਹਨ। ਸੋ ਪਰਮਾਣੂ ਅਤੇ ਆਤਮਾਵਾਂ ਅਸੰਖਾਂ ਹਨ ਪਰ ਉਹ ਅਮਰ ਤੇ ਅਨਾਦੀ ਵੀ ਹਨ।
2. **ਗੁਣ** : ਵੈਸ਼ੇਸ਼ਕ-ਸੂਤਰ ਗ੍ਰੰਥ ਦੀ ਛੇਵੀਂ ਪੰਕਤੀ ਸਤਾਰਾਂ ਗੁਣਾਂ (ਜਾਂ ਵਿਸ਼ੇਸ਼ਣਾਂ) ਵਲ ਸੰਕੇਤ ਕਰਦੀ ਹੈ। ਇਹ ਸਾਰੇ ਗੁਣ ਉਪਰ ਦਰਜ ਦ੍ਰਵਾਂ ਵਿਚ ਮੌਜੂਦ ਹੁੰਦੇ ਹਨ: 1. ਰੂਪ 2. ਰਸ 3. ਗੰਧ 4. ਸਪਰਸ਼ 5. ਸੰਖਿਆ 6. ਪਰਿਮਾਣ 7. ਪ੍ਰਿਥਕਤਵ 8. ਸੰਜੋਗ 9. ਵਿਭਾਗ 10. ਪਰਤਵ 11. ਅਪਰਤਵ 12. ਬੁੱਧ 13. ਸੁਖ 14. ਦੁਖ 15. ਇੱਛਾ 16. ਦਵੈਸ਼ 17. ਪ੍ਰਯਤਨ।
3. **ਕਰਮ** : ਕਰਮ ਦੇ ਇਹ ਭਾਗ ਹਨ 1. ਉਤਖੇਪਣ (ਉਪਰ ਸੁੱਟਣਾ, ਸਵੈਚਲਣ), 2. ਅਪਖੇਪਣ (ਹੇਠਾਂ ਸੁਟਣਾ), 3. ਅਕੁੰਚਨ (ਸੁੰਗੜਨਾ), 4. ਪ੍ਰਸਾਰਨ, 5. ਗਮਨ।
4. **ਸਾਮਾਨਯ** : ਸਾਮਾਨਯ ਪਦਾਰਥ ਦੇ ਦੋ ਭੇਦ ਹਨ: 1. ਪਰ 2. ਅਪਰ। ਇਹਨਾ ਵਿਚ ਸਾਮਾਨਯ ਸੱਤਾ ਜਾਤੀ ਵਿਚ ਰਹਿੰਦੀ ਹੈ ਅਤੇ ਦ੍ਰਵਤਵ ਪਰਕਾਰ ਵਿਚ ਮੌਜੂਦ ਹੈ।
5. **ਵਿਸ਼ੇਸ਼** : ਵਿਸ਼ੇਸ਼ ਨੌਂ ਦ੍ਰਵਾਂ ਅਤੇ ਪਰਮਾਣੂਆਂ ਵਿਚ ਮੌਜੂਦ ਹੈ। ਇਹ ਇਕ ਵਸਤੂ ਨੂੰ ਦੂਜੀ ਤੋਂ ਨਿਖੇੜਦਾ ਹੈ।
6. **ਸਮਵਾਇ** : ਅਰਥ ਹੈ ਗੂੜ੍ਹਾ ਸਬੰਧ। ਇਹ ਸਬੰਧ ਦ੍ਰਵ ਜਾਂ ਉਸਦੇ ਗੁਣਾਂ ਵਿਚ ਜਾਂ ਪਰਮਾਣੂਆਂ ਵਿਚ ਛੁਪਿਆ ਹੁੰਦਾ ਹੈ।

ਸਰੀਰ ਦਾ ਮਾਲਕ ਆਤਮਾ ਹੈ। ਪ੍ਰਾਣ ਆਤਮਾ ਦੀ ਸ਼ਕਤੀ ਦੀ ਹੀ ਨਿਸ਼ਾਨੀ ਹਨ। ਜਿਵੇਂ ਗ੍ਰਿਹਸਥੀ ਆਪਣੇ ਰਹਿਣ ਲਈ ਮਕਾਨ ਉਸਾਰਦਾ ਹੈ ਉਵੇਂ ਆਤਮਾ ਸਰੀਰ ਦਾ ਵਿਕਾਸ ਕਰਦੀ ਰਹਿੰਦੀ ਹੈ। ਜਿਡੇ ਕੁ ਘਰ ਦੀ ਤੇ ਜਿਸ ਤਰ੍ਹਾਂ ਦੇ ਘਰ ਦੀ ਮਨੁੱਖ ਨੂੰ ਲੋੜ ਹੁੰਦੀ ਹੈ, ਉਹ ਉਵੇਂ ਬਣਾਉਂਦਾ ਹੈ, ਇਵੇਂ ਹੀ ਆਤਮਾ ਜੇ ਜਿਸਮਾਨੀ ਤਾਕਤ ਪ੍ਰਾਪਤ ਕਰਨੀ ਚਾਹੇ ਤਾਂ ਸਰੀਰ ਨੂੰ ਰਿਸ਼ਟ ਪੁਸ਼ਟ ਕਰਦੀ ਹੈ ਤੇ ਜੇ ਵਿਅਕਤੀ ਨੂੰ ਚਿਤਰਕਾਰ ਬਣਾਉਣਾ ਚਾਹੇ ਤਾਂ ਉਂਗਲਾਂ ਵਿਚ ਸੂਖਮਤਾ ਪਾ ਦੇਂਦੀ ਹੈ। ਵਿਅਕਤੀ ਮਕਾਨ ਦੀ ਟੁੱਟ ਭੱਜ ਦੀ ਮੁਰੰਮਤ ਕਰਦਾ ਹੈ, ਇਵੇਂ ਆਤਮਾ ਦਵਾਈਆਂ ਰਾਹੀਂ ਸਰੀਰ ਦਾ ਇਲਾਜ ਕਰਦੀ ਹੈ।

ਵੈਸ਼ੇਸ਼ਕ ਵੀ ਵੇਦ ਨੂੰ ਮਿਥਿਆ ਨਹੀਂ ਮੰਨਦਾ। ਵੇਦ ਦਾ ਪਰਮਾਣ ਸਵੀਕਾਰ ਕਰਦਾ ਹੈ। ਵੇਦਾਂ ਵਿਚ ਵਿਰੋਧ ਉਕਤੀ ਜਾਂ ਪੁਨਰਉਕਤੀ ਦੇ ਦੋਸ਼ ਨਹੀਂ ਹਨ। ਕਣਾਦ ਦੇ ਤੀਜੇ ਸੂਤਰ ਨੂੰ ਵੇਦ ਵਿਚ ਵਿਸ਼ਵਾਸ ਪੱਕਾ ਕਰਵਾਉਣ ਦੇ ਸਬੂਤ ਵਜੋਂ ਹਵਾਲੇ ਦੇ ਰੂਪ ਵਿਚ ਵਰਤਿਆ ਜਾਂਦਾ ਹੈ। ਵੈਸ਼ੇਸ਼ਕ ਅਨੁਸਾਰ ਚੇਤਨਾ ਆਤਮਾ ਦਾ

ਸਰੂਪ ਨਹੀਂ। ਇਹ ਉਸ ਦਾ ਉਹ ਗੁਣ ਹੈ ਜਿਹੜਾ ਮੁਕਤੀ ਦੀ ਅਵਸਥਾ ਵਿਚ ਖਤਮ ਹੋ ਜਾਂਦਾ ਹੈ।

ਆਤਮਾ ਦੋ ਪ੍ਰਾਕਰ ਦੀ ਹੈ- ਇਕ ਜੀਵਾਤਮਾ ਤੇ ਦੂਜੀ ਹੈ ਪਰਮ ਆਤਮਾ। ਪਰਮਾਤਮਾ ਇਕੋ ਹੈ ਜਦੋਂ ਕਿ ਜੀਵਾਤਮਾਵਾਂ ਅਨੇਕ ਹਨ। ਆਤਮਾ ਦੀ ਹੋਂਦ ਸਿਧ ਕਰਨ ਵਾਸਤੇ ਪੰਜ ਸਬੂਤ ਦਿਤੇ ਗਏ ਹਨ। ਮਨ ਨੂੰ ਅਣੂ ਕਿਹਾ ਗਿਆ ਹੈ। ਮਨ ਸਦੀਵੀ ਹੈ ਅਤੇ ਮਨ ਦੀ ਗਿਣਤੀ ਅਸੰਖਾਂ ਹੈ। ਮਨ ਨਾ ਪੈਦਾ ਹੁੰਦਾ ਹੈ ਨਾ ਨਾਸ਼ ਹੁੰਦਾ ਹੈ। ਮਨ ਪਰਤੱਖ ਦਿਸਦਾ ਨਹੀਂ ਪਰ ਦੁਖ ਸੁਖ ਆਦਿਕ ਦੀਆਂ ਅਵਸਥਾਵਾਂ ਦਾ ਅਨੁਭਵ ਮਨ ਦੀ ਹੋਂਦ ਕਰਕੇ ਹੁੰਦਾ ਹੈ। ਮਨ ਅਤੇ ਆਤਮਾ ਦੋਵੇ ਵੱਖ-ਵੱਖ ਚੀਜ਼ਾਂ ਹਨ। ਮਨ ਕੋਈ ਭੌਤਿਕ ਪਦਾਰਥ ਨਹੀਂ ਹੈ ਪਰ ਇਹ ਨਿਰੰਤਰ ਕ੍ਰਿਆਸ਼ੀਲ ਹੈ। ਮਨ ਦਾ ਆਪਣਾ ਕੋਈ ਖਾਸ ਗੁਣ ਨਹੀਂ। ਆਤਮਾ ਰੂਪ ਵਟਾਉਂਦੀ ਰਹਿੰਦੀ ਹੈ, ਖਤਮ ਨਹੀਂ ਹੁੰਦੀ। ਮਨ ਦੇ ਉਲਟ ਆਤਮਾ ਵਿਚ ਆਪਣਾ ਮੌਲਿਕ ਗੁਣ ਹੁੰਦਾ ਹੈ। ਹਰ ਸਰੀਰ ਵਿਚ ਇਕ ਸੁਤੰਤਰ ਆਤਮਾ ਨਿਵਾਸ ਕਰਦੀ ਹੈ। ਆਤਮਾ ਅਤੇ ਪਰਮਾਤਮਾ ਕਦੀ ਆਪਸ ਵਿਚ ਲੀਨ ਨਹੀਂ ਹੁੰਦੀਆਂ। ਜੀਵ ਆਤਮਾ ਵਿਕਾਸ ਕਰਦੀ ਹੋਈ ਪਰਮਾਤਮਾ ਤਕ ਪਹੁੰਚ ਜਾਂਦੀ ਹੈ ਪਰ ਉਸ ਵਿਚ ਜਜ਼ਬ ਨਹੀਂ ਹੁੰਦੀ। ਆਤਮਾ ਅਤੇ ਪਰਮਾਤਮਾ ਵਿਚ ਹਮੇਸ਼ਾਂ ਭੇਦ ਬਣਿਆ ਰਹਿੰਦਾ ਹੈ, ਜਿਵੇਂ ਲੋਹੇ ਦਾ ਟੁਕੜਾ ਅੱਗ ਦੇ ਕੋਲਿਆਂ ਵਿਚ ਬਿਲਕੁਲ ਉਹਨਾਂ ਵਰਗਾ ਹੋ ਜਾਂਦਾ ਹੈ ਪਰ ਰਹਿੰਦਾ ਫਿਰ ਵੀ ਲੋਹਾ ਹੀ ਹੈ।

ਵੈਸ਼ੇਸ਼ਕ ਨੇ ਭਾਰਤੀ ਦਰਸ਼ਨ ਖੇਤਰ ਵਿਚ ਆਪਣਾ ਖਾਸ ਸਥਾਨ ਬਣਾ ਲਿਆ। ਨਿਆਇ ਤੋਂ ਬਹੁਤ ਕੁਝ ਲੈ ਕੇ ਵੀ ਇਸ ਸ਼ਾਸਤਰ ਨੇ ਆਪਣੀ ਮੌਲਿਕਤਾ ਦਾ ਤਿਆਗ ਨਹੀਂ ਕੀਤਾ।

v. ਮੀਮਾਂਸਾ

ਮੀਮਾਂਸਾ ਸ਼ਾਸਤਰ ਦੇ ਕਰਤਾ ਰਿਸ਼ੀ ਜੈਮਿਨੀ ਹੋਏ ਹਨ ਜਿਨ੍ਹਾਂ ਦਾ ਸਮਾਂ ਲਗਭਗ 500 ਸਾਲ ਪੂਰਬ ਈਸਾ ਆਖਿਆ ਜਾਂਦਾ ਹੈ। ਜੈਮਿਨੀ ਨੇ ਆਪਣੇ ਮੱਤ ਨੂੰ ਸੂਤਰਬੱਧ ਕਰਕੇ ਇਕ ਗ੍ਰੰਥ ਦਾ ਰੂਪ ਦਿਤਾ। ਉਹਨਾਂ ਦੇ ਗ੍ਰੰਥ ਨੂੰ ਜੈਮਿਨੀ-ਸੂਤਰ ਜਾਂ ਮੀਮਾਂਸਾ ਸੂਤਰ ਆਖਿਆ ਜਾਂਦਾ ਹੈ। ਇਹ ਗ੍ਰੰਥ ਬਾਰਾਂ ਅਧਿਆਇਆਂ ਵਿਚ ਵੰਡਿਆ ਹੋਇਆ ਹੈ।

'ਮੀਮਾਂਸਾ' ਸ਼ਬਦ ਦਾ ਅਰਥ ਹੈ 'ਪਵਿਤਰ ਵਿਚਾਰ'। ਪਰ ਇੰਨੇ ਕੁ ਅਰਥਾਂ ਵਿਚ ਇਹ ਸ਼ਬਦ ਸੁੰਗੜ ਨਾ ਸਕਿਆ। ਪਿਛੋਂ, ਵਿਧੀ ਨਾਲ ਕੀਤੀ ਗਈ ਖੋਜ ਨੂੰ ਇਕ ਖਾਸ ਕ੍ਰਮ ਜਾਂ ਲੜੀ ਵਿਚ ਪਰੋਏ ਜਾਣ ਦਾ ਨਾਮ ਮੀਮਾਂਸਾ ਪੈ ਗਿਆ। ਅੱਜ ਕੱਲ੍ਹ ਧਰਮ ਸ਼ਾਸਤਰੀਆਂ ਨੂੰ ਧਰਮ ਮੀਮਾਂਸਕ ਵੀ ਆਖਿਆ ਜਾਂਦਾ ਹੈ। ਪਰ ਮੀਮਾਂਸਾ ਆਪਣੇ ਆਪ ਵਿਚ ਇਕ ਸੁਤੰਤਰ ਚਿੰਤਨ ਦੀ ਪ੍ਰਣਾਲੀ ਵਜੋਂ ਉਭਰ ਕੇ ਆਈ ਹੈ। ਮੀਮਾਂਸਾ ਨੇ ਵੇਦਾਂ ਦੇ ਕਰਮ ਕਾਂਡ ਨੂੰ ਪੂਰਨ ਰੂਪ ਵਿਚ ਸਥਾਪਤ ਕਰਨ ਦਾ ਯਤਨ ਕੀਤਾ।

ਇਥੇ ਪਹਿਲੋਂ ਇਸ ਗੱਲ ਨੂੰ ਸਪੱਸ਼ਟ ਕਰ ਦੇਣ ਦੀ ਲੋੜ ਹੈ ਕਿ ਮੀਮਾਂਸਾ ਦਰਸ਼ਨ ਦੀਆਂ ਦੋ ਪ੍ਰਣਾਲੀਆਂ ਹਨ। ਪਹਿਲੀ ਨੂੰ ਪੂਰਬ ਮੀਮਾਂਸਾ ਕਿਹਾ ਜਾਂਦਾ ਹੈ

ਅਤੇ ਦੂਜੀ ਨੂੰ ਉੱਤਰ ਮੀਮਾਂਸਾ। ਉੱਤਰ ਮੀਮਾਂਸਾ ਪ੍ਰਣਾਲੀ ਅੱਜ ਕੱਲ੍ਹ 'ਵੇਦਾਂਤ' ਦੇ ਨਾਮ ਨਾਲ ਵਧੇਰੇ ਜਾਣੀ ਜਾਣ ਲਗ ਪਈ ਹੈ ਤੇ ਇਸ ਦਾ ਵਰਣਨ ਅਖੀਰਲੇ ਸ਼ਾਸਤਰ 'ਵੇਦਾਂਤ' ਵਿਚ ਕੀਤਾ ਜਾਵੇਗਾ। ਵਿਦਿਆਰਥੀ ਨੂੰ ਕਿਤੇ ਭੁਲੇਖਾ ਨਾ ਪੈ ਜਾਵੇ, ਇਸ ਕਰਕੇ ਹਥਲੇ ਸ਼ਾਸਤਰ ਨੂੰ ਮੀਮਾਂਸਾ ਆਖਣ ਨਾਲੋਂ ਪੂਰਬ ਮੀਮਾਂਸਾ ਆਖਣਾ ਵਧੇਰੇ ਉਚਿਤ ਹੈ। ਪੂਰਬ ਮੀਮਾਂਸਾ ਬ੍ਰਾਹਮਣ ਮੱਤ ਦੇ ਕਰਮ ਕਾਂਡਾਂ ਨੂੰ ਪੂਰੀ ਤਰ੍ਹਾਂ ਉਚਿਤ ਠਹਿਰਾਉਂਦਾ ਹੈ ਜਦੋਂ ਕਿ ਉੱਤਰ ਮੀਮਾਂਸਾ (ਵੇਦਾਂਤ) ਕੇਵਲ ਸ਼ੁੱਧ ਗਿਆਨ ਦੀ ਪ੍ਰਾਪਤੀ ਨੂੰ ਜੀਵਨ ਉਦੇਸ਼ ਮਿਥਦਾ ਹੈ।

ਵੇਦਾਂ ਵਿਚ ਯੱਗ, ਹਵਨ, ਬਲੀ, ਸੰਧਿਆ ਆਦਿਕ ਅਨੇਕਾਂ ਸੰਸਕਾਰ ਹਨ। ਹਰ ਸੰਸਕਾਰ ਸਮੇਂ-ਸਮੇਂ ਸਿਰ ਆਪਣੀ ਮਹੱਤਤਾ ਵਧਾਉਂਦਾ ਘਟਾਉਂਦਾ ਰਹਿੰਦਾ ਹੈ। ਅਸੀਂ ਦੇਖ ਆਏ ਹਾਂ ਕਿ ਕਈ ਯੱਗ ਅਜਿਹੇ ਹੁੰਦੇ ਸਨ ਜਿਹੜੇ ਕਈ ਕਈ ਮਹੀਨੇ ਚਲਦੇ ਰਹਿੰਦੇ ਸਨ ਤੇ ਆਮ ਆਦਮੀ ਇੰਨਾ ਖ਼ਰਚ ਬਰਦਾਸ਼ਤ ਨਹੀਂ ਸੀ ਕਰ ਸਕਦਾ। ਕਰਮਕਾਂਡ ਦੀ ਉਪਯੋਗਤਾ ਮੱਧਮ ਪੈਣੀ ਸ਼ੁਰੂ ਹੋ ਗਈ ਅਤੇ ਦਾਰਸ਼ਨਿਕ ਚਿੰਤਨ ਵਧੇਰੇ ਹਰਮਨ ਪਿਆਰਾ ਹੋਣ ਲੱਗਾ। ਇਹ ਕਰਮਕਾਂਡ ਦੇ ਸੰਸਕਾਰਾਂ ਲਈ ਘਾਤਕ ਸਿੱਧ ਹੋ ਰਿਹਾ ਸੀ। ਜੈਮਿਨੀ ਨੇ ਕਰਮ ਮਾਰਗ ਨੂੰ ਮੁੜ ਸਥਾਪਤ ਕਰਨ ਲਈ ਮੀਮਾਂਸਾ ਦਰਸ਼ਨ ਦੀ ਨੀਂਹ ਰੱਖੀ। ਵੈਸੇ ਵੀ ਕਰਮਕਾਂਡ ਵਿਧੀਆਂ ਵਿਚ ਹੋ ਸਕਦਾ ਹੈ ਕਈ ਪਰਕਾਰ ਦੇ ਸੰਸਕਾਰ ਸ਼ੁਰੂ ਹੋ ਗਏ ਹੋਣ ਤੇ ਬ੍ਰਾਹਮਣਾਂ ਦੀ ਉਹਨਾਂ ਸੰਸਕਾਰਾਂ ਸਬੰਧੀ ਸੰਮਤੀ ਨਾ ਹੁੰਦੀ ਹੋਵੇ। ਇਸ ਮੁਸ਼ਕਲ ਨੂੰ ਹੱਲ ਕਰਨ ਵਾਸਤੇ ਵੀ ਇਕ ਕੇਂਦਰੀ ਸੂਤਰਬੱਧ ਪ੍ਰਣਾਲੀ ਦੀ ਲੋੜ ਪਈ। ਸੋ ਪੂਰਬ ਮੀਮਾਂਸਾ ਦਾ ਅਧਿਕਾਰ ਖੇਤਰ ਕਰਮਕਾਂਡ ਦੀ ਉਪਯੋਗਤਾ ਸਿਧ ਕਰਨਾ ਅਤੇ ਸੰਸਕਾਰਾਂ ਦੀ ਵਿਆਖਿਆ ਕਰਨਾ ਹੈ।

ਪੂਰਬ ਮੀਮਾਂਸਾ ਨੇ ਵੈਦਿਕ ਬਹੁਦੇਵ-ਵਾਦ ਪ੍ਰਥਾ ਨੂੰ ਇੰਨ ਬਿੰਨ ਉਸੇ ਤਰ੍ਹਾਂ ਸਵੀਕਾਰ ਕੀਤਾ। ਵੇਦ ਅੰਤਿਮ ਪਰਮਾਣ ਮੰਨਿਆ ਗਿਆ। ਪੂਰਬ ਮੀਮਾਂਸਾ ਦੋ ਪੱਖਾਂ ਤੋਂ ਕਾਰਜਸ਼ੀਲ ਹੋ ਰਿਹਾ ਸੀ। ਇਕ ਤਾਂ ਕਈ ਪਰਕਾਰ ਦੀਆਂ ਅਵੈਦਕ ਪ੍ਰਣਾਲੀਆਂ ਚਾਲੂ ਹੋ ਗਈਆਂ ਸਨ ਜਿਨ੍ਹਾਂ ਵਿਚੋਂ ਜੈਨ ਮੱਤ ਅਤੇ ਬੁੱਧ ਮੱਤ ਸਨ। ਇਹ ਅਵੈਦਕ ਧਰਮ ਵੇਦਾਂ ਦੀ ਪ੍ਰਮਾਣਿਕਤਾ ਅਤੇ ਉਹਨਾਂ ਨੂੰ ਅੰਤਿਮ ਸਚਾਈ ਮੰਨਣ ਤੋਂ ਇਨਕਾਰੀ ਸਨ। ਇਹ ਪ੍ਰਣਾਲੀਆਂ ਪਰਚਾਰ ਕਰ ਰਹੀਆਂ ਸਨ ਕਿ ਵੇਦਾਂ ਨੂੰ ਅਨਾਦੀ ਮੰਨਣਾ ਉਚਿਤ ਨਹੀਂ। ਵੇਦ ਵੀ ਮਨੁੱਖ ਦੀ ਰਚਨਾ ਹਨ ਤੇ ਮਨੁੱਖ ਦੀ ਜਿਵੇਂ ਕਿਸੇ ਵੀ ਰਚਨਾ ਵਿਚ ਊਣਤਾਈਆਂ ਹੋਣ ਦੀ ਸੰਭਾਵਨਾ ਹੈ ਉਵੇਂ ਵੇਦਾਂ ਵਿਚ ਵੀ ਹਰ ਗੱਲ ਸਹੀ ਨਹੀਂ। ਪੂਰਬ ਮੀਮਾਂਸਾ ਨੇ ਇਸ ਰੁਝਾਨ ਦਾ ਟਾਕਰਾ ਕਰਨਾ ਸੀ। ਦੂਜਾ ਫਰੰਟ ਖ਼ੁਦ ਵੈਦਿਕ ਦਰਸ਼ਨ ਦੇ ਉਸ ਪੱਖ ਦਾ ਸੀ ਜਿਸ ਵਿਚ ਕਰਮ ਨਾਲੋਂ ਗਿਆਨ ਨੂੰ ਉੱਤਮ ਮੰਨਿਆ ਜਾਣ ਲਗਿਆ ਸੀ। ਖਾਸ ਕਰਕੇ ਵੇਦਾਂਤੀ ਵੇਦ ਨੂੰ ਅਨਾਦੀ ਤਾਂ ਮੰਨਦੇ ਹਨ ਅਤੇ ਉਸਦੇ ਪ੍ਰਮਾਣ ਤੋਂ ਮੁਨਕਿਰ ਨਹੀਂ, ਪਰ ਉਹ ਕਰਮਕਾਂਡ ਦੀਆਂ ਰਵਾਇਤਾਂ ਦੇ ਵਿਰੁੱਧ ਹਨ। ਘੱਟੋ ਘਟ ਉਪਨਿਸ਼ਦਾਂ ਦਾ ਮੱਤ ਇਹੀ ਹੈ। ਵੇਦਾਂਤ ਕਰਮਕਾਂਡ ਦੀਆਂ ਪਰੰਪਰਾਵਾਂ ਨੂੰ ਅੰਤਿਮ ਪ੍ਰਾਪਤੀ ਨਹੀਂ ਮੰਨਦਾ। ਪਰ ਪੂਰਬ ਮੀਮਾਂਸਾ ਅਨੁਸਾਰ ਯੱਗ, ਹਵਨ ਅਤੇ ਸੰਧਿਆ ਆਦਿਕ ਸੰਸਕਾਰ ਮਨੁੱਖਾਂ ਨੂੰ ਸਵਰਗਾਂ ਵਿਚ ਲੈ ਜਾਣ ਵਾਸਤੇ ਕਾਫੀ ਹਨ।

ਮੀਮਾਂਸਾ ਦਰਸ਼ਨ ਨੇ ਸ਼ਬਦ ਦੀ ਪਰਿਭਾਸ਼ਾ ਇਉਂ ਦਿਤੀ ਹੈ, "ਸ਼ਬਦ ਉਹ ਗਿਆਨ ਹੈ ਜਿਹੜਾ ਇਸਦੇ ਅਰਥਾਂ ਤੋਂ ਉਤਪੰਨ ਹੋਇਆ ਹੋਵੇ ਅਤੇ ਇਹ ਗਿਆਨ, ਇੰਦਰੀਆਂ ਦਾ ਵਿਸ਼ਾ ਨਹੀਂ।" ਸ਼ਬਦ ਦੋ ਪਰਕਾਰ ਦਾ ਹੈ:

(ੳ) ਮਨੁੱਖੀ ਸ਼ਬਦ

(ਅ) ਵੈਦਿਕ ਸ਼ਬਦ

ਮਨੁੱਖੀ ਸ਼ਬਦ ਉਤੇ ਭਰੋਸਾ ਨਹੀਂ ਕੀਤਾ ਜਾ ਸਕਦਾ। ਮਨੁੱਖ ਦੀ ਬੁੱਧੀ ਕਿਉਂਕਿ ਅਪੂਰਨ ਹੈ ਇਸ ਕਰਕੇ ਇਸ ਦਾ ਸ਼ਬਦ ਵੀ ਸੰਦੇਹਯੁਕਤ ਹੈ। ਵੈਦਿਕ ਸ਼ਬਦ ਵਿਸ਼ਵਾਸ਼ਯੋਗ ਹੈ। ਵੇਦਾਂ ਨੂੰ ਸਹੀ ਸਿੱਧ ਕਰਨ ਲਈ ਸਬੂਤ ਦੇਣ ਦੀ ਲੋੜ ਨਹੀਂ। ਅਸੀਂ ਸਬੂਤ ਮਨੁੱਖੀ ਸ਼ਬਦਾਂ ਦੁਆਰਾ ਪੇਸ਼ ਕਰਾਂਗੇ ਜੋ ਖੁਦ ਅਪੂਰਨ ਗਿਆਨ ਦੇ ਲਖਾਇਕ ਹਨ। ਅਧੂਰੀ ਚੀਜ਼ ਪੂਰਨ ਵਸਤ ਦੇ ਹੱਕ ਵਿਚ ਜਾਂ ਇਸ ਦੇ ਵਿਰੁੱਧ ਕਿਵੇਂ ਸਬੂਤ ਪੇਸ਼ ਕਰ ਸਕਦੀ ਹੈ। ਵੇਦ ਸ੍ਵੈਸਿੱਧ ਹਨ। ਜਿਹੜੇ ਪਰਮਾਣ ਵੈਦਿਕ ਸਚਾਈ ਸਬੰਧੀ ਵੀ ਦਿਤੇ ਜਾਂਦੇ ਹਨ ਉਹਨਾਂ ਉਤੇ ਵੀ ਵਿਸ਼ਵਾਸ ਨਹੀਂ ਕਰਨਾ ਚਾਹੀਦਾ। ਕਿਸੇ ਹਾਲਤ ਵਿਚ ਵੀ ਵੇਦਾਂ ਨੂੰ ਵੰਗਾਰਿਆ ਨਹੀਂ ਜਾ ਸਕਦਾ। ਵੈਦਿਕ ਸ਼ਬਦ ਅੰਤਮ ਸਚਾਈ ਹੈ।

ਮੀਮਾਂਸਾ ਅਨੁਸਾਰ ਜੇ ਅਸੀਂ ਕੁਝ ਕੁ ਵੈਦਕ ਮੰਤਰਾਂ ਨਾਲ ਰਿਸ਼ੀਆਂ ਦੇ ਨਾਮ ਲਿਖੇ ਦੇਖਦੇ ਹਾਂ ਤਾਂ ਇਸ ਤੋਂ ਇਹ ਅਰਥ ਨਹੀਂ ਕੱਢ ਲੈਣਾ ਚਾਹੀਦਾ ਕਿ ਉਹ ਰਿਸ਼ੀ ਵੇਦ ਮੰਤਰਾਂ ਦੇ ਕਰਤਾ ਸਨ। ਵੇਦਾਂ ਦਾ ਕੋਈ ਕਰਤਾ ਨਹੀਂ। ਹਾਂ ਇਹਨਾਂ ਰਿਸ਼ੀਆਂ ਨੇ ਇਹਨਾ ਮੰਤਰਾਂ ਨੂੰ ਕੇਵਲ ਸੁਣਿਆ ਅਤੇ ਸੁਣਕੇ ਬਾਕੀਆਂ ਨੂੰ ਚੇਤੇ ਕਰਵਾਇਆ। ਪੂਰਬ ਮੀਮਾਂਸਾ ਅਨੁਸਾਰ ਈਸ਼ਵਰ ਨੇ ਵੀ ਵੇਦ ਰਚਨਾ ਨਹੀਂ ਕੀਤੀ। ਈਸ਼ਵਰ ਨੂੰ ਤਾਂ ਨਿਰਗੁਣ ਆਖਿਆ ਜਾਂਦਾ ਹੈ। ਉਸਦੇ ਮਨੁੱਖ ਵਾਂਗ ਹੱਥ ਪੈਰ ਆਦਿਕ ਅੰਗ ਨਹੀਂ ਹਨ ਫਿਰ ਉਹ ਵੇਦਾਂ ਦੀ ਰਚਨਾ ਕਿਵੇਂ ਕਰੇਗਾ? ਵੇਦਾਂ ਨੂੰ ਲਿਖਣ ਵਾਸਤੇ ਕਲਮ ਕਿਸ ਹੱਥ ਵਿਚ ਫੜੇਗਾ? ਹੱਥ ਤਾਂ ਉਸਦੇ ਹੈਨ ਹੀ ਨਹੀਂ। ਨਾ ਵੇਦਾਂ ਦਾ ਕੋਈ ਰਚਨਾ ਕਾਲ ਹੈ ਨਾ ਇਹਨਾਂ ਦਾ ਕੋਈ ਵਿਨਾਸ਼ਕਾਲ ਹੋਵੇਗਾ। ਪਰਲੋਂ ਵਿਚ ਹੋਰ ਹਰ ਸ਼ੈ ਜਦੋਂ ਸਮਾਪਤ ਹੋ ਸਕਦੀ ਹੈ ਵੇਦ ਉਦੋਂ ਵੀ ਅਮਰ ਰਹਿਣਗੇ।

ਗਿਆਨ ਖੁਦ ਪ੍ਰਕਾਸ਼ਵਾਨ ਹੁੰਦਾ ਹੈ। ਇਸ ਨੂੰ ਪ੍ਰਗਟ ਕਰਨ ਵਾਸਤੇ ਕਿਸੇ ਹੋਰ ਸਾਧਨ ਦੀ ਸਹਾਇਤਾ ਦੀ ਲੋੜ ਨਹੀਂ ਪੈਂਦੀ। ਗਿਆਨ ਪ੍ਰਾਪਤੀ ਦੇ ਤਿੰਨ ਮੁੱਖ ਅੰਗ ਹਨ:

(ੳ) ਗਿਆਤਾ (ਆਤਮਾ)

(ਅ) ਗਿਆਤ (ਜਿਤ ਵਸਤੂ ਦਾ ਗਿਆਨ ਪ੍ਰਾਪਤ ਕਰਨਾ ਹੋਵੇ)

(ੲ) ਗਿਆਨ (ਲਖਸ਼, ਮਨੋਰਥ)

ਇਸ ਸਿਧਾਂਤ ਨੂੰ 'ਤ੍ਰੀਪੁਟੀ' ਕਿਹਾ ਜਾਂਦਾ ਹੈ ਤੇ ਇਹ ਪ੍ਰਭਾਕਰ ਰਿਸ਼ੀ ਦਾ ਮੱਤ ਹੈ। ਕੁਮਾਰਿਲ ਗਿਆਨ ਨੂੰ ਸਵੈਪ੍ਰਕਾਸ਼ਿਤ ਨਹੀਂ ਮੰਨਦਾ। ਉਸ ਅਨੁਸਾਰ ਗਿਆਨ ਆਤਮਾ ਦੀ ਕਿਰਿਆ ਹੈ ਤੇ ਆਤਮਾ ਦੀਆਂ ਕ੍ਰਿਆਵਾਂ ਨਾ ਆਪ ਪ੍ਰਗਟ ਹੁੰਦੀਆਂ ਹਨ ਨਾ ਉਹਨਾਂ ਨੂੰ ਕੋਈ ਹੋਰ ਪ੍ਰਗਟਾਉਂਦਾ ਹੈ। ਕੁਮਾਰਿਲ ਨੇ ਪ੍ਰਭਾਕਰ ਦੇ ਤ੍ਰੀਪੁਟੀ ਸਿਧਾਂਤ ਦੀ ਬਜਾਇ ਗਿਆਨ ਦਾ ਅਧਾਰ ਚਾਰ ਥੰਮ ਮੰਨੇ ਹਨ:

(ੳ) ਕਰਤਾ (ਗਿਆਨ ਪ੍ਰਾਪਤੀ ਕਰਨ ਵਾਲਾ)
(ਅ) ਕਰਮ (ਜਿਸ ਦਾ ਗਿਆਨ ਪ੍ਰਾਪਤ ਕੀਤਾ ਜਾਣਾ ਹੈ)
(ੲ) ਕਰਣ (ਸਾਧਨ)
(ਸ) ਫਲ (ਗਿਆਨ ਦੀ ਪ੍ਰਾਪਤੀ ਹੋ ਜਾਣ ਦੀ ਅਵਸਥਾ)

ਮੀਮਾਂਸਾ ਦਰਸ਼ਨ ਸੰਸਾਰ ਨੂੰ ਪਰਮਾਣੂਆਂ ਦਾ ਬਣਿਆ ਦਸਦਾ ਹੈ। ਅਸੰਖਾਂ ਪਰਮਾਣੂ, ਅਨੇਕਾਂ ਜੀਵ ਅਤੇ ਅਣਗਿਣਤ ਮੁਕਤ ਆਤਮਾਵਾਂ ਇਥੇ ਵਿਚਰ ਰਹੀਆਂ ਹਨ। ਵਸਤਾਂ ਪਦਾਰਥਾਂ ਤੋਂ ਬਣੀਆਂ ਹਨ ਤੇ ਕਿਉਂਕਿ ਪਦਾਰਥ ਭਾਂਤ ਭਾਂਤ ਦੇ ਹਨ, ਉਹਨਾ ਤੋਂ ਬਣੀਆਂ ਵਸਤਾਂ ਵਿਚ ਵੀ ਵਿਭਿੰਨਤਾ ਹੈ। ਮੀਮਾਂਸਾ ਅਨੁਸਾਰ ਜਗਤ ਦਾ ਨਾ ਕਦੀ ਆਰੰਭ ਹੋਇਆ ਹੈ ਨਾ ਕਦੀ ਅੰਤ ਹੋਵੇਗਾ। ਮੀਮਾਂਸਕ ਈਸ਼ਵਰ ਅਤੇ ਪਰਲੋਂ ਦੇ ਸਿਧਾਂਤ ਨੂੰ ਕੋਈ ਮਾਨਤਾ ਨਹੀਂ ਦਿੰਦੇ।

ਮੀਮਾਂਸਾ ਅਨੁਸਾਰ ਧਰਮ ਦਾ ਅਰਥ ਹੈ ਆਪਣੇ ਫਰਜ਼ ਦੀ ਪਾਲਣਾ ਕਰਨਾ। ਜੈਮਿਨੀ ਦਾ ਪਹਿਲਾ ਸੂਤਰ ਧਰਮ ਨੂੰ ਜਾਣਨ ਦੀ ਉਤਸੁਕਤਾ ਨਾਲ ਸਬੰਧਤ ਹੈ ਤੇ ਲਿਖਿਆ ਹੈ, "ਵਿਦਿਆਰਥੀਓ, ਇਹ ਸਮਝ ਲਵੋ ਕਿ ਗੁਰੂ ਪਾਸੋਂ ਵੇਦ ਦਾ ਅਧਿਐਨ ਕਰਦਿਆਂ ਹੋਇਆਂ ਤੁਹਾਨੂੰ ਧਰਮ ਦੀ ਜਗਿਆਸਾ ਰੱਖਣੀ ਚਾਹੀਦੀ ਹੈ।" ਇਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਵੇਦਾਂ ਵਿਚ ਵਰਣਨ ਹਰ ਪ੍ਰਕਾਰ ਦੇ ਕਰਮ ਕਾਂਡ ਵੀ ਧਰਮ ਹਨ ਤੇ ਉਹਨਾ ਦੀ ਪੂਰਤੀ ਹੋਣੀ ਚਾਹੀਦੀ ਹੈ। ਧਰਮ ਆਪਣੇ ਆਪ ਪੁੰਨ ਦੇ ਫਲ ਦੇ ਦੇਵੇਗਾ।

ਮੀਮਾਂਸਾ ਸ਼ਾਸਤਰ ਨੇ ਵੈਦਿਕ ਕਰਮ ਕਾਂਡ ਦੀ ਖੁੱਸੀ ਜਾ ਰਹੀ ਸ਼ਾਨ ਨੂੰ ਮੁੜ ਸੁਰਜੀਤ ਕੀਤਾ। ਕੇਵਲ ਮਹਾਤਮਾ ਬੁੱਧ ਨੇ ਹੀ ਨਹੀਂ, ਮਗਰੋਂ ਉਹਨਾਂ ਦੇ ਕੁਝ ਸ਼ਕਤੀਸ਼ਾਲੀ ਦਾਰਸ਼ਨਿਕਾਂ ਨੇ ਕਰਮਕਾਂਡ ਦੀਆਂ ਜੜ੍ਹਾਂ ਉਖੇੜ ਦਿਤੀਆਂ ਸਨ। ਵੇਦਾਂ ਵਿਚ ਤਾਂ ਵਿਸ਼ਵਾਸ ਕੀ ਰੱਖਣਾ ਸੀ ਬੁੱਧ ਨੇ ਆਪਣੇ ਹੀ ਚੇਲਿਆਂ ਨੂੰ ਇਥੋਂ ਤੱਕ ਕਹਿ ਦਿਤਾ ਸੀ ਕਿ ਮੇਰੀਆਂ ਸਿਖਿਆਵਾਂ ਉਪਰ ਵੀ ਇਸ ਕਰਕੇ ਵਿਸ਼ਵਾਸ ਨਾ ਕਰੋ ਕਿ ਉਹ ਮੈਂ, ਬੁੱਧ ਨੇ ਆਖੀਆਂ ਹਨ। ਆਪਣੇ ਜੀਵਨ ਵਿਚ ਉਹਨਾਂ ਦੀ ਸਚਾਈ ਨੂੰ ਪਰਖੋ ਤੇ ਸਹੀ ਸਿੱਧ ਹੋਣ ਦੀ ਸੂਰਤ ਵਿਚ ਹੀ ਕੇਵਲ ਉਹਨਾਂ ਨੂੰ ਪਰਵਾਨ ਕਰੋ। ਮਗਰੋਂ ਨਾਗਾਰਜੁਨ ਅਤੇ ਵਸੁਬੰਧੂ ਨੇ ਰਹਿੰਦੀ ਕਸਰ ਕੱਢ ਦਿਤੀ ਤੇ ਮਨੁੱਖੀ ਬੁੱਧੀ ਨੂੰ ਧਰਮ ਗ੍ਰੰਥਾਂ ਦੀ ਪ੍ਰਮਾਣਿਕਤਾ ਦਾ ਆਧਾਰ ਬਣਾਇਆ। ਇਹ ਸਭ ਕੁਝ ਵੈਦਿਕ ਪ੍ਰਥਾ ਲਈ ਮੌਤ ਬਣ ਕੇ ਸਾਹਮਣੇ ਆਇਆ। ਤਦ ਜੈਮਿਨੀ ਆਦਿਕ ਰਿਸ਼ੀਆਂ ਅਤੇ ਉਹਨਾਂ ਦੇ ਉੱਤਰ ਅਧਿਕਾਰੀਆਂ ਨੇ ਵੈਦਿਕ ਪਰੰਪਰਾ ਨੂੰ ਮੁੜ ਸੁਰਜੀਤ ਕਰਨ ਲਈ ਮੀਮਾਂਸਾ ਸ਼ਾਸਤਰ ਦਾ ਨਿਰਮਾਣ ਕੀਤਾ।

vi. ਵੇਦਾਂਤ

ਵੇਦਾਂਤ ਨੂੰ ਉੱਤਰ ਮੀਮਾਂਸਾ ਕਿਹਾ ਜਾਂਦਾ ਹੈ ਤੇ ਪਹਿਲੋਂ ਪਹਿਲ ਇਹੀ ਨਾਮ ਵਧੇਰੇ ਪ੍ਰਚਲਿਤ ਰਿਹਾ। ਹੁਣ 'ਵੇਦਾਂਤ' ਸ਼ਬਦ ਤੋਂ ਧਰਮਸ਼ਾਸਤਰ ਦੇ ਵਿਦਿਆਰਥੀ ਭਲੀ ਪਰਕਾਰ ਵਾਕਫ ਹਨ। ਵੇਦਾਂਤ ਸ਼ਬਦ ਦਾ ਅਰਥ ਹੈ ਵੇਦ ਦਾ ਅੰਤ (ਵੇਦ+ਅੰਤ=ਵੇਦਾਂਤ)। ਵੇਦਾਂਤ ਤੋਂ ਦੂਹਰਾ ਭਾਵ ਲਿਆ ਜਾਂਦਾ ਹੈ। ਵੇਦਾਂਤ ਦਾ ਇਕ ਅਰਥ ਅੰਤਿਮ ਗਿਆਨ ਤੋਂ ਹੈ, ਭਾਵ ਹੈ ਕਿ ਉੱਚਤਮ ਸਿਖਿਆ, ਜਿਸ ਤੋਂ

ਅਗੇ ਹੋਰ ਗਿਆਨ ਸੰਭਵ ਨਾ ਹੋਵੇ, ਅਰਥਾਤ ਗਿਆਨ ਦੀ ਉਚਤਮ ਸੀਮਾ ਆ ਗਈ ਹੋਵੇ। ਤੇ ਦੂਜਾ ਅਰਥ ਵੇਦਾਂਤ ਦਾ ਉਪਨਿਸ਼ਦਾਂ ਨਾਲ ਸਬੰਧਤ ਹੋਣ ਦਾ ਲਿਆ ਜਾਂਦਾ ਹੈ। ਵੇਦਾਂਤ ਉਪਨਿਸ਼ਦਾਂ ਉਤੇ ਅਧਾਰਤ ਹੈ ਤੇ ਉਪਨਿਸ਼ਦ ਵੇਦਾਂ ਦੇ ਅੰਤਮ ਭਾਗ ਹਨ। ਸੋ ਵੇਦਾਂ ਦੇ ਅਖੀਰ ਜਾਂ ਅੰਤ ਵਿਚ ਦਰਜ ਦਰਸ਼ਨ ਨੂੰ ਵੇਦਾਂਤ ਆਖਿਆ ਜਾਣ ਲੱਗਾ। ਉਹ ਦਰਸ਼ਨ, ਜਿਹੜਾ ਉਪਨਿਸ਼ਦਾਂ ਦੇ ਗਿਆਨ ਉਤੇ ਆਧਾਰਤ ਹੈ, ਵੇਦਾਂਤ ਅਖਵਾਉਂਦਾ ਹੈ। ਉਪਨਿਸ਼ਦਾਂ ਤੋਂ ਛੁਟ ਵੇਦਾਂਤੀ ਗੀਤਾ ਨੂੰ ਵੀ ਆਪਣੇ ਸ਼ਾਸਤਰ ਦਾ ਭਾਗ ਬਣਾਉਂਦੇ ਹਨ ਤੇ ਗੀਤਾ ਨੂੰ ਵੀ ਇਕ ਉਪਨਿਸ਼ਦ ਵਜੋਂ ਹੀ ਪ੍ਰਸਤੁਤ ਕੀਤਾ ਤੇ ਸਮਝਿਆ ਜਾਂਦਾ ਹੈ।

ਅਕਸਰ ਵੇਦਾਂਤ ਦਾ ਸੰਚਾਲਕ ਸ਼ੰਕਰ ਨੂੰ ਮੰਨਿਆ ਜਾਂਦਾ ਹੈ ਜੋ ਠੀਕ ਨਹੀਂ। ਦਰਅਸਲ ਸ਼ੰਕਰ ਦਾ ਨਾਮ ਵੇਦਾਂਤ ਨਾਲ ਉਸੇ ਪਰਕਾਰ ਜੁੜ ਚੁਕਿਆ ਹੈ ਜਿਵੇਂ ਵਾਰਿਸ ਦਾ ਹੀਰ ਦੇ ਕਿੱਸੇ ਨਾਲ। ਭਾਵੇਂ ਬਹੁਤ ਪਹਿਲਾਂ ਦਮੋਦਰ ਨੇ ਹੀਰ ਰਚ ਦਿਤੀ ਸੀ, ਪਰ ਘੱਟ ਲੋਕਾਂ ਨੇ ਹੀਰ ਦਮੋਦਰ ਬਾਰੇ ਸੁਣਿਆ ਹੈ। ਹੋਰ ਬਹੁਤ ਕਿੱਸਾਕਾਰਾਂ ਨੇ ਵੀ ਹੀਰ ਰਚੀ। ਇਸ ਪੰਜਾਬੀ ਪ੍ਰੇਮ ਕਥਾ ਨੂੰ ਹੀਰ ਰਾਂਝਾ ਆਖਣ ਦੀ ਬਜਾਇ ਸਗੋਂ ਹੀਰ ਵਾਰਿਸ ਆਖਿਆ ਜਾਂਦਾ ਹੈ ਕਿਉਂਕਿ ਸਭ ਤੋਂ ਪ੍ਰਸਿਧ ਵਾਰਿਸ ਦਾ ਕਿੱਸਾ ਹੋਇਆ। ਇਹੀ ਹਾਲ ਵੇਦਾਂਤ ਦਰਸ਼ਨ ਦਾ ਹੈ। ਸ਼ੰਕਰ ਦਾ ਨਾਮ ਲਏ ਬਗ਼ੈਰ ਵੇਦਾਂਤ ਦਾ ਅਧਿਐਨ ਕਿਸੇ ਪਰਕਾਰ ਵੀ ਸੰਪੂਰਣ ਨਹੀਂ ਸਮਝਿਆ ਜਾਂਦਾ। ਪਰ ਵੇਦਾਂਤ ਸ਼ਾਸਤਰ ਦਾ ਨਿਰਮਾਤਾ ਬਾਦਰਾਇਣ ਸੀ ਜਿਹੜਾ ਲਗਭਗ ਦੂਜੀ ਸਦੀ ਈਸਵੀ ਵਿਚ ਹੋਇਆ। ਉਸਨੇ ਉਪਨਿਸ਼ਦਾਂ ਦੀ ਸਮੁੱਚੀ ਸਿੱਖਿਆ ਨੂੰ ਵੇਦਾਂਤੀ ਗਿਆਨ ਪ੍ਰਣਾਲੀ ਵਿਚ ਸੂਤਰਬੱਧ ਕੀਤਾ। ਬਾਦਰਾਇਣ ਦੇ ਇਸ ਗ੍ਰੰਥ ਦਾ ਨਾਮ ਵੇਦਾਂਤ-ਸੂਤਰ ਜਾਂ ਬ੍ਰਹਮਸੂਤਰ ਹੈ। ਕੁੱਝ ਲੋਕ ਆਖਦੇ ਹਨ ਕਿ ਬ੍ਰਹਮਸੂਤਰ ਗ੍ਰੰਥ ਦੀ ਰਚਨਾ ਬਾਦਰਾਇਣ ਨੇ ਨਹੀਂ ਸਗੋਂ ਵਿਆਸ ਰਿਸ਼ੀ ਨੇ ਕੀਤੀ ਸੀ। ਪਰ ਹੁਣ ਸਾਰੀਆਂ ਪਰੰਪਰਾਵਾਂ ਵਿਚ ਇਹ ਵਿਚਾਰ ਪਾਇਆ ਜਾਂਦਾ ਹੈ ਕਿ ਬਾਦਰਾਇਣ ਅਤੇ ਵਿਆਸ ਇਹ ਦੋਵੇਂ ਇਕੋ ਰਿਸ਼ੀ ਦੇ ਨਾਮ ਹਨ। ਇਹ ਗ੍ਰੰਥ ਏਨਾ ਜਟਿਲ ਹੈ ਕਿ ਇਸ ਦੀ ਵਿਆਖਿਆ ਕਰਦਿਆਂ ਸ਼ੰਕਰ ਨੇ ਅਦਵੈਤਵਾਦ ਕੱਢ ਲਿਆ, ਰਾਮਾਨੁਜ ਨੇ ਵਿਸ਼ਿਸ਼ਟ ਅਦਵੈਤ ਅਤੇ ਮਾਧਵ ਨੇ ਦਵੈਤ ਦਰਸ਼ਨ ਦੀ ਰਚਨਾ ਕਰ ਦਿਤੀ। ਹੋਰ ਵੀ ਕਈ ਪਰਕਾਰ ਦੀਆਂ ਵਿਆਖਿਆਵਾਂ ਸੰਭਵ ਹਨ।

ਸ਼ੰਕਰ ਦੇ ਨਾਮ ਹੇਠ ਵਿਚਾਰੇ ਜਾਂਦੇ ਅਦਵੈਤਵਾਦ ਦੀ ਨੀਂਹ ਸ਼ੰਕਰ ਦੇ ਗੁਰੂ ਦੇ ਗੁਰੂ ਗੌੜਪਾਦ ਨੇ ਆਪਣੇ ਗ੍ਰੰਥ ਗੌੜਪਾਦ-ਕਾਰਿਕਾ ਵਿਚ ਰਖੀ। ਇਸ ਗ੍ਰੰਥ ਨੂੰ ਮਾਂਡੂਕਯ-ਕਾਰਿਕਾ ਵੀ ਕਿਹਾ ਜਾਂਦਾ ਹੈ। ਗੌੜਪਾਦ ਨਾ ਸਿਰਫ ਉਪਨਿਸ਼ਦਾਂ ਤੋਂ ਸਗੋਂ ਬੁੱਧ ਮੱਤ ਦੇ ਦਰਸ਼ਨ ਤੋਂ ਵੀ ਕਾਫੀ ਪ੍ਰਭਾਵਿਤ ਪ੍ਰਤੀਤ ਹੁੰਦਾ ਹੈ। ਗੌੜਪਾਦ ਦੇ ਹੇਠ ਲਿਖੇ ਤਿੰਨ ਸਿਧਾਂਤ ਹਨ:

(ੳ) ਸੰਸਾਰ ਵਿਚ ਨਾ ਕੁਝ ਜੰਮਦਾ ਹੈ ਨਾ ਮਰਦਾ ਹੈ। 'ਉਤਪਤੀ' ਸ਼ਬਦ ਹੀ ਆਪਣੇ ਆਪ ਵਿਚ ਗਲਤ ਹੈ। ਇਸ ਨਿਯਮ ਨੂੰ ਅਜਾਤੀਵਾਦੀ ਕਿਹਾ ਜਾਂਦਾ ਹੈ। ਉਤਪਤੀ ਅਤੇ ਵਿਨਾਸ਼ ਭਰਮ ਹਨ, ਸੱਚ ਨਹੀਂ।

(ਅ) ਸੰਸਾਰ ਦਾ ਸਾਰ ਸ਼ੁੱਧ ਚੇਤਨਾ ਹੈ ਜਿਹੜੀ ਤੱਤ ਰੂਪ ਹੈ। ਬਾਕੀ ਸਭ ਦਵੰਦ ਹੈ।

(ੲ) ਅੰਤਮ ਪ੍ਰਾਪਤੀ ਤੁਰੀਆ ਅਵਸਥਾ ਹੈ ਜਿਹੜੀ ਸ਼ੁੱਧ ਗਿਆਨ ਰਾਹੀਂ ਹਾਸਲ ਹੋ ਸਕਦੀ ਹੈ। ਜਿਵੇਂ ਅਨਾਜ ਪਕਾਉਣ ਲਈ ਅੱਗ ਦੀ ਜ਼ਰੂਰਤ ਹੈ ਉਵੇਂ ਹੀ ਮੁਕਤੀ ਪ੍ਰਾਪਤ ਕਰਨ ਲਈ ਗਿਆਨ ਜ਼ਰੂਰੀ ਹੈ। ਜਿਵੇਂ ਸੂਰਜ ਦਾ ਚਾਨਣ ਹਨੇਰੇ ਨੂੰ ਦੂਰ ਕਰਦਾ ਹੈ ਇਵੇਂ ਗਿਆਨ ਦੁਆਰਾ ਅਗਿਆਨ ਦਾ ਨਾਸ ਹੋ ਜਾਂਦਾ ਹੈ। ਹਨੇਰਾ ਮਿਟਾਉਣ ਵਾਸਤੇ ਰੌਸ਼ਨੀ ਨੂੰ ਕੋਈ ਮਿਹਨਤ ਨਹੀਂ ਕਰਨੀ ਪੈਂਦੀ- ਆਪਣੇ ਆਪ ਹੀ ਉਸਦਾ ਖਾਤਮਾ ਹੋ ਜਾਂਦਾ ਹੈ, ਇਵੇਂ ਗਿਆਨੀ ਮਨੁੱਖ ਦੇ ਸਾਹਮਣੇ ਅਗਿਆਨ ਆਪਣੇ ਆਪ ਲੋਪ ਹੋ ਜਾਂਦਾ ਹੈ।

ਗੌੜਪਾਦ ਅਗਿਆਨੀ ਵਿਅਕਤੀ ਦੀ ਤੁਲਨਾ ਸੁਤੇ ਪਏ ਆਦਮੀ ਨਾਲ ਕਰਦਾ ਹੈ। ਸੁਫਨੇ ਵਿਚਲੀਆਂ ਵਸਤਾਂ ਅਤੇ ਘਟਨਾਵਾਂ ਸੱਚੀਆਂ ਨਹੀਂ ਹੁੰਦੀਆਂ। ਸੁਫਨੇ ਦੀਆਂ ਘਟਨਾਵਾਂ ਸਾਡੇ ਸਰੀਰ ਅੰਦਰ ਹੀ ਕੇਵਲ ਵਾਪਰਦੀਆਂ ਹਨ, ਬਾਹਰ ਉਹਨਾਂ ਦੀ ਕੋਈ ਅਸਲੀਅਤ ਨਹੀਂ ਹੁੰਦੀ। ਨੀਂਦ ਤੋਂ ਜਾਗਣ ਉਪਰੰਤ ਹਰ ਵਿਅਕਤੀ ਪ੍ਰਤੀਤ ਕਰਦਾ ਹੈ ਕਿ ਇਕ ਸੁਫਨਾ ਸੀ ਜੋ ਚਲਾ ਗਿਆ ਹੈ। ਉਹ ਸੁਫਨੇ ਵਿਚ ਜਿਵੇਂ ਵਿਹਾਰ ਕਰ ਰਿਹਾ ਸੀ ਜਾਗਣ ਤੇ ਉਸ ਵਾਂਗ ਵਿਹਾਰ ਨਹੀਂ ਕਰਦਾ। ਇਹੀ ਹਾਲਤ ਗਿਆਨੀ ਅਤੇ ਅਗਿਆਨੀ ਵਿਅਕਤੀ ਦੀ ਹੈ। ਅਗਿਆਨੀ ਸੁਫਨੇ ਵਿਚ ਵਿਚਰ ਰਹੇ ਮਨੁੱਖ ਵਾਂਗ ਸੰਸਾਰ ਨੂੰ ਸੱਤ ਸਮਝ ਬੈਠਦਾ ਹੈ ਪਰ ਗਿਆਨਵਾਨ ਪੁਰਖ ਅਜਿਹਾ ਨਹੀਂ ਕਰਦਾ।

ਸ਼ੰਕਰਾਚਾਰੀਆ ਸੱਤਵੀਂ ਸਦੀ ਦੇ ਅਖੀਰ ਵਿਚ ਜਾਂ ਅੱਠਵੀਂ ਸਦੀ ਦੇ ਆਰੰਭ ਵਿਚ ਹੋਇਆ। ਸ਼ੰਕਰ ਨਾਲ ਹੀ ਬ੍ਰਾਹਮਣੀ ਮੱਤ ਦਾ ਪੁਨਰ ਜਾਗਰਣ ਕਾਲ ਆਰੰਭ ਹੁੰਦਾ ਹੈ। ਸ਼ੰਕਰ ਨੇ ਬੁੱਧ ਮਤ ਦੀਆਂ ਜੜ੍ਹਾਂ ਹਿਲਾ ਦਿਤੀਆਂ। ਸ਼ੰਕਰ ਦੇ ਸਿਧਾਂਤ ਨੂੰ ਅਦਵੈਤਵਾਦ ਕਿਹਾ ਜਾਂਦਾ ਹੈ, ਤੇ ਉਸਦੇ ਇਸ ਦਰਸ਼ਨ ਦਾ ਆਧਾਰ ਉਪਨਿਸ਼ਦਾਂ ਦੀ ਸਿਖਿਆ ਅਤੇ ਭਗਵਤ ਗੀਤਾ ਦੀ ਫਿਲਾਸਫੀ ਹੈ। ਉਪਨਿਸ਼ਦਾਂ ਅਤੇ ਗੀਤਾ ਉਤੇ ਸ਼ੰਕਰ ਨੇ ਟੀਕਾ ਵੀ ਲਿਖਿਆ ਹੈ। ਪਰ ਸਭ ਤੋਂ ਪ੍ਰਸਿਧ ਰਚਨਾ ਉਸਦੀ ਬ੍ਰਹਮਸੂਤਰ ਉਤੇ ਟੀਕਾਕਾਰੀ ਹੈ। ਪਿਛੋਂ ਹੋਰ ਸ਼ਿਸ਼ਾਂ ਨੇ ਸ਼ੰਕਰ ਦੇ ਦਰਸ਼ਨ ਦਾ ਵਿਸਥਾਰ ਕੀਤਾ।

ਸ਼ੰਕਰ ਅਨੁਸਾਰ ਪ੍ਰਮਾਣ ਤਿੰਨ ਮੰਨੇ ਜਾ ਸਕਦੇ ਹਨ:

(ੳ) ਸ਼ਬਦ ਪ੍ਰਮਾਣ

(ਅ) ਅਨੁਮਾਨ

(ੲ) ਪ੍ਰਤੱਖ

ਸ਼ਬਦ ਤੋਂ ਭਾਵ ਵੇਦਾਂ ਦੀ ਬਾਣੀ ਹੈ ਤੇ ਸ਼ੰਕਰ ਅਨੁਸਾਰ ਵੇਦ ਬਾਣੀ ਉਤੇ ਕਿੰਤੂ ਨਹੀਂ ਹੋ ਸਕਦਾ ਕਿਉਂਕਿ ਇਹ ਅਨੁਭਵ ਉਤੇ ਪੂਰੀ ਉਤਰਦੀ ਹੈ। ਪਰ ਜਿਹੜੀ ਗੱਲ ਅਨੁਭਵ ਤੇ ਪੂਰੀ ਨਾ ਉਤਰੇ ਸ਼ੰਕਰ ਉਸਨੂੰ ਮੰਨਣ ਲਈ ਤਿਆਰ ਨਹੀਂ। ਜਿਵੇਂ ਉਹ ਆਖਦਾ ਹੈ "ਹਜ਼ਾਰ ਵੇਦ ਵਾਕ ਵੀ ਅੱਗ ਨੂੰ ਠੰਢਾ ਨਹੀਂ ਬਣਾ ਸਕਦੇ"। ਜੇ ਕਿਤੇ ਵੇਦ ਆਖੇ ਕਿ ਅੱਗ ਠੰਢੀ ਹੁੰਦੀ ਹੈ ਤਾਂ ਇਹ ਗੱਲ ਮੰਨੀ ਨਹੀਂ ਜਾਵੇਗੀ ਕਿਉਂਕਿ ਇਹ ਅਨੁਭਵ ਤੇ ਪੂਰੀ ਨਹੀਂ ਉਤਰਦੀ।

ਅਨੁਮਾਨ ਦਾ ਪਰਮਾਣ ਤਰਕ ਰਹਿਤ ਨਹੀਂ ਹੋਣਾ ਚਾਹੀਦਾ। ਸ਼ੰਕਰ ਤਰਕ ਨੂੰ ਵਿਸ਼ਵਾਸ ਕਰਨ ਯੋਗ ਹਥਿਆਰ ਆਖਦਾ ਹੈ ਤੇ ਕਹਿੰਦਾ ਹੈ ਕਿ ਜਿਹੜਾ ਸੱਚ ਤਰਕ ਦੀ ਕਸਵਟੀ ਤੇ ਪੂਰਾ ਨਹੀਂ ਉਤਰਦਾ ਉਸ ਉਤੇ ਵਿਸ਼ਵਾਸ ਨਹੀਂ ਕਰਨਾ ਚਾਹੀਦਾ। ਅਨੁਮਾਨ ਅਤੇ ਅਨੁਭਵ ਇਹ ਦੋਵੇਂ ਆਪੇ ਵਿਚ ਨਿਖੇੜੇ ਨਹੀਂ ਜਾ ਸਕਦੇ ਕਿਉਂਕਿ ਅਨੁਭਵ ਤੋਂ ਬਗੈਰ ਤਾਂ ਵੇਦ ਬਾਣੀ ਵੀ ਇਕ ਖਾਸ ਬੋਲੀ ਵਿਚ ਲਿਖੇ ਛੰਦਾਬੰਦੀ ਦੇ ਗ੍ਰੰਥ ਤੋਂ ਬਿਨਾਂ ਹੋਰ ਕੁਝ ਨਹੀਂ।

ਪਰਤੱਖ ਗਿਆਨ ਦੇ ਦੋ ਆਧਾਰ ਹਨ:

(ੳ) ਇੰਦਰੀ ਗਿਆਨ

(ਅ) ਅੰਤਰ ਅਨੁਭਵ

ਇੰਦਰੀ ਗਿਆਨ ਸਹਾਈ ਜ਼ਰੂਰ ਹੁੰਦਾ ਹੈ ਪਰ ਇਸ ਵਿਚ ਕਮੀ ਹੁੰਦੀ ਹੈ ਕਿ ਵਸਤ ਅਤੇ ਦ੍ਰਸ਼ਟਾ, ਭਾਵ ਗਿਆਤ ਅਤੇ ਗਿਆਤਾ ਵਿਚਕਾਰ ਹਮੇਸ਼ਾ ਭੇਦ ਬਣਿਆ ਰਹਿੰਦਾ ਹੈ। ਇਹ ਭੇਦ ਦਵੈਤ ਨੂੰ ਜਨਮ ਦਿੰਦਾ ਹੈ। ਪਰ ਇਸਦੇ ਉਲਟ ਅੰਤਰ ਅਨੁਭਵ ਰਾਹੀਂ ਅਸੀਂ ਸੱਚ ਦੇ ਸਿਧੇ ਦਰਸ਼ਨ ਕਰ ਸਕਦੇ ਹਾਂ। ਅੰਤਰ ਅਨੁਭਵ ਵਿਚ ਭਾਵੇਂ ਗਿਆਨ ਇੰਦਰੀਆਂ ਦਾ ਸਹਾਰਾ ਲਿਆ ਜਾਂਦਾ ਹੈ ਪਰ ਮਨ ਅੰਤਿਮ ਫੈਸਲਾ ਕਰਦਾ ਹੈ।

ਸ਼ੰਕਰ ਦਾ ਦਰਸ਼ਨ ਬ੍ਰਹਮਵਾਦੀ ਸਿਧਾਂਤ ਹੈ। ਸ਼ੰਕਰ ਅਨੁਸਾਰ ਬ੍ਰਹਮ ਸਰਬੱਗ, ਸਰਬਸ਼ਕਤੀਮਾਨ ਸੱਤਾ ਹੈ ਤੇ ਉਸਤੋਂ ਵਿਸ਼ਵ ਦੀ ਉਤਪਤੀ ਹੋਈ। ਬ੍ਰਹਮ ਕਾਰਨ ਹੈ ਤੇ ਸਾਰੇ ਨਤੀਜੇ ਅਤੇ ਕਾਰਜ ਉਸ ਉਤੇ ਆਧਾਰਿਤ ਹਨ। ਜਿਵੇਂ ਕੱਪੜੇ ਵਾਸਤੇ ਰੂੰ ਹੈ, ਜਿਵੇਂ ਦੁੱਧ ਤੋਂ ਬਗੈਰ ਦਹੀਂ ਨਹੀਂ ਹੋ ਸਕਦੀ, ਜਿਵੇਂ ਮਿੱਟੀ ਤੋਂ ਬਗੈਰ ਘੜੇ ਦੀ ਕਲਪਨਾ ਨਹੀਂ ਹੋ ਸਕਦੀ, ਜਿਵੇਂ ਸੋਨੇ ਬਗੈਰ ਕੰਗਣ ਨਹੀਂ ਘੜਿਆ ਜਾ ਸਕਦਾ ਉਸੇ ਪਰਕਾਰ ਬ੍ਰਹਮ ਦੀ ਹੋਂਦ ਦੇ ਬਗੈਰ ਸੰਸਾਰ ਦੀ ਕਲਪਣਾ ਹੋ ਹੀ ਨਹੀਂ ਸਕਦੀ। ਉਹ ਸ੍ਰਿਸ਼ਟੀ ਵੀ ਹੈ ਸ੍ਰਸ਼ਟਾ ਵੀ, ਦਰਸ਼ਕ ਵੀ ਹੈ ਤੇ ਦ੍ਰਿਸ਼ਟੀ ਵੀ। ਉਹੀ ਸੱਤ ਚਿੱਤ ਅਤੇ ਆਨੰਦ ਹੈ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਬੁਰਾਈ ਵੀ ਪਰਮਾਤਮਾ ਨੇ ਪੈਦਾ ਕੀਤੀ? ਕੁਝ ਕੁ ਵਿਅਕਤੀ ਹਮੇਸ਼ਾਂ ਮੌਜ ਕਰਦੇ ਹਨ ਤੇ ਕੁੱਝ ਦੁਖੀ ਰਹਿੰਦੇ ਹਨ ਇਸ ਦਾ ਕੀ ਕਾਰਨ ਹੈ? ਦੇਵਤੇ ਹਮੇਸ਼ਾਂ ਪ੍ਰਸੰਨ ਰਹਿੰਦੇ ਹਨ ਤੇ ਪਸ਼ੂ ਦੁਖੀ ਜੀਵਨ ਬਤੀਤ ਕਿਉਂ ਕਰਦੇ ਹਨ? ਕੀ ਇਨਸਾਫ ਪਸੰਦ ਪਰਮਾਤਮਾ ਅਜਿਹਾ ਕਰ ਸਕਦਾ ਹੈ? ਇਸਦਾ ਉੱਤਰ ਸ਼ੰਕਰ ਇਸ ਪਰਕਾਰ ਦਿੰਦਾ ਹੈ, "ਸ਼ੁਰੂ ਵਿਚ ਕੇਵਲ ਇਕ ਪਰਮਾਤਮਾ ਦੀ ਹੋਂਦ ਸੀ। ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਕੋਈ ਕਰਮ ਨਹੀਂ ਸਨ। ਫਿਰ ਸੰਸਾਰ ਜਿਹੜਾ ਦੋਸ਼ਪੂਰਨ ਹੈ, ਅਗਿਆਨ ਪੂਰਨ ਹੈ, ਇਹ ਦੋਸ਼-ਰਹਿਤ ਗਿਆਨਵਾਨ ਪਰਮਾਤਮਾ ਤੋਂ ਕਿਵੇਂ ਪੈਦਾ ਹੋ ਸਕਦਾ ਹੈ? ਇਸ ਦਾ ਉੱਤਰ ਹੈ ਕਿ ਕਮੀਆਂ ਵਾਲਾ ਸੰਸਾਰ ਪਰਮਾਤਮਾ ਤੋਂ ਉਸੇ ਪਰਕਾਰ ਪੈਦਾ ਹੋ ਸਕਦਾ ਹੈ ਜਿਵੇਂ ਜਿਉਂਦੇ ਮਨੁੱਖ ਦੇ ਜਿਸਮ ਵਿਚੋਂ ਨਿਰਜੀਵ ਵਾਲ ਉਤਪੰਨ ਹੋ ਜਾਂਦੇ ਹਨ। ਸਮੁੰਦਰ ਵਿਚ ਝੱਗ ਹੈ, ਲਹਿਰਾਂ ਹਨ ਅਤੇ ਬੁਲਬਲੇ ਹਨ। ਝੱਗ ਅਤੇ ਲਹਿਰਾਂ ਸਮੁੰਦਰ ਨਹੀਂ ਹਨ, ਇਹ ਉਸ ਵਿਚ ਆਪੇ ਪੈਦਾ ਹੁੰਦੇ ਰਹਿੰਦੇ ਹਨ ਆਪੇ ਖਤਮ ਹੋ ਜਾਂਦੇ ਹਨ। ਇਵੇਂ ਹੀ ਬ੍ਰਹਮ ਵਿਚੋਂ ਜਗਤ ਦੀ ਉਤਪਤੀ ਹੋਈ। ਇਕੋ ਸੂਰਜ ਅਨੇਕ

ਪਰਕਾਰ ਦੇ ਫੂਲ ਫਲ ਪੈਦਾ ਕਰਦਾ ਹੈ। ਇਕੋ ਧਰਤੀ ਵਿਚ ਅਨੇਕ ਖਣਿਜ ਪਦਾਰਥ ਹਨ ਤੇ ਇਕੋ ਅਨਾਜ ਲਹੂ ਵੀ ਬਣਦਾ ਹੈ, ਵਾਲ ਵੀ, ਮਾਸ ਅਤੇ ਨਹੁੰ ਵੀ। ਜਿਵੇਂ ਦੁੱਧ ਦਹੀਂ ਵਿਚ ਬਦਲ ਜਾਂਦਾ ਹੈ ਅਤੇ ਪਾਣੀ ਦੀ ਬਰਫ ਬਣ ਜਾਂਦੀ ਹੈ ਉਸੇ ਪਰਕਾਰ ਬ੍ਰਹਮ ਰੂਪ ਵਟਾ ਕੇ ਜਗਤ ਬਣ ਜਾਂਦਾ ਹੈ ਤੇ ਫਿਰ ਜਗਤ ਨੂੰ ਆਪਣੇ ਵਿਚ ਸਮੇਟ ਵੀ ਲੈਂਦਾ ਹੈ।" ਸ਼ੰਕਰ ਅਨੁਸਾਰ ਆਤਮਾ ਹੀ ਬ੍ਰਹਮ ਹੈ। ਆਤਮਾ ਬ੍ਰਹਮ ਵਾਂਗ ਹੀ ਸਤ ਚਿਤ ਆਨੰਦ ਦਾ ਸਰੂਪ ਹੈ।

ਸ਼ੰਕਰ ਬ੍ਰਹਮ ਦੇ ਨਿਰਗੁਣ ਸਰੂਪ ਨੂੰ 'ਸ਼ੂਨਯ' ਨਹੀਂ ਆਖਦਾ ਕਿਉਂਕਿ ਸ਼ੂਨਯ ਦਾ ਅਰਥ ਹੋਵੇਗਾ ਕਿ ਉਹ 'ਕੁੱਝ ਵੀ ਨਹੀਂ' ਭਾਵ ਅਸੱਤ ਹੈ। ਉਹ ਗੋਚਰ ਗੁਣਾਂ ਤੋਂ ਅਤੀਤ ਹੋ ਸਕਦਾ ਹੈ, ਸਾਡੀਆਂ ਗਿਆਨ ਇੰਦਰੀਆਂ ਦੀ ਪਕੜ ਤੋਂ ਬਾਹਰ ਹੋ ਸਕਦਾ ਹੈ ਪਰ ਉਸ ਦੀ ਅਣਹੋਂਦ ਨਹੀਂ। ਉਹੀ ਤਾਂ ਸਾਰੀ ਹੋਂਦ ਦਾ ਮੂਲ ਹੈ। ਇਕੋ ਬ੍ਰਹਮ ਸਰਗੁਣ ਵੀ ਹੈ ਅਤੇ ਨਿਰਗੁਣ ਵੀ।

ਸ਼ੰਕਰ ਦਾ ਮਾਇਆ ਦਾ ਸਿਧਾਂਤ ਉਸਦੀ ਮੌਲਿਕ ਦੇਣ ਹੈ। ਬ੍ਰਹਮ ਜੇ ਸੱਤ ਹੈ ਤਾਂ ਜਗਤ ਮਿਥਿਆ ਕਿਵੇਂ ਹੋਇਆ? ਸਚਾਈ ਵਿਚੋਂ ਤਾਂ ਕਦੀ ਵੀ ਝੂਠ ਜਨਮ ਨਹੀਂ ਲੈ ਸਕਦਾ। ਇਥੇ ਮਾਇਆਵਾਦ ਦਾ ਸਿਧਾਂਤ ਜਨਮ ਲੈਂਦਾ ਹੈ ਤੇ ਇਹ ਮਾਇਆਵਾਦ ਸ਼ੰਕਰ ਦੇ ਦਰਸ਼ਨ ਦਾ ਧੁਰਾ ਹੈ। ਮਾਇਆ ਦਾ ਅਰਥ ਹੈ ਭਰਮ, ਭੁਲੇਖਾ, ਮਿਥਿਆ। ਜਾਦੂਗਰ ਹਵਾ ਵਿਚੋਂ ਵੀ ਗੇਂਦ ਪੈਦਾ ਕਰ ਦਿੰਦਾ ਹੈ, ਇਹ ਉਸਦੀ ਮਾਇਆ ਹੈ। ਕਈ ਵਾਰ ਰੱਸੀ ਨੂੰ ਸੱਪ ਸਮਝ ਲੈਂਦੇ ਹਾਂ ਤੇ ਡਰ ਜਾਂਦੇ ਹਾਂ। ਰੱਸੀ ਸੱਪ ਨਹੀਂ ਹੁੰਦੀ, ਸੱਪ ਦਾ ਭੁਲੇਖਾ ਪੈ ਜਾਣਾ ਮਾਇਆ ਹੈ। ਜਿਵੇਂ ਰੱਸੀ ਨੂੰ ਅਸੀਂ ਸੱਪ ਸਮਝ ਲੈਂਦੇ ਹਾਂ ਇਸੇ ਪਰਕਾਰ ਅਗਿਆਨੀ ਲੋਕ ਜਗਤ ਨੂੰ ਬ੍ਰਹਮ ਸਮਝ ਲੈਂਦੇ ਹਨ। ਮਾਇਆ ਦਾ ਸਿਧਾਂਤ ਹੇਠ ਲਿਖੇ ਤੱਥਾਂ ਉਤੇ ਉਸਾਰਿਆ ਗਿਆ ਹੈ।

(ੳ) ਕੇਵਲ ਬ੍ਰਹਮ ਸੱਤ ਹੈ ਉਸ ਤੋਂ ਬਿਨਾਂ ਹੋਰ ਕੁਝ ਵੀ ਸੱਤ ਨਹੀਂ, ਬ੍ਰਹਮ ਤੋਂ ਕੁੱਝ ਵੀ ਵੱਖ ਨਹੀਂ। ਜੇ ਸੰਸਾਰ ਆਪਣੇ ਆਪ ਵਿਚ ਸੁਤੰਤਰ ਹੋਂਦ ਪ੍ਰਤੀਤ ਹੁੰਦਾ ਹੈ ਤਾਂ ਇਹ ਭਰਮ ਹੈ, ਮਾਇਆ ਹੈ, ਬ੍ਰਹਮ ਤੋਂ ਵੱਖ ਕੋਈ ਜਗਤ ਨਹੀਂ ਹੈ। ਦਰਅਸਲ ਬ੍ਰਹਮ ਹੀ ਹੈ ਜਗਤ ਨਹੀਂ।

(ਅ) ਤਰਕ ਦੇ ਆਧਾਰ ਤੇ ਜਗਤ ਦੀ ਵਿਆਖਿਆ ਨਹੀਂ ਹੋ ਸਕਦੀ ਇਸ ਕਰਕੇ ਵੀ ਇਸ ਨੂੰ ਮਾਇਆ ਆਖ ਸਕਦੇ ਹਾਂ।

(ੲ) ਜਗਤ ਪਰਿਵਰਤਨਸ਼ੀਲ ਹੈ, ਵਿਨਾਸ਼ਵਾਨ ਹੈ। ਪਰ ਬ੍ਰਹਮ ਅਪਰਿਵਰਤਿਤ ਅਤੇ ਅਮਰ ਹੈ। ਦੋਹਾਂ ਵਿਚ ਫਰਕ ਦਾ ਕਾਰਨ ਮਾਇਆ ਹੈ।

(ਸ) ਇੰਦਰੀਆਂ ਰਾਹੀਂ ਪਰਖੀਏ ਤਾਂ ਜਗਤ ਸੱਤ ਲਗਦਾ ਹੈ ਪਰ ਅਨੁਭਵ ਰਾਹੀਂ ਰਿਸ਼ੀਆਂ ਨੇ ਦੇਖ ਲਿਆ ਹੈ ਕਿ ਇਹ ਮਿਥਿਆ ਹੈ। ਇਕੋ ਚੀਜ਼ ਸੱਤ ਅਤੇ ਅਸੱਤ ਨਹੀਂ ਹੋ ਸਕਦੀ। ਇਹ ਫਰਕ ਮਾਇਆ ਕਾਰਨ ਹੈ।

(ਹ) ਮਾਇਆ ਬ੍ਰਹਮ ਦੀ ਨਹੀਂ ਈਸ਼ਵਰ ਦੀ ਇਕ ਸ਼ਕਤੀ ਹੈ। ਇਸ ਨੂੰ ਈਸ਼ਵਰ ਦੀ ਰਚਨਾਤਮਕ ਸ਼ਕਤੀ ਵੀ ਆਖ ਸਕਦੇ ਹਾਂ।

(ਕ) ਜਿਵੇਂ ਜਾਦੂਗਰ ਨੂੰ ਆਪਣੀ ਖੇਡ ਦੀ ਵਿਉਂਤ ਦੀ ਸਮਝ ਹੈ ਦਰਸ਼ਕਾਂ ਨੂੰ ਪਤਾ ਨਹੀਂ, ਉਸੇ ਪਰਕਾਰ ਬ੍ਰਹਮ ਮਾਇਆ ਬਾਰੇ ਜਾਣਦਾ ਹੈ ਪਰ ਮਾਇਆ ਵਿਚ ਗ੍ਰਸਤ ਜੀਵ ਉਸਨੂੰ ਸਮਝਣ ਤੋਂ ਅਸਮਰਥ ਹਨ।

ਸ਼ੰਕਰ ਨੇ ਆਪਣੇ ਤੋਂ ਪਹਿਲੇ ਰਚੇ ਗਏ ਮਹਾਨ ਗ੍ਰੰਥਾਂ ਦੀ ਪਰੰਪਰਾ ਵਿਚ ਭਾਵੇਂ ਆਪਣਾ ਦਰਸ਼ਨ ਰਚਿਆ ਪਰ ਇਸ ਵਿਚ ਉਸਦੀ ਮੌਲਿਕਤਾ ਪਰਤੱਖ ਦਿਸਦੀ ਹੈ। ਉਸਨੇ ਭਾਰਤੀ ਦਰਸ਼ਨ ਨੂੰ ਇਕ ਲੜੀ ਵਿਚ ਪਰੋਣ ਦਾ ਮਹਾਨ ਕਾਰਜ ਕੀਤਾ। ਸ਼ੰਕਰ ਨੇ ਬੁੱਧ ਮੱਤ ਅਤੇ ਜੈਨ ਮੱਤ ਤੋਂ ਬਹੁਤ ਕੁੱਝ ਹਾਸਲ ਕੀਤਾ ਤੇ ਇਸ ਗਿਆਨ ਦਾ ਸਦਕਾ ਉਸਨੇ ਇਹਨਾਂ ਮੱਤਾਂ ਦਾ ਖੰਡਨ ਕੀਤਾ। ਬ੍ਰਹਮ, ਮਾਇਆ ਅਤੇ ਜਗਤ ਸਬੰਧੀ ਉਸਦੀਆਂ ਪੇਸ਼ ਕੀਤੀਆਂ ਮਨੌਤਾਂ ਅਤੇ ਧਾਰਨਾਵਾਂ ਇਕ ਧੁਰੰਧਰ ਵਿਦਵਾਨ ਦੀਆਂ ਨਿਰਮਾਣ ਕੀਤੀਆਂ ਹੋਈਆਂ ਸਿਧਾਂਤਕ ਪ੍ਰਣਾਲੀਆਂ ਹਨ। ਵੈਦਿਕ ਧਰਮ ਦੀ ਮਿਟਦੀ ਜਾ ਰਹੀ ਪਰੰਪਰਾ ਨੂੰ ਮੁੜ ਸੁਰਜੀਤ ਕਰਨ ਦਾ ਸਿਹਰਾ ਸ਼ੰਕਰ ਦੇ ਸਿਰ ਜਾਂਦਾ ਹੈ। ਭਾਰਤੀ ਧਰਮ ਦਰਸ਼ਨ ਦੇ ਸੰਦਰਭ ਵਿਚ ਸ਼ੰਕਰ ਦੀ ਦੇਣ ਅਦੁੱਤੀ ਹੈ।

ਵੈਦਿਕ ਮੱਤ : ਸਮੁੱਚਾ ਸਰਵੇਖਣ

ਵੈਦਿਕ ਮੱਤ ਉਸ ਧਰਮ ਦੀ ਪ੍ਰਤੀਨਿਧਤਾ ਕਰਦਾ ਹੈ ਜੋ ਅਜ ਤੋਂ 3500 ਸਾਲ ਪਹਿਲਾਂ ਆਰੀਆਂ ਦੇ ਭਾਰਤ ਵਿਚ ਪ੍ਰਵੇਸ਼ ਕਰਨ ਤੋਂ ਬਾਅਦ ਪੰਜਾਬ ਵਿਚ ਅਤੇ ਫਿਰ ਭਾਰਤ ਦੇ ਹੋਰ ਖੇਤਰਾਂ ਵਿਚ ਵਸਣ ਨਾਲ ਵਿਕਸਤ ਹੋਇਆ। ਇਸਾਈ ਮੱਤ ਅਤੇ ਇਸਲਾਮ ਆਦਿ ਸੰਸਾਰ ਦੇ ਧਰਮਾਂ ਦੀ ਤਰ੍ਹਾਂ ਵੈਦਿਕ ਮੱਤ ਦੀ ਕੋਈ ਸਰਲ ਪਰਿਭਾਸ਼ਾ ਕਰਨੀ ਕਠਿਨ ਪ੍ਰਤੀਤ ਹੁੰਦੀ ਹੈ। ਇਸ ਦਾ ਕਾਰਣ ਇਸ ਮੱਤ ਦੀਆਂ ਅਣਗਿਣਤ ਸਿਧਾਂਤਕ ਵਿਭਿੰਨਤਾਵਾਂ ਅਤੇ ਧਰਮ-ਕਰਮ ਹਨ। ਫਿਰ ਭੀ ਇਸ ਦੀ ਪ੍ਰਕਿਰਤੀ ਨੂੰ ਸਮਝਣ ਲਈ ਇਸ ਦੇ ਕੁਝ ਪ੍ਰਮੁੱਖ ਲੱਛਣਾਂ ਦਾ ਉਲੇਖ ਕੀਤਾ ਜਾ ਸਕਦਾ ਹੈ ਜੋ ਇਸ ਪ੍ਰਕਾਰ ਹਨ।

1. ਵੇਦਾਂ ਦੀ ਧਰਮ ਪ੍ਰਭੁਤਾ ਵਿਚ ਵਿਸ਼ਵਾਸ
2. ਕਰਮ ਅਤੇ ਪੁਨਰ-ਜਨਮ ਦੇ ਸਿਧਾਂਤ ਵਿਚ ਵਿਸ਼ਵਾਸ
3. ਅਵਤਾਰਵਾਦ ਦੇ ਸਿਧਾਂਤ ਵਿਚ ਵਿਸ਼ਵਾਸ
4. ਵਰਣਾਸ਼ਰਮ ਪ੍ਰਥਾ ਵਿਚ ਵਿਸਵਾਸ
5. ਮੂਰਤੀ ਪੂਜਾ ਵਿਚ ਵਿਸ਼ਵਾਸ

ਹਿੰਦੂ ਸ਼ਬਦ ਸਦੇਸ਼ੀ ਨਹੀਂ ਹੈ। ਇਹ ਸ਼ਬਦ ਵਿਦੇਸ਼ੀਆਂ ਦੁਆਰਾ ਸਿੰਧ ਨਦੀ ਤੋਂ ਪਾਰ ਇਕ ਖਾਸ ਭੂਗੋਲਿਕ ਖੇਤਰ ਵਿਚ ਰਹਿਣ ਵਾਲੇ ਲੋਕਾਂ ਲਈ ਵਰਤਿਆ ਗਿਆ ਸੀ। ਇਸ ਕਰਕੇ ਜਿਸਨੂੰ ਅਸੀਂ ਅੱਜ ਕੱਲ੍ਹ ਹਿੰਦੂ ਮੱਤ ਕਹਿੰਦੇ ਹਾਂ ਉਸਨੂੰ ਵੈਦਿਕ ਮੱਤ ਕਹਿਣਾ ਵਧੀਕ ਸਹੀ ਹੈ ਪਰ ਜਿਥੇ ਕਿਧਰੇ ਹਿੰਦੂ ਮੱਤ ਲਿਖਿਆ ਮਿਲੇ ਉਸਨੂੰ ਵੈਦਿਕ ਮੱਤ ਸਮਝਣਾ ਚਾਹੀਦਾ ਹੈ ਕਿਉਂਕਿ ਹੁਣ ਹਿੰਦੂ ਸ਼ਬਦ ਵਧੀਕ ਪ੍ਰਚੱਲਤ ਹੋ ਚੁੱਕਾ ਹੈ।

ਪ੍ਰਥਮ ਹੈ ਸਾਧਾਰਣ ਵੈਦਿਕ ਮੱਤ ਅਤੇ ਦੂਸਰੇ ਹੈ ਦਾਰਸ਼ਨਿਕ ਵੈਦਿਕ ਮੱਤ। ਧਰਮ ਦੇ ਇਤਿਹਾਸ ਵਿਚ ਭਾਵੇਂ ਇਨ੍ਹਾਂ ਦੋਹਾਂ ਨੇ ਇਕ ਦੂਜੇ ਦਾ ਪ੍ਰਭਾਵ ਗ੍ਰਹਿਣ ਕਰਦੇ ਹੋਏ ਆਪਣੇ ਆਪ ਨੂੰ ਪਰਸਪਰ ਅਮੀਰ ਬਣਾਇਆ ਪਰ ਫਿਰ ਭੀ ਇਹ ਦੋਵੇਂ ਧਾਰਾਵਾਂ ਮਹੱਤਵਪੂਰਨ ਹਨ। ਦਾਰਸ਼ਨਿਕ ਵੈਦਿਕ ਮੱਤ ਨੂੰ ਬ੍ਰਾਹਮਣ ਮੱਤ ਕਿਹਾ ਜਾ ਸਕਦਾ ਹੈ ਕਿਉਂਕਿ ਇਸ ਧਾਰਾ ਦੇ ਵਿਕਾਸ ਵਿਚ ਬ੍ਰਾਹਮਣਵਾਦੀ

ਕੱਟੜਤਾ (orthodoxy) ਦਾ ਵਧੇਰੇ ਹਿੱਸਾ ਹੈ। ਇਸ ਤੋਂ ਇਲਾਵਾ ਇਸ ਪਰੰਪਰਾ ਵਿਚ ਵੇਦ ਬਾਣੀ ਨੂੰ ਵਧੇਰੇ ਪ੍ਰਮੁੱਖਤਾ ਪ੍ਰਦਾਨ ਕੀਤੀ ਗਈ ਹੈ। ਦੂਜੇ ਪਾਸੇ ਸਾਧਾਰਣ ਵੈਦਿਕ ਮੱਤ ਕਰਮ ਕਾਂਡ ਨੂੰ ਵਧੀਕ ਵਿਸ਼ੇਸ਼ਤਾ ਦਿੰਦਾ ਹੈ। ਇਸ ਲਈ ਵੈਦਿਕ ਮੱਤ ਦਾ ਸਮੁਚੇ ਰੂਪ ਵਿਚ ਅਧਿਐਨ ਕਰਨ ਲਈ ਇਨ੍ਹਾਂ ਦੋਹਾਂ ਪੱਖਾਂ ਦਾ ਅਧਿਐਨ ਕਰਨਾ ਜ਼ਰੂਰੀ ਜਾਪਦਾ ਹੈ।

ਕੋਈ ਵੀ ਧਰਮ ਸਮਕਾਲੀ ਧਰਮ ਨਾਲੋਂ ਟੁੱਟਕੇ ਵਿਕਸਤ ਨਹੀਂ ਹੋ ਸਕਦਾ। ਉਹ ਆਪਣੀਆਂ ਸਮਕਾਲੀ ਧਰਮ-ਪ੍ਰਣਾਲੀਆਂ ਦੇ ਪ੍ਰਭਾਵ ਦਾ ਅਵੱਸ਼ ਅਸਰ ਪ੍ਰਵਾਨ ਕਰਦਾ ਹੈ। ਵਿਕਾਸ ਦੀਆਂ ਮੁੱਢਲੀਆਂ ਅਵਸਥਾਵਾਂ ਵਿਚ ਬ੍ਰਾਹਮਣੀ ਧਰਮ ਦੇ ਸੰਸਕ੍ਰਿਤਕ ਅਤੇ ਦਾਰਸ਼ਨਿਕ ਰੂਪ ਵਿਚ ਅਨ-ਆਰੀਆ ਧਰਮ, ਜਿਸ ਨੂੰ ਸ਼੍ਰੱਮਣ ਵੀ ਕਿਹਾ ਜਾਂਦਾ ਹੈ, ਦੇ ਅੰਸ਼ ਵੀ ਮਿਲਦੇ ਹਨ। ਬੁੱਧ ਮੱਤ ਅਤੇ ਜੈਨ ਮੱਤ ਤੋਂ ਇਲਾਵਾ ਇਸਦਾ ਈਸਾਈ ਮੱਤ ਨਾਲ ਵੀ ਪਰਸਪਰ ਆਦਾਨ ਪ੍ਰਦਾਨ ਹੋਇਆ ਹੈ।

ਵੈਦਿਕ ਮੱਤ ਦੇ ਪ੍ਰਮੁੱਖ ਲੱਛਣ

1. ਵੇਦਾਂ ਦੀ ਪ੍ਰਭੁਤਾ

ਵੇਦ ਦਾ ਅਰਥ ਹੈ ਗਿਆਨ। ਇਹ ਨਾਮ ਵੈਦਿਕ ਮੱਤ ਦੇ ਗਿਆਨ ਪ੍ਰਦਾਤਾ ਧਰਮ ਗ੍ਰੰਥਾਂ ਦੇ ਸਮੂਹਕ ਰੂਪ ਲਈ ਵਰਤਿਆ ਗਿਆ ਹੈ। ਇਸ ਵਿਚ ਹੇਠ ਲਿਖੇ ਗ੍ਰੰਥ ਸ਼ਾਮਲ ਹਨ: ਸੰਘਿਤਾ (ਰਿਗ, ਯਜੁਰ, ਸਾਮ ਅਤੇ ਅਥਰਵ), ਬ੍ਰਾਹਮਣ, ਆਰਣਯਕ, ਉਪਨਿਸ਼ਦ। ਫਿਰ ਵੀ ਆਮ ਤੌਰ ਤੇ ਰਿਗ, ਯਜੁਰ ਆਦਿ ਸੰਘਿਤਾਵਾਂ ਲਈ ਹੀ ਵੇਦ ਸ਼ਬਦ ਪ੍ਰਯੋਗ ਕੀਤਾ ਜਾਂਦਾ ਹੈ। ਇਹ ਗ੍ਰੰਥ ਗੱਦ ਅਤੇ ਪਦ ਦੋਹਾਂ ਰੂਪਾਂ ਵਿਚ ਲਿਖੇ ਗਏ ਹਨ। ਇਹ ਈਸ਼ਵਰ ਦੁਆਰਾ ਹੀ ਪ੍ਰਕਾਸ਼ਤ ਹੋਏ ਹਨ। ਵੈਦਿਕ ਮੱਤ ਅਨੁਸਾਰ ਇਹ ਪ੍ਰਕਾਸ਼ਨ ਆਵਾਜ਼ ਦੇ ਰੂਪ ਵਿਚ ਹੁੰਦਾ ਹੈ ਇਸ ਲਈ ਇਸ ਨੂੰ ਸ਼ਰੁਤੀ ਵੀ ਕਿਹਾ ਗਿਆ ਹੈ। ਸ਼ਰੁਤੀ ਤੋਂ ਭਾਵ ਹੈ ਉਹ ਆਵਾਜ਼ ਜਿਹੜੀ ਸੁਣੀ ਜਾ ਸਕੇ। ਵੈਦਿਕ ਮੱਤ ਦਾ ਹਰ ਦਾਰਸ਼ਨਿਕ ਸਕੂਲ ਵੇਦਾਂ ਦੀ ਇਸ ਧਰਮ ਗ੍ਰੰਥਿਕ ਪ੍ਰਭੂਸਤਾ ਪ੍ਰਤੀ ਆਪਣੀ ਆਸਥਾ ਪ੍ਰਗਟ ਕਰਦਾ ਹੈ। ਭਾਰਤ ਵਿਚ ਜਿਹੜੇ ਦਾਰਸ਼ਨਿਕ ਸਕੂਲ ਵਿਕਸਤ ਹੋਏ ਉਨ੍ਹਾਂ ਨੂੰ ਇਸੇ ਆਸਥਾ ਦੇ ਆਧਾਰ ਤੇ ਹੀ ਆਸਤਕ ਤਥਾ ਨਾਸਤਕ ਦੇ ਵਰਗਾਂ ਵਿਚ ਵੰਡਿਆ ਗਿਆ। ਆਸਤਕ ਉਹ ਪ੍ਰਾਣੀ ਹੈ ਜਿਹੜਾ ਵੇਦਾਂ ਦੀ ਪ੍ਰਭੁਤਾ ਵਿਚ ਵਿਸ਼ਵਾਸ ਰਖਦਾ ਹੈ ਜਦ ਕਿ ਨਾਸਤਕ ਉਹ ਸ਼੍ਰੇਣੀ ਹੈ ਜਿਹੜੀ ਇਨ੍ਹਾਂ ਦੀ ਪ੍ਰਭੁਤਾ ਵਿਚ ਵਿਚਾਰ ਦਾ ਖੰਡਨ ਕਰਦੀ ਹੈ। ਨਾਸਤਕ ਪ੍ਰਣਾਲੀ ਵਿਚ ਬੁਧ ਮੱਤ, ਜੈਨ ਮੱਤ ਅਤੇ ਚਾਰਵਾਕ ਮੱਤ ਆਉਂਦੇ ਹਨ। ਚਾਰਵਾਕ, ਦਰਸ਼ਨ ਦੇ ਪਦਾਰਥਵਾਦੀ ਸਕੂਲ ਦੀ ਪ੍ਰਤੀਨਿਧਤਾ ਕਰਦਾ ਹੈ। ਵੇਦਾਂ ਪ੍ਰਤੀ ਨਿਸ਼ਠਾ ਵੈਦਿਕ ਮੱਤ ਵਿਚ ਵਿਸ਼ੇਸ਼ ਤੌਰ ਤੇ ਵਿਆਪਕ ਹੈ।

2. ਕਰਮ ਅਤੇ ਪੁਨਰ ਜਨਮ ਦੇ ਸਿਧਾਂਤ ਵਿਚ ਵਿਸ਼ਵਾਸ

ਕਰਮ ਅਤੇ ਪੁਨਰ ਜਨਮ ਦੇ ਸਿਧਾਂਤ ਵਿਚ ਸਿਵਾਏ ਚਾਰ-ਵਾਕ ਮੱਤ ਦੇ ਭਾਰਤ ਦੇ ਲਗਭਗ ਸਾਰੇ ਹੀ ਧਰਮ (ਸਮੇਤ ਬੁਧਮੱਤ ਜੈਨਮੱਤ ਅਤੇ ਗੁਰਮਤਿ ਦੇ)

ਵਿਸ਼ਵਾਸ ਰਖਦੇ ਹਨ। ਵਾਸਤਵ ਵਿਚ ਇਹ ਵਿਸ਼ਵਾਸ ਹੀ ਭਾਰਤੀ ਧਰਮਾਂ ਨੂੰ ਈਸਾਈ ਯਹੂਦੀ ਅਤੇ ਇਸਲਾਮ ਆਦਿ ਸੈਮਿਟਿਕ ਧਰਮਾਂ ਤੋਂ, ਜਿਹੜੇ ਕਰਮ ਅਤੇ ਪੁਨਰ ਜਨਮ ਦੇ ਸਿਧਾਂਤ ਵਿਚ ਵਿਸ਼ਵਾਸ ਨਹੀਂ ਰਖਦੇ, ਨਿਖੇੜਦਾ ਹੈ। ਭਾਰਤ ਦੇ ਸਾਰੇ ਧਰਮਾਂ ਵਿਚ ਸੰਸਾਰ ਅਤੇ ਮੁਕਤੀ ਦੋ ਪ੍ਰਮੁੱਖ ਅਤੇ ਬੁਨਿਆਦੀ ਤੱਤ ਹਨ। ਸੰਸਾਰ ਮਨੁੱਖ ਦੀ ਉਸ ਯਥਾਰਥਕ ਅਵਸਥਾ ਦੀ ਪ੍ਰਤਿਨਿਧਤਾ ਕਰਦਾ ਹੈ ਜਿਸ ਵਿਚ ਦੁੱਖ ਕਲੇਸ਼ ਅਤੇ ਮੌਤ ਦਾ ਸਾਮਰਾਜ ਹੈ। ਵੈਦਿਕ ਮੱਤ ਅਨੁਸਾਰ ਆਤਮਾ ਸਦੀਵੀ ਅਤੇ ਅਪਰਿਵਰਤਨਸ਼ੀਲ ਹੈ ਪਰ ਕਿਸੇ ਅਗਿਆਤ-ਕਾਰਨ ਵਸ ਇਹ ਪਰਿਵਰਤਨ ਦੀ ਪ੍ਰਕ੍ਰਿਆ ਦੇ ਚੱਕਰ ਵਿਚ ਫਸ ਗਈ ਹੈ। ਆਤਮਾ ਦਾ ਸਰੀਰਧਾਰੀ ਬਣਕੇ ਆਪਣੀ ਵਖਰੀ ਹਸਤੀ ਦਾ ਪ੍ਰਗਟਾ ਕਰਨਾ ਹੀ ਉਪਰੋਕਤ ਤੱਥ ਦਾ ਪ੍ਰਮਾਣ ਹੈ।

ਸੰਸਾਰ ਦਾ ਚੱਕਰ ਨਿਰੰਤਰ ਰੂਪ ਵਿਚ ਕਾਇਮ ਰਹਿੰਦਾ ਹੈ। ਆਤਮਾ ਜਦੋਂ ਇਕ ਸਰੀਰ ਨੂੰ ਛਡਦੀ ਹੈ ਤਾਂ ਇਸ ਨੂੰ ਦੂਸਰਾ ਸਰੀਰ ਧਾਰਨ ਕਰਨਾ ਪੈਂਦਾ ਹੈ। ਸਰੀਰ ਧਾਰਨ ਕਰਨ ਨੂੰ ਜਨਮ ਅਤੇ ਛਡਣ ਨੂੰ ਮੌਤ ਕਿਹਾ ਜਾਂਦਾ ਹੈ। ਹਿੰਦੂ ਮਤ ਅਨੁਸਾਰ ਸਰੀਰ ਦਾ ਧਾਰਨ ਕਰਨਾ ਅਤੇ ਇਸ ਦਾ ਵਿਨਾਸ਼ ਮਨੁੱਖ ਦੇ ਕਰਮਾਂ ਅਤੇ ਸੰਕਲਪਾਂ ਅਥਵਾ ਉਸਦੀ ਸੋਚਣੀ ਉਪਰ ਨਿਰਭਰ ਹੈ। ਇਕ ਜੀਵਨ ਦੂਜੇ ਜੀਵਨ ਦੀ ਪ੍ਰਕਿਰਤੀ ਅਤੇ ਆਧਾਰਸ਼ਿਲਾ ਬਣਦਾ ਹੈ ਅਤੇ ਇਸ ਤਰ੍ਹਾਂ ਦੀ ਪ੍ਰਕ੍ਰਿਆ ਨਿਰੰਤਰ ਕਾਇਮ ਰਹਿੰਦੀ ਹੈ। ਸੋ ਸੰਸਾਰ ਮਾਨੋ ਜੀਵ ਦੇ ਬੰਧਨ ਲਈ ਜੰਜੀਰ ਹੈ। ਇਸ ਦ੍ਰਿਸ਼ਟੀਕੋਣ ਅਨੁਸਾਰ ਹਰ ਕਰਮ ਦਾ ਜੀਵ ਉਤੇ ਸੰਸਕਾਰਾਂ ਦੇ ਰੂਪ ਵਿਚ ਪ੍ਰਭਾਵ ਪੈਂਦਾ ਹੈ ਅਤੇ ਇਹੀ ਸੰਸਕਾਰ ਜੀਵ ਦੇ ਨਵੇਂ ਕਰਮਾਂ ਲਈ ਕਾਰਨ ਬਣਦੇ ਹਨ। ਵੈਦਿਕ ਮੱਤ ਵਿਚ ਕਰਮ ਸੰਕਲਪ ਦੀ ਵਿਆਖਿਆ ਹੋਰ ਵੀ ਕਈ ਰੂਪਾਂ ਵਿਚ ਕੀਤੀ ਜਾਂਦੀ ਹੈ।

ਮੋਕਸ਼ ਜਾਂ ਮੁਕਤੀ ਤੋਂ ਭਾਵ ਉਪਰੋਕਤ ਸੰਸਕਾਰਾਂ ਤੋਂ ਸੁਤੰਤਰਤਾ ਪ੍ਰਾਪਤ ਕਰਨਾ ਹੈ। ਇਸ ਮੁਕਤ ਅਵਸਥਾ ਦੀ ਪ੍ਰਾਪਤੀ ਹੀ ਮਨੁੱਖ ਦੇ ਧਾਰਮਿਕ ਜੀਵਨ ਦਾ ਉਦੇਸ਼ ਹੈ। ਵੈਦਿਕ ਮੱਤ ਅਨੁਸਾਰ ਅਰਥ (ਧਨ ਦੀ ਪ੍ਰਾਪਤੀ), ਕਾਮ (ਇੰਦਰੀਆਵੀ ਪੱਧਰ ਦੀਆਂ ਇਛਾਵਾਂ ਦੀ ਪੂਰਤੀ): ਧਰਮ (ਵਿਅਕਤੀਗਤ ਜਾਂ ਸਮਾਜਕ ਫਰਜਾਂ ਦੀ ਪੂਰਤੀ): ਅਤੇ ਮੋਕਸ਼ (ਮੁਕਤੀ) ਮਾਨਵ ਜੀਵਨ ਦੇ ਚਾਰ ਪਰਮ ਆਦਰਸ਼ ਹਨ। ਇਨ੍ਹਾਂ ਵਿਚੋਂ ਮੋਕਸ਼ ਸਰਵੋਤਮ ਹੈ। ਇਹ ਮੋਕਸ਼ ਵੈਦਿਕ ਮੱਤ ਅਨੁਸਾਰ ਆਤਮਾ ਦੀ ਸਰੀਰ ਨਾਲੋਂ ਆਪਣੀ ਵਖਰੀ ਪ੍ਰਕ੍ਰਿਤੀ ਦੀ ਪਹਿਚਾਣ ਦੇ ਗਿਆਨ ਨਾਲ ਹੀ ਪ੍ਰਾਪਤ ਹੋ ਸਕਦੀ ਹੈ। ਇਸ ਮੋਕਸ਼ ਲਈ ਜਿਥੇ ਗਿਆਨ ਇਕ ਸਾਧਨ ਹੈ ਉਥੇ ਆਪਣੇ ਆਪ ਦੀ ਪਛਾਣ (realisation) ਵੀ ਮੁਕਤੀ ਹੀ ਅਖਵਾਉਂਦੀ ਹੈ।

3. ਅਵਤਾਰਵਾਦ ਦੇ ਸਿਧਾਂਤ ਵਿਚ ਵਿਸ਼ਵਾਸ

ਵੈਦਿਕ ਮੱਤ ਦਾ ਅਵਤਾਰਵਾਦ ਦੇ ਸਿਧਾਂਤ ਵਿਚ ਵਿਸ਼ਵਾਸ ਹੈ। ਇਸ ਸਿਧਾਂਤ ਅਨੁਸਾਰ ਈਸ਼ਵਰ ਵੱਖ-ਵੱਖ ਸਮੇਂ ਅਤੇ ਸਥਾਨਾਂ ਉਤੇ ਧਰਮ ਨੂੰ ਫੈਲਾਣ ਅਤੇ ਅਧਰਮ ਦਾ ਵਿਨਾਸ਼ ਕਰਨ ਲਈ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ। ਹਿੰਦੂ ਮੰਦਰਾਂ ਵਿਚ ਹੋ ਰਹੀ ਮੂਰਤੀ ਪੂਜਾ ਨੂੰ ਇਸੇ ਅਵਤਾਰਵਾਦ ਦੇ ਸਿਧਾਂਤ ਨਾਲ ਹੀ ਜੋੜਿਆ ਜਾਂਦਾ ਹੈ ਕਿਉਂਕਿ ਮੰਦਰਾਂ ਵਿਚ ਸਥਾਪਿਤ ਮੂਰਤੀਆਂ ਵੀ ਈਸ਼ਵਰ ਦਾ

ਰੂਪ ਹੀ ਸਮਝੀਆਂ ਜਾਂਦੀਆਂ ਹਨ। ਅਵਤਾਰਵਾਦ ਦਾ ਸਿਧਾਂਤ ਇਸ ਤੱਥ ਦਾ ਵੀ ਪ੍ਰਗਟਾ ਕਰਦਾ ਹੈ ਕਿ ਈਸ਼ਵਰ ਕੇਵਲ ਪਰਾਸਰੀਰਕ ਦੁਨੀਆਂ ਦਾ ਹੀ ਨਿਵਾਸੀ ਨਹੀਂ ਸਗੋਂ ਉਹ ਮਨੁੱਖਾਂ ਦੀ ਇਸ ਦੁਨੀਆਂ ਵਿਚ ਵੀ ਕੁਝ ਉਦੇਸ਼ਾਂ ਦੀ ਪੂਰਤੀ ਲਈ ਮਾਨਵ ਰੂਪ ਧਾਰਨ ਕਰਕੇ ਆਉਂਦਾ ਹੈ। ਈਸ਼ਵਰ ਦੇ ਇਸ ਅਵਤਾਰੀ ਰੂਪ ਦੇ ਆਦਰਸ਼ ਸਬੰਧੀ ਭਗਵਾਨ ਕ੍ਰਿਸ਼ਨ ਗੀਤਾ ਵਿਚ ਕਹਿੰਦੇ ਹਨ ਕਿ ਜਦੋਂ ਵੀ ਸੰਸਾਰ ਉਤੇ ਧਰਮ ਅਲੋਪ ਹੋ ਜਾਂਦਾ ਹੈ ਅਤੇ ਅਧਰਮ ਫੈਲਦਾ ਹੈ ਤਾਂ ਮੈਂ ਸੰਸਾਰ ਵਿਚ ਚੰਗਿਆਈ ਦੀ ਰੱਖਿਆ, ਪਾਪਾਂ ਦੇ ਵਿਨਾਸ ਅਤੇ ਧਰਮ ਦੇ ਪੁਨਰ ਸਥਾਪਨ ਲਈ ਅਵਤਾਰ ਲੈਂਦਾ ਹਾਂ।

ਅਵਤਾਰਵਾਦ ਦੇ ਉਪਰੋਕਤ ਸਿਧਾਂਤ ਦਾ ਵੈਦਿਕ ਮਤ ਦੇ ਕੁਝ ਇਕ ਦਾਰਸ਼ਨਿਕ ਸਕੂਲਾਂ ਨੇ ਖੰਡਨ ਵੀ ਕੀਤਾ ਹੈ। ਆਧੁਨਿਕ ਯੁਗ ਵਿਚ ਵੈਦਿਕ ਮੱਤ ਦੀ ਪ੍ਰਤਿਨਿਧਤਾ ਰਾਜਾ ਰਾਮ ਮੋਹਨ ਰਾਏ ਨੇ ਕੀਤੀ ਹੈ। ਉਨ੍ਹਾਂ ਦੁਆਰਾ ਸਥਾਪਤ ਬ੍ਰਹਮੋ ਸਮਾਜ ਨੇ ਵੀ ਅਵਤਾਰਵਾਦ ਦਾ ਖੰਡਨ ਕੀਤਾ ਹੈ ਕਿਉਂਕਿ ਇਸ ਅਨੁਸਾਰ ਇਹ ਸਿਧਾਂਤ ਬੁਤਪ੍ਰਸਤੀ ਨੂੰ ਉਤਸ਼ਾਹਿਤ ਕਰਦਾ ਹੈ।

4. ਵਰਣ ਆਸ਼੍ਰਮ ਪ੍ਰਥਾ

ਵੈਦਿਕ ਮੱਤ ਦੇ ਸ਼ਾਸਤ੍ਰਾਂ ਵਿਚ ਚਾਰ ਵਰਣਾਂ ਦਾ ਵਿਧਾਨ ਮਿਲਦਾ ਹੈ। ਅਜੋਕਾ ਜਾਤੀ ਪ੍ਰਬੰਧ ਇਸ ਦੀ ਹੀ ਉਪਜ ਹੈ। ਇਹ ਧਰਮ ਸ਼ਾਸਤ੍ਰ ਸਮਾਜ ਨੂੰ ਬ੍ਰਾਹਮਣ, ਖ਼ਤਰੀ, ਵੈਸ਼ ਅਤੇ ਸ਼ੂਦਰ ਆਦਿ ਚਾਰ ਵਰਗਾਂ ਵਿਚ ਵੰਡਦੇ ਹਨ। ਇਹ ਵਰਗ ਪ੍ਰੋਹਿਤਾਂ, ਯੁਧ ਵਿਚ ਲੜਨ ਵਾਲੇ ਸੂਰਬੀਰਾਂ, ਰਾਜਿਆਂ, ਵਿਉਪਾਰੀਆਂ ਅਤੇ ਨੌਕਰਾਂ ਆਦਿ ਨਾਲ ਸਬੰਧਤ ਹਨ। ਪ੍ਰੋਹਿਤ ਬ੍ਰਾਹਮਣ ਵਰਗ ਵਿਚ ਆਉਂਦੇ ਹਨ। ਯੁਧ ਵਿਚ ਲੜਨ ਵਾਲੇ ਸੁਰਬੀਰ ਅਤੇ ਰਾਜੇ ਖ਼ਤਰੀ ਅਖਵਾਉਂਦੇ ਹਨ। ਵਿਓਪਾਰੀ ਵੈਸ਼ ਅਤੇ ਨੌਕਰ ਤਬਕਾ ਸ਼ੂਦਰ ਵਰਗ ਵਿਚ ਆਉਂਦਾ ਹੈ। ਧਰਮ ਸ਼ਾਸਤ੍ਰਾਂ ਨੇ ਹਰ ਉਪਰੋਕਤ ਵਰਗ ਦੇ ਲੋਕਾਂ ਲਈ ਫਰਜ਼ ਨਿਰਧਾਰਤ ਕੀਤੇ ਹੋਏ ਹਨ। ਇਨ੍ਹਾਂ ਸ਼ਾਸਤ੍ਰਾਂ ਵਿਚ ਮਨੁੱਖ ਦੇ ਵਿਅਕਤੀਗਤ ਜੀਵਨ ਸਬੰਧੀ ਵੀ ਚਾਰ ਪੜਾ ਨਿਸ਼ਚਿਤ ਕੀਤੇ ਗਏ ਹਨ। ਇਨ੍ਹਾਂ ਨੂੰ ਆਸ਼ਰਮ ਕਿਹਾ ਜਾਂਦਾ ਹੈ। ਇਹ ਚਾਰ ਆਸ਼ਰਮ ਬ੍ਰਹਮਚਰਜ, ਗ੍ਰਹਿਸਤ, ਬਾਣਪ੍ਰਸਤ ਅਤੇ ਸਨਿਆਸ ਹਨ। ਧਰਮ, ਅਰਥ, ਕਾਮ ਅਤੇ ਮੋਕਸ਼ ਆਦਿ ਚਾਰ ਆਦਰਸ਼ਾਂ ਦੀ ਪ੍ਰਾਪਤੀ ਲਈ ਉਪਰੋਕਤ ਚਾਰ ਪੜਾਵਾਂ ਵਿਚੋਂ ਲੰਘਣਾ ਪਰਮ ਆਵੱਸ਼ਕ ਹੈ। ਇਨ੍ਹਾਂ ਵਰਣ-ਆਸ਼ਰਮਾਂ ਦੀ ਵਿਵਸਥਾ ਵਿਚ ਵਿਸ਼ਵਾਸ ਵੈਦਿਕ ਮੱਤ ਦੇ ਪ੍ਰਮੁਖ ਲਛਣਾਂ ਵਿਚੋਂ ਇਕ ਹੈ। ਸ਼ੁਰੂ ਵਿਚ ਤਾਂ ਇਹ ਵਿਵਸਥਾ ਸਮਾਜਕ ਸੁਵਿਧਾ ਨੂੰ ਮੁੱਖ ਰਖਕੇ ਲੋਕਾਂ ਦੇ ਕੰਮ ਧੰਦਿਆਂ ਦੇ ਆਧਾਰ ਤੇ ਬਣਾਈ ਗਈ ਸੀ ਪਰ ਬਾਅਦ ਵਿਚ ਇਸ ਵਰਣ ਆਸ਼ਰਮ ਧਰਮ ਤੋਂ ਕਈ ਜਾਤੀਆਂ ਅਤੇ ਉਪਜਾਤੀਆਂ ਪੈਦਾ ਹੋ ਗਈਆਂ ਅਤੇ ਇਨ੍ਹਾਂ ਵਿਚ ਕੱਟੜਪੁਣਾ ਇੰਨਾ ਵਧ ਗਿਆ ਕਿ ਮਨੁੱਖ ਦੀ ਸਮਾਜਕ, ਵਿਅਕਤੀਗਤ ਸਥਿਤੀ, ਉਸ ਦੇ ਕੰਮ ਧੰਦੇ ਜਾਂ ਰੁਚੀ ਦੀ ਥਾਂ ਉਸ ਦੇ ਜਨਮ ਦੇ ਆਧਾਰ ਤੇ ਹੀ ਨਿਸ਼ਚਿਤ ਕੀਤੀ ਜਾਣ ਲਗ ਪਈ। ਪਰਿਣਾਮ ਵਜੋਂ ਵੈਦਿਕ ਸਮਾਜ ਵਿਚ ਬ੍ਰਾਹਮਣਾਂ ਨੂੰ ਵਧੇਰੇ ਪ੍ਰਧਾਨਤਾ ਮਿਲਣ ਲਗ ਪਈ ਅਤੇ ਸ਼ੂਦਰਾਂ ਨੂੰ ਉਨ੍ਹਾਂ ਦੇ ਸਮਾਜਕ ਹੱਕਾਂ ਤੋਂ ਵਾਂਝਿਆ ਕਰਕੇ ਸਭ ਤੋਂ

ਨੀਵਾਂ ਸਮਝਿਆ ਜਾਣ ਲਗ ਪਿਆ। ਵਰਣ ਆਸ਼ਰਮ ਵਿਚ ਜਾਤੀ ਵੰਡ ਦੀ ਇਸ ਕੱਟੜਤਾ ਅਤੇ ਅਸਮਾਨਤਾ ਦਾ ਕਈ ਸੁਧਾਰਕਾਂ ਨੇ ਖੰਡਨ ਵੀ ਕੀਤਾ ਹੈ। ਇਹ ਆਲੋਚਨਾ ਅਵੈਦਕ ਧਰਮ ਦੇ ਪ੍ਰਚਾਰਕਾਂ ਵਲੋਂ ਵੀ ਹੋਈ ਹੈ। ਇਸ ਤੋਂ ਇਲਾਵਾ ਬਹੁਤ ਸਾਰੇ ਆਧੁਨਿਕ ਹਿੰਦੂ ਵਿਚਾਰਵਾਨਾਂ ਨੇ ਵੀ ਇਸ ਸਮਾਜਕ ਵਿਵਸਥਾ ਦੀ ਪ੍ਰਮਾਣਿਕਤਾ ਅਤੇ ਅਨੁਕੂਲਤਾ ਦਾ ਵਿਰੋਧ ਕੀਤਾ ਹੈ।

5. ਮੂਰਤੀ ਪੂਜਾ

ਵੈਦਿਕ ਮੱਤ ਦਾ ਇਕ ਹੋਰ ਲੱਛਣ ਮੰਦਰਾਂ ਅਤੇ ਘਰਾਂ ਵਿਚ ਮੂਰਤੀ ਪੂਜਨ ਹੈ। ਹਿੰਦੂ ਇਨ੍ਹਾਂ ਮੂਰਤੀਆਂ ਨੂੰ ਰੱਬ ਦਾ ਅਵਤਾਰ ਸਮਝਦੇ ਸਨ। ਇਸ ਲਈ ਇਹ ਪੂਜਾ ਬੁਤਪ੍ਰਸਤੀ ਵੀ ਸਮਝੀ ਜਾਣ ਲਗ ਪਈ। ਇਨ੍ਹਾਂ ਮੂਰਤੀਆਂ ਵਿਚ ਈਸ਼ਵਰ ਦੀ ਹੋਂਦ ਉਤੇ ਵਿਸ਼ਵਾਸ ਰਖਿਆ ਜਾਂਦਾ ਸੀ। ਇਸ ਵਿਸਵਾਸ਼ ਨਾਲ ਸਾਧਕ ਨੂੰ ਆਤਮਿਕ ਤੌਰ ਤੇ ਬਹੁਤ ਲਾਭ ਹੁੰਦਾ ਸੀ। ਮੂਰਤੀਆਂ ਵਿਚ ਈਸ਼ਵਰ ਦੀ ਹੋਂਦ ਮਾਨੋ ਸਾਧਕ ਲਈ ਈਸ਼ਵਰ ਦੀ ਕ੍ਰਿਪਾ ਦਾ ਪ੍ਰਗਟਾ ਹੈ। ਪਰ ਇਥੇ ਇਹ ਗੱਲ ਵੀ ਧਿਆਨ ਵਿਚ ਰਖਣੀ ਚਾਹੀਦੀ ਹੈ ਕਿ ਹਿੰਦੂਆਂ ਵਿਚ ਮੂਰਤੀ ਪੂਜਾ ਪਹਿਲੀ ਈਸਵੀ ਸਦੀ ਤੋਂ ਬਾਅਦ ਹੀ ਪ੍ਰਸਿਧ ਹੋਈ। ਇਹ ਵੀ ਸੰਭਵ ਹੈ ਕਿ ਮੂਰਤੀ ਪੂਜਾ ਦੀ ਪਰੰਪਰਾ ਸ਼ਰੌਮਣਾ ਤੋਂ ਹੀ ਲੋਕਾਂ ਨੂੰ ਮਿਲੀ ਹੋਵੇ।

ਵੈਦਿਕ ਮੱਤ ਦੇ ਸਮੁਚੇ ਇਤਿਹਾਸ ਨੂੰ ਪੰਜਾਂ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਇਨ੍ਹਾਂ ਨੂੰ ਤਰਤੀਬਵਾਰ ਸ਼ਰੁਤੀ ਕਾਲ, ਸਿਮਰਤੀ ਕਾਲ, ਦਰਸ਼ਨ ਕਾਲ, ਭਗਤੀ ਕਾਲ ਅਤੇ ਆਧੁਨਿਕ ਹਿੰਦੂ ਪੁਨਰ ਜਾਗ੍ਰਿਤੀ ਕਾਲ (ਆਧੁਨਿਕ ਹਿੰਦੂ ਮੱਤ) ਕਿਹਾ ਜਾ ਸਕਦਾ ਹੈ। ਸ਼ਰੁਤੀ ਕਾਲ ਵਿਚ ਮੂਲ ਧਰਮ ਗ੍ਰੰਥ ਲਿਖੇ ਗਏ ਹਨ। ਇਨ੍ਹਾਂ ਦਾ ਸਮਾਂ 1500 ਈ: ਪੂਰਵ ਤੋਂ 500 ਈ: ਪੂਰਵ ਹੈ। ਇਸ ਸਮੇਂ ਸੰਘਿਤਾਵਾਂ, ਬ੍ਰਾਹਮਣ, ਆਰਣਯਕ ਅਤੇ ਉਪਨਿਸ਼ਦ ਆਦਿ ਲਿਖੇ ਗਏ ਸਨ। ਇਹ ਉਹ ਸਮਾਂ ਸੀ ਜਦੋਂ ਆਰੀਆ ਲੋਕ ਭਾਰਤ ਵਿਚ ਆਉਣ ਉਪਰੰਤ ਇਥੇ ਵਸ ਗਏ ਅਤੇ ਉਨ੍ਹਾਂ ਨੇ ਹੌਲੀ ਹੌਲੀ ਆਪਣੀ ਸਭਿਅਤਾ ਅਤੇ ਸੰਸਕ੍ਰਿਤੀ ਨੂੰ ਕਾਫੀ ਚੰਗੀ ਤਰ੍ਹਾਂ ਵਿਕਸਤ ਕਰ ਲਿਆ। ਸਿਮਰਤੀ ਕਾਲ 600 ਈ: ਪੂਰਵ ਤੋਂ 200 ਈ. ਤਕ ਹੈ। ਇਸ ਸਮੇਂ ਰਮਾਇਣ ਮਹਾਂਭਾਰਤ ਆਦਿ ਮਹਾਂਕਾਵਿ ਲਿਖੇ ਗਏ। ਇਸ ਸਮੇਂ ਦੀਆਂ ਕੁੱਝ ਹੋਰ ਵੀ ਰਚਨਾਵਾਂ ਮਿਲਦੀਆਂ ਹਨ ਜਿਨ੍ਹਾਂ ਦੇ ਸਮੁੱਚੇ ਰੂਪ ਨੂੰ ਵੇਦਾਂਗ ਕਿਹਾ ਜਾਂਦਾ ਹੈ। ਇਹ ਰਚਨਾਵਾਂ ਕਰਮ-ਕਾਂਡ, ਧੁਨੀ-ਵਿਗਿਆਨ ਛੰਦ-ਵਿਗਿਆਨ ਵਿਆਕਰਣ, ਸ਼ਬਦ-ਵਿਗਿਆਨ (ਨਿਰੁਕਤ) ਅਤੇ ਜੋਤਸ਼ ਵਿਗਿਆਨ ਨਾਲ ਸਬੰਧਿਤ ਕੁਝ ਵਿਆਖਿਆਈ ਗ੍ਰੰਥ ਹਨ। ਇਨ੍ਹਾਂ ਵਿਚੋਂ ਕਰਮ ਕਾਂਡਾਂ ਨਾਲ ਸੰਬੰਧਿਤ ਗ੍ਰੰਥਾਂ ਵਿਚ ਧਰਮ ਸੂਤਰ ਦਿਤੇ ਗਏ ਹਨ। ਇਨ੍ਹਾਂ ਵਿਚ ਵਿਅਕਤੀਗਤ ਫਰਜ਼ਾਂ ਅਤੇ ਸਮਾਜ ਪ੍ਰਤਿ ਕਰਤਵਾਂ ਦਾ ਉਲੇਖ ਹੈ। ਇਨ੍ਹਾਂ ਵਿਚੋਂ ਹੀ ਮਨੂੰ ਦਾ ਧਰਮ ਸ਼ਾਸਤਰ ਪੈਦਾ ਹੋਇਆ। ਸੂਤਰ ਤੋਂ ਭਾਵ ਹੈ ਉਪਦੇਸ਼ ਪੂਰਣ ਵਾਕ। ਇਹ ਇਕ ਅਜੇਹੀ ਸ਼ੈਲੀ ਸੀ ਜਿਸ ਵਿਚ ਉਸ ਸਮੇਂ ਕੋਈ ਆਚਾਰੀਆ ਜਾਂ ਧਰਮ ਸੰਸਥਾ ਆਪਣੀ ਵਿਚਾਰਧਾਰਾ ਦਾ ਪ੍ਰਚਾਰ ਕਰਦੀ ਸੀ। ਇਸ ਸ਼ੈਲੀ ਨਾਲ ਵਿਦਿਆਰਥੀ ਸੂਤਰਾਂ ਨੂੰ ਸਹਿਜੇ ਹੀ ਯਾਦ ਕਰ ਲੈਂਦੇ ਸਨ। ਇਨ੍ਹਾਂ ਗ੍ਰੰਥਾਂ ਉਤੇ ਬਾਅਦ ਵਿਚ ਭਾਸ਼ ਵੀ ਲਿਖੇ

ਗਏ। ਮਨੂੰ ਦਾ ਧਰਮ-ਸ਼ਾਸਤ੍ਰ ਧਰਮ ਸੂਤਰਾਂ ਉੱਤੇ ਲਿਖਿਆ ਹੋਇਆ ਇਕ ਇਹੋ ਜਿਹਾ ਹੀ ਭਾਸ਼ ਹੈ।

ਦਾਰਸ਼ਨਿਕ ਸਕੂਲਾਂ ਦਾ ਵਿਕਾਸ 200 ਈ: ਤੋਂ 1200 ਈ: ਤਕ ਹੋਇਆ। ਇਸ ਲਈ ਇਸ ਸਮੇਂ ਨੂੰ ਵੈਦਿਕ ਮਤ ਦੇ ਦਾਰਸ਼ਨਿਕ ਸਕੂਲਾਂ ਦਾ ਕਾਲ ਕਿਹਾ ਜਾਂਦਾ ਹੈ। ਇਨ੍ਹਾਂ ਸਕੂਲਾਂ ਨੇ ਦਰਸ਼ਨ ਸੂਤਰਾਂ ਉੱਤੇ ਭਾਸ਼ ਭਾਵ ਟੀਕੇ ਵੀ ਲਿਖੇ ਹਨ। ਇਹ ਦਰਸ਼ਨ ਸੂਤਰ ਛੇ ਹਨ। ਇਨ੍ਹਾਂ ਉੱਤੇ ਕਈ-ਕਈ ਭਾਸ਼ ਅਤੇ ਉਪ-ਭਾਸ਼ ਲਿਖੇ ਗਏ ਹਨ। ਭਾਸ਼ ਅਤੇ ਉਪ-ਭਾਸ਼ ਲਿਖਣ ਦੀ ਇਸ ਪ੍ਰਕ੍ਰਿਆ ਨਾਲ ਹਿੰਦੂ ਦਰਸ਼ਨ ਦੇ ਛੇ ਮੁੱਖ ਦਾਰਸ਼ਨਿਕ ਸਕੂਲ ਵਿਕਸਤ ਹੋਏ। ਇਹ ਸੂਤਰ ਹਨ– ਨਿਆਏ ਸੂਤਰ, ਵੈਸ਼ੇਸ਼ਕ, ਸਾਂਖ ਸੂਤਰ, ਯੋਗ ਸੂਤਰ, ਮੀਮਾਂਸਾ ਸੂਤਰ, ਅਤੇ ਵੇਦਾਂਤ ਸੂਤਰ। ਇਨ੍ਹਾਂ ਦੇ ਨਾਂ ਤੋਂ ਹੀ ਵੈਦਿਕ ਦਰਸ਼ਨ ਦੇ ਛੇ ਸਕੂਲ ਨਿਆਏ, ਵੈਸ਼ੇਸ਼ਕ ਸਾਂਖ, ਯੋਗ, ਮੀਮਾਂਸਾ ਅਤੇ ਵੇਦਾਂਤ ਆਦਿ ਪ੍ਰਸਿੱਧ ਹੋਏ। ਇਨ੍ਹਾਂ ਵਿਚੋਂ ਨਿਆਏ ਮੁੱਖ ਰੂਪ ਵਿਚ ਤਰਕ ਅਤੇ ਗਿਆਨ ਸਿਧਾਂਤ ਦਾ ਵਿਵੇਚਨ ਕਰਦਾ ਹੈ। ਵੈਸ਼ੇਸ਼ਕ ਹਿੰਦੂ ਭੌਤਿਕ ਵਿਗਿਆਨ ਅਤੇ ਸਾਂਖ ਪ੍ਰਕ੍ਰਿਤੀ ਅਥਵਾ ਪਦਾਰਥ ਦੇ ਵਿਕਾਸ ਸਿਧਾਂਤ ਦਾ ਵਰਣਨ ਕਰਦਾ ਹੈ। ਮੀਮਾਂਸਾ ਸਕੂਲ ਧਰਮ ਗ੍ਰੰਥਾਂ ਦੀ ਵਿਆਖਿਆ ਸਬੰਧੀ ਅਸੂਲਾਂ ਦਾ ਗਿਆਨ ਕਰਦਾ ਹੈ ਅਤੇ ਵੇਦਾਂਤ ਅਦਵੈਤ ਦਰਸ਼ਨ ਨਾਲ ਸਬੰਧਿਤ ਹੈ। ਉਪਰੋਕਤ ਸਕੂਲਾਂ ਵਿਚੋਂ ਦਾਰਸ਼ਨਿਕ ਤੌਰ ਤੇ ਵੇਦਾਂਤ ਸਭ ਤੋਂ ਵਧੇਰੇ ਪ੍ਰਮੁੱਖ ਹੈ। ਇਸ ਦੇ ਤਿੰਨ ਪ੍ਰਮੁੱਖ ਪ੍ਰਵਕਤਾ, ਸ਼ੰਕਰ (ਅਦਵੈਤ ਵੇਦਾਂਤ), ਰਾਮਾਨੁਜ (ਵਸ਼ਿਸ਼ਟ ਅਦਵੈਤ ਵੇਦਾਂਤ) ਅਤੇ ਮਾਧਵ (ਦਵੈਤ ਵੇਦਾਂਤ) ਹਨ।

ਇਸ ਸਮੇਂ ਹੀ ਦੱਖਣੀ ਭਾਰਤ ਵਿਚ ਭਗਤੀ ਧਾਰਾ ਦਾ ਵਿਕਾਸ ਹੋਇਆ। ਵੈਸ਼ਣਵ ਸੰਘ ਵਿਚ ਅਲਵਾਰ ਸੰਤਾਂ ਨੇ ਭਗਤੀ ਅਤੇ ਰਹੱਸਮਈ ਭਜਨਾਂ ਦੁਆਰਾ ਹਿੰਦੂ ਧਰਮ ਨੂੰ ਅਮੀਰ ਬਣਾਇਆ। ਇਹ ਭਜਨ ਅਜ ਵੀ ਤਾਮਿਲ ਬੋਲਦੇ ਇਲਾਕਿਆਂ ਵਿਚ ਬੜੇ ਭਗਤੀ ਭਾਵ ਨਾਲ ਗਾਏ ਜਾਂਦੇ ਹਨ। 13ਵੀਂ ਤੋਂ 18ਵੀਂ ਸਦੀ ਦੇ ਅਖੀਰ ਤਕ ਹਿੰਦੂ ਦਰਸ਼ਨ ਨੇ ਹੋਰ ਵੀ ਵਿਕਾਸ ਕੀਤਾ। ਕਈ ਭਾਸ਼ ਅਤੇ ਉਪ-ਭਾਸ਼ ਹੋਰ ਲਿਖੇ ਗਏ। ਇਸ ਸਮੇਂ ਵੈਸਨਵ ਮੱਤ, ਸ਼ੈਵ ਮੱਤ ਅਤੇ ਸਾਕਤ ਮੱਤ ਦੀਆਂ ਧਾਰਮਿਕ ਸੰਪਰਦਾਵਾਂ ਦਾ ਵੀ ਵਿਕਾਸ ਹੋਇਆ। ਉਤਰੀ ਭਾਰਤ ਵਿਚ ਇਸ ਸਮੇਂ ਰਾਮ, ਕ੍ਰਿਸ਼ਨ ਅਤੇ ਵਿਸ਼ਨੂ ਦੇ ਅਵਤਾਰਾਂ ਦੀ ਪੂਜਾ ਪ੍ਰਚਲਤ ਸੀ। ਇਸ ਤੋਂ ਇਲਾਵਾ ਸ਼ਿਵ ਸ਼ਕਤੀ ਦੀ ਪੂਜਾ ਵੀ ਕੀਤੀ ਜਾਂਦੀ ਸੀ। ਭਾਰਤ ਦੇ ਇਸ ਖੇਤਰ ਵਿਚ ਹਿੰਦੂਆਂ ਦੇ ਧਾਰਮਿਕ ਜੀਵਨ ਵਿਚ ਮਹੱਤਵ ਪੂਰਨ ਹਿੱਸਾ ਪਾਉਣ ਵਾਲੀਆਂ ਕਈ ਹੋਰ ਧਾਰਮਿਕ ਸੰਪਰਦਾਵਾਂ ਕੰਮ ਕਰ ਰਹੀਆਂ ਸਨ। ਵੈਸ਼ਣਵ ਮਤ ਵਿਚ ਕਬੀਰ ਪੰਥੀ, ਮਲੂਕਦਾਸੀਏ, ਰਵਿਦਾਸੀਏ ਅਤੇ ਸ਼ੈਵ ਮਤ ਨੂੰ ਮੰਨਣ ਵਾਲੇ ਦੇਵ ਯੋਗੀ, ਸੰਨਿਆਸੀ ਪਰਮ ਹੰਸ ਅਤੇ ਨਾਥ ਆਦਿ ਆਪਣੇ ਮਤਾਂ ਦਾ ਪ੍ਰਚਾਰ ਕਰ ਰਹੇ ਸਨ। ਸਾਕਤ ਮੱਤ ਵਿਚ ਦੱਖਣੀ ਵਾਮਾਚਾਰੀ ਆਦਿ ਫਿਰਕੇ ਕਾਫੀ ਕੰਮ ਕਰ ਰਹੇ ਸਨ। ਇਨ੍ਹਾਂ ਸਾਰਿਆਂ ਫਿਰਕਿਆਂ ਨੇ ਜਾਤੀ ਵੰਡ ਸਬੰਧੀ ਆਪਣੀ ਅਸਹਿਮਤੀ ਪ੍ਰਗਟ ਕੀਤੀ ਅਤੇ ਨੀਵੀਆਂ ਜਾਤਾਂ ਵਾਲੇ ਮਨੁੱਖਾਂ ਨੂੰ ਆਪਣੇ ਮੱਤ ਵਿਚ ਪ੍ਰਵੇਸ਼ ਕਰਨ ਦੀ ਖੁਲ੍ਹ ਦਿੱਤੀ।

ਵਰਤਮਾਨ ਯੁਗ ਹਿੰਦੂ ਧਰਮ ਦੀ ਪੁਨਰ ਜਾਗ੍ਰਿਤੀ ਦਾ ਯੁਗ ਹੈ। ਆਧੁਨਿਕ ਹਿੰਦੂ ਵਿਚਾਰ ਪ੍ਰਣਾਲੀ ਦੇ ਪ੍ਰਮੁਖ ਪ੍ਰਵਕਤਾ ਰਾਜਾ ਰਾਮ ਮੋਹਨ ਰਾਏ ਕਹੇ ਜਾ ਸਕਦੇ ਹਨ। ਪੱਛਮੀ ਵਿਗਿਆਨਕ ਅਤੇ ਮਸ਼ੀਨੀ ਵਿਕਾਸ ਤੋਂ ਪੈਦਾ ਹੋਈ ਆਧੁਨਿਕ ਵਿਚਾਰਧਾਰਾ ਹੀ ਵਰਤਮਾਨ ਯੁੱਗ ਦੀ ਪਿੱਠ-ਭੂਮੀ ਹੈ। ਇਸ ਦੇ ਨਾਲ ਹੀ ਈਸਾਈ ਮਤ ਦੁਆਰਾ ਪੀੜਤ ਅਤੇ ਦਲਿਤ ਲੋਕਾਂ ਦੀ ਦੇਖਭਾਲ ਅਤੇ ਸਮਾਜ ਸੇਵਾ ਦੇ ਭਾਵਾਂ ਦਾ ਪ੍ਰਸਾਰ ਹੋਇਆ। ਵਰਤਮਾਨ ਮਸ਼ੀਨੀ ਯੁਗ ਲਈ ਵਰਣ-ਆਸ਼ਰਮ ਢੁਕਵਾਂ ਨਹੀਂ ਸੀ ਕਿਉਂਕਿ ਇਸ ਸਮਾਜ ਵਿਚ ਹਰ ਤਰ੍ਹਾ ਦੇ ਵਿਅਕਤੀਆਂ ਦੀਆਂ ਹਰ ਪ੍ਰਕਾਰ ਦੀਆਂ ਸੇਵਾਵਾਂ ਦੀ ਲੋੜ ਸੀ। ਅੰਗਰੇਜ਼ੀ ਵਿਦਿਆ ਦੇ ਪ੍ਰਸਾਰ ਨਾਲ ਹਿੰਦੂਆਂ ਦਾ ਧਿਆਨ ਪੱਛਮੀ ਮਾਨਵਵਾਦੀ ਦ੍ਰਿਸ਼ਟੀਕੋਣ ਵਲ ਖਿਚਿਆ ਗਿਆ। ਇਸ ਦੇ ਫਲਸਰੂਪ ਬਹੁਤ ਸਾਰੇ ਹਿੰਦੂ ਸੁਧਾਰਕਾਂ ਅਤੇ ਚਿੰਤਕਾਂ ਨੇ ਕਰਮਕਾਂਡ ਅਤੇ ਜਾਤਪਾਤ ਵਲੋਂ ਮੂੰਹ ਮੋੜ ਕੇ ਮਨੁੱਖ ਦੇ ਆਤਮ ਵਿਕਾਸ ਵਲ ਧਿਆਨ ਦੇਣਾ ਸ਼ੁਰੂ ਕੀਤਾ। ਕੁਝ ਕੁ ਕੱਟੜ ਈਸਾਈ ਮਿਸ਼ਨਰੀਆਂ ਨੇ ਹਿੰਦੂ ਧਰਮ-ਦਰਸ਼ਨ ਅਤੇ ਸਮਾਜਕ ਵਿਵਸਥਾ ਦੇ ਸਨਾਤਨ ਸਰੂਪ ਉਤੇ ਹਮਲੇ ਵੀ ਕਰਨੇ ਸ਼ੁਰੂ ਕੀਤੇ ਜਿਸ ਦੇ ਸਿਟੇ ਵਜੋਂ ਹਿੰਦੂ ਸੁਧਾਰਕਾਂ ਨੂੰ ਆਪਣੇ ਮੱਤ ਦੀਆਂ ਮੁਢਲੀਆਂ ਕੀਮਤਾਂ ਦੇ ਮੁਲਾਂਕਣ ਅਤੇ ਪੁਨਰ-ਸਥਾਪਨ ਦੀ ਇਛਾ ਪੈਦਾ ਹੋਈ।

ਹਿੰਦੂ ਮਤ ਦੇ ਵਿਕਾਸ ਦੇ ਆਧੁਨਿਕ ਪੜਾ ਵਿਚ ਕਈ ਸੁਧਾਰਕ ਲਹਿਰਾਂ ਚਲੀਆਂ ਅਤੇ ਵਿਅਕਤੀਗਤ ਪੱਧਰ ਤੇ ਕਈ ਦਾਰਸ਼ਨਿਕ ਵਿਚਾਰਧਾਰਾਵਾਂ ਪ੍ਰਚਲਿਤ ਹੋਈਆਂ। ਇਨ੍ਹਾਂ ਧਾਰਮਿਕ ਲਹਿਰਾਂ ਵਿਚੋਂ ਸਮਾਜਿਕ ਲਹਿਰ ਰਾਜਾ ਰਾਮ ਮੋਹਨ ਰਾਏ ਦੁਆਰਾ ਚਲਾਈ ਗਈ। ਇਸ ਦੇ ਵਿਕਾਸ ਵਿਚ ਦੇਵਿੰਦਰਨਾਥ ਟੈਗੋਰ ਅਤੇ ਕੇਸ਼ਵ ਚੰਦਰ ਸੈਨ ਨੇ ਬਹੁਤ ਹਿੱਸਾ ਪਾਇਆ। ਵੇਦ ਧਰਮ ਲਹਿਰ ਅਗਨੀ ਹੋਤਰੀ ਦੁਆਰਾ ਚਲਾਈ ਗਈ। ਇਹ ਲਹਿਰ ਬ੍ਰਹਮ ਸਮਾਜ ਦਾ ਨੈਤਿਕ ਦ੍ਰਿਸ਼ਟੀਕੋਣ ਤੋਂ ਪ੍ਰਚਾਰ ਕਰਨਾ ਸੀ। ਬ੍ਰਹਮੋ ਸਮਾਜ ਦਾ ਆਦਰਸ਼ ਵੱਖ-ਵੱਖ ਧਰਮਾਂ ਵਿਚ ਸਾਂਝੀਵਾਲਤਾ ਪੈਦਾ ਕਰਨਾ ਸੀ। ਇਸ ਤੋਂ ਇਲਾਵਾ ਹਿੰਦੂ ਸਮਾਜ ਵਿਚ ਪ੍ਰਵੇਸ਼ ਕਰ ਚੁਕੀਆਂ ਬੁਰਾਈਆਂ ਨੂੰ ਦੂਰ ਕਰਨਾ ਵੀ ਇਸ ਦਾ ਨਿਸ਼ਾਨਾ ਰਿਹਾ।

ਸੁਆਮੀ ਦਇਆਨੰਦ ਦੁਆਰਾ ਚਲਾਈ ਗਈ ਆਰੀਆ ਸਮਾਜ ਲਹਿਰ ਨੇ ਈਸਾਈ ਮਿਸ਼ਨਰੀਆਂ ਦੁਆਰਾ ਕੀਤੇ ਜਾ ਰਹੇ ਨਿਰੰਤਰ ਹਮਲਿਆਂ ਨੂੰ ਠੱਲ੍ਹ ਪਾਈ ਤੇ ਹਿੰਦੂ ਧਰਮ ਦੀਆਂ ਬੁਨਿਆਦੀ ਕੀਮਤਾਂ ਨੂੰ ਆਧੁਨਿਕ ਸੰਧਰਭ ਵਿਚ ਪੇਸ਼ ਕਰਦੇ ਹੋਏ ਉਨ੍ਹਾਂ ਦੀ ਪ੍ਰਮਾਣਿਕਤਾ ਦਾ ਪੁਨਰ ਸਥਾਪਨ ਕੀਤਾ। ਐਨੀ ਬੇਸੈਂਟ ਨੇ ਭਾਰਤ ਵਿਚ ਈਸ਼ਵਰ ਦੀ ਏਕਤਾ ਦੇ ਭਾਵ ਨੂੰ ਦ੍ਰਿੜ੍ਹ ਕਰਾਉਂਦੇ ਹੋਏ ਆਪਣੀ ਸ਼ਕਤੀਸ਼ਾਲੀ ਅਤੇ ਪ੍ਰਤਿਭਾਵਾਨ ਸ਼ਖਸੀਅਤ ਦੁਆਰਾ ਹਿੰਦੂ ਮੱਤ ਨੂੰ ਹਰਮਨ ਪਿਆਰਾ ਬਣਾਉਣ ਦੇ ਯਤਨ ਕੀਤੇ। ਸੁਆਮੀ ਰਾਮ ਕ੍ਰਿਸ਼ਨ ਪਰਮ ਹੰਸ ਨੇ ਆਪਣੇ ਪੈਰੋਕਾਰਾਂ ਵਿਚ ਤਿਆਗ ਤੇ ਜਨ ਸੇਵਾ ਦੀ ਭਾਵਨਾ ਨੂੰ ਉਤਸ਼ਾਹਿਤ ਕੀਤਾ। ਉਨ੍ਹਾਂ ਦੇ ਅਨਿਨ ਸੇਵਕ ਸੁਆਮੀ ਵਿਵੇਕਾਨੰਦ (1863-1902) ਨੇ ਆਪਣੇ ਗੁਰੂ ਦੇ ਸੰਦੇਸ਼ ਨੂੰ ਸੰਸਾਰ ਦੇ ਕੋਨੇ ਕੋਨੇ ਵਿਚ ਪੁਚਾਇਆ ਅਤੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਵੇਦਾਂਤ ਹੀ ਹਿੰਦੂ ਧਰਮ ਦੀ ਰੂਹ ਹੈ ਅਤੇ ਇਸ ਦਾ ਸੰਦੇਸ਼ ਸਾਰੀ ਮਾਨਵਤਾ ਲਈ ਸਰਬ ਸਾਂਝਾ ਹੈ। ਪੱਛਮ ਵਿਚ ਪਦਾਰਥਵਾਦ ਦੀ ਚਰਮ ਸੀਮਾ ਤੋਂ ਲੋਕਾਂ ਨੂੰ ਮੋੜਨ ਲਈ ਵੇਦਾਂਤ ਇਕ ਚੰਗਾ

ਸਾਧਨ ਹੈ। ਵਿਸ਼ਵ ਕਲਿਆਣ ਲਈ ਵੇਦਾਂਤ ਦੇ ਪ੍ਰਸਾਰ ਦਾ ਕੰਮ ਸੁਆਮੀ ਵਿਵੇਕਾਨੰਦ ਤੋਂ ਇਲਾਵਾ ਡਾ. ਰਾਧਾ ਕ੍ਰਿਸ਼ਨਨ ਅਤੇ ਸ੍ਰੀ ਅਰਬਿੰਦੂ ਆਦਿ ਵਿਦਵਾਨਾਂ ਨੇ ਹੋਰ ਅੱਗੇ ਤੋਰਿਆ। ਮਹਾਤਮਾ ਗਾਂਧੀ ਨੇ ਹਿੰਦੂ ਵਿਚਾਰਧਾਰਾ ਦੀ ਅਨੁਕੂਲਤਾ ਨੂੰ ਰਾਜਨੀਤਕ ਖੇਤਰ ਵਿਚ ਪ੍ਰਗਟ ਕੀਤਾ। ਇਸ ਦ੍ਰਿਸ਼ਟੀਕੋਣ ਦਾ ਪ੍ਰਚਾਰ ਵਿਨੋਬਾ ਭਾਵੇ ਅਤੇ ਜੈ ਪ੍ਰਕਾਸ਼ ਨਾਰਾਇਣ ਆਦਿਕ ਸਰਵੋਦਯ ਨੇਤਾ ਕਰਦੇ ਰਹੇ। ਹਿੰਦੂ ਪੁਨਰ-ਜਾਗ੍ਰਿਤੀ ਦੀ ਲਹਿਰ ਵਿਚ ਹਿੱਸਾ ਪਾਉਣ ਵਾਲਿਆਂ ਵਿਚ ਰਾਬਿੰਦਰ ਨਾਥ ਟੈਗੋਰ ਜਿਹੇ ਮਹਾਂਕਵੀ ਵੀ ਸ਼ਾਮਲ ਹਨ। ਹਿੰਦੂ ਵਿਚਾਰਧਾਰਾ ਦੀ ਵਰਤਮਾਨ ਰੂਪ ਰੇਖਾ ਇਨ੍ਹਾਂ ਉਪਰੋਕਤ ਵਿਅਕਤੀਆਂ ਦੀਆਂ ਘਾਲਾਂ ਦਾ ਸਿੱਟਾ ਹੈ।

ਅਜੋਕੇ ਹਿੰਦੂ ਮਤ ਵਿਚ ਜੀਵਨ ਦੀ ਗਤੀਸ਼ੀਲਤਾ ਪ੍ਰਤੱਖ ਝਲਕਦੀ ਦਿਖਾਈ ਦਿੰਦੀ ਹੈ। ਅੱਜ ਇਸ ਵਿਚ ਬਹੁਤ ਸਾਰੀਆਂ ਧਾਰਮਿਕ ਜਥੇਬੰਦੀਆਂ, ਲਾਇਕ ਵਿਦਵਾਨ, ਸੁਘੜ ਵੇਦਾਂਤੀ, ਯੋਗੀ, ਅਤੇ ਆਤਮਿਕ ਮੰਜ਼ਲਾਂ ਨੂੰ ਤੈਅ ਕਰਨ ਵਾਲੇ ਸੱਚੇ ਅਤੇ ਨਿਰਮਲ ਸਾਧਕ ਮੌਜੂਦ ਹਨ। ਇਸ ਤੋਂ ਇਲਾਵਾ ਸਨਾਤਨ ਹਿੰਦੂ ਸੰਸਥਾਵਾਂ ਨਾਲ ਸਬੰਧਿਤ ਧਾਰਮਿਕ ਆਗੂਆਂ ਦਾ ਵੀ ਘਾਟਾ ਨਹੀਂ। ਹੁਣ ਲੋਕਾਂ ਵਿਚ ਧਾਰਮਿਕ ਤੌਰ ਤੇ ਕਾਫੀ ਚੇਤਨਾ ਹੈ। ਵਿਦਿਅਕ ਖੇਤਰ ਵਿਚ ਬੁੱਧੀਮਾਨ ਤਬਕੇ ਵਿਚ ਵੀ ਆਪਣੇ ਧਾਰਮਿਕ ਵਿਰਸੇ ਨੂੰ ਸਮਝਣ ਅਤੇ ਗ੍ਰਹਿਣ ਕਰਨ ਦੀ ਇੱਛਾ ਪ੍ਰਬਲ ਹੋ ਰਹੀ ਹੈ। ਵੱਖ-ਵੱਖ ਧਰਮਾਂ ਦੀਆਂ ਵਿਚਾਰ ਧਾਰਾਵਾਂ ਸਬੰਧੀ ਸੰਵਾਦ ਅਤੇ ਵਖਿਆਨ ਕਾਫੀ ਹਰਮਨ ਪਿਆਰੇ ਹੋ ਰਹੇ ਹਨ। ਧਾਰਮਿਕ ਵਿਰਸੇ ਨੂੰ ਸੰਭਾਲਣ ਅਤੇ ਅਪਨਾਉਣ ਲਈ ਜੋ ਚਾਅ ਅਤੇ ਉਤਸ਼ਾਹ ਅਸੀਂ ਹਿੰਦੂਆਂ ਵਿਚ ਅਜ ਦੇਖ ਰਹੇ ਹਾਂ, ਉਸ ਤੋਂ ਪ੍ਰਤੀਤ ਹੁੰਦਾ ਹੈ ਕਿ ਜਿਸ ਵਿਰਸੇ ਨੇ ਸਦੀਆਂ ਤਕ ਲੋਕਾਂ ਦੀ ਅਗਵਾਈ ਕੀਤੀ ਉਹ ਭਵਿਖ ਵਿਚ ਵੀ ਉਨ੍ਹਾਂ ਨੂੰ ਉਤਸ਼ਾਹਿਤ ਕਰਦਾ ਰਹੇਗਾ।

ਭਾਰਤੀ ਸੰਸਕ੍ਰਿਤੀ ਵਿਚ ਪੁਰਾਤਨ ਕਾਲ ਤੋਂ ਭਾਵ ਅੱਜ ਤੋਂ ਲੱਗਭਗ ਪੰਜ ਹਜ਼ਾਰ ਸਾਲ ਪਹਿਲਾਂ ਤੋਂ ਦੋ ਪ੍ਰਮੁੱਖ ਵਿਚਾਰਧਾਰਾਵਾਂ ਪ੍ਰਚੱਲਤ ਰਹੀਆਂ ਹਨ ਤੇ ਇਹ ਵੀ ਕਿਹਾ ਜਾਂਦਾ ਹੈ ਕਿ ਇਹ ਵਿਚਾਰਧਾਰਾਵਾਂ ਦਾ ਆਧਾਰ ਦੋ ਮਾਨਵੀ ਨਸਲਾਂ (Human races) ਹਨ। ਇਕ ਵਿਚਾਰਧਾਰਾ ਨੂੰ 'ਬ੍ਰਾਹਮਣ' ਅਤੇ ਦੂਜੀ ਵਿਚਾਰਧਾਰਾ ਨੂੰ 'ਸ਼੍ਰੌਮਣ' ਕਿਹਾ ਜਾਂਦਾ ਹੈ। ਇਹ ਦੋਵੇਂ ਸਮਾਨੰਤਰ ਪਰੰਪਰਾਵਾਂ ਅਸਲ ਵਿਚ ਕਦੋਂ ਤੋਂ ਬਰਾਬਰ ਤੁਰੀਆਂ ਆ ਰਹੀਆਂ ਸਨ – ਕੋਈ ਪਤਾ ਨਹੀਂ, ਪਰ ਲੱਗਭਗ ਸਭ ਵਿਦਵਾਨ ਇਹ ਮੰਨਦੇ ਹਨ ਕਿ ਈਸਾ ਤੋਂ ਦੋ ਹਜ਼ਾਰ ਸਾਲ ਪਹਿਲਾਂ ਜਦੋਂ ਵੇਦਾਂ ਦੀ ਰਚਨਾ ਹੋ ਚੁੱਕੀ ਸੀ ਉਸ ਤੋਂ ਪਹਿਲੋਂ ਗੈਰਵੈਦਿਕ ਸ਼ਰੌਮਣ ਪਰੰਪਰਾ ਮੌਜੂਦ ਸੀ। ਘੱਟੋ ਘੱਟ ਸਿੰਧੂ ਘਾਟੀ ਦੀ ਸਭਿਅਤਾ ਇਸ ਸੱਚ ਦਾ ਵੱਡਾ ਸਬੂਤ ਹੈ। ਸਿੰਧ ਘਾਟੀ ਦੀ ਖੁਦਾਈ ਵਿਚੋਂ ਜਿਹੜੀਆਂ ਵਸਤਾਂ ਪ੍ਰਾਪਤ ਹੋਈਆਂ ਹਨ ਉਨ੍ਹਾਂ ਤੋਂ ਪਤਾ ਚਲਦਾ ਹੈ ਕਿ ਇਕ ਪੂਰੀ ਤਰ੍ਹਾਂ ਵਿਕਸਿਤ ਸੁਘੜ ਲੋਕਾਂ ਦੀ ਸਭਿਅਤਾ ਵਾਲਾ ਵਿਸ਼ਾਲ ਸ਼ਹਿਰ ਮੌਜੂਦ ਸੀ ਤੇ ਇਹ ਸਭਿਅਤਾ ਆਰੀਆ ਸਭਿਅਤਾ ਨਹੀਂ ਸੀ।

ਆਰੀਆ ਲੋਕਾਂ ਦੀ ਵਿਚਾਰਧਾਰਾ ਨੂੰ 'ਬ੍ਰਾਹਮਣ' ਕਿਹਾ ਜਾਂਦਾ ਹੈ ਤੇ ਗੈਰ ਆਰੀਅਨ ਲੋਕਾਂ ਦੀ ਵਿਚਾਰਧਾਰਾ ਨੂੰ 'ਸ਼੍ਰੌਮਣ'। ਆਰੀਆ ਲੋਕਾਂ ਨੇ ਸ਼੍ਰੌਮਣ ਵਿਚਾਰਧਾਰਾ ਨੂੰ ਪਸੰਦ ਤਾਂ ਕੀ ਕਰਨਾ ਸੀ, ਇਸਨੂੰ ਭੰਡਿਆ, ਨਿਰਾਦਰ ਕੀਤਾ ਤੇ ਨਸ਼ਟ ਕਰਨ ਦੇ ਯਤਨ ਕੀਤੇ। ਆਰੀਆ ਰਿਸ਼ੀਆਂ ਨੇ ਸ਼੍ਰੌਮਣਾ ਦੇ ਧਰਮ ਨੂੰ ਨਾਸਤਿਕ ਕਿਹਾ। 'ਨਾਸਤਿਕ' ਸ਼ਬਦ ਦਾ ਅਰਥ ਰੱਬ ਤੋਂ ਮੁਨਕਰ ਹੋਣਾ ਨਹੀਂ ਲਿਆ ਜਾਂਦਾ ਸੀ। ਨਾਸਤਿਕ ਉਹ ਸੀ ਜੋ ਵੇਦਾਂ ਵਿਚ ਵਿਸ਼ਵਾਸ ਨਾ ਕਰੇ। ਸਾਂਖ ਮੱਤ ਪਰਮਾਤਮਾ ਦੀ ਹੋਂਦ ਨੂੰ ਨਹੀਂ ਮੰਨਦਾ ਪਰ ਵੇਦਾਂ ਦੀ ਦਿੱਬਤਾ ਨੂੰ ਪਰਵਾਨ ਕਰਦਾ ਹੈ ਇਸ ਲਈ ਇਹ ਨਾਸਤਿਕ ਨਹੀਂ। ਪਰ ਜੈਨ ਧਰਮ ਅਤੇ ਬੁੱਧ ਧਰਮ ਕਿਉਂਕਿ ਵੇਦਾਂ ਦੀ ਸ਼ਕਤੀ ਤੋਂ ਇਨਕਾਰੀ ਹਨ ਇਸ ਕਰਕੇ ਇਨ੍ਹਾਂ ਧਾਰਮਿਕ ਪਰੰਪਰਾਵਾਂ ਨੂੰ ਨਾਸਤਿਕ ਕਿਹਾ ਜਾਂਦਾ ਹੈ। ਮਨੂ ਨਾਸਤਿਕ ਦੀ ਸਪਸ਼ਟ ਪਰਿਭਾਸ਼ਾ ਇਹੋ ਦਿੰਦਾ ਹੈ – "ਨਾਸਤਿਕੋ ਵੇਦਨਿੰਦਕਹ", ਭਾਵ ਨਾਸਤਿਕ ਉਸ ਨੂੰ ਕਿਹਾ ਜਾਂਦਾ ਹੈ ਜਿਹੜਾ ਵੇਦਾਂ ਦਾ ਨਿੰਦਕ ਹੋਵੇ, ਵੇਦਬਾਣੀ ਵਿਚ ਵਿਸ਼ਵਾਸ ਨਾ ਰੱਖੇ। ਨਾਗਾਰਜੁਨ ਦਾ ਆਖਣਾ ਹੈ ਕਿ ਨਾਸਤਿਕ (ਭਾਵ ਵੇਦਾਂ ਵਿਚ ਵਿਸ਼ਵਾਸ ਰੱਖਣ ਤੋਂ ਮੁਨਕਿਰ) ਨਰਕਾਂ ਵਿਚ ਅਵੱਸ਼ ਜਾਣਗੇ।

ਆਰੀਆ ਲੋਕ ਭਾਰਤ ਵਿਚ ਕਦੋਂ ਆਏ ਕਿੱਧਰੋਂ ਆਏ ਇਸ ਬਾਰੇ ਵੱਖ ਵੱਖ ਵਿਚਾਰਧਾਰਾਵਾਂ ਦੀਆਂ ਹਜ਼ਾਰਾਂ ਕਿਤਾਬਾਂ ਲਿਖੀਆਂ ਹਨ ਪਰ ਸਿੰਧ-ਵਾਦੀ ਦੇ

ਸ਼੍ਰੌਮਣ ਨਾਗਰਿਕ ਇਥੋਂ ਦੇ ਮੂਲ ਵਾਸੀ ਸਨ ਇਸ ਬਾਰੇ ਵਿਦਵਾਨਾਂ ਵਿਚ ਆਮ ਤੌਰ ਤੇ ਸਹਿਮਤੀ ਹੈ।

ਜੈਨਮੱਤ ਅਤੇ ਬੁੱਧਮੱਤ ਕਿਉਂਕਿ ਆਰੀਆ ਪਿਛੋਕੜ ਵਾਲੇ ਨਹੀਂ ਅਤੇ ਨਾ ਹੀ ਵੈਦਿਕ ਸੰਸਕ੍ਰਿਤੀ ਨਾਲ ਇਨ੍ਹਾਂ ਦੀ ਕੋਈ ਸਾਂਝ ਹੈ ਇਸ ਕਰਕੇ ਸਾਡੇ ਲਈ ਸੁਭਾਵਿਕ ਹੀ ਇਹ ਜ਼ਰੂਰੀ ਬਣ ਜਾਂਦਾ ਹੈ ਕਿ ਇਨ੍ਹਾਂ ਧਰਮਾਂ ਬਾਰੇ ਜਾਣਨ ਤੋਂ ਪਹਿਲਾਂ ਅਸੀਂ ਸਿੰਧਵਾਦੀ ਦੇ ਵਸਨੀਕਾਂ ਬਾਰੇ ਸੰਖੇਪ ਵਿਚ ਜਾਣ ਲਈਏ। ਇਹੀ ਸਰੌਮਣ ਧਰਮਾਂ ਦੇ ਪੂਰਵਜ ਬਜ਼ੁਰਗ ਸਨ।

ਪਹਿਲੋਂ ਸਮਝਿਆ ਜਾਂਦਾ ਸੀ ਕਿ ਆਰੀਆ ਲੋਕਾਂ ਦੇ ਆਗਮਨ ਨਾਲ ਭਾਰਤ ਦਾ ਇਤਿਹਾਸ ਆਰੰਭ ਹੁੰਦਾ ਹੈ ਪਰ ਜਦੋਂ ਤੋਂ ਖੁਦਾਈ ਉਪਰੰਤ ਹੜੱਪਾ ਅਤੇ ਮੋਹੰਜੋਦਾੜੋ ਸ਼ਹਿਰਾਂ ਦੇ ਥੇਹ ਮਿਲੇ ਹਨ ਉਦੋਂ ਤੋਂ ਇਹ ਵਿਚਾਰ ਬਦਲ ਗਏ ਹਨ। ਸਿੰਧਵਾਦੀ ਦੀ ਸਭਿਅਤਾ ਆਰੀਆ ਲੋਕਾਂ ਤੋਂ ਪੁਰਾਣੀ ਤਾਂ ਹੈ ਹੀ ਇਹ ਉਨ੍ਹਾਂ ਤੋਂ ਹਰ ਪੱਖੋਂ ਭਿੰਨ ਵੀ ਹੈ। ਇਸ ਸਭਿਅਤਾ ਦੀ ਖੁਦਾਈ ਦਾ ਕੰਮ ਅੰਗਰੇਜ਼ਾਂ ਦੇ ਰਾਜ ਵੇਲੇ ਹੀ ਸ਼ੁਰੂ ਹੋ ਗਿਆ ਸੀ। ਸਰ ਜਾਨ ਮਾਰਸ਼ਲ ਉਸ ਵੇਲੇ ਆਰਕਿਆਲੋਜੀ ਡਿਪਾਰਟਮੈਂਟ ਆਫ ਇੰਡੀਆ ਦੇ ਡਾਇਰੈਕਟਰ ਜਨਰਲ ਸਨ। ਉਨ੍ਹਾਂ ਨੇ ਬਹੁਤ ਵੱਡੇ ਪੱਧਰ ਉਤੇ ਇਸ ਮੁਹਿੰਮ ਨੂੰ ਆਰੰਭ ਕੀਤਾ ਸੀ। ਇਹ ਸਭਿਅਤਾ ਪਾਕਿਸਤਾਨ ਵਿਚ ਪੱਛਮੀ ਪੰਜਾਬ ਦੇ ਮਿੰਟਗੁਮਰੀ ਤੋਂ ਬਲੋਚਿਸਤਾਨ ਤਕ ਫੈਲੀ ਹੋਈ ਹੈ ਤੇ ਇੱਧਰ ਭਾਰਤ ਵਿਚ ਰੋਪੜ ਤੋਂ ਸ਼ੁਰੂ ਹੋ ਕੇ ਅਹਿਮਦਾਬਾਦ ਕਾਠੀਆਵਾੜ ਤਕ ਤੇ ਰਾਜਸਥਾਨ ਵਿਚ ਜੈਸਲਮੇਰ ਤਕ ਪੁੱਜ ਜਾਂਦੀ ਹੈ। ਹੁਣ ਇਸ ਦੀ ਖੋਜ ਦਾ ਕੰਮ ਭਾਰਤੀ ਤੇ ਪਾਕਿਸਤਾਨੀ ਪੁਰਾਖੋਜੀ ਆਪੋ ਆਪਣੇ ਮੁਲਕਾਂ ਵਿਚ ਵਖ ਵਖ ਕਰ ਰਹੇ ਹਨ। ਇਸ ਸਭਿਅਤਾ ਦਾ ਸਮਾਂ ਲਗਭਗ ਪੰਜ ਹਜ਼ਾਰ ਸਾਲ ਪੁਰਾਣਾ ਹੈ। ਇਸ ਵਾਦੀ ਦੀ ਖੁਦਾਈ ਵਿਚੋਂ ਮਿਲੀਆਂ ਵਸਤਾਂ ਦੇ ਆਧਾਰ ਤੇ ਇਨ੍ਹਾਂ ਲੋਕਾਂ ਦੇ ਧਾਰਮਿਕ ਤੇ ਸਮਾਜਿਕ ਰਸਮਾਂ ਰਿਵਾਜਾਂ ਦਾ ਕਾਫੀ ਪਤਾ ਲਗਦਾ ਹੈ ਪਰ ਅਜੇ ਤਕ ਇਨ੍ਹਾਂ ਦੀ ਲਿਪੀ ਨਹੀਂ ਪੜ੍ਹੀ ਗਈ। ਇਸ ਲਿਪੀ ਨੂੰ ਪੜ੍ਹਨ ਵਾਸਤੇ ਕੋਈ ਲਿੰਕ-ਲਿਪੀ ਜਦੋਂ ਤਕ ਪ੍ਰਾਪਤ ਨਹੀਂ ਹੁੰਦੀ ਉਦੋਂ ਤਕ ਵੱਡੇ ਭੇਦ ਹਨੇਰੇ ਵਿਚ ਹੀ ਰਹਿਣਗੇ।

ਸਿੰਧ ਰਾਜ ਦੇ ਲੜਕਾਨਾ ਜ਼ਿਲੇ ਵਿਚ ਸਿੰਧ ਨਦੀ ਅਤੇ ਨਾਗ ਸ਼ਹਿਰ ਦੇ ਵਿਚਕਾਰਲੇ ਮੈਦਾਨ ਵਿਚ ਮਹਿੰਜੋਦੜੋ ਨਗਰ ਵਸਿਆ ਹੋਇਆ ਸੀ। ਮਹਿੰਜੋਦੜੋ ਸ਼ਬਦ ਦਾ ਭਾਵ ਹੈ ਮੁਰਦਿਆਂ ਦਾ ਥੇਹ। ਇਥੋਂ ਦੇ ਸਥਾਨਕ ਵਾਸੀਆਂ ਨੇ ਇਸ ਸ਼ਹਿਰ ਦੇ ਥੇਹਾਂ ਦਾ ਇਹ ਨਾਮ ਪਾਇਆ ਹੋਇਆ ਸੀ। ਇਹ ਮੁਰਦਿਆਂ ਦਾ ਥੇਹ ਕਦੀ ਬੇਮਿਸਾਲ ਖੁਸ਼ਹਾਲ ਘੁੱਗ ਵਸਦੇ ਸਭਿਅਕ ਲੋਕਾਂ ਦਾ ਸੁੰਦਰ ਸ਼ਹਿਰ ਸੀ ਜੋ ਸੈਂਕੜੇ ਫੁੱਟ ਡੂੰਘਾ ਜ਼ਮੀਨ ਵਿਚ ਧਸ ਗਿਆ। ਇਸ ਦੀ ਬਰਬਾਦੀ ਦੇ ਕੀ ਕਾਰਨ ਸਨ ਪਤਾ ਨਹੀਂ ਪਰ ਕਾਫੀ ਸਾਰੇ ਵਿਦਵਾਨ ਵੈਦਿਕ ਸਭਿਅਤਾ ਦੇ ਮੋਢੀ ਆਰੀਆ ਲੋਕਾਂ ਨੂੰ ਇਸ ਤਬਾਹੀ ਦਾ ਕਾਰਨ ਮੰਨਦੇ ਹਨ। ਰਿਗਵੇਦ ਵਿਚ ਦਸਯੂ ਲੋਕਾਂ ਦੇ ਰੰਗ ਰੂਪ, ਨੈਣ ਨਕਸ਼ ਵਰਤੋਂ ਵਿਹਾਰ ਅਤੇ ਆਰੀਆ ਲੋਕਾਂ ਦੇ ਜਰਨੈਲ ਇੰਦਰ ਵਲੋਂ ਇਨ੍ਹਾਂ ਨੂੰ ਤਬਾਹ ਕਰਨ ਦਾ ਜ਼ਿਕਰ ਕਈ ਵਾਰ ਆਇਆ ਹੈ। ਇਹ 'ਦਸਯੂ' ਲੋਕ ਦ੍ਰਾਵੜ ਸਨ।

ਹੜੱਪਾ ਨਗਰ ਮਹਿੰਜੋਦੜੋ ਤੋਂ ਵੀ ਵੱਡਾ ਹੈ ਤੇ ਇਹ ਪਾਕਿਸਤਾਨੀ ਪੰਜਾਬ ਦੇ ਜ਼ਿਲਾ ਮਿੰਟਗੁਮਰੀ ਵਿਚ ਸਥਿਤ ਹੈ। ਵਿਦਵਾਨਾਂ ਅਨੁਸਾਰ ਹੜੱਪਾ ਨਗਰ ਮਹਿੰਜੋਦੜੋ ਤੋਂ ਵੀ ਹਜ਼ਾਰਾਂ ਸਾਲ ਪੁਰਾਣਾ ਸੀ। ਇਹ ਪੁਰਾਤਨ ਸ਼ਹਿਰ ਜ਼ਿੰਦਗੀ ਅਤੇ ਮੌਤ ਦੀਆਂ ਅਨੇਕਾਂ ਕਹੀਆਂ ਅਤੇ ਅਣਕਹੀਆਂ ਕਥਾਵਾਂ ਛੁਪਾਈ ਬੈਠੇ ਹਨ।

ਇਸ ਸਭਿਅਤਾ ਦੇ ਸਾਰੇ ਪੱਖਾਂ ਦੀ ਵਿਸਥਾਰਪੂਰਵਕ ਜਾਣਕਾਰੀ ਪ੍ਰਾਪਤ ਕਰਨ ਦੀ ਸਾਨੂੰ ਜ਼ਰੂਰਤ ਨਹੀਂ ਹੈ। ਅਸੀਂ ਕੇਵਲ ਇਸ ਘਾਟੀ ਦੇ ਧਾਰਮਿਕ ਸੰਸਕਾਰਾਂ ਉਪਰ ਥੋੜ੍ਹੀ ਜਿਹੀ ਪੰਛੀ ਝਾਤ ਪਾਵਾਂਗੇ ਕਿਉਂਕਿ ਇਸ ਸਭਿਅਤਾ ਦਾ ਧਾਰਮਿਕ ਪਿਛੋਕੜ ਸ੍ਰੋਮਣ ਪਰੰਪਰਾ ਦਾ ਮੁੱਢ ਹੈ ਤੇ ਸ੍ਰੋਮਣ ਪਰੰਪਰਾ ਹੀ ਜੈਨ ਧਰਮ ਅਤੇ ਬੁੱਧ ਧਰਮ ਦੀ ਜਣਨੀ ਹੈ।

ਖੁਦਾਈ ਵਿਚੋਂ ਬਹੁਤ ਸਾਰੀਆਂ ਮੂਰਤੀਆਂ ਮਿਲੀਆਂ ਹਨ ਤੇ ਠੀਕਰ-ਮੁਹਰਾਂ ਵੀ। ਵਧੇਰੇ ਮੂਰਤੀਆਂ ਦੇਵੀਆਂ ਦੀਆਂ ਹਨ। ਧਰਤੀ ਨੂੰ ਦੇਵੀ ਮਾਤਾ ਕਰਕੇ ਪੂਜਿਆ ਜਾਂਦਾ ਸੀ, ਇਹੋ ਜਿਹਾ ਪ੍ਰਭਾਵ ਇਨ੍ਹਾਂ ਮੂਰਤੀਆਂ ਤੋਂ ਮਿਲਦਾ ਹੈ। ਮਰਦਾਂ ਦੇ ਮੁਕਾਬਲੇ ਤੇ ਇਸਤਰੀਆਂ ਦੀਆਂ ਮੂਰਤੀਆਂ ਵਧੀਕ ਮਾਤਰਾ ਵਿਚ ਮਿਲਣ ਦਾ ਸਬੂਤ ਹੈ ਕਿ ਦੇਵਤਿਆਂ ਨਾਲੋਂ ਦੇਵੀ ਪੂਜਨ ਰਿਵਾਜ਼ ਵਧੀਕ ਸੀ। ਮਿੱਟੀ ਉੱਤੇ ਪਿੱਪਲ ਦੇ ਰੁੱਖ ਦੀ ਉੱਕਰੀ ਤਸਵੀਰ ਮਿਲੀ ਹੈ ਤੇ ਪਸ਼ੂਆਂ ਪੰਛੀਆਂ ਦੇ ਚਿੱਤਰ ਮਿਲੇ ਹਨ। ਸਮਾਧੀ ਲਾਈ ਬੈਠਾ ਇਕ ਬਾਵਾ ਮਿਲਿਆ ਹੈ ਜੋ ਪੂਰੀ ਤਰ੍ਹਾਂ ਘੋਨ ਮੋਨ ਹੈ। ਸਮਾਧੀ ਲਾ ਕੇ ਇਕਾਂਤ ਵਿਚ ਤਪ ਕਰਨ ਦਾ ਰਿਵਾਜ ਆਰੀਆ ਲੋਕਾਂ ਦਾ ਨਹੀਂ ਸ੍ਰੋਮਣਾ ਦਾ ਹੈ। ਸਮਾਧੀ, ਯੋਗ ਆਦਿਕ ਦਾ ਰਿਵਾਜ ਲਗਦਾ ਹੈ ਆਰੀਆ ਲੋਕਾਂ ਨੇ ਨਹੀਂ ਸ੍ਰੋਮਣਾ ਨੇ ਸ਼ੁਰੂ ਕੀਤਾ ਜੋ ਪਿਛੋਂ ਜਾ ਕੇ ਆਰੀਆ ਲੋਕਾਂ ਨੇ ਅਪਣਾ ਲਿਆ। ਇਕ ਮੂਰਤੀ ਮਿਲੀ ਹੈ ਜੋ ਸ਼ਿਵ ਦੀ ਪ੍ਰਤੀਤ ਹੁੰਦੀ ਹੈ। ਸ਼ਿਵ ਆਰੰਭ ਵਿਚ ਵੈਸੇ ਵੀ ਆਰੀਆ ਦੇਵ ਨਹੀਂ ਸੀ। ਉਸਦਾ ਸਾਰਾ ਕਾਰਵਿਹਾਰ ਸਿੰਧਵਾਦੀ ਦੇ ਲੋਕਾਂ ਦੇ ਅਨੁਕੂਲ ਹੈ। ਸ਼ਿਵ ਦੀ ਯੋਗ ਆਸਣ ਵਿਚ ਮੂਰਤੀ ਦੇ ਆਲੇ ਦੁਆਲੇ ਸ਼ੇਰ, ਗੈਂਡਾ ਹਾਥੀ ਤੇ ਝੋਟਾ ਖਲੋਤੇ ਦਿਖਾਈ ਦਿੰਦੇ ਹਨ। ਸ਼ਿਵ ਦੇ ਸਿਰ ਉੱਪਰ ਤਿੰਨ ਸਿੰਗ ਹਨ ਜੋ ਸ਼ਾਇਦ ਬਾਅਦ ਵਿਚ ਉਸ ਦਾ ਤ੍ਰਿਸ਼ੂਲ ਬਣ ਗਏ। ਸ਼ਿਵਲਿੰਗ ਪ੍ਰਾਪਤ ਹੋਇਆ ਹੈ ਜਿਸ ਤੋਂ ਲਿੰਗ-ਪੂਜਾ ਦੇ ਰਿਵਾਜ ਦਾ ਪਤਾ ਲਗਦਾ ਹੈ।

ਰਿਗਵੇਦ ਵਿਚ ਲਿਖਿਆ ਹੈ ਕਿ ਇਥੇ ਸਪਤਸਿੰਧੂ ਦੇ ਮੈਦਾਨਾਂ ਵਿਚ ਦਸਯੂ(ਦਾਸ) ਲੋਕ ਵਸਦੇ ਹਨ ਜਿਨ੍ਹਾਂ ਦੇ ਮਰਦ ਨੱਚਦੇ ਹਨ। ਆਰੀਆ ਲੋਕਾਂ ਨੂੰ ਮਰਦਾਂ ਦਾ ਨੱਚਣਾ ਚੰਗਾ ਨਹੀਂ ਲੱਗਾ। ਇਹ ਬੜੇ ਸ਼ਾਂਤ ਸੁਭਾਅ ਦੇ ਸੁਘੜ ਲੋਕ ਸਨ। ਇਸ ਦੇ ਉਲਟ ਆਰੀਆ ਲੋਕ ਜਾਂਗਲੀ, ਜਾਹਲ ਅਤੇ ਧੱਕੜ ਸਨ। ਜਦੋਂ ਸ੍ਰੋਮਣਾਂ ਨੇ ਇਕ ਪੂਰੀ ਖੁਸ਼ਹਾਲ ਸਭਿਅਤਾ ਦਾ ਵਿਕਾਸ ਕਰ ਰੱਖਿਆ ਸੀ ਉਦੋਂ ਆਰੀਆ ਲੋਕ ਮਾਰਧਾੜ ਤੋਂ ਇਲਾਵਾ ਕੁੱਝ ਨਹੀਂ ਜਾਣਦੇ ਸਨ। ਇਹੀ ਕਾਰਨ ਹੈ ਕਿ ਇੰਦਰ (ਜੋ ਉਸ ਵਕਤ ਆਰੀਆਂ ਦਾ ਜਥੇਦਾਰ ਹੋਵੇਗਾ) ਨੇ ਜਦੋਂ ਇਨ੍ਹਾਂ ਲੋਕਾਂ ਨੂੰ ਪੂਰੀ ਤਰ੍ਹਾਂ ਬਰਬਾਦ ਕੀਤਾ ਤਦ ਇਨ੍ਹਾਂ ਵਲੋਂ ਮੁਕਾਬਲੇ ਕੀਤੇ ਜਾਣ ਦਾ ਕੋਈ ਸਬੂਤ ਨਹੀਂ ਮਿਲਦਾ। ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਇਨ੍ਹਾਂ ਸ਼ਾਂਤੀ ਪਸੰਦ ਲੋਕਾਂ ਨੇ ਕੋਈ ਸੈਨਾ ਵੀ ਨਾ ਰੱਖੀ ਹੋਵੇ।

ਇਹੋ ਜਿਹੇ ਦੇਵਤਿਆਂ ਦੀਆਂ ਮੂਰਤੀਆਂ ਵੀ ਮਿਲੀਆਂ ਹਨ ਜਿਨ੍ਹਾਂ ਦਾ ਅੱਧਾ ਸਰੀਰ ਮਨੁੱਖ ਦਾ ਤੇ ਅੱਧਾ ਪਸ਼ੂ ਦਾ ਹੈ। ਪਿੱਪਲ ਤੋਂ ਇਲਾਵਾ ਕਿੱਕਰ ਅਤੇ ਨਿੰਮ ਦੇ ਰੁੱਖ ਦੀ ਪੂਜਾ ਦੇ ਸਬੂਤ ਵੀ ਮਿਲਦੇ ਹਨ। ਘੁੱਗੀ ਤੇ ਕਬੂਤਰ ਦੇ ਚਿੱਤਰ ਮਿਲੇ ਹਨ ਤੇ ਪਸ਼ੂਆਂ ਵਿਚੋਂ ਚੀਤਾ, ਬੱਕਰਾ, ਮਗਰਮੱਛ, ਗੈਂਡਾ, ਸੱਪ, ਹਾਥੀ, ਸਾਨ੍ਹ ਆਦਿਕ ਦੀਆਂ ਮੂਰਤੀਆਂ ਹਨ। ਹੁਣ ਤਕ ਕੀਤੀ ਖੁਦਾਈ ਵਿਚੋਂ ਘੋੜੇ ਦਾ ਕੋਈ ਚਿੰਨ੍ਹ ਨਹੀਂ ਮਿਲਿਆ। ਕੀ ਇਸ ਤੋਂ ਇਹ ਅੰਦਾਜ਼ਾ ਲਾਈਏ ਕਿ ਘੋੜ-ਸਵਾਰੀ ਦਾ ਰਿਵਾਜ ਹੈ ਹੀ ਨਹੀਂ ਸੀ ਜਾਂ ਇਨ੍ਹਾਂ ਨੇ ਘੋੜਾ ਸਿਧਾਇਆ ਹੀ ਨਹੀਂ ਸੀ?

ਕਾਫੀ ਵੱਡੀ ਗਿਣਤੀ ਵਿਚ ਕਬਰਾਂ ਮਿਲੀਆਂ ਹਨ। ਲਗਦਾ ਹੈ ਮੁਰਦੇ ਨੂੰ ਅਗਨੀਭੇਟ ਕਰਨ ਦੀ ਥਾਂ ਦਫਨਾਇਆ ਜਾਂਦਾ ਸੀ। ਆਰੀਆ ਲੋਕ ਆਮ ਤੌਰ ਤੇ ਮੁਰਦੇ ਨੂੰ ਅਗਨੀਭੇਟ ਕਰਦੇ ਸਨ ਤੇ ਬਾਅਦ ਵਿਚ ਕਿਉਂਕਿ ਉਹ ਇਸ ਇਲਾਕੇ ਤੇ ਕਾਬਜ਼ ਹੋ ਗਏ, ਇਸ ਲਈ ਮੁਰਦੇ ਨੂੰ ਅਗਨੀਦਾਹ ਕਰਨ ਦਾ ਰਿਵਾਜ਼ ਬਾਕੀ ਰਹਿ ਗਿਆ।

ਸਿੰਧਵਾਦੀ ਦੀ ਸਭਿਅਤਾ ਔਰਤ ਪ੍ਰਧਾਨ ਸਮਾਜ ਵਾਲੀ ਸੀ। ਪਰ ਆਰੀਆ ਲੋਕਾਂ ਦੇ ਘਰਾਂ ਵਿਚ ਪਿਤਾ ਦੀ ਪ੍ਰਧਾਨਤਾ ਸੀ। ਇਵੇਂ ਹੀ ਸ਼੍ਰੌਮਣ ਸਾਧੂ ਨਾਂਗੇ ਬਾਵਿਆਂ ਦੇ ਰੂਪ ਵਿਚ ਜੰਗਲਾਂ ਵਿਚ ਤਪ ਕਰਦੇ ਸਨ ਪਰ ਆਰੀਆ ਰਿਸ਼ੀ ਆਪਣੇ ਪਰਿਵਾਰਾਂ ਵਿਚ ਰਹਿਕੇ ਖੇਤੀ ਕਰਦੇ ਤੇ ਪੂਜਾ ਪਾਠ ਕਰਦੇ। ਇਨ੍ਹਾਂ ਵਖਰੇਵਿਆਂ ਕਰਕੇ ਵਿਦਵਾਨ ਇਸ ਨਤੀਜੇ ਉਤੇ ਪੁੱਜੇ ਹਨ ਕਿ ਜੈਨ ਅਤੇ ਬੁੱਧ ਮੱਤ ਸ਼੍ਰੌਮਣ ਸਭਿਅਤਾ ਦੀ ਅਤੇ ਵੈਦਿਕ ਮੱਤ ਆਰੀਆ ਸਭਿਅਤਾ ਦੀ ਉਪਜ ਹਨ।

ਭਗਵਾਨ ਮਹਾਂਵੀਰ
(599-527 ਪੂਰਵ ਈਸਾ)

ਜੈਨ ਧਰਮ ਨੂੰ ਸੰਸਾਰ ਦੇ ਬਹੁਤ ਪੁਰਾਣੇ ਧਰਮਾਂ ਵਿਚੋਂ ਇਕ ਮੰਨਿਆ ਜਾਂਦਾ ਹੈ। ਜੈਨੀ ਉਪਾਸ਼ਕ ਤਾਂ ਇਸਨੂੰ ਅਨਾਦੀ ਮੰਨਦੇ ਹਨ – ਭਾਵ ਇਸ ਧਰਮ ਦਾ ਕੋਈ ਨਿਸ਼ਚਿਤ ਇਤਿਹਾਸ ਨਹੀਂ – ਦੂਜੇ ਸ਼ਬਦਾਂ ਵਿਚ, ਇਹ ਧਰਮ ਇਤਿਹਾਸ ਦੇ ਬੰਧਨ ਤੋਂ ਮੁਕਤ ਪਰਾਇਤਿਹਾਸਕ ਹੈ। ਇਸਨੂੰ ਵੱਖ ਵੱਖ ਸਮੇਂ ਤੀਰਥਾਂਕਰ ਸੇਧ ਦਿੰਦੇ ਰਹੇ ਹਨ। ਇਸ ਧਰਤੀ ਤੋਂ ਇਲਾਵਾ ਹੋਰ ਵੀ ਭੂ ਖੰਡ ਹਨ ਜਿਥੇ ਤੀਰਥਾਂਕਰ ਜਨਮ ਲੈ ਕੇ ਲੋਕਾਂ ਨੂੰ ਧਰਮਪੰਧ ਉਤੇ ਤੁਰਨ ਦੀ ਪ੍ਰੇਰਨਾ ਦਿੰਦੇ ਹਨ। ਧਰਤੀ ਨੂੰ ਭਰਤਖੰਡ ਕਿਹਾ ਜਾਂਦਾ ਹੈ। ਭਰਤਖੰਡ ਉਤੇ ਇਸ ਯੁੱਗ ਵਿਚ 24 ਤਰੀਥਾਂਕਰਾਂ ਨੇ ਜਨਮ ਲਿਆ। ਤੀਰਥਾਂਕਰ ਨੂੰ ਭਗਵਾਨ ਵੀ ਕਿਹਾ ਜਾਂਦਾ ਹੈ ਪਰ ਜੈਨ ਧਰਮ ਵਿਚ ਭਗਵਾਨ ਦਾ ਅਰਥ ਪਰਮੇਸ਼ਵਰ ਨਹੀਂ। ਇਸ ਧਰਮ ਵਿਚ ਅਵਤਾਰਵਾਦ ਦੀ ਕੋਈ ਥਾਂ ਨਹੀਂ ਹੈ। ਮਨੁੱਖ ਦੀ ਆਤਮਾ ਵਿਕਾਸ ਕਰ ਕਰਕੇ ਤੀਰਥਾਂਕਰ ਬਣ ਜਾਂਦੀ ਹੈ। ਤੀਰਥਾਂਕਰ ਤੋਂ ਉਪਰਲੀ ਹੋਰ ਕੋਈ ਉੱਚ-ਅਵਸਥਾ ਨਹੀਂ ਹੈ। ਜੈਨ ਗ੍ਰੰਥਾਂ ਵਿਚ ਤੀਰਥਾਂਕਰਾਂ ਦੇ ਕੁਝ ਸਾਂਝੇ ਗੁਣ ਨਿਸ਼ਚਿਤ ਕੀਤੇ ਮਿਲਦੇ ਹਨ ਜਿਵੇਂ :

1. ਤੀਰਥਾਂਕਰ ਨੇ ਪਿਛਲੇ ਜਨਮ ਵਿਚ ਬਹੁਤ ਨੇਕ ਘਾਲਣਾ ਕੀਤੀ ਹੁੰਦੀ ਹੈ।

2. ਤੀਰਥਾਂਕਰਾਂ ਨੂੰ ਮਨੁੱਖ ਅਤੇ ਦੇਵਤੇ ਦੋਵੇਂ ਪੂਜਦੇ ਹਨ।
3. ਤੀਰਥਾਂਕਰ ਦਾ ਜਨਮ ਹਮੇਸ਼ ਰਾਜਘਰਾਣੇ ਵਿਚ ਹੁੰਦਾ ਹੈ।
4. ਤੀਰਥਾਂਕਰ ਦੇ ਜਨਮ ਤੋਂ ਪਹਿਲਾਂ ਮਾਤਾ 14 ਸੁਫਨੇ ਦੇਖਦੀ ਹੈ ਤੇ ਇਨ੍ਹਾਂ ਸੁਫਨਿਆਂ ਦੇ ਵਿਸ਼ਲੇਸ਼ਣ ਤੋਂ ਗੁਣੀ ਲੋਕ ਪਹਿਲਾਂ ਦੱਸ ਦਿੰਦੇ ਹਨ ਕਿ ਜਿਸ ਰਾਜਕੁਮਾਰ ਨੇ ਜਨਮ ਲੈਣਾ ਹੈ ਉਹ ਤੀਰਥਾਂਕਰ ਹੋਏਗਾ।
5. ਤੀਰਥਾਂਕਰ ਦਾ ਕੋਈ ਗੁਰੂ ਨਹੀਂ ਹੁੰਦਾ – ਉਹ ਬਿਨਾ ਕਿਸੇ ਦੀ ਅਗਵਾਈ ਤੋਂ ਧਰਮਪੰਧ ਉਤੇ ਉੱਚਾ ਉਠਦਾ ਜਾਂਦਾ ਹੈ।
6. ਹਰ ਸਮੇਂ ਤੀਰਥਾਂਕਰ ਦੇ ਇਰਦ ਗਿਰਦ ਦੇਵਤੇ ਭ੍ਰਮਣ ਕਰਦੇ ਰਹਿੰਦੇ ਹਨ।
7. ਤੀਰਥਾਂਕਰ ਜਦੋਂ ਉਪਦੇਸ਼ ਕਰਦਾ ਹੈ ਤਾਂ ਸਾਧਾਰਨ ਲੋਕ ਭਾਸ਼ਾ ਵਿਚ ਬੋਲਦਾ ਹੈ ਤੇ ਸੰਸਾਰ ਦੇ ਸਭ ਜੀਵ-ਜੰਤੂ ਉਸ ਨੂੰ ਆਪਣੀ ਆਪਣੀ ਭਾਸ਼ਾ ਵਿਚ ਸਮਝ ਲੈਂਦੇ ਹਨ।

ਜੈਨ ਸ਼ਬਦ 'ਜਿਨ' ਤੋਂ ਬਣਿਆ ਹੈ। ਜਿਨ ਦਾ ਭਾਵ ਹੈ ਵਿਜਈ। ਉਹ ਮਨੁੱਖ ਜਿਸ ਨੇ ਆਪਣੀਆਂ ਇੰਦਰੀਆਂ ਉਤੇ ਜਿੱਤ ਪ੍ਰਾਪਤ ਕਰ ਲਈ ਹੋਵੇ – ਜਿਸ ਨੇ ਆਪਣੀਆਂ ਵਾਸ਼ਨਾਵਾਂ ਉਪਰ ਕਾਬੂ ਪਾ ਲਿਆ ਹੋਵੇ। ਜਿਹੜਾ ਵਿਅਕਤੀ ਤੀਰਥਾਂਕਰਾਂ ਦੀਆਂ ਸਿਖਿਆਵਾਂ ਉਤੇ ਅਮਲ ਕਰਦਾ ਹੋਇਆ ਮੁਕਤੀ ਦੇ ਦੁਆਰ ਤਕ ਅੱਪੜ ਜਾਵੇ ਉਸਨੂੰ 'ਜਿਨ ਜਾਂ ਜੈਨ ਕਿਹਾ ਜਾਂਦਾ ਹੈ। ਇਉਂ ਜੈਨਮੱਤ ਦਾ ਸ਼ਾਬਦਿਕ ਅਰਥ ਹੈ ਧਰਮ ਦਾ ਉਹ ਪੰਧ ਜਿਸ ਉਤੇ ਚੱਲ ਕੇ ਪ੍ਰਾਣੀ ਕੇਵਲਜ (ਮੁਕਤੀ) ਪ੍ਰਾਪਤ ਕਰਨ ਦੇ ਸਮੱਰਥ ਹੋ ਜਾਂਦੇ ਹਨ। ਜੈਨੀ ਲੋਕ ਕੈਵਲਜ ਨੂੰ 'ਕੇਵਲੀ' ਕਹਿੰਦੇ ਹਨ।

ਜੈਨੀ ਤੀਰਥਾਂਕਰ ਤਪੱਸਵੀ ਸਾਧੂ ਹੋਏ ਹਨ ਤੇ ਇਹ ਮੱਤ ਸ੍ਰੱਮਣ ਪਰੰਪਰਾ ਵਾਲਾ ਗੈਰ-ਵੈਦਿਕ ਮੱਤ ਹੈ। ਜਿਵੇਂ ਕਿ ਦਸਿਆ ਜਾ ਚੁੱਕਾ ਹੈ, ਇਹ ਧਰਮ ਆਰੀਆ ਲੋਕਾਂ ਦਾ ਨਹੀਂ ਸੀ ਭਾਵੇਂ ਕਿ ਪਿਛੋਂ ਜਾ ਕੇ ਬਹੁਤ ਸਾਰੇ ਆਰੀਆਂ ਨੇ ਵੀ ਇਸ ਮੱਤ ਵਿਚ ਸ਼ਰਧਾ ਰੱਖਣੀ ਸ਼ੁਰੂ ਕਰ ਦਿੱਤੀ ਸੀ।

ਭਗਵਾਨ ਮਹਾਂਵੀਰ ਜੈਨਮੱਤ ਦੇ ਮੋਢੀ ਨਹੀਂ ਸਨ। ਉਨ੍ਹਾਂ ਤੋਂ ਪਹਿਲੋਂ 23 ਹੋਰ ਤੀਰਥਾਂਕਰ ਹੋ ਚੁੱਕੇ ਸਨ ਤੇ ਭਗਵਾਨ ਮਹਾਂਵੀਰ ਜੀ 24ਵੇਂ ਤੀਰਥਾਂਕਰ ਸਨ। ਉਨ੍ਹਾਂ ਤੋਂ ਪਹਿਲੇ ਤੀਰਥਾਂਕਰਾਂ ਦੇ ਨਾਮ ਇਹ ਹਨ –

1. ਸ੍ਰੀ ਰਿਸ਼ਭ ਦੇਵ ਜੀ
2. ਸ੍ਰੀ ਅਜੀਤ ਨਾਥ ਜੀ
3. ਸ੍ਰੀ ਸੰਭਵ ਨਾਥ ਜੀ
4. ਸ੍ਰੀ ਅਭਿਨੰਦਨ ਜੀ
5. ਸ੍ਰੀ ਸੁਮਤੀ ਨਾਥ ਜੀ
6. ਸ੍ਰੀ ਪਦਮਪ੍ਰਭ ਜੀ
7. ਸ੍ਰੀ ਸੁਪਾਰਸ਼ਵ ਜੀ
8. ਸ੍ਰੀ ਚੰਦਰਪ੍ਰਭ ਜੀ
9. ਸ੍ਰੀ ਸੁਵਿਧੀ ਨਾਥ ਜੀ

10. ਸ੍ਰੀ ਸੀਤਲ ਨਾਥ ਜੀ
11. ਸ੍ਰੀ ਸੁਰਿਆਂਸੂ ਨਾਥ ਜੀ
12. ਸ੍ਰੀ ਵਾਸੂ ਪੂਜਯ ਜੀ
13. ਸ੍ਰੀ ਵਿਮਲ ਨਾਥ ਜੀ
14. ਸ੍ਰੀ ਅਨੰਤ ਨਾਥ ਜੀ
15. ਸ੍ਰੀ ਧਰਮ ਨਾਥ ਜੀ
16. ਸ੍ਰੀ ਸ਼ਾਂਤੀ ਨਾਥ ਜੀ
17. ਸ੍ਰੀ ਕੁੰਥੂ ਨਾਥ ਜੀ
18. ਸ੍ਰੀ ਅਰਹ ਨਾਥ ਜੀ
19. ਸ੍ਰੀ ਮੱਲੀ ਨਾਥ ਜੀ
20. ਸ੍ਰੀ ਮੁਨੀ ਸੁਵਰਤ ਜੀ
21. ਸ੍ਰੀ ਨਮਿ ਨਾਥ ਜੀ
22. ਸ੍ਰੀ ਨੇਮਿਨਾਥ ਜੀ
23. ਸ੍ਰੀ ਪਾਰਸ਼ਵ ਨਾਥ ਜੀ
24. ਸ੍ਰੀ ਵਰਧਮਾਨ ਮਹਾਂਵੀਰ ਜੀ

ਜੈਨੀ ਗ੍ਰੰਥਾਂ ਅਨੁਸਾਰ ਤੇਈਵੇਂ ਤੀਰਥਾਂਕਰ ਪਾਰਸ਼ਵਨਾਥ ਜੀ ਭਗਵਾਨ ਮਹਾਂਵੀਰ ਤੋਂ ਕੋਈ ਢਾਈ ਸੌ ਸਾਲ ਪਹਿਲਾਂ ਅੱਠਵੀਂ ਸਦੀ ਪੂਰਵ ਈਸਾ ਵਿਚ ਹੋਏ ਸਨ। ਉਨ੍ਹਾਂ ਤੋਂ ਪਹਿਲੇ ਤੀਰਥਾਂਕਰਾਂ ਦੀਆਂ ਜੀਵਨੀਆਂ ਦਾ ਵਿਸਥਾਰ ਸਾਨੂੰ ਪ੍ਰਾਪਤ ਨਹੀਂ ਹੈ। ਵਿਸ਼ਨੂ ਪੁਰਾਣ ਅਤੇ ਭਾਗਵਤ ਪੁਰਾਣ ਵਿਚ ਵੀ ਇਹ ਲਿਖਿਆ ਮਿਲਦਾ ਹੈ ਕਿ ਰਿਸ਼ਭਨਾਥ ਜੀ ਬਹੁਤ ਪੁਰਾਣੇ ਜ਼ਮਾਨੇ ਦੇ ਤਪੱਸਵੀ ਹੋਏ ਹਨ। ਪੁਰਾਖੋਜੀ ਅਤੇ ਵਿਦਵਾਨ ਦਾਰਸ਼ਨਿਕ ਦਸਦੇ ਹਨ ਕਿ ਇਹ ਸ਼੍ਰੱਮਣ ਪਰੰਪਰਾ ਬਹੁਤ ਪੁਰਾਣੀ ਚਲੀ ਆ ਰਹੀ ਸੀ ਤੇ ਕੇਵਲ ਜੈਨੀ ਪਰੰਪਰਾ ਹੀ ਅਵੈਦਿਕ ਪਰੰਪਰਾ ਸੀ। ਪਰ ਭਗਵਾਨ ਬੁੱਧ ਨੇ ਇਸ ਸ਼੍ਰੱਮਣ ਪਰੰਪਰਾ ਵਿਚ ਨਵੀਂ ਬੁੱਧਮੱਤ ਦੀ ਧਾਰਾ ਚਲਾ ਦਿੱਤੀ ਤੇ ਸ਼੍ਰੱਮਣ ਲੋਕ ਦੋ ਹਿੱਸਿਆਂ ਬੁੱਧਮੱਤ ਅਤੇ ਜੈਨਮੱਤ ਵਿਚ ਵੰਡੇ ਗਏ। ਤੀਜੀ ਵੈਦਿਕ ਪਰੰਪਰਾ ਆਰੀਆ ਲੋਕਾਂ ਵਿਚ ਵੱਖਰੀ ਚਲਦੀ ਰਹੀ।

599 ਪੂਰਵ ਈਸਾ ਸਨ ਵਿਚ ਭਗਵਾਨ ਮਹਾਂਵੀਰ ਦਾ ਜਨਮ ਵੈਸ਼ਾਲੀ ਵਿਖੇ ਹੋਇਆ। ਅੱਜਕੱਲ੍ਹ ਇਥੇ ਬਸਰਾ ਨਾਮ ਦਾ ਪਿੰਡ ਹੈ ਤੇ ਇਹ ਥਾਂ ਪਟਨੇ ਤੋਂ ਕੋਈ 40 ਕਿਲੋਮੀਟਰ ਉਤਰ ਵੱਲ ਸਥਿਤ ਹੈ। ਇਹ ਥਾਂ ਹੁਣ ਜੈਨੀਆਂ ਦਾ ਪ੍ਰਸਿੱਧ ਤੀਰਥ ਸਥਾਨ ਹੈ। ਪਿਤਾ ਦਾ ਨਾਮ ਸਿਧਾਰਥ ਸੀ ਤੇ ਉਹ ਅਮੀਰ ਖੱਤਰੀ ਇਕ ਰਿਆਸਤ ਦਾ ਮਾਲਕ ਸੀ। ਮਾਤਾ ਦਾ ਨਾਮ ਤ੍ਰਿਸ਼ਲਾ ਸੀ ਜੋ ਵੈਸ਼ਾਲੀ ਦੇ ਰਾਜੇ ਲਿੱਛਵੀ ਦੀ ਬੇਟੀ ਸੀ। ਪਿਤਾ ਦਾ ਕਬੀਲਾ ਗਿਆਤ੍ਰਿਕ ਅਤੇ ਗੋਤ ਕਾਸ਼ਪ ਸੀ।

ਮਗਧ, ਵੈਸ਼ਾਲੀ ਅਤੇ ਆਵੰਤੀ ਛੋਟੀਆਂ ਛੋਟੀਆਂ ਪਰਜਾਤੰਤਰੀ ਰਿਆਸਤਾਂ ਸਨ। ਕੁੰਡਗ੍ਰਾਮ ਦਾ ਰਾਜਾ, ਪਿਤਾ ਸਿਧਾਰਥ, ਈਮਾਨਦਾਰ, ਇਨਸਾਫ ਪਸੰਦ ਧਾਰਮਿਕ ਬਿਰਤੀਆਂ ਵਾਲਾ ਅੱਛਾ ਪ੍ਰਸਾਸਕ ਸੀ। ਉਹ ਬਹੁਤ ਵੱਡੇ ਦੇਸ਼ ਦਾ ਹੁਕਮਰਾਨ ਨਹੀਂ ਸੀ ਪਰ ਆਪਣੇ ਸਮੇਂ ਦਾ ਚੰਗਾ ਸ਼ਾਸਕ ਸੀ। ਜੈਨੀ ਗ੍ਰੰਥਾਂ ਵਿਚ ਮਾਤਾ ਤ੍ਰਿਸ਼ਲਾ ਨੂੰ 'ਮਹਾਰਾਣੀ' ਜਾਂ 'ਦੇਵੀ' ਆਦਿਕ ਸ਼ਬਦਾਂ ਨਾਲ ਨਹੀਂ

ਸਤਿਕਾਰਿਆ ਗਿਆ ਸਗੋਂ ਉਨ੍ਹਾਂ ਦੇ ਨਾਮ ਨਾਲ ਬਾਰ ਬਾਰ 'ਖਤਰਾਣੀ' ਸ਼ਬਦ ਲਿਖਿਆ ਗਿਆ ਮਿਲਦਾ ਹੈ। ਇਸ ਤੋਂ ਲਗਦਾ ਹੈ ਕਿ 'ਖਤਰਾਣੀ' ਸ਼ਬਦ ਉਨ੍ਹਾਂ ਦਿਨਾਂ ਵਿਚ ਬਹੁਤ ਹੀ ਸਤਿਕਾਰਤ ਤੇ ਸਵੈਮਾਣ ਵਾਲਾ ਸ਼ਬਦ ਹੋਵੇਗਾ। ਤ੍ਰਿਸ਼ਲਾ ਦਾ ਭਰਾ ਚੇਤਕ ਵੀ ਇਕ ਰਿਆਸਤ ਦਾ ਮਾਲਕ ਸੀ। ਚੇਤਕ ਦੀਆਂ ਬੇਟੀਆਂ ਮਗਧ, ਆਵੰਤੀ ਅਤੇ ਸਿੰਧੁਸੌਵੀ ਰਿਆਸਤਾਂ ਦੇ ਰਾਜਿਆਂ ਦੀਆਂ ਰਾਣੀਆਂ ਸਨ। ਇਨ੍ਹਾਂ ਰਿਸ਼ਤੇਦਾਰੀਆਂ ਤੋਂ ਪਤਾ ਚਲਦਾ ਹੈ ਕਿ ਭਗਵਾਨ ਮਹਾਂਵੀਰ ਸ਼ਕਤੀਸ਼ਾਲੀ ਰਾਜਘਰਾਣਿਆਂ ਵਿਚ ਜਨਮਿਆ ਤੇ ਪਲਿਆ ਲਾਡਲਾ ਰਾਜਕੁਮਾਰ ਸੀ। ਇਹੋ ਜਿਹੇ ਐਸ਼ਵਰਜ ਵਿਚ ਜੰਮਪਲ ਕੇ ਜੰਗਲਾਂ ਵਿਚ ਤਪੱਸਿਆ ਵਾਲਾ ਕਠਿਨ ਰਾਹ ਪਕੜਨਾ ਕੋਈ ਸਾਧਾਰਨ ਘਟਨਾ ਨਹੀਂ ਸੀ।

ਪਿਤਾ ਜੀ ਧਾਰਮਿਕ ਰੁਚੀਆਂ ਵਾਲੇ ਸਨ। ਵੱਡੇ ਭਰਾ ਦੀ ਆਗਿਆ ਲੈ ਕੇ ਭਗਵਾਨ ਮਹਾਂਵੀਰ ਨੇ ਜੰਗਲ ਦਾ ਰਾਹ ਫੜਿਆ। ਉਦੋਂ ਉਨ੍ਹਾਂ ਦੀ ਉਮਰ 30 ਸਾਲ ਦੀ ਸੀ। ਜੰਗਲਾਂ ਵਿਚ ਰਹਿ ਕੇ ਬਾਰਾਂ ਸਾਲ ਕਠਿਨ ਤਪੱਸਿਆ ਕੀਤੀ। ਇਸ ਤਪੱਸਿਆ ਦੇ ਦੌਰਾਨ ਅਗਿਆਨੀ ਲੋਕਾਂ ਨੇ ਆਪ ਨੂੰ ਬੜੇ ਕਸ਼ਟ ਦਿੱਤੇ ਪਰ ਆਪ ਨੇ ਕਿਸੇ ਨੂੰ ਸਰਾਪ ਨਾ ਦਿੱਤਾ।

ਮਹਾਂਵੀਰ ਦੇ ਜਨਮ ਤੋਂ ਪਹਿਲੋਂ ਮਾਤਾ ਤ੍ਰਿਸ਼ਲਾ ਨੂੰ ਚੌਦਾਂ ਸੁਫਨੇ ਦਿਸੇ ਜਿਨ੍ਹਾਂ ਤੋਂ ਪ੍ਰਤੱਖ ਹੋ ਗਿਆ ਕਿ ਜਨਮ ਲੈਣ ਵਾਲਾ ਬਾਲਕ ਸਾਧਾਰਨ ਨਹੀਂ ਹੈ। ਬਚਪਨ ਰਾਜਮਹਿਲ ਵਿਚ ਬਤੀਤ ਹੋਇਆ ਤੇ ਉਨ੍ਹਾਂ ਦਿਨਾਂ ਵਿਚ ਜੋ ਵਿਦਿਆ ਪ੍ਰਾਪਤ ਹੋ ਸਕਦੀ ਸੀ ਕੀਤੀ। ਆਪ ਸ਼ਾਂਤ ਸੁਭਾਅ ਦੇ ਸਨ ਤੇ ਆਪਨੇ ਸੰਸਾਰ ਦੀ ਨਾਸ਼ਮਾਨਤਾ ਦਾ ਅਨੁਭਵ ਬੜੀ ਛੋਟੀ ਉਮਰ ਵਿਚ ਕਰ ਲਿਆ ਸੀ। ਕਈ ਵਾਰ ਮਨ ਵਿਚ ਇਹ ਵਿਚਾਰ ਆਇਆ ਕਿ ਸਨਿਆਸ ਲੈ ਲਿਆ ਜਾਵੇ ਪਰ ਇਹ ਸੋਚ ਕੇ ਰੁਕ ਗਏ ਕਿ ਇਸ਼ ਨਾਲ ਮਾਪਿਆਂ ਨੂੰ ਵੱਡਾ ਦੁਖ ਪੁੱਜੇਗਾ। ਇਸ ਕਰਕੇ ਉਨ੍ਹਾਂ ਨੇ ਸਨਿਆਸ ਉਦੋਂ ਲਿਆ ਜਦੋਂ ਮਾਤਾ ਪਿਤਾ ਇਸ ਸੰਸਾਰ ਵਿਚ ਨਾ ਰਹੇ। ਸਮਰਬੀਰ ਰਿਆਸਤ ਦੇ ਰਾਜੇ ਦੀ ਬੇਟੀ ਰਾਜਕੁਮਾਰੀ ਯਸ਼ੋਧਾ ਨਾਲ ਸ਼ਾਦੀ ਹੋਈ। ਯਸ਼ੋਧਾ ਸੂਖਮ ਵਿਹਾਰ ਦੀ ਬੁੱਧੀਵਾਨ, ਵਿਦਿਆ ਵਿਚ ਪ੍ਰਬੀਨ ਸੁੰਦਰ ਰਾਜਕੁਮਾਰੀ ਸੀ। ਇਕ ਬੇਟੀ ਪੈਦਾ ਹੋਈ ਜਿਸਦਾ ਨਾਮ ਪ੍ਰਿਯਦਰਸ਼ਨਾ ਰੱਖਿਆ ਗਿਆ।

ਭਗਵਾਨ ਮਹਾਂਵੀਰ ਦਾ ਅਸਲ ਨਾਮ ਵਰਧਮਾਨ ਸੀ। ਨਾਮਕਰਣ ਦੀ ਵਿਚਾਰ ਹੋਣ ਲੱਗੀ ਤਾਂ ਮਾਤਾ ਨੇ ਕਿਹਾ – ਇਸ ਦੇ ਜਨਮ ਵੇਲੇ ਤੋਂ ਹੀ ਹਰ ਪਾਸੇ ਲਾਭ ਹੋ ਰਿਹਾ ਹੈ ਖੁਸ਼ਹਾਲੀ ਵੱਧ ਰਹੀ ਹੈ – ਹਰ ਪਾਸੇ ਵਾਧਾ ਹੀ ਵਾਧਾ ਹੈ ਸੋ ਇਸ ਦਾ ਨਾਮ ਵਰਧਮਾਨ ਠੀਕ ਰਹੇਗਾ। ਮਹਾਂਵੀਰ, ਜਿੰਨ, ਸਿੱਧ, ਅਰਹੰਤ ਆਦਿ ਵਿਸ਼ੇਸ਼ਣ ਉਨ੍ਹਾਂ ਦੇ ਨਾਮ ਨਾਲ ਸਤਿਕਾਰ ਵਜੋਂ ਲਾਏ ਜਾਂਦੇ ਹਨ। ਇਹ ਸਾਰੇ ਵਿਸ਼ੇਸ਼ਣ ਭਗਵਾਨ ਮਹਾਂਵੀਰ ਦੀ ਆਤਮਿਕ ਉਚਤਾ ਅਤੇ ਭੌਤਿਕ ਸੰਪੂਰਨਤਾ ਨੂੰ ਪ੍ਰਗਟਾਉਣ ਵਾਲੇ ਸਨਮਾਨ ਹਨ।

ਮਹਿਲ ਵਿਚ ਸਾਧੂਆਂ ਸੰਤਾਂ ਦਾ ਆਉਣ ਜਾਣ ਸੀ। ਸਾਧੂ, ਪਰਿਵਾਰ ਦੇ ਮੈਂਬਰਾਂ ਨੂੰ ਉਪਦੇਸ਼ ਦਿੰਦੇ ਸਨ। ਮਹਾਂਵੀਰ ਨੇ ਬਚਪਨ ਵਿਚ ਸਾਧੂ ਦੇਖੇ, ਇਨ੍ਹਾਂ ਦੇ ਪ੍ਰਵਚਨ ਸੁਣੇ ਜੋ ਜੀਵਨ ਦੀਆਂ ਗੁੰਝਲਾਂ ਦਾ ਹੱਲ ਲੱਭਦੇ ਫਿਰਦੇ ਸਨ – ਜੀਵਨ ਮੁਕਤੀ ਜਿਨ੍ਹਾਂ ਦਾ ਉਦੇਸ਼ ਸੀ। ਇਨ੍ਹਾਂ ਦੀ ਸੰਗਤ ਤੋਂ ਵਰਧਮਾਨ ਦਾ ਪ੍ਰਭਾਵਿਤ

ਹੋਣਾ ਸੁਭਾਵਿਕ ਸੀ।

ਛੋਟਾ ਰਾਜਕੁਮਾਰ ਦ੍ਰਿੜ੍ਹ ਇਰਾਦੇ ਦਾ ਮਾਲਕ ਸੀ। ਉਹ ਨਿਧੜਕ ਅਤੇ ਤੀਖਣਬੁੱਧ ਸੀ। ਆਪਣੇ ਬਚਪਨ ਦੇ ਸਾਥੀਆਂ ਨਾਲ ਇਕ ਦਿਨ ਬਾਗ ਵਿਚ ਖੇਡ ਰਿਹਾ ਸੀ ਤਾਂ ਉਧਰ ਇਕ ਸੱਪ ਆ ਨਿਕਲਿਆ, ਬੱਚੇ ਚੀਕਾਂ ਮਾਰਦੇ ਇੱਧਰ ਉੱਧਰ ਦੌੜਨ ਲੱਗੇ। ਮਹਾਂਵੀਰ ਨੇ ਪਿਛੋਂ ਦੀ ਜਾ ਕੇ ਚੁਪਕੇ ਉਸ ਦੀ ਪੂਛ ਫੜ ਲਈ ਤੇ ਸੱਪ ਨੂੰ ਘੁਮਾਉਣਾ ਸ਼ੁਰੂ ਕਰ ਦਿੱਤਾ ਤੇ ਫਿਰ ਦੂਰ ਝਾੜੀਆਂ ਵਿਚ ਵਗਾਹ ਮਾਰਿਆ। ਯੋਗ ਅਧਿਆਪਕਾਂ ਨੇ ਸ਼ਾਸਤਰਾਂ ਦੀ ਤੇ ਸ਼ਸਤਰਾਂ ਦੀ ਵਿਦਿਆ ਦਿੱਤੀ।

ਸਭ ਸੁੱਖ-ਆਰਾਮ ਹੋਣ ਦੇ ਬਾਵਜੂਦ ਮਹਾਂਵੀਰ ਸੰਤੁਸ਼ਟ ਨਹੀਂ ਸੀ। ਉਸ ਨੂੰ ਕਿਸੇ ਦੈਵੀ ਚੀਜ਼ ਦੀ ਤਲਾਸ਼ ਸੀ। ਇਕ ਭਟਕਣਾ ਉਸ ਦਾ ਪਿੱਛਾ ਕਰ ਰਹੀ ਸੀ। ਸਾਧੂਆਂ ਪਾਸੋਂ ਉਸ ਨੇ ਰਹੱਸਮਈ ਘਟਨਾਵਾਂ ਕਥਾਵਾਂ ਸੁਣੀਆਂ ਸਨ ਤੇ ਇਹ ਕਹਾਣੀਆਂ ਅਦਿੱਖ ਸੰਸਾਰ ਵਿਚ ਵਿਚਰਨ ਲਈ ਸੈਨਤਾਂ ਮਾਰਦੀਆਂ ਸਨ। ਧਰਮ ਦੀਆਂ ਗੱਲਾਂ ਕਰਨ ਅਤੇ ਸੁਣਨ ਦੀ ਥਾਂ ਧਰਮ ਦੇ ਰਾਹ ਉਤੇ ਤੁਰਨ ਦੀ ਇੱਛਾ ਪੈਦਾ ਹੋਣ ਲੱਗੀ। ਸੱਚ ਕੀ ਹੈ, ਇਸ ਬਾਰੇ ਸੁਣਨ ਦੀ ਥਾਂ ਉਹ ਸੱਚ ਨੂੰ ਦੇਖਣਾ ਚਾਹੁੰਦਾ ਸੀ। ਉਸ ਨੇ ਅੰਧਕਾਰ ਵਿਚੋਂ ਨਿਕਲ ਕੇ ਰੌਸ਼ਨੀ ਦੇਖਣ ਦਾ ਫੈਸਲਾ ਕੀਤਾ। ਵਾਸ਼ਨਾਵਾਂ ਦਾ ਅੰਧਕਾਰ, ਮਾਇਆ ਦਾ ਅੰਧਕਾਰ, ਅਗਿਆਨ ਦਾ ਅੰਧਕਾਰ, ਉਹ ਇਸ ਸਭ ਕੁਝ ਤੋਂ ਛੁਟਕਾਰਾ ਪਾਉਣਾ ਚਾਹੁੰਦਾ ਸੀ। ਉਸ ਨੇ ਆਪਣੇ ਆਪ ਨੂੰ ਤਿਆਰ ਕਰ ਲਿਆ ਸੀ ਤੇ ਉਹ ਉਸ ਮੌਕੇ ਦੀ ਤਲਾਸ਼ ਵਿਚ ਸੀ ਜਦੋਂ ਸਾਰੇ ਆਡੰਬਰ ਨੂੰ ਛੱਡ ਸਕੇ।

ਆਪਦੀ ਉਮਰ 28 ਸਾਲ ਦੀ ਸੀ ਜਦੋਂ ਮਾਪਿਆਂ ਦਾ ਦੇਹਾਂਤ ਹੋਇਆ। ਆਪ ਨੇ ਵੱਡੇ ਭਰਾ ਨੰਦੀ ਵਰਧਨ ਤੋਂ ਤਪੱਸਿਆ ਕਰਨ ਵਾਸਤੇ ਜੰਗਲ ਜਾਣ ਦੀ ਆਗਿਆ ਮੰਗੀ। ਭਰਾ ਨੇ ਕਿਹਾ ਕਿ ਦੋ ਸਾਲ ਅਜੇ ਹੋਰ ਇਥੇ ਹੀ ਭਗਤੀ ਕਰੋ ਤੇ ਤੀਸਰੇ ਸਾਲ ਪੁੰਨਦਾਨ ਕਰਨ ਉਪਰੰਤ ਚਲੇ ਜਾਣਾ। ਭਰਾ ਨੇ ਦਲੀਲ ਇਹ ਦਿੱਤੀ ਕਿ ਲੋਕ ਕਹਿਣਗੇ ਮਾਪਿਆਂ ਦਾ ਦੇਹਾਂਤ ਹੁੰਦਿਆਂ ਹੀ ਵੱਡੇ ਭਰਾ ਨੇ ਛੋਟੇ ਨੂੰ ਘਰੋਂ ਕੱਢ ਦਿੱਤਾ। ਵਾਸਤਵ ਵਿਚ ਭਰਾ ਦੀ ਇੱਛਾ ਸੀ ਕਿ ਮਹਾਂਵੀਰ ਕਿਸੇ ਨਾ ਕਿਸੇ ਬਹਾਨੇ ਰੁਕ ਜਾਵੇ, ਫਿਰ ਸ਼ਾਇਦ ਇਸਦਾ ਮਨ ਬਦਲ ਜਾਵੇ ਪਰ ਤੀਹ ਸਾਲ ਦੀ ਉਮਰ ਪੂਰੀ ਹੋਣ ਤੇ ਮਹਾਂਵੀਰ ਨੇ ਸਨਿਆਸ ਲੈ ਲਿਆ।

ਸਰਦੀਆਂ ਦੀ ਸ਼ਾਮ ਸੀ। ਮਹਾਂਵੀਰ ਬਾਗ ਵਿਚ ਟਹਿਲ ਰਿਹਾ ਸੀ। ਉਸ ਨੇ ਆਪਣਾ ਸ਼ਹਾਨਾ ਲਿਬਾਸ ਉਤਾਰਨਾ ਸ਼ੁਰੂ ਕਰ ਦਿੱਤਾ। ਖਾਮੋਸ਼ ਉਸਨੇ ਆਪਣੇ ਮਨ ਵਿਚ ਇਹ ਪ੍ਰਣ ਲਿਆ ਕਿ ਉਹ ਅਹਿੰਸਾ, ਸੱਚ ਤੇ ਬ੍ਰਹਮਚਰਜ ਦੇ ਰਾਹ ਤੇ ਤੁਰੇਗਾ। ਬਚਨਾਂ ਰਾਹੀਂ ਕਰਮਾਂ ਰਾਹੀਂ ਸਹੀ ਰਾਹ ਤੇ ਚਲੇਗਾ ਤੇ ਵਾਸ਼ਨਾਵਾਂ ਦਾ ਤਿਆਗ ਕਰੇਗਾ। ਜੀਵਨ, ਮੌਤ, ਖੁਸ਼ੀ, ਗਮੀ, ਦੁਖ ਅਤੇ ਸੁਖ ਨੂੰ ਇਕੋ ਜਿਹਾ ਰੱਖੇਗਾ। ਇਕੋ ਵਿਚਾਰ ਨਾਲ- ਇਕ ਝਟਕੇ ਨਾਲ ਉਸਨੇ ਸੰਸਾਰ ਮੋਹ ਤਿਆਗ ਦਿੱਤਾ। ਹੁਣ ਦੁਆਲੇ ਕੋਈ ਬੰਧਨ ਨਹੀਂ ਸੀ - ਕੋਈ ਸੰਸਾਰਕ ਜ਼ਿੰਮੇਵਾਰੀ ਨਹੀਂ ਸੀ। ਉਹ ਤਿਆਗੀ ਸਾਧੂ ਬਣ ਗਿਆ।

ਭਗਵਾਨ ਨੇ ਆਪਣੇ ਕੀਮਤੀ ਵਸਤਰ ਲਾਹ ਲਾਹ ਕੇ ਗਰੀਬਾਂ ਵਿਚ ਵੰਡਣੇ ਸ਼ੁਰੂ ਕਰ ਦਿੱਤੇ। ਉਸ ਦੇ ਲੱਕ ਦੁਆਲੇ ਕੇਵਲ ਇਕ ਲੰਗੋਟੀ ਵਲੇਟੀ ਹੋਈ ਰਹਿ

ਗਈ। ਸੋਮਦਤ ਨਾਮ ਦਾ ਇਕ ਬ੍ਰਾਹਮਣ ਉਸ ਵਕਤ ਉਥੇ ਹਾਜ਼ਰ ਨਹੀਂ ਸੀ ਜਦੋਂ ਭਗਵਾਨ ਨੇ ਆਪਣੀਆਂ ਸਭ ਵਸਤਾਂ ਦਾਨਪੁੰਨ ਕਰ ਦਿੱਤੀਆਂ। ਇਹ ਬ੍ਰਾਹਮਣ ਕੁੱਝ ਨਾ ਲੈ ਸਕਣ ਕਾਰਨ ਬਹੁਤ ਦੁੱਖੀ ਹੋਇਆ ਤੇ ਜੰਗਲ ਵਿਚ ਭਗਵਾਨ ਮਹਾਂਵੀਰ ਨੂੰ ਲੱਭ ਕੇ ਆਪਣਾ ਦੁੱਖ ਰੋਣ ਲੱਗਾ। ਭਗਵਾਨ ਨੂੰ ਤਰਸ ਆ ਗਿਆ ਤੇ ਆਪਣੇ ਲੰਗੋਟ ਵਿਚੋਂ ਅੱਧਾ ਹਿੱਸਾ ਕੱਟਕੇ ਬ੍ਰਾਹਮਣ ਨੂੰ ਦੇ ਦਿੱਤਾ। ਸੋਮਦਤ ਬਹੁਤ ਖੁਸ਼ੀ ਖੁਸ਼ੀ ਘਰ ਆਇਆ ਅਤੇ ਆਪਣੇ ਇਕ ਮਿੱਤਰ ਜੋ ਜੁਲਾਹਾ ਸੀ, ਨੂੰ ਇਹ ਸੁਗਾਤ ਦਿਖਾਉਣ ਗਿਆ। ਜੁਲਾਹੇ ਨੇ ਕਿਹਾ ਕਿ ਇਹ ਬੜੀ ਦੁਰਲੱਭ ਵਸਤੂ ਹੈ ਤੇ ਕਰਾਮਾਤੀ ਹੈ ਪਰ ਇਹ ਕਰਾਮਾਤੀ ਤਦ ਹੀ ਹੈ ਜਦ ਤਕ ਇਹ ਪੂਰੀ ਹੈ। ਜੇ ਇਹ ਵਸਤਰ ਅਧੂਰਾ ਹੈ ਤਦ ਵਿਅਰਥ ਹੈ। ਜੇ ਇਸ ਦਾ ਦੂਜਾ ਅੱਧ ਲੈ ਆਵੇਂ ਤਾਂ ਮੈਂ ਇਸ ਨੂੰ ਬਿਲਕੁਲ ਉਸੇ ਪ੍ਰਕਾਰ ਸਿਉਂ ਦਿਆਗਾਂ ਜਿਵੇਂ ਇਹ ਪਹਿਲਾਂ ਸੀ। ਮੈਂ ਦੋਵੇਂ ਹਿੱਸਿਆਂ ਦਾ ਇਕ ਬਣਾ ਦਿਆਂਗਾ। ਵਾਸਤਵ ਵਿਚ ਕਦੀ ਇਹ ਲੰਗੋਟ ਇੰਦਰ ਦੇਵਤੇ ਨੇ ਭਗਵਾਨ ਮਹਾਂਵੀਰ ਨੂੰ ਸੁਗਾਤ ਵਜੋਂ ਦਿੱਤਾ ਸੀ।

ਸੋਮਦੱਤ ਬ੍ਰਾਹਮਣ ਦੁਬਿਧਾ ਵਿਚ ਪੈ ਗਿਆ ਕਿ ਬਾਕੀ ਦਾ ਅੱਧਾ ਵਸਤਰ ਭਗਵਾਨ ਤੋਂ ਕਿਵੇਂ ਮੰਗੇ। ਸ਼ਰਮ ਆ ਰਹੀ ਸੀ ਪਰ ਫਿਰ ਸੋਚਿਆ..... ਭਗਵਾਨ ਤਾਂ ਮਸਤ ਰਹਿੰਦੇ ਹਨ... ਕਈ ਵਾਰ ਸਮਾਧੀ ਵਿਚ ਲੀਨ ਹੋ ਜਾਂਦੇ ਹਨ ਤੇ ਕਈ ਕਈ ਦਿਨ ਹੋਸ਼ ਵਿਚ ਨਹੀਂ ਆਉਂਦੇ। ਚੁੱਪ ਕਰਕੇ ਇਹ ਕੱਪੜਾ ਚੁੱਕ ਲਿਆਂਵਾਂਗੇ ਤੇ ਭਗਵਾਨ ਨੂੰ ਪਤਾ ਨਹੀਂ ਲੱਗੇਗਾ। ਉਹ ਕਈ ਦਿਨ ਲੁਕਦਾ ਫਿਰਦਾ ਭਗਵਾਨ ਦਾ ਪਿੱਛਾ ਕਰਦਾ ਰਿਹਾ। ਇਕ ਦਿਨ ਜੰਗਲ ਵਿਚ ਭਗਵਾਨ ਤੁਰੇ ਜਾ ਰਹੇ ਸਨ। ਉਨ੍ਹਾਂ ਨੇ ਇਹ ਵਸਤਰ ਮੋਢੇ ਤੇ ਰੱਖਿਆ ਹੋਇਆ ਸੀ ਕਿ ਜਾਂਦੇ ਜਾਂਦੇ ਡਿੱਗ ਪਿਆ। ਪਿੱਛਾ ਕਰਦੇ ਬ੍ਰਾਹਮਣ ਨੇ ਤਿੱਖੀ ਫੁਰਤੀ ਨਾਲ ਇਹ ਕੱਪੜਾ ਚੁੱਕਿਆ ਤੇ ਤੇਜ਼ੀ ਨਾਲ ਦੌੜ ਗਿਆ। ਮਹਾਂਵੀਰ ਨੇ ਉਸ ਨੂੰ ਅਜਿਹਾ ਕਰਦੇ ਦੇਖਿਆ ਤਾਂ ਕੇਵਲ ਮੁਸਕਰਾਏ। ਨਾ ਬੁਰਾ ਭਲਾ ਕਿਹਾ ਨਾ ਸਰਾਪ ਦਿੱਤਾ। ਉਨ੍ਹਾਂ ਨੇ ਆਪਣੇ ਵਿਦਿਆਰਥੀਆਂ ਨੂੰ ਬੁਲਾਇਆ ਤੇ ਇਸ ਘਟਨਾ ਬਾਰੇ ਕੇਵਲ ਇਹ ਕਿਹਾ "ਜੀਵਨਪੱਥ ਕੰਡਿਆ ਨਾਲ ਭਰਿਆ ਹੋਇਆ ਹੈ। ਜੋ ਇਸ ਦੁਰਗਮ ਪੰਧ ਨੂੰ ਧੀਰਜ ਨਾਲ ਤੈਅ ਕਰਨਗੇ ਉਹ ਪੁਰਖ ਹੀਰੇ ਵਾਂਗ ਲਿਸ਼ਕਣਗੇ ਨਿਰੰਤਰ।"

ਦੁਖ ਅਤੇ ਸੁਖ ਉਤੇ ਭਗਵਾਨ ਨੇ ਪੂਰਨ ਵਿਜੇ ਪ੍ਰਾਪਤ ਕੀਤੀ। ਜਦੋਂ ਉਹ ਸਮਾਧੀ ਵਿਚ ਲੀਨ ਸਨ ਤਾਂ ਇਕ ਦਿਨ ਕੁੱਝ ਘੋੜ ਸਵਾਰ ਉਧਰੋਂ ਲੰਘੇ। ਉਨ੍ਹਾਂ ਨੇ ਧਿਆਨੀ ਮਹਾਂਵੀਰ ਨੂੰ ਦੇਖਿਆ ਤਾਂ ਮਨ ਵਿਚ ਸ਼ਰਾਰਤ ਫੁਰੀ। ਉਨ੍ਹਾਂ ਭਗਵਾਨ ਦੇ ਪੈਰਾਂ ਵਿਚ ਘਾਹ ਰੱਖ ਕੇ ਅੱਗ ਲਾ ਦਿੱਤੀ। ਜਦੋਂ ਭਗਵਾਨ ਨਾ ਹਿੱਲੇ ਤਾਂ ਪਿੰਡੇ ਵਿਚ ਸੂਈਆਂ ਚੋਭੀਆਂ ਪਰ ਆਪ ਨੇ ਨਾ ਅੱਖ ਖੋਲ੍ਹੀ ਨਾ ਚੀਸ ਵੱਟੀ। ਘੋੜ ਸਵਾਰਾਂ ਨੂੰ ਇਹ ਖ਼ਬਰ ਨਹੀਂ ਸੀ ਕਿ ਜਿਸ ਨਾਲ ਉਹ ਖਿਲਵਾੜ ਕਰ ਰਹੇ ਸਨ ਉਹ ਕੌਣ ਸੀ।

ਉਸ ਨੇ ਜਿਸਮ ਉੱਤੇ ਕਾਬੂ ਪਾ ਲਿਆ। ਉਹ ਸੰਪੂਰਣ ਨਿਰਵਸਤਰ ਸੀ ਪੂਰਾ ਨੰਗ ਧੜੰਗ ਮਹਾਤਮਾ। ਇਹ ਪਦਾਰਥਕ ਵਸਤਾਂ ਦਾ ਪੂਰਨ ਤਿਆਗ ਸੀ। ਨੰਗੇ ਸਾਧੂ ਨੂੰ ਜੈਨ-ਸਾਹਿਤ ਵਿਚ ਦਿਗੰਬਿਰ ਕਿਹਾ ਜਾਂਦਾ ਹੈ। ਦਿੱਗ ਮਾਇਨੇ ਆਕਾਸ਼ ਤੇ ਅੰਬਰ ਮਾਇਨੇ ਵਸਤਰ। ਦਿਗੰਬਿਰ ਦਾ ਅਰਥ ਹੁੰਦਾ ਹੈ ਉਹ ਵਿਅਕਤੀ ਜਿਸ ਦਾ ਲਿਬਾਸ ਆਕਾਸ਼ ਹੋਵੇ। ਮਹਾਂਵੀਰ ਦਿਗੰਬਰ ਸਾਧੂ ਬਣ ਗਿਆ। ਇਸੇ ਤੋਂ ਜੈਨੀਆਂ

ਦਾ ਦਿਗੰਬਰ ਫਿਰਕਾ ਹੋਂਦ ਵਿਚ ਆਇਆ। ਜੈਨਮੱਤ ਦਾ ਦੂਜਾ ਫਿਰਕਾ ਸ਼ਵੇਤਾਂਬਰ ਹੈ। ਸ਼ਵੇਤ ਦਾ ਅਰਥ ਹੈ ਸਫੈਦ ਤੇ ਸ਼ਵੇਤਾਂਬਰ ਤੋਂ ਭਾਵ ਹੈ ਉਹ ਸਾਧੂ ਸਾਧਵੀਆਂ ਜੋ ਸਫੈਦ ਵਸਤਰ ਪਹਿਨਦੇ ਹਨ। ਵਧੇਰੇ ਗਿਣਤੀ ਸ਼ਵੇਤਾਂਬਰ ਸਾਧੂਆਂ ਦੀ ਹੈ।

ਮਨ ਉੱਤੇ ਕਾਬੂ ਪਾਉਣ ਲਈ ਭਗਵਾਨ ਨੇ ਵਰਤ ਰੱਖੇ। ਮੋਨ ਵਰਤ ਰੱਖੇ। ਨੀਂਦ ਬਹੁਤ ਘਟਾ ਦਿੱਤੀ। ਇਕ ਵਾਰੀ ਲਗਾਤਾਰ 16 ਦਿਨ ਸਮਾਧੀ ਵਿਚ ਲੀਨ ਰਹੇ। ਅੰਤ ਵਿਚ ਉਚਤਮ ਪ੍ਰਾਪਤੀ ਹੋਈ ਜਿਸਨੂੰ 'ਕੇਵਲਯ' ਕਿਹਾ ਗਿਆ। ਆਪ ਨੂੰ ਇਹ ਪ੍ਰਾਪਤੀ 42 ਸਾਲ ਦੀ ਉਮਰ ਵਿਚ ਜੁੰਬਿਕ ਪਿੰਡ ਦੇ ਕਿਸਾਨ ਸ਼ਾਮ ਦੇ ਖੇਤ ਵਿਚ ਸਾਲ੍ਹ ਦਰਖਤ ਹੇਠ ਰਿਜੂਬਾਲਿਕਾ ਨਦੀ ਦੇ ਕਿਨਾਰੇ ਹੋਈ। ਆਪਨੇ ਪਹਿਲਾ ਉਪਦੇਸ਼ ਮਹਾਸੇਨ ਦੇ ਬਗੀਚੇ ਵਿਚ ਪਾਵਾਪੁਰੀ ਦੇ ਸਥਾਨ ਤੇ ਦਿੱਤਾ। ਜੈਨੀ ਗ੍ਰੰਥਾਂ ਅਨੁਸਾਰ ਪਹਿਲੇ ਉਪਦੇਸ਼ ਨੂੰ ਸੁਣ ਕੇ ਸਾਢੇ ਚਾਰ ਹਜ਼ਾਰ ਬ੍ਰਾਹਮਣਾਂ ਨੇ ਪਸ਼ੂ-ਬਲੀ ਦੇਣ ਦੀ ਪਰੰਪਰਾ ਤਿਆਗ ਕੇ ਜੈਨਮੱਤ ਵਿਚ ਪ੍ਰਵੇਸ਼ ਕੀਤਾ।

ਜੈਨਮੱਤ ਦੇ ਦਰਸ਼ਨ ਅਨੁਸਾਰ ਕੇਵਲਯ ਉੱਚੀ ਤੋਂ ਉੱਚੀ ਪ੍ਰਾਪਤੀ ਹੈ। ਮੁਕਤੀ ਪ੍ਰਾਪਤ ਕਰਨ ਉਪਰੰਤ ਆਪ ਤੀਹ ਸਾਲ ਘੁੰਮਦੇ ਉਪਦੇਸ਼ ਕਰਦੇ ਫਿਰਦੇ ਰਹੇ। ਅੱਠ ਮਹੀਨੇ ਉਪਦੇਸ਼ ਕਰਦੇ ਤੇ ਚੌਮਾਸੇ ਦੇ (ਬਰਸਾਤ ਦੇ) ਚਾਰ ਮਹੀਨੇ ਕਿਸੇ ਪ੍ਰਸਿੱਧ ਸ਼ਹਿਰ ਵਿਚ ਟਿਕਾਣਾ ਕਰਕੇ ਸ਼ਰਧਾਲੂਆਂ ਨੂੰ ਸਿੱਖਿਆ ਦਿੰਦੇ। ਚੰਪਾ, ਮਿਥਿਲ, ਸ਼ਰਾਵਸਤੀ, ਵੈਸ਼ਾਲੀ ਅਤੇ ਰਾਜਗ੍ਰਹਿ ਆਦਿਕ ਕੁਝ ਮਸ਼ਹੂਰ ਸ਼ਹਿਰਾਂ ਦੇ ਵਾਸੀਆਂ ਨੂੰ ਆਪ ਦੇ ਪ੍ਰਵਚਨ ਸੁਣਨ ਦਾ ਲਾਭ ਮਿਲਿਆ। ਜੈਨ ਮੱਤ ਵਿਚ ਹਜ਼ਾਰਾਂ ਸ਼ਰਧਾਲੂ ਪ੍ਰਵੇਸ਼ ਕਰਦੇ ਗਏ। ਕਈ ਰਾਜਿਆਂ ਨੇ ਦੀਖਿਆ ਲਈ। ਰਾਜਿਆਂ ਵਿਚੋਂ ਸਭ ਤੋਂ ਪਹਿਲਾਂ ਆਪਦੇ ਨਾਨਾ ਜੀ ਨੇ ਦੀਖਿਆ ਲਈ।

ਆਚਾਰੀਆ ਗੋਸ਼ਾਲ ਆਪ ਦਾ ਪਹਿਲਾ ਸਿੱਖ ਬਣਿਆ ਜੋ ਇਤਿਹਾਸ ਵਿਚ ਪ੍ਰਸਿੱਧ ਮਹਾਤਮਾ ਤੇ ਦਾਰਸ਼ਨਿਕ ਹੋਇਆ ਹੈ। ਆਪਦਾ ਜਵਾਈ ਜਮਾਲੀ ਵੀ ਆਪਦਾ ਸ਼ਾਗਿਰਦ ਬਣਿਆ। ਇਹ ਦੋਵੇਂ ਚੇਲੇ ਬਾਅਦ ਵਿਚ ਜੈਨ ਮੱਤ ਦੇ ਕੇਂਦਰ ਤੋਂ ਭਾਵੇਂ ਵੱਖ ਹੋ ਗਏ ਪਰ ਭਾਰਤੀ ਚਿੰਤਨ ਵਿਚ ਇਨ੍ਹਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

ਆਪ ਜੀ ਦਾ ਦੇਹਾਂਤ ਪਾਵਾਪੁਰੀ ਦੇ ਸਥਾਨ ਉਤੇ ਦੀਵਾਲੀ ਦੇ ਦਿਨ ਹੋਇਆ। ਪਾਵਾਪੁਰੀ ਵਿਖੇ ਆਪ ਦੀ ਯਾਦ ਵਿਚ ਤੀਰਥ ਸਥਾਨ ਬਣਿਆ ਜਿਸ ਦੀ ਸੇਵਾ ਵੱਡੇ ਭਰਾ ਰਾਜਾ ਨੰਦੀਵਰਧਨ ਨੇ ਕੀਤੀ ਸੀ।

ਭਗਵਾਨ ਮਹਾਂਵੀਰ ਦੇ ਸ਼ਾਗਿਰਦਾਂ ਵਿਚ ਉਚੀ ਨੀਵੀਂ ਜਾਤ ਦੇ ਅਮੀਰ ਗਰੀਬ ਹਰ ਪਰਕਾਰ ਦੇ ਲੋਕ ਸਨ। ਚੰਦਨਾ ਨਾਮ ਦੀ ਦਾਸੀ, ਹਰਿਕੇਸ ਚੰਡਾਲ, ਕਿਸਾਨ ਆਨੰਦ, ਮਾਲੀ ਅਰਜਨ, ਘੁਮਾਰ ਸਧਾਲ, ਰਾਜਕੁਮਾਰੀ ਜੈਅੰਤੀ ਅਤੇ ਸ਼ਾਲੀਭਦਰ ਸੇਠ ਜੈਨਧਰਮ ਵਿਚ ਬਹੁਤ ਸਤਿਕਾਰ ਯੋਗ ਹਸਤੀਆਂ ਹੋਈਆਂ ਹਨ ਜਿਨ੍ਹਾਂ ਨੇ ਭਗਵਾਨ ਤੋਂ ਦੀਖਿਆ ਲੈ ਕੇ ਲੋਕਾਂ ਨੂੰ ਧਰਮ ਪੰਧ ਉਤੇ ਅੱਗੇ ਤੋਰਿਆ।

ਵੈਸ਼ਾਲੀ ਦਾ ਰਾਜਾ ਲਿੱਛਵੀ ਜੋ ਭਗਵਾਨ ਮਹਾਂਵੀਰ ਦਾ ਨਾਨਾ ਸੀ ਜਦੋਂ ਆਪਦਾ ਸ਼ਾਗਿਰਦ ਬਣ ਗਿਆ ਤਾਂ ਮਾਮਾ ਰਾਜਾ ਚੇਤਕ ਨੇ ਵੀ ਭਗਵਾਨ ਤੋਂ ਦੀਖਿਆ ਲੈ ਲਈ। ਸਿੰਧ ਸੋਵਿਰ ਦਾ ਰਾਜਾ ਉਦੈਨ, ਆਵੰਤੀ ਦਾ ਰਾਜਾ ਚੰਡ, ਕੋਸ਼ਾਂਬੀ ਦਾ ਰਾਜਾ ਸਨਾਤਨ, ਮਗਧ ਦਾ ਰਾਜਾ ਕੋਣਿਕ, ਅਜਾਤਸ਼ਤਰੂ ਅਤੇ

ਬਿੰਬੀਸਾਰ ਆਦਿਕ ਰਾਜੇ ਆਪ ਦੇ ਧਰਮ ਵਿਚ ਪ੍ਰਵੇਸ਼ ਕਰ ਗਏ ਤੇ ਜੈਨ ਮੱਤ ਦੀ ਸੇਵਾ ਕਰਦੇ ਰਹੇ।

• ਭਾਰਤੀ ਫਲਸਫੇ ਦਾ ਆਧਾਰ ਧਰਮ ਰਿਹਾ ਹੈ ਤੇ ਧਰਮ ਦਾ ਆਧਾਰ ਤਿਆਗ। ਇੱਥੇ ਅਜਿਹੇ ਮਹਾਤਮਾ ਵੀ ਹੋਏ ਜਿਨ੍ਹਾਂ ਪਾਸ ਸੰਸਾਰਕ ਸੁੱਖ, ਧਨ, ਸ਼ਕਤੀ ਅਤੇ ਰਾਜਭਾਗ ਸਭ ਕੁੱਝ ਸੀ ਤੇ ਚਾਹੁੰਦੇ ਤਾਂ ਆਨੰਦਪੂਰਵਕ ਜੀਵਨ ਬਤੀਤ ਕਰਦੇ ਪਰ ਅਜਿਹਾ ਸੁਖਦਾਈ ਜੀਵਨ ਵੀ ਅੰਤ ਵਿਚ ਮੌਤ, ਨਿਰਾਸਤਾ ਤੇ ਦੁੱਖ ਵਿਚ ਸਮਾਪਤ ਹੁੰਦਾ, ਖੁਸ਼ੀਆਂ ਥੋੜ੍ਹ ਚਿਰੀਆਂ ਹਨ। ਸਦੀਵੀ ਸ਼ਾਂਤੀ ਦੀ ਖੋਜ ਵਿਚ ਮਹਿਲਾਂ ਦੀਆਂ ਰੌਣਕਾਂ ਤਿਆਗ ਕੇ ਜਿਨ੍ਹਾਂ ਸਾਧੂਆਂ ਨੇ ਕਠਿਨ ਤਪ ਕੀਤਾ ਉਨ੍ਹਾਂ ਵਿਚ ਦੋ ਨਾਮ ਬਹੁਤ ਪ੍ਰਸਿੱਧ ਹਨ – ਇਕ ਭਗਵਾਨ ਮਹਾਂਵੀਰ ਤੇ ਦੂਜੇ ਭਗਵਾਨ ਬੁੱਧ। ਇਨ੍ਹਾਂ ਮਹਾਂਪੁਰਖਾਂ ਨੇ ਨਿੱਜ ਨਾਲੋਂ ਜਨਸਮੂਹ ਦਾ ਸੁਖ ਤੇ ਕਲਿਆਣ ਸਾਹਮਣੇ ਰੱਖਿਆ ਅਤੇ ਸਰਬੱਤ ਦੇ ਭਲੇ ਹਿਤ ਬਿਖੜਾ ਪੈਂਡਾ ਚੁਣਿਆ। ਇਹ ਦੋਵੇਂ ਮਹਾਤਮਾ ਸਮਕਾਲੀ ਸਨ ਤੇ ਦੋਵਾਂ ਦੀਆਂ ਕਈ ਗੱਲਾਂ ਸਾਂਝੀਆਂ ਹਨ। ਦੋਵਾਂ ਮਹਾਂਪੁਰਖਾਂ ਨੇ ਰਾਜਘਰਾਣਿਆਂ ਵਿਚ ਜਨਮ ਲਿਆ। ਦੋਵਾਂ ਦੀਆਂ ਮਾਵਾਂ ਨੂੰ ਜਣੇਪੇ ਤੋਂ ਪਹਿਲਾ ਸੁੰਦਰ ਸੁਫਨੇ ਆਏ ਜਿਨ੍ਹਾਂ ਤੋਂ ਜੋਤਸ਼ੀਆਂ ਨੇ ਇਨ੍ਹਾਂ ਦੀ ਮਹਾਨਤਾ ਦੀ ਭਵਿੱਖਬਾਣੀ ਕੀਤੀ। ਦੋਵੇਂ ਰਾਜਕੁਮਾਰ ਖੱਤਰੀ ਯੋਧਿਆਂ ਦੀ ਸੰਤਾਨ ਸਨ। ਦੋਵਾਂ ਦਾ ਘੱਟ ਉਮਰ ਵਿਚ ਵਿਆਹ ਕਰ ਦਿੱਤਾ ਗਿਆ ਸੀ ਤਾਂ ਕਿ ਸੰਸਾਰਕ ਕੰਮਾਂ ਕਾਜਾਂ ਵੱਲ ਰੁਚੀ ਲੈਣ ਲੱਗ ਜਾਣ। ਬੁੱਧ ਦਾ ਬਚਪਨ ਵਿਚ ਨਾਮ ਸਿਧਾਰਥ ਰੱਖਿਆ ਜਦੋਂ ਕਿ ਭਗਵਾਨ ਮਹਾਂਵੀਰ ਦੇ ਪਿਤਾ ਦਾ ਨਾਮ ਸਿਧਾਰਥ ਸੀ। ਮਹਾਂਵੀਰ ਦੀ ਪਤਨੀ ਦਾ ਨਾਮ ਯਸ਼ੋਧਾ ਸੀ ਤੇ ਬੁੱਧ ਦੀ ਪਤਨੀ ਦਾ ਨਾਮ ਯਸ਼ੋਧਰਾ ਸੀ। ਭਗਵਾਨ ਮਹਾਂਵੀਰ ਦੇ ਘਰ ਇਕ ਬੇਟੀ ਪੈਦਾ ਹੋਈ ਤੇ ਬੁੱਧ ਦੇ ਘਰ ਇਕ ਪੁੱਤਰ ਨੇ ਜਨਮ ਲਿਆ। ਦੋਵਾਂ ਨੇ ਘਰ ਪਰਿਵਾਰ ਮਹਿਲ ਤਿਆਗ ਕੇ ਕਠਿਨ ਤਪੱਸਿਆ ਕੀਤੀ। ਦੋਵਾਂ ਨੇ ਆਪਣਾ ਉਪਦੇਸ਼ ਲੋਕਾਂ ਦੀ ਸਮਝ ਵਿਚ ਆਉਣ ਵਾਲੀ ਸਾਧਾਰਨ ਭਾਸ਼ਾ ਵਿਚ ਦਿੱਤਾ। ਦੋਵਾਂ ਧਰਮਾਂ ਦਾ ਕੇਂਦਰੀ ਤੱਤ ਅਹਿੰਸਾ ਦਾ ਸਿਧਾਂਤ ਸੀ। ਦੋਵੇਂ ਧਰਮ ਈਸ਼ਵਰ ਦੀ ਹੋਂਦ ਨੂੰ ਸਵੀਕਾਰ ਨਹੀਂ ਕਰਦੇ। ਦੋਵੇਂ ਧਰਮ ਸ਼੍ਰੱਮਣ ਪਰੰਪਰਾ ਦੇ ਅਵੈਦਿਕ ਮੱਤ ਹਨ। ਇਹੋ ਜਿਹੀਆਂ ਸਮਾਨਤਾਵਾਂ ਦੇਖਦੇ ਹੋਏ ਕੁੱਝ ਵਿਦਵਾਨ ਇਹ ਗਲਤੀ ਖਾ ਗਏ ਸਨ ਕਿ ਸ਼ਾਇਦ ਬੁੱਧਮੱਤ ਜੈਨਮੱਤ ਦਾ ਹੀ ਕੋਈ ਫਿਰਕਾ ਸੀ। ਵਾਸਤਵ ਵਿਚ ਦੋਵੇਂ ਮੱਤ ਇਕ ਦੂਜੇ ਤੋਂ ਭਿੰਨ, ਸੁਤੰਤਰ ਅਤੇ ਸ਼ਕਤੀਸ਼ਾਲੀ ਧਰਮ ਪ੍ਰਣਾਲੀਆਂ ਹਨ।

ਜੈਨ ਮੱਤ ਦੇ ਮੂਲ ਸਿਧਾਂਤ

1. ਜੀਵਾਂ ਨੂੰ ਦੁੱਖ ਦੇਣਾ ਪਾਪ ਹੈ (ਅਹਿੰਸਾ)
2. ਸੱਚ ਤੇ ਚੱਲੋ (ਸੁਨਰਿਤਾ)
3. ਜੋ ਤੁਹਾਨੂੰ ਨਹੀਂ ਦਿੱਤਾ ਗਿਆ ਉਹ ਨਾ ਲਉ (ਅਸਤੇਯ)
4. ਧਨ ਸੰਪਤੀ ਇਕਤਰ ਨਾ ਕਰੋ ([illegible])

ਇਨ੍ਹਾਂ ਚਾਰ ਸਿੱਖਿਆਵਾਂ ਤੋਂ ਇਲਾਵਾ ਭਗਵਾਨ ਮਹਾਂਵੀਰ ਨੇ ਬ੍ਰਹਮਚਰਜ ਭਾਵ ਕਾਮਵਾਸ਼ਨਾ ਉਤੇ ਸੰਪੂਰਨ ਸੰਜਮ ਕਰਨ ਉਤੇ ਬਹੁਤ ਜ਼ੋਰ ਦਿੱਤਾ।

ਭਾਰਤੀ ਸਮਾਜ ਵਿਚ ਬ੍ਰਾਹਮਣਾਂ ਦਾ ਬੋਲਬਾਲਾ ਸੀ। ਧਾਰਮਿਕ ਰਸਮਾਂ ਕੇਵਲ ਉਹੀ ਨਿਭਾ ਸਕਦੇ ਸਨ। ਸੰਸਕ੍ਰਿਤ ਪੜ੍ਹਨਾ ਅਤੇ ਪੜ੍ਹਾਉਣਾ ਕੇਵਲ ਉਨ੍ਹਾਂ ਦਾ ਕੰਮ ਸੀ। ਛੂਤ ਛਾਤ ਦੇ ਤਾਣੇ ਪੇਟੇ ਨੇ ਸਮਾਜ ਨੂੰ ਰੋਗੀ ਕਰ ਰੱਖਿਆ ਸੀ। ਪੁਜਾਰੀ ਵਰਗ ਦਾ ਏਕਾਧਿਕਾਰ ਹੋ ਜਾਵੇ ਤਾਂ ਭ੍ਰਿਸ਼ਟਤਾ ਆ ਜਾਣੀ ਸੁਭਾਵਿਕ ਹੈ। ਬ੍ਰਾਹਮਣ ਦੀ ਕਰਮਕਾਂਡੀ ਹਕੂਮਤ ਵਿਚ ਮਨਮਾਨੀਆਂ ਹੋ ਰਹੀਆਂ ਸਨ। ਭਗਵਾਨ ਨੇ ਇਸ ਕਰਮ ਕਾਂਡ ਦਾ ਵਿਰੋਧ ਕੀਤਾ ਅਤੇ ਜਾਤਪਾਤ ਦੀ ਵਰਗਵੰਡ ਨੂੰ ਨਿੰਦਿਆ।

ਭਗਵਾਨ ਮਹਾਂਵੀਰ ਈਸ਼ਵਰ ਦੀ ਹੋਂਦ ਵਿਚ ਵਿਸ਼ਵਾਸ ਨਹੀਂ ਰੱਖਦੇ ਸਨ। ਉਹ ਲੋਕਾਂ ਨੂੰ ਪੁੱਛਦੇ ਸਨ "ਕਿਸ ਗੱਲ ਕਾਰਨ ਤੁਸੀਂ ਰੱਬ ਵਿਚ ਵਿਸ਼ਵਾਸ਼ ਕਰਦੇ ਹੋ?" ਬ੍ਰਾਹਮਣ ਉੱਤਰ ਦਿੰਦੇ "ਇਸ ਕਰਕੇ, ਕਿਉਂਕਿ ਹਰੇਕ ਵਸਤੂ ਦਾ ਕੋਈ ਸਿਰਜਣਹਾਰ ਹੁੰਦਾ ਹੈ। ਜਗਤ ਆਪਣੇ ਆਪ ਹੋਂਦ ਵਿਚ ਨਹੀਂ ਆ ਸਕਦਾ। ਇਸ ਦਾ ਕੋਈ ਰਚਣਹਾਰਾ ਅਵੱਸ਼ ਹੈ।" ਮਹਾਂਵੀਰ ਪੁੱਛਦੇ "ਜੇ ਇਹ ਗੱਲ ਹੈ ਤਾਂ ਈਸ਼ਵਰ ਦਾ ਵੀ ਕੋਈ ਸਿਰਜਣਹਾਰਾ ਹੋਵੇਗਾ। ਈਸ਼ਵਰ ਆਪਣੇ ਆਪ ਹੋਂਦ ਵਿਚ ਕਿਵੇਂ ਆ ਗਿਆ? ਜੇ ਤੁਸੀਂ ਆਖਦੇ ਹੋ ਈਸ਼ਵਰ ਆਪਣੇ ਆਪ ਹੋਂਦ ਵਿਚ ਆ ਗਿਆ ਸੀ ਤਾਂ ਫਿਰ ਬਾਕੀ ਵਸਤਾਂ ਆਪਣੇ ਆਪ ਹੋਂਦ ਵਿਚ ਕਿਉਂ ਨਹੀਂ ਆ ਸਕਦੀਆਂ? ਸੱਚ ਇਹ ਹੈ ਕਿ ਜਗਤ ਆਪਣੇ ਆਪ ਹੋਂਦ ਵਿੱਚ ਆਇਆ ਹੈ। ਕੋਈ ਇਸ ਦਾ ਕਰਤਾ ਨਹੀਂ। ਮਾਦਾ ਅਨਾਦੀ ਹੋਣ ਕਰਕੇ ਅਮਰ ਹੈ – ਇਹ ਕਦੀ ਨਸ਼ਟ ਨਹੀਂ ਹੋਵੇਗਾ। ਦ੍ਰਵ ਕੇਵਲ ਰੂਪ ਵਟਾਉਂਦੇ ਹਨ – ਨਾ ਉਤਪਤੀ ਹੁੰਦੀ ਹੈ ਨਾ ਵਿਨਾਸ।"

ਭਗਵਾਨ ਮਹਾਂਵੀਰ ਦੇ ਦੇਹਾਂਤ ਮਗਰੋਂ ਜੈਨ ਧਰਮ ਤੇਜ਼ੀ ਨਾਲ ਵਧਦਾ ਫੁੱਲਦਾ ਰਿਹਾ ਪਰ ਇਸ ਵਿਚ ਅੰਦਰੂਨੀ ਮੱਤਭੇਦ ਪੈਦਾ ਹੁੰਦੇ ਗਏ। ਧਰਮ ਗ੍ਰੰਥਾਂ ਦੀ ਪ੍ਰਮਾਣਿਕਤਾ, ਪਹਿਰਾਵੇ ਅਤੇ ਫਿਰਕਿਆਂ ਵਿਚਕਾਰ ਤਣਾਉ ਵਧਣ ਲੱਗਾ। ਭਗਵਾਨ ਦੇ ਹੁੰਦਿਆਂ ਹੀ ਮੱਖਲੀ ਗੋਸ਼ਾਲ ਅਤੇ ਜਮਾਲੀ ਜੋ ਉਨ੍ਹਾਂ ਦੇ ਸ਼ਾਗਿਰਦ ਸਨ – ਦੋਵਾਂ ਵਿਚਕਾਰ ਮੱਤਭੇਦ ਹੋ ਗਏ ਸਨ। ਭਗਵਾਨ ਦੀ ਮੌਤ ਤੋਂ ਬਾਅਦ ਇਨ੍ਹਾਂ ਮੱਤਭੇਦਾਂ ਵਿਚਕਾਰ ਹੋਰ ਪਾੜ੍ਹਾ ਵਧਦਾ ਗਿਆ। ਇਸ ਦੇ ਫਲਸਰੂਪ ਸਮੇਂ ਸਮੇਂ ਮਹਾਂਸਭਾਵਾਂ (ਕੌਂਸਲਾਂ) ਬੁਲਾ ਕੇ ਲੋੜੀਂਦੇ ਸੰਸ਼ੋਧਨ ਕੀਤੇ ਗਏ। ਪਹਿਲੀ ਕੌਂਸਲ ਪਾਟਲੀਪੁੱਤਰ ਵਿਖੇ ਚੌਥੀ ਸਦੀ ਪੂਰਵ ਈਸਾ ਵਿਚ ਬੁਲਾਈ ਗਈ ਤੇ ਇਸੇ ਸਭਾ ਵਿਚ ਦੋ ਵੱਡੇ ਫਿਰਕੇ ਦਿਗਾਂਬਰ ਤੇ ਸ਼ਵੇਤਾਂਬਰ ਦੇ ਆਪਸੀ ਮੱਤਭੇਦ ਖੁਲ੍ਹ ਕੇ ਸਾਹਮਣੇ ਆ ਗਏ। ਦੋਵੇਂ ਫਿਰਕੇ ਆਪੋ ਆਪਣੇ ਸਿਧਾਂਤਾਂ ਤੇ ਵਿਸ਼ਵਾਸਾਂ ਤੇ ਅਟੱਲ ਸਨ ਤੇ ਹੋਰ ਕੋਈ ਚਾਰਾ ਚਲਦਾ ਨਾ ਦੇਖ ਕੇ ਦੋਵਾਂ ਨੇ ਇਕ ਦੂਜੇ ਦੀ ਹੋਂਦ ਨੂੰ ਸਵੀਕਾਰ ਕਰ ਲਿਆ। ਚੰਦਰ ਗੁਪਤ ਮੌਰੀਆ ਦੇ ਰਾਜਕਾਲ ਸਮੇਂ ਮਗਧ ਵਿਚ ਭਿਆਨਕ ਕਾਲ ਪਿਆ। ਮਹਾਰਾਜੇ ਨੇ ਸੰਨਿਆਸ ਲੈ ਲਿਆ ਤੇ ਸਤਿਕਾਰਯੋਗ ਜੈਨ ਭਿੱਖੂ ਭਦਰਬਾਹੂ ਅਤੇ ਉਸ ਦੇ ਸ਼ਾਗਿਰਦਾਂ ਨਾਲ ਦੱਖਣੀ ਭਾਰਤ ਵੱਲ ਚਲਾ ਗਿਆ। ਭਦਰਬਾਹੂ ਨੇ ਜਾਣ ਤੋਂ ਪਹਿਲੋਂ ਉਸ ਵੇਲੇ ਦੇ ਸਭ ਤੋਂ ਸਿਆਣੇ ਵਿਦਵਾਨ ਭਿੱਖੂ ਸਥੂਲਭੱਦਰ ਨੂੰ ਆਪਣੇ ਪਿਛੋਂ ਮਗਧ ਦੇ ਜੈਨ ਭਿੱਖੂਆਂ ਦਾ ਮੁਖੀ ਤੇ ਪ੍ਰਬੰਧ ਕਰਤਾ ਥਾਪ ਦਿੱਤਾ। ਭੱਦਰਬਾਹੂ ਤੋਂ ਬਾਅਦ ਸਥੂਲਭੱਦਰ ਆਪਣੇ ਸਮੇਂ ਦਾ ਸਭ ਤੋਂ ਵੱਡਾ ਵਿਦਵਾਨ ਪ੍ਰਚਾਰਕ ਸੀ ਜਿਸ ਨੂੰ ਸਾਰੇ ਪੁਰਾਤਨ ਭਾਰਤੀ ਤੇ ਜੈਨੀ

ਧਰਮ ਗ੍ਰੰਥਾਂ ਦਾ ਗਿਆਨ ਹਾਸਲ ਸੀ। ਇਨ੍ਹਾਂ ਗ੍ਰੰਥਾਂ ਵਿਚ ਜੈਨਮੱਤ ਦੇ ਮੂਲ ਸਿਧਾਂਤ ਤੇ ਸਿਖਿਆਵਾਂ ਸੁਰੱਖਿਅਤ ਸਨ। ਦੱਖਣ ਯਾਤਰਾ ਤੇ ਜਾਣ ਤੋਂ ਪਹਿਲੋਂ ਭਦਰਬਾਹੂ ਨੇ ਸਥੂਲਭੱਦਰ ਨੂੰ ਅਖੀਰਲੇ ਚਾਰ ਪੂਰਵ ਨਾ ਪੜ੍ਹਾਉਣ ਦੀ ਹਦਾਇਤ ਕੀਤੀ।

ਮੂਲ ਸਿਖਿਆਵਾਂ ਕਿਤੇ ਗੁਆਚ ਨਾ ਜਾਣ, ਉਨ੍ਹਾਂ ਵਿਚ ਵਿਗਾੜ ਨਾ ਪੈ ਜਾਵੇ, ਇਸ ਮਨੋਰਥ ਨੂੰ ਸਾਹਮਣੇ ਰੱਖ ਕੇ ਸਥੂਲਭੱਦਰ ਨੇ ਪੂਰਵਾਂ ਵਿਚ ਦਰਜ ਮਹਾਂਵੀਰ ਦੀਆਂ ਸਿਖਿਆਵਾਂ ਸੰਪਾਦਤ ਕਰਨ ਅਤੇ ਤਰਤੀਬ ਦੇਣ ਲਈ ਹੀ ਪਾਟਲੀਪੁੱਤਰ ਵਿਖੇ ਕੌਂਸਲ ਬੁਲਾਈ ਸੀ। ਭੱਦਰਬਾਹੂ ਦੇ ਕੁਝ ਸ਼ਾਗਿਰਦ ਭਿੱਖੂ ਜਦੋਂ ਦੱਖਣੀ ਭਾਰਤ ਤੋਂ ਮਗਧ ਵਾਪਸ ਆਏ ਤਾਂ ਉਨ੍ਹਾਂ ਨੇ ਸਥੂਲਭੱਦਰ ਵਲੋਂ ਕੀਤੀ ਗਈ ਪੂਰਵਾਂ ਦੇ ਅੰਗਾਂ ਵਿਚਲੀ ਤਰਤੀਬ ਨੂੰ ਪਸੰਦ ਨਹੀਂ ਕੀਤਾ। ਉਨ੍ਹਾਂ ਨੇ ਕਿਹਾ ਕਿ ਇਹ ਅੰਗ ਮਹਾਂਵੀਰ ਸੀ ਦੀਆਂ ਮੂਲ ਸਿਖਿਆਵਾਂ ਨਹੀਂ ਹਨ। ਇਵੇਂ ਹੀ ਇਸ ਕੌਂਸਲ ਮਗਰੋਂ ਕਾਫੀ ਭਿੱਖੂਆਂ ਨੇ ਸਫੈਦ ਵਸਤਰ ਪਹਿਨਣੇ ਸ਼ੁਰੂ ਕਰ ਦਿੱਤੇ। ਨਾਂਗੇ ਸਾਧੂਆਂ ਨੇ ਇਸ ਪ੍ਰਥਾ ਦੀ ਨਿਖੇਧੀ ਕੀਤੀ। ਇਥੋਂ ਪੱਕੇ ਤੌਰ ਤੇ ਦੋਵਾਂ ਫਿਰਕਿਆਂ ਨੇ ਆਪਣਾ ਆਪਣਾ ਅਲੱਗ ਅਲੱਗ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਲਿਬਾਸ ਦਾ ਫਰਕ ਵਧੀਕ ਵੱਡਾ ਹੈ। ਮੂਲ ਸਿਧਾਂਤਾਂ ਵਿਚ ਦੋਵੇਂ ਫਿਰਕਿਆਂ ਦੇ ਸਾਧੂ ਵਧੇਰੀਆਂ ਤੇ ਵਡੇਰੀਆਂ ਗੱਲਾਂ ਵਿਚ ਇਕ ਦੂਜੇ ਨਾਲ ਸਹਿਮਤ ਹਨ।

ਦਿਗੰਬਰ ਫਿਰਕੇ ਦੇ ਕੁੱਝ ਸਿਧਾਂਤ, ਜਿਨ੍ਹਾਂ ਨੂੰ ਸ਼ਵੇਤਾਂਬਰ ਨਹੀਂ ਮੰਨਦੇ ਉਹ ਇਹ ਹਨ –

1. ਭਿੱਖੂ ਸਦਾ ਨੰਗੇ ਰਹਿਣ।
2. ਜਿਹੜਾ ਵਿਅਕਤੀ ਗਿਆਨੀ ਹੋ ਜਾਂਦਾ ਹੈ, ਭਾਵ ਜਿਸ ਨੇ ਕੇਵਲਯ ਪਦ ਪ੍ਰਾਪਤ ਕਰ ਲਿਆ ਉਸ ਲਈ ਭੋਜਨ ਆਦਿਕ ਵਸਤਾਂ ਦੀ ਲੋੜ ਜਿਉਂਦੇ ਰਹਿਣ ਲਈ ਨਹੀਂ ਰਹਿੰਦੀ।
3. ਇਸਤਰੀਆਂ ਕੇਵਲਯ (ਮੁਕਤੀ) ਪ੍ਰਾਪਤ ਨਹੀਂ ਕਰ ਸਕਦੀਆਂ।
4. ਵਰਧਮਾਨ ਮਹਾਂਵੀਰ ਨੇ ਵਿਆਹ ਨਹੀਂ ਕਰਵਾਇਆ ਸੀ। ਉਹ ਬਾਲ ਬ੍ਰਹਮਚਾਰੀ ਸਨ।

ਦਿਗਾਂਬਰ ਤੇ ਸ਼ਵੇਤਾਂਬਰ ਫਿਰ ਬਾਅਦ ਵਿਚ ਹੋਰ ਉਪ-ਫਿਰਕਿਆਂ ਵਿਚ ਵੰਡੇ ਗਏ। ਦਿਗੰਬਰ ਫਿਰਕੇ ਦੇ ਕੁੱਝ ਜਥੇ ਇਹ ਸਨ – ਦਰਾਵੜ ਸੰਘ, ਕਾਸ਼ਨ ਸੰਘ, ਮਥਰਾ ਸੰਘ, ਥਾਪਨੀ ਸੰਘ, ਤੇਰਾ ਪੰਥ, ਬੀਸਪੰਥ ਅਤੇ ਗਮਾਨ ਪੰਥ। ਸ਼ਵੇਤਾਂਬਰਾਂ ਦੇ ਮੁੱਖ ਪੰਥ 'ਸਥਾਨਕਵਾਸੀ' ਅਤੇ 'ਪੰਥੀ' ਹਨ। ਦੋਵੇਂ ਫਿਰਕਿਆਂ ਨੇ ਮੰਦਰਾਂ ਅਤੇ ਬੁੱਤਪੂਜਾ ਦਾ ਤਿਆਗ ਕਰਨ ਤੇ ਜ਼ੋਰ ਦਿੱਤਾ। ਜੈਨ ਮੰਦਰਾਂ ਵਿਚ ਰਹਿਣ ਅਤੇ ਉਥੇ ਪੂਜਾ ਪਾਠ ਦੀ ਬਜਾਇ ਸਥਾਨਕਵਾਸੀ ਭਿੱਖੂ ਸੰਤਾਂ ਨੇ 'ਸਥਾਨਕ' (abodes) ਬਣਾਏ। ਇਹ ਸਥਾਨਕ ਪਿੰਡਾਂ ਸ਼ਹਿਰਾਂ ਵਿਚ ਉਥੋਂ ਦੇ ਜੈਨੀ ਉਪਾਸ਼ਕਾਂ ਵਲੋਂ ਸਥਾਪਤ ਸੰਗਤਾਂ ਹੁੰਦੀਆਂ ਸਨ।

ਗਿਆਨ

ਸਮਾਜ ਵਿਗਿਆਨੀਆਂ ਅਨੁਸਾਰ ਬੱਚਾ ਸਾਫ ਦਿਮਾਗ ਦਾ ਅਗਿਆਨੀ ਜੀਵ ਹੁੰਦਾ ਹੈ। ਹੌਲੀ ਹੌਲੀ ਉਸ ਦੇ ਸਰੀਰ ਦਾ ਵਿਕਾਸ ਹੁੰਦਾ ਹੈ ਤੇ ਨਾਲ ਨਾਲ

ਬੋਧਿਕਤਾ ਦਾ ਵਿਕਾਸ ਵੀ ਹੁੰਦਾ ਹੈ ਤੇ ਦਿਨ ਪ੍ਰਤਿਦਿਨ ਉਹ ਸਿਆਣਾ ਹੁੰਦਾ ਜਾਂਦਾ ਹੈ। ਜੈਨ ਮੱਤ ਇਸ ਤੋਂ ਉਲਟ ਹੈ। ਜੈਨਮੱਤ ਅਨੁਸਾਰ ਬੱਚੇ ਦੀ ਮੂਲ ਬਿਰਤੀ ਪਾਪਾਂ ਤੋਂ ਮੁਕਤ ਹੁੰਦੀ ਹੈ। ਜਿਉਂ ਜਿਉਂ ਉਹ ਵੱਡਾ ਹੁੰਦਾ ਜਾਂਦਾ ਹੈ ਕਰਮਾਂ ਦੇ ਪਰਦੇ ਨਾਲ ਉਸ ਦੀ ਬੁੱਧੀ ਢਕੀ ਜਾਂਦੀ ਹੈ ਤੇ ਮਨੁੱਖ ਅਗਿਆਨੀ ਹੋ ਜਾਂਦਾ ਹੈ। ਗਿਆਨ ਕਿਤੋਂ ਬਾਹਰੋਂ ਉਧਾਰ ਨਹੀਂ ਲਿਆ ਜਾਂਦਾ। ਪਾਪਾਂ ਦੇ ਪਰਦੇ ਹਟਾਉਣ ਜਾਉਗੇ ਤਾਂ ਮੁੜ ਗਿਆਨ ਦਾ ਪ੍ਰਕਾਸ਼ ਹੁੰਦਾ ਜਾਇਗਾ। ਆਤਮਾ ਜਦੋਂ ਪੂਰੀ ਤਰ੍ਹਾਂ ਕਰਮਾਂ ਤੋਂ ਮੁਕਤ ਹੋ ਜਾਂਦੀ ਹੈ ਤਾਂ ਸਰਵੋਤਮ ਸ਼ੁੱਧ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਇਸ ਨੂੰ ਆਤਮ-ਪ੍ਰਕਾਸ਼ ਵੀ ਕਹਿੰਦੇ ਹਨ। ਇਹ ਜੀਵ ਦੀ ਮੁਕਤ ਅਵਸਥਾ ਹੈ ਜਿਸ ਨੂੰ ਕੇਵਲਯ ਕਿਹਾ ਜਾਂਦਾ ਹੈ।

ਗਿਆਨ ਦੀਆਂ ਕਿਸਮਾਂ

ਜੈਨ ਦਰਸ਼ਨ ਅਨੁਸਾਰ ਸਭ ਤੋਂ ਉੱਤਮ ਪ੍ਰਾਪਤੀ 'ਗਿਆਨ' ਹੈ। ਇਥੇ ਗਿਆਨ ਦਾ ਭਾਵ ਸੰਸਾਰਕ ਗਿਆਨ ਜਾਂ ਭੌਤਿਕ ਗਿਆਨ ਨਹੀਂ ਹੈ। ਉਚਤਮ ਗਿਆਨ ਪ੍ਰਾਪਤ ਕਰਨ ਵਾਲੇ ਵਿਅਕਤੀ ਨੂੰ 'ਕੇਵਲੀ' ਕਿਹਾ ਜਾਂਦਾ ਹੈ। ਸੰਸਾਰਕ ਗਿਆਨ ਦਾ ਤ੍ਰਿਸਕਾਰ ਕੀਤਾ ਗਿਆ ਹੋਵੇ ਅਜਿਹੀ ਕੋਈ ਗੱਲ ਨਹੀਂ ਪਰ ਇਹ ਮੰਜ਼ਲ ਨਹੀਂ। ਇਸ ਲਈ ਗਿਆਨ ਦੀਆਂ ਮੁਢਲੀਆਂ ਦੋ ਸ਼੍ਰੇਣੀਆਂ ਹੋ ਗਈਆਂ :

1. ਵਿਹਾਰਕ ਗਿਆਨ
2. ਪਰਮਾਰਥਕ ਗਿਆਨ

ਹਰ ਜੀਵਨ ਵਿਚ ਗਿਆਨ ਮੌਜੂਦ ਹੈ ਪਰ ਇਸ ਦੀ ਮਾਤਰਾ ਅਤੇ ਗੁਣ ਵੱਖ ਵੱਖ ਹਨ। ਥੋੜ੍ਹਾ ਜਾਂ ਵਧੀਕ ਹਰ ਜੀਵ ਦੇ ਆਲੇ ਦੁਆਲੇ ਗਿਆਨ ਮੰਡਲ ਹੈ, ਜਿਵੇਂ ਹਵਾ ਤੇ ਬੱਦਲ ਧਰਤੀ ਦੇ ਦੁਆਲੇ ਸਰਕ ਰਹੇ ਹਨ। ਗਿਆਨ ਹੀ ਹੈ ਜਿਹੜਾ ਜੀਵਨ ਨੂੰ ਜੜ੍ਹ ਪਦਾਰਥਾਂ ਤੋਂ ਵਖਰਿਆਉਂਦਾ ਹੈ। ਜਿਵੇਂ ਜਿਵੇਂ ਆਤਮਾ ਦਾ ਵਿਕਾਸ ਹੁੰਦਾ ਜਾਂਦਾ ਹੈ ਤਿਵੇਂ ਤਿਵੇਂ ਜੀਵ ਗਿਆਨ ਦੀਆਂ ਪਉੜੀਆਂ ਉਪਰ ਚੜ੍ਹਦਾ ਚਲਿਆ ਜਾਂਦਾ ਹੈ। ਇਹ ਪਉੜੀਆਂ ਪੰਜ ਹਨ :

1. ਮਤੀ ਗਿਆਨ
2. ਸ਼ਰੁਤ ਗਿਆਨ
3. ਅਵਧੀ ਗਿਆਨ
4. ਮਨਹ ਪ੍ਰਜਾਯ ਗਿਆਨ
5. ਕੇਵਲੀ ਗਿਆਨ

1. ਮਤੀ ਗਿਆਨ

ਪੰਜਾਂ ਇੰਦਰੀਆਂ ਰਾਹੀਂ ਜੋ ਕੁੱਝ ਗ੍ਰਹਿਣ ਕਰਦੇ ਹਾਂ, ਸਾਡਾ ਮਨ ਉਸ ਦਾ ਵਿਸ਼ਲੇਸ਼ਣ ਕਰਕੇ ਜੋ ਸਿਟਾ ਕੱਢੇ ਉਸ ਨੂੰ ਮਤੀ ਗਿਆਨ ਕਿਹਾ ਜਾਂਦਾ ਹੈ। ਇੰਦਰੀਆਂ ਪੰਜ ਹਨ – 1. ਸਪਰਸ਼ (ਛੁਹ) 2. ਰਸਨ (ਜੀਭ, ਸੁਆਦ) 3. ਘ੍ਰਾਣ

(ਸੁਗੰਧ) 4. ਚਖਸ਼ੁ (ਅੱਖਾਂ) ਅਤੇ 5. ਸਰੋਤ (ਕੰਨ)। ਮਤੀ ਗਿਆਨ ਦੇ ਅੱਗੋਂ ਚਾਰ ਹਿੱਸੇ ਹਨ –

ੳ. ਅਵਗ੍ਰਹਿ – ਜਦੋਂ ਅਸੀਂ ਅੰਦਾਜ਼ੇ ਲਾਈਏ, ਜਦੋਂ ਅਹਿਸਾਸ ਹੋਵੇ ਕਿ ਕੁੱਝ ਹੋਣ ਦੀ ਸੰਭਾਵਨਾ ਹੈ, ਭਾਵ ਕਿ ਅਜਿਹੀ ਕਲਪਣਾ ਜਿਸ ਦਾ ਕੋਈ ਆਧਾਰ ਹੋਵੇ, ਉਸ ਨੂੰ ਅਵਗ੍ਰਹਿ ਕਹਿੰਦੇ ਹਨ।

ਅ. ਈਹਾ ਗਿਆਨ – ਜਿਸ ਗਿਆਨ ਰਾਹੀਂ ਪਤਾ ਲੱਗੇ ਕਿ ਕੀ ਸੰਭਵ ਹੈ ਕੀ ਅਸੰਭਵ ਉਸ ਨੂੰ ਈਹਾ ਗਿਆਨ ਕਹਿੰਦੇ ਹਨ। ਜੋ ਕੁਝ ਵਾਪਰ ਚੁੱਕਾ ਹੈ ਫਿਰ ਪਿਛੋਂ ਉਸ ਦੇ ਕੀ ਨਤੀਜੇ ਨਿਕਲਣਗੇ, ਉਹ ਵੀ ਇਸੇ ਸ਼ਾਖਾ ਵਿਚ ਸ਼ਾਮਲ ਹੈ।

ੲ. ਨਿਰਣਾ ਅਪਾਏ – ਜੋ ਅਸੀਂ ਅੰਦਾਜ਼ੇ ਲਾਏ ਸਨ, ਜਿਨ੍ਹਾਂ ਨਤੀਜਿਆਂ ਦੀ ਸਾਨੂੰ ਉਮੀਦ ਸੀ, ਉਹ ਸਹੀ ਹੋਣ ਤਾਂ ਇਸ ਨੂੰ ਨਿਰਣਾ ਅਪਾਏ ਗਿਆਨ ਕਿਹਾ ਜਾਂਦਾ ਹੈ;

ਸ. ਧਾਰਨਾ – ਜਦੋਂ ਗਿਆਨ ਪ੍ਰਾਪਤ ਕਰ ਲਈਏ, ਫਿਰ ਉਸ ਨੂੰ ਚੇਤੇ ਰੱਖਣਾ, ਸੰਭਾਲ ਕੇ ਵਰਤੋਂ ਵਿਚ ਲਿਆਉਣ ਦੀ ਕ੍ਰਿਆ ਨੂੰ ਧਾਰਨਾ ਗਿਆਨ ਕਿਹਾ ਜਾਂਦਾ ਹੈ। ਇਹ ਗਿਆਨ ਦਾ ਅਮਲੀ ਪੱਖ ਹੈ।

2. ਸ਼ਰੁਤ ਗਿਆਨ

ਇੱਥੇ ਸ਼ਰੁਤ-ਗਿਆਨ ਵੈਦਿਕ ਪਰੰਪਰਾ ਵਾਲੀ 'ਸ਼ਰੁਤੀ' ਦੇ ਅਰਥਾਂ ਦਾ ਧਾਰਨੀ ਨਹੀਂ। ਇਹ ਤਾਂ ਮਤੀ ਗਿਆਨ ਤੋਂ ਅਗਲੀ ਅਵਸਥਾ ਹੈ ਜਦੋਂ ਕਿ ਵੇਦ ਪਰੰਪਰਾ ਵਿਚ ਇਹ ਆਖਰੀ ਅਵਸਥਾ ਹੈ। ਸ਼ਰੁਤ ਗਿਆਨ ਵਿਚ ਅੱਖਰ ਵਿਦਿਆ, ਸ਼ਬਦ ਦਾ ਗਿਆਨ, ਵਾਕ ਦਾ ਗਿਆਨ ਤੇ ਭਾਸ਼ਾ ਦਾ ਗਿਆਨ ਸ਼ਾਮਲ ਹਨ। ਜਦੋਂ ਅਸੀਂ ਕੋਈ ਸ਼ਬਦ ਉਚਾਰਦੇ ਹਾਂ ਜਾਂ ਸੁਣਦੇ ਹਾਂ, ਉਸ ਸ਼ਬਦ ਦਾ ਅਰਥ ਆਪਣੇ ਆਪ ਪਰਗਟ ਹੋ ਜਾਂਦਾ ਹੈ। ਉਦਾਹਰਣ ਲਈ ਇਕ ਸ਼ਬਦ ਹੈ – ਘੋੜਾ। ਜਦੋਂ ਇਹ ਸ਼ਬਦ ਉਚਾਰਿਆ ਤਾਂ ਇਕ ਖਾਸ ਜਾਨਵਰ ਦੀ ਸ਼ਕਲ ਸਾਡੇ ਸਾਹਮਣੇ ਆ ਖਲੋਤੀ।

ਇਸੇ ਪ੍ਰਕਾਰ ਅਸੀਂ ਇਸ਼ਾਰਿਆਂ ਜਾਂ ਸੰਕੇਤਾਂ ਰਾਹੀਂ, ਚਿਹਰੇ ਦੇ ਹਾਵਾਂ ਭਾਵਾਂ ਰਾਹੀਂ ਭਾਵਨਾਵਾਂ ਪਰਗਟ ਕਰਦੇ ਹਾਂ। ਕਾਲਪਣਿਕ ਜਾਂ ਮਿਥਿਆ ਕਹਾਣੀਆਂ ਵੀ ਇਸੇ ਗਿਆਨ ਵਿਚ ਆ ਜਾਂਦੀਆਂ ਹਨ।

3. ਅਵਧੀ ਗਿਆਨ

ਇਹ ਅਜਿਹਾ ਗਿਆਨ ਹੈ ਜਿਹੜਾ ਪੰਜੇ ਗਿਆਨ ਇੰਦਰੀਆਂ ਤੋਂ ਉਪਰ ਹੈ। ਅੰਗਰੇਜ਼ੀ ਵਿਚ ਇਸ ਨੂੰ ਛੇਵੀਂ ਇੰਦਰੀ (Sixth Sense) ਜਾਂ ਆਵੇਸ (Intuition) ਕਿਹਾ ਜਾਂਦਾ ਹੈ। ਪੰਜੇ ਗਿਆਨ ਇੰਦਰੀਆਂ ਤਾਂ ਆਮ ਮੌਰ ਤੇ ਹਰ ਮਨੁੱਖ ਵਿਚ ਹੁੰਦੀਆਂ ਹੀ ਹਨ – ਫਿਰ ਵੀ ਕੁੱਝ ਲੋਕ ਬੁੱਧੀਮਾਨ ਹਨ ਤੇ ਕੁਝ ਮੂਰਖ। ਪੰਜਾਬੀ ਵਿਚ ਇਕ ਮੁਹਾਵਰਾ ਪ੍ਰਚੱਲਤ ਹੈ ਕਿ ਦੋ ਅੱਖਾਂ ਸਭ ਦੇ ਹਨ ਪਰ ਕਿਸੇ ਕਿਸੇ ਦੇ ਤੀਸਰਾ ਨੇਤ੍ਰ ਹੁੰਦਾ ਹੈ। ਇਸੇ ਉਚੇ ਬੌਧਿਕ ਗਿਆਨ ਨੂੰ ਅਵਧੀ ਗਿਆਨ ਕਿਹਾ

ਜਾਂਦਾ ਹੈ। ਹਰ ਮਨੁੱਖ ਵਿਚ ਇਸ ਗਿਆਨ ਦੀਆਂ ਸੰਭਾਵਨਾਵਾਂ ਤਾਂ ਹੁੰਦੀਆਂ ਹਨ ਪਰ ਬਹੁਤੇ ਲੋਕਾਂ ਵਿਚ ਇਹ ਸੁੱਤਾ ਰਹਿੰਦਾ ਹੈ। ਇਸ ਗਿਆਨ ਰਾਹੀਂ ਅਣਦੇਖੀਆਂ ਥਾਵਾਂ ਅਤੇ ਭੂਤ-ਭਵਿਖ ਬਾਰੇ ਲਾਏ ਗਏ ਅੰਦਾਜ਼ੇ ਸਹੀ ਸਾਬਤ ਹੁੰਦੇ ਹਨ।

4. ਮਨਹ-ਪ੍ਰਯਾਯ ਗਿਆਨ (ਮਨੋਅਵਸਥਾ ਜਾਣਨਾ)

ਯੋਗ ਅਤੇ ਤਪ ਰਾਹੀਂ ਕੁੱਝ ਬੰਦਿਆਂ ਵਿਚ ਅਜਿਹੀ ਸ਼ਕਤੀ ਆ ਜਾਂਦੀ ਹੈ ਕਿ ਉਹ ਦੂਜਿਆਂ ਦੇ ਮਨਾਂ ਵਿਚ ਵਾਪਰ ਰਹੀਆਂ ਗੱਲਾਂ ਤੋਂ ਜਾਣੂ ਹੋ ਜਾਂਦੇ ਹਨ। ਇਸ ਨੂੰ ਅੰਤਰਜਾਮਤਾ ਵੀ ਕਿਹਾ ਜਾਂਦਾ ਹੈ। ਜੈਨ ਮੱਤ ਵਿਚ ਇਹ ਵਿਸ਼ਵਾਸ ਹੈ ਕਿ ਅਭਿਆਸ ਰਾਹੀਂ ਅੰਤਰਜਾਮੀ ਹੋਣ ਦੀ ਸ਼ਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ। ਕੁੱਝ ਬੰਦੇ ਕਿਤਾਬ ਪੜ੍ਹ ਸਕਦੇ ਹਨ, ਕੁਝ ਨਹੀਂ ਪੜ੍ਹ ਸਕਦੇ। ਅਨਪੜ੍ਹ ਬੰਦੇ ਇਸ ਗਲੋਂ ਅਨਜਾਣ ਹਨ ਕਿ ਅੱਖਰ ਅਤੇ ਸ਼ਬਦ ਕਿਵੇਂ ਲਿਖੇ ਜਾਂਦੇ ਹਨ ਤੇ ਉਹ ਪੜ੍ਹ ਨਹੀਂ ਸਕਦੇ। ਉਨ੍ਹਾਂ ਨੂੰ ਉਹ ਬੰਦੇ ਵੱਡੇ ਵਿਦਵਾਨ ਪ੍ਰਤੀਤ ਹੁੰਦੇ ਹਨ ਜਿਹੜੇ ਪੜ੍ਹ ਸਕਦੇ ਹਨ। ਇਵੇਂ ਹੀ, ਕਿਤਾਬ ਪੜ੍ਹਨ ਵਾਂਗ ਹੀ ਮਨ ਪੜ੍ਹੇ ਜਾ ਸਕਦੇ ਹਨ।

5. ਕੇਵਲ ਗਿਆਨ

ਬ੍ਰਹਮਗਿਆਨੀ ਆਤਮਾ ਉਪਰੋਂ ਸਾਰੇ ਕਰਮ ਬੰਧਨ ਸਾਫ ਕਰਕੇ ਜਿਹੜਾ ਸਰਬੋਤਮ ਗਿਆਨ ਪ੍ਰਾਪਤ ਕਰਦੇ ਹਨ ਉਹ ਅਨੰਤ ਹੈ ਅਤੇ ਅਨੰਤ ਬਾਰੇ ਹੈ। ਇਸ ਨੂੰ 'ਕੇਵਲ' ਜਾਂ 'ਕੇਵਲੀ' ਗਿਆਨ ਕਿਹਾ ਜਾਂਦਾ ਹੈ। ਇਸ ਗਿਆਨ ਰਾਹੀਂ ਸਾਰੇ ਲੋਕਾਂ ਅਤੇ ਸਾਰੇ ਕਾਲਾਂ ਦਾ ਅਨੁਭਵ ਸਹਜ ਸੁਭਾਇ ਪ੍ਰਾਪਤ ਹੋ ਜਾਂਦਾ ਹੈ। ਰੂਪ ਤੋਂ ਇਲਾਵਾ ਅਰੂਪ ਵਸਤਾਂ ਦੇ ਦਰਸ਼ਨ ਹੁੰਦੇ ਹਨ। ਪਦਾਰਥ ਦੇ ਕੁੱਲ ਗੁਣਾਂ ਦਾ ਕੁੱਲ ਪ੍ਰਕਾਰਾਂ ਅਤੇ ਮਾਤ੍ਰਾਵਾਂ ਦਾ ਗਿਆਨ ਪ੍ਰਾਪਤ ਹੋ ਜਾਂਦਾ ਹੈ। ਇਹ ਗਿਆਨ ਅਮਰ ਹੈ ਜੋ ਹਮੇਸ਼ਾ ਤੋਂ ਹੈ ਤੇ ਹਮੇਸ਼ ਰਹੇਗਾ।

ਗਿਆਨ ਪ੍ਰਾਪਤ ਕਰਦਿਆਂ, ਜੈਨ ਮੱਤ ਅਨੁਸਾਰ ਤਿੰਨ ਪ੍ਰਕਾਰ ਦੇ ਦੋਸ਼ ਆ ਸਕਦੇ ਹਨ ।

ੳ. ਇੰਦਰੀ ਦੋਸ਼ – ਸਾਡੇ ਸਰੀਰ ਦੀਆਂ ਗਿਆਨ ਇੰਦਰੀਆਂ ਹਮੇਸ਼ ਸਹੀ ਸੂਚਨਾ ਨਹੀਂ ਦਿੰਦੀਆਂ। ਇਉਂ ਲਗਦਾ ਹੈ ਜਿਵੇਂ ਚੰਨ ਸਾਡੇ ਨਾਲ ਤੁਰਦਾ ਜਾ ਰਿਹਾ ਹੈ – ਪਰ ਅਸਲ ਵਿਚ ਅਜਿਹਾ ਨਹੀਂ। ਅਸੀਂ ਦੇਖਦੇ ਹਾਂ ਕਿ ਸਾਡਾ ਮਿੱਤਰ ਆ ਰਿਹਾ ਹੈ – ਨੇੜੇ ਆਉਣ ਤੇ ਕੋਈ ਹੋਰ ਬੰਦਾ ਨਿਕਲਦਾ ਹੈ। ਇਵੇਂ ਹੀ ਕੰਨ ਆਵਾਜ਼ ਨੂੰ ਸੁਣਨ ਵਿਚ ਗਲਤੀ ਖਾ ਜਾਂਦੇ ਹਨ। ਰੱਸੀ ਨੂੰ ਸੱਪ ਸਮਝ ਲੈਣਾ – ਰਾਤ ਨੂੰ ਝਾੜੀਆਂ ਦਾ ਜਿੰਨ ਪ੍ਰੇਤ ਪ੍ਰਤੀਤ ਹੋਣਾ ਇੰਦਰੀ ਦੋਸ਼ ਦੀਆਂ ਆਮ ਉਦਾਹਰਣਾਂ ਹਨ।

ਅ. ਅਧਿਐਨ ਦੋਸ਼ – ਕਵਿਤਾ ਪੜ੍ਹਨ ਦੇ ਅਸੂਲ ਹੋਰ ਹਨ ਗਣਿਤ ਦੇ ਹੋਰ। ਮਿੱਥ, ਉਪਮਾਂ ਅਤੇ ਅਲੰਕਾਰ ਹਰ ਬੰਦਾ ਨਹੀਂ ਜਾਣ ਸਕਦਾ। ਇਵੇਂ ਹੀ ਬਹੁਤ ਸਾਰੇ ਗ੍ਰੰਥਾਂ ਨੂੰ ਸਮਝਣਾ ਤਾਂ ਕੀ ਅਸੀਂ ਉਨ੍ਹਾਂ ਦਾ ਪਾਠ ਵੀ ਨਹੀਂ ਕਰ ਸਕਦੇ। ਕਈ ਵਾਰ ਅਧਿਆਪਕ ਨਿਪੁੰਨ ਨਹੀਂ ਹੁੰਦੇ ਤੇ ਗਲਤ ਰਸਤੇ ਪਾ ਦਿੰਦੇ ਹਨ।

ਏ. ਦ੍ਰਿਸ਼ਟੀਕਣ ਦੋਸ਼ – ਅਕਸਰ ਅਜਿਹਾ ਹੁੰਦਾ ਹੈ ਕਿ ਆਪਣੇ ਤੋਂ ਵਿਪਰੀਤ ਵਿਸ਼ਵਾਸ ਰੱਖਣ ਵਾਲੇ ਮਨੁੱਖਾਂ ਅਤੇ ਗ੍ਰੰਥਾਂ ਨੂੰ ਤ੍ਰਿਸਕਾਰ ਦੀ ਦ੍ਰਿਸ਼ਟੀ ਨਾਲ ਦੇਖਿਆ ਜਾਂਦਾ ਹੈ। ਪੁਰਾਤਨ ਵੈਦਿਕ ਵਿਦਵਾਨਾਂ ਨੇ ਗ੍ਰੰਥਾਂ ਵਿਚ ਜਿਥੇ ਕਿਤੇ ਜੈਨ ਮੱਤ ਜਾਂ ਬੁੱਧ ਮੱਤ ਦਾ ਜ਼ਿਕਰ ਕੀਤਾ ਹੈ ਉਸ ਵਿਚ ਪੱਖਪਾਤ ਸਪਸ਼ਟ ਹੈ। ਇਸੇ ਪ੍ਰਕਾਰ ਜੇ ਵੈਦਿਕ ਧਰਮ ਬਲੀ ਨੂੰ ਪਵਿੱਤਰ ਮੰਨਦਾ ਹੈ ਤਾਂ ਬੁੱਧ ਤੇ ਜੈਨ ਮੱਤ ਇਸ ਨੂੰ ਘ੍ਰਿਣਾਜਨਕ ਕਰਮ ਆਖਦੇ ਹਨ। ਹਿੰਦੂ ਪੁਜਾਰੀ ਪੂਰਬ ਵੱਲ ਮੂੰਹ ਕਰਕੇ ਉਪਾਸ਼ਨਾ ਕਰਦੇ ਹਨ ਪਰ ਮੁਸਲਮਾਨ ਪੱਛਮ ਵੱਲ। ਇਕ ਧਰਮ ਦਾ ਦੂਜੇ ਧਰਮ ਨਾਲ ਸਿਧਾਂਤਕ ਟਕਰਾਉ ਪੱਖਪਾਤੀ ਦ੍ਰਿਸ਼ਟੀਕੋਣ ਦਾ ਨਤੀਜਾ ਹੈ।

ਜੈਨ ਦਰਸ਼ਨ ਵਿਚ ਨੌ ਤੱਤ ਮੰਨੇ ਗਏ ਹਨ।

1. ਜੀਵ
2. ਅਜੀਵ
3. ਪੁੰਨ
4. ਪਾਪ
5. ਆਸ਼ਰਵ
6. ਬੰਧ
7. ਸੰਵਰ
8. ਨਿਰਜਰਾ
9. ਮੋਕਸ਼

1. ਜੀਵ

ਜੈਨ ਮੱਤ ਦੇ ਦਰਸ਼ਨਾਚਾਰੀਆਂ ਨੇ ਜੀਵਾਂ ਦੀਆਂ ਪੰਜ ਸ਼੍ਰੇਣੀਆਂ ਉਨ੍ਹਾਂ ਦੀਆਂ ਗਿਆਨ ਇੰਦਰੀਆਂ ਦੇ ਹਿਸਾਬ ਨਾਲ ਨੀਯਤ ਕੀਤੀਆਂ ਹਨ। ਇਨ੍ਹਾਂ ਦਾ ਵਰਗੀਕਰਣ ਇਸ ਪ੍ਰਕਾਰ ਹੈ :

ੳ. ਇਕੇਂਦਰੀ ਜੀਵ

ਇਸ ਸ਼੍ਰੇਣੀ ਵਿਚ ਸਭ ਤੋਂ ਹੇਠਲੀ ਪੱਧਰ ਦੇ ਇਕ ਇੰਦਰੀ ਵਾਲੇ ਜੀਵ ਆਉਂਦੇ ਹਨ ਜਿਵੇਂ ਪਾਣੀ। ਪਾਣੀ ਨੂੰ ਜੀਵ ਮੰਨਿਆ ਗਿਆ ਹੈ। ਇੱਥੇ ਪਾਣੀ ਵਿਚ ਰਹਿਣ ਵਾਲੇ ਜੀਵਾਂ ਦੀ ਗੱਲ ਨਹੀਂ ਹੋ ਰਹੀ – ਪਾਣੀ ਖੁਦ ਜੀਵ ਹੈ – ਇਸ ਨੂੰ ਅਪਕਾਇਆ ਇਕੇਂਦਰੀ ਜੀਵ ਕਿਹਾ ਜਾਂਦਾ ਹੈ। ਬਾਰਸ਼, ਤ੍ਰੇਲ, ਧੁੰਦ, ਪਿਘਲੀ ਬਰਫ, ਪਿਘਲੇ ਗੜ੍ਹੇ ਇਸਦੇ ਵੱਖ ਵੱਖ ਰੂਪ ਹਨ। ਧਰਤੀ ਜੀਵ ਹੈ, ਇਸ ਨੂੰ ਪ੍ਰਿਥਵੀ ਕਾਇਆ ਕਿਹਾ ਜਾਂਦਾ ਹੈ। ਜਿਸ ਵਿਚ ਮਿੱਟੀ, ਪੱਥਰ, ਨਮਕ, ਹੀਰੇ ਤੇ ਹੋਰ ਖਣਿਜ ਪਦਾਰਥ ਆਉਂਦੇ ਹਨ। ਆਮ ਬੰਦੇ ਨੂੰ ਪਤਾ ਨਹੀਂ ਕਿ ਇਹ ਜੀਵ ਹਨ ਪਰ ਗਿਆਨੀਆਂ ਨੂੰ ਪਤਾ ਹੈ ਕਿ ਇਹ ਸਾਹ ਲੈਂਦੇ ਹਨ ਤੇ ਇਨ੍ਹਾਂ ਵਿਚ ਸਪਰਸ਼ ਗਿਆਨ ਮੌਜੂਦ ਹੈ। ਅੱਗ ਨੂੰ ਤਿਉਕਾਇਆ ਕਿਹਾ ਜਾਂਦਾ ਹੈ। ਹਵਾ ਵੀ ਜੀਵ ਹੈ ਇਸ ਨੂੰ ਵਾਯੂ ਕਾਇਆ ਕਹਿੰਦੇ ਹਨ। ਹਰ ਪ੍ਰਕਾਰ ਦੀ ਹਵਾ ਵਰੋਲੇ, ਝੱਖੜ, ਮੌਨਸੂਨ ਸਭ ਵਾਯੂ ਜੀਵ ਹਨ। ਜੈਨੀ ਮੂੰਹ ਤੇ ਪੱਟੀ ਬੰਨ੍ਹਦੇ ਹਨ ਤਾਂ ਕਿ ਵਾਯੂ ਜੀਵ ਨੂੰ ਘੱਟ ਤੋਂ ਘੱਟ ਕਸ਼ਟ ਪਹੁੰਚੇ। ਕਈ ਵਿਦਵਾਨ ਮੰਨਦੇ ਹਨ ਪੱਟੀ, ਜੀਵ ਜੰਤੂ ਅੰਦਰ ਜਾਣ ਤੋਂ ਰੋਕਣ ਲਈ ਹੈ। ਇਹ ਵੀ ਠੀਕ ਹੈ ਪਰ ਹਵਾ ਖੁਦ ਇਕ ਜੀਵ ਹੈ। ਇਸ ਲਈ ਜੈਨੀ ਸਾਧੂ ਪੱਖਾ ਨਹੀਂ ਝੱਲਦੇ ਕਿਉਂਕਿ ਇਉਂ ਕਰਨ ਨਾਲ ਹਵਾ ਨੂੰ ਕਸ਼ਟ ਹੋਵੇਗਾ। ਇਵੇਂ ਹੀ ਬਨਸਪਤੀ ਵੀ ਇਕ ਇੰਦਰੀ ਵਾਲਾ ਜੀਵ ਹੈ ਜਿਸ

ਨੂੰ ਵਨਸਪਤੀ ਕਾਇਆ ਕਿਹਾ ਜਾਂਦਾ ਹੈ।

ਜੈਨੀ ਸਾਧੂ ਪਾਣੀ ਦੀ ਘੱਟ ਤੋਂ ਘੱਟ ਵਰਤੋਂ ਕਰਦੇ ਹਨ ਕਿਉਂਕਿ ਇਹ ਜੀਵ ਹੈ ਤੇ ਇਸ ਨੂੰ ਵਰਤਣ ਨਾਲ ਪਾਪ ਲੱਗੇਗਾ।

ਅ. ਬੇਂਦਰੀ ਜੀਵ

ਉਹ ਜੀਵ ਜਿਨ੍ਹਾਂ ਦੀਆਂ ਦੋ ਗਿਆਨ ਇੰਦਰੀਆਂ ਹਨ, ਬੇਂਦਰੀ ਜੀਵ ਹਨ। ਇਸ ਵਿਚ ਘੋਗੇ ਸਿੱਪੀਆਂ ਸੰਖ ਅਦਿਕ ਸਮੁੰਦਰੀ ਜੀਵ ਆ ਜਾਂਦੇ ਹਨ। ਇਨ੍ਹਾਂ ਜੀਵਾਂ ਪਾਸ ਦੋ ਇੰਦ੍ਰੀਆਂ ਹਨ। ਇਕ ਸਪਰਸ਼ (ਛੂਹ) ਤੇ ਦੂਜੀ ਰਸਨਾ (ਜੀਭ,ਸੁਆਦ)। ਇਨ੍ਹਾਂ ਦੇ ਛੇ ਪ੍ਰਾਣ ਹੁੰਦੇ ਹਨ – ਸੁਆਦ, ਛੂਹ, ਸਰੀਰ, ਸਾਹ ਅੰਦਰ ਲਿਜਾਣਾ ਤੇ ਬਾਹਰ ਕੱਢਣਾ, ਨਿਸ਼ਚਿਤ ਜੀਵਨ ਦੀ ਮਿਆਦ, ਬੋਲੀ। ਜੋਕਾਂ ਅਤੇ ਗੰਡੋਏ ਵੀ ਇਸੇ ਸ਼੍ਰੇਣੀ ਦੇ ਬੇਂਦਰੀ ਜੀਵ ਹਨ।

ੲ. ਤ੍ਰੀਏਂਦਰੀ ਜੀਵ

ਇਹ ਉਹ ਜੀਵ ਹਨ ਜਿਨ੍ਹਾਂ ਵਿਚ ਸਪਰਸ਼ ਅਤੇ ਸੁਆਦ ਤੋਂ ਇਲਾਵਾ ਤੀਜੀ ਇੰਦਰੀ ਸੁੰਘਣ ਸ਼ਕਤੀ ਵੀ ਮੌਜੂਦ ਹੈ। ਇਸ ਸ਼੍ਰੇਣੀ ਵਿਚ ਕੀੜੀਆਂ ਜੂੰਆਂ, ਪਿੱਸੂ ਤੇ ਖਟਮਲ ਆਉਂਦੇ ਹਨ। ਇਨ੍ਹਾਂ ਵਿਚੋਂ ਕਿਸੇ ਨੂੰ ਕਸ਼ਟ ਪੁਚਾਉਣਾ ਤਾਂ ਦੂਰ ਰਿਹਾ ਜੇ ਪਤਾ ਲੱਗ ਜਾਵੇ ਕਿ ਮੰਜੇ ਵਿਚ ਖਟਮਲ ਹਨ ਤਾਂ ਧੰਨਭਾਗ, ਸਾਡਾ ਸਰੀਰ ਇਨ੍ਹਾਂ ਦੀ ਖੁਰਾਕ ਬਣੇਗਾ ਤੇ ਪੁੰਨ ਹੋਵੇਗਾ। ਜ਼ਖਮਾਂ ਵਿਚ ਕੀੜੇ ਪੈ ਜਾਣ ਉਹਨਾਂ ਨੂੰ ਮਾਰਨਾ ਨਹੀਂ, ਜੂੰਆਂ ਨਹੀਂ ਮਾਰਨੀਆਂ – ਇਹ ਸਭ ਸਤਿਕਾਰਯੋਗ ਮਹਿਮਾਨ ਹਨ ਤੇ ਸਾਡੇ ਸਰੀਰ ਉਤੇ ਆਉਣ ਦੀ ਇਨ੍ਹਾਂ ਨੇ ਕਿਰਪਾ ਕੀਤੀ ਹੈ।

ਸ. ਚਾਰ ਇੰਦਰੀ ਜੀਵ

ਇਹ ਉਹ ਜੀਵ ਹਨ ਜਿਨ੍ਹਾਂ ਵਿਚ ਉਪਰਲੀਆਂ ਤਿੰਨ ਇੰਦਰੀਆਂ ਸਪਰਸ਼, ਸੁਆਦ ਤੇ ਸੁੰਘਣ ਤੋਂ ਇਲਾਵਾ ਦ੍ਰਿਸ਼ਟੀ ਵੀ ਹੈ। ਇਨ੍ਹਾਂ ਵਿਚ ਮੱਛਰ, ਬਿੱਛੂ, ਤਿਤਲੀਆਂ ਇਸੇ ਸ਼੍ਰੇਣੀ ਦੇ ਜੀਵ ਹਨ।

ਹ. ਪੰਜ ਇੰਦਰੀ ਜੀਵ

ਉਪਰੋਕਤ ਚਾਰ ਇੰਦਰੀਆਂ (ਸੁਆਦ, ਸਪਰਸ, ਸੁੰਘਣ ਤੇ ਦ੍ਰਿਸ਼ਟੀਂ ਤੋਂ ਇਲਾਵਾ ਸੁਣਨ ਸ਼ਕਤੀ ਵੀ ਮੌਜੂਦ ਹੋਵੇ ਤਾਂ ਪੰਜ-ਇੰਦਰੀ ਵਾਲੇ ਜੀਵ ਬਣ ਜਾਂਦੇ ਹਨ। ਇਨ੍ਹਾਂ ਦੀਆਂ ਅੱਗੋਂ ਫਿਰ ਚਾਰ ਸ਼੍ਰੇਣੀਆਂ ਹਨ –

1. ਜਲਚਰ – ਮੱਛੀ ਆਦਿ ਪਾਣੀ ਦੇ ਜੀਵ
2. ਸਥਲਚਰ – ਗਾਂ ਮੱਝ ਘੋੜੇ ਬੱਕਰੇ ਸਾਰੇ ਪਸ਼ੂ
3. ਖੇਚਰ – ਆਕਾਸ਼ ਵਿਚ ਉੱਡਣ ਵਾਲੇ ਪੰਛੀ
4. ਉਰਿਸਰੱਪ – ਰੀਂਗਣ ਵਾਲੇ ਪ੍ਰਾਣੀ, ਸੱਪ ਆਦਿਕ
5. ਭੁਜਿਪਰਿਸਰਪ – ਬਾਜੂਆਂ ਦੇ ਸਹਾਰੇ ਚੱਲਣ ਵਾਲੇ ਜੀਵ, ਚੂਹੇ, ਨਿਉਲੇ ਆਦਿਕ।

ਸਭ ਤੋਂ ਪਹਿਲੀ ਸ਼੍ਰੇਣੀ, ਭਾਵ ਇਕ ਇੰਦਰੀ ਵਾਲੇ ਜੀਵਾਂ ਨੂੰ 'ਸਥਾਵਰ' (ਅਹਿੱਲ) ਕਿਹਾ ਜਾਂਦਾ ਹੈ ਤੇ ਬਾਕੀ ਦੀਆਂ ਚਾਰ ਸ਼੍ਰੇਣੀਆਂ 'ਤਰਸ' (ਤੁਰਨ-ਫਿਰਨ) ਜੀਵ ਹਨ। ਸਾਰੇ ਜੀਵਾਂ ਨੂੰ ਹੀ ਜਿਉਂਦੇ ਰਹਿਣ ਦਾ ਹੱਕ ਹੈ ਤੇ ਸਾਧੂ ਲੋਕ ਪੰਜੇ ਪ੍ਰਕਾਰ ਦੇ ਜੀਵਾਂ ਦੀ ਹੱਤਿਆਂ ਪਾਪ ਸਮਝਦੇ ਹਨ। ਗ੍ਰਿਹਸਥੀ ਲੋਕਾਂ

ਲਈ ਸਥਾਵਰ (ਬਨਸਪਤੀ) ਜੀਵਾਂ ਦੀ ਵਰਤੋਂ ਕਰਨ ਦੀ ਆਗਿਆ ਹੈ ਪਰ ਉਹ ਵੀ ਸੰਜਮ ਨਾਲ ਘੱਟ ਤੋਂ ਘੱਟ। 'ਤਰਸ ਕਾਇਆ' ਅਸਲ ਵਿਚ 'ਤ੍ਰਾਸ' ਸ਼ਬਦ ਤੋਂ ਬਣਿਆ ਹੈ। ਤ੍ਰਾਸ ਦਾ ਅਰਥ ਹੈ ਡਰ, ਦਹਿਲ, ਖ਼ੌਫ। ਸੋ ਤਰਸ-ਕਾਇਆ ਉਹ ਜੀਵ ਹਨ ਜਿਹੜੇ ਖਤਰਾ ਦੇਖਣ ਉਪਰੰਤ ਦੌੜਨ, ਆਪਣਾ ਬਚਾਉ ਕਰਨ ਵਿਚ ਸਮੱਰਥ ਹੋਣ।

ਜੈਨੀ ਜਦੋਂ ਪ੍ਰਾਰਥਨਾ ਕਰਦੇ ਹਨ ਤਾਂ ਹਰ ਪ੍ਰਕਾਰ ਦੀ ਹਿੰਸਾ ਜੋ ਜਾਣੇ ਜਾਂ ਅਨਜਾਣੇ ਹੋ ਗਈ ਹੋਵੇ ਦੇ ਪਸ਼ਚਾਤਾਪ ਵਜੋਂ ਖਿਮਾ ਮੰਗਦੇ ਹਨ। ਜੇ ਸਰੀਰ ਵਿਚ ਕਿਰਮ ਆਦਿਕ ਪੈ ਜਾਣ ਤਾਂ ਵੀ ਉਹ ਇਹ ਆਖਦੇ ਹਨ ਕਿ ਇਹ ਸਾਡਾ ਕਸੂਰ ਹੈ। ਸਫਾਈ ਆਦਿਕ ਦਾ ਪ੍ਰਬੰਧ ਅਸੀਂ ਨਾ ਕੀਤਾ ਤਾਂ ਇਹ ਜੀਵ ਪੈਦਾ ਹੋਏ। ਸਰੀਰ ਤੋਂ ਜੇ ਕਿਰਮ ਉਤਾਰਨੇ ਵੀ ਹੋਣ ਤਾਂ ਕਿਸੇ ਦਰਖਤ ਦੀ ਛਾਂ ਹੇਠ ਸੁਰੱਖਿਅਤ ਟਿਕਾ ਦਿੱਤੇ ਜਾਂਦੇ ਹਨ ਤਾਂ ਕਿ ਉਹ ਮਰਨ ਨਾ ਤੇ ਹਿੰਸਾ ਦੇ ਪਾਪ ਤੋਂ ਬਚਿਆ ਜਾ ਸਕੇ।

2. ਅਜੀਵ

ਜੀਵ ਦਾ ਉਲਟ ਸ਼ਬਦ ਹੈ ਨਿਰਜੀਵ ਜਾਂ ਅਜੀਵ। ਜਿਹੜੇ ਤੱਤ ਚੇਤਨਾ ਤੋਂ ਰਹਿਤ ਹੋਣ ਉਹ ਅਜੀਵ ਹਨ। ਜੀਵ ਜਦੋਂ ਅਜੀਵ ਵਿਚ ਮਿਲ ਜਾਵੇ ਤਾਂ ਉਹ ਜੜ੍ਹ ਹੋ ਜਾਂਦਾ ਹੈ ਤੇ ਉਸ ਦਾ ਵਿਕਾਸ ਰੁਕ ਜਾਂਦਾ ਹੈ। ਜੀਵ ਅਤੇ ਅਜੀਵ ਕਦੀ ਵੀ ਆਪਸ ਵਿਚ ਜੁੜ ਕੇ ਇਸ ਤਰ੍ਹਾਂ ਅਭੇਦ ਨਹੀਂ ਹੁੰਦੇ ਕਿ ਇਹ ਇਕ ਦੂਜੇ ਤੋਂ ਵੱਖ ਹੋ ਹੀ ਨਾ ਸਕਣ। ਅਜੀਵ ਤੱਤ ਅੱਗੋਂ ਪੰਜ ਹਿੱਸਿਆਂ ਵਿਚ ਵੰਡਿਆ ਗਿਆ ਹੈ –

1. ਪੁਦਗਲ
2. ਧਰਮ
3. ਅਧਰਮ
4. ਅਕਾਸ਼
5. ਕਾਲ

ਪੁਦਗਲ ਨੂੰ ਪਦਾਰਥ ਵੀ ਕਹਿ ਸਕਦੇ ਹਾਂ। ਪੁਰਾਤਨ ਜੈਨੀ ਦਾਰਸ਼ਨਿਕਾਂ ਨੂੰ ਪ੍ਰਮਾਣੂਆਂ ਦੀ ਹੋਂਦ ਦਾ ਪਤਾ ਸੀ। ਉਹ ਪ੍ਰਮਾਣੂ ਨੂੰ ਪਦਾਰਥ ਦਾ ਸਭ ਤੋਂ ਸ਼ੁੱਧ ਰੂਪ ਮੰਨਦੇ ਸਨ। ਪ੍ਰਮਾਣੂ ਅਖੰਡ ਹੈ। ਮਿਲਣਾ ਅਤੇ ਵਿਛੜਨਾ ਪ੍ਰਮਾਣੂ ਦਾ ਸੁਭਾਅ ਹੈ ਜਿਸ ਕਾਰਨ ਇਹ ਭਿੰਨ ਭਿੰਨ ਰੂਪ ਵਟਾਉਂਦਾ ਰਹਿੰਦਾ ਹੈ।

ਧਰਮ ਦਾ ਭਾਵ ਇਥੇ ਗਤੀ ਤੋਂ ਹੈ। ਉਹ ਤੱਤ ਜੋ ਪਦਾਰਥ ਨੂੰ ਗਤੀਸ਼ੀਲ ਬਣਾਉਂਦਾ ਹੈ, ਧਰਮ ਹੈ। ਜਿਹੜਾ ਦ੍ਰਵ ਗਤੀ ਵਿਚ ਰੋਕ ਪਾਵੇ ਉਹ ਅਧਰਮ ਹੈ। ਜੈਨੀ ਪੋਥੀਆਂ ਵਿਚ ਧਰਮ ਅਤੇ ਅਧਰਮ ਦੀ ਪ੍ਰਕਿਰਤੀ ਨੂੰ ਸਮਝਾਉਣ ਲਈ ਦੋ ਉਦਾਹਰਣਾਂ ਦਿੱਤੀਆਂ ਜਾਂਦੀਆਂ ਹਨ। ਮੱਛੀ ਤੈਰਨਾ ਅਤੇ ਅੱਗੇ ਵਧਣਾ ਚਾਹੁੰਦੀ ਹੈ। ਪਾਣੀ ਉਸ ਨੂੰ ਗਤੀਸ਼ੀਲ ਬਣਾਉਣ ਵਿਚ ਸਹਾਇਤਾ ਕਰਦਾ ਹੈ। ਇਸ ਕਰਕੇ ਪਾਣੀ ਧਰਮ-ਦ੍ਰਵ ਹੈ, ਇਸ ਨੂੰ ਧਰਮਾਸਤੀ-ਕਾਇਆ ਵੀ ਆਖ ਸਕਦੇ ਹਾਂ। ਧੁੱਪ ਵਿਚ ਇਕ ਯਾਤਰੀ ਜਾ ਰਿਹਾ ਹੈ। ਗਰਮੀ ਬਹੁਤ ਹੈ। ਰਾਹ ਵਿਚ ਉਹ ਇਕ ਛਾਂ ਦਾਰ ਰੁੱਖ ਦੇਖਦਾ ਹੈ। ਰੁੱਖ ਦੀ ਛਾਂ ਵਿਚ ਉਹ ਆਰਾਮ ਕਰਨ ਬੈਠ ਜਾਂਦਾ ਹੈ। ਛਾਂ

ਉਸ ਨੂੰ ਅੱਗੇ ਜਾਣ ਤੋਂ ਰੋਕ ਰਹੀ ਹੈ – ਰਾਹੀ ਸੁਸਤ ਹੋ ਰਿਹਾ ਹੈ। ਇਥੇ ਛਾਂ ਅਧਰਮ–ਦ੍ਰਵ ਹੈ ਜਿਸ ਨੂੰ ਅਧਰਮਾਸਤੀ–ਕਾਇਆ ਕਿਹਾ ਜਾਂਦਾ ਹੈ।

ਪੁਲਾੜ ਨੂੰ ਆਕਾਸ਼–ਦ੍ਰਵ ਆਖਿਆ ਗਿਆ ਹੈ। ਦੀਵਾ ਬਾਲਿਆ ਗਿਆ ਤਾਂ ਇਸ ਦਾ ਚਾਨਣ ਦੂਰ ਦੂਰ ਤਕ ਫੈਲ ਗਿਆ। ਇਹ ਆਕਾਸ਼ ਹੈ ਜਿਸ ਨੇ ਰੋਸ਼ਨੀ ਫੈਲਣ ਵਿਚ ਸਹਾਇਤਾ ਕੀਤੀ। ਲੱਕੜ ਵਿਚ ਜਾਂ ਕੰਧ ਵਿਚ ਕਿੱਲ ਅਤੇ ਜ਼ਮੀਨ ਵਿਚ ਕਿੱਲਾ ਗੱਡਦੇ ਹਾਂ ਤਾਂ ਆਕਾਸ਼ ਦੇ ਕਾਰਨ ਇਹ ਕਿੱਲਾ ਖੁੱਭਦਾ ਹੈ। ਪਾਣੀ ਵਿਚ ਨਮਕ ਘੋਲ ਦੇਈਏ ਫਿਰ ਵੀ ਪਾਣੀ ਪਾਣੀ ਰਹਿੰਦਾ ਹੈ ਤੇ ਨਮਕ ਨਮਕ। ਪਰ ਉਹ ਗੁਪਤ ਸ਼ਕਤੀ ਜਿਸ ਨੇ ਨਮਕ ਨੂੰ ਪਾਣੀ ਵਿਚ ਲੀਨ ਕਰ ਦਿੱਤਾ ਆਕਾਸਤੀਕਾਇਆ ਹੈ। ਜਿਵੇਂ ਇਕ ਮਕਾਨ ਆਪਣੇ ਬਾਸ਼ਿੰਦਿਆ ਨੂੰ ਰਹਿਣ ਲਈ ਕਮਰੇ ਦਿੰਦਾ ਹੈ ਇਵੇਂ ਹੀ ਹਰ ਪ੍ਰਕਾਰ ਦੇ ਅਜੀਵਾਂ ਨੂੰ ਟਿਕਾਉਣ ਲਈ ਆਕਾਸ਼ ਹੈ।

ਜੈਨ ਦਰਸ਼ਨ ਅਨੁਸਾਰ ਕਾਲ ਦੀ ਸਹੀ ਪ੍ਰਕ੍ਰਿਤੀ ਕੇਵਲ ਉਸ ਗਿਆਨੀ ਨੂੰ ਸਮਝ ਵਿਚ ਆਉਂਦੀ ਹੈ ਜਿਸ ਨੇ ਦੀਖਿਆ ਲਈ ਹੋਈ ਹੋਵੇ। ਜਨ ਸਾਧਾਰਣ ਕਾਲ ਨੂੰ ਸਮੇਂ ਦੇ ਅਰਥਾਂ ਵਿਚ ਲੈਂਦੇ ਹਨ। ਲੋਕਾਂ ਨੇ ਕਾਲ ਨੂੰ ਇਕਾਈਆਂ ਵਿਚ ਵੰਡ ਲਿਆ ਹੈ। ਜਿਵੇਂ ਪਲ ਛਿਣ, ਘੜੀ, ਪਹਿਰ, ਦਿਨ, ਰਾਤ, ਹਫਤੇ, ਮਹੀਨੇ, ਸਾਲ, ਯੁੱਗ ਆਦਿਕ। ਗਿਆਨੀ ਲਈ ਕਾਲ ਅਵੰਡ ਅਖੰਡ ਹੈ। ਕਾਲ ਉਹ ਸ਼ਕਤੀ ਹੈ ਜਿਹੜੀ ਨਵੇਂ ਨੂੰ ਪੁਰਾਣਾ ਅਤੇ ਪੁਰਾਣੇ ਨੂੰ ਨਵਾਂ ਬਣਾਉਂਦੀ ਹੈ। ਇਕ ਆਤਮਾ ਬੱਚੇ ਦੇ ਸਰੀਰ ਵਿਚ ਦਾਖਲ ਹੋਈ। ਬੱਚੇ ਦਾ ਜਨਮ ਹੋਇਆ, ਜੁਆਨ ਹੋਇਆ ਤੇ ਬੁਢੇਪੇ ਉਪਰੰਤ ਮੌਤ ਆ ਗਈ। ਮੌਤ ਕੇਵਲ ਸਰੀਰ ਦੀ ਹੋਈ। ਆਤਮਾ ਫਿਰ ਨਵੇਂ ਸਰੀਰ ਵਿਚ ਪ੍ਰਵੇਸ਼ ਕਰ ਗਈ।

ਅਖੰਡ ਆਤਮਾ ਖੰਡਿਤ ਸਰੀਰਾਂ ਵਿਚ ਕਾਲ–ਸ਼ਕਤੀ ਦੁਆਰਾ ਵਿਚਰਦੀ ਹੈ।

3. ਪੁੰਨ

ਮਨ ਅਤੇ ਸਰੀਰ ਨੂੰ ਸੁਖ ਦੇਣ ਵਾਲੇ, ਸੋਭਾ ਵੀਰਤਾ ਵਧਾਉਣ ਵਾਲੇ ਕਰਮ ਪੁੰਨ ਹਨ। ਪੁੰਨ ਨੌਂ ਕਿਸਮ ਦੇ ਹਨ ਤੇ ਹਰ ਪੁੰਨ ਦਾ ਲਾਭ ਅਵੱਸ਼ ਮਿਲਦਾ ਹੈ।

ੳ. ਅੰਨ ਪੁੰਨ

ਭੁੱਖਿਆਂ, ਗਰੀਬਾਂ, ਲੋੜਵੰਦਾਂ ਨੂੰ ਖਾਣ ਲਈ ਖਾਣਾ ਦੇਈਏ, ਇਹ ਪੁੰਨ ਹੈ।

ਅ. ਪਾਣ ਪੁੰਨ

ਤਿਹਾਇਆਂ ਨੂੰ ਪਾਣੀ ਪਿਲਾਣਾ ਪੁੰਨ ਹੈ। ਖੂਹ ਖੁਦਵਾਉਣੇ, ਨਲਕੇ ਲਗਾਉਣੇ ਚੰਗੇ ਕੰਮ ਹਨ। ਆਮ ਬੰਦੇ ਨੂੰ ਘੜੇ ਦਾ ਜਾਂ ਜਿਹੋ ਜਿਹਾ ਵੀ ਪੀਣ ਯੋਗ ਪਾਣੀ ਹੋਵੇ ਪਿਲਾਉਣ ਲਈ ਦਿਉ ਪਰ ਸਾਧੂ ਨੂੰ ਉਬਾਲ ਕੇ ਠੰਢਾ ਕੀਤਾ ਪਾਣੀ ਦਿਉ।

ੲ. ਵਸਤਰ ਪੁੰਨ

ਗਰੀਬਾਂ, ਲੋੜਵੰਦਾਂ, ਸਾਧੂਆਂ ਨੂੰ ਵਸਤਰ ਦੇਣ ਦਾ ਭਾਰੀ ਪੁੰਨ ਮਿਲਦਾ ਹੈ।

ਹ. ਲਾਇਣ ਪੁੰਨ

ਸਾਧੂਆਂ ਲਈ ਕੁਟੀਆ ਬਣਵਾ ਦੇਣੀ ਜਾਂ ਮੁਸਾਫਰਾਂ ਦੇ ਰੈਣ ਬਸੇਰੇ ਲਈ ਸਰਾਂ ਬਣਾ ਦੇਣੀ ਪੁੰਨ ਦਾ ਕਾਰਜ ਹੈ।

ਹ. ਸਾਇਣ ਪੁੰਨ

ਆਰਾਮ ਕਰਨ ਲਈ ਕੁਰਸੀਆਂ, ਪੀਹੜੀਆਂ, ਮੰਜੀਆਂ ਬਿਸਤਰੇ ਆਦਿਕ ਦੇ ਦਾਨ ਨੂੰ ਸਾਇਣ ਪੁੰਨ ਕਹਿੰਦੇ ਹਨ।

ਕ. ਮਾਣ-ਪੁੰਨ

ਮਨ ਵਿਚ ਨੇਕ ਭਾਵਨਾਵਾਂ ਰੱਖਣੀਆਂ ਸਭ ਦਾ ਭਲਾ ਲੋਚਣਾ ਵੀ ਪੁੰਨ ਕਾਰਜ ਹੈ ਇਸ ਨੂੰ ਮਾਣਪੁੰਨ ਕਿਹਾ ਜਾਂਦਾ ਹੈ।

ਖ. ਸਰੀਰ ਪੁੰਨ

ਕਿਸੇ ਨੂੰ ਡੁਬਦੇ ਨੂੰ ਬਚਾਣਾ, ਲੱਗੀ ਅੱਗ ਵਿਚੋਂ ਬਾਹਰ ਕੱਢਣਾ, ਜ਼ਖਮ ਉਤੇ ਪੱਟੀ ਬੰਨ੍ਹਣਾ ਸਰੀਰ ਪੁੰਨ ਹੈ। ਇਸ ਨੂੰ ਕਾਇਆ ਪੁੰਨ ਵੀ ਕਿਹਾ ਜਾਂਦਾ ਹੈ।

ਗ. ਵਚਨ ਪੁੰਨ

ਬੁਰੇ ਸ਼ਬਦ ਦਿਲ ਨੂੰ ਠੇਸ ਪੁਚਾਂਦੇ ਹਨ ਜਿਸ ਕਰਕੇ ਹਿੰਸਾ ਦੇ ਤੁੱਲ ਹਨ। ਚੰਗੇ ਮਿੱਠੇ ਬੋਲ ਹਿਰਦੇ•ਸ਼ਾਂਤ ਕਰ ਦਿੰਦੇ ਹਨ ਤੇ ਇਸ ਦਾ ਪੁੰਨ ਲਗਦਾ ਹੈ।

ਘ. ਨਮਸਕਾਰ ਪੁੰਨ

ਜਿਸ ਕਿਸੇ ਨੂੰ ਮਿਲੋ, ਉਸ ਨੂੰ ਪ੍ਰਨਾਮ, ਨਮਸਕਾਰ ਆਦਿਕ ਕਰਕੇ ਆਦਰ ਕਰਨ ਨਾਲ ਨਮਸਕਾਰ ਪੁੰਨ ਦਾ ਫਲ ਪ੍ਰਾਪਤ ਹੁੰਦਾ ਹੈ।

4. ਪਾਪ

ਸਭ ਤੋਂ ਵੱਡਾ ਪਾਪ ਜੀਵ-ਹਿੰਸਾ ਨੂੰ ਮੰਨਿਆ ਗਿਆ ਹੈ। ਜੈਨ ਮੂਲ-ਮੰਤਰ ਹੈ- "ਅਹਿੰਸਾ ਪਰਮੋਧਰਮਾ"। ਜੈਨੀ ਫ਼ਖ਼ਰ ਨਾਲ ਆਖਦੇ ਹਨ ਕਿ ਕੇਵਲ ਉਨ੍ਹਾਂ ਦਾ ਧਰਮ ਹੀ ਹੈ ਜੋ ਬੇਜ਼ੁਬਾਨ ਜੀਵ ਜੰਤੂਆਂ ਅਤੇ ਬਨਸਪਤੀ ਦੀ ਰੱਖਿਆ ਲਈ ਵਚਨਬੱਧ ਹੈ। ਦੂਜਾ ਪਾਪ ਝੂਠ ਬੋਲਣਾ ਹੈ। ਤੀਜਾ ਪਾਪ ਬੇਈਮਾਨੀ ਹੈ। ਚੌਥਾ ਚਰਿਤ੍ਰਹੀਣਤਾ, ਪੰਜਵਾਂ ਲੋਭ। ਇਵੇਂ ਹੀ ਮਾਇਆ, ਗੁੱਸਾ, ਮੋਹ, ਦਵੈਸ਼ ਜਾਂ ਈਰਖਾ, ਕਲੇਸ਼, ਚੁਗਲੀ, ਨਿੰਦਾ, ਮੱਕਾਰੀ ਆਦਿਕ ਕੁੱਲ ਅਠਾਈ ਪਾਪ ਨਿਸ਼ਚਿਤ ਕੀਤੇ ਗਏ ਹਨ ਜਿਨ੍ਹਾਂ ਤੋਂ ਬਚਣਾ ਜ਼ਰੂਰੀ ਹੈ। ਅਠਾਈ ਪਾਪਾਂ ਦੇ ਨਤੀਜੇ ਵਜੋਂ ਭੁਗਤੇ ਜਾਣ ਵਾਲੇ ਅਠਾਈ ਸੰਕਟਾਂ ਦੀ ਵੀ ਲੰਮੀ ਸੂਚੀ ਜੈਨੀ ਗ੍ਰੰਥਾਂ ਵਿਚ ਮਿਲਦੀ ਹੈ।

5. ਆਸ਼ਰਵ

ਆਰੰਭ ਵਿਚ ਬੱਚੇ ਦੀ ਆਤਮਾ ਸ਼ੁੱਧ ਤੇ ਨਿਰਮਲ ਹੁੰਦੀ ਹੈ। ਜੇ ਬੁਰੇ ਕਰਮ ਕੀਤੇ ਜਾਣ ਤਾਂ ਉਮਰ ਦੇ ਨਾਲ ਨਾਲ ਆਤਮਾ ਵਿਚ ਇਹ ਕਰਮ ਭਰਦੇ ਜਾਂਦੇ ਹਨ। ਜੈਨੀ ਸਾਹਿਤ ਵਿਚ ਇਸ ਦੀ ਤੁਲਨਾ ਕਿਸ਼ਤੀ ਵਿਚ ਹੋਏ ਸੁਰਾਖ਼ ਨਾਲ ਕੀਤੀ ਜਾਂਦੀ ਹੈ। ਸੁਰਾਖ਼ ਰਾਹੀਂ ਪਾਣੀ ਕਿਸ਼ਤੀ ਵਿਚ ਜਿਵੇਂ ਦਾਖ਼ਲ ਹੁੰਦਾ ਹੈ ਉਵੇਂ ਹੀ ਕਰਮ ਆਤਮਾ ਵਿਚ ਦਾਖ਼ਲ ਹੁੰਦੇ ਜਾਂਦੇ ਹਨ। ਸੋ ਪਾਪ-ਕਰਮਾਂ ਦਾ ਆਤਮਾ ਵੱਲ ਵਹਾਉ 'ਆਸ਼ਰਵ' ਹੈ। ਇਹ ਆਸ਼ਰਵ ਬਿਆਲੀ ਪ੍ਰਕਾਰ ਦੇ ਦੱਸੇ ਗਏ ਹਨ।

6. ਸੰਵਰ

ਜੇ ਕਿਸ਼ਤੀ ਵਿਚ ਸੁਰਾਖ ਹੋ ਵੀ ਗਿਆ ਤਾਂ ਚੀਕਣ ਚਿਲਾਉਣ ਦੀ ਥਾਂ ਉਚਿਤ ਹੋਵੇਗਾ ਕਿ ਅੰਦਰ ਦਾਖਲ ਹੋ ਰਹੇ ਪਾਣੀ ਨੂੰ ਰੋਕਣ ਲਈ ਸੁਰਾਖ ਬੰਦ ਕਰੀਏ। ਜਿਵੇਂ ਕਰਮ ਆਤਮਾ ਉਤੇ ਜੰਮਦੇ ਜਾਂਦੇ ਹਨ ਤਿਵੇਂ ਅਜਿਹੇ ਉਪਾਅ ਵੀ ਹਨ ਜਿਨ੍ਹਾਂ ਸਦਕਾ ਆਸ਼ਰਵ ਰੋਕਿਆ ਜਾ ਸਕੇ। ਸੋ ਕਰਮਾਂ ਦੇ ਆਤਮਾ ਵੱਲ ਰੁਖ਼ ਨੂੰ ਰੋਕਣ ਦਾ ਨਾਮ ਸੰਵਰ ਹੈ।

ਜੇ ਕਰਮਾਂ ਦਾ ਵੈਂਹਿਣ ਆਤਮਾ ਵੱਲ ਰੋਕ ਦੇਈਏ ਤਾਂ ਆਤਮਾ ਦੀ ਦਸ਼ਾ ਉਸ ਤਲਾਬ ਵਾਂਗ ਹੋ ਜਾਂਦੀ ਹੈ ਜਿਸ ਵਿਚੋਂ ਪਾਣੀ ਦਾ ਨਿਕਾਸ ਤਾਂ ਹੁੰਦਾ ਰਹੇ – ਧੁੱਪ ਨਾਲ ਵੀ ਸੁਕਦਾ ਰਹੇ ਪਰ ਉਸ ਵਿਚ ਪਾਣੀ ਕਿਸੇ ਪਾਸਿਉਂ ਪਵੇ ਨਾ। ਇਕ ਦਿਨ ਤਲਾਬ ਦਾ ਸੁੱਕ ਜਾਣਾ ਯਕੀਨੀ ਹੈ। ਗ੍ਰੰਥਾਂ ਵਿਚ ਸੰਵਰ ਦੇ ਜੋ ਉਪਾਉ ਦੱਸੇ ਗਏ ਹਨ ਉਨ੍ਹਾਂ ਦੀ ਗਿਣਤੀ ਸਤਵੰਜਾ ਹੈ।

7. ਬੰਧ

ਦੁੱਧ ਵਿਚ ਮਿੱਠਾ ਘੋਲ ਦੇਈਏ ਤਾਂ ਉਹ ਦਿਸਦਾ ਬੇਸ਼ਕ ਨਹੀਂ ਪਰ ਉਸ ਵਿਚ ਮੌਜੂਦ ਹੈ। ਇਹੀ ਹਾਲ ਕਰਮਾਂ ਦਾ ਹੈ। ਕਰਮ ਆਤਮਾ ਵਿਚ ਘੁਲ ਮਿਲ ਜਾਂਦੇ ਹਨ। ਬੁਰੇ ਕਰਮਾਂ ਨਾਲ ਹਲਕੀ ਫੁਲਕੀ ਆਤਮਾ ਉਤੇ ਭਾਰ ਪੈ ਜਾਂਦਾ ਹੈ ਪਰ ਇਸ ਦਾ ਪਤਾ ਨਹੀਂ ਲਗਦਾ। ਬੰਧ ਦੋ ਵਸਤਾਂ ਕਰਮ+ਆਤਮਾ ਦੇ ਆਪਸੀ ਮਿਲਾਪ ਨੂੰ ਕਿਹਾ ਜਾਂਦਾ ਹੈ। ਜਦੋਂ ਕੱਪੜੇ ਉਤੇ ਤੇਲ ਲੱਗ ਜਾਵੇ ਤਾਂ ਤੇਲ ਉਤੇ ਮੈਲ ਵਧੀਕ ਜੰਮਦੀ ਹੈ ਤੇ ਉਤਾਰਨੀ ਔਖੀ ਹੈ। ਕੱਪੜਾ ਆਤਮਾ ਸਮਝੋ, ਤੇਲ ਸਾਡੀਆਂ ਕਰਮ ਭਾਵਨਾਵਾਂ ਤੇ ਮੈਲ ਪੁਦਗਲ ਹੈ। ਪੁਦਗਲ ਦਾ ਭਾਵ ਹੈ ਮਹੀਨ ਕਣਾਂ ਵਾਲਾ ਦ੍ਰਵ (Substance)। ਬੰਧ ਦੇ ਕਾਰਨ ਜੀਵ ਬਾਰ ਬਾਰ ਸੰਸਾਰ ਵਿਚ ਜਨਮ ਲੈਂਦਾ ਰਹਿੰਦਾ ਹੈ।

8. ਨਿਰਜਰਾ

ਮਨ ਅਤੇ ਇੰਦਰੀਆਂ ਉਤੇ ਕਾਬੂ ਪਾ ਕੇ, ਸੰਜਮ ਪੂਰਨ ਜੀਵਨ ਬਤੀਤ ਕਰਕੇ ਸੰਵਰ ਰਾਹੀਂ ਸਾਧਕ ਨੇ ਆਤਮਾ ਵੱਲ ਕਰਮਾਂ ਦੇ ਵਹਾਉ ਨੂੰ ਰੋਕ ਦਿੱਤਾ ਪਰ ਪੁਰਾਣੇ ਕਰਮ ਅਜੇ ਬਕਾਇਆ ਚਿਪਕੇ ਪਏ ਹਨ। ਉਨ੍ਹਾਂ ਤੋਂ ਪਿੱਛਾ ਛੁਡਾਉਣਾ ਜ਼ਰੂਰੀ ਹੈ। ਸੋ ਕਿਸ਼ਤੀ ਦਾ ਸੁਰਾਖ ਬੰਦ ਕਰ ਦਿੱਤਾ ਪਰ ਜਿਹੜਾ ਪਾਣੀ ਕਿਸ਼ਤੀ ਵਿਚ ਦਾਖਲ ਹੋ ਗਿਆ ਹੈ ਉਸ ਨੂੰ ਵੀ ਬਾਹਰ ਕੱਢਣਾ ਹੈ। ਖਿਮਾ ਕਰਨ, ਹੰਕਾਰ ਤੇ ਕਾਬੂ ਪਾਉਣ, ਸੱਚਾ ਆਚਰਣ ਰੱਖਣ, ਸੰਜਮ, ਤਪ ਅਤੇ ਬ੍ਰਹਮਚਰਜ ਅਦਿਕ ਸਾਧਨਾਵਾਂ ਕਰਨ ਨਾਲ ਪਿਛਲੇ ਦਾਖਲ ਹੋਏ ਕਰਮਾਂ ਤੋਂ ਨਵਿਰਤੀ ਪ੍ਰਾਪਤ ਹੋ ਜਾਂਦੀ ਹੈ। ਭੋਜਨ ਘਟਾਉਣਾ ਬਹੁਤ ਜ਼ਰੂਰੀ ਹੈ। ਬਾਕੀ ਜੀਭ–ਰਸ ਵੀ ਤਿਆਗਣੇ ਪੈਣੇ ਹਨ। ਪਹਿਲੋਂ ਅਨਾਜ ਘੱਟੋ ਘੱਟ ਮਾਤ੍ਰਾ ਵਿਚ ਖਾਓ ਫਿਰ ਵਰਤ ਰੱਖਣੇ ਆਰੰਭ ਕਰੋ। ਜੇ ਪਹਿਲੋਂ ਦਸ ਪ੍ਰਕਾਰ ਦੀਆਂ ਵਸਤਾਂ ਖਾ ਰਹੇ ਹੋ ਘਟਾ ਕੇ ਪੰਜ ਕਰ ਦਿਉ ਤੇ ਇਸੇ ਤਰ੍ਹਾਂ ਭੋਜਨ ਕਾਲ ਵਿਚ ਅੰਤਰ ਲੰਮਾ ਕਰ ਦਿਉ ਯਾਨੀ ਕਿ ਤਿੰਨ ਦਫਾ ਭੋਜਨ ਦਿਨ ਵਿਚ ਕਰਨ ਵਾਲਾ ਪਹਿਲੋਂ ਦੋ ਦਫਾ ਖਾਣਾ ਖਾਵੇ ਫਿਰ ਹੌਲੀ ਹੌਲੀ ਅੱਠ ਪਹਿਰ

ਵਿਚ ਇਕ ਖਾਣੇ ਉਤੇ ਸਬਰ ਕਰੇ। ਇਕ ਵਾਰ ਖਾਣ ਦੀ ਵੀ ਪਹਿਲੋਂ ਪੂਰੀ ਮਾਤਰਾ ਤੋਂ ਫਿਰ ਘੱਟ ਕਰ ਦਿੱਤੀ ਜਾਵੇ। ਸਾਧੂਆਂ ਨੂੰ ਹੁਕਮ ਹੈ ਕਿ ਦੁੱਧ ਘਿਉ ਖੰਡ ਗੁੜ ਬਿਲਕੁਲ ਨਾ ਖਾਣ ਕਿਉਂਕਿ ਇਨ੍ਹਾਂ ਦੇ ਖਾਣ ਨਾਲ ਮੋਟਾਪਾ ਵਧਦਾ ਹੈ ਤੇ ਨੀਂਦ ਵਧ ਜਾਂਦੀ ਹੈ ਜੋ ਧਰਮ ਲਈ ਅਨੁਚਿਤ ਹੈ। ਗ੍ਰਹਿਸਥੀ ਲਈ ਇਹ ਆਖਿਆ ਗਿਆ ਹੈ ਕਿ ਜਿਹੜਾ ਖਾਣਾ ਖਾਸ ਤੌਰ ਤੇ ਉਸ ਨੂੰ ਪਸੰਦ ਹੈ, ਵਿਸ਼ੇਸ਼ ਦਿਨ ਆਪ ਚੁਣ ਕੇ ਉਸ ਦਿਨ ਉਹ ਖਾਣਾ ਨਾ ਖਾਵੇ।

ਸਾਧੂ ਆਪਣੇ ਸਰੀਰ ਨੂੰ ਸਾਧਣ ਲਈ ਗਰਮੀਆਂ ਵਿਚ ਧੁੱਪੇ ਤਪ ਕਰੇ ਤੇ ਸਰਦੀਆਂ ਵਿਚ ਘੱਟ ਕੱਪੜੇ ਪਹਿਨ ਕੇ ਠੰਢੀ ਥਾਂ ਤਪੱਸਿਆ ਕਰੇ। ਸਾਧੂ ਜਦੋਂ ਦੀਖਿਆ ਉਪਰੰਤ ਸੰਨਿਆਸ ਲੈਂਦਾ ਹੈ ਉਸ ਦੇ ਸਿਰ ਦੇ ਵਾਲ ਕੱਟੇ ਨਹੀਂ ਜਾਂਦੇ ਸਗੋਂ ਪੁੱਟੇ ਜਾਂਦੇ ਹਨ। ਇਹ ਇਸ ਕਰਕੇ ਹੈ ਤਾਂ ਕਿ ਪਤਾ ਲੱਗੇ ਕਿ ਜਿਸ ਧਰਮ ਵਿਚ ਉਹ ਜਾ ਰਿਹਾ ਹੈ ਉਥੇ ਕੀ ਕੀ ਕਠਿਨਾਈਆਂ ਹਨ। ਜਦੋਂ ਕਦੀ ਕੋਈ ਪਾਪ ਹੋ ਜਾਵੇ ਉਸ ਦਾ ਇਕਬਾਲ ਕਿਸੇ ਸਾਧੂ ਸਾਹਮਣੇ ਕਰਕੇ ਸਜ਼ਾ ਲੁਆਵੇ। ਹਰ ਸਵੇਰ ਸ਼ਾਮ ਪ੍ਰਾਰਥਨਾ ਕਰੇ – "ਭਗਵਾਨ, ਮੇਰੇ ਪਾਪ ਹਰਨ ਕਰੋ।"

ਇਵੇਂ ਹੀ ਵਿਦਿਆ ਪ੍ਰਾਪਤੀ ਅਤਿਅੰਤ ਸ਼ੁਭ ਕਾਰਜ ਹੈ। ਧਰਮ ਗ੍ਰੰਥਾਂ ਦਾ ਨਿੱਤ ਪਾਠ ਕਰੋ। ਗ੍ਰੰਥਾਂ ਨੂੰ ਸਤਿਕਾਰ ਨਾਲ ਰੱਖੋ। ਧੂੜ ਮਿੱਟੀ ਨਾ ਪੈਣ ਦਿਉ। ਪਰਿਵਾਰ ਨੂੰ ਧਾਰਮਿਕ-ਕਥਾਵਾਂ ਸੁਣਾਉ। ਇਹ ਸਾਰੇ ਹਿਤਕਾਰੀ ਕਾਰਜ ਆਤਮਾ ਨੂੰ ਕਰਮਾਂ ਤੋਂ ਸੁਤੰਤਰ ਕਰ ਦਿੰਦੇ ਹਨ।

ਅਖੀਰ ਵਿਚ, ਧਿਆਨ ਲਗਾਉਣਾ ਹੈ ਤੇ ਸਾਧੂਆਂ ਨੂੰ ਕਿਹਾ ਗਿਆ ਹੈ ਕਿ ਉਹ ਸਰੀਰ ਦੀਆਂ ਲੋੜਾਂ ਵੱਲ ਧਿਆਨ ਨਾ ਦੇਣ। ਸਗੋਂ ਇਕ ਵਕਤ ਅਜਿਹਾ ਫੈਸਲਾ ਵੀ ਕਰਨ ਕਿ ਅੰਨ ਜਲ ਤਿਆਗ ਦੇਣ। ਜੇ ਆਬਾਦੀ ਵਿਚ ਅਜਿਹਾ ਕਰਨਾ ਸੰਭਵ ਨਹੀਂ ਤਾਂ ਪਹਾੜ ਦੀ ਕਿਸੇ ਉਚਕੋਟੀ ਤੇ ਜਾ ਬਿਰਾਜਣ, ਨਾ ਖਾਣ, ਨਾ ਪੀਣ ਤੇ ਨਾ ਤੁਰਨ ਫਿਰਨ। ਹੌਲੀ ਹੌਲੀ ਅਜਿਹਾ ਕਰਦਿਆਂ ਮੌਤ ਆਪਣੇ ਆਪ ਉਨ੍ਹਾਂ ਪਾਸ ਆ ਪੁੱਜੇਗੀ ਤੇ ਉਹ ਮੁਕਤ ਹੋ ਜਾਣਗੇ।

ਇਹ ਸਮਝ ਵਿਚ ਨਹੀਂ ਆਉਂਦਾ ਕਿ ਪੂਰਨ ਅਹਿੰਸਕ ਧਰਮ ਵਾਲੇ ਸਾਧੂ, ਆਤਮ ਹੱਤਿਆ ਨੂੰ ਪਾਪ ਦੀ ਥਾਂ ਪੁੰਨ ਕਿਵੇਂ ਮੰਨਣ ਲੱਗ ਪਏ। ਦੂਜਿਆਂ ਨੂੰ ਕਸ਼ਟ ਦੇਣਾ ਬੁਰਾ ਹੈ ਤਾਂ ਆਪਣੇ ਆਪ ਨੂੰ ਏਨੇ ਕਸ਼ਟ ਦੇਣੇ ਕਿਵੇਂ ਠੀਕ ਹਨ?

9. ਮੋਕਸ਼

ਮਨੁੱਖ ਦੇ ਜੀਵਨ ਦੇ ਉਚਤਮ ਉਦੇਸ਼ ਨੂੰ ਜਿਵੇਂ ਵੈਦਿਕ ਰਿਸ਼ੀ ਮੁਕਤੀ ਅਤੇ ਬੁੱਧ ਮੱਤ ਨਿਰਵਾਣ ਆਖਦਾ ਹੈ ਉਸੇ ਪ੍ਰਕਾਰ ਜੈਨ ਮੱਤ ਵਿਚ ਮਨੁੱਖ ਦੀ ਮੰਜ਼ਲ 'ਕੇਵਲੀ' (ਕੈਵਲਯ) ਹੈ। ਅੱਵਲ ਅਤੇ ਆਖਰ – ਇਹੋ ਪ੍ਰਾਪਤੀ ਹੈ ਜਿਸ ਨਾਲ ਮਨੁੱਖਾ ਜੀਵਨ ਸਫਲ ਹੁੰਦਾ ਹੈ। ਆਤਮਾ ਸ਼ੀਸ਼ੇ ਵਾਂਗ ਸਾਫ ਹੈ। ਜੇ ਸ਼ੀਸ਼ੇ ਉਤੇ ਧੂੜ ਜੰਮਦੀ ਰਹੇ, ਅਸੀਂ ਸਾਫ ਨਾ ਕਰੀਏ ਤਾਂ ਇਕ ਦਿਨ ਅਜਿਹਾ ਆਉਂਦਾ ਹੈ ਜਦੋਂ ਉਸ ਵਿਚਲਾ ਪ੍ਰਤੀਬਿੰਬ ਦਿਸਣਾ ਬੰਦ ਹੋ ਜਾਂਦਾ ਹੈ। ਪੁਦਗਲ ਧੂੜ-ਕਣ ਸਮਾਨ ਜਾਣ ਲਵੋ। ਤਪ, ਸਾਧਨਾ, ਨੇਕ ਚਰਿੱਤਰ ਤੇ ਗਿਆਨ ਰਾਹੀਂ ਆਤਮਾ ਨੂੰ ਫਿਰ ਸਾਫ ਕੀਤਾ ਜਾਂਦਾ ਹੈ। ਸਭ ਤੋਂ ਪਹਿਲਾਂ ਗਿਆਨ ਰਾਹੀਂ ਪਤਾ ਲਗਦਾ ਹੈ ਕਿ ਕੀ

ਬੁਰਾ ਹੈ ਕੀ ਭਲਾ। ਫਿਰ ਦਰਸ਼ਨ ਰਾਹੀਂ ਇਹ ਪ੍ਰੇਰਨਾ ਮਿਲਦੀ ਹੈ ਕਿ ਬੁਰਾਈ ਤਿਆਗਣ ਅਤੇ ਨੇਕੀ ਗ੍ਰਹਿਣ ਕਰਨ ਦਾ ਭਾਰੀ ਪੁੰਨ-ਫਲ ਮਿਲਦਾ ਹੈ। ਚਰਿੱਤਰ ਰਾਹੀਂ ਅਸੀਂ ਸਿਧਾਂਤ ਨੂੰ ਅਮਲੀ ਜਾਮਾ ਪਹਿਨਾਉਂਦੇ ਹਾਂ। ਤਪੱਸਿਆ, ਪਹਿਲੋਂ ਜਮੇ ਹੋਏ ਕਰਮ-ਕਣਾਂ ਨੂੰ ਆਤਮਾ ਤੋਂ ਖੁਰਚ ਕੇ ਉਤਾਰਦੀ ਹੈ।

ਸਿਰਫ ਮਨੁੱਖ ਮੁਕਤੀ ਪ੍ਰਾਪਤ ਕਰ ਸਕਦਾ ਹੈ। ਹੋਰ ਕੋਈ ਜੀਵ ਨਹੀਂ। ਪਹਿਲੋਂ ਹਰ ਜੀਵ ਨੂੰ ਮਨੁੱਖੀ ਜਾਮੇ ਵਿਚ ਆਉਣਾ ਪਵੇਗਾ। ਜਿਹੜਾ ਮਨੁੱਖ ਕੇਵਲੀ ਪ੍ਰਾਪਤ ਕਰ ਲੈਂਦਾ ਹੈ ਉਸ ਨੂੰ ਸਿਧ, ਬੁੱਧ, ਨਾਥ ਜਾ ਅਰਹਤ ਕਿਹਾ ਜਾਂਦਾ ਹੈ। ਸਿੱਧ ਦੀ ਸ਼ਖ਼ਸੀਅਤ ਅਸੀਮ ਹੁੰਦੀ ਹੈ। ਕੋਈ ਉਸ ਦਾ ਪਾਰਾਵਰ ਨਹੀਂ ਪਾ ਸਕਦਾ। ਪੁਲਾੜ ਅਤੇ ਕਾਲ ਦੋਹਾਂ ਵਿਚ ਉਹ ਅਨੰਤ ਹੈ। ਇਕ ਵਾਰ ਜਿਹੜਾ ਵਿਅਕਤੀ ਮੁਕਤ ਹੋ ਗਿਆ ਦੁਬਾਰਾ ਉਹ ਫਿਰ ਬੰਧਨ ਵਿਚ ਨਹੀਂ ਆਉਂਦਾ।

ਦਿਗੰਬਰ ਫਿਰਕੇ ਅਨੁਸਾਰ ਖੁਸਰਾ ਅਤੇ ਔਰਤ ਮੁਕਤ ਨਹੀਂ ਹੋ ਸਕਦੇ। ਇਨ੍ਹਾਂ ਨੂੰ ਪਹਿਲੋਂ ਮਰਦ ਦੇ ਜਾਮੇ ਵਿਚ ਜਨਮ ਲੈਣਾ ਪਵੇਗਾ। ਸ਼ਵੇਤਾਂਬਰ ਫਿਰਕੇ ਵਾਲੇ ਆਖਦੇ ਹਨ ਕਿ ਖੁਸਰੇ ਤੇ ਔਰਤਾਂ ਵੀ ਮੁਕਤ ਹੋ ਸਕਦੀਆਂ ਹਨ ਪਰ ਬਹੁਤ ਘੱਟ ਗਿਣਤੀ ਵਿਚ। ਜਿਥੋਂ ਤੱਕ ਧਰਮ ਦੇ ਗ੍ਰਹਿਣ ਕਰਨ ਦਾ ਸਵਾਲ ਹੈ, ਕੁੱਲ ਮਿਲਾ ਕੇ ਜੈਨਮੱਤ ਦਾ ਝੁਕਾਅ ਔਰਤ ਦੇ ਮੁਕਾਬਲੇ ਮਰਦ ਨੂੰ ਪ੍ਰਾਥਮਿਕਤਾ ਦੇਣ ਵੱਲ ਵਧੀਕ ਹੈ। ਤੀਰਥਾਂਕਰਾਂ ਵਿਚੋਂ ਇਕ ਵੀ ਇਸਤਰੀ ਦਾ ਨਾ ਹੋਣਾ ਇਸੇ ਦਾ ਸਬੂਤ ਹੈ।

ਤੱਥਵਾਰਥ ਗ੍ਰੰਥ ਵਿਚ ਲਿਖਿਆ ਹੈ, "ਘੁਮਿਆਰ ਡੰਡੇ ਨਾਲ ਚੱਕ ਨੂੰ ਜ਼ੋਰ ਦੀ ਘੁਮਾਉਂਦਾ ਹੈ ਤਾਂ ਫਿਰ ਬਲ ਹਟਾ ਲੈਣ ਉਪਰੰਤ ਵੀ ਚੱਕ ਦੇਰ ਤਕ ਆਪਣੇ ਆਪ ਘੁੰਮਦਾ ਰਹਿੰਦਾ ਹੈ। ਇਸੇ ਪ੍ਰਕਾਰ ਆਤਮਾ ਵੀ - ਕਦੋਂ ਮੁਕਤ ਹੋਵਾਂ - ਕਦੋਂ ਬੰਧਨ ਟੁੱਟਣ - ਦੇ ਚਿੰਤਨ ਅਤੇ ਸ਼ੁਭ ਅਮਲਾਂ ਦੇ ਅਭਿਆਸ ਨਾਲ ਉਪਰ ਵੱਲ ਉਠ ਜਾਂਦੀ ਹੈ। ਜਿਸ ਘੜੇ ਵਿਚ ਮਿੱਟੀ ਭਰੀ ਹੋਵੇ ਉਹ ਪਾਣੀ ਵਿਚ ਡੁੱਬ ਜਾਂਦਾ ਹੈ, ਮਿੱਟੀ ਕੱਢ ਕੇ ਘੜਾ ਖਾਲੀ ਕਰ ਦੇਈਏ ਤਾਂ ਉਹ ਤਰਨ ਲਗਦਾ ਹੈ, ਇਸੇ ਪ੍ਰਕਾਰ ਕਰਮਾਂ ਦੇ ਭਾਰ ਤੋਂ ਮੁਕਤ ਹੋ ਕੇ ਆਤਮਾ ਹਲਕੀ ਹੋ ਕੇ ਉਪਰ ਉੱਠ ਜਾਂਦੀ ਹੈ। ਅੱਗ ਦੀਆਂ ਲਾਟਾਂ ਉਪਰ ਨੂੰ ਉਠਦੀਆਂ ਹਨ - ਇਹ ਉਨ੍ਹਾਂ ਦਾ ਸੁਭਾਅ ਹੈ, ਉਵੇਂ ਹੀ ਜੀਵਨ ਦਾ ਵੀ ਸੁਭਾਅ ਆਕਾਸ਼ ਵੱਲ ਜਾਣ ਦਾ ਹੀ ਹੈ ਤੇ ਮੁਕਤ ਹੁੰਦਿਆਂ ਹੀ ਉਪਰ ਚਲਾ ਜਾਂਦਾ ਹੈ।"

ਸਿੱਧ ਉਸ ਵਿਅਕਤੀ ਨੂੰ ਕਿਹਾ ਜਾਂਦਾ ਹੈ ਜੋ ਮੁਕਤ ਹੋ ਗਿਆ ਹੋਵੇ। ਸੰਸਾਰ ਵਿਚ ਅਜਿਹਾ ਕੋਈ ਪਦਾਰਥ ਨਹੀਂ ਹੈ ਜਿਸ ਦੀ ਤੁਲਨਾ ਸਿੱਧਾਂ ਦੇ ਸੁਖ ਨਾਲ ਕੀਤੀ ਜਾ ਸਕੇ। ਇਹੀ ਕਾਰਨ ਹੈ ਕਿ ਉਨ੍ਹਾਂ ਦੇ ਸੁਖਾਂ ਨੂੰ ਨਿਰੂਪਮ ਕਿਹਾ ਗਿਆ ਹੈ। ਸਦਾ ਆਪਣੇ ਆਪ ਨੂੰ ਇਹ ਸੰਦੇਸ਼ ਦਿੰਦੇ ਰਹਿਣਾ ਚਾਹੀਦਾ ਹੈ - "ਹੇ ਆਤਮਾ! ਦੇਖ ਹਾਥੀ, ਮੱਛੀ, ਭੰਵਰਾ, ਪਤੰਗਾ ਤੇ ਮਿਰਗ ਇਕ ਇਕ ਇੰਦਰੀ ਦੇ ਪਿੱਛੇ ਲੱਗ ਕੇ ਕਿੰਨਾ ਦੁੱਖ ਸਹੇੜ ਲੈਂਦੇ ਹਨ। ਤੂੰ ਤਾਂ ਪੰਜ ਇੰਦਰੀਆਂ ਦੀ ਪਕੜ ਵਿਚ ਦਿਨ ਰਾਤ ਮਗਨ ਹੈਂ - ਫਿਰ ਕਿਹੜਾ ਦੁੱਖ ਹੈ ਜਿਹੜਾ ਤੈਨੂੰ ਭੁਗਤਣਾ ਨਹੀਂ ਪਏਗਾ? ਸੋ ਤ੍ਰਿਸ਼ਨਾ ਦਾ ਤਿਆਗ ਕਰ।

ਪ੍ਰਸ਼ਨਮਰਤੀ ਪ੍ਰਕਰਣ ਵਿਚ ਲਿਖਿਆ ਹੈ – "ਕਰੋੜ ਜਨਮ ਧਾਰਨ ਕਰਕੇ ਵੀ ਦੁਰਲਭ ਮਨੁੱਖਾ ਜਨਮ ਨਹੀਂ ਮਿਲਦਾ, ਫਿਰ ਹੇ ਮੇਰੇ ਭੁੱਲੇ ਮਨ, ਆਲਸ ਕੇਹਾ? ਦੇਵਰਾਜ ਇੰਦਰ ਦੀ ਬੀਤ ਗਈ ਉਮਰ ਵੀ ਉਸ ਪਾਸ ਵਾਪਸ ਨਹੀਂ ਆਈ। ਜਦੋਂ ਕੱਪੜੇ ਫਟ ਜਾਣ ਤਾਂ ਸਿਆਣੇ ਬੰਦੇ ਨੂੰ ਪਤਾ ਹੁੰਦਾ ਹੈ ਸਰੀਰ ਦਾ ਕੁੱਝ ਨਹੀਂ ਵਿਗੜਿਆ। ਇਸੇ ਪ੍ਰਕਾਰ ਗਿਆਨੀ ਜਾਣਦਾ ਹੈ ਕਿ ਮੌਤ ਨਾਲ ਸਰੀਰ ਨਸ਼ਟ ਹੋ ਜਾਵੇਗਾ ਤਾਂ ਆਤਮਾ ਦਾ ਕੁਝ ਨਹੀਂ ਵਿਗੜੇਗਾ। ਸਰੀਰ ਆਤਮਾ ਦਾ ਓੜ੍ਹਿਆ ਹੋਇਆ ਵਸਤਰ ਹੈ। ਜਿਹੜੇ ਇਹ ਕਹਿੰਦੇ ਹਨ ਕਿ ਸਭ ਵਰਣਾ ਦਾ ਗੁਰੂ ਬ੍ਰਾਹਮਣ ਹੈ – ਇਸ ਲਈ ਉਹ ਮੁਕਤੀ ਦਾ ਅਧਿਕਾਰੀ ਹੈ ਅਗਿਆਨੀ ਹੋਣ। ਜਾਤ ਦਾ ਹਠ ਅਤੇ ਮਾਣ ਮੁਕਤੀ ਦੇ ਰਸਤੇ ਵਿਚ ਵੱਡੀ ਰੁਕਾਵਟ ਹੈ।

ਪੰਜ ਮਹਾਂਵਰਤਾਂ ਦੀ ਪਾਲਣਾ ਕਰਨ ਤੋਂ ਇਲਾਵਾ ਮੁਕਤੀ ਪ੍ਰਾਪਤ ਕਰਨ ਲਈ ਕੁਝ ਹੋਰ ਸੁਝਾਅ ਵੀ ਦਿੱਤੇ ਗਏ ਹਨ ਜਿਨ੍ਹਾਂ ਨੂੰ ਗੁਣ-ਵ੍ਰਤ ਕਿਹਾ ਜਾਂਦਾ ਹੈ। ਗੁਣ-ਵ੍ਰਤ ਗਿਣਤੀ ਵਿਚ ਤਿੰਨ ਹਨ –

I. ਦਿਗਵ੍ਰਤ – ਜਿੰਨਾ ਵਧੀਕ ਫੇਰਾ ਤੋਰਾ ਹੋਵੇਗਾ ਓਨੇ ਵਧੀਕ ਸੰਸਕਾਰ ਪੈਦਾ ਹੋਣਗੇ। ਓਨੇ ਵਧੀਕ ਬੰਧਨ ਪੈਣਗੇ। ਸੋ ਕੁਝ ਸਮੇਂ ਲਈ ਆਪਣੀਆਂ ਗਤੀ ਵਿਧੀਆਂ ਦਾ ਘੇਰਾ-ਸਥਾਨ ਸੀਮਿਤ ਕਰ ਦੇਣਾ ਚਾਹੀਦਾ ਹੈ। ਸਮਾਂ ਸੀਮਤ ਕਰਨ ਨੂੰ ਦਿਗ-ਵ੍ਰਤ ਕਿਹਾ ਜਾਂਦਾ ਹੈ।

II. ਦੇਸ਼ ਵ੍ਰਤ – ਅਜਿਹਾ ਸਮਾਂ ਵੀ ਨਿਸ਼ਚਿਤ ਕਰ ਦੇਣਾ ਉਚਿਤ ਹੈ ਜਿਸ ਵਿਚ ਗਤੀ ਨਹੀਂ ਕਰਨੀ। ਇਕਾਂਤ ਵਿਚ ਇੱਕੋ ਥਾਂ ਟਿਕ ਕੇ ਧਿਆਨ ਲਗਾਉਣਾ ਹੈ। ਸੋ ਜਿਵੇਂ ਪਹਿਲੋਂ ਸਮੇਂ ਤੇ ਬੰਧਨ ਲਾਇਆ ਗਿਆ ਸੀ ਉਸੇ ਪ੍ਰਕਾਰ ਸਥਾਨ ਉਤੇ ਬੰਧਨ ਲਾਉਣਾ ਜ਼ਰੂਰੀ ਹੈ।

III. ਅਨਰਥ-ਦੰਡ ਵ੍ਰਤ – ਆਪਣਾ ਕਾਰ ਵਿਹਾਰ, ਸਬੰਧ, ਕੁਝ ਸਮੇਂ ਲਈ ਇਨ੍ਹਾਂ ਨੂੰ ਵੀ ਤਿਆਗਦੇ ਰਹਿਣ ਦਾ ਅਭਿਆਸ ਨਿੱਤ ਕਰਦੇ ਰਹਿਣਾ ਚਾਹੀਦਾ ਹੈ। ਇਹ ਸੋਚਦੇ ਰਹਿਣਾ ਚਾਹੀਦਾ ਹੈ – ਇਹ ਸੰਤਾਨ – ਇਹ ਸੰਪਤੀ ਇਹ ਸਰੀਰ ਮੇਰੇ ਨਹੀਂ ਹਨ। ਬੁਰੇ ਖਿਆਲ ਤਿਆਗ ਦੇਣੇ ਚਾਹੀਦੇ ਹਨ, ਆਲਸ ਛੱਡਣਾ ਚਾਹੀਦਾ ਹੈ। ਨਾ ਆਪ ਬੁਰਾ ਚਿੰਤਨ ਕਰਨਾ ਹੈ ਨਾ ਕਿਸੇ ਹੋਰ ਨੂੰ ਬੁਰਾਈ ਕਰਨ ਦੀ ਪ੍ਰੇਰਨਾ ਦੇਣੀ ਹੈ।

ਅਜਿਹੇ ਵ੍ਰਤਾਂ ਦਾ ਪਾਲਣ ਕਰਦੇ ਰਹਿਣ ਨਾਲ ਮੁਕਤੀ ਦਾ ਦੁਆਰ ਆਪਣੇ ਆਪ ਖੁੱਲ੍ਹ ਜਾਂਦਾ ਹੈ।

ਜੈਨ ਮੱਤ ਵਿਚ ਪੰਜ ਮਹਾਂਵਰਤਾਂ ਦੀ ਬੜੀ ਮਹੱਤਤਾ ਹੈ। ਵਾਸਤਵ ਵਿਚ ਇਹ ਮਹਾਂਵਰਤ ਭਾਵ ਕਿ ਪੰਜ ਮਹਾਨ ਪ੍ਰਣ ਜੈਨੀ ਨੈਤਿਕ ਸ਼ਾਸਤਰ ਦਾ ਧੁਰਾ ਹਨ। ਸਨਿਆਸੀ ਤਾਂ ਹੋਰ ਵੀ ਬਹੁਤ ਸਾਰੇ ਪਰਹੇਜ਼ ਅਤੇ ਹਠ ਆਪਣੇ ਜੀਵਨ ਸੰਜਮ ਵਾਸਤੇ ਜ਼ਰੂਰੀ ਸਮਝਦੇ ਹਨ ਪਰ ਗ੍ਰਹਿਸਥੀਆਂ ਲਈ ਵੀ ਜਿਹੜੇ ਅਸੂਲ ਹਰ ਹਾਲਤ ਵਿਚ ਲਾਜ਼ਮੀ ਕਰਾਰ ਦਿੱਤੇ ਹੋਏ ਹਨ ਉਹ ਇਹ ਹਨ :

ੳ. ਅਹਿੰਸਾ

ਅ. ਸੱਤ

ੲ. ਅਸੱਤੇਯ

ਸ. ਅਪਰਿਗ੍ਰਹ
ਹ. ਬ੍ਰਹਮਚਰਜ

ੳ. ਅਹਿੰਸਾ

ਸਾਧਾਰਣ ਅਰਥ ਹੈ ਜ਼ੁਲਮ ਨਾ ਕਰਨਾ। ਦੂਜੇ ਜੀਵਾਂ ਨੂੰ ਕੇਵਲ ਸਰੀਰਕ ਕਸ਼ਟ ਦੇਣ ਨੂੰ ਹਿੰਸਾ ਨਹੀਂ ਕਹਿੰਦੇ। ਹਿੰਸਾ ਕਈ ਪ੍ਰਕਾਰ ਦੀ ਹੁੰਦੀ ਹੈ –

1. ਮਨ –

ਮਨ ਵਿਚ ਕਿਸੇ ਪ੍ਰਤੀ ਬੁਰੇ ਵਿਚਾਰ ਪੈਦਾ ਹੋ ਜਾਣ ਤਾਂ ਇਹ ਮਾਨਸਿਕ ਹਿੰਸਾ ਹੈ। ਵਾਸਤਵ ਵਿਚ ਇਹ ਬੁਰਾਈ ਦੀ ਜੜ੍ਹ ਹੈ। ਜੇ ਮਨ ਸਵੱਛ ਹੈ ਤੇ ਉਸ ਵਿਚ ਪਾਪ ਕਰਮ ਕਰਨ ਦੀ ਕਲਪਣਾ ਨਹੀਂ ਹੁੰਦੀ ਤਾਂ ਭੌਤਿਕ ਹਿੰਸਾ ਦੀ ਵੀ ਸੰਭਾਵਨਾ ਨਹੀਂ। ਜੇ ਮਨੁੱਖ ਮਨ ਵਿਚ ਪਾਪ ਲੋਚਦਾ ਹੈ ਪਰ ਇਨ੍ਹਾਂ ਵਿਚਾਰਾਂ ਨੂੰ ਅਮਲੀ ਰੂਪ ਨਹੀਂ ਦਿੰਦਾ ਤਦ ਵੀ ਉਹ ਹਿੰਸਕ ਹੈ। ਬੁਰਾਈ ਜੇ ਮਨ ਵਿਚ ਪੈਦਾ ਹੋ ਰਹੀ ਹੈ ਤਾਂ ਕਦੀ ਨਾ ਕਦੀ ਉਹ ਕਰਮ ਵਿਚ ਵੀ ਪ੍ਰਗਟ ਹੋ ਜਾਵੇਗੀ। ਸੋ ਲੋੜ ਹੈ ਹਰ ਵਕਤ ਮਨ ਉਤੇ ਸਖਤ ਪਹਿਰਾ ਦੇਣ ਦੀ। ਅਭਿਆਸ ਨਾਲ ਸਭ ਵਿਅਕਤੀ ਸੰਜਮੀ ਹੋ ਜਾਂਦੇ ਹਨ ਤੇ ਫਿਰ ਜੀਵਨ ਵਿਚ ਪੈਦਾ ਹੋਇਆ ਸਹਿਜ ਚੰਗੇ ਕੰਮਾਂ ਦੀ ਪ੍ਰੇਰਨਾ ਦਿੰਦਾ ਹੈ, ਮਾੜੇ ਕੰਮਾਂ ਤੋਂ ਬਚਾਉਂਦਾ ਹੈ।

2. ਬਚਨ –

ਬੁਰੇ ਬੋਲ ਬੋਲ ਕੇ ਹਿਰਦਾ ਦੁਖਾਉਣਾ ਦੂਜੀ ਪ੍ਰਕਾਰ ਦੀ ਹਿੰਸਾ ਹੈ। ਝੂਠ ਨਹੀਂ ਬੋਲਣਾ। ਝੂਠ ਵੀ ਹਿੰਸਾ ਦਾ ਹੀ ਇਕ ਰੂਪ ਹੈ। ਅਜਿਹਾ ਸੱਚ ਵੀ ਬੋਲਣ ਦੀ ਕੋਈ ਜ਼ਰੂਰਤ ਨਹੀਂ ਜਿਹੜਾ ਕਿਸੇ ਹੋਰ ਲਈ ਕਸ਼ਟਦਾਈ ਹੈ। ਸੱਚ ਬੋਲਣ ਪਿੱਛੇ ਜੇ ਬੁਰੀ ਮਨਸ਼ਾ ਕੰਮ ਕਰਦੀ ਹੈ ਤਦ ਵੀ ਇਹ ਨਿੰਦਣਯੋਗ ਹੈ। ਅਜਿਹੇ ਬਿਰਤਾਂਤ ਕਿੱਸੇ ਕਹਾਣੀਆਂ ਕਵਿਤਾਵਾਂ ਸੁਣਾਉਂਣੀਆਂ ਜਿਨ੍ਹਾਂ ਨਾਲ ਸਰੋਤੇ ਕੁਰਾਹੇ ਪੈ ਜਾਣ, ਵੀ ਹਿੰਸਾ ਹੈ।

3. ਕਰਮ –

ਕਿਸੇ ਜੀਵ ਉਤੇ ਜਬਰ ਜ਼ਿਆਦਤੀ ਨਹੀਂ ਕਰਨੀ। ਪਸ਼ੂਆਂ ਨੂੰ ਹਰ ਵਕਤ ਬੰਨ੍ਹ ਕੇ ਰੱਖਣਾ, ਉਨ੍ਹਾਂ ਤੋਂ ਇੰਨਾ ਕੰਮ ਲੈਣਾ ਜਿੰਨਾ ਉਨ੍ਹਾਂ ਦੀ ਸਮੱਰਥਾ ਵਿਚ ਨਹੀਂ, ਹਿੰਸਾ ਹੈ। ਬੇਜ਼ਬਾਨ ਪਸ਼ੂ ਕੁਝ ਨਹੀਂ ਆਖ ਸਕਦੇ, ਨਾ ਉਜ਼ਰ ਇਤਰਾਜ਼ ਕਰ ਸਕਦੇ ਹਨ ਪਰ ਇਨ੍ਹਾਂ ਨਾਲ ਧੱਕਾ ਕਰਾਂਗੇ ਤਾਂ ਉਸ ਦਾ ਪਾਪ ਸਾਡੇ ਕਰਮਾਂ ਨੂੰ ਬੁਰੇ ਬਣਾ ਕੇ ਆਤਮਾ ਉਤੇ ਚਿਪਕਾ ਦਏਗਾ ਜੋ ਸਾਡੀ ਮੁਕਤੀ ਵਿਚ ਵਿਘਨਕਾਰੀ ਹੋਵੇਗਾ। ਆਪ ਨਾ ਸਹੀ, ਕਿਸੇ ਹੋਰ ਰਾਹੀਂ ਹਿੰਸਾ ਕਰਵਾਉਣੀ ਵੀ ਓਨਾ ਹੀ ਵੱਡਾ ਪਾਪ ਹੈ। ਜੈਨੀ ਗ੍ਰੰਥਾਂ ਵਿਚ ਚਾਰ ਪ੍ਰਕਾਰ ਦੀ ਕਰਮ ਹਿੰਸਾ ਦਾ ਜ਼ਿਕਰ ਆਉਂਦਾ ਹੈ:

1. ਆਰੰਭੀ ਹਿੰਸਾ
2. ਉਦਯੋਗੀ ਹਿੰਸਾ
3. ਵਿਰੋਧੀ ਹਿੰਸਾ
4. ਸੰਕਲਪੀ ਹਿੰਸਾ

ਸੰਸਾਰ ਵਿਚ ਅਨੇਕ ਪ੍ਰਕਾਰ ਦੇ ਜੀਵ ਹਨ। ਕੁੱਝ ਜੀਵ ਵਿਕਸਿਤ ਹਨ ਕੁਝ ਅਵਿਕਸਿਤ। ਜਿਹੜੇ ਵਿਕਸਿਤ ਜੀਵ ਤੁਰ ਫਿਰ ਸਕਦੇ ਹਨ ਉਨ੍ਹਾਂ ਨੂੰ 'ਤਰਸ' ਕਿਹਾ ਜਾਂਦਾ ਹੈ। ਅਵਿਕਸਿਤ ਜੀਵਾਂ ਨੂੰ ਸਥਾਵਰ ਕਿਹਾ ਜਾਂਦਾ ਹੈ। ਇਨ੍ਹਾਂ ਵਿਚ ਇਕ ਇੰਦਰੀ ਵਾਲੇ ਜਾਂ ਦੋ ਇੰਦਰੀਆਂ ਵਾਲੇ ਪ੍ਰਾਣੀ ਆਉਂਦੇ ਹਨ। ਬਨਸਪਤੀ ਅਵਿਕਸਤ ਜੀਵ ਹੈ। ਮਨੁੱਖਾਂ ਨੂੰ ਭੋਜਨ ਦੀ ਜ਼ਰੂਰਤ ਹੈ। ਫਲ ਸਬਜੀਆਂ ਅਨਾਜ ਜੀਵਤ ਪ੍ਰਾਣੀ ਹਨ। ਇਨ੍ਹਾਂ ਨੂੰ ਸੇਵਨ ਕਰਨਾ ਭਾਵੇਂ ਹਿੰਸਾ ਹੈ ਪਰ ਇਸ ਬਗੈਰ ਗੁਜ਼ਾਰਾ ਨਹੀਂ। ਜੀਵਨ ਨੂੰ ਆਸਰਾ ਦੇਣ ਵਾਲੀਆਂ ਇਨ੍ਹਾਂ ਚੀਜ਼ਾਂ ਦੀ ਵਰਤੋਂ ਆਰੰਭੀ ਹਿੰਸਾ ਹੈ। ਇਸ ਵਿਚ ਪਾਪ ਦੀ ਮਾਤਰਾ ਬਹੁਤ ਘੱਟ ਹੈ।

ਗ੍ਰਹਿਸਥ ਚਲਾਉਣ ਲਈ ਬਾਲ ਬੱਚਿਆਂ ਦੀ ਪਰਿਵਰਸ਼ ਤੇ ਘਰ ਲਈ ਹੋਰ ਲੋੜੀਂਦੀ ਸਮੱਗਰੀ ਇਕੱਤਰ ਕਰਨ ਵਾਸਤੇ ਖੇਤੀ ਕੀਤੀ ਜਾਂਦੀ ਹੈ, ਪਸ਼ੂ ਪਾਲੇ ਜਾਂਦੇ ਹਨ। ਵਪਾਰ ਹਿਤ ਹੋਵੇ ਜਾਂ ਘਰ ਵਿਚ ਵਰਤੋਂ ਵਾਸਤੇ, ਜਿਹੜੀ ਹਿੰਸਾ ਕੀਤੀ ਜਾਂਦੀ ਹੈ ਉਸ ਨੂੰ ਵਿਰੋਧੀ ਹਿੰਸਾ ਕਿਹਾ ਜਾਂਦਾ ਹੈ। ਇਹ ਹਿੰਸਾ ਪਾਪ ਨਹੀਂ ਹੁੰਦੀ।

ਚੌਥੀ ਪ੍ਰਕਾਰ ਦੀ ਹਿੰਸਾ ਸੰਕਲਪੀ ਹਿੰਸਾ ਹੈ। ਇਸ ਵਿਚ ਬੇਕਸੂਰ ਜੀਵਾਂ ਦੀ ਆਪਣੇ ਨਿੱਜੀ ਹਿੱਤਾਂ ਨੂੰ ਸਾਹਮਣੇ ਰੱਖ ਕੇ ਕੀਤੀ ਹਿੰਸਾ ਆਉਂਦੀ ਹੈ। ਜਿਹੜਾ ਰਾਜਾ ਆਪਣੇ ਰਾਜ ਦੀਆਂ ਹੱਦਾਂ ਵਧਾਉਣ ਲਈ ਸਰਹੱਦ ਉਤੇ ਜਾ ਕੇ ਧਾਵਾ ਬੋਲਦਾ ਹੈ - ਡਾਕੂ ਧੰਨ ਸੰਪਤੀ ਹਥਿਆਉਣ ਲਈ ਹੱਲਾ ਕਰਦਾ ਹੈ ਕੋਈ ਜੀਭ ਰਸ ਹਿਤ ਜਾਂ ਪੈਸੇ ਵੱਟਣ ਖਾਤਰ ਪਸ਼ੂਆਂ ਨੂੰ ਕਤਲ ਕਰਦਾ ਹੈ ਉਹ ਸੰਕਲਪੀ ਹਿੰਸਾ ਵਿਚ ਸ਼ਾਮਲ ਹੈ। ਸਭ ਤੋਂ ਵਧੀਕ ਨਿੰਦਣਯੋਗ ਹਿੰਸਾ ਇਹੀ ਹੈ। ਕੁੱਝ ਲੋਕ ਆਖਦੇ ਹਨ ਕਿ ਮੈਂ ਜੀਵ ਨੂੰ ਨਹੀਂ ਮਾਰਿਆ - ਕਿਸੇ ਹੋਰ ਨੇ ਮਾਰਿਆ ਹੈ। ਜੇ ਮੈਂ ਨਹੀਂ ਮਾਰਿਆ - ਕਿਸੇ ਹੋਰ ਨੇ ਮਾਰਿਆ ਹੈ ਤਾਂ ਜੇ ਮੈਂ ਖਾ ਲਵਾ ਤਾਂ ਮੈਨੂੰ ਪਾਪ ਨਹੀਂ ਲੱਗੇਗਾ - ਉਸਨੂੰ ਲਗੇਗਾ ਜਿਸ ਨੇ ਇਹ ਮਾਰਿਆ ਹੈ। ਇਹ ਗੱਲ ਸਹੀ ਨਹੀਂ। ਜੇ ਗਾਹਕ ਦੁਕਾਨ ਉਪਰ ਮੀਟ ਖਰੀਦਣ ਨਹੀਂ ਜਾਣਗੇ ਤਾਂ ਦੁਕਾਨਦਾਰ ਹਿੰਸਾ ਕਿਉਂ ਕਰੇਗਾ। ਸੋ ਅਸਿੱਧੇ ਢੰਗ ਰਾਹੀਂ ਕੀਤੀ ਗਈ ਹਿੰਸਾ ਵੀ ਅਨੁਚਿਤ ਹੈ।

ਉਪਰੋਕਤ ਸਾਰੇ ਪਰਕਾਰ ਦੀ ਹਿੰਸਾ ਵਿਚੋਂ ਗ੍ਰਹਿਸਥੀ ਲੋਕ ਸਭ ਤੋਂ ਪਹਿਲਾਂ ਸੰਕਲਪੀ ਹਿੰਸਾ ਦਾ ਤਿਆਗ ਕਰਦੇ ਹਨ। ਫਿਰ ਜਿੰਨੀ ਕਿਸੇ ਦੀ ਸਮੱਰਥਾ ਹੋਵੇ, ਬਾਕੀ ਤਿੰਨ ਪ੍ਰਕਾਰ ਦੀ ਹਿੰਸਾ ਤੋਂ ਦੂਰ ਰਹਿਣ ਦਾ ਯਤਨ ਕਰਦੇ ਰਹਿਣਾ ਚਾਹੀਦਾ ਹੈ।

ਜੈਨੀਆਂ ਨੇ ਯੱਗ ਆਦਿਕ ਵਿਚ ਬ੍ਰਾਹਮਣਾਂ ਵਲੋਂ ਕੀਤੀ ਜਾਂਦੀ ਪਸ਼ੂਬਲੀ ਦੀ ਕਰੜੀ ਨਿੰਦਿਆ ਕੀਤੀ ਤੇ ਕਿਹਾ - ਜੇ ਜੀਵ ਹੱਤਿਆ ਕਰਨ ਨਾਲ ਜੀਵ ਨੂੰ ਮੁਕਤੀ ਮਿਲਦੀ ਹੈ ਤਾਂ ਆਪਣੇ ਮਾਤਾ-ਪਿਤਾ ਦੀ ਹੱਤਿਆ ਕਿਉਂ ਨਹੀਂ ਕਰਦੇ ? ਦੂਜਿਆਂ ਦੀ ਹੱਤਿਆ ਕਰਨ ਦਾ ਹੱਕ ਤੁਹਾਨੂੰ ਕਿਸ ਨੇ ਦਿੱਤਾ ? ਇਥੋਂ ਤਕ ਕਿ ਜੇ ਕੋਈ

ਜੀਵ ਕਸ਼ਟ ਵਿਚ ਹੈ ਉਸ ਨੂੰ ਵੀ ਨਹੀਂ ਮਾਰਨਾ ਕਿਉਂਕਿ ਅਗਲੇ ਜਨਮ ਵਿਚ ਇਹ ਇਸ ਤੋਂ ਵੀ ਵਧੀਕ ਪੀੜਿਤ ਹੋ ਜਾਵੇ ਕੌਣ ਜਾਣਦਾ ਹੈ? ਸਥਾਨਕਵਾਸੀ ਜੈਨੀ ਇਹੀ ਪ੍ਰਾਰਥਨਾ ਕਰਦੇ ਸਨ – "ਜੀਵਨ ਮਹਾਨ ਹੈ – ਮੈਂ ਇਸ ਨੂੰ ਨਸ਼ਟ ਕਰਨ ਤੋਂ ਹਰ ਪ੍ਰਕਾਰ ਬਚਾਂਗਾ – ਜਾਣ ਕੇ ਜਾਂ ਅਣਜਾਣੇ, ਹੱਤਿਆ ਨਹੀਂ ਕਰਾਂਗਾ, ਕੀੜਿਆਂ ਦੀ ਹੱਤਿਆਂ ਵੀ ਨਹੀਂ ਕਰਾਂਗਾ – ਨਿੱਕੇ, ਸੂਖਮ, ਇਕ ਇੰਦਰੀ ਵਾਲੇ ਜੀਵ ਵੀ ਨਸ਼ਟ ਨਹੀਂ ਕਰਾਂਗਾ। ਜਿੰਨਾ ਚਿਰ ਜਿਉਂਦਾ ਰਹਾਂਗਾ ਨਾ ਹੱਤਿਆ ਕਰਾਂਗਾ ਨਾ ਕਰਨ ਦਿਆਂਗਾ – ਮਨ ਬਚਨ ਕਰਮ ਕਰਕੇ ਵੀ ਨਹੀਂ। ਮੈਂ ਇਹ ਪਹਿਲਾ ਪ੍ਰਣ ਲੈ ਲਿਆ ਹੈ। ਮੈਨੂੰ ਪਤਾ ਹੈ ਹਿੰਸਾ ਕੀ ਹੁੰਦੀ ਹੈ – ਪਰ ਮੈਂ ਕਰਾਂਗਾ ਨਹੀਂ – ਮੈਂ ਦੁਹਰਾਉਂਦਾ ਰਹਾਂਗਾ ਕਿ ਜੀਵਾਂ ਨੂੰ ਬੰਨ੍ਹਣਾ, ਮਾਰਨਾ, ਅੰਗਹੀਣ ਕਰਨਾ, ਬਹੁਤਾ ਕੰਮ ਲੈਣਾ ਤੇ ਘੱਟ ਖਾਣ ਨੂੰ ਦੇਣਾ ਪਾਪ ਹੈ।" ਸਮਾਧੀ ਵਿਚ ਬੈਠੇ ਸਾਧੂਆਂ ਨੂੰ ਜ਼ਮੀਨ ਵਿਚ ਟੋਇਆ ਪੁੱਟ ਕੇ ਨਹੀਂ ਦੱਬਣਾ।

ਮਨ, ਬਚਨ ਅਤੇ ਕਰਮ ਦੀ ਅਹਿੰਸਾ ਦੇ ਪਾਲਣ ਨੂੰ ਰਤਨਤ੍ਰੀਯ ਆਖਿਆ ਜਾਂਦਾ ਹੈ। ਰਤਨਤ੍ਰੀਯ ਦਾ ਅਰਥ ਹੈ ਤਿੰਨ ਰਤਨ। ਇਨ੍ਹਾਂ ਤਿੰਨ੍ਹਾਂ ਰਤਨਾਂ ਵਿਚੋਂ ਕਿਸੇ ਇਕ ਦੀ ਅਣਹੋਂਦ ਵੀ ਮਨੁੱਖ ਨੂੰ ਅਧਰਮੀ ਬਣਾ ਦਿੰਦੀ ਹੈ।

ਅ. ਸੱਤ

ਝੂਠ ਦਾ ਤਿਆਗ ਮਨੁੱਖ ਨੂੰ ਧਰਮਪੰਧ ਉਤੇ ਸਿੱਧੀ ਦਿਸ਼ਾ ਵਿਚ ਲੈ ਕੇ ਚਲਦਾ ਹੈ। ਝੂਠ ਦੇ ਪਿਛੇ ਲੋਭ ਲਾਲਚ ਜਾਂ ਹੋਰ ਮਾਨਸਿਕ ਵਿਕਾਰ ਕ੍ਰਿਆਸ਼ੀਲ ਹੁੰਦੇ ਹਨ। ਜਿਥੇ ਝੂਠ ਹੈ ਉਥੇ ਧਰਮ ਨਹੀਂ। ਮਿੱਠੇ ਅਤੇ ਹਿਤਕਾਰੀ ਵਚਨ ਬੋਲਣੇ ਚਾਹੀਦੇ ਹਨ ਜੋ ਆਤਮਾ ਨੂੰ ਕਸ਼ਟ ਪੁਚਾਣ ਦੀ ਬਜਾਇ ਸੁਖ ਪ੍ਰਦਾਨ ਕਰਨ। ਕਰੋਧ ਵਿਚ ਆ ਕੇ ਆਮ ਤੌਰ ਤੇ ਝੂਠ ਬੋਲਿਆ ਜਾਂਦਾ ਹੈ। ਕਰੋਧ ਆਉਣ ਉਤੇ ਮੋਨ ਧਾਰਣ ਕਰ ਲਵੇ। ਖਿਮਾ ਕਰਨ ਨਾਲ ਮਨ ਵਧੀਕ ਲੰਮੇ ਸਮੇਂ ਲਈ ਸ਼ਾਂਤ ਤੇ ਸੁਖੀ ਰਹਿੰਦਾ ਹੈ। ਝੂਠ ਅਤੇ ਕ੍ਰੋਧ ਕਲੇਸ਼ ਦੀ ਜੜ੍ਹ ਹਨ ਤੇ ਇਨਾਂ ਦਾ ਅੰਤ ਨਹੀਂ – ਲਗਾਤਾਰ ਵਧਦੇ ਰਹਿੰਦੇ ਹਨ। ਨਾ ਕਿਸੇ ਤੋਂ ਡਰ ਕੇ ਝੂਠ ਬੋਲਣਾ ਹੈ (ਭੈਵਸ਼ ਭਾਸ਼ਨ ਵਰਜਨ) ਨਾ ਲਾਲਚ ਵੱਸ, (ਲੋਭ ਵਸ਼ ਭਾਸ਼ਨਵਰਜਨ), ਹਾਸੇ ਮਜ਼ਾਕ ਵਿਚ ਵੀ ਝੂਠ ਬੋਲਣ ਦੀ ਮਨਾਹੀ ਹੈ (ਹਾਸਯ ਵਸ਼ ਭਾਸ਼ਨ ਵਰਜਨ)। ਹੇਠ ਲਿਖੀਆਂ ਪੰਜ ਗੱਲਾਂ ਕਰਨੀਆਂ ਬਹੁਤ ਜ਼ਰੂਰੀ ਹਨ –

1. ਕਿਸੇ ਉਪਰ ਝੂਠਾ ਇਲਜ਼ਾਮ ਨਹੀਂ ਲਾਉਣਾ
2. ਕਿਸੇ ਦੇ ਭੇਦ ਦੂਜਿਆਂ ਸਾਹਮਣੇ ਪਰਗਟ ਨਹੀਂ ਕਰਨੇ
3. ਵਿਸ਼ਵਾਸਘਾਤ ਨਹੀਂ ਕਰਨਾ
4. ਗਲਤ ਸਲਾਹ ਦੇ ਕੇ ਗੁਮਰਾਹ ਨਹੀਂ ਕਰਨਾ
5. ਜਾਲਸਾਜ਼ੀ, ਭਾਵ ਝੂਠੇ ਪਰਮਾਣ ਪੱਤਰ ਜਾਂ ਹੋਰ ਦਸਤਾਵੇਜ਼ ਤਿਆਰ ਨਹੀਂ ਕਰਨੇ

ਝੂਠ ਬੋਲ ਕੇ ਕਿਸੇ ਦਾ ਰਿਸ਼ਤਾ ਤੈਅ ਨਹੀਂ ਕਰਨਾ – ਕੁੜੀ ਜਾਂ ਮੁੰਡੇ ਦੇ ਜਿੰਨੇ ਗੁਣ ਹਨ ਓਨੇ ਹੀ ਦੱਸਣੇ, ਜਾਇਦਾਦ ਆਦਿਕ ਵਧਾ ਕੇ ਨਹੀਂ ਦੱਸਣੀ। ਪਸ਼ੂ ਵੇਚਣ ਵੇਲੇ ਵੀ ਵੱਧ ਪੈਸੇ ਦੇ ਲੋਭ ਹੇਠ ਅਜਿਹਾ ਨਹੀਂ ਕਰਨਾ ਕਿ ਜਿੰਨਾ ਕੁ ਗਾਂ

ਮੱਝ ਦੁਧ ਦਿੰਦੀ ਹੈ ਉਸ ਤੋਂ ਵਧੀਕ ਦੱਸਕੇ ਠੱਗੀ ਮਾਰੇ। ਅਚੱਲ ਜਾਇਦਾਦ ਵੇਚਣ ਵੇਲੇ ਵੀ ਹੇਰਾਫੇਰੀ ਨਹੀਂ ਕਰਨੀ। ਕੋਈ ਤੁਹਾਡੇ ਪਾਸ ਅਮਾਨਤ ਰੱਖ ਗਿਆ ਹੋਵੇ ਉਹ ਵਾਪਸ ਕਰਨੀ ਹੈ। ਭਾਵੇਂ ਰਸੀਦ ਵੀ ਉਸ ਨੇ ਨਾ ਲਈ ਹੋਵੇ। ਪੰਚਾਇਤ ਵਿਚ ਜਾਂ ਕਿਸੇ ਵੀ ਹੋਰ ਥਾਂ ਝੂਠੀ ਗਵਾਹੀ ਨਹੀਂ ਦੇਣੀ। ਜੇ ਤੁਸੀਂ ਕਿਸੇ ਅੰਗਹੀਣ ਵਿਅਕਤੀ ਨੂੰ ਜਾਂ ਸਖਤ ਕਸ਼ਟ ਵਿਚ ਪਏ ਕਿਸੇ ਹੋਰ ਬੰਦੇ ਨੂੰ ਦੇਖੋ ਤਾਂ ਤੁਰੰਤ ਸੋਚੋ ਕਿ ਇਸ ਨੇ ਉਪਰ ਲਿਖੇ ਗਲਤ ਕੰਮਾਂ ਵਿਚੋਂ ਕੋਈ ਨਾ ਕੋਈ ਪਿਛਲੇ ਜਨਮ ਵਿਚ ਅਵੱਸ਼ ਕੀਤਾ ਸੀ। ਜੈਨੀਆਂ ਦੀ ਪ੍ਰਾਰਥਨਾ ਇਸ ਸਬੰਧੀ ਇਹ ਹੈ –

> "ਮੈਂ ਪ੍ਰਣ ਕਰਦਾ ਹਾਂ ਕਿ ਰਿਸ਼ਤੇ ਤੈਅ ਕਰਨ ਵੇਲੇ, ਵਪਾਰ ਵਿਚ ਅਤੇ ਗਵਾਹੀ ਦੇਣ ਵਕਤ ਝੂਠ ਨਹੀਂ ਬੋਲਾਂਗਾ। ਜਿੰਨਾ ਚਿਰ ਜੀਵਤ ਹਾਂ ਗਲਤ ਕੰਮ ਨਹੀਂ ਕਰਾਂਗਾ ਅਤੇ ਮੈਨੂੰ ਪਤਾ ਹੈ ਕਿ ਝੂਠ ਬੋਲਣਾ, ਭੇਦ ਖੋਲ੍ਹਣੇ, ਦੁਰਬਚਨ ਬੋਲਣੇ, ਗੁਮਰਾਹ ਕਰਨਾ ਤੇ ਝੂਠਾ ਵਹੀਖਾਤਾ ਤਿਆਰ ਕਰਨਾ ਗਲਤ ਕੰਮ ਹਨ। ਮੈਂ ਇਹ ਨਹੀਂ ਕਰਾਂਗਾ।"

ੲ. ਅਸਤੇਯ

ਅਸਤੇਯ ਸ਼ਬਦ ਦਾ ਭਾਵ ਹੈ ਚੋਰੀ ਨਾ ਕਰਨਾ। ਚੋਰ ਦਾ ਅਰਥ ਵੀ ਵਿਸ਼ਾਲ ਅਰਥਾਂ ਵਾਲਾ ਹੈ। ਕਿਸੇ ਦੀ ਵਸਤੂ ਚੁਰਾ ਲੈਣੀ ਤਾਂ ਸਿੱਧਾ ਅਪਰਾਧ ਹੈ ਹੀ – ਜੇ ਕੋਈ ਮਨੁੱਖ ਆਪਣੀ ਵਸਤੂ ਕਿਤੇ ਭੁੱਲ ਗਿਆ ਹੈ, ਉਸ ਦਾ ਪ੍ਰਯੋਗ ਕਰਨਾ ਵੀ ਚੋਰੀ ਹੈ। ਕਿਸੇ ਹੋਰ ਮਨੁੱਖ ਨੂੰ ਉਕਸਾ ਕੇ ਪਰਾਈ ਵਸਤੂ ਉਤੇ ਉਸ ਦਾ ਅਧਿਕਾਰ ਕਰਵਾ ਦੇਣਾ ਵੀ ਚੋਰੀ ਹੈ। ਗੁਰੂ ਨੇ ਜਿਹੜਾ ਲਿਬਾਸ ਪਹਿਨਣ ਦੀ ਆਗਿਆ ਦਿੱਤੀ ਹੈ ਉਹ ਛੱਡ ਕੇ ਕੋਈ ਹੋਰ ਭੇਖ ਕਰਨਾ ਚੋਰੀ ਹੈ। ਜਿਸ ਪਰਾਏ ਦੇਸ, ਪ੍ਰਾਂਤ ਵਿਚ ਬਿਨਾ ਰਾਜੇ ਦੀ ਆਗਿਆ ਘੁੰਮ ਰਹੇ ਹੋ ਉਹ ਚੋਰੀ ਹੈ। ਜਿਸ ਘਰ ਵਿਚ ਠਹਿਰੋ ਉਸ ਘਰ ਦੇ ਮਾਲਕ ਦੀ ਆਗਿਆ ਲੈਣੀ ਆਵੱਸ਼ਕ ਹੈ।

ਮਨ, ਬਚਨ ਅਤੇ ਕਰਮ ਰਾਹੀਂ ਪਰਾਈ ਵਸਤੂ ਨੂੰ ਬਿਨਾ ਆਗਿਆ ਦੇ ਆਪਣੇ ਕਬਜ਼ੇ ਵਿਚ ਕਰਨਾ ਅਨੁਚਿਤ ਹੈ। ਚੋਰੀ ਦੀਆਂ ਦੋ ਕਿਸਮਾਂ ਹਨ –

1. ਸੂਖਮ ਚੋਰੀ
2. ਸਥੂਲ ਚੋਰੀ

ਸੂਖਮ ਚੋਰੀ ਵਿਚ ਨਿਕੇ ਮੋਟੇ ਅਜਿਹੇ ਕਰਮ ਆ ਜਾਂਦੇ ਹਨ ਜਿਹੜੇ ਗ੍ਰਹਿਸਥੀ ਲੋਕ ਸਹਿਜ ਸੁਭਾਇ ਆਪਣੇ ਪਰਿਵਾਰ ਲਈ ਕਰ ਲੈਂਦੇ ਹਨ, ਜਿਵੇਂ ਜੰਗਲ ਵਿਚੋਂ ਸਾਗ, ਕੰਦ ਮੂਲ, ਲੱਕੜੀ, ਫਲ ਆਦਿਕ ਪ੍ਰਾਪਤ ਕਰਨਾ। ਪਰ ਸਮਾਜ ਅਤੇ ਕਾਨੂੰਨ ਦੀਆਂ ਨਜ਼ਰਾਂ ਵਿਚ ਜਿਹੜੀ ਚੋਰੀ ਦੰਡ ਯੋਗ ਹੈ ਉਹ ਸਥੂਲ ਚੋਰੀ ਅਖਵਾਉਂਦੀ ਹੈ ਜਿਵੇਂ ਸੰਨ੍ਹ ਲਾਉਣੀ, ਜੇਬ ਕੁਤਰਨੀ, ਡਾਕਾ ਮਾਰਨਾ, ਵਿਆਜ ਦੇ ਬਹਾਨੇ ਸਾਲਾਂ ਤਕ ਗਰੀਬਾਂ/ਲੋੜਵੰਦਾਂ ਨੂੰ ਲੁੱਟਦੇ ਰਹਿਣਾ। ਅਸਤੇਯ ਤੋਂ ਬਚਣ ਲਈ ਹੇਠ ਲਿਖੇ ਪੰਜ ਕਰਮ ਕਰਨ ਤੋਂ ਬਚੋ –

1. ਚੋਰੀ ਦਾ ਮਾਲ ਖਰੀਦਣ ਤੋਂ

2. ਚੋਰ ਦੀ ਕਿਸੇ ਵੀ ਪ੍ਰਕਾਰ ਦੀ ਮੱਦਦ ਕਰਨ ਤੋਂ
3. ਸਰਕਾਰੀ ਟੈਕਸ ਨਾ ਦੇਣ ਤੋਂ
4. ਘੱਟ ਨਾਪਤੋਲ ਦੇ ਵੱਟੇ ਰੱਖਣ ਤੋਂ
5. ਮਿਲਾਵਟ ਕਰਨ ਤੋਂ

ਰਾਹਗੀਰਾਂ ਨੂੰ ਲੁੱਟਣਾ ਨਹੀਂ, ਖੇਤ ਵਿਚ ਪਈਆਂ ਭਰੀਆਂ ਵਿਚੋਂ ਚੋਰੀ ਨਹੀਂ ਕਰਨੀ। ਆਪਣੀ ਚਾਬੀ ਨਾਲ ਕਿਸੇ ਦਾ ਜੰਦਰਾ ਨਹੀਂ ਖੋਹਲਣਾ। ਕਿਸੇ ਦੀ ਗੁੰਮ ਹੋਈ ਰਕਮ ਤੇ ਕਬਜਾ ਨਹੀਂ ਕਰਨਾ। ਜੈਨੀ ਪ੍ਰਾਰਥਨਾ ਹੈ –

> "ਮੈਨੂੰ ਪਤਾ ਹੈ ਪੰਜ ਪ੍ਰਕਾਰ ਦੀ ਚੋਰੀ ਕਿਹੜੀ ਹੁੰਦੀ ਹੈ। ਮੈਂ ਚੋਰੀ ਨਹੀਂ ਕਰਾਂਗਾ। ਅਜਿਹਾ ਕੁੱਝ ਨਹੀਂ ਕਰਾਂਗਾ ਜੋ ਸ਼ੱਕੀ ਹੋਵੇ। ਜਿੰਨਾ ਚਿਰ ਮੈਂ ਜੀਵਾਂਗਾ ਇਸ ਪ੍ਰਣ ਦੀ ਲਗਾਤਾਰ ਪਾਲਣਾ ਕਰਾਂਗਾ। "

ਜਿਹੜਾ ਬੰਦਾ ਉਕਤ ਪੰਜਾਂ ਵਿਚੋਂ ਕਿਸੇ ਇਕ ਪ੍ਰਕਾਰ ਦੀ ਚੋਰੀ ਕਰਦਾ ਹੈ ਉਸ ਦਾ ਜਨਮ ਗਰੀਬ ਘਰ ਵਿਚ ਹੁੰਦਾ ਹੈ। ਜਿਹੜਾ ਵਧੀਕ ਚੋਰੀਆਂ ਕਰਦਾ ਹੈ ਉਹ ਸਾਰੀ ਉਮਰ ਕਿਸੇ ਦਾ ਗੁਲਾਮ ਰਹੇਗਾ।

ਸ. ਅਪਰਿਗ੍ਰਹਿ

ਅਪਰਿਗ੍ਰਹਿ ਸ਼ਬਦ ਦਾ ਭਾਵ ਹੈ ਸੰਸਾਰਕ ਵਸਤਾਂ ਪ੍ਰਤਿ ਹੇਜ ਨਾ ਜਤਾਉਣਾ। ਅਸੀਂ ਆਮ ਦੇਖਦੇ ਹਾਂ ਕਿ ਗ੍ਰਹਿਸਥੀ ਲੋਕਾਂ ਨੂੰ ਜਰੂਰਤ ਦੀਆਂ ਜਿਹੜੀਆਂ ਵਸਤਾਂ ਦੀ ਲੋੜ ਹੁੰਦੀ ਹੈ ਉਹ ਪੂਰੀਆਂ ਕਰਨ ਤੋਂ ਬਾਅਦ ਵੀ ਉਨ੍ਹਾਂ ਵਿਚ ਹੋਰ ਸੰਪਤੀ/ਵਸਤਾਂ ਇਕੱਠੀਆਂ ਕਰਨ ਦੀ ਹਵਸ ਕੰਮ ਕਰਦੀ ਰਹਿੰਦੀ ਹੈ। ਜੀਵਨ ਲਈ ਜ਼ਰੂਰੀ ਵਸਤਾਂ ਪ੍ਰਾਪਤ ਕਰਨ ਨੂੰ ਬੁਰਾਈ ਨਹੀਂ ਮੰਨਿਆ ਗਿਆ ਪਰ ਵਸਤਾਂ ਦਾ ਭੰਡਾਰ ਜਮ੍ਹਾ ਕਰਨਾ ਵਾਸਤਵ ਵਿਚ ਹੋਰ ਜ਼ਰੂਰਤਮੰਦਾਂ ਦਾ ਹੱਕ ਮਾਰਨਾ ਹੈ। ਜਿੰਨੀ ਵਧੀਕ ਹਵਸ ਵਧੇਗੀ, ਉਨਾ ਹੀ ਮਨ ਅਸ਼ਾਂਤ ਹੋਵੇਗਾ। ਕਰਮ ਅਸ਼ੁੱਧ ਹੋਣਗੇ ਤੇ ਮੁਕਤੀ ਨਹੀਂ ਮਿਲੇਗੀ। ਸਾਧੂਆਂ ਲਈ ਜ਼ਰੂਰੀ ਹੈ ਕਿ ਜ਼ਰੂਰਤ ਤੋਂ ਵਧੀਕ ਭੋਜਨ ਨਹੀ ਖਾਣਾ ਤੇ ਵਸਤਰ, ਕੰਬਲ ਆਦਿਕ ਘੱਟ ਤੋਂ ਘੱਟ ਆਪਣੇ ਪਾਸ ਰੱਖਣੇ ਹਨ।

ਇਸ ਸਬੰਧੀ ਜੈਨੀਆਂ ਦੀ ਪ੍ਰਾਰਥਨਾ ਹੈ –

> "ਮੈ ਪ੍ਰਣ ਕਰਦਾ ਹਾਂ ਕਿ ਆਪਣੀ ਜ਼ਰੂਰਤ ਤੋਂ ਵਧੀਕ ਮੈਂ ਇਹ ਸਭ ਚੀਜ਼ਾਂ ਨਹੀਂ ਰੱਖਾਂਗਾ – ਕੁਝ ਮਕਾਨ, ਖੇਤ, ਸੀਮਤ ਸੋਨਾ ਚਾਂਦੀ, ਅਨਾਜ ਅਤੇ ਪਸ਼ੂ। ਇਨ੍ਹਾਂ ਚੀਜ਼ਾਂ ਤੋਂ ਬਿਨਾ ਹੋਰ ਸਭ ਕੁਝ ਨੂੰ ਮੈਂ ਪਰਾਇਆ ਸਮਝਾਂਗਾ। ਮੈਨੂੰ ਪਤਾ ਹੈ ਕਿ ਵਧੀਕ ਧਨ ਸੰਪਤੀ ਉਤੇ ਕਾਬਜ਼ ਹੋਣਾ ਅਨੁਚਿਤ ਕਰਮ ਹੈ ਇਸ ਲਈ ਸਾਰੀ ਉਮਰ ਮੈਂ ਇਹ ਪ੍ਰਣ ਨਿਭਾਵਾਂਗਾ। "

ਉਪਰ ਲਿਖੇ ਪ੍ਰਣ ਦੀ ਪਾਲਣਾ ਕਰਨ ਵਾਸਤੇ ਜੈਨੀ ਭਾਈਚਾਰਾ ਕੈਂਬੇ ਦੇ ਅਮਰਚੰਦ ਦੀ ਉਦਾਹਰਣ ਬੜੇ ਫਖਰ ਨਾਲ ਦਿੰਦਾ ਹੈ। ਅਮਰਚੰਦ, ਗਰੀਬ ਪਰ ਉੱਦਮੀ ਜੈਨੀ ਸੀ। ਉਸ ਨੇ ਪ੍ਰਣ ਕੀਤਾ ਕਿ ਜੇ ਭਗਵਾਨ ਉਸ ਨੂੰ ਸਫਲਤਾ ਬਖ਼ਸ਼ੇ ਤਾਂ ਕਦੀ ਵੀ ਉਹ 95,000/- ਰੁਪਏ ਤੋਂ ਵਧੀਕ ਧਨ ਆਪਣੇ ਪਾਸ ਨਹੀਂ ਰੱਖੇਗਾ। ਉਹ ਕਰੋੜਾਂਪਤੀ ਬਣਿਆ। ਪਰ ਵਾਅਦੇ ਅਨੁਸਾਰ ਜਿੰਨਾ ਧਨ 95 ਹਜ਼ਾਰ ਤੋਂ ਵਧੀਕ ਉਸ ਪਾਸ ਆਉਂਦਾ ਉਹ ਹਸਪਤਾਲਾਂ, ਲਾਇਬ੍ਰੇਰੀਆਂ, ਵਿਦਿਅਕ ਸੰਸਥਾਵਾਂ ਜਾਂ ਹੋਰ ਜਿੱਥੇ ਵੀ ਸਮਾਜ ਭਲਾਈ ਦੇ ਕਾਰਜ ਹੁੰਦੇ ਉਥੇ ਅਰਪਣ ਕਰਦਾ।

ਜਿਹੜਾ ਗ੍ਰਹਿਸਥੀ ਪੰਜ ਮਹਾਂਵ੍ਰਤਾਂ ਦੀ ਪਾਲਣਾ ਕਰਦਾ ਰਹੇਗਾ, ਨਸ਼ੇ, ਮਾਸ ਅਤੇ ਸ਼ਹਿਦ ਖਾਣ ਤੋਂ ਪ੍ਰਹੇਜ ਕਰੇਗਾ ਉਸ ਨੂੰ ਸ੍ਰਾਵਿਕ ਆਖਿਆ ਜਾਵੇਗਾ ਤੇ ਇਸਤਰੀ ਨੂੰ ਸ੍ਰਾਵਿਕਾ। ਸ਼ਹਿਦ ਚੋਣ ਵੇਲੇ ਛੱਤੇ ਹੇਠਾਂ ਅਗ ਬਾਲ ਦਿੱਤੀ ਜਾਂਦੀ ਹੈ ਜਿਸ ਨਾਲ ਅੰਡੇ, ਬੱਚੇ ਅਤੇ ਮਧੂਮੱਖੀਆਂ ਨਸ਼ਟ ਹੋ ਜਾਂਦੇ ਹਨ। ਇਸ ਕਰਕੇ ਕਿਹਾ ਜਾਂਦਾ ਹੈ ਕਿ ਇਕ ਛੱਤਾ ਉਜਾੜਨ ਨਾਲ ਓਨਾ ਪਾਪ ਲਗਦਾ ਹੈ ਜਿੰਨਾ ਬਾਰਾਂ ਪਿੰਡ ਉਜਾੜ ਦੇਣ ਨਾਲ।

ਹ. ਬ੍ਰਹਮਚਰਜ

ਹਰ ਹੀਲੇ ਮਨੁੱਖ ਕਾਮ-ਵਾਸ਼ਨਾਵਾਂ ਤੋਂ ਬਚੇ। ਬ੍ਰਹਮਚਰਜ ਇੰਦਰੀਆਂ ਉਪਰ ਕਰੜਾ ਪਹਿਰਾ ਦੇਣ ਦਾ ਨਾਮ ਹੈ। ਸਾਧੂ ਲੋਕ ਹਰ ਹੀਲੇ ਸਖਤ ਸੰਜਮ ਤੋਂ ਕੰਮ ਲੈਣ। ਕਈ ਵਾਰ ਅਜਿਹੀਆਂ ਥਾਵਾਂ ਤੇ ਵਾਸ਼ਨਾਵਾਂ ਸਗੋਂ ਵਧ ਸਕਦੀਆਂ ਹਨ ਜਿਥੇ ਆਬਾਦੀ ਨਾ ਹੋਵੇ। ਜੇ ਅਜਿਹਾ ਹੈ ਤਾਂ ਸਾਧੂ ਇਸ ਸਥਾਨ ਦਾ ਤਿਆਗ ਕਰ ਦੇਵੇ। ਇਸਤਰੀਆਂ ਦਾ ਸ਼ਿੰਗਾਰ, ਉਨ੍ਹਾਂ ਦੀਆਂ ਅਦਾਵਾਂ ਮੁਦ੍ਰਾਵਾਂ ਮਨ ਨੂੰ ਬੇਚੈਨ ਕਰ ਸਕਦੀਆਂ ਹਨ, ਇਸ ਲਈ ਉਨ੍ਹਾਂ ਤੋਂ ਪਰਹੇਜ ਕਰੋ। ਕਿਸੇ ਸਮੇਂ ਭੂਤਕਾਲ ਵਿਚ ਬਿਤਾਇਆ ਵਿਲਾਸਤਾ ਪੂਰਣ ਸਮਾ ਯਾਦ ਕਰਨ ਨਾਲ ਮਨ ਵਿਚ ਉਤੇਜਨਾ ਪੈਦਾ ਹੋ ਜਾਂਦੀ ਹੈ। ਅਜਿਹੀਆਂ ਗੱਲਾਂ ਯਾਦ ਨਾ ਕਰੋ। ਵਧੇਰੇ ਤਾਕਤਵਰ ਭੋਜਨ ਕਰਨਾ, ਚਿਕਨਾਈ ਵਧੀਕ ਮਾਤਰਾ ਵਿਚ ਖਾਣੀ ਤੇ ਗਰਮ ਤਾਸੀਰ ਦੀਆਂ ਜੜ੍ਹੀਆਂ ਬੂਟੀਆਂ ਦਾ ਸੇਵਨ ਵੀ ਮਨ ਵਿਚ ਵਿਕਾਰ ਪੈਦਾ ਕਰਦੇ ਹਨ। ਸਾਧੂ ਲੋਕ ਇਨ੍ਹਾਂ ਤੋਂ ਪਰਹੇਜ ਕਰਨ।

ਜਿਥੋਂ ਤਕ ਗ੍ਰਹਿਸਥੀਆਂ ਦਾ ਸਵਾਲ ਹੈ, ਕੇਵਲ ਆਪਣੀ ਇਸਤਰੀ ਦਾ ਸੰਗ ਕਰਨਾ ਬ੍ਰਹਮਚਰਜ ਹੈ। ਕਾਮ ਵਾਸਤਵ ਵਿਚ ਜੀਵਨ ਨਸ਼ਟ ਕਰਨਾ ਵਾਲਾ ਖਤਰਨਾਕ ਰੋਗ ਹੈ।

ਭਗਵਾਨ ਮਹਾਂਵੀਰ ਨੇ ਸ਼ਾਦੀ ਕਰਾਈ, ਇਕ ਬੇਟੀ ਦੇ ਪਿਤਾ ਬਣੇ ਪਰ ਗ੍ਰਹਿਸਥ ਜੀਵਨ ਵਿਚ ਪ੍ਰਵੇਸ਼ ਕਰਨ ਦੇ ਬਾਵਜੂਦ ਉਹ ਗ੍ਰਹਿਸਥੀ ਨਹੀਂ ਬਣੇ। ਉਨ੍ਹਾਂ ਨੇ ਗ੍ਰਹਿਸਥ ਧਰਮ ਦੇ ਫਰਜ਼ਾਂ ਦੀ ਪਾਲਣਾ ਅਵੱਸ਼ ਕੀਤੀ ਸੀ ਪਰ ਪਤਨੀ, ਪੁੱਤਰੀ ਤੇ ਰਾਜਮਹਿਲਾਂ ਵਿਚ ਮਨ ਉਲਝਾਇਆ ਨਹੀਂ। ਉਹ ਨਿਰਲੇਪ ਰਹੇ ਤੇ ਸਭ ਕੁੱਝ ਪਲ ਵਿਚ ਛੱਡ ਦਿੱਤਾ ਜਿਵੇਂ ਸੂਰਜ ਬੱਦਲਾਂ ਨੂੰ ਪਰੇ ਹਟਾ ਦਿੰਦਾ ਹੈ।

ਜਿਸਮਾਨੀ ਤੌਰ ਤੇ ਇਸਤਰੀ ਤੋਂ ਅਲੱਗ ਰਹੇ ਪਰ ਮਾਨਸਿਕ ਤੌਰ ਤੇ ਉਥੇ ਹੀ ਜੁੜਿਆ ਹੋਇਆ ਹੋਵੇ, ਇਹ ਬ੍ਰਹਮਚਰਜ ਨਹੀਂ।

ਉਪਰ ਦਰਜ ਪੰਜ ਮਹਾਂਵਰਤ ਆਪਣੇ ਆਪ ਵਿਚ ਕੋਈ ਮੰਜ਼ਲ ਨਹੀਂ ਹਨ। ਉਨ੍ਹਾਂ ਦਾ ਅਭਿਆਸ ਲਗਾਤਾਰ ਕਰਨ ਨਾਲ ਮਨੁੱਖ ਸੰਜਮੀ ਬਣ ਜਾਂਦਾ ਹੈ। ਗ੍ਰਹਿਸਥੀ, ਜਦੋਂ ਇਸ ਮਾਰਗ ਉਤੇ ਚਲਦਾ ਜਾਵੇਗਾ ਤਾਂ ਉਸ ਦਾ ਆਪਣੇ ਘਰ, ਸੰਤਾਨ ਅਤੇ ਜਾਇਦਾਦ ਨਾਲੋਂ ਮੋਹ ਘਟਦਾ ਚਲਾ ਜਾਵੇਗਾ। ਉਹ ਘਰ ਦੇ ਨਿੱਤ-ਵਿਹਾਰ ਦੇ ਕੰਮਾਂ ਵਿਚ ਦਿਲਚਸਪੀ ਲੈਣੀ ਘਟਾ ਦਏਗਾ। ਇਕ ਦਿਨ ਅਜਿਹਾ ਆਵੇਗਾ ਜਦੋਂ ਧਰਤੀ ਉਸ ਦਾ ਬਿਸਤਰਾ ਹੋਵੇਗੀ ਅਤੇ ਤਾਰਿਆਂ ਜੜਿਆ ਆਕਾਸ਼ ਉਸ ਦਾ ਕੰਬਲ। ਤਦ ਉਸ ਵਾਸਤੇ ਕੇਵਲਯ ਦਾ ਦਰਵਾਜਾ ਖੁੱਲ੍ਹੇਗਾ।

ਮਾਨਵ ਦਾ ਜੀਵਨ ਉਦੇਸ਼

ਜੁੱਗਾਂ ਤੋਂ ਮਨੁੱਖ ਦੇ ਸਾਹਮਣੇ ਇਹ ਪ੍ਰਸ਼ਨ ਖਲੋਤੇ ਹਨ – ਮੈਂ ਇਸ ਸੰਸਾਰ ਵਿਚ ਕੀ ਕਰਨ ਆਇਆ ਹਾਂ? ਜਾਂ ਮੈਨੂੰ ਇਥੇ ਕਿਉਂ ਭੇਜਿਆ ਗਿਆ ਹੈ? ਇਸ ਪ੍ਰਸ਼ਨ ਦਾ ਉੱਤਰ ਭਾਵੇਂ ਹਰ ਗੁਰੂ ਨੇ ਆਪਣੇ ਆਪਣੇ ਢੰਗ ਨਾਲ ਦਿੱਤਾ ਹੈ ਪਰ ਲਗਭਗ ਸਭ ਦਾ ਸਾਂਝਾ ਮੱਤ ਕੁੱਝ ਇਸ ਪ੍ਰਕਾਰ ਦਾ ਹੈ ਕਿ ਨੇਕੀ ਕਰਨ ਲਈ ਇਥੇ ਸਭ ਮਨੁੱਖਾਂ ਨੂੰ ਭੇਜਿਆ ਗਿਆ ਹੈ। ਬਾਕੀ ਦੇ ਜੀਵਾਂ ਨੂੰ ਪਤਾ ਨਹੀਂ ਹੈ ਕਿ ਕੀ ਅੱਛਾ ਹੈ ਕੀ ਬੁਰਾ – ਪਰ ਮਨੁੱਖ ਨੂੰ ਪਤਾ ਹੈ। ਇਸੇ ਲਈ ਜੈਨ-ਪ੍ਰਾਰਥਨਾਵਾਂ ਵਿਚ ਅਕਸਰ ਇਹ ਗੱਲ ਦੁਹਰਾਈ ਜਾਂਦੀ ਹੈ "ਮੈਨੂੰ ਪਤਾ ਹੈ – ਕਿ ਬੁਰੇ ਕੰਮ ਕਿਹੜੇ ਹਨ – ਮੈਂ ਇਹ ਨਾ ਕਰਨ ਦੀ ਪ੍ਰਤਿਗਿਆ ਕਰਦਾ ਹਾਂ।" ਜਿਸ ਨੂੰ ਪਤਾ ਹੀ ਨਹੀਂ ਕੀ ਬੁਰਾ ਹੈ ਕੀ ਭਲਾ, ਉਹ ਪ੍ਰਤਿੱਗਿਆ ਕਿਵੇਂ ਕਰ ਸਕਦਾ ਹੈ।

ਜੈਨ ਮੱਤ ਅਨੁਸਾਰ ਪਾਪ ਪੁੰਨ ਦੀ ਗਿਣਤੀ ਗਣਿਤ ਦੀ ਗਿਣਤੀ ਵਾਂਗ ਸ਼ੁੱਧ ਹੈ। ਜੇ ਪਾਪਾਂ ਦੀ ਗਿਣਤੀ ਪੁੰਨ ਤੋਂ ਵੱਧ ਗਈ ਤਾਂ ਮਨੁੱਖ ਜੂਨਾਂ ਵਿਚ ਚੱਕਰ ਲਾਉਂਦਾ ਰਹੇਗਾ। ਜੇ ਪੁੰਨ ਵਧ ਗਏ ਤਾਂ ਮੁਕਤੀ ਪ੍ਰਾਪਤ ਹੋਵੇਗੀ। ਲਗਾਤਾਰ ਸਾਧਨਾਂ ਕਰਦੇ ਰਹਿਣ ਨਾਲ, ਸੰਜਮ ਕਰਨ ਨਾਲ ਤੇ ਦੱਸੇ ਗਏ ਧਰਮ-ਪੱਥ ਦੀ ਨਿਯਮਾਵਲੀ ਮੰਨਣ ਨਾਲ ਮੁਕਤੀ ਅਵੱਸ਼ ਪ੍ਰਾਪਤ ਹੋਏਗੀ। ਕਿਸੇ ਪ੍ਰਮਾਤਮਾ ਦੀ ਦਇਆ ਨਾਲ ਇਹ ਕੰਮ ਨਹੀਂ ਹੋਣਾ। ਜੇ ਇਹ ਮੰਨਣ ਲੱਗ ਜਾਈਏ – ਕਿ ਪਰਮਾਤਮਾ ਦਿਆਲੂ ਹੈ – ਪਾਪੀਆਂ ਦਾ ਵੀ ਉਧਾਰ ਕਰੇਗਾ ਤਾਂ ਇਸ ਦਾ ਭਾਵ ਹੈ ਕਿ ਪਰਮਾਤਮਾ ਇਨਸਾਫ ਪਸੰਦ ਨਹੀਂ, ਪੱਖਪਾਤ ਕਰਦਾ ਹੈ, ਧੜੇਬਾਜ਼ ਹੈ। ਸੋ ਜੈਨੀ ਆਤਮ-ਸਾਧਨਾ ਤੋਂ ਵਧੀਕ ਹੋਰ ਕਿਸੇ ਬਾਹਰੀ ਸ਼ਕਤੀ ਰਾਹੀਂ ਮੁਕਤੀ ਪ੍ਰਾਪਤ ਕਰਨ ਵਿਚ ਵਿਸ਼ਵਾਸ ਨਹੀਂ ਰਖਦੇ।

ਜੈਨ ਧਰਮ ਨੂੰ ਮੰਨਣ ਵਾਲੇ ਵਿਅਕਤੀਆਂ ਦੇ ਚਾਰ ਵਰਗ ਹਨ –

1. ਭਿਖਸ਼ੂ (ਤਪੀ, ਮੁਨੀ)
2. ਭਿਕਸ਼ਣੀਆਂ (ਸਾਧਵੀਆਂ)
3. ਸ਼੍ਰਾਵਿਕ (ਗ੍ਰਹਿਸਥੀ ਮਰਦ)
4. ਸ਼੍ਰਾਵਿਕਾਵਾਂ (ਗ੍ਰਹਿਸਥੀ ਇਸਤਰੀਆਂ)

ਪਹਿਲੇ ਦੋ ਵਰਗ ਹਨ ਤਪ ਯੋਗ ਆਦਿਕ ਕਰਨ ਵਾਲੇ ਸਨਿਆਸੀਆਂ ਦੇ ਹਨ। ਦੂਜੀ ਪ੍ਰਕਾਰ ਦੇ ਲੋਕ ਦੁਨੀਆਂਦਾਰੀ ਦੇ ਫਰਜ਼ ਨਿਭਾਉਂਦਿਆਂ ਹੋਇਆ ਜੈਨ ਧਰਮ ਦੇ ਅਸੂਲਾਂ ਉਤੇ ਵੀ ਸੰਭਵ ਪਹਿਰਾ ਦਿੰਦੇ ਹਨ। ਸਾਧੂ ਸਾਧਵੀਆਂ ਮੂੰਹ ਉਤੇ

ਪੱਟੀ ਬੰਨ੍ਹ ਕੇ ਰਖਦੇ ਹਨ ਤਾਂ ਕਿ ਸਾਹ ਰਾਹੀਂ ਜੀਵ ਸਰੀਰ ਅੰਦਰ ਜਾ ਕੇ ਮਰ ਨਾ ਜਾਣ। ਅਜਿਹਾ ਹੋਇਆ ਤਾਂ ਪਾਪ ਲੱਗੇਗਾ। ਪਰ ਗ੍ਰਹਿਸਥੀਆਂ ਲਈ ਕੁਝ ਰਿਆਇਤਾਂ ਹਨ। ਖੇਤੀ ਕਰਦਿਆਂ ਪਸ਼ੂਆਂ ਦਾ ਕਾਰੋਬਾਰ ਕਰਦਿਆਂ ਕਈ ਵਾਰ ਹਿੰਸਾ ਤਾਂ ਹੋ ਜਾਂਦੀ ਹੈ ਪਰ ਜੇ ਇਸ ਪਿੱਛੇ ਭਾਵਨਾ ਬੁਰੀ ਨਹੀਂ ਤਾਂ ਇਸ ਦਾ ਘੱਟ ਪਾਪ ਲੱਗੇਗਾ। ਕਿਸਾਨ ਹਲ ਵਾਹੁੰਦਾ ਹੈ – ਜੀਵ ਮਰ ਜਾਂਦੇ ਹਨ। ਫਸਲਾਂ ਨੂੰ ਪਾਣੀ ਲਾਉਂਦਾ ਹੈ ਤਦ ਜੀਵ ਮਰ ਜਾਂਦੇ ਹਨ, ਬੇਕਾਰ ਘਾਹ-ਫੂਸ ਕਬਾੜ ਨੂੰ ਅੱਗ ਲਾਉਂਦਾ ਹੈ ਤਦ ਜੀਵ ਹੱਤਿਆ ਹੋ ਜਾਂਦੀ ਹੈ। ਇਹ ਸਾਰੀ ਹਿੰਸਾ ਹੀ ਹੈ ਪਰ ਇਸ ਪਿੱਛੇ ਕੋਈ ਸਾਜਿਸ਼ ਕੰਮ ਨਹੀਂ ਕਰਦੀ। ਇਵੇਂ ਹੀ ਅਸੀਂ ਫਲ ਸਬਜ਼ੀਆਂ ਅਨਾਜ ਖਾਂਦੇ ਹਾਂ – ਇਹ ਵੀ ਜੀਵ ਹੱਤਿਆ ਹੈ ਪਰ ਇਸ ਬਗੈਰ ਕੋਈ ਚਾਰਾ ਨਹੀਂ। ਵੈਸੇ ਜੈਨ ਧਰਮ ਵਿਚ ਕੁੱਝ ਲੋਕ ਖਾਣਾ ਪੀਣਾ ਛੱਡ ਕੇ ਆਤਮ ਹੱਤਿਆ ਕਰਦੇ ਹਨ – ਇਸ ਨੂੰ ਪੁੰਨ ਕਿਹਾ ਜਾਂਦਾ ਹੈ ਤੇ ਮੰਨਿਆ ਜਾਂਦਾ ਹੈ ਕਿ ਅਜਿਹਾ ਵਿਅਕਤੀ ਮੁਕਤੀ ਪ੍ਰਾਪਤ ਕਰੇਗਾ। ਜਿਹੜੇ ਵਿਅਕਤੀ (ਆਮ ਤੌਰ ਤੇ ਬਜ਼ੁਰਗ) ਅਜਿਹਾ ਕਰਦੇ ਹਨ ਉਨ੍ਹਾਂ ਦੁਆਲੇ ਭਜਨ ਬੰਦਗੀ ਕਰਨ ਵਾਲੇ ਜੈਨੀ ਜਮ੍ਹਾ ਰਹਿੰਦੇ ਹਨ। ਜਦੋਂ ਵਿਅਕਤੀ ਵਰਤ ਰਖਦਾ ਹੋਇਆ ਕਮਜ਼ੋਰ ਹੁੰਦਾ ਜਾਂਦਾ ਹੈ ਤਾਂ ਉਸ ਨੂੰ ਹੌਂਸਲਾ ਦਿੱਤਾ ਜਾਂਦਾ ਹੈ ਕਿ ਕਾਇਮ ਰਹਿ ਤੂੰ ਠੀਕ ਰਾਹ ਉਤੇ ਹੈਂ। ਦਿਲ ਨਾ ਢਾਹ ਹੁਣ ਖਾਣ ਪੀਣ ਦੀ ਲਾਲਸਾਂ ਦਾ ਤਿਆਗ ਕਰ। ਪੀਣ-ਖਾਣ ਦਾ ਵਿਚਾਰ ਵੀ ਮਨ ਵਿਚ ਨਾ ਲਿਆ।

ਪਾਪਾਂ ਨਾਲ ਭਾਰੀ ਹੋਈ ਜੀਵ-ਆਤਮਾ ਹਲਕੀ ਕਰਨ ਲਈ ਜਿਨ੍ਹਾਂ ਵਸਤਾਂ ਦਾ ਤਿਆਗ ਕਰਨਾ ਜ਼ਰੂਰੀ ਹੈ ਉਨ੍ਹਾਂ ਵਿਚ ਮੁੱਖ ਹਨ – ਹਿੰਸਾ, ਝੂਠ, ਲੋਭ, ਰਾਗ, ਦਵੈਸ਼, ਕਲੇਸ਼, ਨਿੰਦਾ, ਕਾਮ, ਕਪਟ ਤੇ ਮਾਇਆ। ਵੈਸ਼ਾਲੀ ਦੇ ਰਾਜੇ ਉਦੈਨ ਦੀ ਭੂਆ ਜਯੰਤੀ ਜੈਨ ਧਰਮ ਦੀ ਉਪਾਸ਼ਕਾ ਸੀ। ਭਗਵਾਨ ਮਹਾਂਵੀਰ ਵੈਸ਼ਾਲੀ ਦੀ ਰਾਜਧਾਨੀ ਕੋਸ਼ਾਂਬੀ ਪਧਾਰੇ ਤਾਂ ਜਯੰਤੀ ਦਰਸ਼ਨ ਕਰਨ ਤੇ ਪ੍ਰਣਾਮ ਕਰਨ ਗਈ। ਉਸ ਨੇ ਭਗਵਾਨ ਤੋਂ ਬਹੁਤ ਸਾਰੇ ਪ੍ਰਸ਼ਨ ਪੁਛੇ ਜਿਨ੍ਹਾਂ ਵਿਚੋਂ ਇੱਕ ਇਹ ਸੀ – "ਭਗਵਾਨ ਤੁਹਾਡੇ ਦੱਸੇ ਮਾਰਗ ਉਤੇ ਚਲਦਿਆਂ ਸਭ ਸਿੱਧ ਲੋਕ ਕੀ ਮੁਕਤ ਹੋ ਜਾਣਗੇ?"

ਭਗਵਾਨ ਨੇ ਕਿਹਾ – ਹਾਂ ਉਨ੍ਹਾਂ ਨੂੰ ਅਵੱਸ਼ ਮੁਕਤੀ ਮਿਲੇਗੀ।

"ਜੇ ਸਭ ਭਲੇ ਲੋਕ ਮੁਕਤ ਹੋ ਗਏ ਤਾਂ ਫਿਰ ਸੰਸਾਰ ਵਿਚ ਕੇਵਲ ਬੁਰੇ ਲੋਕ ਜਨਮ ਲਿਆ ਕਰਨਗੇ – ਨੇਕ ਬੰਦੇ ਕਿਥੋਂ ਲੱਭਾਂਗੇ?" ਭਗਵਾਨ ਨੇ ਕਿਹਾ – "ਅਜਿਹਾ ਨਹੀਂ ਜਯੰਤੀ। ਬ੍ਰਹਿਮੰਡ ਅਨੰਤ ਹੈ, ਕੁਝ ਮਿੱਟੀ ਦੇ ਕਣ ਜੇ ਹਮੇਸ਼ਾ ਲਈ ਵੀ ਗਾਇਬ ਕਰਦੇ ਰਹੀਏ ਤਦ ਵੀ ਇਥੇ ਕੋਈ ਘਾਟਾ ਨਹੀਂ ਪਵੇਗਾ। ਮਿੱਟੀ ਵਿਚ ਇਹ ਯੋਗਤਾ ਹੈ ਕਿ ਉਸ ਵਿਚੋਂ ਘੜੇ ਬਣਾ ਸਕੀਦੇ ਹਨ – ਪਰ ਕੀ ਸਾਰੀ ਮਿੱਟੀ ਦੇ ਕਦੀ ਘੜੇ ਬਣੇ ਹਨ? ਹਰ ਪੱਥਰ ਵਿਚ ਇਹ ਯੋਗਤਾ ਹੈ ਕਿ ਉਸ ਵਿਚੋਂ ਮੂਰਤੀ ਤਰਾਸ਼ੀ ਜਾ ਸਕੇ ਪਰ ਕੀ ਕਦੀ ਅਜਿਹਾ ਹੋਇਆ ਹੈ ਕਿ ਵਿਸ਼ਵ ਦੇ ਸਭ ਪੱਥਰ ਮੂਰਤੀਆਂ ਬਣ ਗਏ ਹੋਣ। ਹਰ ਬੀਜ ਵਿਚ ਇਹ ਸਮੱਰਥਾ ਹੈ ਕਿ ਉਹ ਉਗੇ ਵਧੇ ਤੇ ਪੱਕ ਕੇ ਹੋਰ ਬੀਜ ਪੈਦਾ ਕਰੇ ਪਰ ਅਜਿਹਾ ਸੰਭਵ ਨਹੀਂ ਹੋਇਆ ਕਿ ਸਾਰੇ ਦੇ ਸਾਰੇ ਬੀਜ ਉੱਗਕੇ ਪੱਕੇ ਹੋਣ। ਇਸੇ ਪ੍ਰਕਾਰ ਨੇਕ ਪੁਰਖਾਂ ਦੀ ਹੋਣੀ ਹੈ। ਸਾਧਕ

ਨੇਕੀ ਕਰਦੇ ਹੋਏ ਮੁਕਤ ਹੋ ਜਾਣਗੇ ਪਰ ਸੰਸਾਰ ਵਿਚ ਫਿਰ ਵੀ ਨੇਕ ਮਹਾਂਪੁਰਖ ਕਾਇਮ ਰਹਿਣਗੇ ਕਿਉਂਜੁ ਨੇਕੀ ਅਨੰਤ ਹੈ।

ਉੱਤਮ ਜੀਵਨ ਕਿਹੋ ਜਿਹਾ ਹੋਵੇ, ਵਿਕਾਰਾਂ ਤੋਂ ਕਿਵੇਂ ਬਚੀਏ, ਇਸ ਬਾਰੇ ਬਹੁਤ ਸਾਰੀਆਂ ਦਿਲਚਸਪ ਪਰ ਅਰਥਪੂਰਨ ਕਥਾਵਾਂ ਜੈਨ ਗ੍ਰੰਥਾਂ ਵਿਚ ਮਿਲਦੀਆਂ ਹਨ। ਮੱਖਲੀ ਗੋਸ਼ਾਲ ਤੇਜ਼ ਤਰਾਰ ਬੁੱਧੀ ਦਾ ਵਿਦਿਆਰਥੀ ਮਹਾਂਵੀਰ ਦਾ ਸਿੱਖ ਬਣ ਗਿਆ ਅਤੇ ਦੀਖਿਆ ਲੈ ਲਈ ਪਰ ਉਹ ਹੰਕਾਰੀ ਤਪੱਸਵੀ ਸੀ। ਕੁੱਝ ਸਾਲਾਂ ਬਾਅਦ ਉਸ ਨੇ ਮਹਿਸੂਸ ਕੀਤਾ ਕਿ ਉਹ ਭਗਵਾਨ ਤੋਂ ਕਿਤੇ ਵੱਡਾ ਸਾਧੂ ਹੈ ਤੇ ਭਗਵਾਨ ਨਾਲੋਂ ਨਾਤਾ ਤੋੜਨਾ ਠੀਕ ਹੈ ਕਿਉਂਕਿ ਲੋਕ ਮੈਨੂੰ ਸਾਰੀ ਉਮਰ ਭਗਵਾਨ ਮਹਾਂਵੀਰ ਦਾ ਚੇਲਾ ਸਮਝਦੇ ਰਹਿਣਗੇ ਜਿਸ ਵਿਚ ਹੇਠੀ ਹੈ। ਉਹ ਆਗਿਆ ਲੈ ਕੇ ਆਸ਼ਰਮ ਵਿਚੋਂ ਚਲਾ ਗਿਆ ਤੇ ਕਈ ਸਾਲ ਵਾਪਸ ਨਾ ਪਰਤਿਆ। ਉਹ ਤਪੱਸਿਆ ਕਰਦਾ ਰਿਹਾ।

ਇਕ ਦਿਨ ਉਹ ਭਗਵਾਨ ਦੇ ਆਸ਼ਰਮ ਵਿਚ ਆ ਗਿਆ ਤੇ ਕਹਿਣ ਲੱਗਾ – "ਪਤਾ ਲੱਗਾ ਹੈ ਤੁਸੀਂ ਹਰ ਕਿਸੇ ਨੂੰ ਦਸਦੇ ਹੋ ਮੈਂ ਤੁਹਾਡਾ ਚੇਲਾ ਹਾਂ।"

ਭਗਵਾਨ ਨੇ ਕਿਹਾ – "ਹਰੇਕ ਨੂੰ ਦੱਸਣ ਦੀ ਕੀ ਲੋੜ ਹੈ ਜਦੋਂ ਕਿ ਇਹ ਸੱਚ ਹੈ ਕਿ ਤੂੰ ਮੇਰਾ ਚੇਲਾ ਹੈਂ – ਮੈਂ ਤੈਨੂੰ ਦੀਖਿਆ ਦਿੱਤੀ।"

ਗੋਸ਼ਾਲ ਨੇ ਕਿਹਾ – ਇਕ ਵਾਰ ਦੀ ਗੱਲ ਹੈ ਸੌਦਾਗਰ ਵਪਾਰ ਕਰਨ ਘੋੜਿਆਂ ਅਤੇ ਗੱਡਿਆਂ ਸਮੇਤ ਦੂਰ ਦੇਸ ਦੀ ਯਾਤਰਾ ਉਤੇ ਜਾ ਰਹੇ ਸਨ ਤਾਂ ਘਣੇ ਜੰਗਲ ਨੂੰ ਪਾਰ ਕਰਦਿਆਂ ਦੇਰ ਲੱਗ ਗਈ। ਕਿਤੇ ਪਾਣੀ ਨਹੀਂ ਸੀ। ਪਸ਼ੂ ਤੇ ਵਪਾਰੀ ਤਿਹਾਏ ਹੋ ਗਏ। ਪਾਣੀ ਨਹੀਂ ਮਿਲਿਆ। ਉਨ੍ਹਾਂ ਨੇ ਇੱਧਰ ਉਧਰ ਦੂਰ ਨੇੜੇ ਸਭ ਨਿਗਾਹ ਦੌੜਾਈ ਪਰ ਵਿਅਰਥ। ਉਨ੍ਹਾਂ ਵਿਚੋਂ ਇੱਕ ਨੇ ਕਿਹਾ – ਦੇਖੋ ਉਸ ਪਾਸੇ ਵਰਮੀਆਂ ਹਨ। ਸੁਣਿਆ ਹੈ ਵਰਮੀ ਨੂੰ ਖੋਦੀਏ ਤਾਂ ਪਾਣੀ ਨਿਕਲਦਾ ਹੈ। ਆਉ ਯਤਨ ਕਰੀਏ।

ਉਨ੍ਹਾਂ ਵਰਮੀ ਨੂੰ ਖੋਦਣਾ ਸ਼ੁਰੂ ਕਰ ਦਿੱਤਾ ਤਾਂ ਛੇਤੀ ਹੀ ਨਿਰਮਲ ਠੰਢਾ ਜਲ ਨਿਕਲ ਆਇਆ। ਉਨ੍ਹਾਂ ਜੀਅ ਭਰ ਕੇ ਪੀਤਾ, ਪਸ਼ੂਆਂ ਨੂੰ ਪਿਲਾਇਆ ਤੇ ਖਾਲੀ ਬਰਤਨਾਂ ਵਿਚ ਰਸਤੇ ਵਾਸਤੇ ਵੀ ਪਾਣੀ ਭਰ ਲਿਆ। ਇਕ ਸੌਦਾਗਰ ਕਹਿਣ ਲੱਗਾ, ਦੇਖੀਏ ਦੂਜੀ ਵਰਮੀ ਵਿਚੋਂ ਪਾਣੀ ਨਿਕਲਦਾ ਹੈ ਕਿ ਨਹੀਂ। ਜਦੋਂ ਦੂਜੀ ਵਰਮੀ ਨੂੰ ਖੋਦਣ ਲੱਗੇ ਤਾਂ ਉਸ ਵਿਚੋਂ ਸੋਨੇ ਅਤੇ ਚਾਂਦੀ ਦੇ ਸਿੱਕੇ ਤੇ ਗਹਿਣੇ ਨਿਕਲਣ ਲੱਗੇ। ਵਪਾਰੀ ਖੁਸ਼ ਹੋ ਹੋ ਆਪਣੇ ਗੱਡਿਆ ਵਿਚ ਧਨ ਭਰਨ ਲੱਗੇ। ਫਿਰ ਇਕ ਨੇ ਕਿਹਾ ਦੇਖੀਏ ਤੀਜੀ ਵਰਮੀ ਵਿਚ ਕੀ ਹੈ? ਤੀਜੀ ਵਰਮੀ ਪੁੱਟੀ ਤਾਂ ਹੀਰੇ ਜਵਾਹਰਾਤ ਬੇਅੰਤ ਕੀਮਤੀ ਮੋਤੀ ਨਿਕਲੇ। ਸੁਦਾਗਰ ਖੁਸ਼ ਹੋ ਹੋ ਮਾਲ ਭਰਨ ਲੱਗੇ। ਫਿਰ ਇਕ ਨੇ ਕਿਹਾ – ਦੇਖੀਏ ਚੌਥੀ ਵਰਮੀ ਵਿਚ ਕੀ ਹੈ?

ਤਦ ਇਕ ਸਿਆਣੇ ਸੌਦਾਗਰ ਨੇ ਕਿਹਾ – ਹੋਰ ਲਾਲਚ ਨਾ ਕਰੋ ਭਰਾਵੋ ਬਹੁਤ ਧਨ ਪ੍ਰਾਪਤ ਹੋਇਆ ਹੈ। ਸਬਰ ਕਰੋ ਤੇ ਚਲੋ ਚਲੀਏ। ਪਰ ਇਸ ਸੰਤੋਖੀ ਬੰਦੇ ਦੀ ਕਿਸੇ ਨਾ ਸੁਣੀ ਤੇ ਚੌਥੀ ਵਰਮੀ ਦੀ ਪੁਟਾਈ ਸ਼ੁਰੂ ਹੋ ਗਈ। ਥੋੜ੍ਹੀ ਹੀ ਪੁੱਟੀ ਸੀ ਕਿ ਭਿਆਨਕ ਅਜਗਰ ਫੁੰਕਾਰੇ ਮਾਰਦਾ ਬਾਹਰ ਨਿਕਲਿਆ। ਇਹੋ ਧਨ ਦਾ ਮਾਲਕ ਸੀ। ਉਸ ਨੇ ਸੰਤੋਖੀ ਬੰਦੇ ਨੂੰ ਛੱਡ ਕੇ ਸਾਰਿਆਂ ਵਪਾਰੀਆਂ ਨੂੰ ਭਸਮ ਕਰ ਦਿੱਤਾ।

ਇਹ ਕਹਾਣੀ ਸੁਣਾ ਕੇ ਗੋਸ਼ਾਲ, ਭਗਵਾਨ ਨੂੰ ਕਹਿਣ ਲੱਗਾ – ਤੁਸੀਂ ਬਹੁਤ ਕੁੱਝ ਪ੍ਰਾਪਤ ਕਰ ਲਿਆ ਹੈ। ਹੁਣ ਸਬਰ ਕਰੋ। ਮੇਰੇ ਨਾਲ ਟੱਕਰ ਨਾ ਲਵੋ। ਜੇ ਨਾ ਹਟੇ ਤਾਂ ਇਹ ਸਮਝਣਾ ਕਿ ਚੌਥੀ ਵਰਮੀ ਮੈਂ ਹਾਂ – ਮੈਂ ਤੁਹਾਨੂੰ ਭਸਮ ਕਰ ਦਿਆਂਗਾ।

ਭਗਵਾਨ ਬੋਲੇ – ਤੂੰ ਮੇਰਾ ਪਿਆਰਾ ਵਿਦਿਆਰਥੀ ਗੋਸ਼ਾਲ ਹੈਂ। ਹੰਕਾਰ ਨਾ ਕਰ। ਧਰਮ ਦੇ ਰਾਹ ਤੇ ਚੱਲ।

ਗੋਸ਼ਾਲ ਕਰੋਧਵਾਨ ਹੋ ਕੇ ਕਹਿਣ ਲੱਗਾ – ਨਹੀਂ, ਮੈਂ ਗੋਸ਼ਾਲ ਨਹੀਂ। ਮੈਂ ਕੌਂਡਿਨਿਆਇਨ ਹਾਂ ਤੇ ਤਪ ਕਰਦਾ ਕਰਦਾ ਹੁਣ ਤੱਕ ਸੱਤ ਸਰੀਰਾਂ ਵਿਚ ਪ੍ਰਵੇਸ਼ ਕਰਕੇ ਇੱਥੇ ਪੁੱਜਾ ਹਾਂ। ਗੋਸ਼ਾਲ ਨਹੀਂ ਹਾਂ ਮੈਂ। ਤੁਹਾਡਾ ਚੇਲਾ ਹੋ ਸਕਦਾ ਹੈ ਕੋਈ ਹੋਰ ਗੋਸ਼ਾਲ ਹੋਵੇ। ਮੈਂ ਗੋਸ਼ਾਲ ਨਹੀਂ ਹਾਂ। ਹਾਂ ਉਸ ਦੇ ਸਰੀਰ ਵਿਚ ਵੀ ਇਕ ਵਾਰ ਪ੍ਰਵੇਸ਼ ਕੀਤਾ ਸੀ।

ਮਹਾਂਵੀਰ ਬੋਲੇ – ਗੋਸ਼ਾਲਕ, ਚੋਰ ਦਾ ਪਿਛਾ ਹੋ ਰਿਹਾ ਹੋਵੇ ਤਾਂ ਉਹ ਕਦੀ ਪਸ਼ੂਆਂ ਵਿਚ ਲੁਕਣ ਦਾ ਯਤਨ ਕਰਦਾ ਹੈ ਕਦੀ ਰੁੱਖਾਂ ਉਹਲੇ ਤੇ ਕਦੀ ਘਾਹ-ਫੂਸ ਹੇਠਾਂ ਵੜ ਜਾਂਦਾ ਹੈ। ਤੂੰ ਆਪਣੇ ਆਪ ਨੂੰ ਸ਼ਬਦਜਾਲ ਵਿਚ ਛੁਪਾ ਰਿਹਾ ਹੈਂ। ਤੂੰ ਮੇਰਾ ਸ਼ਿਸ਼ ਗੋਸ਼ਾਲ ਹੈਂ। ਜੋ ਤੂੰ ਕਰ ਰਿਹਾ ਹੈਂ ਤੇ ਕਹਿ ਰਿਹਾ ਹੈਂ ਉਹ ਸੱਚ ਨਹੀਂ ਤੇ ਉਚਿਤ ਨਹੀਂ। ਅਜਿਹਾ ਨਾ ਕਰ।

ਭਗਵਾਨ ਦੀ ਇਹ ਗੱਲ ਸੁਣ ਕੇ ਗੋਸ਼ਾਲ ਅੱਗ ਬਗੂਲਾ ਹੋ ਗਿਆ ਤੇ ਕਹਿਣ ਲੱਗਾ – ਮੈਂ ਭਸਮ ਕਰ ਦਿਆਂਗਾ। ਸਭ ਨੂੰ ਭਸਮ ਕਰ ਸਕਦਾ ਹਾਂ ਮੈਂ। ਭਗਵਾਨ ਮਹਾਂਵੀਰ ਥੋੜ੍ਹੇ ਚਿਰ ਦੇ ਹਨ ਬਸ। ਇਹ ਕਹਿਕੇ ਉਸ ਨੇ ਅੱਗ ਦੀਆਂ ਤਿੱਖੀਆਂ ਲਪਟਾਂ ਭਗਵਾਨ ਵੱਲ ਛੱਡੀਆਂ ਪਰ ਭਗਵਾਨ ਦਾ ਕੁੱਝ ਨਾ ਵਿਗੜਿਆ। ਫਿਰ ਉਹ ਕ੍ਰੋਧਵਾਨ ਹੋ ਕੇ ਕਹਿਣ ਲੱਗਾ – ਛੇ ਮਹੀਨਿਆਂ ਦੇ ਅੰਦਰ ਅੰਦਰ ਭਗਵਾਨ ਦੀ ਮੌਤ ਹੋ ਜਾਵੇਗੀ। ਬੁਖਾਰ ਨਾਲ ਉਹ ਤੜਫ ਤੜਫ ਕੇ ਮਰੇਗਾ। ਇਹ ਕਹਿੰਦਾ ਕਹਿੰਦਾ ਉਹ ਫੁੰਕਾਰੇ ਮਾਰਦਾ ਪੈਰ ਪਟਕਦਾ ਵਾਪਸ ਚਲਾ ਗਿਆ।

ਆਸ ਪਾਸ ਦੇ ਲੋਕਾਂ ਵਿਚ ਤਿੱਖੀ ਚਰਚਾ ਚੱਲ ਪਈ। ਕੋਈ ਕਹਿੰਦਾ ਸੀ ਭਗਵਾਨ ਦਾ ਕੁੱਝ ਨਹੀਂ ਵਿਗੜੇਗਾ ਤੇ ਕੋਈ ਕਹਿੰਦਾ ਸੀ ਗੋਸ਼ਾਲ ਵੀ ਘੱਟ ਨਹੀਂ ਹੈ ਉਸ ਨੇ ਬੜੀ ਸਾਧਨਾ ਕੀਤੀ ਹੋਈ ਹੈ .... ਜਿਹੜਾ ਭਗਵਾਨ ਨੂੰ ਉਸ ਦੇ ਸਾਹਮਣੇ ਲਲਕਾਰ ਰਿਹਾ ਹੈ ਉਹ ਅਵੱਸ਼ ਸ਼ਕਤੀਸ਼ਾਲੀ ਹੈ। ਹੋ ਸਕਦਾ ਹੈ ਭਗਵਾਨ ਉਸ ਦੇ ਸਰਾਪ ਨਾਲ ਚੱਲ ਵਸਣ। ਇਸ ਚੁੰਝ ਚਰਚਾ ਬਾਰੇ ਜਦੋਂ ਕੁੱਝ ਲੋਕਾਂ ਨੇ ਮਹਾਂਵੀਰ ਨੂੰ ਦੱਸਿਆ ਕਿ ਦੋਹੇ ਤਰ੍ਹਾਂ ਦੀਆਂ ਗੱਲਾਂ ਹੋ ਰਹੀਆਂ ਹਨ – ਕਿਸ ਨੂੰ ਸੱਚ ਮੰਨੀਏ? ਭਗਵਾਨ ਨੇ ਉੱਤਰ ਦਿੱਤਾ- ਲੋਕਾਂ ਦੀ ਦਿਲਚਸਪੀ ਧਰਮ ਵਿਚ ਨਹੀਂ ਹੈ। ਉਨ੍ਹਾਂ ਦੀ ਦਿਲਚਸਪੀ ਚਮਤਕਾਰਾਂ ਵਿਚ ਹੈ। ਚਮਤਕਾਰ ਧਰਮ ਨਹੀਂ ਹੁੰਦੇ। ਸਾਰੀ ਉਮਰ ਮੈਂ ਇਹੀ ਦਸਦਾ ਫਿਰ ਰਿਹਾ ਹਾਂ ਕਿ ਚਮਤਕਾਰਾਂ ਪਿੱਛੇ ਨਾ ਦੌੜੋ। ਕੇਵਲ ਧਰਮ ਦਾ ਰਸਤਾ ਲਭੋ। ਇਸੇ ਰਾਹੀਂ ਮੁਕਤੀ ਹੋਵੇਗੀ। ਇਹੋ ਸਾਡਾ ਉਦੇਸ਼ ਹੈ।

ਅਸੀਂ ਪੜ੍ਹ ਚੁੱਕੇ ਹਾਂ ਕਿ ਪਾਰਸ਼ਵ ਨਾਥ ਨੇ ਚਾਰ ਮਹਾਂਵਰਤ ਦੱਸੇ ਸਨ ਪਰ ਮਹਾਂਵੀਰ ਨੇ ਪੰਜ। ਹਸਤਨਾਪੁਰ ਦੇ ਨਜ਼ਦੀਕ ਸ੍ਰਾਵਸਤੀ ਵਿਖੇ ਪਾਰਸ਼ਵ ਨਾਥ ਦੇ

ਵੰਸ਼ ਵਿਚੋਂ ਕੇਸ਼ ਕੁਮਾਰ ਅਤੇ ਮਹਾਂਵੀਰ ਦੇ ਸ਼ਾਗਿਰਦ ਗੌਤਮ ਦਾ ਮਿਲਾਪ ਹੋਇਆ। ਦੋਹਾਂ ਮੁਨੀਆਂ ਦੇ ਸ਼ਾਗਿਰਦ ਮੌਜੂਦ ਸਨ। ਗੌਤਮ ਦੇ ਸਾਥੀ ਜਾਣਨਾ ਚਾਹੁੰਦੇ ਸਨ ਕਿ ਭਗਵਾਨ ਪਾਰਸ਼ਵ ਨਾਥ ਨੇ ਮਾਨਵ ਜੀਵਨ ਦੀ ਸਫਲਤਾ ਵਾਸਤੇ ਚਾਰ ਮਹਾਂਵਰਤਾਂ (ਅਹਿੰਸਾ, ਸੱਤ, ਅਸਤੇਯ ਅਤੇ ਅਪਰਿਗ੍ਰਹਿ) ਦੀ ਪਾਲਣਾ ਵਾਸਤੇ ਕਿਹਾ ਸੀ ਪਰ ਭਗਵਾਨ ਮਹਾਂਵੀਰ ਨੇ ਬ੍ਰਹਮਚਰਜ ਸ਼ਾਮਲ ਕਰਕੇ ਪੰਜ ਮਹਾਂਵਰਤ ਦੱਸੇ ਹਨ। ਕੀ ਦੋਹਾਂ ਦੇ ਮੱਤ ਭਿੰਨ ਭਿੰਨ ਹੋਏ? ਕੇਸ਼ ਕੁਮਾਰ ਨੇ ਇਹੀ ਪ੍ਰਸ਼ਨ ਗੌਤਮ ਨੂੰ ਕੀਤਾ ਤਾਂ ਗੌਤਮ ਨੇ ਉੱਤਰ ਦਿੱਤਾ "ਧਰਮ-ਤੱਤ ਦੀ ਸਮਝ ਬੁੱਧੀ ਨਾਲ ਆਉਂਦੀ ਹੈ। ਜਿਸ ਪ੍ਰਕਾਰ ਦੀ ਬੁੱਧੀ ਦੇ ਲੋਕ ਹੋਣ, ਉਨ੍ਹਾਂ ਦੇ ਮਿਆਰ ਅਨੁਸਾਰ ਧਰਮ-ਤੱਤ ਦੇ ਉਪਦੇਸ਼ ਦਿੱਤੇ ਜਾਂਦੇ ਹਨ। ਪਹਿਲੇ ਤੀਰਥਾਂਕਰਾਂ ਦੇ ਸਮੇਂ ਮਨੁੱਖ ਸਿੱਧੇ, ਸਾਦੇ, ਸਰਲ ਸਨ ਪਰ ਅੰਤਿਮ ਤੀਰਥਾਂਕਰ ਦੇ ਸਮੇਂ ਮਨੁੱਖ ਚਤਰ ਸਨ। ਪਹਿਲੇ ਲੋਕਾਂ ਨੂੰ ਧਰਮ ਦਾ ਤੱਤ ਸਮਝਾਉਣਾ ਬੜਾ ਮੁਸ਼ਕਲ ਸੀ ਪਰ ਜਦ ਸਮਝ ਜਾਂਦੇ ਸਨ ਤਦ ਪਾਲਣ ਕਰਦੇ ਸਨ । ਹੁਣ ਦੇ ਲੋਕਾਂ ਨੂੰ ਧਰਮ ਦੀ ਸਮਝ ਜਲਦੀ ਆ ਜਾਂਦੀ ਹੈ ਪਰ ਇਨ੍ਹਾਂ ਨੂੰ ਧਰਮ ਦਾ ਪਾਲਣ ਕਰਵਾਉਣਾ ਮੁਸ਼ਕਲ ਹੈ। ਇਸ ਲਈ ਥੋੜ੍ਹਾ ਜਿਹਾ ਫਰਕ ਹੈ।"

ਫਿਰ ਕੇਸ਼ੋ ਨੇ ਪੁਛਿਆ – ਹੇ ਮਹਾਮੁਨੀ ਤੁਸੀਂ ਸੈਂਕੜੇ ਦੁਸ਼ਮਣਾਂ ਵਿਚਕਾਰ ਘਿਰ ਜਾਵੋਂ ਤਾਂ ਕਿਵੇਂ ਵਿਜਈ ਹੋਵੋਗੇ?

ਗੌਤਮ ਨੇ ਕਿਹਾ – ਇਕ ਸ਼ੱਤਰੂ ਨੂੰ ਜਿੱਤਣ ਨਾਲ ਪੰਜ ਜਿੱਤ ਲਏ ਜਾਂਦੇ ਹਨ ਤੇ ਪੰਜਾਂ ਉਤੇ ਜੇਤੂ ਹੋ ਜਾਵੇ ਤਾਂ ਸਾਰਿਆਂ ਉਤੇ ਵਿਜੇ ਹਾਸਲ ਹੋ ਜਾਂਦੀ ਹੈ।

ਕੇਸ਼ੋ ਨੇ ਕਿਹਾ – ਮਹਾਰਾਜ ਦੱਸੋ ਕਿ ਕਿਵੇਂ?

ਗੌਤਮ ਨੇ ਉੱਤਰ ਦਿੱਤਾ – ਇੱਕ ਮਨ ਨੂੰ ਜਿੱਤ ਲੈਣ ਨਾਲ ਕਾਮ, ਕ੍ਰੋਧ, ਮੋਹ, ਲੋਭ, ਹੰਕਾਰ ਜਿੱਤੇ ਜਾਂਦੇ ਹਨ। ਜਿਸ ਨੇ ਇਹ ਪੰਜ ਜਿੱਤ ਲਏ, ਪੰਜੇ ਗਿਆਨ ਇੰਦਰੀਆਂ ਉਸ ਦੇ ਵੱਸ ਵਿਚ ਆ ਗਈਆਂ ਤਾਂ ਸਾਰਾ ਸੰਸਾਰ ਜਿੱਤਿਆ ਗਿਆ।

ਭਗਵਾਨ ਮਹਾਂਵੀਰ ਲਾਡਾਂ ਪਿਆਰਾਂ ਵਿਚ ਪਲੇ ਰਾਜਕੁਮਾਰ ਸਨ ਜਿਨ੍ਹਾਂ ਨੂੰ ਪਤਾ ਨਹੀਂ ਸੀ ਗਰੀਬੀ ਕੀ ਹੁੰਦੀ ਹੈ, ਮਜ਼ਦੂਰੀ ਕੀ ਹੈ ਤੇ ਸਾਧਾਰਣ ਗ੍ਰਹਿਸਥੀ ਲੋਕ ਕਿਹੋ ਜਿਹਾ ਕਠੋਰ ਜੀਵਨ ਬਤੀਤ ਕਰਦੇ ਹਨ। ਇਕ ਦਿਨ ਆਪਣੇ ਕੁੱਝ ਸੇਵਕਾਂ ਨਾਲ ਘੋੜੇ ਉਤੇ ਸਵਾਰ ਹੋ ਕੇ ਉਹ ਸੈਰ ਲਈ ਜਾ ਰਹੇ ਸਨ ਤਾਂ ਉਨ੍ਹਾਂ ਨੇ ਕਿਸੇ ਦੇ ਰੋਣ ਕੁਰਲਾਣ ਦੀ ਆਵਾਜ਼ ਸੁਣੀ। ਰਾਜਕੁਮਾਰ ਨੇ ਘੋੜਾ ਰੋਕਿਆ ਅਤੇ ਸੇਵਾਦਾਰ ਨੂੰ ਪਤਾ ਕਰਨ ਲਈ ਭੇਜਿਆ ਕਿ ਦੇਖੋ ਕੀ ਹੋਇਆ ਹੈ। ਸੇਵਕ ਇਕ ਘਰ ਵਿਚ ਗਿਆ ਤੇ ਥੋੜ੍ਹੀ ਦੇਰ ਬਾਅਦ ਵਾਪਸ ਆ ਕੇ ਕਹਿਣ ਲੱਗਾ – ਕੋਈ ਖਾਸ ਗੱਲ ਨਹੀਂ ਮਾਲਕ। ਇਹ ਘਰੇਲੂ ਮਸਲਾ ਹੈ। ਰਾਜਕੁਮਾਰ ਨੇ ਪੁਛਿਆ ਕਿ ਮਸਲਾ ਆਖਰ ਕੀ ਹੈ? ਤਾਂ ਸੇਵਕ ਨੇ ਦੱਸਿਆ ਕਿ ਘਰ ਦਾ ਮਾਲਕ ਆਪਣੇ ਗੁਲਾਮ ਨੂੰ ਕੁੱਟ ਰਿਹਾ ਹੈ। ਰਾਜਕੁਮਾਰ ਨੇ ਪੁੱਛਿਆ ਅਜਿਹਾ ਕਿਉਂ? ਕੀ ਦਾਸ ਘਰ ਦਾ ਇਕ ਜੀਵ ਨਹੀਂ ਹੈ? ਸੇਵਾਦਾਰ ਨੇ ਕਿਹਾ ਜੀ ਘਰ ਦਾ ਮੈਂਬਰ ਤਾਂ ਹੈ ਪਰ ਇਸ ਘਰ ਵਿਚ ਜੰਮਿਆ ਨਹੀਂ ਉਹ। ਉਹ ਦਾਸ ਹੈ। ਰਾਜਕੁਮਾਰ ਨੇ ਪੁੱਛਿਆ– ਮੇਰੇ ਪਿਤਾ ਦੇ ਰਾਜ ਵਿਚ ਕੀ ਦਾਸਾਂ ਨੂੰ ਮਾਰਨ ਕੁੱਟਣ ਦੀ ਪ੍ਰਵਾਨਗੀ ਹੈ? ਸੇਵਕ ਨੇ ਦੱਸਿਆ– ਜੀ ਕੇਵਲ ਕੁੱਟਣ ਦੀ ਨਹੀਂ ਜਾਨ ਤੋਂ ਮਾਰ ਦੇਣ ਦੀ ਵੀ ਪ੍ਰਵਾਨਗੀ ਹੈ।

ਉਸੇ ਵਕਮ ਰਾਜ ਕੁਮਾਰ ਦੇ ਮਨ ਵਿਚ ਸਮਕਾਲੀ ਸ਼ਾਸਨ ਪ੍ਰਣਾਲੀ ਵਿਰੁੱਧ ਗੁੱਸਾ ਭਰ ਗਿਆ। ਉਹ ਸੈਰ ਕਰਨ ਦੀ ਥਾਂ ਵਾਪਸ ਪਰਤ ਆਏ ਤੇ ਉਨ੍ਹਾਂ ਦਾ ਮਨ ਅਜਿਹੇ ਰਾਜ ਤੋਂ ਉਦਾਸੀਨ ਹੋ ਗਿਆ ਜਿਥੇ ਮਨੁੱਖ ਨਾਲ ਮਨੁੱਖ ਜਿਹਾ ਵਿਹਾਰ ਨਹੀਂ ਹੋ ਰਿਹਾ। ਉਸ ਨੇ ਆਪਣੇ ਭਰਾ ਨੰਦੀ ਵਰਧਨ ਨੂੰ ਕਿਹਾ – ਮੈਂ ਅਜਿਹੀ ਰਾਜ ਪ੍ਰਣਾਲੀ ਦਾ ਹਿੱਸਾ ਬਣ ਕੇ ਨਹੀਂ ਰਹਾਂਗਾ ਜਿੱਥੇ ਇਹੋ ਜਿਹੇ ਕਾਨੂੰਨ ਹੋਣ। ਮੈਂ ਸਨਿਆਸ ਲਵਾਂਗਾ।

ਨੰਦੀ ਵਰਧਨ ਨੇ ਕਿਹਾ – ਮਹਾਂਵੀਰ, ਜੇ ਸਰਕਾਰ ਵਿਚ ਨੁਕਸ ਹਨ ਤਾਂ ਇਥੇ ਰਹਿ ਕੇ ਸਹਾਇਤਾ ਕਰੋ – ਇਹ ਖਾਮੀਆਂ ਦੂਰ ਕਰੋ। ਇੱਥੋਂ ਜਾ ਕਿਉਂ ਰਹੇ ਹੋ?

ਮਹਾਂਵੀਰ ਬੋਲੇ – ਸਾਡਾ ਰਾਜ ਕਈ ਰਾਜਾਂ ਦੇ ਗਣਤੰਤਰ ਦਾ ਇਕ ਹਿੱਸਾ ਹੈ। ਕਾਨੂੰਨ ਇਕ ਮਨੁੱਖ ਦੀ ਮਰਜ਼ੀ ਨਾਲ ਨਹੀਂ ਬਦਲੇ ਜਾ ਸਕਦੇ। ਪੂਰਾ ਗਣਤੰਤਰ ਬਦਲਣਾ ਪਵੇਗਾ ਤੇ ਗਣਤੰਤਰ ਉਦੋਂ ਬਦਲੇਗਾ ਜਦੋਂ ਸਮਾਜ ਦਾ ਪਰਿਵਰਤਨ ਹੋ ਗਿਆ। ਮੈਂ ਮਹਿਲਾਂ ਤੋਂ ਸੁਤੰਤਰ ਹੋ ਕੇ ਪਹਿਲੋਂ ਆਪਣੇ ਆਪ ਨੂੰ ਬਦਲਾਂਗਾ। ਜਦੋਂ ਮੈਂ ਆਪਣੇ ਆਪ ਉਤੇ ਜਿੱਤ ਹਾਸਲ ਕਰ ਲਈ ਫਿਰ ਮੈਂ ਮਨੁੱਖਤਾ ਦਾ ਮਨ ਜਿੱਤਾਂਗਾ। ਇਹ ਮੇਰਾ ਅਟੱਲ ਫੈਸਲਾ ਹੈ।

ਭਗਵਾਨ ਮਹਾਂਵੀਰ ਨੇ ਜੀਵਨ ਭਰ ਇਹੀ ਕੁੱਝ ਕੀਤਾ। ਇਸੇ ਲਈ ਉਨ੍ਹਾਂ ਨੂੰ 'ਜਿਨ' ਕਿਹਾ ਜਾਂਦਾ ਹੈ। ਜਿਨ ਦਾ ਅਰਥ ਹੈ ਵਿਜੇਤਾ। ਜੋ ਆਪਣੇ ਆਪ ਦਾ ਵਿਜਈ ਹੋ ਗਿਆ ਉਹ ਵਿਸ਼ਵ ਦਾ ਵਿਜਈ ਹੋਇਆ। ਜੈਨ ਧਰਮ ਦਾ ਸੰਸਾਰ ਦੇ ਸਭ ਮਨੁੱਖਾਂ ਨੂੰ ਇਹੋ ਮੰਗਲਮਈ ਸੰਦੇਸ਼ ਹੈ ਕਿ ਆਪਣੇ ਆਪ ਨੂੰ ਜਿੱਤੋ – ਇਹੀ ਮਾਨਵ ਜੀਵਨ ਦਾ ਉਦੇਸ਼ ਹੈ।

ਬੁੱਧ ਮੱਤ

ਬੁੱਧਮੱਤ ਦੇ ਤਿੰਨ ਹਿੱਸੇ ਹਨ ਅਤੇ ਤਿੰਨਾਂ ਵਿਚੋਂ ਕੋਈ ਘੱਟ ਜਾਂ ਵੱਧ ਮਹੱਤਵਪੂਰਣ ਨਹੀਂ। ਇਹ ਹਨ-

1. ਮਹਾਤਮਾ ਬੁੱਧ- ਜੀਵਨ
2. ਧਰਮ
3. ਸੰਘ

ਇਸ ਅਧਿਆਇ ਵਿਚ ਕ੍ਰਮਵਾਰ ਤਿੰਨਾ ਅੰਗਾਂ ਦਾ ਅਧਿਐਨ ਕੀਤਾ ਜਾਵੇਗਾ।

ਗੌਤਮ ਬੁੱਧ

ਢਾਈ ਹਜ਼ਾਰ ਸਾਲ ਪਹਿਲਾਂ ਜਦੋਂ ਵਿਸ਼ਵ ਭਰਮ ਅਤੇ ਮਿੱਥ ਦੇ ਸੰਸਕਾਰਾਂ ਵਿਚ ਲਿਪਟਿਆ ਪਿਆ ਸੀ, ਮਹਾਤਮਾ ਬੁੱਧ ਜਿਹੇ ਵਿਗਿਆਨਕ ਸੋਚ ਵਾਲੇ ਵਿਅਕਤੀ ਦਾ ਜਨਮ ਇਕ ਚਮਤਕਾਰ ਸੀ। ਉਸ ਨੇ ਸ਼ਕਤੀਸ਼ਾਲੀ ਬੌਧਿਕਤਾ ਦੀ ਰੋਸ਼ਨੀ ਰਾਹੀਂ ਹਰ ਪੁਰਾਣੇ ਵਿਸ਼ਵਾਸ ਨੂੰ ਤੋੜਿਆ। ਵੇਦਾਂ ਦੀ ਪ੍ਰਭੁਸੱਤਾ ਨੂੰ ਵੰਗਾਰਨਾ ਕੋਈ ਖੇਡ ਨਹੀਂ ਸੀ ਪਰ ਉਸ ਨੇ ਅਜਿਹਾ ਕਰ ਦਿਖਾਇਆ। ਉਸ ਨੇ ਹਰ ਪਰੰਪਰਾ ਉਤੇ ਵਾਰ ਕੀਤਾ – ਸੰਸਕ੍ਰਿਤ ਭਾਸ਼ਾ ਦੀ ਦਿੱਬਤਾ ਉਤੇ, ਵਰਣ ਆਸ਼ਰਮ ਪ੍ਰਥਾ ਉਤੇ, ਬ੍ਰਾਹਮਣਾਂ ਵਲੋਂ ਪ੍ਰਚੱਲਤ ਕਰਮਕਾਂਡਾ ਉਤੇ, ਪੁਜਾਰੀ ਵਰਗ ਵਲੋਂ ਕੀਤੀ ਜਾਂਦੀ ਲੁੱਟ ਉਤੇ ਉਸ ਨੇ ਤਿੱਖੇ ਹੱਲੇ ਕੀਤੇ। ਬੋਧ ਪਰੰਪਰਾ ਵੀ ਜੈਨ-ਪਰੰਪਰਾ ਵਾਂਗ ਆਰੀਅਨ ਪਰੰਪਰਾ ਤੋਂ ਸੁਤੰਤਰ ਅਵੈਦਕ ਸ਼ਰੌਮਣ ਪਰੰਪਰਾ ਕਰ ਕੇ ਜਾਣੀ ਜਾਂਦੀ ਹੈ। ਬੁੱਧ ਦੇ ਉਪਦੇਸ਼ ਇੰਨੇ ਸ਼ਕਤੀਸ਼ਾਲੀ ਸਨ ਕਿ ਉਨ੍ਹਾਂ ਨੂੰ ਸਿੰਘਨਾਦ, ਭਾਵ ਸ਼ੇਰ ਦੀ ਗਰਜ ਕਿਹਾ ਜਾਂਦਾ ਹੈ। ਸਮਰਾਟ ਅਸ਼ੋਕ ਦੁਆਰਾ ਲੋਹੇ ਦੇ ਸਤੰਭ ਉਤੇ ਬਣੇ ਚਾਰ ਦਿਸ਼ਾਵਾਂ ਵੱਲ ਦਹਾੜਦੇ ਚਾਰ ਸ਼ੇਰ ਬੁੱਧ ਦੀਆਂ ਗਰਜਾਂ ਦੇ ਪ੍ਰਤੀਕ ਹਨ। ਇਹ ਨਿਸ਼ਾਨ ਆਧੁਨਿਕ ਭਾਰਤ ਦਾ ਰਾਸ਼ਟਰੀ ਚਿੰਨ੍ਹ (National Embulm) ਹੈ ਜੋ ਨੋਟਾਂ ਅਤੇ ਸਿੱਕਿਆਂ ਆਦਿਕ ਸਮੇਤ ਹਰ ਸਰਕਾਰੀ ਕਾਗਜ ਪੱਤਰ ਉਪਰ ਉਕਰਿਆ ਮਿਲਦਾ ਹੈ। ਬੁੱਧ ਦਾ ਧਰਮ-ਚੱਕਰ ਕੌਮੀ ਝੰਡੇ ਦੇ ਵਿਚਕਾਰ ਸੁਸ਼ੋਭਿਤ ਹੈ।

ਗੌਤਮ ਦਾ ਜਨਮ 560 ਪੂਰਬ ਈਸਾ ਵਿਚ ਹਿਮਾਲਿਆ ਪਰਬਤ ਦੇ ਨਜ਼ਦੀਕ ਦੀਆਂ ਵਾਦੀਆਂ ਵਿਚ ਕਪਿਲਵਸਤੂ ਦੀ ਰਿਆਸਤ ਅਧੀਨ ਲੁੰਬਿਨੀ ਨਾਂ ਦੇ ਜੰਗਲ ਵਿਚ ਹੋਇਆ ਸੀ। ਪਿਤਾ ਮਹਾਰਾਜ ਸੁਧੋਧਨ ਸਨ ਤੇ ਮਾਤਾ ਦਾ ਨਾਮ ਮਹਾਂਮਾਇਆ ਸੀ। ਸੁਧੋਧਨ ਸਾਕਜਵੰਸ਼ ਦੀ ਗਣਤੰਤਰ ਦਾ ਰਾਜਾ ਸੀ। ਸਾਕਜ ਕੁਲ ਖੱਤਰੀਆਂ

ਵਿਚ ਸਤਿਕਾਰਯੋਗ ਖਾਨਦਾਨ ਸੀ। ਮਹਾਰਾਣੀ ਮਹਾਂਮਾਇਆ ਦਾ ਪਿਤਾ ਕੋਲੀ ਰਿਆਸਤ ਦਾ ਰਾਜਾ ਸੀ ਤੇ ਦੇਵਦਾਹ ਉਸ ਦੀ ਰਾਜਧਾਨੀ ਸੀ। ਰਿਵਾਜ ਅਨੁਸਾਰ ਪਹਿਲੇ ਬੱਚੇ ਦੇ ਜਨਮ ਵਕਤ ਇਸਤਰੀਆਂ ਪੇਕੇ ਜਾਇਆ ਕਰਦੀਆਂ ਸਨ। ਬੁੱਧ ਦੇ ਜਨਮ ਤੋਂ ਪਹਿਲਾਂ ਮਹਾਂਮਾਇਆ ਨੇ ਸੁਧੋਧਨ ਪਾਸ ਬੇਨਤੀ ਕੀਤੀ ਕਿ ਮਾਪਿਆਂ ਪਾਸ ਪੁਚਾਓ। ਰਥ ਤਿਆਰ ਕਰ ਦਿੱਤੇ ਗਏ। ਸੈਨਿਕਾਂ ਦੀ ਇਕ ਟੁਕੜੀ ਅਤੇ ਬਾਂਦੀਆਂ ਉਨ੍ਹਾਂ ਨਾਲ ਤੋਰ ਦਿੱਤੀਆਂ ਤੇ ਦੇਵਦਾਹ ਸ਼ਹਿਰ ਵੱਲ ਇਹ ਕਾਫਲਾ ਤੁਰ ਪਿਆ।

ਸ਼ਾਇਦ ਕੁਦਰਤ ਨੂੰ ਅਜਿਹਾ ਮਨਜ਼ੂਰ ਸੀ ਕਿ ਜਿਸ ਬਾਲਕ ਨੇ ਸ਼ਾਹੀ ਮਹਿਲਾਂ ਦੀ ਥਾਂ ਬਣਵਾਸੀ ਜੀਵਨ ਨੂੰ ਚੁਣਨਾ ਸੀ, ਉਸ ਦਾ ਜਨਮ ਵੀ ਜੰਗਲ ਵਿਚ ਹੋਵੇ। ਸਫਰ ਦੌਰਾਨ ਮਹਾਰਾਣੀ ਰਥ ਵਿਚ ਬੈਠੀ ਬੈਠੀ ਥੱਕ ਗਈ ਤਾਂ ਉਸ ਨੇ ਪੈਦਲ ਤੁਰਨ ਦੀ ਇੱਛਾ ਪ੍ਰਗਟ ਕੀਤੀ। ਰਥ ਦੇ ਨਾਲ ਨਾਲ ਉਹ ਬਾਂਦੀਆਂ ਸਮੇਤ ਤੁਰੀ ਜਾ ਰਹੀ ਸੀ ਕਿ ਇਕ ਝਾੜੀ ਉਤੇ ਸੁਹਣੇ ਫੁੱਲਾਂ ਦੀ ਡਾਲੀ ਲਹਿਰਾਉਂਦੀ ਹੋਈ ਦੇਖੀ। ਮਹਾਂਮਾਇਆ ਨੇ ਬਾਂਹ ਉਚੀ ਉਲਾਰ ਕੇ ਫੁੱਲਾਂ ਲੱਦੀ ਟਾਹਣੀ ਤੋੜਨੀ ਚਾਹੀ ਤਾਂ ਤਿੱਖਾਂ ਦਰਦ ਆਰੰਭ ਹੋ ਗਿਆ। ਇਥੇ ਹੀ ਜੰਗਲ ਵਿਚ ਬੱਚੇ ਦਾ ਜਨਮ ਹੋਇਆ। ਮਹਾਰਾਣੀ ਬੱਚੇ ਸਮੇਤ ਵਾਪਸ ਕਪਿਲਵਸਤੂ ਆ ਗਈ। ਜਨਮ ਤੋਂ ਸੱਤ ਦਿਨ ਬਾਅਦ ਸ਼ਹਿਜ਼ਾਦੇ ਦਾ ਨਾਮ ਸਿਧਾਰਥ ਰੱਖਿਆ ਗਿਆ ਤੇ ਇਸ ਸਮੇਂ ਮਾਤਾ ਪ੍ਰਲੋਕ ਸਿਧਾਰ ਗਈ। ਸਿਧਾਰਥ ਨੂੰ ਪਾਲਣ ਪੋਸ਼ਣ ਦੀ ਜ਼ਿੰਮੇਵਾਰੀ ਉਸ ਦੀ ਮਾਸੀ ਪ੍ਰਜਾਪਤੀ ਗੌਤਮੀ ਨੂੰ ਸੌਂਪੀ ਗਈ ਜਿਸ ਨੂੰ ਪਿਛੋਂ ਸੁਧੋਧਨ ਨੇ ਵਿਆਹ ਕੇ ਆਪਣੀ ਰਾਣੀ ਬਣਾਇਆ। ਸਿਧਾਰਥ ਦੇ ਨਾਮਕਰਣ ਦੀ ਰਸਮ ਵੀ ਦਿਲਚਸਪ ਹੈ। ਆਪਣੇ ਸਮੇਂ ਦਾ ਪ੍ਰਸਿੱਧ ਜੋਤਸ਼ੀ ਆਸਿਤ, ਕਪਿਲਵਸਤੂ ਵਿਖੇ ਆਇਆ। ਮਹਿਲ ਵਿਚ ਰਾਜਾ ਸੁਧੋਧਨ ਨੇ ਉਸ ਦਾ ਬੜਾ ਸਤਿਕਾਰ ਕੀਤਾ ਪਰ ਬੱਚੇ ਦਾ ਮੁੱਖ ਦੇਖਣ ਸਾਰ ਸਾਧੂ ਦੀਆਂ ਅੱਖਾਂ ਵਿਚ ਹੰਝੂ ਭਰ ਆਏ। ਰਾਜਾ ਉਦਾਸ ਹੋ ਗਿਆ ਕਿ ਸ਼ਾਇਦ ਕੋਈ ਦੁਰਘਟਨਾ ਵਾਪਰੇਗੀ, ਪਰ ਸਾਧੂ ਨੇ ਕਿਹਾ – ਮਹਾਰਾਜ ਇਹ ਖੁਸ਼ੀ ਦੇ ਅਥਰੂ ਹਨ। ਮਨੁੱਖਤਾ ਦਾ ਰਖਵਾਲਾ ਤੇ ਸ੍ਰਿਸ਼ਟੀ ਦਾ ਸੱਚਾ ਹਮਦਰਦ ਪੈਦਾ ਹੋਇਆ ਹੈ। ਦੁੱਖ ਕੇਵਲ ਇਸ ਗੱਲ ਦਾ ਹੈ ਕਿ ਮੈਂ ਅਤੇ ਤੁਸੀਂ ਉਹ ਦਿਨ ਦੇਖਣ ਲਈ ਜਿਉਂਦੇ ਨਹੀਂ ਹੋਵਾਂਗੇ ਜਦੋਂ ਸਾਰੇ ਸੰਸਾਰ ਵਿਚ ਇਸ ਰਾਜ ਕੁਮਾਰ ਦੀ ਕੀਰਤੀ ਫੈਲੇਗੀ। ਇਸੇ ਸਾਧੂ ਆਸਿਤ ਨੇ ਬੱਚੇ ਦਾ ਨਾਮ ਸਿਧਾਰਥ ਰੱਖਿਆ। ਸਿਧਾਰਥ ਦਾ ਅਰਥ ਹੈ ਉਹ ਵਿਅਕਤੀ ਜਿਸ ਨੇ ਆਪਣੀ ਮੰਜ਼ਲ ਤੈਅ ਕਰ ਲਈ ਹੋਵੇ।

ਮਾਸੀ ਇਹ ਸੋਚ ਸੋਚ ਕੇ ਬੱਚੇ ਵੱਲ ਵਧੀਕ ਧਿਆਨ ਰਖਦੀ ਕਿ ਕਿਤੇ ਦੋਸ਼ ਨਾ ਲੱਗੇ ਕਿ ਮਾਂ ਵਿਹੂਣੇ ਬਾਲ ਨੂੰ ਅਣਗੌਲਿਆਂ ਕੀਤਾ ਜਾ ਰਿਹਾ ਹੈ। ਪਿਤਾ ਬੱਚੇ ਦੀ ਵਿਦਿਆ ਅਤੇ ਸੁਖ-ਸਾਧਨਾ ਦਾ ਪੂਰਾ ਧਿਆਨ ਰਖਦਾ। ਪਰ ਬਾਲਕ ਸਿਧਾਰਥ ਇਕਾਂਤ ਪਸੰਦ ਸੁਭਾਅ ਦਾ ਸੀ। ਇਕੱਲਾ ਬਾਗਾਂ ਵਿਚ ਟਹਿਲਦਾ ਅਤੇ ਵਿਚਾਰਾਂ ਵਿਚ ਮਗਨ ਰਹਿੰਦਾ। "ਕੀ ਇਸ ਨੂੰ ਮਾਂ ਯਾਦ ਆਉਂਦੀ ਹੈ?" ਪਿਤਾ ਸੋਚਦਾ, 'ਪਰ ਮਾਂ ਦਾ ਤਾਂ ਇਸ ਨੂੰ ਰੰਚਕ ਮਾਤਰ ਖਿਆਲ ਨਹੀਂ ਹੋ ਸਕਦਾ ਕਿਉਂਕਿ ਮਾਂ ਤਾਂ ਉਦੋਂ ਪ੍ਰਲੋਕ ਸਿਧਾਰ ਗਈ ਸੀ ਜਦੋਂ ਉਹ ਸੱਤ ਦਿਨਾਂ ਦਾ ਸੀ। ਸਭ ਇਹੋ ਦਸਦੇ ਸਨ ਕਿ ਪ੍ਰਜਾਪਤੀ ਮਾਂ ਹੈ। ਫਿਰ ਕਿਸ ਚੀਜ਼ ਦੀ ਤਲਾਸ਼ ਸੀ ਸਿਧਾਰਥ ਨੂੰ?"

ਪਿਤਾ ਅਕਸਰ ਪੁੱਛਦਾ ਪਰ ਕਿਤੋਂ ਕੋਈ ਜਵਾਬ ਨਾ ਮਿਲਦਾ।

ਇਕ ਦਿਨ ਬਾਗਾਂ ਵਿਚ ਟਹਿਲਦਿਆਂ ਗੌਤਮ ਨੇ ਆਕਾਸ਼ ਵੱਲ ਨਜ਼ਰ ਮਾਰੀ ਤਾਂ ਉਡਦੀ ਜਾਂਦੀ ਹੰਸਾਂ ਦੀ ਕਤਾਰ ਵਿਚੋਂ ਇਕ ਤੜਫਦਾ ਹੋਇਆ ਹੰਸ ਧਰਤੀ ਤੇ ਆ ਡਿੱਗਾ। ਸਿਧਾਰਥ ਨੇ ਜ਼ਖਮੀ ਹੰਸ ਨੂੰ ਗੋਦ ਵਿਚ ਚੁੱਕ ਲਿਆ। ਸਿਧਾਰਥ ਦੇ ਚਚੇਰੇ ਭਰਾ ਦੇਵਦੱਤ ਨੇ ਹੰਸਾਂ ਦੀ ਉਡਦੀ ਕਤਾਰ ਵੱਲ ਤੀਰ ਚਲਾਇਆ ਸੀ ਜਿਸ ਨਾਲ ਇੱਕ ਹੰਸ ਜ਼ਖਮੀ ਹੋ ਕੇ ਡਿੱਗ ਪਿਆ। ਦੇਵਦੱਤ ਆਇਆ ਤੇ ਕਹਿਣ ਲੱਗਾ – ਸਿਧਾਰਥ ਇਹ ਹੰਸ ਮੇਰਾ ਹੈ। ਮੈਨੂੰ ਦੇਹ। ਇਹ ਮੇਰਾ ਤੀਰ ਖਾ ਕੇ ਡਿੱਗਾ ਹੈ। ਸਿਧਾਰਥ ਨੇ ਕਿਹਾ – "ਇਹ ਹੰਸ ਮੇਰਾ ਹੈ। ਇਸ ਨੂੰ ਮੈਂ ਰੱਖਾਂਗਾ।" ਸ਼ਿਕਾਇਤ ਲੈ ਕੇ ਦੇਵਦੱਤ ਮਹਾਰਾਜ ਸੁਧੋਧਨ ਪਾਸ ਗਿਆ। ਸੁਧੋਧਨ ਨੇ ਪੁਛਿਆ – "ਸਿਧਾਰਥ ਦੇਵਦੱਤ ਨੇ ਤੀਰ ਚਲਾ ਕੇ ਇਹ ਹੰਸ ਸੁੱਟ ਲਿਆ ਹੈ ਇਸ ਕਰਕੇ ਇਹ ਉਸ ਦਾ ਸ਼ਿਕਾਰ ਹੈ। ਤੁਸੀਂ ਇਸ ਤੇ ਕਿਵੇਂ ਆਪਣਾ ਹੱਕ ਜਤਾਉਂਦੇ ਹੋ?" ਸਿਧਾਰਥ ਨੇ ਕਿਹਾ – "ਜਿਸ ਨੇ ਮਾਰਿਆ ਹੋਵੇ, ਜੀਵ ਉਸ ਦਾ ਨਹੀਂ ਹੁੰਦਾ ਮਹਾਰਾਜ। ਉਸ ਦਾ ਹੁੰਦਾ ਹੈ ਜਿਸ ਨੇ ਉਸ ਨੂੰ ਬਚਾਇਆ ਹੋਵੇ। ਮੈਂ ਹੰਸ ਨੂੰ ਬਚਾ ਲਿਆ ਹੈ, ਇਸ ਕਰਕੇ ਇਹ ਮੇਰਾ ਹੈ।" ਪਿਤਾ ਪ੍ਰਸੰਨ ਹੋਇਆ ਤੇ ਹੰਸ ਸਿਧਾਰਥ ਨੂੰ ਮਿਲਿਆ। ਸਿਧਾਰਥ ਨੇ ਜ਼ਖਮੀ ਹੰਸ ਰਾਜ਼ੀ ਕੀਤਾ ਤੇ ਪਿਆਰ ਦੇ ਕੇ ਉਸ ਨੂੰ ਵਿਸ਼ਾਲ ਆਕਾਸ਼ ਵਿਚ ਉਡਾ ਦਿੱਤਾ। ਉਸ ਘਟਨਾ ਨੇ ਮਹਿਲ ਵਿਚ ਹਿਲਜੁਲ ਪੈਦਾ ਕੀਤੀ ਕਿ ਬਾਲਕ ਦੀਆਂ ਰੁਚੀਆਂ ਸਾਧਾਰਣ ਨਹੀਂ, ਉਸ ਦੀ ਨਿਆਇ ਸ਼ਕਤੀ ਵਿਲੱਖਣ ਹੈ।

ਪਿਤਾ ਸੁਧੋਧਨ ਨੇ ਸਿਧਾਰਥ ਦੇ ਟਹਿਲਣ ਲਈ ਤਿੰਨ ਤਲਾਬ ਬਣਾਏ। ਇਕ ਵਿਚ ਕੇਵਲ ਨੀਲੇ ਕੰਵਲ ਖਿੜਨ, ਇਸ ਦਾ ਨਾਮ ਨੀਲ–ਕਮਲ ਰੱਖਿਆ ਗਿਆ। ਦੂਜੇ ਵਿਚ ਲਾਲ ਕੰਵਲ ਫੁੱਲ ਖਿੜਨ, ਇਸ ਦਾ ਨਾਮ ਲਾਲ–ਕਮਲ ਰੱਖਿਆ ਅਤੇ ਇਕ ਤਲਾਬ ਵਿਚ ਕੇਵਲ ਸਫੈਦ ਰੰਗ ਦੇ ਫੁੱਲ ਖਿੜਨ, ਉਸ ਦਾ ਨਾਮ ਸ਼ਵੇਤ–ਕਮਲ ਰੱਖਿਆ ਗਿਆ। ਰਾਜ ਕੁਮਾਰ ਦੇ ਨਿਵਾਸ ਵਾਸਤੇ ਤਿੰਨ ਮਹਿਲ ਬਣਵਾਏ ਗਏ। ਇਕ ਸਰਦੀਆਂ ਵਾਸਤੇ, ਜਿਹੜਾ ਨਿੱਘਾ ਸੀ। ਇਕ ਗਰਮੀਆਂ ਵਾਸਤੇ, ਜਿਹੜਾ ਅੰਦਰੋਂ ਠੰਢਾ ਸੀ। ਇਕ ਚੁਮਾਸੇ ਵਾਸਤੇ ਕਿ ਬਰਸਾਤ ਦੇ ਦਿਨਾਂ ਵਿਚ ਜ਼ਹਿਰੀਲੇ ਜੀਵ, ਸੱਪ, ਬਿੱਛੂ, ਮੱਛਰ, ਮੱਖੀ ਆਦਿਕ ਨਿਕਲਦੇ ਹਨ, ਇਸ ਕਰਕੇ ਚਾਰ ਮਹੀਨੇ ਇਸ ਮਹੱਲ ਦੇ ਅੰਦਰ ਹੀ ਨਾਚ ਗਾਣਾ ਗੀਤ ਸੰਗੀਤ ਚਲਦਾ ਰਹਿੰਦਾ ਸੀ। ਇਉਂ ਉਸ ਦੀ ਪਰਿਵਰਸ਼ ਪੂਰਨ ਸ਼ਾਹਾਨਾ ਠਾਠ ਬਾਠ ਨਾਲ ਕੀਤੀ ਗਈ। ਕਿਸੇ ਉਦਾਸ, ਬਿਮਾਰ ਜਾਂ ਦੁਖੀ ਬੰਦੇ ਨੂੰ ਉਸ ਦੇ ਨੇੜੇ ਨਾ ਜਾਣ ਦਿੱਤਾ ਜਾਂਦਾ।

ਬੇਸ਼ੱਕ ਰਾਜ ਕੁਮਾਰ ਦੇ ਮਨੋਰੰਜਨ ਵਾਸਤੇ ਹਰ ਸ਼ੈਅ ਮੌਜੂਦ ਹੁੰਦੀ ਪਰ ਬਾਲਕ ਖੁਸ਼ ਨਹੀਂ ਸੀ। ਇਕ ਦਿਨ ਸਿਧਾਰਥ ਨੇ ਦੇਖਿਆ ਕਿ ਬਾਗ ਵਿਚ ਛਿਪਕਲੀ ਇਕ ਕੀੜੇ ਨੂੰ ਨਿਗਲ ਰਹੀ ਸੀ ਤਾਂ ਸਪੋਲੀਏ ਨੇ ਛਿਪਕਲੀ ਨੂੰ ਧਰ ਦਬੋਚਿਆ। ਅਜੇ ਛਿਪਕਲੀ ਸੱਪੋਲੀਏ ਦੇ ਮੂੰਹ ਵਿਚ ਹੀ ਸੀ ਕਿ ਉਡਦੀ ਇੱਲ ਹੇਠਾਂ ਆਈ ਤੇ ਝਪੱਟਾ ਮਾਰ ਕੇ ਸੱਪ ਨੂੰ ਲੈ ਉੱਡੀ। 'ਕੀ ਇਹੋ ਜ਼ਿੰਦਗੀ ਹੈ' ਸਿਧਾਰਥ ਸੋਚਣ ਲੱਗਾ, 'ਹਿੰਸਾ ਤੇ ਮੌਤ – ਕੀ ਇਹੀ ਸਭ ਕੁੱਝ ਹੈ ਬੱਸ? ਇਸ ਤੋਂ ਬਚਾਅ ਨਹੀਂ ਹੋ ਸਕਦਾ?' ਰਾਜ ਕੁਮਾਰ ਇਨ੍ਹਾਂ ਸੋਚਾਂ ਵਿਚ ਮਗਨ ਸੀ ਕਿ ਪਿਤਾ ਨੇ ਪੁੱਛਿਆ, 'ਕੀ

ਸੋਚ ਰਹੇ ਹੋ ਸਿਧਾਰਥ? ਕੀ ਕਰਨ ਦਾ ਇਰਾਦਾ ਹੈ?' ਬਾਲਕ ਨੇ ਜਵਾਬ ਦਿੱਤਾ – 'ਪਿਤਾ ਜੀ ਸ਼ਹਿਰ ਦੇਖਣ ਦੀ ਇੱਛਾ ਹੈ। ਆਬਾਦੀ ਵੱਲ ਜਾਣਾ ਚਾਹੁੰਦਾ ਹਾਂ।'

ਬਾਲਕ ਨੂੰ ਮਹਿਲਾਂ ਵਿਚੋਂ ਬਾਹਰ ਜਾਣ ਦੀ ਆਗਿਆ ਨਹੀਂ ਸੀ ਪਰੰਤੂ ਪਿਤਾ ਨੇ ਅਹਿਲਕਾਰਾਂ ਨੂੰ ਬੁਲਾਇਆ ਤੇ ਕਿਹਾ – 'ਹੁਸ਼ਿਆਰ ਰਹਿਣਾ। ਕੋਮਲ ਚਿੱਤ ਰਾਜ ਕੁਮਾਰ ਸ਼ਹਿਰ ਵੱਲ ਜਾ ਰਿਹਾ ਹੈ। ਕੋਈ ਅਜਿਹੀ ਵਸਤੂ ਨਾ ਦਿੱਸੇ ਜਿਸ ਨੂੰ ਦੇਖਣ ਨਾਲ ਸ਼ਹਿਜ਼ਾਦਾ ਉਦਾਸ ਹੋਵੇ। ਇਹ ਜਜ਼ਬਾਤੀ ਬਾਲਕ ਹੈ। ਧਿਆਨ ਰੱਖਣਾ।'

ਛੰਨਾ ਸਿਧਾਰਥ ਦਾ ਰਥਵਾਨ ਸੀ। ਰਾਹ ਵਿਚ ਰਾਜ ਕੁਮਾਰ ਨੇ ਇਕ ਬੁੱਢਾ ਆਦਮੀ ਤੱਕਿਆ ਜਿਸ ਦੀਆਂ ਅੱਖਾਂ ਕਮਜ਼ੋਰੀ ਨਾਲ ਅੰਦਰ ਧਸੀਆਂ ਹੋਈਆਂ ਸਨ। ਸਿਧਾਰਥ ਨੇ ਪੁੱਛਿਆ – ਛੰਨੇ, ਇਹ ਆਦਮੀ ਇਹੋ ਜਿਹਾ ਕਿਉਂ ਹੈ? ਰਥਵਾਨ ਨੇ ਦੱਸਿਆ – ਇਹ ਬਿਰਧ ਆਦਮੀ ਹੈ ਤੇ ਬੁਢਾਪਾ ਸਭ ਨੂੰ ਅਜਿਹਾ ਕਰ ਦਿੰਦਾ ਹੈ। ਤੁਸੀਂ ਅਸੀਂ ਸਭ ਇਕ ਦਿਨ ਬੁੱਢੇ ਹੋਵਾਂਗੇ। ਸਿਧਾਰਥ ਇਹ ਸੁਣ ਕੇ ਉਦਾਸ ਹੋ ਗਿਆ। ਅੱਗੇ ਗਏ ਤਾਂ ਕੁੱਝ ਬੰਦੇ ਕਿਸੇ ਮ੍ਰਿਤਕ ਦੀ ਅਰਥੀ ਚੁੱਕੀ ਜਾ ਰਹੇ ਸਨ। ਸਿਧਾਰਥ ਨੇ ਇਸ ਬਾਰੇ ਪੁਛਿਆ ਤਾਂ ਛੰਨੇ ਨੇ ਦੱਸਿਆ – ਹਰ ਬੰਦੇ ਨੇ ਇਕ ਦਿਨ ਮਰਨਾ ਹੈ। ਮੌਤ ਤੋਂ ਕੋਈ ਨਹੀਂ ਬਚ ਸਕਿਆ – ਇਹ ਸੁਣ ਕੇ ਸਿਧਾਰਥ ਨੂੰ ਦੁੱਖ ਹੋਇਆ, 'ਕੀ ਜੀਵਨ ਇਹੋ ਹੈ? ਇੰਨਾ ਕੁ ਹੈ'। ਅੱਗੇ ਤੁਰਦੇ ਗਏ ਤਾਂ ਸਿਧਾਰਥ ਨੇ ਇਕ ਸਾਧੂ ਦੇਖਿਆ। ਰਥਵਾਨ ਨੂੰ ਜਦੋਂ ਉਸ ਬਾਰੇ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਇਹ ਤਪੱਸਵੀ ਹੈ ਤੇ ਦੁੱਖਾਂ ਤੋਂ ਛੁਟਕਾਰਾ ਪ੍ਰਾਪਤ ਕਰਨਾ ਚਾਹੁੰਦਾ ਹੈ। ਸਿਧਾਰਥ ਨੇ ਛੰਨੇ ਨੂੰ ਵਾਪਸ ਚੱਲਣ ਲਈ ਕਿਹਾ। ਸਿਧਾਰਥ ਨੇ ਦੇਖਿਆ ਕਿ ਸਾਧੂ ਦੇ ਚਿਹਰੇ ਤੇ ਇਕ ਵਿਸ਼ੇਸ਼ ਕਿਸਮ ਦੀ ਸ਼ਾਂਤੀ ਸੀ। ਇਸ ਸ਼ਾਂਤਮਈ ਚਿਹਰੇ ਨੂੰ ਰਾਜ ਕੁਮਾਰ ਭੁੱਲ ਨਾ ਸਕਿਆ। ਇਹ ਉਸ ਦਾ ਆਦਰਸ਼ ਬਣ ਗਿਆ। ਇਸ ਉਪਰੰਤ ਉਹ ਵਾਪਸ ਮਹਿਲਾਂ ਵਿਚ ਆ ਗਏ।

ਜੁਆਨ ਹੋਣ ਤਕ ਸਿਧਾਰਥ ਨੇ ਸ਼ਸਤਰ ਅਤੇ ਸ਼ਾਸਤਰ ਦੋਹਾਂ ਪ੍ਰਕਾਰ ਦੀ ਵਿਦਿਆ ਵਿਚ ਨਿਪੁੰਨਤਾ ਹਾਸਲ ਕੀਤੀ। ਉਸ ਨੇ ਸਾਬਤ ਕੀਤਾ ਕਿ ਉਹ ਜੇ ਗੰਭੀਰ ਸੁਭਾਅ ਦਾ ਹੈ ਤਾਂ ਇਸ ਦਾ ਇਹ ਭਾਵ ਨਹੀਂ ਕਿ ਜਿਸਮਾਨੀ ਕਰਤੱਬਾਂ ਵਿਚ ਪਿੱਛੇ ਰਹਿ ਗਿਆ ਹੈ। ਘੋੜ ਸਵਾਰੀ, ਨੇਜ਼ੇਬਾਜ਼ੀ, ਤੀਰ-ਅੰਦਾਜ਼ੀ, ਤਲਵਾਰਬਾਜ਼ੀ ਆਦਿਕ ਮੁਕਾਬਲਿਆਂ ਵਿਚ ਉਹ ਵੱਧ ਚੜ੍ਹ ਕੇ ਹਿੱਸਾ ਲੈਂਦਾ ਪਰ ਉਹ ਵਧੇਰੇ ਖਾਮੋਸ਼ ਰਹਿੰਦਾ। ਇਕਾਂਤਵਾਸ ਪਸੰਦ ਕਰਦਾ। ਮਾਪਿਆਂ ਨੇ ਉਹੋ ਸੋਚਿਆ ਜੋ ਅਜਿਹੇ ਬੱਚਿਆਂ ਦੇ ਮਾਪੇ ਅਕਸਰ ਸੋਚਿਆ ਕਰਦੇ ਹਨ ਕਿ ਸਿਧਾਰਥ ਦਾ ਵਿਆਹ ਕਰ ਦੇਈਏ। ਦੁਨੀਆਂਦਾਰੀ ਵਿਚ ਪੈ ਕੇ ਉਸ ਦਾ ਦਿਲ ਲੱਗ ਜਾਵੇਗਾ। ਪਿਤਾ ਨੇ ਗੌਤਮ ਪਾਸ ਵਿਆਹ ਦੀ ਗੱਲ ਕੀਤੀ ਤਾਂ ਉਸ ਨੇ ਕਿਹਾ, ਵਿਆਹ ਕਰਾਉਣ ਵਿਚ ਕੋਈ ਹਰਜ ਨਹੀਂ ਪਰ ਜਿਸਨੂੰ ਮੈਂ ਜਾਣਦਾ ਨਹੀਂ – ਉਸ ਨਾਲ ਕਿਵੇਂ ਵਿਆਹ ਕਰਾਉਣ ਦਾ ਫੈਸਲਾ ਕਰਾਂ? ਉਨ੍ਹਾਂ ਦਿਨਾਂ ਵਿਚ ਇਹ ਗੱਲ ਕੁੱਝ ਮੁਸ਼ਕਲ ਪ੍ਰਤੀਤ ਤਾਂ ਹੁੰਦੀ ਸੀ ਪਰ ਪਿਤਾ ਨੇ ਇਸ ਦਾ ਰਸਤਾ ਕੱਢ ਲਿਆ। ਬਹੁਤ ਸਾਰੇ ਰਾਜ ਘਰਾਣਿਆਂ ਵਿਚ ਸੁਨੇਹੇ ਭੇਜੇ ਗਏ ਕਿ ਕਪਿਲਵਸਤੂ ਵਿਖੇ ਸ਼ਸਤਰਾਂ ਸ਼ਾਸਤਰਾਂ ਦੇ ਮੁਕਾਬਲੇ ਹੋਣਗੇ। ਇਨ੍ਹਾਂ ਵਿਚ ਭਾਗ ਲੈਣ ਲਈ ਸੱਦੇ ਭੇਜੇ

ਗਏ। ਜਿਨ੍ਹਾਂ ਰਾਜਕੁਮਾਰੀਆਂ, ਰਾਜ ਕੁਮਾਰਾਂ ਨੇ ਮੁਕਾਬਲੇ ਵਿਚ ਭਾਗ ਨਹੀਂ ਵੀ ਲੈਣਾ, ਉਹ ਵੀ ਬਤੌਰ ਦਰਸ਼ਕ ਹਾਜ਼ਰ ਹੋਣ। ਭਿੰਨ ਭਿੰਨ ਖੇਡਾਂ ਦਾ ਤੇ ਸ਼ਿਕਾਰ ਦਾ ਇੰਤਜ਼ਾਮ ਕੀਤਾ ਗਿਆ। ਇਕ ਸੁਬਕ ਜਿਹੀ ਕੋਮਲ ਸੁਭਾਅ ਦੀ ਰਾਜ ਕੁਮਾਰੀ ਵੱਖਰੀ ਸੀ ਸਭ ਤੋਂ, ਉਹ ਸਾਰਿਆ ਦਾ ਧਿਆਨ ਆਪਣੇ ਵੱਲ ਖਿੱਚ ਰਹੀ ਸੀ। ਉਸ ਦੀ ਸ਼ਖਸੀਅਤ ਵਿਚ ਸਹਿਜ ਭਾਵ ਸਨ। ਇਹ ਯਸ਼ੋਧਰਾ ਸੀ। ਸਮਾਪਤੀ ਹੋਈ ਤੇ ਅੰਤਮ ਦਿਨ ਆ ਗਿਆ। ਸਾਰਿਆਂ ਮਹਿਮਾਨਾਂ ਨੂੰ ਤੁਹਫੇ ਦਿੱਤੇ ਗਏ। ਕੀਮਤੀ ਸੁਗਾਤਾਂ, ਸੋਨੇ ਦੀਆਂ, ਚਾਂਦੀ ਦੀਆਂ, ਹੀਰਿਆਂ ਜਵਾਹਰਾਤਾਂ ਜੜੀਆਂ ਸੁਗਾਤਾਂ। ਯਸ਼ੋਧਰਾ ਪਿੱਛੇ ਖਲੋਤੀ ਰਹੀ। ਉਸ ਵਿਚ ਕੋਈ ਕਾਹਲਾਪਣ ਨਹੀਂ ਸੀ। ਉਸ ਨੂੰ ਭੇਟ ਕਰਨ ਲਈ ਕੁੱਝ ਨਹੀਂ ਬਚਿਆ। ਸਭ ਸੁਗਾਤਾਂ ਖਤਮ ਹੋ ਗਈਆਂ ਸਨ । ਸਾਰੇ ਉਦਾਸ ਹੋਏ ਕਿ ਇਹ ਸ਼ਗਨ ਚੰਗਾ ਨਹੀਂ ਹੋਇਆ। ਯਸ਼ੋਧਰਾ ਨੂੰ ਗੌਤਮ ਨੇ ਆਪਣੇ ਚੋਲੇ ਤੇ ਟੰਗਿਆ ਚੰਬੇ ਦਾ ਫੁੱਲ ਉਤਾਰ ਕੇ ਸਤਿਕਾਰ ਨਾਲ ਭੇਟ ਕੀਤਾ। ਇਹ ਸਮਝਿਆ ਗਿਆ ਕਿ ਯਸ਼ੋਧਰਾ ਪੰਸਦ ਨਹੀਂ ਆਈ। ਪਰ ਯਸ਼ੋਧਰਾ ਪ੍ਰਸੰਨ ਸੀ। ਉਸ ਨੇ ਕਿਹਾ 'ਇਸ ਫੁੱਲ ਵਿਚ ਕਈ ਸਦੀਆਂ ਰਹਿਣ ਵਾਲੀ ਅਮਰ ਮਹਿਕ ਹੈ। ਮੇਰੇ ਲਈ ਇਹ ਕਾਫੀ ਹੈ।' ਮਹਾਰਾਜ ਸੁਧੋਧਨ ਨੇ ਸਿਧਾਰਥ ਨੂੰ ਪੁੱਛਿਆ "ਯੁਵਰਾਜ, ਤੁਹਾਡਾ ਵਿਆਹ ਕਰਨਾ ਹੈ, ਇਥੇ ਆਪਣੀਆਂ ਮਹਿਮਾਨ ਯੁਵਰਾਣੀਆਂ ਵਿਚੋਂ ਕੋਈ ਪਸੰਦ ਆਈ? ਜੇ ਨਹੀਂ ਤਾਂ ਆਪਾਂ ਫਿਰ ਯਤਨ ਕਰਾਂਗੇ।" ਸਿਧਾਰਥ ਨੇ ਕਿਹਾ, ਮਹਾਰਾਜ ਯਸ਼ੋਧਰਾ ਗੰਭੀਰ ਸੁਭਾਅ ਦੀ ਸੁੰਦਰ ਰਾਜ ਕੁਮਾਰੀ ਮੈਨੂੰ ਪਸੰਦ ਹੈ। ਸੁਧੋਧਨ ਨੇ ਯਸ਼ੋਧਰਾ ਦੇ ਪਿਤਾ ਪਾਸ ਵਿਆਹ ਦੀ ਪੇਸ਼ਕਸ ਰੱਖੀ ਤਾਂ ਉਹਨਾਂ ਨੇ ਪ੍ਰਸੰਨਤਾ ਨਾਲ ਪ੍ਰਵਾਨ ਕੀਤੀ। ਯਸ਼ੋਧਰਾ ਨੇ ਪੇਸ਼ਕਸ਼ ਸਵੀਕਾਰ ਕੀਤੀ। ਸਾਰੇ ਮਹਿਮਾਨ ਅਤੇ ਮਹਿਲਵਾਸੀ ਇਸ ਗੱਲੋਂ ਹੈਰਾਨ ਸਨ ਕਿ ਕਿੰਨੀ ਸਾਦਗੀ ਨਾਲ ਇਕ ਬਹੁਤ ਵੱਡਾ ਫੈਸਲਾ ਸਹਿਜ ਸੁਭਾ ਸਿਰੇ ਚੜ੍ਹ ਗਿਆ। ਸਾਰੀ ਉਮਰ ਗੌਤਮ ਨੇ ਬਹੁਤ ਵੱਡੇ ਫੈਸਲੇ ਸਹਿਜ ਸੁਭਾਅ ਹੀ ਕੀਤੇ।

ਯਸ਼ੋਧਰਾ ਆਦਰਸ਼ਕ ਪਤਨੀ ਸਾਬਤ ਹੋਈ। ਯੁਵਰਾਜ ਸਿਧਾਰਥ ਪਿਆਰਾ ਇਨਸਾਨ ਸੀ। ਉਹ ਤੀਖਣ ਬੁੱਧ, ਵਿਦਿਆ ਵਿਚ ਪ੍ਰਬੀਨ ਅਤੇ ਖੇਡਾਂ ਵਿਚ ਉਤਸ਼ਾਹੀ ਨੌਜਵਾਨ ਸੀ। ਇਕ ਵਾਰ ਅਜਿਹਾ ਮੁਕਾਬਲਾ ਹੋਇਆ ਕਿ ਰੁੱਖਾਂ ਦੀ ਕਤਾਰ ਵਿਚੋਂ ਕੋਈ ਰੁੱਖ ਘੋੜੇ ਤੇ ਸਵਾਰ ਹੋਕੇ, ਘੋੜਾ ਸਰਪਟ ਦੁੜਾਂਦਿਆਂ, ਤਲਵਾਰ ਨਾਲ ਕੱਟ ਕੇ ਅੱਗੇ ਲੰਘਣਾ ਸੀ। ਸਿਧਾਰਥ ਵੀ ਇਸ ਵਿਚ ਸ਼ਾਮਲ ਹੋਇਆ। ਉਸ ਨੇ ਘੋੜਾ ਸਰਪਟ ਦੁੜਾਇਆ ਤੇ ਤਲਵਾਰ ਨਾਲ ਰੁੱਖ ਦੇ ਤਣੇ ਤੇ ਵਾਰ ਕੀਤਾ। ਤਲਵਾਰ ਇਉਂ ਲੰਘ ਗਈ ਜਿਵੇਂ ਘਿਉ ਵਿਚੋਂ ਵਾਲ ਲੰਘ ਜਾਂਦਾ ਹੈ। ਕੁਝ ਦੇਰ ਰੁੱਖ ਉਵੇਂ ਹੀ ਖਲੋਤਾ ਰਿਹਾ। ਸਾਰਿਆਂ ਨੇ ਇਹੋ ਸਮਝਿਆਂ ਕਿ ਰੁੱਖ ਕੱਟਿਆ ਨਹੀਂ ਜਾ ਸਕਿਆ। ਪਰ ਥੋੜ੍ਹੀ ਕੁ ਦੇਰ ਬਾਅਦ ਹਵਾ ਦਾ ਬੁੱਲਾ ਆਇਆ ਤੇ ਕੱਟਿਆ ਹੋਇਆ ਰੁੱਖ ਡਿੱਗ ਪਿਆ। ਸਿਧਾਰਥ ਨੇ ਕਿਹਾ – ਇਵੇਂ ਹੀ ਹੋਇਆ ਕਰੇਗਾ। ਸ਼ਕਤੀਸ਼ਾਲੀ ਰੁੱਖ ਕੱਟੇ ਜਾਇਆ ਕਰਨਗੇ, ਮੇਰੀ ਤਲਵਾਰ ਸਹਿਜ ਨਾਲ ਉਨ੍ਹਾਂ ਵਿਚੋਂ ਦੀ ਲੰਘੇਗੀ। ਨਾ ਰੁੱਖਾਂ ਨੂੰ ਨਾ ਦਰਸ਼ਕਾਂ ਨੂੰ, ਦੇਰ ਤਕ ਪਤਾ ਨਹੀਂ ਲੱਗਿਆ ਕਰੇਗਾ ਕਿ ਉਹ ਕੱਟੇ ਜਾ ਚੁੱਕੇ ਹਨ। ਇਵੇਂ ਹੋਇਆ ਕਰੇਗਾ।

ਦਿਨ ਬੀਤਦੇ ਗਏ। ਜੀਵਨ ਆਪਣੀ ਚਾਲ ਤੁਰਿਆ ਜਾ ਰਿਹਾ ਸੀ। ਯਸ਼ੋਧਰਾ ਨੇ ਬੇਟੇ ਨੂੰ ਜਨਮ ਦਿੱਤਾ, ਜਿਸ ਦਾ ਨਾਮ ਰਾਹੁਲ ਰੱਖਿਆ ਗਿਆ। ਸਿਧਾਰਥ ਦੂਰ ਕਿਧਰੇ ਕਿਸੇ ਵੱਖਰੀ ਵਸਤੂ ਦੀ ਤਲਾਸ਼ ਵਿਚ ਸੀ। ਹਰ ਵਸਤੂ, ਹਰ ਵਿਅਕਤੀ ਦੇ ਨੇੜੇ ਰਹਿੰਦਾ ਹੋਇਆ ਵੀ ਉਹ ਉਨ੍ਹਾਂ ਤੋਂ ਦੂਰ ਸੀ। ਉਹ ਆਪਣੇ ਆਪ ਵਿਚ ਮਸਤ ਰਹਿੰਦਾ, ਆਪਣੀ ਧੁਨ ਵਿਚ ਮਗਨ।

ਇਕ ਰਾਤ ਸਿਧਾਰਥ ਨੇ ਸੰਨਿਆਸ ਲੈਣ ਦਾ ਫੈਸਲਾ ਕਰ ਲਿਆ। ਉਸਨੂੰ ਨੀਂਦ ਨਾ ਆਈ। ਉਹ ਕਦੀ ਯਸ਼ੋਧਰਾ ਦੇ ਮੂੰਹ ਵੱਲ ਦੇਖਦਾ ਕਦੀ ਰਾਹੁਲ ਵੱਲ। ਇਕ ਕਸ਼ਮਕਸ਼ ਉਸ ਦੇ ਅੰਦਰ ਦੇਰ ਤਕ ਚਲਦੀ ਰਹੀ। ਉਸ ਨੂੰ ਪਤਾ ਨਹੀਂ ਲੱਗ ਰਿਹਾ ਸੀ ਕਿ ਮਹਿਲ ਦੇ ਸੁਖ, ਪਤਨੀ ਅਤੇ ਪੁੱਤਰ ਛੱਡ ਕੇ ਉਹ ਕਿਉਂ ਜਾ ਰਿਹਾ ਹੈ – ਜਾਣਾ ਚਾਹੀਦਾ ਹੈ ਕਿ ਨਹੀਂ। ਪਰ ਉਸ ਨੇ ਜਾਣ ਦਾ ਫੈਸਲਾ ਕੀਤਾ। ਚੁਪ ਕਰਕੇ ਅੱਧੀ ਰਾਤ ਉਸ ਨੇ ਨਿਕੇ ਰਾਹੁਲ ਦਾ ਮੂੰਹ ਚੁਮਿਆ–ਹੌਲੀ ਜਿਹੀ ਯਸ਼ੋਧਰਾ ਦੇ ਪੈਰ ਨੂੰ ਚੁੰਮਿਆ – ਫਿਰ ਤੇਜ਼ੀ ਨਾਲ ਬਾਹਰ ਨਿਕਲ ਗਿਆ। ਰਥਵਾਨ ਚੰਨੇ ਨੂੰ ਜਗਾਇਆ ਅਤੇ ਕਿਹਾ – ਕੰਥਕ ਘੋੜਾ ਖੋਲ੍ਹ ਲਿਆ। ਕਿਧਰੇ ਚਲਣਾ ਹੈ। ਇਕ ਘੋੜੇ ਤੇ ਗੌਤਮ ਦੂਸਰੇ ਤੇ ਚੰਨਾ ਸਵਾਰ ਹੋ ਕੇ ਜੰਗਲਾਂ ਵੱਲ ਨਿਕਲ ਤੁਰੇ। ਸਾਰੀ ਕਪਿਲਵਸਤੂ ਇਸ ਅੱਧੀ ਰਾਤ ਵੇਲੇ ਘੂਕ ਨੀਂਦਰ ਦੀ ਲਪੇਟ ਵਿਚ ਸੀ। ਜਦੋਂ ਜੰਗਲ ਦੇ ਕਿਨਾਰੇ ਅੱਪੜੇ ਤਾਂ ਸੂਰਜ ਚੜ੍ਹਨ ਵਾਲਾ ਸੀ। ਗੌਤਮ ਨੇ ਕੀਮਤੀ ਗਹਿਣੇ ਉਤਾਰ ਕੇ ਚੰਨੇ ਨੂੰ ਸੁਗਾਤ ਵਜੋਂ ਦੇ ਕੇ ਕਿਹਾ – ਘੋੜੇ ਵਾਪਸ ਲੈ ਜਾਓ ਤੇ ਪਿਤਾ ਮਹਾਰਾਜ ਸੁਧੋਧਨ ਨੂੰ ਆਖਣਾ ਕਿ ਗੌਤਮ ਮੰਗਤਾ ਹੋ ਗਿਆ ਹੈ। ਪਿਤਾ ਨੂੰ ਦੱਸਣਾ ਕਿ ਠੀਕ ਹੈ ਸਭ, ਕਿ ਗੌਤਮ ਠੀਕ ਹੈ ਪਰ ਉਹ ਬਣਵਾਸੀ ਹੋ ਗਿਆ ਹੈ।

ਚੰਨਾ ਰੋਣ ਲੱਗ ਪਿਆ। ਉਸ ਨੇ ਸਿਧਾਰਥ ਦੇ ਚਰਨ ਫੜ ਲਏ ਤੇ ਕਹਿਣ ਲੱਗਾ – ਇਹ ਤੁਸੀਂ ਕੀ ਕਰ ਰਹੇ ਹੋ ਯੁਵਰਾਜ? ਮੈਂ ਮਹਿਲਾਂ ਵਿਚ ਇਹ ਖ਼ਬਰ ਕਿਵੇਂ ਦਿਆਂਗਾ? ਚਲੋ ਵਾਪਸ ਚੱਲੀਏ ਯੁਵਰਾਜ ਗੌਤਮ। ਯੁਵਰਾਜ ਨੇ ਕਿਹਾ – ਡੋਲ ਨਾਂਹ ਚੰਨੇ ਤੂੰ ਮਿੱਤਰ ਹੈਂ। ਇਹ ਸੁਨੇਹਾ ਮਹਿਲ ਤਕ ਪੁਚਾਣ ਲਈ ਮੈਂ ਤੈਨੂੰ ਚੁਣਿਆ ਹੈ। ਤੂੰ ਆਮ ਨਹੀਂ ਹੈ। ਜਾਹ। ਮੇਰਾ ਫੈਸਲਾ ਅਟੱਲ ਹੈ। ਗੌਤਮ ਨੇ ਚੰਨੇ ਨੂੰ ਵਾਪਿਸ ਵਿਦਾ ਕੀਤਾ ਤੇ ਕਿਰਪਾਨ ਨਾਲ ਆਪਣੇ ਰੇਸ਼ਮ ਵਰਗੇ ਕੇਸ ਕੱਟ ਕੇ ਭਿੱਖੂ ਹੋ ਗਿਆ।

ਇਸ ਰਾਤ ਜੋ ਕੁੱਝ ਵਾਪਰਿਆ, ਬੋਧੀ ਸਾਹਿਤ ਵਿਚ ਇਸ ਨੂੰ ਮਹਾਂ–ਤਿਆਗ (The Great Renunciation) ਕਿਹਾ ਜਾਂਦਾ ਹੈ। ਇਕ ਨਵਾਂ ਸੂਰਜ ਸੰਸਾਰ ਦੇ ਧਰਮਾਂ ਵਿਚ ਉਦਯ ਹੋਣ ਲਈ ਅੰਗੜਾਈ ਲੈ ਰਿਹਾ ਸੀ।

ਕਿਸੇ ਅਜਨਬੀ ਨੂੰ ਆਪਣੇ ਵਸਤਰ ਉਤਾਰ ਕੇ ਦਿੱਤੇ ਤੇ ਕੇਵਲ ਇਕ ਕੱਪੜਾ ਲੱਕ ਦੁਆਲੇ ਲਪੇਟਣ ਲਈ ਲੈ ਲਿਆ। ਉਹ ਜੰਗਲ ਵਿਚ ਇਕੱਲਾ ਤੁਰਦਾ ਗਿਆ। ਦੂਰ–ਦੁਰਾਡੇ ਗਿਆ। ਜਿਥੋਂ ਕਿਤੋਂ ਕੁਝ ਮਿਲਦਾ, ਮੰਗ ਕੇ ਖਾ ਲੈਂਦਾ ਤੇ ਨੀਂਦ ਆਉਣ ਤੇ ਰੁੱਖ ਹੇਠਾਂ ਸੌਂ ਜਾਂਦਾ। ਤੁਰਦਾ ਤੁਰਦਾ ਕਈ ਦਿਨਾਂ ਬਾਅਦ ਉਹ ਮਗਧ ਦੀ ਰਾਜਧਾਨੀ ਰਾਜਗ੍ਰਿਹ ਨੇੜੇ ਅੱਪੜ ਗਿਆ। ਇਹ ਸ਼ਹਿਰ ਰਾਜਾ ਬਿੰਬੀਸਾਰ ਨੇ ਵਸਾਇਆ ਸੀ। ਸ਼ਹਿਰ ਤੋਂ ਬਾਹਰ ਉਸ ਨੇ ਆਪਣਾ ਆਸਣ ਜਮਾਇਆ ਤੇ ਤਪੱਸਿਆ ਕਰਨੀ ਸ਼ੁਰੂ ਕਰ ਦਿੱਤੀ। ਰਾਜਗ੍ਰਿਹ ਵਿਚ ਘਰੋ ਘਰੀ

ਖਬਰ ਪੁੱਜ ਗਈ ਕਿ ਇਕ ਖੂਬਸੂਰਤ ਨੌਜਵਾਨ ਮੰਗਤਾ ਬਣਿਆ ਤਪ ਕਰ ਰਿਹਾ ਹੈ ਜਿਸ ਨੂੰ ਦੇਖਣ ਵਾਸਤੇ ਲੋਕ ਆਉਣ ਲੱਗ ਗਏ। ਇਹ ਖਬਰ ਰਾਜੇ ਬਿੰਬੀਸਾਰ ਤਕ ਵੀ ਪੁੱਜੀ। ਉਹ ਵੀ ਦਰਸ਼ਨ ਕਰਨ ਗਿਆ ਤੇ ਗੌਤਮ ਨੂੰ ਦੇਖ ਕੇ ਕਹਿਣ ਲੱਗਾ, ਤੁਹਾਡੇ ਹੱਥ ਕਿਸੇ ਵੱਡੀ ਹਕੂਮਤ ਦੀ ਵਾਗਡੋਰ ਸੰਭਾਲਣ ਲਈ ਬਣੇ ਹੋਏ ਹਨ, ਹੇ ਸੰਨਿਆਸੀ, ਭਿਖਾਰੀਆਂ ਦਾ ਲੋਟਾ ਤੁਹਾਡੇ ਹੱਥ ਵਿੱਚ ਸੋਭਾ ਨਹੀਂ ਦਿੰਦਾ। ਸਿਧਾਰਥ ਨੇ ਕਿਹਾ – ਸਲਤਨਤ ਨਾਲੋਂ ਨਿਰਮਲਤਾ, ਪਵਿੱਤਰਤਾ ਵੱਡੀਆਂ ਸ਼ਕਤੀਆਂ ਹਨ। ਜੇ ਮਹਿਲਾਂ ਵਿਚ ਸੁਖ ਹੁੰਦਾ ਤਾਂ ਰਾਜੇ ਸਾਧੂਆਂ ਪਾਸ ਜਾ ਕੇ ਫਰਿਆਦਾਂ ਨਾ ਕਰਦੇ। ਮੇਰੀ ਆਪ ਅੱਗੇ ਪ੍ਰਾਰਥਨਾ ਹੈ ਕਿ ਮੇਰੇ ਉਪਰ ਤਰਸ ਨਾ ਖਾਓ। ਉਨ੍ਹਾਂ ਉਤੇ ਤਰਸ ਕਰੋ ਜਿਨ੍ਹਾਂ ਨੂੰ ਜ਼ਿੰਦਗੀ ਨੇ ਲਤਾੜ ਦਿੱਤਾ ਹੋਇਆ ਹੈ। ਬਾਦਸ਼ਾਹ ਨੇ ਸਤਿਕਾਰ ਨਾਲ ਸਿਰ ਝੁਕਾਇਆ ਤੇ ਕਿਹਾ – "ਮੇਰੀ ਕਾਮਨਾ ਹੈ ਜਿਸ ਚੀਜ਼ ਦੀ ਤਲਾਸ਼ ਵਿਚ ਤੁਸੀਂ ਨਿਕਲੇ ਹੋ ਉਸਨੂੰ ਪ੍ਰਾਪਤ ਕਰੋ। ਜਦੋਂ ਤੁਹਾਨੂੰ ਉਹ ਹਾਸਲ ਹੋ ਜਾਵੇ, ਮੇਰੀ ਬੇਨਤੀ ਹੈ ਫਿਰ ਇਧਰ ਆਉਣਾ। ਮੈਂ ਤੁਹਾਡਾ ਸਿੱਖ ਬਣਨਾ ਚਾਹਾਂਗਾ।" ਇਹ ਘਟਨਾ 522 ਪੂਰਬ ਈਸਾ ਦੀ ਹੈ ਜਦੋਂ ਬਿੰਬੀਸਾਰ ਗੌਤਮ ਨੂੰ ਮਿਲਿਆ।

ਉਹ ਜੰਗਲਾਂ ਵਿਚ ਘੁੰਮਦਾ ਫਿਰਦਾ ਰਿਹਾ। ਕਈ ਸਾਧੂਆਂ ਨੂੰ ਮਿਲਿਆ ਤੇ ਚੰਗੀਆਂ ਗੱਲਾਂ ਸਿੱਖੀਆਂ ਪਰ ਉਸ ਨੂੰ ਤਸੱਲੀ ਨਾ ਹੋਈ। ਉਸ ਨੇ ਫਾਕੇ ਕੱਟਣੇ ਸ਼ੁਰੂ ਕਰ ਦਿੱਤੇ। ਪੰਜ ਹੋਰ ਸਾਧੂਆਂ ਨਾਲ ਰਲ ਕੇ ਹਠ ਤਪ ਸ਼ੁਰੂ ਕੀਤਾ। ਇੰਨੀ ਸਖਤੀ ਕੀਤੀ ਕਿ ਕਈ ਵਾਰ ਬੇਹੋਸ਼ ਹੋ ਜਾਂਦਾ। ਇਕ ਵਾਰ ਤਾਂ ਸਮਾਧੀ ਇੰਨੀ ਲੰਮੀ ਹੋ ਗਈ ਸੀ ਕਿ ਨਾਲ ਦੇ ਸਾਧੂਆਂ ਨੇ ਉਸ ਨੂੰ ਮ੍ਰਿਤਕ ਸਮਝ ਲਿਆ ਸੀ। ਛੇ ਸਾਲ ਉਸ ਨੇ ਕਠਿਨ ਤਪੱਸਿਆ ਕੀਤੀ। ਨਦੀ ਦੇ ਕਿਨਾਰੇ ਰੁੱਖ ਹੇਠ ਇਕ ਪੱਥਰ ਉੱਤੇ ਉਸ ਨੇ ਆਪਣਾ ਆਸਣ ਜਮਾ ਲਿਆ ਅਤੇ ਭਗਤੀ ਕਰਨ ਲੱਗਾ। ਸਵੇਰ ਸਾਰ ਨਿਕਲਦਾ ਤੇ ਆਬਾਦੀ ਵੱਲ ਚਲਿਆ ਜਾਂਦਾ। ਕਿਸੇ ਘਰ ਦੇ ਬੂਹੇ ਅੱਗੇ ਆਪਣੇ ਖੱਬੇ ਹੱਥ ਦੀ ਹਥੇਲੀ ਫੈਲਾ ਕੇ ਭੀਖ ਮੰਗਦਾ। ਜੋ ਵੀ ਮਿਲਦਾ – ਬਾਸੀ ਰੋਟੀ ਜਾਂ ਦਾਣੇ ਚਬਾ ਕੇ ਨਦੀ ਦਾ ਪਾਣੀ ਪੀ ਲੈਂਦਾ ਤੇ ਅਗਲੀ ਸਵੇਰ ਤਕ ਤਪੱਸਿਆ ਕਰਦਾ। ਜੇ ਇਕ ਘਰੋਂ ਇਨਕਾਰ ਹੋ ਜਾਂਦਾ ਤਦ ਉਹ ਬਿਨਾ ਕੁੱਝ ਖਾਧੇ ਅਗਲੇ ਅੱਠ ਪਹਿਰ ਤਪੱਸਿਆ ਕਰਦਾ। ਇਉਂ ਕਰਦਿਆਂ ਕਰਦਿਆਂ ਕਈ ਸਾਲ ਬੀਤ ਗਏ ਤੇ ਉਹ ਹੱਡੀਆਂ ਦਾ ਇਕ ਪਿੰਜਰ ਬਣ ਗਿਆ।

ਇਕ ਵਾਰ ਗੌਤਮ ਨੇ ਆਪਣੇ ਚੇਲਿਆਂ ਨੂੰ ਇਨ੍ਹਾਂ ਦਿਨਾਂ ਬਾਰੇ ਯਾਦ ਕਰਦਿਆਂ ਦੱਸਿਆ ਸੀ, "ਮੈਂ ਬਹੁਤ ਘੱਟ ਖੁਰਾਕ ਉਤੇ ਗੁਜ਼ਾਰਾ ਕਰਦਾ। ਇਉਂ ਕਰਦਿਆਂ ਹਫਤੇ ਮਹੀਨੇ ਤੇ ਸਾਲ ਬੀਤਦੇ ਗਏ। ਜਦੋ ਮੈਂ ਮਹਿਲ ਵਿਚੋਂ ਨਿਕਲਿਆ ਸਾਂ ਤਾਂ ਇਸ ਤਰਾਂ ਦਾ ਸਾਂ ਜਿਵੇਂ ਮਿਹਨਤੀ ਕਿਸਾਨ ਨੇ ਉਪਜਾਊ ਜ਼ਮੀਨ ਵਿਚ ਖਾਦ ਪਾ ਕੇ ਗੰਨਾ ਪੈਦਾ ਕੀਤਾ ਹੋਵੇ– ਅਜਿਹਾ ਰਸਦਾਇਕ ਗੰਨਾ ਸਿਹਤਮੰਦ ਹੋਣ ਕਰਕੇ ਸੁਹਣਾ ਲਗਦਾ ਹੈ। ਉਸ ਗੰਨੇ ਨੂੰ ਜੇਠ ਮਹੀਨੇ ਦੀ ਲੋਅ ਵਿਚ ਕਈ ਦਿਨ ਵਾਸਤੇ ਧੁੱਪੇ ਸੁੱਟ ਦਿਓ ਤਾਂ ਉਸ ਦੀਆਂ ਪੋਰੀਆਂ ਫਟ ਜਾਂਦੀਆਂ ਹਨ ਉਹ ਮੁੜ ਕੇ ਵਿੰਗਾ-ਟੇਢਾ ਹੋ ਜਾਂਦਾ ਹੈ। ਕਿਤੋਂ ਹਰਾ, ਕਿਤੋਂ ਕਾਲਾ, ਕਿਤੋਂ ਪੀਲਾ ਹੋ ਜਾਂਦਾ ਹੈ। ਮੇਰੀਆਂ ਲੱਤਾਂ ਬਾਹਾਂ ਦੀ ਹਾਲਤ ਇਹੋ ਜਿਹੇ ਸੁੱਕੇ ਗੰਨੇ

ਵਰਗੀ ਹੋ ਗਈ ਸੀ। ਇਕ ਦਿਨ ਮੇਰੇ ਲਾਗਿਉਂ ਜਾਤਰੂ ਲੰਘੇ। ਇਕ ਬੰਦਾ ਕਹਿਣ ਲੱਗਾ "ਉਹੋ! ਦੇਖੋ ਕਿੰਨਾ ਪੀਲਾ ਰੰਗ ਹੈ ਇਸ ਸੰਨਿਆਸੀ ਦਾ।" ਦਿਨ ਲੰਘੇ। ਮੁਸਾਫਰਾਂ ਦੀ ਇਕ ਹੋਰ ਟੋਲੀ ਲੰਘੀ ਤਾਂ ਇਕ ਔਰਤ ਮੇਰੇ ਵੱਲ ਦੇਖ ਕੇ ਡਰ ਗਈ ਤੇ ਆਪਣੇ ਨਾਲ ਦੇ ਰਾਹੀਆਂ ਨੂੰ ਕਹਿਣ ਲੱਗੀ – ਦੇਖੋ ਦੇਖੋ ਕਿੰਨਾ ਕਾਲਾ ਰੰਗ ਹੈ ਇਸ ਤਪੱਸਵੀ ਦਾ। ਮੇਰੇ ਰੰਗ ਬਾਰੇ ਮੱਤਭੇਦ ਪੈਦਾ ਹੋ ਗਏ ਸਨ। ਤੁਸੀਂ ਆਪਣੀ ਪਿੱਠ ਤੇ ਹੱਥ ਫੇਰਦੇ ਹੋ ਤਾਂ ਤੁਹਾਨੂੰ ਰੀੜ੍ਹ ਦੀ ਹੱਡੀ ਮਹਿਸੂਸ ਹੁੰਦੀ ਹੈ। ਮੈਂ ਪੇਟ ਉਪਰ ਹੱਥ ਫੇਰਦਾ ਸਾਂ ਤਾਂ ਰੀੜ੍ਹ ਦੀ ਹੱਡੀ ਮਹਿਸੂਸ ਹੁੰਦੀ ਸੀ। ਪੇਟ ਕਿੱਥੇ ਰਹਿ ਗਿਆ ਸੀ? ਜਿਸ ਨੂੰ ਮੈਂ ਪੇਟ ਆਖਦਾ ਹਾਂ ਉਥੇ ਤਾਂ ਗਿੱਲੇ ਰੇਤ ਉਪਰ ਊਠ ਦੀ ਇਕ ਪੈੜ ਸੀ ਕੇਵਲ – ਪੇਟ ਨਹੀਂ ਰਿਹਾ ਸੀ। ਇਕ ਦਿਨ ਮੈਂ ਬੈਠਿਆਂ ਬੈਠਿਆਂ ਆਪਣੀਆਂ ਬਾਹਾਂ ਤੇ ਨਜ਼ਰ ਮਾਰੀ, ਲੰਮੇ ਲੰਮੇ ਵਾਲ ਉੱਗੇ ਹੋਏ ਸਨ। ਸੱਜਾ ਹੱਥ ਮੈਂ ਆਪਣੀ ਖੱਬੀ ਬਾਂਹ ਤੇ ਫੇਰਿਆ ਤਾ ਸਾਰੇ ਵਾਲ ਝੜ ਕੇ ਜ਼ਮੀਨ ਤੇ ਡਿੱਗ ਪਏ। ਮੇਰੀ ਚਮੜੀ ਵਿਚ ਇਹ ਸੱਤਿਆ ਨਹੀਂ ਰਹੀ ਸੀ ਕਿ ਉਹ ਵਾਲਾਂ ਨੂੰ ਪਕੜ ਕੇ ਰੱਖ ਸਕੇ। ਸਰੀਰ ਨਿਰਬਲ ਹੋ ਗਿਆ ਸੀ। ਜਿਸ ਨੂੰ ਮੈਂ ਸਰੀਰ ਆਖਦਾ ਹਾ– ਸਰੀਰ ਕਿਥੇ ਸੀ ਇਹ? ਜਿਵੇਂ ਝੌਂਪੜੀ ਦਾ ਮਾਲਕ ਉਜੜ ਜਾਵੇ ਤੇ ਮੁੱਦਤ ਤਕ ਵਾਪਸ ਨਾ ਆਵੇ ਤਾਂ ਝੌਂਪੜੀ ਦਾ ਘਾਹ ਫੂਸ ਸਭ ਉਡ ਜਾਂਦਾ ਹੈ ਤੇ ਕੁੱਝ ਵਿੰਗੇ ਟੇਢੇ, ਟੁੱਟੇ-ਭੱਜੇ ਬਾਂਸ ਤੇ ਡੰਡੇ ਦਿਖਾਈ ਦਿੰਦੇ ਹਨ। ਇਸ ਸਰੀਰ ਵਿਚੋਂ ਇਸ ਦਾ ਮਾਲਕ ਕਿਤੇ ਚਲਾ ਗਿਆ ਸੀ – ਲੱਤਾਂ ਬਾਹਾਂ ਕਿਥੇ ਸਨ ?– ਵਿੰਗੇ ਟੇਢੇ ਕੁੱਝ ਡੰਡੇ ਬਾਕੀ ਬਚੇ ਸਨ।"

ਨਿਰਵਾਣ

ਇਕ ਦਿਨ ਉਹ ਇਸੇ ਤਰ੍ਹਾਂ ਧਿਆਨ ਮਗਨ ਸੀ ਕਿ ਇਕ ਨੌਜਵਾਨ ਔਰਤ ਆਈ ਤੇ ਸਿਧਾਰਥ ਅੱਗੇ ਸਤਿਕਾਰ ਨਾਲ ਇਕ ਕਟੋਰਾ ਲਿਆ ਰੱਖਿਆ ਜਿਸ ਵਿਚ ਖੀਰ ਰਿੰਨ੍ਹ ਕੇ ਲਿਆਂਦੀ ਸੀ। ਸਿਧਾਰਥ ਨੇ ਥੋੜ੍ਹੀ ਕੁ ਖੀਰ ਖਾਣ ਲਈ ਹਮੇਸ਼ਾ ਵਾਂਗ ਆਪਣਾ ਖੱਬਾ ਹੱਥ ਅੱਗੇ ਫੈਲਾਇਆ ਤਾਂ ਨੇੜਿਉਂ ਦੀ ਗਵੱਈਆਂ ਦੀ ਇਕ ਟੋਲੀ ਲੰਘੀ। ਰਸਤੇ ਰਸਤੇ ਤੁਰੇ ਜਾਂਦੇ ਉਹ ਜਿਹੜਾ ਗੀਤ ਗਾ ਰਹੇ ਸਨ ਉਸ ਦੇ ਬੋਲ ਸਨ –

ਆਪਣੀ ਸਿਤਾਰ ਦੀਆਂ ਤਾਰਾਂ ਨੂੰ ਇੰਨੀਆਂ ਢਿੱਲੀਆਂ ਨਾ ਛੱਡ
ਕਿ ਸੰਗੀਤ ਪੈਦਾ ਹੀ ਨਾ ਹੋਵੇ
ਆਪਣੀ ਸਿਤਾਰ ਦੀਆਂ ਤਾਰਾਂ ਨੂੰ ਇੰਨੀਆਂ ਨਾ ਕਸ
ਕਿ ਟੁੱਟ ਹੀ ਜਾਣ।

ਸਿਧਾਰਥ ਨੂੰ ਪ੍ਰਤੀਤ ਹੋਇਆ – ਇਹੀ ਤਾਂ ਜ਼ਿੰਦਗੀ ਦਾ ਰਹੱਸ ਹੈ। ਐਸ਼ਵਰਜ ਵਿਚ ਖਚਿਤ ਹੋਣ ਨਾਲ ਸੱਚ ਦੀ ਪ੍ਰਾਪਤੀ ਨਹੀਂ ਹੋਵੇਗੀ। ਨਾ ਇਹ ਪ੍ਰਾਪਤੀ ਫਾਕੇ ਕੱਟਣ ਨਾਲ ਹੋਵੇਗੀ। ਇੱਥੋਂ ਹੀ ਉਸ ਦੇ ਚਲਾਏ ਧਰਮ ਦਾ ਮੱਧ ਮਾਰਗ ਦਾ ਸਿਧਾਂਤ ਪੈਦਾ ਹੁੰਦਾ ਹੈ। ਇਹ ਔਰਤ ਨੇੜੇ ਦੇ ਪਿੰਡ ਵਿਚੋਂ ਆਈ ਸੀ। ਗੌਤਮ ਨੇ ਖੀਰ ਦਾ ਸਾਰਾ ਕਟੋਰਾ ਖਾਧਾ। ਇਸ ਔਰਤ ਨੂੰ ਅਸੀਸਾਂ ਦਿੱਤੀਆਂ ਤੇ ਪੁੱਛਿਆ ਕਿਵੇਂ ਆਈ? ਉਸ ਨੇ ਕਿਹਾ "ਜੀ ਮੇਰਾ ਨਾਮ ਸੁਜਾਤਾ ਹੈ। ਘਰ ਵਿਚ ਸੁਖ ਸ਼ਾਂਤੀ ਹੈ। ਮੇਰੀ ਗਾਂ ਸੂਈ ਹੈ। ਗਾਂ ਦੇ ਸੂਣ ਤੋਂ ਪਹਿਲਾਂ ਮੈਂ ਫੈਸਲਾ ਕਰ

ਲਿਆ ਸੀ ਕਿ ਜਦੋਂ ਪਹਿਲੀ ਵਾਰ ਇਸ ਦਾ ਦੁੱਧ ਘਰ ਵਿਚ ਰੱਖਾਂਗੀ ਤਾਂ ਖੀਰ ਬਣਾ ਕੇ ਕਿਸੇ ਸਾਧੂ ਨੂੰ ਖੁਆਵਾਂਗੀ। ਆਪ ਦੀ ਅਸੀਸ ਲੈਣ ਆਈ ਹਾਂ।'' ਗੌਤਮ ਨੇ ਉਸ ਨੂੰ ਸਦਾ ਸੁਖੀ ਰਹਿਣ ਦੀਆਂ ਫਿਰ ਅਸੀਸਾਂ ਦਿੱਤੀਆਂ। ਉਸ ਦੇ ਜਾਣ ਉਪਰੰਤ ਉਹ ਉਠਿਆ, ਹੌਲੀ ਹੌਲੀ ਨਦੀ ਤਕ ਗਿਆ। ਹੱਥ ਮੂੰਹ ਧੋਤੇ, ਪਾਣੀ ਪੀਤਾ ਤੇ ਵਾਪਸ ਆਪਣੇ ਚੁਣੇ ਰੁੱਖ ਵੱਲ ਆਣ ਲੱਗਾ। ਇਧਰ ਉਧਰ ਸੁੱਕਾ ਘਾਹ ਸੀ। ਉਸ ਨੇ ਆਪਣੇ ਕਮਜ਼ੋਰ ਹੱਥਾਂ ਨਾਲ ਘਾਹ ਇਕੱਠਾ ਕੀਤਾ ਤੇ ਉਸ ਦਾ ਇਕ ਨਿੱਕਾ ਜਿਹਾ ਗੱਦਾ ਬਣਾਇਆ। ਇਸ ਆਸਣ ਤੇ ਬੈਠ ਕੇ ਉਸ ਨੇ ਫਿਰ ਬੰਦਗੀ ਸ਼ੁਰੂ ਕਰ ਦਿੱਤੀ। ਅਚਾਨਕ ਉਸ ਦਾ ਅੰਦਰ ਬਾਹਰ ਪ੍ਰਕਾਸ਼ਵਾਨ ਹੋ ਗਿਆ। ਨਿਰਵਾਣ ਪ੍ਰਾਪਤ ਹੋ ਗਿਆ ਸੀ। ਇਹ ਉਚਤਮ ਅਨੁਭਵ ਇਕ ਤੋਂ ਬਾਅਦ ਇਕ, ਉਸ ਨੂੰ ਲਗਾਤਾਰ ਪ੍ਰਾਪਤ ਹੋਏ ਤੇ ਹਰ ਵਾਰ ਉਹ ਉਚੇਰੀ ਮੰਜ਼ਿਲ ਤੇ ਪੁੱਜਦਾ। ਜਿਸ ਵਸਤ ਦੀ ਉਸ ਨੂੰ ਤਲਾਸ਼ ਸੀ ਉਹ ਪ੍ਰਾਪਤ ਹੋ ਗਈ ਸੀ। ਹੁਣ ਇਸ ਦੇ ਪ੍ਰਚਾਰ ਦੀ ਲੋੜ ਸੀ। ਬੁੱਧ ਦਾ ਦਿਲ ਕੀਤਾ ਕਿ ਆਪਣੀ ਪ੍ਰਾਪਤੀ ਦਾ ਰਹੱਸ ਸਭ ਤੋਂ ਪਹਿਲਾਂ ਉਨ੍ਹਾਂ ਗੁਰੂਆਂ ਸਾਹਮਣੇ ਖੋਲ੍ਹਿਆ ਜਾਵੇ, ਜਿਨ੍ਹਾਂ ਨੇ ਸ਼ੁਰੂ ਵਿਚ ਉਸ ਨੂੰ ਸਿੱਖਿਆ ਦਿੱਤੀ ਸੀ, ਪਰ ਉਹ ਸਾਰੇ ਇਸ ਸੰਸਾਰ ਵਿਚੋਂ ਵਿਦਾ ਹੋ ਗਏ ਸਨ।

ਬੁੱਧ ਨਾਲ ਜਿਹੜੇ ਪੰਜ ਹੋਰ ਸਾਥੀ ਤਪ ਕਰਦੇ ਸਨ, ਜਦੋਂ ਉਨ੍ਹਾਂ ਨੇ ਦੇਖਿਆ ਕਿ ਉਹ ਖਾਣ ਪੀਣ ਲੱਗ ਗਿਆ ਹੈ ਤਾਂ ਉਹ ਉਸ ਨੂੰ ਪਾਪੀ ਆਖ ਕੇ ਛੱਡ ਗਏ। ਬੁੱਧ ਨੇ ਸੋਚਿਆ ਉਨ੍ਹਾਂ ਨੂੰ ਇਸ ਨਵੇਂ ਧਰਮ ਦਾ ਉਪਦੇਸ਼ ਦਿੱਤਾ ਜਾਵੇ। ਪਤਾ ਲੱਗਾ ਕਿ ਉਹ ਬਨਾਰਸ ਲਾਗੇ ਸਾਰਨਾਥ ਦੇ ਸਥਾਨ ਵਿਖੇ ਸਨ। ਗੌਤਮ ਉਥੇ ਉਨ੍ਹਾਂ ਪਾਸ ਗਿਆ। ਇਨ੍ਹਾਂ ਪੰਜ ਤਪੱਸਵੀਆਂ ਨੂੰ ਉਸਨੇ ਪਹਿਲਾ ਬੋਧ-ਉਪਦੇਸ਼ ਦਿੱਤਾ। ਪਾਲੀ ਗ੍ਰੰਥਾਂ ਵਿਚ ਲਿਖਿਆ ਮਿਲਦਾ ਹੈ- "ਇਥੇ ਉਸ ਨੇ ਧਰਮ ਚੱਕਰ ਨੂੰ ਪਹਿਲਾ ਗੇੜਾ ਦਿੱਤਾ।" ਚਾਰ ਆਰੀਆ ਸੱਚ, ਅਸ਼ਟਾਂਗ ਮਾਰਗ ਅਤੇ ਨਿਰਵਾਣ ਉਪਰ ਉਪਦੇਸ਼ ਦਿੱਤੇ।

ਬਹੁਤ ਸਾਰੇ ਲੋਕ ਬੋਧਸੰਘ ਵਿਚ ਸ਼ਾਮਲ ਹੋਣ ਲੱਗੇ। ਰਾਜਾ ਬਿੰਬੀਸਾਰ ਸਿਧਾਰਥ ਦਾ ਸ਼ਾਗਿਰਦ ਬਣਿਆ। ਵੱਡੀ ਗਿਣਤੀ ਵਿਚ ਅਖਾਉਤੀ ਅਛੂਤ ਅਤੇ ਵਿਦਵਾਨ ਬ੍ਰਾਹਮਣ ਬੋਧੀ ਬਣ ਗਏ ਤੇ ਦੇਰ ਤੋਂ ਭਾਰਤ ਵਿਚ ਪ੍ਰਚਲਤ ਵੈਦਿਕ ਕਰਮਕਾਂਡ ਨੂੰ ਭਾਰੀ ਸੱਟ ਵੱਜੀ। ਬੁੱਧ ਨੇ ਮਾਗਧੀ ਅਤੇ ਪਾਲੀ ਲੋਕ ਬੋਲੀਆਂ ਵਿਚ ਉਪਦੇਸ਼ ਦਿੱਤੇ। ਵੈਦਿਕ ਸੰਸਕ੍ਰਿਤ ਕੇਵਲ ਬ੍ਰਾਹਮਣਾ ਦੀ ਭਾਸ਼ਾ ਬਣ ਕੇ ਰਹਿ ਗਈ ਸੀ ਜੋ ਜਨ ਸਾਧਾਰਨ ਦੀ ਪਹੁੰਚ ਤੋਂ ਪਰੇ ਸੀ। ਇਹ ਧਰਮ ਇਸ ਕਰਕੇ ਵੀ ਬੜੀ ਤੇਜ਼ੀ ਨਾਲ ਫੈਲਿਆ ਕਿਉਂਕਿ ਬੁੱਧ ਨਾ ਸੰਸਕ੍ਰਿਤ ਨੂੰ ਦੇਵਭਾਸ਼ਾ ਮੰਨਦਾ ਸੀ ਨਾ ਉਸ ਦਾ ਜਾਤਪਾਤ ਵਿਚ ਵਿਸ਼ਵਾਸ ਸੀ। ਭਾਰੀ ਗਿਣਤੀ ਵਿਚ ਲੋਕ ਆਕਰਸ਼ਿਤ ਹੋਣ ਲੱਗੇ। ਸਖਤ ਬੰਦਸ਼ਾਂ ਨਹੀਂ ਸਨ। ਜਿਹੜਾ ਵਿਅਕਤੀ ਸੰਘ ਵਿਚ ਰਹਿੰਦਿਆਂ ਮਹਿਸੂਸ ਕਰਨ ਲਗਦਾ ਕਿ ਉਸ ਨੇ ਸ਼ਾਮਲ ਹੋ ਕੇ ਗਲਤੀ ਕੀਤੀ ਹੈ, ਉਸ ਨੂੰ ਸੰਘ ਛੱਡਣ ਦੀ ਆਗਿਆ ਸੀ।

ਨਿਰਵਾਣ ਪ੍ਰਾਪਤੀ ਤੋਂ ਬਾਅਦ ਦੇਰ ਤਕ ਸਿਧਾਰਥ ਧਰਮ ਦਾ ਦੂਰ ਦੂਰ ਤਕ ਪਰਚਾਰ ਕਰਦਾ ਰਿਹਾ। ਰਾਜਾ ਸੁਧੋਧਨ ਅਤੇ ਕਪਿਲਵਸਤੂ ਦੀ ਪਰਜਾ ਆਪਣੇ ਜੋਗੀ ਰਾਜਕੁਮਾਰ ਨੂੰ ਦੇਖਣ ਲਈ ਵਿਆਕੁਲ ਸੀ। ਪਿਤਾ ਬੁੱਢਾ ਹੋ ਗਿਆ ਸੀ। ਉਸ ਨੇ ਬੁੱਧ ਨੂੰ ਸੱਦਣ ਲਈ ਵਿਸ਼ੇਸ਼ ਦੂਤ ਭੇਜੇ। ਦੂਤਾਂ ਨੇ ਕਿਹਾ, 'ਹੇ ਸੁਆਮੀ,

ਪਰਜਾ ਆਪਦੇ ਪ੍ਰਵਚਨ ਸੁਣਨ ਅਤੇ ਦਰਸ਼ਨ ਕਰਨ ਦੀ ਇਛੁਕ ਹੈ। ਮਹਾਰਾਜ ਸੁਧੋਧਨ ਨੇ ਕਿਹਾ ਹੈ - ਇਕ ਕੰਵਲ ਫੁੱਲ ਮੁੱਦਤ ਤੋਂ ਅੰਧਕਾਰ ਵਿਚ ਬੰਦ ਪਿਆ ਉਡੀਕ ਰਿਹਾ ਹੈ ਕਿ ਇੱਧਰ ਵੀ ਕਦੀ ਸੂਰਜ ਚੜ੍ਹੇ ਤੇ ਇਹ ਕੰਵਲ ਖਿੜੇ।'

ਬੁੱਧ ਨੇ ਸੱਦਾ ਮਨਜ਼ੂਰ ਕਰ ਲਿਆ ਤੇ ਭਿੱਖੂਆਂ ਸਮੇਤ ਕਪਿਲਵਸਤੂ ਵੱਲ ਚਾਲੇ ਪਾ ਦਿੱਤੇ। ਉਸ ਨੇ ਕਪਿਲਵਸਤੂ ਸ਼ਹਿਰ ਦੇ ਬਾਹਰਵਾਰ ਅੰਬਾਂ ਦੇ ਬਾਗ ਵਿਚ ਡੇਰੇ ਲਾ ਲਏ। ਮਹਿਲ ਵਿਚ ਖੁਸ਼ੀਆਂ ਦੀ ਲਹਿਰ ਦੌੜ ਗਈ ਜਦੋਂ ਪਤਾ ਲੱਗਾ ਕਿ ਯੁਵਰਾਜ ਆਇਆ ਹੈ। ਪਿਤਾ ਤਿਆਰ ਹੋਣ ਲੱਗਾ ਤਾਂ ਯਸ਼ੋਧਰਾ ਨੂੰ ਸੁਨੇਹਾ ਭੇਜਿਆ ਕਿ ਤਿਆਰ ਹੋ ਜਾਓ, ਯੁਵਰਾਜ ਪਾਸ ਚੱਲਾਂਗੇ। ਯਸ਼ੋਧਰਾ ਨੇ ਉੱਤਰ ਭੇਜਿਆ ਕਿ ਉਹ ਉਥੇ ਜਾਣ ਦੀ ਇਛੁਕ ਨਹੀਂ।

ਪਿਤਾ ਨੇ ਫਿਰ ਸੁਨੇਹਾ ਭੇਜਿਆ ਤਾਂ ਯਸ਼ੋਧਰਾ ਨੇ ਕਿਹਾ - ਕੇਵਲ ਮੈਂ ਹੀ ਨਹੀਂ, ਰਾਹੁਲ ਨੂੰ ਵੀ ਉਥੇ ਨਹੀਂ ਜਾਣ ਦਿੱਤਾ ਜਾਵੇਗਾ। ਰਾਜਾ ਸੁਧੋਧਨ ਯਸ਼ੋਧਰਾ ਦੇ ਮਹਿਲ ਵਿਚ ਆਪ ਚਲਾ ਗਿਆ ਤੇ ਕਹਿਣ ਲੱਗਾ-ਪੁੱਤਰੀ ਜ਼ਿਦ ਉਚਿਤ ਨਹੀਂ। ਪਤਾ ਨਹੀਂ ਕਿਵੇਂ ਉਹ ਸਾਡੇ ਦੇਸ ਵਲ ਆ ਗਿਆ ਹੈ। ਪਤਾ ਨਹੀਂ ਫਿਰ ਕਦੀ ਆਵੇ ਕਿ ਨਾ। ਉਸ ਨੇ ਬਹੁਤ ਦੁਖ ਝੱਲੇ ਹਨ। ਸਾਨੂੰ ਜਾਣਾ ਚਾਹੀਦਾ ਹੈ। ਯਸ਼ੋਧਰਾ ਨੇ ਕਿਹਾ - "ਮਹਿਲ ਵਿਚੋਂ ਬਣਵਾਸ ਲੈਣ ਦਾ ਫੈਸਲਾ ਉਸ ਦਾ ਆਪਣਾ ਸੀ ਪਿਤਾ ਜੀ। ਆਪਣੀ ਮਰਜ਼ੀ ਨਾਲ ਉਹ ਵਾਪਿਸ ਆਇਆ ਹੈ। ਉਸ ਦਾ ਆਉਣਾ ਜਾਂ ਨਾ ਆਉਣਾ ਮੇਰੇ ਲਈ ਅਰਥਹੀਣ ਹੈ ਕਿਉਂਕਿ ਇਨ੍ਹਾਂ ਫੈਸਲਿਆਂ ਵਿਚ ਮੈਂ ਹਿੱਸੇਦਾਰ ਨਹੀਂ ਹਾਂ। ਰਹੀ ਗੱਲ ਦੁਖ ਝੱਲਣ ਦੀ। ਉਸ ਨੇ ਆਪਣੀ ਮਰਜ਼ੀ ਨਾਲ ਭੁੱਖਾਂ ਤੇਹਾਂ ਅਤੇ ਹੋਰ ਕਸ਼ਟ ਝੱਲੇ। ਜਿਹੜਾ ਕੰਮ ਆਪਣੀ ਮਰਜ਼ੀ ਨਾਲ ਕੀਤਾ ਜਾਵੇ ਉਹ ਕੰਮ ਕਰਨ ਵਿਚ ਕੀ ਦੁੱਖ? ਅਸੀਂ ਉਹ ਅਭਾਗੇ ਹਾਂ ਜਿਨ੍ਹਾਂ ਨੂੰ ਕਸ਼ਟ ਸਾਡੀ ਮਰਜ਼ੀ ਤੋਂ ਬਗੈਰ ਮਿਲੇ। ਪਤਾ ਲੱਗਾ ਹੈ ਕਿ ਉਹ ਆਪਣੇ ਪ੍ਰਵਚਨਾ ਵਿਚ ਕਹਿੰਦਾ ਹੈ... ਇੱਛਿਤ ਵਸਤੂ ਨਾ ਮਿਲੇ ਤਾਂ ਦੁੱਖ। ਜੇ ਅਣਇੱਛਿਤ ਵਸਤੂ ਮਿਲੇ ਤਾਂ ਦੁੱਖ। ਸਭ ਦੁੱਖ ਹੀ ਦੁੱਖ ਹੈ। ਪਿਤਾ ਜੀ ਉਸ ਨੂੰ ਇੱਛਿਤ ਵਸਤਾਂ ਮਿਲੀਆਂ ਅਤੇ ਸਾਨੂੰ ਜੋ ਮਿਲਿਆ ਉਹ ਪ੍ਰਾਪਤ ਕਰਨ ਦੀ ਸਾਡੀ ਇੱਛਾ ਨਹੀਂ ਸੀ।"

ਮਹਾਰਾਜ ਨੇ ਫਿਰ ਕਿਹਾ, ਪਰ ਜੇ ਉਸ ਨੇ ਪੁਛ ਲਿਆ ਕਿ ਯਸ਼ੋਧਰਾ ਕਿਉਂ ਨਹੀਂ ਆਈ?

ਯਸ਼ੋਧਰਾ ਨੇ ਕਿਹਾ - ਅਜਿਹਾ ਪੁੱਛਣ ਦੀ ਉਸ ਨੂੰ ਲੋੜ ਨਹੀਂ। ਪਰ ਜੇ ਕਿਧਰੇ ਪੁੱਛ ਲਵੇ ਤਾਂ ਆਖਣਾ ਕਿ ਯਸ਼ੋਧਰਾ ਨੇ ਕਿਹਾ ਸੀ, "ਜੇ ਮੇਰੇ ਵਿਚ ਨੇਕੀ ਦਾ ਕੋਈ ਕਣ ਬਾਕੀ ਹੈ - ਤੇ ਗੌਤਮ ਨੂੰ ਉਸ ਨੇਕੀ ਵਿਚ ਵਿਸ਼ਵਾਸ ਹੈ ਤਾਂ ਉਹ ਮੰਗਤਾ ਮੇਰੇ ਦਰਵਾਜ਼ੇ ਉਤੇ ਭੀਖ ਮੰਗਣ ਅਵੱਸ਼ ਆਏਗਾ।" ਬੋਧ ਕਥਾਵਾਂ ਦਸਦੀਆਂ ਹਨ ਕਿ ਭਰੇ ਮਨ ਨਾਲ ਪਿਤਾ ਆਪਣੇ ਮਹਾਂਮੰਤਰੀ ਅਤੇ ਸੈਨਾਪਤੀ ਸਮੇਤ ਸਿਧਾਰਥ ਦੇ ਦਰਸ਼ਨ ਕਰਨ ਤੁਰ ਪਿਆ। ਬੁੱਧ ਭਿੱਖੂਆਂ ਦੇ ਵਿਚਕਾਰ ਬੈਠਾ ਸੀ। ਮਹਾਂਮੰਤਰੀ, ਸੈਨਾਪਤੀ ਅਤੇ ਮਹਾਰਾਜ ਸੁਧੋਧਨ ਨੇ ਇਸ ਤਪੱਸਵੀ ਦੇ ਚਰਨੀ ਹੱਥ ਲਾਏ। ਬਾਕੀ ਲੋਕ ਪਿਛੇ ਹਟ ਗਏ। ਪਿਤਾ ਆਪਣੇ ਬੇਟੇ ਦੇ ਸਾਹਮਣੇ ਹੋ ਕੇ ਨਜ਼ਦੀਕ ਬੈਠ ਗਿਆ। ਦੇਰ ਤਕ ਪਿਉ ਪੁੱਤਰ ਖਾਮੋਸ਼ ਬੈਠੇ ਰਹੇ। ਸਿਧਾਰਥ ਚੁੱਪ ਸੀ ਕਿਉਂਕਿ ਜੁੱਗਾਂ ਦੀ ਅਨੰਤ ਸ਼ਾਂਤੀ ਉਸ ਦੇ ਦਿਲ ਅੰਦਰ ਸਮਾਈ ਹੋਈ ਸੀ।

ਗੱਲ ਕਰਨ ਜਾਂ ਗੱਲ ਸੁਣਨ ਦੀ ਉਸ ਨੂੰ ਕਾਹਲ ਨਹੀਂ ਸੀ। ਬਜ਼ੁਰਗ ਪਿਤਾ ਮਹਾਰਾਜ ਸੁਧੋਧਨ ਇਸ ਕਰਕੇ ਚੁਪ ਰਿਹਾ ਕਿਉਂਕਿ ਇਹ ਘੜਾ ਪੂਰੀ ਤਰ੍ਹਾਂ ਭਰ ਚੁੱਕਿਆ ਹੋਇਆ ਸੀ ਤੇ ਕਿਸੇ ਵੇਲੇ ਵੀ ਛਲਕ ਸਕਦਾ ਸੀ। ਦਿਲ ਕਰੜਾ ਕਰਕੇ ਆਖਿਰ ਉਹ ਬੋਲਿਆ, "ਕੀ ਤੂੰ ਸਾਡੇ ਤੋਂ ਏਨੀ ਦੂਰ ਚਲਾ ਗਿਆ ਹੈਂ ਸਿਧਾਰਥ ਕਿ ਹੁਣ ਮੈਂ ਤੈਨੂੰ ਕਦੀ ਵਾਪਸ ਨਹੀਂ ਬੁਲਾ ਸਕਾਂਗਾ?

ਸਿਧਾਰਥ ਖਾਮੋਸ਼ ਰਿਹਾ।

ਪਿਤਾ ਨੇ ਫਿਰ ਕਿਹਾ – ਇਕ ਸਲਤਨਤ ਮੈਂ ਤੇਰੇ ਚਰਨਾਂ ਵਿਚ ਅਰਪਣ ਕਰਨੀ ਚਾਹੁੰਦਾ ਹਾਂ ਯੁਵਰਾਜ ਗੌਤਮ। ਸਵੀਕਾਰ ਕਰੇਂਗਾ?

ਗੌਤਮ ਖਾਮੋਸ਼ ਰਿਹਾ।

ਤੀਜੀ ਵਾਰ ਪਿਤਾ ਨੇ ਕਿਹਾ – ਮੈਂ ਤੈਨੂੰ ਨਿਕੇ ਹੁੰਦੇ ਤੋਂ ਹੀ ਜਾਣਦਾ ਹਾਂ ਸਿਧਾਰਥ, ਸੱਚ ਇਹ ਹੈ ਯੁਵਰਾਜ ਕਿ ਮੇਰੇ ਵਲੋਂ ਭੇਟਾ ਕੀਤੀ ਹੋਈ ਇਸ ਸਲਤਨਤ ਨੂੰ ਤੂੰ ਸੁਆਹ ਦੀ ਇਕ ਚੁਟਕੀ ਤੋਂ ਵਧੀਕ ਕੁੱਝ ਨਹੀਂ ਸਮਝਦਾ। ਕੀ ਮੈਂ ਗਲਤ ਕਿਹਾ ਹੈ ਗੌਤਮ?

ਸਾਕਯਮੁਨੀ ਗੌਤਮ ਨੇ ਕਿਹਾ – "ਤੁਹਾਡੀ ਪਰਜਾ ਸੁਖੀ ਵਸੇ ਮਹਾਰਾਜ। ਨਿਆਂ ਕਰਨ ਲਈ ਤੁਸੀਂ ਹਮੇਸ਼ਾ ਤਤਪਰ ਰਹੋ। ਤੁਹਾਡਾ ਦੇਸ ਖੁਸ਼ਹਾਲ ਰਹੇ। ਪਰਜਾ ਨੂੰ ਤੁਸੀਂ ਓਨਾ ਹੀ ਪਿਆਰ ਕਰੋ, ਜਿੰਨਾ ਤੁਸੀ ਮੈਨੂੰ ਕਰਦੇ ਰਹੇ ਸੀ – ਹੁਣ ਤਕ ਕਰ ਰਹੇ ਹੋ। ਪਰਜਾ ਦੇ ਭੰਡਾਰੇ ਅੰਨ ਨਾਲ ਤੇ ਤੁਹਾਡੇ ਮਹਿਲ ਧਨ ਨਾਲ ਭਰਪੂਰ ਰਹਿਣ।" ਇਹ ਆਖ ਕੇ ਬੁੱਧ ਚੁੱਪ ਹੋ ਗਿਆ। ਕੁੱਝ ਦੇਰ ਬਾਅਦ ਫਿਰ ਬੋਲਿਆ, 'ਯਸ਼ੋਧਰਾ ਅਤੇ ਰਾਹੁਲ ਕਿਵੇਂ ਹਨ? ਉਹ ਨਹੀਂ ਆਏ?'

ਪਿਤਾ ਨੇ ਕਿਹਾ – ਮੈਂ ਆਉਣ ਵਾਸਤੇ ਕਿਹਾ ਸੀ ਪਰ ਇਨਕਾਰ ਕਰਕੇ ਯਸ਼ੋਧਰਾ ਨੇ ਕਿਹਾ – "ਜੇ ਮੇਰੇ ਵਿਚ ਨੇਕੀ ਹੋਈ ਤਾਂ ਉਹ ਮੰਗਤਾ ਮੇਰੇ ਦਰਵਾਜੇ ਤੇ ਭੀਖ ਮੰਗਣ ਜ਼ਰੂਰ ਆਵੇਗਾ।"

ਸਿਧਾਰਥ ਨੇ ਭਿੱਖੂਆਂ ਨੂੰ ਕਿਹਾ – "ਸਾਨੂੰ ਉਥੇ ਜਾਣਾ ਪਵੇਗਾ।" ਉਸ ਨੇ ਮਹਾਰਾਜ ਨੂੰ ਵਿਦਾ ਕਰ ਦਿੱਤਾ ਤੇ ਕਿਹਾ ਕਿ ਸੰਘ ਮਹਿਲ ਵਿਚ ਆ ਰਿਹਾ ਹੈ। ਗੌਤਮ ਨੇ ਆਨੰਦ ਅਤੇ ਮੌਦਗਲਿਨ ਨੂੰ ਕਿਹਾ– ਹੁਣ ਮਹਿਲਾਂ ਵਿਚ ਜਾਵਾਂਗੇ। ਪਿਤਾ ਮਹਾਰਾਜ ਸੁਧੋਧਨ, ਯੁਵਰਾਣੀ ਯਸ਼ੋਧਰਾ ਅਤੇ ਯੁਵਰਾਜ ਰਾਹੁਲ ਜਿਸ ਪ੍ਰਕਾਰ ਮੈਨੂੰ ਮਿਲਣਾ ਚਾਹੁਣ – ਉਸੇ ਪ੍ਰਕਾਰ ਮਿਲਣ ਦੇਣਾ। ਵਿਘਨ ਨਹੀਂ ਪਾਉਣਾ। ਜੋ ਉਹ ਕਰਨ, ਜੋ ਉਹ ਕਹਿਣ – ਖਾਮੋਸ਼ ਹੋ ਕੇ ਸੁਣਨਾ। ਸ਼ਾਂਤ ਰਹਿਣਾ। ਭਿੱਖੂਆਂ ਨੂੰ ਕਹਿਣਾ ਸ਼ਾਂਤ ਰਹਿਣ।

ਮਹਿਲਾਂ ਵਿਚ ਖੁਸ਼ੀਆਂ ਦੀ ਲਹਿਰ ਦੌੜ ਗਈ। ਯਸ਼ੋਧਰਾ ਨੇ ਰਾਹੁਲ ਨੂੰ ਕੀਮਤੀ ਗਹਿਣੇ ਤੇ ਬੇਅੰਤ ਸੁੰਦਰ ਵਸਤਰ ਪਹਿਨਾਏ। ਰਾਹੁਲ ਦੀ ਉਮਰ ਉਦੋਂ ਸੱਤ ਸਾਲ ਸੀ। ਯੁਵਰਾਣੀ ਨੇ ਪੁੱਤਰ ਨੂੰ ਕਿਹਾ, ਤੁਹਾਡੇ ਪਿਤਾ ਸਿਧਾਰਥ ਆ ਰਹੇ ਹਨ। ਉਨ੍ਹਾਂ ਦੇ ਚਰਨੀ ਹੱਥ ਲਾਉਣੇ।

ਰਾਹੁਲ ਨੇ ਕਿਹਾ– ਮਾਂ, ਪਿਤਾ ਸੁਧੋਧਨ ਤੋਂ ਇਲਾਵਾ ਹੋਰ ਵੀ ਕੋਈ ਪਿਤਾ ਹੈ ਮੇਰਾ?

ਮਾਂ ਨੇ ਕਿਹਾ – ਮਹਾਰਾਜ ਸੁਧੋਧਨ ਆਪਣੇ ਸਾਰਿਆਂ ਦੇ ਵੱਡੇ ਪਿਤਾ ਹਨ।

ਤੇਰੇ ਪਿਤਾ ਸਿਧਾਰਥ ਦੇਰ ਬਾਅਦ ਅੱਜ ਮਹਿਲਾਂ ਵਿਚ ਆਉਣਗੇ। ਜਦੋਂ ਉਹ ਤੈਨੂੰ ਅਸੀਸ ਦੇਣ ਤਾਂ ਕਹੀਂ – "ਤੁਹਾਡਾ ਪੁੱਤਰ ਹੋਣ ਦੇ ਨਾਤੇ ਮੈਂ ਤੁਹਾਡੀ ਦੌਲਤ ਦਾ ਵਾਰਸ ਹਾਂ ਪਿਤਾ ਜੀ, ਮੈਨੂੰ ਮੇਰਾ ਹੱਕ ਦਿਉ। ਮੈਂ ਤੁਹਾਡਾ ਉੱਤਰ ਅਧਿਕਾਰੀ ਹਾਂ। ਰਾਹੁਲ ਪੁੱਤਰ ਤੂੰ ਇਉਂ ਕਹੀਂ।"

ਰਾਹੁਲ ਨੇ ਫਿਰ ਪੁਛਿਆ – ਪਰ ਮੈਂ ਉਨ੍ਹਾਂ ਨੂੰ ਜਾਣਦਾ ਨਹੀਂ ਮਾਂ। ਸੁਣਿਆ ਹੈ ਬਹੁਤ ਸਾਰੇ ਭਿੱਖੂ ਇਕੱਠੇ ਆ ਰਹੇ ਹਨ। ਮੈਂ ਪਿਤਾ ਨੂੰ ਕਿਵੇਂ ਪਛਾਣਾਂਗਾ? ਕੀ ਇਹ ਚੰਗਾ ਲੱਗੇਗਾ ਕਿ ਮੈਂ ਉਨ੍ਹਾਂ ਤੋਂ ਪੁੱਛਾ ਕਿ ਤੁਹਾਡੇ ਵਿਚੋਂ ਮੇਰਾ ਪਿਤਾ ਕੌਣ ਹੈ?

ਯਸ਼ੋਧਰਾ ਨੇ ਕਿਹਾ– ਤੈਨੂੰ ਪੁੱਛਣ ਦੀ ਜ਼ਰੂਰਤ ਨਹੀਂ ਪਵੇਗੀ। ਜਿੰਨੇ ਭਿੱਖੂ ਆ ਰਹੇ ਹਨ– ਕੁੱਝ ਲੋਹੇ ਰੰਗ ਦੇ ਹਨ, ਕੁੱਝ ਤਾਂਬੇ ਰੰਗ ਦੇ। ਉਨ੍ਹਾਂ ਵਿਚ ਇਕ ਹੈ – ਕੇਵਲ ਇਕ, ਜਿਸ ਦਾ ਸਾਰਾ ਜਿਸਮ ਸੋਨੇ ਦਾ ਬਣਿਆ ਹੋਇਆ ਹੈ। ਸੋਨੇ ਦੇ ਰੰਗ ਵਾਲਾ ਮੰਗਤਾ ਤੇਰਾ ਪਿਤਾ ਹੋਵੇਗਾ। ਜੋ ਕਦੀ ਸਭ ਰਾਜਕੁਮਾਰਾਂ ਵਿਚੋਂ ਸ਼ੋਮਣੀ ਯੁਵਰਾਜ ਸੀ, ਉਹੋ ਹੁਣ ਸ਼ੋਮਣੀ ਭਿੱਖੂ ਹੈ।

ਮੁੱਖ ਦਰਵਾਜੇ ਤੇ ਮਹਾਰਾਜ ਸੁਧੋਧਨ ਗੌਤਮ ਮੁਨੀ ਦੀ ਉਡੀਕ ਵਿਚ ਮੰਤਰੀ ਮੰਡਲ ਸਮੇਤ ਉਸ ਦੇ ਸੁਆਗਤ ਲਈ ਖਲੋਤਾ ਸੀ। ਹੱਥ ਵਿਚ ਭਿੱਖਿਆਪਾਤਰ ਲਈ ਜਦੋਂ ਸਿਧਾਰਥ ਮੁੱਖ ਦਰਵਾਜੇ ਤੇ ਪੁੱਜਾ ਤਾਂ ਸੁਧੋਧਨ ਨੇ ਕਿਹਾ – "ਇਕ ਬਾਦਸ਼ਾਹ ਪਿਤਾ ਦੇ ਦਰਵਾਜੇ ਉਤੇ ਉਸ ਦਾ ਯੁਵਰਾਜ ਪੁੱਤਰ ਹੱਥ ਵਿਚ ਭੀਖ ਮੰਗਣ ਵਾਲਾ ਕਟੋਰਾ ਫੜੀ ਖਲੋਤਾ ਹੋਵੇ – ਤਾਂ ਕੀ ਇਹ ਉਚਿਤ ਹੁੰਦਾ ਹੈ ਗੌਤਮ? ਤੈਨੂੰ ਠੀਕ ਲਗਦਾ ਹੈ ਇਹ? ਸਾਡੀ ਕੁਲ, ਸਾਕਯਵੰਸ਼ ਵਿਚ ਇਹ ਪਰੰਪਰਾ ਨਹੀਂ ਰਹੀ ਯੁਵਰਾਜ। ਇਸ ਕੁਲ ਦੇ ਰਾਜ ਕੁਮਾਰਾਂ ਨੇ ਕਦੀ ਭੀਖ ਨਹੀਂ ਮੰਗੀ ਸੀ।"

ਗੌਤਮ ਨੇ ਕਿਹਾ – ਮੇਰੀ ਕੁਲ ਵਿਚ ਇਸੇ ਤਰ੍ਹਾਂ ਹੁੰਦਾ ਆਇਆ ਹੈ ਮਹਾਰਾਜ।

ਪਿਤਾ ਨੇ ਪੁੱਛਿਆ – ਕੀ ਤੂੰ ਸਾਕਯਵੰਸ਼ ਦਾ ਰਾਜ ਕੁਮਾਰ ਨਹੀਂ ਗੌਤਮ?

ਗੌਤਮ ਨੇ ਕਿਹਾ – ਮੈਂ ਬੁੱਧਵੰਸ਼ ਵਿਚੋਂ ਹਾਂ। ਮੇਰੇ ਵੰਸ਼ ਦੇ ਲੋਕ ਇਵੇਂ ਹੀ ਕਰਿਆ ਕਰਦੇ ਹਨ ਕਿ ਉਹ ਜੇ ਝੌਂਪੜੀ ਵਿਚ ਪੈਦਾ ਹੋਣ ਤਾਂ ਉਥੇ ਹਕੂਮਤਾਂ ਮੱਥਾ ਟੇਕਦੀਆਂ ਹਨ ਤੇ ਜੇ ਮਹਿਲਾਂ ਵਿਚ ਪੈਦਾ ਹੋਣ ਤਾਂ ਹੱਥ ਵਿਚ ਠੂਠਾ ਫੜ ਕੇ ਗਲੀਆਂ ਵਿਚ ਮੰਗਦੇ ਫਿਰਦੇ ਹਨ। ਸਾਡੀ ਕੁਲ ਦਾ ਇਹੀ ਰਿਵਾਜ ਹੈ ਮਹਾਰਾਜ। ਇਥੇ ਮਹਿਲ ਅਤੇ ਝੌਂਪੜੀ ਵਿਚ ਕੋਈ ਅੰਤਰ ਨਹੀਂ।

ਫਿਰ ਉਹ ਅੰਦਰ ਦਾਖਲ ਹੋ ਗਏ। ਤੁਰਦੇ ਤੁਰਦੇ ਯਸ਼ੋਧਰਾ ਦੇ ਮਹਿਲ ਦੇ ਦਰ ਤੇ ਅੱਪੜੇ। ਯਸ਼ੋਧਰਾ ਅਤੇ ਹੀਰਿਆਂ ਮੋਤੀਆਂ ਨਾਲ ਜੜੀਆਂ ਪੁਸ਼ਾਕਾਂ ਪਹਿਨੀ ਰਾਹੁਲ ਉਸ ਦੇ ਸੁਆਗਤ ਲਈ ਖਲੋਤੇ ਸਨ। ਯਸ਼ੋਧਰਾ ਚਰਨੀ ਹੱਥ ਲਾਉਣ ਲਈ ਝੁਕੀ ਤਾਂ ਸਿਧਾਰਥ ਦੀਆਂ ਲੱਤਾਂ ਦੁਆਲੇ ਬਾਹਾਂ ਵਲ ਕੇ ਜ਼ਮੀਨ ਤੇ ਬੈਠ ਗਈ ਤੇ ਦੇਰ ਤਕ ਬੈਠੀ ਰਹੀ। ਉਸ ਦੀਆਂ ਅੱਖਾਂ ਨਦੀਆਂ ਬਣ ਗਈਆਂ। ਉਸਨੇ ਇਸ ਸਾਧੂ ਦੇ ਚਰਨ ਹੰਝੂਆਂ ਨਾਲ ਧੋਏ।

ਬੁੱਧ ਨੇ ਕਿਹਾ – "ਇਸ ਭਿਖਾਰੀ ਨੂੰ ਦਾਨ ਦਿਉ ਜਜਮਾਨ।"

ਯਸ਼ੋਧਰਾ ਉੱਠੀ, ਰਾਹੁਲ ਨੂੰ ਬਾਹਾਂ ਵਿਚ ਚੁੱਕਿਆ ਤੇ ਕਿਹਾ – ਏਸ ਸੰਸਾਰ

ਵਿਚ ਅਤੇ ਅਗਲੇ ਪਿਛਲੇ ਸਭ ਸੰਸਾਰਾਂ ਵਿਚ ਮੇਰੇ ਪਾਸ ਸਭ ਤੋਂ ਕੀਮਤੀ ਵਸਤੂ ਇਹੋ ਹੈ ਸਾਕਯਮੁਨੀ। ਮੈਂ ਇਹ ਤੁਹਾਨੂੰ ਸੌਂਪਦੀ ਹਾਂ। ਮੇਰਾ ਦਿੱਤਾ ਦਾਨ ਸਵੀਕਾਰ ਕਰੋ ਸੁਆਮੀ।

ਰਾਹੁਲ ਨੇ ਅੱਗੇ ਵਧਕੇ ਪਿਤਾ ਦੇ ਚਰਨ ਛੂਹੇ। ਬੁੱਧ ਨੇ ਅਸੀਸਾਂ ਦਿੱਤੀਆਂ। ਫਿਰ ਰਾਹੁਲ ਨੇ ਕਿਹਾ, ਪਿਤਾ ਜੀ ਪੁੱਤਰ ਹੋਣ ਸਦਕਾ ਮੈਂ ਤੁਹਾਡੀ ਦੌਲਤ ਦਾ ਵਾਰਸ ਹਾਂ। ਮੈਨੂੰ ਮੇਰਾ ਹੱਕ ਦਿਉ। ਮੈਂ ਤੁਹਾਡਾ ਉਤਰ ਅਧਿਕਾਰੀ ਹਾਂ।

ਬੁੱਧ ਨੇ ਕਿਹਾ – ਯੁਵਰਾਜ, ਤੂੰ ਮਹਾਰਾਜ ਸੁਧੋਧਨ ਦਾ ਉਤਰ-ਅਧਿਕਾਰੀ ਬਣ। ਤੈਨੂੰ ਰਾਜ ਮਿਲੇਗਾ – ਤਾਜ ਤਖਤ ਮਿਲਣਗੇ। ਮੇਰੇ ਪਾਸ ਤੈਨੂੰ ਦੇਣ ਲਈ ਕੀ ਹੈ? ਇਸ ਭਿਖਾਰੀ ਪਾਸ ਇਕ ਮਿੱਟੀ ਦਾ ਠੂਠਾ ਹੈ ਕੇਵਲ।

ਰਾਹੁਲ ਨੇ ਕਿਹਾ- ਇਹ ਕੀ ਹੈ, ਮੈਨੂੰ ਨਹੀਂ ਪਤਾ। ਪਰ ਪੁੱਤਰ ਹੋਣ ਸਦਕਾ ਜੋ ਵੀ ਆਪ ਪਾਸ ਹੈ, ਮੈਂ ਉਸ ਦਾ ਹੱਕਦਾਰ ਹਾਂ। ਮੈਂ ਤੁਹਾਡਾ ਵਾਰਸ ਹਾਂ ਪਿਤਾ ਜੀ।

ਬੁੱਧ ਨੇ ਕਿਹਾ – ਜਿਸ ਮਹਿਲ ਵਿਚ ਤੂੰ ਜੰਮਿਆ, ਉਥੇ ਇਹੀ ਰਿਵਾਜ ਹੈ ਰਾਹੁਲ, ਕਿ ਜਨਮ ਲੈਣ ਸਾਰ ਤੂੰ ਉਸ ਦਾ ਵਾਰਸ ਹੋਵੇਂ, ਪਰ ਮੇਰੇ ਸੰਘ ਵਿਚ ਕੋਈ ਜਨਮ ਲੈਣ ਨਾਲ ਹੀ ਵਾਰਸ ਹੋਣ ਦਾ ਹੱਕਦਾਰ ਨਹੀਂ ਬਣਦਾ। ਉਸ ਲਈ ਉਸ ਨੂੰ ਕਮਾਈ ਕਰਨੀ ਪਵੇਗੀ।

ਇਕ ਪਾਸੇ ਖਲੋਤੀ ਯਸ਼ੋਧਰਾ ਵੱਲ ਦੇਖ ਕੇ ਸਿਧਾਰਥ ਨੇ ਕਿਹਾ, "ਤੂੰ ਕਮਜ਼ੋਰ ਹੋ ਗਈ ਹੈਂ ਯੁਵਰਾਣੀ। ਤੇਰੀ ਬੇਮਿਸਾਲ ਸੁੰਦਰਤਾ ਹੁਣ ਨਹੀਂ ਰਹੀ।" ਯਸ਼ੋਧਰਾ ਖਾਮੋਸ਼ ਰਹੀ। ਪਿਤਾ ਸੁਧੋਧਨ ਨੇ ਕਿਹਾ, ਜਦੋਂ ਤੂੰ ਮਹਿਲ ਤਿਆਗ ਕੇ ਬਣਵਾਸੀ ਹੋ ਗਿਆ ਸੈਂ ਤਾਂ ਯਸ਼ੋਧਰਾ ਦੇਰ ਤੱਕ ਰਥਵਾਨ ਚੰਨੇ ਨੂੰ ਪੁਛਦੀ ਰਹੀ ਕਿ ਤੂੰ ਜਾਂਦਾ ਹੋਇਆ ਕੀ ਕੀ ਕਹਿੰਦਾ ਗਿਆ ਸੈਂ। ਫਿਰ ਇਸ ਨੇ ਚੰਨੇ ਨੂੰ ਕਿਹਾ – ਮੈਨੂੰ ਉਸ ਥਾਂ ਲੈ ਚੱਲ ਜਿਥੇ ਉਹ ਵਿਛੜਿਆ ਸੀ। ਚੰਨੇ ਨੇ ਰੱਥ ਜੋੜਿਆ ਤੇ ਉਥੇ ਲੈ ਗਿਆ ਜਿਥੇ ਯੁਵਰਾਜ ਨੇ ਆਪਣੇ ਕੇਸ ਕੱਟ ਕੇ ਸੁੱਟ ਦਿੱਤੇ ਸਨ। ਯਸ਼ੋਧਰਾ ਨੇ ਉਹ ਕੇਸ ਸੰਭਾਲ ਕੇ ਰੁਮਾਲ ਵਿਚ ਬੰਨ੍ਹੇ ਅਤੇ ਆਪਣੇ ਨਾਲ ਮਹਿਲ ਵਿਚ ਲੈ ਆਈ। ਯੁਵਰਾਣੀ ਨੇ ਫਿਰ ਆਪਣੇ ਕੇਸ ਕਤਲ ਕਰ ਦਿੱਤੇ। ਯਸ਼ੋਧਰਾ ਨੂੰ ਕਿਸੇ ਨੇ ਦੱਸ ਦਿੱਤਾ ਕਿ ਯੁਵਰਾਜ ਅੱਠ ਪਹਿਰ ਪਿਛੋਂ ਕੁੱਝ ਖਾਂਦਾ ਹੈ- ਇਸ ਨੇ ਅੱਠ ਪਹਿਰਾਂ ਬਾਅਦ ਭੋਜਨ ਖਾਣਾ ਸ਼ੁਰੂ ਕਰ ਦਿੱਤਾ। ਜਦੋਂ ਇਸ ਨੂੰ ਪਤਾ ਲੱਗਾ ਕਿ ਗੌਤਮ ਮਿੱਟੀ ਦੇ ਠੂਠੇ ਵਿਚ ਖਾਂਦਾ ਹੈ ਤਾਂ ਇਸ ਨੇ ਮਿੱਟੀ ਦੇ ਠੂਠੇ ਵਿਚ ਭੋਜਨ ਲੈਣਾ ਸ਼ੁਰੂ ਕਰ ਦਿੱਤਾ ਸੀ। ਦੂਜਿਆਂ ਰਾਜਾਂ ਦੇ ਰਾਜ ਕੁਮਾਰ ਰਾਜ ਕੁਮਾਰੀਆਂ ਆਉਂਦੇ – ਹੋਰ ਮਹਿਮਾਨ ਆਉਂਦੇ, ਇਸ ਦਿਲ ਪਰਚਾਉਣ ਲਈ ਆਖਦੇ – ਯੁਵਰਾਣੀ ਚੱਲੋ ਸੈਰ ਕਰੀਏ, ਚੱਲੋ ਸ਼ਿਕਾਰ ਖੇਡਣ ਚੱਲੀਏ – ਇਕੱਲੇ ਨਾ ਬੈਠੋ ਯੁਵਰਾਣੀ – ਸਾਡੇ ਨਾਲ ਚਲੋ। ਇਹ ਕਿਹਾ ਕਰਦੀ ਸੀ – ਤੁਸੀਂ ਸਭ ਇਕੱਲੇ ਇਕੱਲੇ ਹੋ। ਮੈਂ ਇਕੱਲੀ ਨਹੀਂ ਹਾਂ। ਜਦੋਂ ਕਦੀ ਇਕੱਲੀ ਹੋਈ ਉਦੋਂ ਅਵੱਸ਼ ਤੁਹਾਡੇ ਨਾਲ ਚੱਲਾਂਗੀ।

ਪਰਿਵਾਰ ਨੂੰ ਮਿਲਣ ਉਪਰੰਤ ਉਹ ਵਿਦਾ ਹੋਣ ਲੱਗਾ ਤਾਂ ਨਿੱਕਾ ਰਾਹੁਲ ਉਸਦੇ ਪਿੱਛੇ ਪਿੱਛੇ ਤੁਰ ਪਿਆ। ਉਹ ਮਹਿਲ ਦੇ ਦਰਵਾਜ਼ੇ ਤੋਂ ਬਾਹਰ ਆ ਗਏ ਤੇ ਸੜਕ ਉੱਤੇ ਤੁਰਨ ਲੱਗੇ। ਰਾਹੁਲ ਨੇ ਪਿਤਾ ਸਿਧਾਰਥ ਦੀ ਉਂਗਲ ਫੜ ਲਈ। ਕਪਿਲਵਸਤੂ ਦੇ ਲੋਕ ਭਾਰੀ ਗਿਣਤੀ ਵਿਚ ਸੜਕਾਂ ਕਿਨਾਰੇ, ਸੱਜੇ ਖੱਬੇ ਖਲੋਤੇ ਛੱਤਾਂ

ਤੇ ਬੈਠੇ- ਬਾਰੀਆਂ ਦਰਵਾਜਿਆਂ ਰਾਹੀਂ ਦੇਖ ਰਹੇ ਸਨ- ਇਕ ਪੂਰਾ ਸਜਿਆ ਧਜਿਆ ਸ਼ਾਨਾਮੱਤਾ ਨਿੱਕਾ ਰਾਜਕੁਮਾਰ ਗਲੀਆਂ ਵਿਚ ਆਪਣੇ ਮੰਗਤੇ ਪਿਤਾ ਦੀ ਉਂਗਲ ਫੜੀ ਜਾ ਰਿਹਾ ਸੀ। ਰਾਹੁਲ ਕਹਿੰਦਾ ਜਾ ਰਿਹਾ ਸੀ- ਓਹ ਸ਼ਰੱਮਣ ਪਿਤਾ, ਤੁਹਾਡੀ ਛਾਂ ਵਿਚ ਰਹਿਣਾ ਕਿੰਨਾਂ ਸੁਖਦਾਈ ਹੈ। ਮੇਰਾ ਪਿਤਾ। ਪਿਆਰਾ ਪਿਤਾ। ਭਿੱਖੂ ਪਿਤਾ।

ਟਿਕਾਣੇ ਉੱਤੇ ਪੁੱਜ ਕੇ ਰਾਹੁਲ ਨੇ ਫਿਰ ਆਪਣੀ ਬੇਨਤੀ ਦੁਹਰਾਈ ਤਾਂ ਬੁੱਧ ਨੇ ਕਿਹਾ- ਸੋਨਾ ਚਾਂਦੀ, ਹੀਰੇ ਜਵਾਹਰਾਤ, ਇਹ ਧਨ ਖਤਮ ਹੋ ਜਾਣ ਵਾਲਾ ਹੈ। ਮੈਂ ਤੈਨੂੰ ਅਜਿਹੀ ਦੌਲਤ ਦਿਆਂਗਾ ਜੋ ਖੁੱਸੇਗੀ ਨਹੀਂ। ਮੈਂ ਤੈਨੂੰ ਧਰਮ ਦਿੰਦਾ ਹਾਂ। ਤਦ ਉਸਨੇ ਰਾਹੁਲ ਨੂੰ ਦੀਖਿਆ ਦਿੱਤੀ। ਪਿਤਾ ਸੁਧੋਧਨ ਨੇ ਇਤਰਾਜ਼ ਕੀਤਾ- "ਨਾਬਾਲਗ ਬੱਚੇ ਨੂੰ ਉਸ ਦੇ ਸਰਪ੍ਰਸਤਾਂ ਦੀ ਆਗਿਆ ਬਗ਼ੈਰ ਸੰਘ ਵਿਚ ਸ਼ਾਮਲ ਕਰਨਾ ਅਨੁਚਿਤ ਹੈ।" ਬੁੱਧ ਨੇ ਕਿਹਾ - ਅੱਗੋਂ ਤੋਂ ਅਜਿਹਾ ਨਹੀਂ ਹੋਵੇਗਾ। ਕੇਵਲ ਮਾਪਿਆਂ ਜਾਂ ਸਰਪ੍ਰਸਤਾਂ ਦੀ ਆਗਿਆ ਨਾਲ ਬੱਚੇ ਦੀਖਿਆ ਲੈ ਸਕਣਗੇ। ਬੁੱਧ ਦਾ ਇਹ ਹੁਕਮ ਵਿਨਯਪਟਕ ਵਿਚ ਦਰਜ ਹੈ।

ਰਾਹੁਲ ਬਹੁਤ ਵੱਡਾ ਵਿਦਵਾਨ ਹੋਇਆ ਤੇ ਉਸ ਨੇ ਬੁੱਧਮੱਤ ਦੇ ਪਰਸਾਰ ਵਾਸਤੇ ਭਾਰੀ ਯੋਗਦਾਨ ਪਾਇਆ। ਇਥੇ ਕਪਿਲਵਸਤੂ ਵਿਚ ਹੀ ਕੋਸ਼ਲ ਦਾ ਰਾਜਾ ਪ੍ਰਸਨਜੀਤ ਉਸ ਦਾ ਚੇਲਾ ਬਣਿਆ। ਰਾਜਗ੍ਰਹਿ ਵਿਖੇ ਜਦੋਂ ਬੁੱਧ ਬਿਮਾਰ ਹੋ ਗਿਆ ਸੀ ਤਾਂ ਪ੍ਰਸਨਜੀਤ ਨੇ ਹੀ ਆਪਣੇ ਨਿਜੀ ਹਕੀਮ ਬੁੱਧ ਦੇ ਇਲਾਜ ਲਈ ਭੇਜੇ ਸਨ।

ਭਰਮਣ ਕਰਕੇ ਉਹ ਧਰਮ ਦਾ ਸੰਦੇਸ਼ ਵੰਡਦਾ ਰਿਹਾ। ਪੂਰੇ ਪੰਤਾਲੀ ਸਾਲ ਥਾਂ ਥਾਂ ਤੁਰ ਫਿਰ ਕੇ ਉਸ ਨੇ ਧਰਮ ਪਰਚਾਰ ਕੀਤਾ। ਉਸ ਦੇ ਇਨ੍ਹਾਂ ਦੌਰਿਆਂ ਵਿਚ ਬਹੁਤ ਸਾਰੀਆਂ ਦਿਲਚਸਪ ਘਟਨਾਵਾਂ ਵਾਪਰੀਆਂ ਜਿਹੜੀਆਂ ਕਥਾਵਾਂ ਦੇ ਰੂਪ ਵਿਚ ਬੋਧੀ ਸਾਹਿਤ ਦਾ ਅਣਮੋਲ ਖਜ਼ਾਨਾ ਹਨ। ਕੁਝ ਕੁ ਸਾਖੀਆਂ ਇਸ ਕਰਕੇ ਦੇ ਰਹੇ ਹਾਂ ਤਾਂ ਕਿ ਬੁੱਧ ਮੱਤ ਦਾ ਸੱਚ ਸਮਝ ਵਿਚ ਆ ਸਕੇ।

ਬ੍ਰਾਹਮਣ ਭਾਰਦਵਾਜ

ਭਾਰਦਵਾਜ ਖੇਤੀ ਕਰਦਾ ਹੁੰਦਾ ਸੀ। ਇਕ ਸਾਲ ਵਕਤ ਸਿਰ ਚੰਗੀਆਂ ਬਰਸਾਤਾਂ ਹੋਈਆਂ ਤੇ ਭਰਪੂਰ ਫਸਲ ਹੋਈ। ਉਸ ਦੇ ਸਭ ਭੰਡਾਰੇ ਅਨਾਜ ਨਾਲ ਭਰ ਗਏ। ਉਸ ਨੇ ਯੱਗ ਕਰਨ ਦਾ ਫੈਸਲਾ ਕੀਤਾ। ਸਿਧਾਰਥ ਉਸ ਪਾਸੇ ਆਇਆ ਹੋਇਆ ਸੀ। ਉਹ ਭੋਜਨ ਪ੍ਰਾਪਤ ਕਰਨ ਲਈ ਭਾਰਦਵਾਜ ਦੇ ਘਰ ਪੁੱਜਾ ਤਾਂ ਭਾਰਦਵਾਜ ਬਹੁਤ ਖੁਸ਼ ਹੋਇਆ। ਸਤਿਕਾਰ ਨਾਲ ਉਸ ਨੇ ਸਾਕਯਮੁਨੀ ਨੂੰ ਬਿਠਾਇਆ ਤੇ ਆਪਣੀ ਹੱਥੀਂ ਥਾਲ ਵਿਚ ਭੋਜਨ ਪਰੋਸ ਕੇ ਲੈ ਕੇ ਆਇਆ। ਉਸ ਨੇ ਖਾਣਾ ਬੁੱਧ ਅੱਗੇ ਰੱਖਿਆ ਤੇ ਹੱਥ ਜੋੜ ਕੇ ਬੇਨਤੀ ਕੀਤੀ- ਹੇ ਖੱਤਰੀਮੁਨੀ ਸਿਧਾਰਥ, ਇਹ ਬ੍ਰਾਹਮਣ ਪੁੱਤਰ ਭਾਰਦਵਾਜ ਤੁਹਾਡੇ ਤੋਂ ਇਕ ਪ੍ਰਸ਼ਨ ਪੁੱਛਣਾ ਚਾਹੁੰਦਾ ਹੈ। ਮੇਰੀ ਪ੍ਰਾਰਥਨਾ ਹੈ ਕਿ ਖਾਣਾ ਖਾਣ ਤੋਂ ਪਹਿਲਾਂ ਮੇਰੇ ਪ੍ਰਸ਼ਨ ਦਾ ਉੱਤਰ ਦਿਉ। ਬੁੱਧ ਨੇ ਬੈਠਣ ਦਾ ਇਸ਼ਾਰਾ ਕਰਕੇ ਕਿਹਾ - ਕਹੋ ਬ੍ਰਾਹਮਣ। ਸਾਹਮਣੇ ਬੈਠ ਕੇ ਭਾਰਦਵਾਜ ਨੇ ਕਿਹਾ - ਹੇ ਮੁਨੀ ਮੇਰੇ ਉਪਜਾਊ ਖੇਤ ਹਨ। ਮੈਂ ਹਲ ਵਾਹਿਆ। ਬੀਜ ਬੀਜਿਆ। ਫਸਲ ਉੱਗੀ ਤਾਂ ਉਸ ਦੀ ਰਾਖੀ ਕੀਤੀ। ਫਸਲ ਪੱਕੀ ਤਾਂ ਉਸ ਨੂੰ ਕੱਟ ਕੇ ਅਨਾਜ ਘਰ ਲਿਆਇਆ। ਮੇਰੀ ਮਿਹਨਤ ਨੇ

ਮੇਰਾ ਘਰ ਅੰਨ ਨਾਲ ਭਰ ਦਿੱਤਾ ਤਾਂ ਇਸ ਅਨਾਜ ਨੂੰ ਖਾਣ ਦਾ ਮੈਂ ਹੱਕਦਾਰ ਬਣਿਆ। ਤੁਸੀਂ ਦੱਸੋ, ਤੁਸੀਂ ਇਹ ਭੋਜਨ ਪ੍ਰਾਪਤ ਕਰਨ ਦੇ ਅਧਿਕਾਰੀ ਕਿਵੇਂ ਬਣ ਗਏ।

ਬੁੱਧ ਨੇ ਕਿਹਾ – ਮੈਂ ਵੀ ਕਿਸਾਨ ਹਾਂ ਭਾਰਦਵਾਜ। ਮੇਰਾ ਖੇਤ ਵੀ ਬਹੁਤ ਵੱਡਾ ਹੈ। ਬੇਅੰਤ ਵਿਸ਼ਾਲ। ਇਸ ਦਾ ਨਾਮ ਹੈ ਮਨ। ਤੇਰੀ ਜ਼ਮੀਨ ਉਪਜਾਊ ਹੈ ਤੇ ਪੱਧਰੀ ਵੀ। ਮੇਰਾ ਖੇਤ ਬੰਜਰ ਸੀ। ਕਿਤੇ ਇਸ ਵਿਚ ਬੀਆਬਾਨ ਉਗਿਆ ਹੋਇਆ ਸੀ ਕਿਤੇ ਬੜੀਆਂ ਸਖਤ ਚੱਟਾਨਾਂ ਸਨ। ਮੈਂ ਬੜੀ ਮਿਹਨਤ ਨਾਲ ਇਸ ਜੰਗਲ ਨੂੰ ਕੱਟਿਆ ਤੇ ਚੱਟਾਨਾਂ ਭੰਨੀਆਂ। ਮੇਰੀ ਜ਼ਮੀਨ ਨਿਕੰਮੀ ਸੀ ਤੇ ਮੇਰਾ ਫੈਸਲਾ ਇਹ ਸੀ ਕਿ ਮੈਂ ਇਸ ਵਿਚ ਸਭ ਤੋਂ ਸੂਖਮ ਬੀਜ ਬੀਜਾਂਗਾ।

ਮੈਂ ਨੇਕੀ ਦਾ ਬੀਜ ਬੀਜਿਆ। ਅਕਲ ਦੇ ਖੁਰਪੇ ਨਾਲ ਵਿਚਾਰਾਂ ਦਾ ਘਾਹਫੂਸ ਪੁੱਟਿਆ। ਇਸ ਫਸਲ ਤੇ ਹੱਲੇ ਹੋਏ, ਲਗਾਤਾਰ ਮੈਂ ਸਾਵਧਾਨ ਹੋ ਕੇ ਰਾਖੀ ਕੀਤੀ। ਇਸ ਫਸਲ ਦਾ ਨਾਂ ਸੰਘ ਰੱਖਿਆ ਤੇ ਜੋ ਇਸ ਤੋਂ ਅੰਨ ਪੈਦਾ ਹੋਇਆ ਉਹ ਧਰਮ ਸੀ। ਮੇਰੀ ਵੀ ਬੜੀ ਚੰਗੀ ਫਸਲ ਹੋਈ ਹੈ ਭਾਰਦਵਾਜ। ਮੇਰੇ ਵੀ ਭੰਡਾਰੇ ਭਰੇ ਹੋਏ ਹਨ। ਜਿਵੇਂ ਤੂੰ ਮੱਕੀ ਦੇ ਕੇ ਕਣਕ ਲੈ ਆਉਂਦਾ ਹੈਂ, ਤੇਰੇ ਪਾਸ ਕਪਾਹ ਨਹੀਂ ਤਾਂ ਚਾਵਲਾਂ ਦੇ ਬਦਲੇ ਕਪਾਹ ਵਟਾ ਲਿਆਉਂਦਾ ਹੈਂ ਇਵੇਂ ਹੀ ਅਸੀਂ ਸਾਰੇ ਜਿਣਸਾਂ ਦਾ ਵਟਾਦਰਾਂ ਕਰਦੇ ਹਾਂ। ਤੂੰ ਆਪਣੇ ਅਨਾਜ ਵਿਚੋਂ ਮੈਨੂੰ ਕੁੱਝ ਹਿੱਸਾ ਦਿੱਤਾ ਹੈ ਤਾਂ ਇਸ ਦੇ ਬਦਲੇ ਮੈਂ ਤੈਨੂੰ ਆਪਣੀ ਫਸਲ ਵਿਚੋਂ ਅਵੱਸ਼ ਹਿੱਸਾ ਦਿਆਂਗਾ ਭਾਰਦਵਾਜ – ਤੈਨੂੰ ਤੇਰਾ ਹੱਕ ਅਵੱਸ਼ ਮਿਲੇਗਾ।

ਅਜਿੱਤ

ਇਕ ਗੰਭੀਰ ਵਿਦਵਾਨ ਅਜਿੱਤ ਬੁੱਧ ਦੇ ਸੰਪਰਕ ਵਿਚ ਆਇਆ। ਉਹ ਵੱਡਾ ਹਠੀ ਤਪੱਸਵੀ ਸੀ। ਉਸ ਨੇ ਬੁੱਧ ਨੂੰ ਕਿਹਾ, ਸੁਆਮੀ, ਮੈਂ ਸਾਰਾ ਸੰਸਾਰ ਗਾਹਿਆ ਹੈ ਤੇ ਸਾਰੀਆਂ ਵਿਦਿਆਵਾਂ ਹਾਸਲ ਕੀਤੀਆਂ ਹਨ। ਮੈਂ ਸਭ ਧਰਮ ਗ੍ਰੰਥਾਂ ਦਾ ਪਾਠ ਕੀਤਾ ਹੈ। ਪਰ ਕੀ ਕਾਰਨ ਹੈ ਕਿ ਮੇਰਾ ਮਨ ਅਸ਼ਾਂਤ ਹੈ? ਇਸ ਨੂੰ ਕਿਵੇ ਸ਼ਾਂਤੀ ਮਿਲੇ?

ਬੁੱਧ ਨੇ ਕਿਹਾ – ਹੇ ਸਿਆਣੇ ਅਜਿੱਤ, ਤੂੰ ਤਪੱਸਵੀ, ਵਿਦਵਾਨ ਅਤੇ ਦੇਸਾਂ-ਪ੍ਰਦੇਸਾਂ ਦਾ ਰਟਣ ਕਰਨ ਵਾਲਾ ਤੇਜਵਾਨ ਪੁਰਖ ਹੈਂ। ਤੂੰ ਸੰਸਾਰ ਘੁੰਮ ਚੁੱਕਿਆ ਹੈ – ਆਪਣੇ ਆਪ ਦੇ ਦੁਆਲੇ ਪਰਿਕਰਮਾ ਵੀ ਕਰ, ਆਪਣੇ ਆਪ ਨੂੰ ਵੀ ਜਾਣ। ਮੈਨੂੰ ਪਤਾ ਲੱਗਾ ਹੈ ਕਿ ਤੂੰ ਧਰਮਗ੍ਰੰਥਾਂ ਨਾਲ ਛੇੜਛਾੜ ਕਰਦਾ ਹੈਂ। ਅਜਿਹਾ ਨਾ ਕਰ। ਧਰਮਗ੍ਰੰਥ ਜੰਗਲ ਵਿਚ ਤੁਰੇ ਜਾ ਰਹੇ ਮਸਤ ਅਜਗਰ ਦੀ ਤਰ੍ਹਾਂ ਹੁੰਦਾ ਹੈ ਜੋ ਆਪਣੀ ਮੌਜ ਵਿਚ ਤੁਰਿਆ ਜਾ ਰਿਹਾ ਹੋਵੇ। ਜੇ ਤੂੰ ਸ਼ਰਧਾਲੂ ਹੈਂ ਤਾਂ ਮੱਥਾ ਟੇਕ – ਇਸ ਨੂੰ ਤੁਰੀ ਜਾਣ ਦੇਹ। ਜੇ ਤੈਨੂੰ ਇਹ ਸਪ ਚੰਗਾ ਨਹੀਂ ਲੱਗਾ ਤਾਂ ਤੁਰੰਤ ਥਾਏਂ ਮਾਰ ਦੇਹ ਤੇ ਫਿਰ ਅੱਗੇ ਵਧ। ਮੈਂ ਇਹੀ ਕੀਤਾ ਸੀ ਹੇ ਵਿਦਵਾਨ ਅਜਿੱਤ। ਧਰਮ ਗ੍ਰੰਥਾਂ ਨਾਲ ਛੇੜਛਾੜ ਨਾ ਕਰ। ਤੈਨੂੰ ਸ਼ਾਂਤੀ ਮਿਲੇਗੀ।

ਕਿਸਾਨ ਦੀਆਂ ਗਾਹਲਾਂ

ਇਕ ਪਿੰਡ ਵਿਚ ਕਿਸੇ ਘਰ ਬੁੱਧ ਭਿੱਖਿਆ ਮੰਗਣ ਲੱਗਾ ਤਾਂ ਘਰ ਦਾ ਮਾਲਕ ਕਿਸਾਨ ਗੁੱਸੇ ਹੋ ਗਿਆ ਤੇ ਨਿਕੰਮੇ ਮੰਗਤਿਆਂ ਨੂੰ ਵਿਹਲੜਖੋਰ ਕਹਿ ਕੇ

ਗਾਲ੍ਹਾਂ ਕੱਢਣ ਲੱਗਾ। ਬੁੱਧ ਸ਼ਾਂਤ ਖਲੋਤਾ ਰਿਹਾ। ਜਦੋਂ ਗੁਸੈਲਾ ਕਿਸਾਨ ਗਾਲ੍ਹਾਂ ਦੇਣੋ ਹਟਿਆ ਤਾਂ ਬੁੱਧ ਨੇ ਕਿਹਾ, ਮਿੱਤਰ ਜੇ ਤੂੰ ਮੈਨੂੰ ਭਿੱਖਿਆ ਦੇਣ ਦਾ ਇਛੁਕ ਹੁੰਦਾ ਤੇ ਦਾਨ ਲੈ ਕੇ ਆਉਂਦਾ, ਪਰ ਤੇਰੀ ਦਿੱਤੀ ਵਸਤੂ ਮੈਂ ਕਬੂਲ ਨਾ ਕਰਦਾ ਤਾਂ ਫਿਰ ਉਹ ਵਸਤੂ ਜੋ ਤੂੰ ਮੈਨੂੰ ਦੇਣੀ ਚਾਹੁੰਦਾ ਕਿਸਦੀ ਹੁੰਦੀ? ਕਿਸਾਨ ਨੇ ਕਿਹਾ – ਜੋ ਵਸਤੂ ਮੇਰੀ ਸੀ ਤੇ ਤੁਸੀ ਮੇਰੇ ਤੋਂ ਨਹੀਂ ਲਈ ਉਹ ਮੇਰੀ ਹੁੰਦੀ। ਬੁੱਧ ਨੇ ਕਿਹਾ – ਜੋ ਗਾਲ੍ਹਾਂ ਤੂੰ ਮੈਨੂੰ ਦਿੱਤੀਆਂ – ਮੈਂ ਇਹ ਲਈਆਂ ਨਹੀਂ। ਫਿਰ ਇਹ ਮੇਰੇ ਪਾਸ ਤਾਂ ਹਨ ਨਹੀਂ – ਕਿਸ ਦੀਆਂ ਹੋਈਆਂ ਇਹ? ਤੇ ਕਿਸਨੂੰ ਲੱਗੀਆਂ? ਕਿਸਾਨ ਸ਼ਰਮਿੰਦਾ ਹੋਇਆ ਤੇ ਉਸ ਨੇ ਬੁੱਧ ਤੋਂ ਭੁੱਲ ਦੀ ਖਿਮਾ ਮੰਗੀ।

ਅਛੂਤ ਕੁੜੀ

ਬੁੱਧ ਨੇ ਆਨੰਦ ਨੂੰ ਦੂਰ ਕਿਸੇ ਕੰਮ ਭੇਜਿਆ। ਆਨੰਦ ਨੂੰ ਪਿਆਸ ਲੱਗੀ। ਦੇਰ ਤਕ ਤੁਰਦੇ ਤੁਰਦੇ ਉਹ ਇਕ ਪਿੰਡ ਦੇ ਬਾਹਰ ਖੂਹ ਤੇ ਪੁੱਜਿਆ ਜਿੱਥੇ ਇਕ ਕੁੜੀ ਕੱਪੜੇ ਧੋ ਰਹੀ ਸੀ। ਆਨੰਦ ਨੇ ਉਸ ਨੂੰ ਪਾਣੀ ਪਿਲਾਉਣ ਲਈ ਕਿਹਾ। ਉਸ ਲੜਕੀ ਨੇ ਸਤਿਕਾਰ ਨਾਲ ਪ੍ਰਣਾਮ ਕੀਤਾ ਤੇ ਬੋਲੀ – ਹੇ ਮਹਾਤਮਾ, ਲਗਦਾ ਹੈ ਤੁਸੀਂ ਉਚੀ ਕੁਲ ਦੇ ਹੋ। ਮੈਂ ਨੀਵੀਂ ਜਾਤ ਦੀ ਕੁੜੀ ਪ੍ਰਕ੍ਰਿਤੀ ਹਾਂ। ਕਿਰਪਾ ਕਰਕੇ ਰੁਕੋ। ਮੈਂ ਕਿਸੇ ਉਚੀ ਕੁਲ ਦੀ ਕੁੜੀ ਨੂੰ ਬੁਲਾ ਕੇ ਲਿਆਉਂਦੀ ਹਾਂ ਜੋ ਤੁਹਾਨੂੰ ਪਾਣੀ ਪਿਲਾਵੇ ਤੇ ਤੁਹਾਡਾ ਧਰਮ ਵੀ ਭਰਿਸ਼ਟ ਨਾ ਹੋਵੇ। ਆਨੰਦ ਨੇ ਕਿਹਾ – ਪ੍ਰਕ੍ਰਿਤੀ, ਮੈਂ ਜਾਤੀ ਨਹੀਂ ਪੀਣੀ। ਪਿਆਸ ਲੱਗੀ ਹੋਣ ਕਰਕੇ ਮੈਂ ਤਾਂ ਪਾਣੀ ਹੀ ਪੀਣਾ ਹੈ ਸਿਰਫ। ਤੂੰ ਪਾਣੀ ਪਿਲਾ।

ਕੁੜੀ ਨੇ ਪਾਣੀ ਪਿਲਾਇਆ ਤੇ ਬਹੁਤ ਖੁਸ਼ ਹੋਈ। ਅਸੀਸਾਂ ਦੇ ਕੇ ਆਨੰਦ ਚਲਾ ਗਿਆ। ਉਹ ਪਿੱਛੇ ਪਿੱਛੇ ਤੁਰਦੀ ਗਈ ਤੇ ਪਤਾ ਲੱਗਾ ਕਿ ਆਨੰਦ, ਬੁੱਧ ਦਾ ਸਿੱਖ ਹੈ। ਉਸ ਨੇ ਬੁੱਧ ਅੱਗੇ ਬੇਨਤੀ ਕੀਤੀ – ਹੇ ਮੁਨੀ – ਮੈਨੂੰ ਆਨੰਦ ਚੰਗਾ ਲੱਗਾ ਹੈ। ਤੁਸੀਂ ਮੈਨੂੰ ਇਸ ਪਾਸ ਰਹਿਣ ਦਿਉ। ਮੈਂ ਇਸ ਦੀ ਸੇਵਾ ਕਰਾਂਗੀ।

ਬੁੱਧ ਨੇ ਕਿਹਾ – ਬੇਟੀ ਇਸ ਭਿੱਖੂ ਆਨੰਦ ਜਿਹੇ ਹੋਰ ਸੈਂਕੜੇ ਮੰਗਤੇ ਤੂੰ ਦੇਖੇ ਹੋਣਗੇ। ਜੋ ਤੈਨੂੰ ਚੰਗਾ ਲੱਗਿਆ ਹੈ ਉਹ ਆਨੰਦ ਨਹੀਂ, ਇਸ ਵਿਚਲੀ ਹਮਦਰਦੀ, ਨੇਕੀ ਅਤੇ ਧਰਮ ਚੰਗੇ ਲੱਗੇ ਹਨ। ਤੂੰ ਇਉਂ ਕਰ। ਇਸ ਦੀ ਹਮਦਰਦੀ, ਨੇਕੀ ਅਤੇ ਧਰਮ ਲੈ ਜਾਹ ਤੇ ਆਨੰਦ ਨੂੰ ਤੂੰ ਮੇਰੇ ਪਾਸ ਰਹਿਣ ਦੇਹ। ਤੂੰ ਨੇਕੀ ਕਰ, ਰਹਿਮ ਦਿਲ ਬਣ, ਬ੍ਰਾਹਮਣ ਤੇਰੇ ਚਰਨ ਛੂਹਣਗੇ। ਨੇਕੀ ਕਰੇਂਗੀ ਤਾਂ ਰਾਜ ਗੱਦੀਆਂ ਤੇ ਬੈਠੀਆਂ ਮਹਾਰਾਣੀਆਂ ਦੀ ਚਮਕ ਦਮਕ ਤੇਰੇ ਸਾਹਮਣੇ ਫਿੱਕੀ ਪੈ ਜਾਵੇਗੀ। ਭਾਵੇਂ ਤੂੰ ਅਛੂਤ ਹੈ– ਤੂੰ ਵੱਡੇ ਦਾਨਸ਼ਵਰਾਂ ਵਾਸਤੇ ਮੰਜ਼ਿਲ ਬਣ ਜਾਏਂਗੀ।

ਸਿਰੀਪੁੱਤ ਦੀ ਸਾਖੀ

ਬੁੱਧ ਪ੍ਰਵਚਨ ਕਰਦੇ ਕਰਦੇ ਨਾਲੰਦਾ ਚਲੇ ਗਏ ਜਿੱਥੇ ਵਿਦਵਾਨ ਸਿਰੀਪੁੱਤ ਰਹਿੰਦਾ ਸੀ। ਉਹ ਬੁੱਧ ਵਚਨ ਸੁਣਨ ਲਈ ਸੰਗਤ ਵਿਚ ਆ ਗਿਆ ਤੇ ਬੋਧਵਾਣੀ ਸੁਣ ਕੇ ਨਿਹਾਲ ਹੋਇਆ। ਸਭਾ ਸਮਾਪਤ ਹੋਈ ਤਾਂ ਉਹ ਬੁੱਧ ਪਾਸ ਚਲਾ ਗਿਆ ਅਤੇ ਸਤਿਕਾਰ ਨਾਲ ਪ੍ਰਣਾਮ ਕਰਨ ਉਪਰੰਤ ਕਿਹਾ – "ਹੇ ਮਹਾਂਮੁਨੀ ਮੈਂ ਸਿਰੀ

ਪੁੱਤ ਹਾਂ। ਜੋ ਤੁਹਾਡੇ ਬਾਰੇ ਪਤਾ ਲੱਗਾ ਸੀ – ਉਹੋ ਹੋ ਤੁਸੀਂ। ਤੁਹਾਡੇ ਜਿਹਾ ਨਾ ਕੋਈ ਹੋਇਆ, ਨਾ ਹੈ, ਨਾ ਹੋਵੇਗਾ। ਤੁਹਾਡੇ ਜਿਹੀ ਮਹਾਨਤਾ ਕਿਸੇ ਹੋਰ ਦੇ ਹਿੱਸੇ ਨਹੀਂ ਆਈ।

ਬੁੱਧ ਨੇ ਕਿਹਾ – ਸਿਰੀਪੁੱਤ ਤੇਰੀ ਬਾਣੀ ਸੁੰਦਰ ਹੈ। ਮੈਂ ਸੁਣਿਆ ਹੈ ਕਿ ਤੂੰ ਵਿਦਵਾਨ ਹੈਂ। ਮਿੱਠੀ ਬਾਣੀ ਨਾਲ – ਜ਼ਬਾਨ ਵੀ ਮਿੱਠੀ ਹੋ ਜਾਂਦੀ ਹੈ ਤੇ ਕੰਨਾ ਨੂੰ ਵੀ ਰਸ ਮਿਲਦਾ ਹੈ। ਪਰ ਕੀ ਇਸ ਵਿਚ ਕੁੱਝ ਸੱਚ ਵੀ ਹੈ ਸਿਰੀਪੁੱਤ ਜੋ ਤੁਸੀਂ ਕਿਹਾ?

ਸਿਰੀਪੁੱਤ ਨੇ ਕਿਹਾ – ਹਾਂ ਸਾਕਯਮੁਨੀ। ਸੱਤ ਇਹੀ ਹੈ।

ਬੁੱਧ ਨੇ ਕਿਹਾ, ਹੇ ਸਿਆਣੇ ਸਿਰੀਪੁੱਤ, ਇਸ ਦਾ ਭਾਵ ਹੈ ਕਿ ਤੂੰ ਭੂਤਕਾਲ ਦੇ ਸਭ ਬੁੱਧਾਂ ਨੂੰ ਜਾਣ ਗਿਆ ਹੈਂ?

ਸਿਰੀਪੁੱਤ ਨੇ ਕਿਹਾ – ਨਹੀਂ ਜੀ। ਮੈਂ ਭੂਤਕਾਲ ਦੇ ਸਾਰੇ ਬੁੱਧਾਂ ਨੂੰ ਨਹੀਂ ਜਾਣਦਾ।

ਭਗਵਾਨ ਬੁੱਧ ਫਿਰ ਬੋਲੇ – ਤਾਂ ਸਿਰੀਪੁੱਤ ਨੂੰ ਭਵਿੱਖ ਵਿਚ ਪੈਦਾ ਹੋਣ ਵਾਲੇ ਸਭ ਬੁੱਧਾਂ ਤੋਂ ਵਾਕਫ ਹੈਂ?

ਸਿਰੀਪੁੱਤ ਨੇ ਕਿਹਾ – ਅਜਿਹਾ ਵੀ ਨਹੀਂ ਮਹਾਰਾਜ। ਮੈਂ ਭਵਿੱਖ ਦੇ ਸਭ ਬੁੱਧਾਂ ਨੂੰ ਕਿੱਥੇ ਜਾਣ ਸਕਦਾ ਹਾਂ?

ਬੁੱਧ ਨੇ ਫਿਰ ਪੁਛਿਆ – ਤਾਂ ਤੂੰ ਵਰਤਮਾਨ ਕਾਲ ਵਿਚ ਵਿਚਰਦੇ ਸਭ ਬੁੱਧਾਂ ਤੋਂ ਤਾਂ ਅਵੱਸ਼ ਜਾਣੂ ਹੋਵੇਂਗਾ?

ਸਿਰੀਪੁੱਤ ਨੇ ਕਿਹਾ – ਅਜਿਹਾ ਵੀ ਨਹੀਂ ਮਹਾਂਮੁਨੀ।

ਬੁੱਧ ਨੇ ਕਿਹਾ – ਅੱਛਾ, ਸਿਰੀਪੁੱਤ, ਆਖਰੀ ਸਵਾਲ। ਇਹ ਦੱਸ ਕਿ ਤੇਰੇ ਸਾਹਮਣੇ ਗੌਤਮ ਨਾਮ ਦਾ ਜਿਹੜਾ ਬੁਧ ਇਸ ਵੇਲੇ ਖਲੋਤਾ ਹੈ, ਕੀ ਇਸ ਨੂੰ ਤੂੰ ਪੂਰੀ ਤਰ੍ਹਾਂ ਜਾਣ ਗਿਆ ਹੈਂ?

ਸਿਰੀਪੁੱਤ ਨੇ ਕਿਹਾ – ਹੇ ਸ਼ਰੱਮਣ, ਮੈਂ ਪੂਰੀ ਤਰ੍ਹਾਂ ਤੁਹਾਨੂੰ ਨਹੀਂ ਜਾਣ ਸਕਿਆ। ਮੈਂ ਇਹ ਦਾਅਵਾ ਨਹੀਂ ਕਰ ਸਕਦਾ ਕਿ ਮੈਂ ਤੁਹਾਨੂੰ ਜਾਣ ਗਿਆ ਹਾਂ।

ਬੁੱਧ ਨੇ ਕਿਹਾ – ਆਮ ਲੋਕਾਂ ਲਈ ਵੀ ਮਿਥਿਆ ਵਚਨ ਬੋਲਣੇ ਉਚਿਤ ਨਹੀਂ ਹਨ – ਵਿਦਵਾਨਾਂ ਲਈ ਤਾਂ ਇਹ ਨਿੰਦਣਯੋਗ ਹਨ। ਹੇ ਸਿਆਣੇ ਸਿਰੀਪੁੱਤ, ਤੂੰ ਝੂਠ ਕਿਉਂ ਆਖਿਆ?

ਸਿਰੀਪੁੱਤ ਨੇ ਕਿਹਾ – ਮੈਂ ਜੋ ਆਖਿਆ ਸੋ ਸ਼ਰਧਾ ਵੱਸ ਹੋ ਕੇ ਆਖਿਆ। ਆਪ ਵਿਚ ਮੇਰੀ ਸ਼ਰਧਾ ਪੈਦਾ ਹੋ ਗਈ ਹੈ ਮਹਾਰਾਜ।

ਬੁੱਧ ਨੇ ਕਿਹਾ – ਸ਼ਰਧਾ ਕੀਮਤੀ ਅਤੇ ਪਿਆਰੀ ਵਸਤੂ ਹੈ। ਪਰ ਇਸ ਦੀ ਜੜ੍ਹ ਡੂੰਘੀ ਹੋਣੀ ਚਾਹੀਦੀ ਹੈ ਸਿਰੀਪੁੱਤ। ਸੁੰਦਰ ਸ਼ਬਦਾਂ ਦੀ ਵਰਤੋਂ ਜੀਭ ਨੂੰ ਅਤੇ ਕੰਨਾਂ ਨੂੰ ਰਸ ਜ਼ਰੂਰ ਦਿੰਦੀ ਹੈ। ਪਰ ਇਸ ਦੀ ਉਮਰ ਵੀ ਲੰਮੀ ਹੋਣੀ ਚਾਹੀਦੀ ਹੈ ਸਿਰੀ ਪੁੱਤ। ਮਿਥਿਆ ਵਾਕ ਲੰਮੀ ਉਮਰ ਵਾਲੇ ਨਹੀਂ ਹੁੰਦੇ।

ਗੁਪਤ ਭੇਦ ਰੱਖਣ ਵਾਲੇ ਲੋਕ

ਸਾਨੂੰ ਅਕਸਰ ਵਹਿਮ ਹੋ ਜਾਂਦਾ ਹੈ ਕਿ ਫਲਾਣੇ ਸੰਤ ਕੋਲ ਗੈਬੀ ਸ਼ਕਤੀ ਹੈ ਜਿਹੜੀ ਦਿਸਦੀ ਨਹੀਂ ਕਿਉਂਕਿ ਉਹ ਪਰਗਟ ਨਹੀਂ ਕਰਦਾ। ਤਿੰਨ ਤਰ੍ਹਾਂ ਦੇ ਲੋਕ ਇਹੋ ਜਿਹੇ ਹੁੰਦੇ ਹਨ ਜਿਹੜੇ ਭੇਦ ਨਹੀਂ ਦਿੰਦੇ – ਸਭ ਛੁਪਾ ਕੇ ਰਖਦੇ ਹਨ। ਬੁੱਧ ਨੇ ਦਸਿਆ – ਇਨ੍ਹਾਂ ਵਿਚੋਂ ਪਹਿਲੇ ਨੰਬਰ ਤੇ ਜਨਾਨੀਆਂ ਹਨ ਜੋ ਛੁਪਾਉਂਦੀਆਂ ਵਧੀਕ ਹਨ, ਪਰਗਟ ਘੱਟ ਕਰਦੀਆਂ ਹਨ। ਦੂਜੇ ਸਥਾਨ ਤੇ ਪੁਜਾਰੀ ਆਉਂਦੇ ਹਨ। ਉਹ ਵੀ ਲੁਕਾਉਂਦੇ ਵਧੀਕ ਤੇ ਦਿਖਾਉਂਦੇ ਘੱਟ ਹਨ। ਤੀਜੇ ਨੰਬਰ 'ਤੇ ਝੂਠਾ ਸਿਧਾਂਤ। ਇਹ ਵੀ ਵਧੇਰੇ ਕਰਕੇ ਗੁਪਤ ਰਹਿੰਦਾ ਹੈ। ਦਿਖਾਈ ਘੱਟ ਦਿੰਦਾ ਹੈ। ਬੁੱਧ ਨੇ ਕਿਹਾ "ਧਰਮ ਸੂਰਜ ਵਾਂਗ ਸੰਸਾਰ ਵਿਚ ਚਮਕਦਾ ਹੈ। ਉਸ ਵਿਚ ਕੁੱਝ ਵੀ, ਰੰਚਕ ਵੀ ਗੁਪਤ ਨਹੀਂ।"

ਨਿੰਦਕ ਬ੍ਰਾਹਮਣ

ਅੰਬ ਲਠਿੰਕਾ ਨਾਂ ਦੇ ਨਗਰ ਵਿਚ ਬੁੱਧ ਨੇ ਪ੍ਰਵੇਸ਼ ਕੀਤਾ ਤਾਂ ਉਨ੍ਹਾਂ ਪਾਸ ਕੁਝ ਭਿੱਖੂ ਆਏ ਜੋ ਬੜੇ ਗੁੱਸੇ ਵਿਚ ਸਨ। ਕਹਿਣ ਲੱਗੇ "ਹੇ ਨਾਥ, ਇਕ ਬ੍ਰਾਹਮਣ ਤੁਹਾਡੀ ਨਿੰਦਿਆ ਕਰ ਰਿਹਾ ਸੀ। ਉਹ ਆਖਦਾ ਸੀ ਕਿ ਗੌਤਮ ਗੱਪੀ ਹੈ ਜਿਸ ਨੂੰ ਨਾ ਧਰਮ ਦਾ ਪਤਾ ਹੈ ਨਾ ਸੰਗਤ ਦਾ। ਸਾਨੂੰ ਬੜਾ ਕਰੋਧ ਆਇਆ।" ਬੁੱਧ ਨੇ ਕਿਹਾ- ਭਾਈਓ ਜੇ ਕੋਈ ਮੇਰੇ ਵਿਰੁੱਧ, ਧਰਮ ਵਿਰੁੱਧ ਜਾਂ ਸੰਘ ਵਿਰੁੱਧ ਬੋਲੇ ਤਾਂ ਸੁਣ ਕੇ ਕਰੋਧ ਕਿਉਂ ਕਰਦੇ ਹੋ? ਕਰੋਧ ਤੁਹਾਡੇ ਅੰਦਰ ਮੌਜੂਦ ਸੂਖਮ ਚਿੱਤ ਨੂੰ ਤਾਂ ਨੁਕਸਾਨ ਕਰੇਗਾ ਹੀ, ਤੁਹਾਨੂੰ ਇਹ ਨਿਆਂ ਕਰਨ ਦੇ ਸਮੱਰਥ ਵੀ ਨਹੀਂ ਛੱਡੇਗਾ ਕਿ ਤੁਹਾਡੀ ਆਲੋਚਨਾ ਕਰਨ ਵਾਲਾ ਬੰਦਾ ਠੀਕ ਕਹਿੰਦਾ ਹੈ ਕਿ ਗਲਤ। ਕਰੋਧ ਨਹੀਂ ਕਰਨਾ। ਆਲੋਚਕ ਨੂੰ ਧਿਆਨ ਨਾਲ ਸੁਣੋ। ਸ਼ਾਇਦ ਉਹ ਠੀਕ ਕਹਿੰਦਾ ਹੋਵੇ। ਜੇ ਉਹ ਠੀਕ ਕਹਿ ਰਿਹਾ ਹੋਵੇ ਆਪਣੇ ਆਪ ਨੂੰ ਸੁਧਾਰੋ। ਜੇ ਗਲਤ ਕਹਿ ਰਿਹਾ ਹੋਵੇ ਤਦ ਵੀ ਕਰੋਧ ਨਾ ਕਰੋ।

ਵਿਦਵਾਨ

ਬੁੱਧ ਨੇ ਕਿਹਾ ਜਿਹੜੇ ਵਿਦਵਾਨ ਰਿਸ਼ੀ ਬ੍ਰਹਮ ਬਾਰੇ ਵਖਿਆਨ ਦਿੰਦੇ ਹਨ, ਉਪਦੇਸ਼ ਕਰਦੇ ਹਨ, ਉਨ੍ਹਾਂ ਨੂੰ ਬ੍ਰਹਮ ਦਾ ਕੋਈ ਪਤਾ ਨਹੀਂ। ਉਹ ਜਾਨ ਵਾਰਨ ਵਾਲੇ ਅਜਿਹੇ ਆਸ਼ਕ ਹਨ ਜਿਨ੍ਹਾਂ ਨੇ ਆਪਣੀ ਮਹਿਬੂਬ ਕਦੀ ਦੇਖੀ ਨਹੀਂ। ਉਨ੍ਹਾਂ ਨੇ ਚੜ੍ਹਨ ਲਈ ਪੌੜੀ ਬਣਾ ਲਈ ਹੋਈ ਹੈ ਪਰ ਜਿਸ ਮਹਿਲ ਉਪਰ ਚੜ੍ਹਨਾ ਹੈ ਉਹ ਮਹਿਲ ਅਜੇ ਉਨ੍ਹਾਂ ਨੇ ਦੇਖਿਆ ਨਹੀਂ। ਉਹ ਦਰਿਆ ਪਾਰ ਕਰਨਾ ਚਾਹੁੰਦੇ ਹਨ ਪਰ ਉਨ੍ਹਾਂ ਦੀ ਇੱਛਾ ਹੈ ਕਿ ਦਰਿਆ ਦਾ ਪਰਲਾ ਕਿਨਾਰਾ ਉਨ੍ਹਾਂ ਵੱਲ ਚੱਲ ਕੇ ਆ ਜਾਵੇ। ਤੁਸੀਂ ਇਨ੍ਹਾ ਨੂੰ ਵਿਦਵਾਨ ਕਹੋਗੇ?

ਪ੍ਰਸ਼ਨਜੀਤ

ਰਾਜਾ ਪ੍ਰਸ਼ਨਜੀਤ ਬੁੱਧ ਪਾਸ ਆ ਕੇ ਕਹਿਣ ਲੱਗਾ- ਜੀ ਮਨ ਸ਼ਾਂਤ ਕਿਵੇਂ ਹੋਵੇ? ਮਹਿਲਾਂ ਵਿਚ ਸਭ ਕੁੱਝ ਹੋਣ ਦੇ ਬਾਵਜੂਦ ਮਨ ਅੰਦਰ ਬੇਚੈਨੀ ਹੈ।

ਬੁੱਧ ਨੇ ਕਿਹਾ – ਜਿਸ ਰੁੱਖ ਨੂੰ ਅੱਗ ਲੱਗੀ ਹੋਵੇ ਪ੍ਰਸ਼ਨਜੀਤ, ਕੀ ਕਦੀ ਅਜਿਹਾ ਦੇਖਿਆ ਹੈ ਕਿ ਪੰਛੀ ਉਸ ਉਤੇ ਬੈਠੇ ਗਾ ਰਹੇ ਹੋਣ? ਜਿਥੇ ਵਾਸ਼ਨਾਵਾਂ ਦੀ ਭਰਮਾਰ ਹੋਵੇ ਉਥੇ ਸੱਚ ਦੇ ਪੰਛੀਆਂ ਦਾ ਆਲ੍ਹਣਾ ਨਹੀਂ ਬਣ ਸਕਦਾ। ਭਾਵੇਂ ਆਪਣੇ ਆਪ ਨੂੰ ਕੋਈ ਮਹਾਤਮਾ ਅਖਵਾਉਂਦਾ ਵਿਰੇ – ਵਾਸ਼ਨਾਵਾਂ ਕਾਇਮ ਹਨ ਤਾਂ ਸ਼ਾਂਤੀ ਨਸੀਬ ਨਹੀਂ ਹੋਵੇਗੀ। ਅੱਗ ਬੁਝ ਜਾਵੇਗੀ ਤਾਂ ਦਰਖਤਾਂ ਉੱਪਰ ਪੰਛੀ ਚਹਿ ਚਹਾਵਣਗੇ।

• ਮਾਲੁੰਕਯ-ਪੁੱਤ

ਮਾਲੁੰਕਯਪੁੱਤ ਬੁੱਧ ਦੇ ਡੇਰੇ ਵਿਚ ਆਇਆ ਤੇ ਕਿਹਾ, "ਹੇ ਸਾਕਯਮੁਨੀ, ਤੁਸੀਂ ਪਾਰਬ੍ਰਹਮ ਬਾਰੇ ਕੁਝ ਨਹੀਂ ਦੱਸਿਆ। ਸੰਸਾਰ ਅਮਰ ਹੈ – ਕਿ ਨਾਸ਼ਵਾਨ, ਸੀਮਤ ਹੈ ਕਿ ਅਨੰਤ?

ਬੁੱਧ ਨੇ ਕਿਹਾ – "ਵਿਚਾਰਾਂ ਦੀ ਇਕ ਲੜੀ ਨੂੰ ਛੱਡ ਕੇ ਦੂਜੀ ਨੂੰ ਫੜ ਲੈਣਾ, ਇਕ ਪਰੰਪਰਾ ਤਿਆਗ ਕੇ ਦੂਜੀ ਵਿਚ ਚਲੇ ਜਾਣਾ ਇਹ ਧਰਮ ਨਹੀਂ ਮਾਲੁੰਕਯਪੁੱਤ। ਤੂੰ ਇਕ ਦਰਸ਼ਨ ਸ਼ਾਸਤਰ ਸਿੱਖੇਂ ਜਾਂ ਕੋਈ ਦੂਜਾ ਜਾਂ ਕੁੱਝ ਵੀ ਨਾ ਸਿੱਖੇਂ, ਤਦ ਵੀ ਜਨਮ, ਬੁਢਾਪਾ, ਮੌਤ, ਦੁੱਖ ਵਿਰਲਾਪ, ਸੰਤਾਪ ਤੇ ਉਦਾਸੀ ਕਾਇਮ ਰਹੇਗੀ। ਸ਼ਬਦਾਂ ਅਤੇ ਸੰਕਲਪਾਂ ਦੀ ਵਚਿੱਤਰ ਦਾਰਸ਼ਨਿਕਤਾ ਦਾ ਮੈਂ ਸਹਾਰਾ ਨਹੀਂ ਲਿਆ ਕਿਉਂਕਿ ਦੁੱਖ ਦੂਰ ਕਰਨ ਲਈ ਇਹ ਸਹਾਈ ਨਹੀਂ ਹੁੰਦਾ।

ਅੰਤਲੇ ਕੁਝ ਦਿਨ

480 ਪੂਰਬ ਈਸਵੀ ਸਨ ਵਿਚ ਵੈਸ਼ਾਲੀ ਨਗਰ ਖੁਸ਼ਹਾਲ ਲੋਕਾਂ ਦੀਆਂ ਰੌਣਕਾਂ ਨਾਲ ਘੁੱਗ ਵਸਦਾ ਸ਼ਹਿਰ ਸੀ। ਲਿੱਛਵੀ ਵੰਸ਼ ਦੇ ਛੇ ਰਾਜਿਆਂ ਨੇ ਆਪਣੇ ਆਪਣੇ ਰਾਜਾਂ ਨੂੰ ਮਿਲਾ ਕੇ ਇਕ ਸਾਂਝੀ ਗਣਤੰਤਰ ਸਥਾਪਤ ਕੀਤੀ ਜਿਸ ਨੂੰ ਲਿੱਛਵੀ ਗਣਰਾਜ ਕਹਿੰਦੇ ਸਨ। ਇਸ ਗਣਰਾਜ ਦੀ ਰਾਜਧਾਨੀ ਵੈਸ਼ਾਲੀ ਸੀ। ਇਸ ਗਣਰਾਜ ਦੇ ਮੁਖੀ ਨੂੰ ਲਿੱਛਵੀ ਰਾਜ-ਪ੍ਰਮੁੱਖ ਕਿਹਾ ਜਾਂਦਾ ਸੀ। ਇਹ ਰਾਜ-ਪ੍ਰਮੁੱਖ ਬੜਾ ਸ਼ਕਤੀਸ਼ਾਲੀ ਮਹਾਰਾਜਾ ਬਣ ਗਿਆ ਸੀ।

ਸ਼ੱਕ ਵੰਸ਼ ਦਾ ਯੁਵਰਾਜ ਗੌਤਮ ਜਿਹੜਾ ਇਕ ਹਨੇਰੀ ਸੁੰਨਸਾਨ ਰਾਤ ਵਿਚ ਜੁਆਨ ਉਮਰੇ ਕਪਿਲਵਸਤੂ ਦੇ ਮਹਿਲ ਛੱਡ ਕੇ ਮੰਗਤਾ ਹੋ ਗਿਆ ਸੀ, ਇਨ੍ਹੀ ਦਿਨੀ ਰਾਜਗ੍ਰਹਿ ਨਾਂ ਦੇ ਸ਼ਹਿਰ ਵਿਚ ਟਿਕਿਆ ਹੋਇਆ ਸੀ। ਲੋਕ ਉਸ ਨੂੰ ਸ਼ੱਕਮੁਨੀ, ਮਹਾਮੁਨੀ, ਤਥਾਗਤ, ਮਹਾਤਮਾ ਅਤੇ ਬੁੱਧ ਆਦਿਕ ਨਾਵਾਂ ਨਾਲ ਸੰਬੋਧਨ ਕਰਦੇ। ਉਸ ਨੂੰ ਪਤਾ ਸੀ ਕਿ ਹੁਣ ਸੰਸਾਰ ਤੋਂ ਵਿਦਾ ਹੋਣ ਦਾ ਸਮਾਂ ਆ ਗਿਆ ਹੈ। ਉਹ ਰਾਜਗ੍ਰਹਿ ਦੀ ਥਾਂ ਕੁਸ਼ੀਨਗਰ ਜਾ ਕੇ ਸਰੀਰ ਤਿਆਗਣ ਦਾ ਇੱਛੁਕ ਸੀ, ਜਿਸ ਸ਼ਹਿਰ ਨੂੰ ਉਹ ਪਿਆਰ ਨਾਲ ਕੁਸ਼ੀਨਾਰ ਕਿਹਾ ਕਰਦਾ ਸੀ। ਇਸ ਸ਼ਹਿਰ ਨੂੰ ਉਹ ਕਿਉਂ ਪਿਆਰ ਕਰਦਾ ਸੀ ਤੇ ਉਸ ਨੇ ਉਥੇ ਸਰੀਰ ਤਿਆਗਣ ਦਾ ਕਿਉਂ ਫੈਸਲਾ ਕੀਤਾ, ਕਿਸੇ ਨੂੰ ਪਤਾ ਨਹੀਂ। ਉਸ ਨੇ ਆਨੰਦ ਨੂੰ ਬੁਲਾਇਆ ਤੇ ਕਿਹਾ – "ਕੁਸ਼ੀਨਾਰ ਜਾਣਾ ਹੈ ਆਨੰਦ। ਵੈਸ਼ਾਲੀ ਦੇ ਰਸਤੇ ਹੋ ਕੇ ਚੱਲਾਂਗੇ।" ਉਹ ਤੁਰੇ ਤੇ ਵੈਸ਼ਾਲੀ ਨਗਰ ਅੱਪੜ ਗਏ। ਬੁੱਧ ਕਮਜ਼ੋਰ ਹੋ ਗਿਆ ਸੀ। ਵੈਸ਼ਾਲੀ ਪੁੱਜ ਕੇ

ਆਨੰਦ ਨੇ ਕੁਝ ਦਿਨ ਆਰਾਮ ਕਰਨ ਦੀ ਸਲਾਹ ਦਿੱਤੀ ਤਾਂ ਉਹ ਮੰਨ ਗਿਆ।

ਸਾਵੱਥੀ* ਸ਼ਹਿਰ ਦੀ ਸੁੰਦਰੀ, ਨਰਤਕੀ ਤੇ ਗਾਇਕਾ ਅਮਰਪਾਲੀ ਵੀ ਵੈਸ਼ਾਲੀ ਵਿਚ ਰਹਿ ਰਹੀ ਸੀ। ਇਥੇ ਉਸ ਦਾ ਬਹੁਤ ਵੱਡਾ ਬਾਗ ਸੀ ਜਿਸ ਵਿਚ ਆਲੀਸ਼ਾਨ ਹਵੇਲੀ ਸੀ ਤੇ ਹਵੇਲੀ ਵਿਚ ਬਹੁਤ ਸਾਰਾ ਧਨ। ਇਸ ਨਰਤਕੀ ਨੂੰ ਸੱਦਾ ਦੇਣ ਦੀ ਸਮੱਰਥਾ ਕੇਵਲ ਰਾਜਿਆਂ ਪਾਸ ਰਹਿ ਗਈ ਸੀ। ਲੋਕ ਉਸ ਦੇ ਨਾਚ ਅਤੇ ਗਾਉਣ ਨੂੰ ਪਸੰਦ ਕਰਦੇ ਪਰ ਇਹ ਕਿੱਤਾ ਸਤਿਕਾਰਯੋਗ ਨਹੀਂ ਸੀ, ਇਸ ਲਈ ਦੂਰ ਰਹਿੰਦੇ। ਉਹ ਬੁੱਧ ਪਾਸ ਆਈ। ਮੱਥਾ ਟੇਕਿਆ ਅਤੇ ਬੇਨਤੀ ਕੀਤੀ ਕਿ ਬੁੱਧ ਆਪਣੇ ਭਿੱਖੂਆਂ ਸਮੇਤ ਉਸ ਦੀ ਹਵੇਲੀ ਆ ਕੇ ਭੋਜਨ ਛਕੇ। ਮਹਾਂਸ਼ਰੱਮਣ ਨੇ ਉਸ ਦੀ ਬੇਨਤੀ ਪ੍ਰਵਾਨ ਕੀਤੀ ਤਾਂ ਉਹ ਪ੍ਰਸੰਨਤਾ ਨਾਲ ਵਾਪਸ ਚਲੀ ਗਈ।

ਇਹ ਖਬਰ ਲਿੱਛਵੀ ਸਮਰਾਟ ਨੂੰ ਮਿਲੀ ਤਾਂ ਉਸ ਨੂੰ ਦੁੱਖ ਹੋਇਆ। ਧਨ ਦੇ ਕੇ ਜਿਸ ਕੁੜੀ ਨੂੰ ਕੋਈ ਵੀ ਨੱਚਣ ਲਈ ਬੁਲਾ ਸਕਦਾ ਹੈ, ਸਾਕਯਮੁਨੀ ਸਿਧਾਰਥ ਉਸ ਦੇ ਘਰ ਜਾਏਗਾ? ਸਾਧ ਸੰਤ ਉਸ ਪਾਸਿਉਂ ਦੀ ਨਹੀਂ ਲੰਘਦੇ। ਰਾਜੇ ਤੇ ਰਾਜ ਕੁਮਾਰ ਉਧਰ ਨਹੀਂ ਜਾਂਦੇ – ਦਿਲ ਕਰੇ ਤਾਂ ਉਸ ਨੂੰ ਆਪਣੇ ਪਾਸ ਸੱਦ ਲੈਂਦੇ ਹਨ। ਪਰ ਇਹ ਸਾਧੂ ਜਿਹੜਾ ਯੁਵਰਾਜ ਵੀ ਹੈ, ਅਮਰਪਾਲੀ ਦੀ ਹਵੇਲੀ ਜਾਏਗਾ? ਲਿੱਛਵੀ ਨੂੰ ਦੁੱਖ ਹੋਇਆ। ਉਸ ਨੇ ਫੈਸਲਾ ਕੀਤਾ ਕਿ ਉਹ ਬੁੱਧ ਨੂੰ ਉਥੇ ਨਹੀਂ ਜਾਣ ਦਏਗਾ। ਪਰ ਉਸ ਪਾਸ ਇਹ ਕਹਿਣ ਦੀ ਹਿੰਮਤ ਨਹੀਂ ਸੀ ਕਿ ਜਾਏ ਤੇ ਮਨਾਹੀ ਕਰ ਦਏ। ਪਰ ਉਹ ਰੋਕੇਗਾ। ਉਹ ਬੁੱਧ ਪਾਸ ਗਿਆ। ਚਰਨੀ ਹੱਥ ਲਾਏ। ਬੁੱਧ ਨੇ ਬੈਠਣ ਦਾ ਇਸ਼ਾਰਾ ਕੀਤਾ ਤਾਂ ਉਹ ਧਰਤੀ ਉਤੇ ਬੈਠ ਗਿਆ। ਥੋੜ੍ਹੀ ਦੇਰ ਬਾਅਦ ਕਹਿਣ ਲੱਗਾ – "ਹੇ ਸਾਕਯਮੁਨੀ, ਮੇਰੀ ਇੱਛਾ ਹੈ ਆਪ ਨੂੰ ਪ੍ਰਸ਼ਾਦ ਛਕਾਵਾਂ। ਸੰਘ ਸਮੇਤ। ਕੀ ਮਨਜ਼ੂਰ ਕਰੋਗੇ?" ਬੁੱਧ ਨੇ ਹਾਂ ਵਿਚ ਸਿਰ ਹਿਲਾਇਆ। ਸਿਧਾਰਥ ਨੇ ਫਿਰ ਪੁੱਛਿਆ, "ਕਿਸ ਦਿਨ?" ਲਿੱਛਵੀ ਨੇ ਉਹੀ ਦਿਨ ਕਿਹਾ ਜਿਹੜਾ ਅਮਰਪਾਲੀ ਲਈ ਨਿਸ਼ਚਿਤ ਹੋਇਆ ਸੀ।

ਬੁੱਧ ਨੇ ਕਿਹਾ – ਮਿੱਤਰ ਇਸ ਦਿਨ ਅੰਬਾਪਾਲੀ ਦੀ ਹਵੇਲੀ ਜਾਵਾਂਗਾ। ਕੋਈ ਹੋਰ ਦਿਨ ਦੱਸੋ।

ਲਿੱਛਵੀ ਨੇ ਕਿਹਾ – ਇਹੋ ਦਿਨ ਪਵਿੱਤਰ ਹੈ ਮਹਾਰਾਜ। ਇਸੇ ਦਿਨ ਜਾਣਾ ਪਵੇਗਾ ਸੁਆਮੀ। ਮੇਰੀ ਦੇਰ ਦੀ ਮਨੋਕਾਮਨਾ ਹੈ। ਇਨਕਾਰ ਨਾ ਕਰਨਾ।

ਬੁੱਧ ਨੇ ਕਿਹਾ – ਪਰ ਅੰਬਾਪਾਲੀ ਨੂੰ ਹਾਂ ਕਰ ਦਿੱਤੀ ਹੈ। ਉਥੇ ਜਾਣਾ ਹੋਵੇਗਾ।

ਲਿੱਛਵੀ ਨੇ ਕਿਹਾ – ਤਾਂ ਅੱਜ ਅਮਰਪਾਲੀ ਵੱਡੀ ਹੈ, ਹੇ ਮਹਾਰਾਜ? ਅਸੀਂ ਸਭ ਉਸ ਤੋਂ ਛੋਟੇ ਰਹਿ ਗਏ ਹਾਂ?"

ਬੁੱਧ ਨੇ ਕਿਹਾ – ਅੰਬਾਪਾਲੀ ਵੱਡੀ ਨਹੀਂ ਹੈ। ਤੂੰ ਅਤੇ ਮੈਂ ਵੱਡੇ ਨਹੀਂ ਹਾਂ। ਧਰਮ ਵੱਡਾ ਹੈ। ਇਕਰਾਰ ਧਰਮ ਦੀ ਜੜ੍ਹ ਹੈ। ਮੈਂ ਉਥੇ ਇਕਰਾਰ ਅਨੁਸਾਰ ਜਾਵਾਂਗਾ। ਤੂੰ ਵੀ ਮੇਰੇ ਨਾਲ ਚੱਲੀਂ। ਸੰਘ ਚੱਲੇਗਾ।"

ਲਿੱਛਵੀ ਅਮਰਪਾਲੀ ਪਾਸ ਗਿਆ ਤੇ ਕਹਿਣ ਲੱਗਾ- ਅਮਰਪਾਲੀ ਜੇ ਤੂੰ ਬੁੱਧ ਨੂੰ ਭੋਜਨ ਛਕਾਣ ਦਾ ਸੱਦਾ ਵਾਪਸ ਲੈ ਲਵੇਂ ਤਾਂ ਮੈਂ ਮਹਿਲ ਵਿਚ ਇਹ ਸੇਵਾ ਕਰ

* ਸੰਸਕ੍ਰਿਤ ਵਿਚ ਨਾਮ ਸ਼੍ਰਾਵਸਤੀ ਹੈ।

ਸਕਦਾ ਹਾਂ ਤੇ ਇਸ ਬਦਲੇ ਤੈਨੂੰ ਇਕ ਲੱਖ ਰੁਪਏ ਦੇਣ ਲਈ ਤਿਆਰ ਹਾਂ।

ਅਮਰਪਾਲੀ ਨੇ ਕਿਹਾ – ਲੱਖ ਰੁਪਏ ਤਾਂ ਕੀ ਲੱਖ ਦੇਸ਼ ਵੀ ਉਸ ਦੇ ਬਦਲੇ ਨਹੀਂ ਲਵਾਂਗੀ। ਉਹ ਇਥੇ ਮੇਰੇ ਘਰ ਅਵੱਸ਼ ਆਏਗਾ। ਉਹ ਅਮੁੱਲ ਹੈ।

ਉਹ ਸਭ ਅਮਰਪਾਲੀ ਦੀ ਹਵੇਲੀ ਲੰਗਰ ਛਕਣ ਗਏ। ਵਾਪਸ ਆਉਣ ਲੱਗੇ ਤਾਂ ਅਮਰਪਾਲੀ ਨੇ ਹੱਥ ਜੋੜ ਕੇ ਕਿਹਾ – "ਮੇਰੀ ਇਕ ਪ੍ਰਾਰਥਨਾ ਹੈ ਸੁਆਮੀ। ਮੋੜਨੀ ਨਾਂਹ। ਘਣਾ ਫੈਲਿਆ ਇਹ ਵਿਸ਼ਾਲ ਬਾਗ ਮੈਂ ਆਪ ਦੇ ਚਰਨਾ ਵਿਚ ਭੇਟ ਕਰਦੀ ਹਾਂ। ਮੇਰਾ ਹੋਰ ਟਿਕਾਣਾ ਨਹੀਂ ਹੈ। ਜਿੰਨਾ ਚਿਰ ਸਾਹ ਹਨ ਇਥੇ ਕੋਠੀ ਵਿਚ ਰਹਿਣ ਦੀ ਆਗਿਆ ਦੇ ਦਿਉ। ਮੇਰੇ ਪਿਛੋਂ ਕੋਠੀ, ਸਮਾਨ, ਧਨ, ਇਹ ਆਪਦਾ ਹੋਵੇ।" ਬੁੱਧ ਨੇ ਉਸ ਦੀ ਬੇਨਤੀ ਮੰਨੀ ਤੇ ਬਾਗ ਸੰਘ ਨੂੰ ਦੇ ਦਿੱਤਾ।

ਉਹ ਹੌਲੀ ਹੌਲੀ ਤੁਰਦੇ ਗਏ ਤਾਂ ਵੈਸ਼ਾਲੀ ਨਗਰ ਦੀ ਹੱਦ ਪਾਰ ਕਰ ਗਏ। ਬੁੱਧ ਰੁਕਿਆ। ਮੁੜ ਕੇ ਵੈਸ਼ਾਲੀ ਨਗਰ ਵੱਲ ਦੇਖਣ ਲੱਗਾ। ਆਨੰਦ ਨੇ ਕਿਹਾ – ਪੰਧ ਮੁਕਾਣਾ ਹੈ ਮਹਾਰਾਜ ਸਿਧਾਰਥ। ਚੱਲੀਏ? ਬੁੱਧ ਨੇ ਕਿਹਾ – "ਭਲੇ ਲੋਕਾਂ ਦਾ ਸ਼ਹਿਰ ਵੈਸ਼ਾਲੀ। ਸੁੰਦਰ ਬਾਗਾਂ ਦਾ ਸ਼ਹਿਰ। ਅੰਬਾਪਾਲੀ ਦਾ ਨਗਰ। ਮੈਂ ਇਸ ਨਗਰ ਨੂੰ ਮੁੜ ਕੇ ਕਦੀ ਨਹੀਂ ਦੇਖ ਸਕਾਂਗਾ ਅੱਜ ਤੋਂ ਬਾਦ। ਥੋੜੀ ਕੁ ਦੇਰ ਹੋਰ ਦੇਖਣ ਦੀ ਅਗਿਆ ਦੇ ਦੇਵੇਂਗਾ ਆਨੰਦ?"

ਆਨੰਦ ਦੀਆਂ ਅੱਖਾਂ ਛਲਕਦੀਆਂ ਅੱਖਾਂ ਵੱਲ ਧਿਆਨ ਦੇਣ ਦੀ ਥਾਂ ਬੁੱਧ ਨੇ ਵੈਸ਼ਾਲੀ ਨੂੰ ਸੁਖੀ ਵਸਣ ਦੀਆਂ ਅਸੀਸਾਂ ਦਿੱਤੀ ਤੇ ਫਿਰ ਰਸਤਾ ਫੜਿਆ। ਕੁਸ਼ੀਨਾਰ ਦੇ ਰਾਹ ਪੈ ਗਏ ਤਾਂ ਰਸਤੇ ਵਿਚ ਪਾਵਾ ਨਾਂ ਦਾ ਪਿੰਡ ਆਇਆ ਜਿਥੇ ਚੁੰਡ ਨਾਂ ਦੇ ਉਪਾਸ਼ਕ ਇਕ ਲੁਹਾਰ ਨੇ ਖਾਣਾ ਖਾਣ ਦੀ ਬੇਨਤੀ ਕੀਤੀ। ਬੁੱਧ ਦੀ ਖਾਣਾ ਖਾਣ ਦੀ ਇੱਛਾ ਨਹੀਂ ਸੀ। ਸਰੀਰ ਵੀ ਠੀਕ ਨਹੀਂ ਸੀ ਪਰ ਚੁੰਡ ਮੁੜ ਮੁੜ ਪ੍ਰਾਰਥਨਾ ਕਰਨ ਲੱਗਾ ਕਿ ਸੰਘ ਦੇ ਚਰਨ ਘਰ ਵਿਚ ਅਵੱਸ਼ ਪੁਆਣੇ ਹਨ। ਸਾਰੇ ਭਿੱਖੂ ਆਉਣ। ਲੋੜ ਅਨੁਸਾਰ ਸਭ ਨੇ ਖਾਣਾ ਖਾਧਾ। ਬੁੱਧ ਨੇ ਥੋੜਾ ਜਿਹਾ ਖਾਣਾ ਖਾਧਾ। ਖਾਣਾ ਖਾਣ ਪਿਛੋਂ ਉਸ ਦੇ ਪੇਟ ਵਿਚ ਤਿੱਖਾ ਦਰਦ ਉਠਿਆ। ਖੂਨ ਦੇ ਦਸਤ ਸ਼ੁਰੂ ਹੋ ਗਏ। ਸਭ ਨੇ ਰਲ ਮਿਲ ਕੇ ਸੇਵਾ ਸੰਭਾਲ ਕੀਤੀ। ਕੁੱਝ ਘੰਟਿਆਂ ਬਾਅਦ ਮਹਾਤਮਾ ਦਾ ਦਰਦ ਰੁਕਿਆ ਤਾਂ ਉਸ ਨੇ ਕਿਹਾ- ਚੱਲੀਏ? ਆਨੰਦ ਦਾ ਮਨ ਕੁੱਝ ਦਿਨ ਰੁਕਣ ਦਾ ਸੀ ਕਿਉਂਕਿ ਜਾਣ ਵਾਲੀ ਹਾਲਤ ਨਹੀਂ ਸੀ। ਪਰ ਉਹ ਚੁੱਪ ਕਰਕੇ ਤੁਰ ਪਿਆ। ਨਾਲ ਹੋਰ ਕੌਣ ਕੌਣ ਸਨ ਪਤਾ ਨਹੀਂ।

ਦੁਪਹਿਰ ਵੇਲੇ ਉਹ ਹਿਰਣਾਵਤੀ ਨਦੀ ਕਿਨਾਰੇ ਪੁੱਜੇ। ਬੁੱਧ ਥੱਕ ਗਿਆ ਸੀ। ਲੇਟ ਗਿਆ। ਆਨੰਦ ਨੇ ਉਸ ਦਾ ਸਿਰ ਆਪਣੀ ਗੋਦੀ ਵਿਚ ਰੱਖ ਲਿਆ। ਬੁੱਧ ਨੇ ਕਿਹਾ "ਭੁੱਲੀਂ ਨਾ ਆਨੰਦ। ਇਕ ਕੰਮ ਕਰਨਾ ਹੈ। ਇਧਰੋਂ ਕੁਸ਼ੀਨਾਰ ਵਲੋਂ ਜਦੋਂ ਵਿਹਲਾ ਹੋਵੇਂ ਤਾਂ ਵੈਸ਼ਾਲੀ ਨਗਰ ਜਾਈਂ। ਸ਼ਹਿਰ ਤੇਰੇ ਦਰਸ਼ਨਾ ਨੂੰ ਉਮਡ ਪਵੇਗਾ। ਉਹ ਤੇਰੇ ਤੋਂ ਜਾਣਨਾ ਚਾਹੁਣਗੇ ਕਿ ਗੌਤਮ ਮੰਗਤਾ ਕੀ ਕੀ ਕਹਿਕੇ ਗਿਆ ਹੈ ਜਾਂਦਾ ਹੋਇਆ। ਪਰ ਤੂੰ ਚੁੰਡ ਲੁਹਾਰ ਦੇ ਘਰ ਜਾਈਂ। ਉਸ ਨੂੰ ਧਰਵਾਸ ਦੇਈਂ। ਉਸ ਨੂੰ ਕਹੀਂ ਡੋਲੇ ਨਾਹ। ਉਸ ਨੂੰ ਕਹੀਂ ਕਿ ਤਥਾਗਤ ਤੈਨੂੰ ਰਸਤੇ ਰਸਤੇ ਅਸੀਸਾਂ ਦਿੰਦਾ ਗਿਆ ਸੀ। ਭਿੱਖੂਆਂ ਨੂੰ ਕਹਿਣਾ ਸ਼ੱਕ ਨਾ ਕਰਨ। ਚੁੰਡ ਸਾਡਾ ਮਿੱਤਰ ਹੈ। ਉਹ ਸਤਿਕਾਰਯੋਗ ਉਪਾਸ਼ਕ ਹੈ। ਦੋ ਖਾਣੇ ਅਮਰ ਰਹਿਣਗੇ ਹਮੇਸ਼।

ਜੋ ਭੋਜਨ ਸੁਜਾਤਾ ਲੈ ਕੇ ਆਈ ਸੀ, ਜਿਸ ਪਿੱਛੋਂ ਤਥਾਗਤ ਨੂੰ ਗਿਆਨ ਹੋਇਆ ਸੀ – ਉਹ ਖਾਣਾ ਅਤਿਅੰਤ ਪਵਿੱਤਰ ਸੀ। ਫਿਰ ਉਹ ਭੋਜਨ ਜਿਸ ਨੂੰ ਗ੍ਰਹਿਣ ਕਰਨ ਤੋਂ ਬਾਅਦ ਤਥਾਗਤ ਵਿਦਾ ਹੋਵੇਗਾ ਸਦਾ ਲਈ। ਇਨ੍ਹਾਂ ਦੋ ਖਾਣਿਆਂ ਨੂੰ ਜੋ ਸਤਿਕਾਰ ਪ੍ਰਾਪਤ ਹੈ ਉਹ ਕਿਸੇ ਧਨ, ਜਾਇਦਾਦ ਜਾਂ ਸ਼ਕਤੀ ਵਿਚ ਨਹੀਂ। ਸੁਜਾਤਾ ਅਤੇ ਚੁੰਡ ਨੂੰ ਅਨੰਤ ਸੁਖ ਮਿਲੇਗਾ।

ਉਹ ਫਿਰ ਤੁਰ ਪਏ। ਤੁਰਦੇ ਤੁਰਦੇ ਸ਼ਾਮ ਤੋਂ ਪਹਿਲੋਂ ਕੁਸ਼ੀਨਾਰ ਦਿਖਾਈ ਦੇਣ ਲੱਗ ਪਿਆ। ਬੁੱਧ ਨੇ ਕਿਹਾ – ਕੁਸ਼ੀਨਾਰ ਆ ਗਿਆ ਹੈ ਆਨੰਦ। ਇਥੇ ਸਾਹਮਣੇ ਸਾਲ ਦੇ ਰੁੱਖਾਂ ਦਾ ਜਿਹੜਾ ਝੁੰਡ ਹੈ, ਇਥੇ ਟਿਕਾਣਾ ਕਰਾਂਗੇ। ਹੋਰ ਅੱਗੇ ਨਹੀਂ ਜਾਣਾ। ਚਾਰੇ ਪਾਸੇ ਸ਼ਾਂਤੀ ਸੀ। ਬੁੱਧ ਨੇ ਕਿਹਾ – ਬਿਸਤਰਾ ਵਿਛਾ ਦੇਹ ਤੇ ਸਿਰ ਉੱਤਰ ਵੱਲ ਰੱਖੀਂ। ਆਨੰਦ ਨੇ ਹਲਕੇ ਘਾਹਫੂਸ ਦੀ ਬਣੀ ਨਿੱਕੀ ਚਟਾਈ ਧਰਤੀ ਤੇ ਵਿਛਾ ਦਿੱਤੀ। ਬੁੱਧ ਉਸ ਉਪਰ ਲੇਟ ਗਿਆ। ਨਗਰ ਵਾਸੀਆਂ ਨੂੰ ਤੇ ਭਿੱਖੂਆਂ ਨੂੰ ਇਕ ਦੂਜੇ ਤੋਂ ਪਤਾ ਲਗਦਾ ਗਿਆ ਕਿ ਤਥਾਗਤ ਕੁਸ਼ੀਨਗਰ ਦੀ ਜੂਹ ਵਿਚ ਆ ਗਿਆ ਹੈ। ਇਹ ਵੀ ਪਤਾ ਲਗਦਾ ਗਿਆ ਕਿ ਉਸ ਦੀ ਤਬੀਅਤ ਠੀਕ ਨਹੀਂ। ਆਨੰਦ ਨੇ ਕਹਿ ਦਿੱਤਾ ਸੀ ਕਿ ਸਭ ਦੂਰੋਂ ਦਰਸ਼ਨ ਕਰੋ। ਹਰ ਪਾਸਿਓਂ ਲੋਕ ਆ ਆ ਕੇ ਬੈਠੀ ਜਾ ਰਹੇ ਸਨ। ਸਭ ਖਾਮੋਸ਼ ਸਨ।

ਇਕ ਸ਼ਰਧਾਲੂ ਤਥਾਗਤ ਦੇ ਦਰਸ਼ਨ ਕਰਨ ਆਇਆ। ਉਹ ਬੁੱਧ ਦੇ ਚਰਨੀ ਹੱਥ ਲਾਉਣ ਦਾ ਇੱਛੁਕ ਸੀ। ਆਨੰਦ ਨੇ ਰੋਕ ਦਿੱਤਾ। ਉਸ ਨੇ ਮਿੰਨਤ ਕਰਨੀ ਸ਼ੁਰੂ ਕਰ ਦਿੱਤੀ ਜੋ ਬੁੱਧ ਨੇ ਸੁਣ ਲਈ। ਬੁੱਧ ਨੇ ਹੌਲੀ ਦੇ ਕੇ ਕਿਹਾ – ਆਉਣ ਦੇਹ ਆਨੰਦ। ਉਹ ਅੱਗੇ ਵਧਿਆ। ਪ੍ਰਣਾਮ ਕਰਕੇ ਕਿਹਾ – ਜੀ ਮੈਂ ਸੁਭੱਦਰ ਬ੍ਰਾਹਮਣ ਹਾਂ। ਹੇ ਮੁਨੀ, ਕਿਰਪਾ ਕਰਕੇ ਦੱਸ ਦਿਉਗੇ ਕਿ ਅਸੀਂ ਕਿਥੋਂ ਆਏ, ਕਿਉਂ ਆਏ ਤੇ ਕਿਥੇ ਜਾਵਾਂਗੇ? ਆਨੰਦ ਦੀ ਇੱਛਾ ਨਹੀਂ ਸੀ ਕਿ ਇਸ ਸਮੇਂ ਪ੍ਰਸ਼ਨ ਪੁੱਛੇ ਜਾਣ। ਪਰ ਬੁੱਧ ਨੇ ਕਿਹਾ – ਇਨ੍ਹਾਂ ਸਭ ਪ੍ਰਸ਼ਨਾਂ ਦੇ ਉੱਤਰ ਹਨ ਮੇਰੇ ਪਾਸ ਸੁਭੱਦਰ। ਜੇ ਮੈਂ ਪਰਗਟ ਕਰ ਦਿਆਂ ਤਦ ਵੀ ਸੰਸਾਰ ਵਿਚ ਦੁੱਖ ਰਹਿਣਗੇ। ਮੇਰਾ ਸਰੋਕਾਰ ਦੁੱਖ ਨਾਲ ਹੈ, ਉਸੇ ਦਾ ਸ਼ਿਕਾਰ ਕਰਨਾ ਚਾਹਿਆ। ਹੋਰ ਕੋਈ ਇੱਛਾ ਬਾਕੀ ਨਹੀਂ। ਦਾਰਸ਼ਨਿਕ ਕਰਦੇ ਰਹਿਣਗੇ ਇਹ ਗੱਲਾਂ। ਤੁਹਾਨੂੰ ਸਮੁੰਦਰ ਵੱਡਾ ਲਗਦਾ ਹੈ। ਮੈਨੂੰ ਲਗਦਾ ਹੈ ਕਿ ਪਸ਼ੂ-ਪੰਛੀਆਂ ਅਤੇ ਮਨੁੱਖਾਂ ਨੇ ਅੱਜ ਤਕ ਜਿੰਨੇ ਹੰਝੂ ਵਹਾਏ ਹਨ, ਉਹ ਸਮੁੰਦਰ ਤੋਂ ਵਧੀਕ ਹਨ। ਦੁੱਖਾਂ ਦੀ ਸਮਾਪਤੀ ਕਰਨ ਲਈ ਤਥਾਗਤ ਧਰਤੀ ਉਤੇ ਆਇਆ।

ਬੁੱਧ ਨੇ ਆਨੰਦ ਵੱਲ ਨਿਗਾਹ ਮੋੜੀ। ਆਨੰਦ ਨੇ ਕਿਹਾ – ਸੁਆਮੀ ਕੁੱਝ ਹੋਰ ਦੱਸੋ ਸਾਨੂੰ।

ਬੁੱਧ ਨੇ ਆਲੇ ਦੁਆਲੇ ਬੈਠੇ ਭਿੱਖੂਆਂ ਨੂੰ ਕਿਹਾ "ਮਿੱਤਰੋ, ਜਦੋਂ ਜੁਆਨੀ ਵਿਚ ਮੈਂ ਸੋਚ ਰਿਹਾ ਸਾਂ ਕਿ ਮਹਿਲ ਤਿਆਗ ਕੇ ਸੰਨਿਆਸ ਲਵਾਂ ਕਿ ਨਾ, ਮਾਰ ਦੇਵਤਾ ਪ੍ਰਗਟ ਹੋਇਆ (ਬੋਧ ਸਾਹਿਤ ਵਿਚ ਯਮਰਾਜ ਨੂੰ ਮਾਰ ਕਿਹਾ ਜਾਂਦਾ ਹੈ) ਤੇ ਕਹਿਣ ਲੱਗਾ– "ਹੇ ਗੌਤਮ, ਤੂੰ ਤੀਖਣ ਬੁੱਧ ਅਤੇ ਆਤਮ ਵਿਸ਼ਵਾਸੀ ਜੁਆਨ ਹੈਂ। ਮੇਰੀਆਂ ਗੱਲਾਂ ਮੰਨੀ ਜਾਵੇਂ ਤੇ ਸੰਨਿਆਸੀ ਨਾ ਬਣੇਂ ਤਾਂ ਤੂੰ ਸੱਤ ਦੇਸਾਂ ਦਾ ਛਤਰਪਤੀ ਮਹਾਰਾਜਾ ਬਣੇ।"

ਮੈਂ ਮਾਰ ਦੀ ਗੱਲ ਸੁਣ ਕੇ ਦੁਚਿੱਤੀ ਛੱਡ ਦਿੱਤੀ ਤੇ ਤੁਰੰਤ ਸੰਨਿਆਸ ਲੈਣ ਦਾ ਫੈਸਲਾ ਕਰਕੇ ਜੰਗਲ ਦਾ ਰਸਤਾ ਫੜਿਆ। ਜੰਗਲ ਵਿਚ ਵਰ੍ਹਿਆਂ ਬੱਧੀ ਏਨਾ ਤਪ ਕੀਤਾ ਕਿ ਮਰਨ ਕਿਨਾਰੇ ਪੁੱਜ ਗਿਆ। ਤਦ ਮਾਰ ਫਿਰ ਪਰਗਟ ਹੋਇਆ ਤੇ ਕਹਿਣ ਲੱਗਾ – "ਹੇ ਮੁਨੀ ਤੁਹਾਡੀ ਸਖਤ ਘਾਲਣਾ ਸਫਲ ਹੋਈ। ਚਲੋ ਹੁਣ ਧਰਤੀ ਛੱਡੋ। ਸਤ ਸਵਰਗ ਤੁਹਾਨੂੰ ਉਡੀਕ ਰਹੇ ਹਨ – ਰਾਜ ਕਰੋ।"

ਮੈਂ ਮਾਰ ਨੂੰ ਕਿਹਾ – ਜੇ ਇਹ ਗੱਲ ਹੈ ਤਾਂ ਮੈਂ ਮਰਾਂਗਾ ਨਹੀਂ। ਮੈਂ ਜੀਵਾਂਗਾ। ਧਰਤੀ ਉੱਤੇ ਰਹਾਂਗਾ – ਜਦੋਂ ਤਕ ਸਭ ਜੀਆਂ ਜੰਤਾਂ ਦਾ ਕਲਿਆਣ ਨਹੀਂ ਹੁੰਦਾ ਮੈਂ ਇੱਥੇ ਹੀ ਰਹਾਂਗਾ। ਤਦ ਮੈਂ ਸੁਜਾਤਾ ਪੁੱਤਰੀ ਦੀ ਲਿਆਂਦੀ ਖੀਰ ਖਾਧੀ ਤੇ ਜੀਵਨ ਦੀ ਸੰਗਲੀ ਦੁਬਾਰਾ ਆਪਣੇ ਹੱਥ ਵਿਚ ਫੜ ਲਈ। ਸੱਤ ਸਵਰਗਾਂ ਦੇ ਲਾਲਚ ਸਦਕਾ ਮੈਂ ਸਰੀਰ ਨਹੀਂ ਤਿਆਗਿਆ।

ਹੁਣ, ਹੁਣ ਫਿਰ ਮਾਰ ਆਇਆ ਹੈ। ਇਹ ਦੇਵ ਹੁਣ ਕਹਿ ਰਿਹਾ ਹੈ "ਗੌਤਮ ਮੁਨੀ – ਸਰੀਰ ਨਾਸ਼ਵਾਨ ਹੈ। ਇਸ ਦੇ ਕਣ ਹੁਣ ਖੰਡਿਤ ਹੋਣਗੇ। ਹੁਣ ਤੁਹਾਨੂੰ ਸਰੀਰ ਤਿਆਗ ਦੇਣਾ ਚਾਹੀਦਾ ਹੈ ਹੇ ਸਾਕਯਮੁਨੀ।"

ਹੁਣ ਮੈਂ ਇਸ ਦੀ ਗੱਲ ਮੰਨਾਂਗਾ। ਹੁਣ ਇਸ ਨੇ ਨਾ ਸੱਤ ਦੇਸ਼ਾਂ ਦਾ ਲਾਲਚ ਦਿੱਤਾ ਹੈ ਨਾ ਸੱਤ ਸੁਰਗਾਂ ਦਾ। ਹੁਣ ਇਸ ਨੇ ਅਟੱਲ ਸੱਚ ਬੋਲਿਆ ਹੈ। ਸੱਚ ਸੱਚ ਹੈ – ਭਾਵੇਂ ਦੁਸ਼ਮਣ ਨੇ ਬੋਲਿਆ ਹੋਵੇ। ਹੇ ਮਿੱਤਰੋ ਹੁਣ ਮਾਰ ਦਾ ਕਿਹਾ ਮੰਨੀਏ। ਹੁਣ ਮੈਨੂੰ ਇਥੋਂ ਚਲੇ ਜਾਣਾ ਚਾਹੀਦਾ ਹੈ।

ਆਨੰਦ ਦੀਆਂ ਅੱਖਾਂ ਵਿਚ ਹੰਝੂ ਭਰ ਗਏ – ਉਸ ਨੇ ਸਾਥੀ ਭਿੱਖੂਆਂ ਨੂੰ ਹੌਲੀ ਦੇ ਕੇ ਕਿਹਾ – ਮੈਂ ਤਾਂ ਅਜੇ ਸਿੱਖਣਾ ਸ਼ੁਰੂ ਕੀਤਾ ਸੀ ਥੋੜਾ ਥੋੜਾ – ਅਜੇ ਸੰਪੂਰਨਤਾ ਬੇਅੰਤ ਦੂਰ ਹੈ ਤੇ ਸਾਡਾ ਸੁਆਮੀ ਜਾ ਰਿਹਾ ਹੈ ਸਾਡੇ ਪਾਸੋਂ– ਸਾਡਾ ਦਿਆਲੂ ਮੁਨੀ।

ਬੁੱਧ ਨੇ ਕਿਹਾ – ਆਨੰਦ! ਇਧਰ ਸਾਹਮਣੇ ਆ। ਉਦਾਸ ਕਿਉਂ ਹੈਂ? ਆਨੰਦ ਨੇ ਕਿਹਾ – "ਸੁਆਮੀ ਅਗਿਆਨਤਾ ਦਾ ਅੰਧਕਾਰ ਚੁਫੇਰੇ ਪਸਰਿਆ ਹੋਇਆ ਹੈ। ਨਾਸ਼ਵਾਨ ਸੰਸਾਰ ਦੇ ਪ੍ਰਾਣੀਆਂ ਨੂੰ ਚਾਨਣ ਦੀ ਅਜੇ ਹੋਰ ਲੋੜ ਹੈ। ਤਥਾਗਤ ਭਿਆਨਕ ਤੂਫਾਨ ਵਿਚ ਸਾਡੇ ਲਈ ਦੀਪਕ ਬਣਿਆ ਤੇ ਇਹ ਦੀਵਾ ਹੁਣ ਬੁਝਣ ਲੱਗਾ ਹੈ।

ਬੁੱਧ ਨੇ ਕਿਹਾ – ਬੱਸ ਆਨੰਦ ਬੱਸ। ਦਿਲ ਨੂੰ ਡੁਲਾ ਨਾ। ਤੈਨੂੰ ਵੀ ਸਭਨਾ ਨੂੰ ਵੀ ਪਤਾ ਹੈ ਆਪਾਂ ਹੁਣ ਵਿਛੜਾਂਗੇ। ਮੈਂ ਦਸਦਾ ਤਾਂ ਰਿਹਾ ਹਾਂ ਕਿ ਸਭ ਤੋਂ ਪਿਆਰੀਆਂ ਵਸਤਾਂ – ਸਭ ਤੋਂ ਪਿਆਰੇ ਮਿੱਤਰ, ਵਿਛੜਨਗੇ। ਮੂਰਖ ਕਹਿੰਦਾ ਹੈ – "ਇਹ ਮੈਂ ਹਾਂ – ਮੈਂ ਹਾਂ ਇਥੇ।" ਸਿਆਣਾ ਆਦਮੀ ਇਧਰ ਉਧਰ ਦਿਖਦਾ ਹੈ। ਨਾ ਕਿਧਰੇ ਉਸ ਨੂੰ ਮੈਂ ਦਿਸਦੀ ਹੈ – ਨਾ ਮੈਂ ਦਾ ਟਿਕਾਣਾ। ਤਾਂ ਆਨੰਦ ਇਹ ਸਰੀਰ ਕਿਉਂ ਸੰਭਾਲ ਕੇ ਰੱਖੀਏ ਜਦੋਂ ਕਿ ਬੇਅੰਤ ਸ਼ਾਨਦਾਰ ਸਰੀਰ, ਪੰਥ, ਉਹ ਪੰਥ ਜਿਸ ਵਿਚ ਧਰਮ ਸਮਾ ਗਿਆ ਹੈ, ਹਮੇਸ਼ ਰਹੇਗਾ। ਧਰਮ–ਕਾਇਆ ਥਿਰ ਰਹੇਗੀ। ਵਿਸ਼ਵਾਸ ਰੱਖੋ। ਮੈਂ ਸੰਤੁਸ਼ਟ ਹਾਂ। ਜੋ ਕੰਮ ਮੇਰੇ ਜਿੰਮੇ ਲੱਗਾ ਸੀ ਉਹ ਮੈਂ ਕਰ ਚੱਲਿਆ ਹਾਂ। ਇਸੇ ਦੀ ਲੋੜ ਸੀ। ਸੰਸਾਰ ਵਿਚ ਪੈਦਾ ਹੋਣ ਵਾਲਾ ਮੈਂ ਪਹਿਲਾ ਬੁੱਧ ਨਹੀਂ ਹਾਂ। ਨਾ ਮੈਂ ਆਖਰੀ ਬੁੱਧ ਹਾਂ। ਸੱਚ ਪਰਗਟ ਕਰਨ ਲਈ ਮੈਂ

ਤੁਹਾਡੇ ਵਿਚ ਆ ਉਤਰਿਆ ਸੀ। ਗੌਤਮ ਨਹੀਂ ਰਹੇਗਾ। ਬੁੱਧ ਹਮੇਸ਼ ਰਹੇਗਾ ਕਿਉਂਕਿ ਸੱਚ ਦਾ ਨਾਮ ਬੁੱਧ ਹੈ ਤੇ ਸੱਚ ਕਦੇ ਨਹੀਂ ਮਰਦਾ। ਜਿਹੜਾ ਸੱਚੇ ਮਾਰਗ ਤੇ ਤੁਰੇਗਾ ਉਹ ਮੇਰਾ ਵਿਦਿਆਰਥੀ ਹੋਵੇਗਾ – ਮੈਂ ਉਸ ਨੂੰ ਪੜ੍ਹਾਵਾਂਗਾ। ਮੈਂ, ਜਿਹੜਾ ਕਿ ਬੁੱਧ ਹਾਂ, ਹਮੇਸ਼ ਤੁਹਾਡੇ ਅੰਗ ਸੰਗ ਰਹਾਂਗਾ।

ਆਨੰਦ ਨੇ ਕਿਹਾ – ਸਾਨੂੰ ਕੁਝ ਹੋਰ ਵੀ ਦੱਸੋ ਮਹਾਰਾਜ।

ਬੁੱਧ ਨੇ ਹੌਲੀ ਹੌਲੀ ਕਿਹਾ – ਆਨੰਦ, ਸਾਰੀ ਉਮਰ ਜੋ ਵੀ ਦੱਸਿਆ, ਇਕ ਨੂੰ ਜਾਂ ਅਨੇਕ ਨੂੰ, ਆਪਣੇ ਦੋਵੇਂ ਹੱਥ ਫੈਲਾਅ ਕੇ ਦੱਸਿਆ। ਇਸ ਸਾਧ ਨੇ ਕਦੀ ਮੁੱਠੀ ਬੰਦ ਕੀਤੀ ਹੀ ਨਹੀਂ। ਜੋ ਮਿਲਿਆ ਸੋ ਵੰਡ ਦਿੱਤਾ। ਕੋਈ ਭੇਦ ਨਹੀਂ ਹੈ ਮੇਰੇ ਕੋਲ। ਕੋਈ ਚੀਜ਼ ਗੁਪਤ ਨਹੀਂ ਰੱਖੀ ਮੈਂ ਕਦੀ।

ਆਨੰਦ ਨੇ ਪੁੱਛਿਆ – ਤੁਹਾਡੇ ਸਰੀਰ ਕੀ ਕਰਾਂਗੇ ਸੁਆਮੀ ਅਸੀਂ?

ਬੁੱਧ ਨੇ ਕਿਹਾ – ਉਨ੍ਹਾਂ ਮਿਸ਼ਰਿਤ ਕਣਾਂ ਦਾ ਮੇਰਾ ਸਰੀਰ ਬਣਿਆ ਹੋਇਆ ਹੈ ਜਿਹੜਿਆਂ ਕਣਾਂ ਦਾ ਤੁਹਾਡਾ ਸਰੀਰ ਹੈ। ਇਹ ਵਿਸੇਸ਼ ਨਹੀਂ ਹੈ। ਇਹ ਕਣ ਅਵੱਸ਼ ਖੰਡਿਤ ਹੋਣਗੇ। ਹੌਂਸਲਾ ਨਹੀਂ ਹਾਰਨਾ।

ਆਨੰਦ ਨੇ ਫਿਰ ਪੁਛਿਆ – ਹੇ ਸਾਕੱਯ ਮੁਨੀ, ਤੁਹਾਡੇ ਪਿਛੋਂ ਕੌਣ ਅਗਵਾਈ ਕਰੇਗਾ? ਬੁੱਧ ਨੇ ਕਿਹਾ – ਧਰਮ। ਧਰਮ ਤੁਹਾਡਾ ਰਥਵਾਨ ਬਣੇ। ਆਪਣੇ ਅੰਧਕਾਰਮਈ ਰਾਹਾਂ ਵਿਚ ਆਪਣੇ ਦੀਪਕ ਆਪ ਬਣਨਾ। ਆਪਣੇ ਨੱਕ ਵਿਚ ਨੱਥ ਅਵੱਸ਼ ਪਾਉਣੀ ਪਰ ਰੱਸੀ ਆਪਣੇ ਹੱਥ ਵਿਚ ਪਕੜ ਕੇ ਰੱਖਣੀ। ਘੋੜੇ ਦਾ ਲਗਾਮ ਤੇ ਕਿਸ਼ਤੀ ਦਾ ਚੱਪੂ ਆਪ ਫੜਨਾ। ਕਦੀ ਲੱਗੇ ਕਿ ਤੁਸੀਂ ਨਿਰਬਲ ਹੋ, ਕਦੀ ਕਿਸੇ ਦੀ ਸ਼ਰਣ ਵਿਚ ਜਾਣ ਦਾ ਮਨ ਕਰੇ ਤਾਂ ਸ਼ਰਣ ਵਿਚ ਚਲੇ ਜਾਣਾ ਪਰ ਬਿਗਾਨੇ ਦੀ ਸ਼ਰਣ ਵਿਚ ਨਹੀਂ। ਆਪਣੇ ਸ਼ਰਣਦਾਤੇ ਆਪ ਬਣਨਾ।

ਉਹ ਰੁਕਿਆ। ਫਿਰ ਕਹਿਣ ਲੱਗਾ – ਜਿਹੜੇ ਭਿੱਖੂ ਮੇਰੇ ਨਾਲ ਰਹੇ ਉਨ੍ਹਾਂ ਨੂੰ ਅੱਜ ਵਰ ਵੀ ਦੇਣਾ ਹੈ ਸਰਾਪ ਵੀ। ਵਰ ਇਹ ਕਿ ਮੇਰੇ ਸਾਥੀ ਭਿੱਖੂ ਜੋ ਕਰਨ, ਜੋ ਕਹਿਣ, ਸੰਘ ਉਸ ਦੀ ਨੁਕਤਾਚੀਨੀ ਨਾ ਕਰੇ। ਇਹ ਉਨ੍ਹਾਂ ਨੂੰ ਵਰ ਹੈ। ਪਰ ਜੋ ਉਹ ਕਹਿਣ ਜਾਂ ਜੋ ਉਹ ਕਰਨ ਉਹ ਮੰਨਣਯੋਗ ਜਾਂ ਕਰਨਯੋਗ ਨਹੀਂ ਹੋਵੇਗਾ। ਕਰਨਾ ਉਹ ਹੈ ਜੋ ਸੰਘ (ਸੰਗਤ) ਕਹੇ। ਸੰਘ ਦੇ ਫੈਸਲੇ ਸਰਬੋਤਮ ਹੋਣਗੇ।

ਸਾਕਯਮੁਨੀ ਕੁਝ ਦੇਰ ਚੁੱਪ ਰਿਹਾ, ਫਿਰ ਬੋਲਿਆ, "ਦੇਖੋ ਭਿੱਖੂਓ, ਤਥਾਗਤ ਇਥੋਂ ਜਾਣ ਵਾਲਾ ਹੈ। ਮੈਂ ਚਾਹੁੰਦਾ ਹਾਂ ਤੁਸੀਂ ਆਖੋ –

"ਸਭ ਤੱਤ ਬੁੱਢੇ, ਜਰਜਰੇ ਹੋ ਜਾਂਦੇ ਹਨ
ਸਭ ਤੱਤ ਅੰਤ ਚੌਗਿਰਦੇ ਵਿਚ ਘੁਲ ਜਾਂਦੇ ਹਨ
ਜੋ ਅਮਰ ਹੈ ਉਸ ਦੀ ਤਲਾਸ਼ ਕਰੋ।
ਪੂਰੀ ਤਾਕਤ ਨਾਲ ਮੁਕਤੀ ਦੀ ਪ੍ਰਾਪਤੀ ਵਾਸਤੇ ਮਿਹਨਤ ਕਰੋ।"

ਹੌਲੀ ਹੌਲੀ ਉਹ ਧਰਤੀ ਤੋਂ ਜਾਣ ਲੱਗਾ। ਉਸ ਨੇ ਧਰਮ ਦੀਆਂ ਸਭ ਸਮਾਧੀਆਂ ਪਾਰ ਕੀਤੀਆਂ। ਫਿਰ ਸਦਾ ਲਈ ਅੱਖਾਂ ਮੁੰਦ ਲਈਆਂ। ਆਨੰਦ ਨੇ ਕਿਹਾ – "ਹੇ ਸ਼ਰੱਮਣੋ, ਹੇ ਭਿੱਖੂਓ, ਹੇ ਉਪਾਸ਼ਕੋ, ਸਾਡਾ ਪਿਆਰਾ ਸਾਡੇ ਪਾਸੋਂ ਚਲਾ

ਗਿਆ ਹੈ।" ਭਿੱਖੂ ਵਿਰਲਾਪ ਕਰਨ ਲੱਗੇ। ਵਡੇਰਿਆਂ ਨੇ ਦਿਲਾਸੇ ਦਿੱਤੇ। ਪਾਵਾ ਤੇ ਕੁਸ਼ੀਨਗਰ ਦਾ ਰਾਜਾ ਮੱਲਸ ਫੁੱਲਾਂ ਦੇ ਹਾਰ, ਸੁੰਦਰ ਵਸਤਰ ਅਤੇ ਸੁਗੰਧੀਆਂ ਲੈ ਕੇ ਮਹਾਂਯੋਗੀ ਨੂੰ ਸ਼ਰਧਾਂਜਲੀ ਦੇਣ ਲਈ ਸਭ ਤੋਂ ਪਹਿਲਾਂ ਆਇਆ। ਜਿਵੇਂ ਜਿਵੇਂ ਖਬਰਾਂ ਪੁੱਜਦੀਆਂ ਗਈਆਂ ਲੋਕ ਦਰਸ਼ਨਾਂ ਲਈ ਕਤਾਰਾਂ ਬੰਨ ਬੰਨ੍ਹ ਆਉਂਦੇ ਗਏ। ਉਸ ਦੀ ਮਿਰਤਕ ਦੇਹ ਸੱਤ ਦਿਨ ਦਰਸ਼ਨਾ ਵਾਸਤੇ ਸੰਭਾਲੀ ਗਈ। ਅਮਰਪਾਲੀ ਆਪਣੇ ਸੰਗੀਤ ਮੰਡਲ ਸਮੇਤ ਆਈ। ਮੱਥਾ ਟੇਕਿਆ ਅਤੇ ਨਜ਼ਦੀਕ ਬੈਠ ਕੇ ਗਾਉਣ ਲੱਗ ਪਈ। ਉਸ ਦਾ ਜਥਾ ਸਾਰਾ ਹਫਤਾ ਉਥੇ ਰਿਹਾ ਤੇ ਅਮਰਪਾਲੀ ਲਗਾਤਾਰ ਗਾਉਂਦੀ ਰਹੀ।

ਜਦੋਂ ਅਰਥੀ ਸ਼ਮਸ਼ਾਨਘਾਟ ਵੱਲ ਲੈ ਕੇ ਤੁਰੇ ਤਾਂ ਅਮਰਪਾਲੀ ਕਾਫਲੇ ਦੇ ਅੱਗੇ ਹੋ ਗਈ। ਉਸ ਦਾ ਜਥਾ ਉਸ ਦੇ ਨਾਲ ਸੀ। ਉਹ ਸ਼ਮਸ਼ਾਨਘਾਟ ਤਕ ਨੱਚਦੀ ਗਈ। ਉਸ ਦਾ ਜਥਾ ਗਾਉਂਦਾ ਗਿਆ।

ਅਸਥੀਆਂ ਲੈਣ ਮਗਧ ਦਾ ਰਾਜਾ ਅਜਾਤਸ਼ੱਤਰੂ ਆਇਆ। ਵੈਸ਼ਾਲੀ ਗਣਤੰਤਰ ਦੇ ਛੇ ਰਾਜੇ ਆਏ ਤੇ ਅਸਥੀਆਂ ਲੈਣ ਲਈ ਪ੍ਰਾਰਥਨਾ ਕੀਤੀ। ਕਪਿਲਵਸਤੂ ਦੇ ਸ਼ਾਕਯ ਆਏ, ਐੱਲਕਲਪ ਦਾ ਬਯੂਲੀ, ਰਾਮਗਾਮ ਦਾ ਰਾਜਾ ਕੋਲਿਅਸ, ਪਾਵਾ ਦਾ ਰਾਜਾ ਮੱਲਸ ਤੇ ਪਿਪਲੀਵਣ ਦਾ ਰਾਜਾ ਮੋਰਯਾ ਆਇਆ।

ਫੁੱਲ ਚੁਗਣ ਵੇਲੇ ਉਪਾਲੀ ਨੇ ਇਹ ਸ਼ਰਧਾਂਜਲੀ ਭੇਟ ਕੀਤੀ – "ਹੇ ਭਿਖੂਓ, ਸ਼ਰੱਮਣੋ, ਸਾਧੂਓ ਤੇ ਗ੍ਰਹਿਸਥੀਓ, ਸਾਡਾ ਪਿਆਰਾ ਸਾਡੇ ਤੋਂ ਵਿਛੜਿਆ ਨਹੀਂ ਹੈ। ਲੱਖਾਂ ਅੱਖਾਂ ਵਿਚ ਉਹ ਰੋਸ਼ਨੀ ਬਣ ਕੇ ਟਿਕ ਗਿਆ ਹੋਇਆ ਹੈ। ਅੱਖਾਂ ਵਾਲੇ ਉਸ ਨੂੰ ਅਵੱਸ਼ ਦੇਖ ਲੈਣਗੇ। ਬਹੁਤ ਸਾਰੇ ਰਾਜੇ ਮਹਾਰਾਜੇ ਆਏ ਹਨ ਜੋ ਅਸਥੀਆਂ ਲੈਣ ਲਈ ਪ੍ਰਾਰਥਨਾ ਕਰ ਰਹੇ ਹਨ। ਅਸੀਂ ਉਨ੍ਹਾਂ ਨੂੰ ਅਸਥੀਆਂ ਦਿਆਂਗੇ। ਉਹ ਕਹਿ ਰਹੇ ਹਨ ਕਿ ਰਾਜਧਾਨੀਆਂ ਵਿਚ ਅਸਥੀਆਂ ਦਾ ਸਨਮਾਨ ਕਰਕੇ ਉਹ ਬੋਧ ਸਤੂਪ, ਮੱਠ ਉਸਾਰਨਗੇ। ਪਰ ਸਾਡੇ ਪਿਆਰੇ ਸਿਧਾਰਥ ਨੂੰ ਜੇ ਇੱਟਾਂ ਅਤੇ ਚੂਨਾ ਪਸੰਦ ਹੁੰਦੇ ਤਾਂ ਉਹ ਕਪਿਲਵਸਤੂ ਦੇ ਮਹਿਲ ਨਾ ਤਿਆਗਦਾ। ਸਾਡੇ ਦਿਲ ਉਸ ਦੇ ਨਿਵਾਸ ਸਥਾਨ ਬਣਨਗੇ।

ਸਾਡੇ ਲਈ ਇਕ ਮੁਸ਼ਕਲ ਪੈਦਾ ਕਰ ਗਿਆ ਹੈ ਸਾਕਯਮੁਨੀ। ਪਹਿਲੋਂ ਆਪਣੇ ਦਿਲਾਂ ਵਿਚ ਅਸੀਂ ਆਪ ਵਸਦੇ ਸਾਂ ਇਸ ਲਈ ਜਿਹੋ ਜਿਹੇ ਵੀ ਇਹ ਘਰ ਸਨ, ਠੀਕ ਸਨ। ਪਰ ਹੁਣ ਇਨ੍ਹਾਂ ਥਾਵਾਂ ਤੇ ਤਥਾਗਤ ਦਾ ਨਿਵਾਸ ਹੋਵੇਗਾ। ਇਸ ਲਈ ਦਿਲਾਂ ਦੇ ਇਹ ਮਹਿਲ ਸਾਫ ਰੱਖਣੇ ਪੈਣਗੇ। ਲਗਾਤਾਰ ਸਾਵਧਾਨ ਰਹਿਣਾ ਪਵੇਗਾ।

ਹੇ ਭਿਖੂਓ, ਹੇ ਗ੍ਰਹਿਸਥੀਓ! ਹੁਣ ਤੁਸੀਂ ਆਪੋ ਆਪਣੇ ਟਿਕਾਣਿਆਂ ਨੂੰ ਪਰਤ ਜਾਓ। ਧਰਤੀ ਉਪਰ ਮੰਦਾਰ * ਦੇ ਫੁੱਲਾਂ ਦੀ ਭਾਰੀ ਬਾਰਸ਼ ਹੋਈ ਹੈ। ਗੋਡੇ ਗੋਡੇ ਬਿੱਖਰੇ ਪੁਸ਼ਪਾਂ ਦੀ ਮੋਟੀ ਤਹਿ ਵਿਚੋਂ ਲੰਘ ਕੇ ਜਾਣਾ ਪਵੇਗਾ। ਗ੍ਰਹਿਸਥੀ ਘਰੀਂ ਜਾਣ ਤੇ ਭਿੱਖੂ ਜੰਗਲਾਂ ਦਾ ਰਾਹ ਫੜਨ। ਤੁਸੀਂ- ਸਭ ਜਦੋਂ ਆਪਣੇ ਆਪਣੇ ਟਿਕਾਣੇ ਤੇ ਪੁਜੋਗੇ ਤਾਂ ਰੰਗਾਂ ਅਤੇ ਸੁਗੰਧੀਆਂ ਨਾਲ ਨੁਚੜਦੇ ਹੋਏ ਪੁੱਜੋਗੇ। ਤਥਾਗਤ ਸਹਾਈ ਹੋਣ।"

---

* ਸਵਰਗ ਦਾ ਇਕ ਬੇਅੰਤ ਸੁੰਦਰ ਫੁੱਲ।

ਉਪਾਲੀ ਤੋਂ ਪਿਛੋਂ ਬੁੱਧ ਦੇ ਸਿੱਖ ਅਤੇ ਉਨ੍ਹਾਂ ਦੇ ਮਿੱਤਰ ਅਨੁਰੁੱਧ ਨੇ ਸਤਿਕਾਰ ਵਜੋਂ ਇਹ ਸ਼ਬਦ ਕਹੇ –

"ਸਾਰੀ ਹੋਂਦ ਦਾ ਉਦਯ, ਅੰਤ ਅਤੇ ਉਦੇਸ਼ ਸੱਚ ਹੈ। ਆਪਣੇ ਵਸੇਬੇ ਵਾਸਤੇ ਉਹ ਅਨੇਕ ਸੰਸਾਰ ਸਿਰਜਦਾ ਹੈ। ਸੱਚ ਕਦੀ ਸ਼ਿੰਗਾਰ ਨਹੀਂ ਕਰਦਾ। ਉਹ ਇੱਕ ਹੈ ਅਤੇ ਅਖੰਡ ਹੈ। ਮੌਤ ਦੀ ਸ਼ਕਤੀ ਤੋਂ ਸੁਤੰਤਰ, ਸਰਬ ਵਿਆਪਕ ਅਤੇ ਅਨੰਤ ਸ਼ਾਨਾਂ ਨਾਲ ਲੱਦਿਆ ਹੋਇਆ ਹੈ ਉਹ। ਵਿਸ਼ਵ ਵਿਚ ਬਹੁਤ ਸਾਰੇ ਰੰਗ ਬਰੰਗੇ ਸੱਚ ਨਹੀਂ ਹਨ। ਹਰ ਕਾਲ ਵਿਚ ਹਰ ਸਥਾਨ ਉਤੇ ਉਹ ਇਕੱਲਾ ਰਿਹਾ ਅਤੇ ਅਕਾਲੀ ਰਿਹਾ। ਉਸਦਾ ਕੋਈ ਟਿਕਾਣਾ ਨਹੀਂ।

ਵਿਸ਼ਵ-ਰਚਨਾ ਦੇ ਮੁਢਲੇ ਦੌਰ ਵਿਚ ਸੂਰਜ, ਧਰਤੀ ਅਤੇ ਚੰਨ ਦਾ ਮੁਖੜਾ ਦਿੱਸਿਆ। ਵਾਯੂ-ਮੰਡਲ ਦੀ ਧੂੜ ਵਿਚ ਲਿੱਬੜੇ ਸੱਚ ਨੇ ਬੇਅੰਤ ਰੋਸ਼ਨੀ ਪ੍ਰਗਟ ਕੀਤੀ। ਪਰ ਅਜੇ ਉਸਨੂੰ ਦੇਖਣ ਵਾਲੀ ਕੋਈ ਅੱਖ ਨਹੀਂ ਸੀ, ਸੁਣਨ ਵਾਲਾ ਕੋਈ ਕੰਨ ਨਹੀਂ ਸੀ, ਉਸਦੇ ਮਾਇਨੇ ਸਮਝਣ ਵਾਲਾ ਕੋਈ ਮਨ ਨਹੀਂ ਸੀ। ਹੋਂਦ ਦੇ ਇਸ ਅਮਿੱਤ ਪਸਾਰ ਵਿਚ ਸੱਚ ਨੂੰ ਕੋਈ ਥਾਂ ਅਜਿਹੀ ਨਾ ਮਿਲੀ ਜਿਥੇ ਉਹ ਪੂਰਨ ਜਲੌ ਨਾਲ ਨਿਵਾਸ ਕਰ ਸਕਦਾ।

ਯੁੱਗ ਬੀਤੇ ਤੇ ਵਿਕਾਸ ਦੇ ਅਨੇਕ ਦੌਰਾਂ ਵਿਚੋਂ ਚੇਤਨਾ ਪ੍ਰਗਟ ਹੋਈ। ਜੀਵਨ ਨੇ ਨਵਾਂ ਸੰਸਾਰ ਸਿਰਜਿਆ ਜਿਸ ਵਿਚ ਬਲਵਾਨ ਜਜ਼ਬੇ ਸਨ, ਬੇਅੰਤ ਲੋਚਨਾ ਸੀ ਅਤੇ ਇਕ ਅਜਿੱਤ ਸ਼ਕਤੀ ਲਹਿਰਾਉਣ ਲੱਗੀ। ਵਿਸ਼ਵ ਜੁੱਟਾਂ ਵਿਚ ਵੰਡਿਆ ਗਿਆ। ਸੁਖ ਨਾਲ ਦੁਖ, ਆਤਮ ਨਾਲ ਅਨਾਤਮ, ਦੋਸਤੀ ਨਾਲ ਦੁਸ਼ਮਣੀ, ਪਿਆਰ ਨਾਲ ਨਫਰਤ, ਸਾਰੇ ਬਰਾਬਰ ਵਧੇ ਤੇ ਫੈਲੇ। ਭਾਵਨਾਵਾਂ ਦੇ ਇਸ ਦੌਰ ਵਿਚ ਸੱਚ ਥਰਥਰਾਇਆ ਅਤੇ ਬੇਅੰਤ ਸ਼ਕਤੀਸ਼ਾਲੀ ਹੁੰਦੇ ਸੁੰਦੇ ਉਸਨੂੰ ਵਿਸ਼ਵ ਵਿਚ ਕੋਈ ਥਾਂ ਅਜਿਹੀ ਨਾ ਮਿਲੀ ਜਿਥੇ ਉਹ ਦੋ ਘੜੀ ਚੈਨ ਨਾਲ ਟਿਕ ਸਕਦਾ।

ਜੀਵਨ ਸੰਗਰਾਮ ਵਿਚੋਂ ਫਿਰ ਦਰਸ਼ਨ ਨੇ ਜਨਮ ਲਿਆ। ਦਰਸ਼ਨ ਨੇ ਆਤਮ ਨੂੰ ਰਾਹ ਦਿਖਾਉਣਾ ਸ਼ੁਰੂ ਕੀਤਾ। ਸਾਰੀ ਰਚਨਾ ਦੇ ਵਿਚਕਾਰ ਬੈਠ ਕੇ ਦਰਸ਼ਨ ਨੇ ਆਪਣੇ ਸਿਰ ਉਪਰ ਹਕੂਮਤ ਦਾ ਤਾਜ ਰੱਖ ਲਿਆ। ਵਹਿਸ਼ੀਆਂ ਉਤੇ ਅਤੇ ਸਾਰੇ ਤੱਤਾਂ ਉਤੇ ਦਰਸ਼ਨ ਨੇ ਵਿਜੈ ਹਾਸਲ ਕੀਤੀ। ਪਰ ਨਾਲ ਨਾਲ ਦਰਸ਼ਨ ਨੇ ਨਫਰਤ, ਹਵਸ ਅਤੇ ਹੰਕਾਰ ਦੀ ਅਗਨੀ ਵਿਚ ਹੋਰ ਬਾਲਣ ਸੁੱਟ ਕੇ ਭਾਂਬੜ ਵਾਲੇ। ਸੱਚ ਨੇ ਦਰਸ਼ਨ ਦੇ ਕਿਲੇ ਦੀ ਬੜੀ ਵਾਰ ਮੁਰੰਮਤ ਕੀਤੀ ਪਰ ਇਸ ਕਿਲੇ ਵਿਚ ਵੀ ਕੋਈ ਥਾਂ ਅਜਿਹੀ ਨਾ ਮਿਲੀ ਜਿਥੇ ਉਹ ਟਿਕਾਣਾ ਬਣਾ ਸਕਦਾ।

ਸੱਚ ਨੇ ਦਰਸ਼ਨ ਵਿਚ ਟਿਕਣਾ ਚਾਹਿਆ ਤਾਂ ਦੇਖਿਆ ਕਿ ਦਰਸ਼ਨ ਦੋ ਧਾਰਾ ਖੰਡਾ ਹੈ ਜਿਹੜਾ ਪਹਿਲੋਂ ਸਿਰਜਦਾ ਹੈ ਤੇ ਫਿਰ ਵਢਦਾ ਹੈ। ਸੱਚ ਨੇ ਕਿਹਾ- ਦਰਸ਼ਨ ਮੇਰਾ ਦਸਤਰਖ਼ਾਨ ਹੈ। ਥੋੜ੍ਹੀ ਦੇਰ ਇਸ ਤੇ ਆਰਾਮ ਕਰਾਂਗਾ। ਫਿਰ ਚਲਾ ਜਾਵਾਂਗਾ, ਕਿਉਂਕਿ ਇਹ ਮੇਰਾ ਘਰ ਨਹੀਂ ਹੈ। ਭਾਵੇਂ ਦਰਸ਼ਨ ਰਾਹੀਂ ਸੱਚ ਦੀ ਕੁੱਝ ਥਾਹ ਪੈਂਦੀ ਹੈ ਪਰ ਨਿਰੋਲ ਤੇ ਨਿਰੋਲ ਦਰਸ਼ਨ ਖਾਲੀ ਮੰਜੀ ਹੈ ਜਿਸ ਉਤੇ ਜਦੋਂ ਸੱਚ ਬੈਠ ਜਾਵੇ ਤਾਂ ਅਮਰ ਲੌਕਿਕ ਸਰਕਾਰ ਜਲਵਾਨੁਮਾ ਹੁੰਦੀ ਹੈ।

ਦਰਸ਼ਨ ਨੇ ਬੜੀ ਵਾਰ ਯਤਨ ਕੀਤੇ ਕਿ ਆਤਮ ਨੂੰ ਬਲਵਾਨ ਕਰਕੇ ਸਭ ਜੀਵਾਂ ਵਿਚੋਂ ਨਫਰਤ, ਵਾਸਨਾ ਤੇ ਪਾਪ ਨਸ਼ਟ ਕਰ ਸਕੇ, ਪਰ ਇਨ੍ਹਾਂ ਯਤਨਾਂ ਵਿਚ

ਦਰਸ਼ਨ ਥੱਕ ਕੇ ਟੁੱਟ ਗਿਆ ਤੇ ਮਨੁੱਖ ਉਸਦੇ ਮਲਬੇ ਹੇਠ ਦੱਬੇ ਗਏ। ਤਦ ਸੱਚ ਬੁੱਧ ਬਣ ਕੇ ਵਿਸ਼ਵ ਵਿਚ ਪ੍ਰਕਾਸ਼ਵਾਨ ਹੋਇਆ ਜਿਥੇ ਉਸਨੂੰ ਪੂਰਨ ਆਰਾਮ ਮਿਲਿਆ। ਉਸਨੇ ਫੈਸਲਾ ਕੀਤਾ ਕਿ ਇਹੀ ਉਸਦਾ ਟਿਕਾਣਾ ਬਣੇ।

ਹੇ ਬੁੱਧ! ਸੱਚ ਦਾ ਕਿਤੇ ਹੋਰ ਟਿਕਾਣਾ ਹੁੰਦਾ ਇਹ ਉਥੇ ਜਾਂਦਾ। ਪਰ ਇਹ ਤੇਰੇ ਪਾਸ ਆਇਆ ਹੈ। ਕਦੀ ਇਸਨੇ ਹੋਂਦ ਦੇ ਜਜ਼ਬਿਆਂ ਵਿਚ ਰੁਕਣਾ ਚਾਹਿਆ ਸੀ ਪਰ ਇਹ ਥਾਂ ਇਸਨੂੰ ਜਚੀ ਨਹੀਂ ਸੀ। ਇਹ ਇਥੋਂ ਚਲਾ ਗਿਆ ਸੀ ਪਰ ਇਸ ਦੀਆਂ ਪੈੜਾਂ ਦੇ ਨਿਸ਼ਾਨ ਉਥੇ ਬਚੇ ਪਏ ਹਨ।

ਸੱਚ ਨੇ ਬੁੱਧ ਰਾਹੀਂ ਮਨੁੱਖਾਂ ਅਤੇ ਦੇਵਤਿਆਂ ਨੂੰ ਕਿਹਾ, ਵਸਤਾਂ ਨੂੰ ਉਨ੍ਹਾਂ ਦੇ ਅਸਲੀ ਰੂਪ ਵਿਚ ਦੇਖੋ। ਉਸਨੇ ਦਰਸ਼ਨ ਨੂੰ ਕਿਹਾ- ਤੂੰ ਪਿਆਰ ਬਣ ਜਾ। ਜਦੋਂ ਮੇਰੇ ਸਾਹਮਣੇ ਆਵੇਂ ਤਾਂ ਕਰੁਣਾ ਬਣ ਕੇ ਆਈਂ। ਦਰਸ਼ਨ ਤੁਰੰਤ ਦਇਆ ਹੋ ਗਿਆ। ਸੱਚ ਖੁਸ਼ ਸੀ- ਯੁੱਗਾਂ ਬਾਅਦ ਉਸਨੂੰ, ਇਕ ਖ਼ਾਨਾਬਦੋਸ਼ ਨੂੰ, ਰਹਿਣ ਲਈ ਇਕ ਚੰਗਾ ਘਰ ਮਿਲਿਆ ਜਿਸਦਾ ਨਾਮ ਉਸਨੇ ਬੁੱਧ ਰੱਖਿਆ।

ਬੁੱਧ! ਹੇ ਕ੍ਰਿਪਾਲੂ ਬੁੱਧ, ਤੇ ਪਵਿੱਤਰ ਬੁੱਧ, ਹੇ ਸੰਪੂਰਨ ਬੁੱਧ, ਤੇਰੇ ਰਾਹੀਂ ਪ੍ਰਗਟ ਕੀਤਾ ਸੱਚ ਧਰਤੀ ਤੇ ਫੈਲਿਆ ਅਤੇ ਰਾਜ ਕਰਨ ਲੱਗਾ। ਪੁਲਾੜ ਅਨੰਤ ਹੈ ਬੇਸ਼ੱਕ, ਪਰ ਹੇ ਬੁੱਧ, ਸੱਚ ਤੇਰੀ ਸਰਣ ਵਿਚ ਆਇਆ ਹੈ। ਇਸ ਦਾ ਹੋਰ ਕੋਈ ਟਿਕਾਣਾ ਨਹੀਂ। ਇਸ ਟੱਪਰਵਾਸ ਉਤੇ ਰਹਿਮ ਕਰੀਂ।

ਇਹ ਤਥਾਗਤ ਦੇ ਵਚਨ ਹਨ। ਇਹ ਹੁਸਨਲ ਚਰਾਗ਼ ਅਤੇ ਸਾਹਿਬ-ਦਿਮਾਗ਼ ਦੀ ਬਾਨੀ ਹੈ। ਸਾਡੇ ਨਾਮ ਲਿਖੀ ਹੋਈ ਇਹ ਬੁੱਧ ਦੀ ਵਸੀਅਤ ਹੈ।

ਹੇ ਬੁੱਧ, ਸਾਨੂੰ ਆਪਣੇ ਸਿੱਖਾਂ ਵਜੋਂ ਪ੍ਰਵਾਨ ਕਰ। ਹੇ ਬੁੱਧ, ਘਰੋਂ ਦੂਰ ਗਏ ਭਟਕੇ ਹੋਏ ਮੁਸਾਫਰਾਂ ਨੂੰ ਵਾਪਸ ਲਿਆ।"

ਬੁੱਧ ਦੇ ਦੇਹਾਂਤ ਉਪਰੰਤ ਅਮਰਪਾਲੀ ਕਿਸੇ ਰਾਜਮਹਿਲ ਵਿਚ ਨੱਚਣ ਗਾਉਣ ਨਹੀਂ ਗਈ। ਉਹ ਬੋਧਮੰਤਰ ਗਾਉਂਦੀ। ਬੋਧ ਉਸਤਤਿ ਗਾਉਂਦੀ। ਬਦਨਾਮ ਹਵੇਲੀ ਉੱਤਮ ਬੋਧ-ਆਸ਼ਰਮ ਬਣ ਗਿਆ। ਭਿੱਖੂ, ਗ੍ਰਿਹਸਥੀ ਮਰਦ ਔਰਤਾਂ ਸਭ ਉਸਨੂੰ ਸੁਣਨ ਆਉਂਦੇ। ਉਹ ਅਕਸਰ ਕਿਹਾ ਕਰਦੀ, "ਰਾਜਕੁਮਾਰ, ਧਨੀ ਸੇਠ, ਰਾਜੇ ਮਹਾਰਾਜੇ ਮੈਨੂੰ ਸੱਦਦੇ, ਬੜਾ ਧਨ ਦਿੰਦੇ, ਸਤਿਕਾਰ ਦਿੰਦੇ। ਪਰ ਚੰਗੇ ਨਾ ਲਗਦੇ। ਕਿਹੋ ਜਿਹਾ ਸੀ ਸਾਡਾ ਇਹ ਭਿਖਮੰਗਾ ਕਿ ਅਸੀਂ ਸਾਰਾ ਕੁੱਝ ਉਸਦੇ ਚਰਨਾ ਵਿਚ ਅਰਪਣ ਕਰਨ ਲੱਗਿਆਂ ਬਾਰ ਬਾਰ ਸੋਚਦੇ ਕਿ ਉਹ ਪ੍ਰਵਾਨ ਕਰੇਗਾ ਵੀ ਕਿ ਨਹੀਂ। ਮਹਿਲ ਤਿਆਗ ਕੇ ਉਸ ਨੇ ਠੂਠਾ ਹੱਥ ਵਿਚ ਫੜਿਆ ਪਰ ਮੰਗਤਾ ਕਦੋਂ ਬਣ ਸਕਿਆ ਉਹ। ਸਾਡੇ ਦਿਲ ਉਸਦੀਆਂ ਰਾਜਧਾਨੀਆਂ ਬਣੇ। ਇਕ ਕਪਿਲਵਸਤੂ ਛੱਡ ਕੇ ਉਸਨੇ ਲੱਖਾਂ ਦਿਲਾਂ ਵਿਚ ਆਪਣੇ ਮਹਿਲ ਉਸਾਰੇ ਤੇ ਰਾਜ ਕਰਨ ਲੱਗਾ। ਚਲਾਕ ਨਿਕਲਿਆ ਗੌਤਮ ਨਾਮ ਦਾ ਇਹ ਮੰਗਤਾ। ਬੁੱਧਮ . ਸ਼ਰਣਮ ਗੱਛਾਮਿ ॥"

ਬੁੱਧ ਦੇ ਕੁੱਝ ਵਚਨ

- ਮਾਨਵਾਂ ਦਾ ਜੀਵਨ ਸੰਖੇਪ ਹੈ। ਕੋਈ ਅਜਿਹਾ ਨਹੀਂ ਜਿਸ ਪਾਸ ਮੌਤ ਨਾ ਆਈ ਹੋਵੇ।

- ਜਿਸ ਬ੍ਰਹਮ ਬਾਰੇ ਕਿਹਾ ਗਿਆ ਹੈ ਕਿ ਉਸ ਦਾ ਇਕ ਦਿਨ ਇਕ ਹਜ਼ਾਰ ਸਾਲ ਦੇ ਬਰਾਬਰ ਹੈ, ਉਸਨੇ ਵੀ ਇਹੀ ਕਿਹਾ ਸੀ ਕਿ ਉਸਦੀ ਜ਼ਿੰਦਗੀ ਥੋੜ ਚਿਰੀ ਹੈ।

- ਜੀਵਨ ਤ੍ਰੇਲ ਤੁਪਕੇ ਦੀ ਨਿਆਈਂ ਹੈ, ਪਾਣੀ ਉਤੇ ਬੁਲਬੁਲੇ ਵਾਂਗ। ਧੁੱਪੇ ਘਾਹ ਦੀ ਪੱਤੀ ਉਪਰਲੇ ਤ੍ਰੇਲ ਤੁਪਕੇ ਦੀ ਜਿੰਨੀ ਕੁ ਉਮਰ ਹੈ, ਇੱਡਾ ਕੁ ਜੀਵਨ ਪੰਧ ਹੈ ਮਨੁੱਖਾਂ ਦਾ। ਮਾਂ ਮੈਨੂੰ ਮੋੜ ਨਾਂਹ।

- ਜਿੱਡੀ ਮਨ ਦੇ ਇਕ ਫੁਰਨੇ ਦੀ ਆਉਧ ਹੈ, ਜਿੰਨਾ ਕੁ ਲੰਮਾ ਪੰਧ ਰਥ ਦੇ ਪਹੀਏ ਦਾ ਇਕ ਗੇੜਾ ਤੈਅ ਕਰਦਾ ਹੈ- ਜੀਵਨ ਪੈਂਡਾ ਇੱਡਾ ਕੁ ਹੀ ਹੈ ਬੱਸ।

- ਪਿਛਲੇ ਛਿਣ ਵਿਚ ਜੀਵਨ ਦੀ ਸ਼ਕਤੀ ਸੀ, ਅਗਲਾ ਪਲ ਮੌਤ ਦੀ ਸ਼ਕਤੀ ਹੋ ਜਾਵੇਗਾ। ਖੁਸ਼ੀ ਗਮੀ ਨਾਲ ਭਰਪੂਰ ਜੀਵਨ ਇਕ ਛਿਣ ਵਿਚ ਅਛੋਪਲੇ ਜਿਹੇ ਬੀਤ ਜਾਂਦਾ ਹੈ।

- ਜੀਵਨ ਅਤੇ ਮੌਤ, ਯਾਦਾਂ ਹਨ ਪਲ ਭਰ ਦੀਆਂ- ਹੋਰ ਕੁਝ ਨਹੀਂ। ਜੀਵਨ ਇਕ ਨਿੱਕਾ ਜਿਹਾ ਫੁਰਨਾ ਹੀ ਤਾਂ ਹੈ ਬਸ, ਹੋਰ ਕੀ ਹੈ?

- ਪਰਬਤ ਦੀ ਚੋਟੀ ਤੋਂ ਹੇਠਾਂ ਰਿੜ੍ਹਦਾ ਪੱਥਰ ਜੀਵਨ ਦੀ ਨਿਆਈਂ ਹੈ। ਹਰਕਤ ਵਿਚ ਆਉਣ ਤੇ ਉਹ ਸੋਚਣ ਲਗਦਾ ਹੈ ਕਿ ਜੀਵਨ ਧੜਕ ਪਿਆ ਹੈ। ਵਾਸਤਵ ਵਿਚ ਤਾਂ ਉਸਦੀ ਰਵਾਨਗੀ ਮੌਤ ਵੱਲ ਰਵਾਨਗੀ ਸੀ।

- ਹੋਂਦ ਦਾ ਵਿਸਰਾਮ ਹੀ ਨਿਰਵਾਣ ਹੈ।
ਵਿਸ਼ਵ ਪਲ ਪਲ ਘੁਲ ਰਿਹਾ ਹੈ। ਵਿਸ਼ਵ ਪਲ ਪਲ ਮਿਟ ਰਿਹਾ ਹੈ।

- ਇਕ ਪਲ ਅਤੇ ਇਕ ਯੁੱਗ ਵਿਚ ਕੋਈ ਫਰਕ ਨਹੀਂ। ਜਿਸ ਕਰਮਾਂ ਵਾਲੇ ਪਲ ਨੇ ਇਹ ਭੇਦ ਜਾਣ ਲਿਆ ਉਹ ਪਲ ਆਪ ਇਕ ਯੁੱਗ ਹੋ ਗਿਆ। ਜਿਸ ਅਭਾਗੇ ਯੁੱਗ ਨੂੰ ਇਸ ਗੱਲ ਦੀ ਸਮਝ ਨਹੀਂ ਪਈ ਉਹ ਪਲ ਵਾਂਗ ਨਸ਼ਟ ਹੋ ਗਿਆ।

- ਭਾਗਾਂ ਵਾਲੇ ਹਨ ਉਹ ਜਿਨ੍ਹਾਂ ਨੇ ਆਪਣ ਛਿਣ ਪਛਾਣ ਕੇ ਉਸਨੂੰ ਫੜ ਲਿਆ। ਰੋਣਗੇ ਉਹ ਜਿਨ੍ਹਾਂ ਦੇ ਹਥੋਂ ਉਨ੍ਹਾਂ ਦਾ ਪਲ ਖਿਸਕ ਗਿਆ।

- ਅਖੰਡ ਦਿੱਸ ਰਹੇ ਤੱਤ ਖੰਡਿਤ ਹੋਣਗੇ ਤੇ ਘੁਲ ਜਾਣਗੇ। ਤਲਾਸ਼ ਕਰੋ ਜੋ ਅਮਰ ਹੈ- ਧਰਮ ਬਿਨਾ ਹੋਰ ਕੁਝ ਅਮਰ ਨਹੀਂ।

ਸੰਘ

ਗੌਤਮ ਬੁੱਧ ਨੇ ਧਰਮ ਅਤੇ ਸੰਘ ਦੇ ਨਿਯਮ ਤਿਆਰ ਕਰਕੇ ਆਪਣੇ ਪੈਰੋਕਾਰਾਂ ਨੂੰ ਆਪਣੇ ਜੀਵਨਕਾਲ ਵਿਚ ਦੇ ਦਿੱਤੇ ਸਨ। ਇਹ ਦੇਖਦੇ ਹੋਏ ਕਿ ਇਸ ਨਿਯਮਾਵਲੀ ਵਿਚ ਅਜਿਹੀਆਂ ਤਬਦੀਲੀਆਂ ਆ ਰਹੀਆਂ ਹਨ ਜਿਹੜੀਆਂ ਬੁੱਧਮੱਤ ਦੇ ਮੂਲ ਸਿਧਾਂਤਾਂ ਤੋਂ ਦੂਰ ਲੈ ਜਾਣਗੀਆਂ, ਵਿਨਯਪਿਟਕ ਗ੍ਰੰਥ ਦੀ ਰਚਨਾ ਹੋਈ। ਵਿਦਵਾਨ ਇਸ ਤੱਥ ਸਬੰਧੀ ਇਕ ਮੱਤ ਹਨ ਕਿ ਵਿਨਯਪਿਟਕ ਦੀ ਰਚਨਾ 380 ਪੂਰਬ ਈਸਾ ਵਿਚ ਹੋਈ। ਚੁੱਲਵੱਗ ਦੇ ਬਾਹਰਵੇਂ ਅਧਿਆਇ ਵਿਚ ਵੈਸਾਲੀ ਦੀ ਸਭਾ ਦਾ ਜ਼ਿਕਰ ਆਉਂਦਾ ਹੈ ਤੇ ਇੱਥੋਂ ਹੀ ਵਿਨਯ ਦੇ ਰਚਨਾਕਾਲ ਦਾ ਕੁੱਝ ਪਤਾ ਲਗਦਾ ਹੈ।

ਭਾਰਤ ਵਿਚ ਸਨਿਆਸੀ-ਯਾਤਰੂਆਂ ਦਾ ਇਤਿਹਾਸ ਲੱਭਣਾ ਕਠਿਨ ਕਾਰਜ ਹੈ। ਸਿੰਧ ਘਾਟੀ ਵੇਲੇ ਤੋਂ ਹੀ ਤਿਆਗੀ ਸਾਧੂ ਥਾਂ-ਥਾਂ ਭ੍ਰਮਣ ਕਰਕੇ ਉਪਦੇਸ਼ ਦਿੰਦੇ ਫਿਰਦੇ ਰਹਿੰਦੇ ਸਨ। ਉਨ੍ਹਾਂ ਦੇ ਖਾਸ ਅਸੂਲ ਹੁੰਦੇ ਸਨ। ਉਨ੍ਹਾਂ ਦਾ ਖਾਣਾ ਪੀਣਾ, ਸੌਣਾ ਜਾਗਣਾ ਅਤੇ ਅਬਾਦੀਆਂ ਨਾਲ ਸੰਪਰਕ ਰੱਖਣ ਦੇ ਵਿਸ਼ੇਸ਼ ਨਿਯਮ ਸਨ ਜਿਨ੍ਹਾਂ ਦੀ ਕਰੜਾਈ ਨਾਲ ਪਾਲਣਾ ਕਰਨ ਦਾ ਆਦੇਸ਼ ਹੁੰਦਾ ਸੀ। ਉਹ ਗ੍ਰਿਹਸਥੀਆਂ ਨਾਲ ਕੇਵਲ ਭੀਖ ਮੰਗਣ ਤਕ ਦਾ ਸਬੰਧ ਰੱਖ ਕੇ, ਬਦਲੇ ਵਿਚ ਉਪਦੇਸ਼ ਅਤੇ ਅਸੀਸਾਂ ਦਿੰਦੇ ਸਨ ਪਰ ਇਨ੍ਹਾਂ ਸਾਧੂਆਂ ਦਾ ਆਪਣਾ ਅੰਦਰੂਨੀ ਭਾਈਚਾਰਾ ਆਪਣੇ ਜਿਹੇ ਸਨਿਆਸੀਆਂ ਨਾਲ ਹੀ ਹੁੰਦਾ ਸੀ। ਸਨਿਆਸੀਆਂ ਦੀਆਂ ਆਪਣੀਆਂ ਆਪਣੀਆਂ ਇਤਿਹਾਸਕ ਪਰੰਪਰਾਵਾਂ ਅਤੇ ਪ੍ਰਣਾਲੀਆਂ ਹੁੰਦੀਆਂ ਸਨ ਤੇ ਹਰ ਇਕ ਖਾਸ ਪਰੰਪਰਾ ਨੂੰ ਸੰਘ ਜਾਂ 'ਗਣ' ਕਿਹਾ ਜਾਂਦਾ ਸੀ। ਆਰੰਭ ਵਿਚ ਗੌਤਮ ਬੁੱਧ ਦਾ ਸੰਘ ਹੋਰ ਸੰਘਾਂ ਵਿਚੋਂ ਇਕ ਸੀ ਪਰ ਜਲਦੀ ਹੀ ਇਹ ਬਾਕੀਆਂ ਤੋਂ ਅੱਗੇ ਲੰਘ ਗਿਆ ਅਤੇ ਬਹੁਤ ਸਾਰੇ ਭਿੰਨ-ਭਿੰਨ ਸਮਕਾਲੀ ਸੰਘ ਇਸ ਦੀ ਬੁੱਕਲ ਵਿਚ ਸਮਾ ਗਏ। ਸਾਨੂੰ ਵੈਦਿਕ ਗ੍ਰੰਥਾਂ, ਜੈਨੀ ਗ੍ਰੰਥਾਂ ਅਤੇ ਹੋਰ ਸਮਕਾਲੀ ਸਾਹਿਤ ਤੋਂ ਅਜਿਹੇ ਸਨਿਆਸੀ ਸੰਘਾਂ ਬਾਰੇ ਕਾਫੀ ਜਾਣਕਾਰੀ ਮਿਲਦੀ ਹੈ। ਜਿੱਥੇ ਬੁੱਧ ਦਾ ਸੰਘ ਆਪਣੇ ਤੋਂ ਪੂਰਬਲੇ ਸਨਿਆਸੀਆਂ ਤੋਂ ਕੁੱਝ ਪ੍ਰਭਾਵਿਤ ਅਵੱਸ਼ ਹੋਇਆ ਉਥੇ ਇਸਨੇ ਆਪਣੇ ਨਵੇਂ ਪ੍ਰਭਾਵ ਵੀ ਇਤਿਹਾਸ ਵਿਚ ਉਲੀਕੇ। ਹੌਲੀ-ਹੌਲੀ ਬੋਧ ਸੰਘ ਵਿਸ਼ਾਲ ਫੈਲੇ ਹੋਏ ਦਰਿਆ ਵਾਂਗ ਆਪਣਾ ਰਸਤਾ ਆਪ ਤੈਅ ਕਰਦਾ ਹੋਇਆ, ਦੂਜੇ ਸੰਘਾਂ ਨੂੰ ਆਪਣੇ ਵਿਚ ਜਜ਼ਬ ਕਰਦਾ ਗਿਆ। ਹੁਣ ਹਾਲਤ ਇਹ ਹੈ ਕਿ ਜੈਨ ਸੰਘ ਤੋਂ ਇਲਾਵਾ ਸਾਨੂੰ ਕੇਵਲ ਬੋਧ ਸੰਘ ਦਿਸਦਾ ਹੈ- ਹੋਰ ਸਾਰੇ ਗਣ ਅਤੇ ਸਾਰੇ ਸੰਘ ਆਪਣੇ ਆਪਣੇ ਗੁਰੂਆਂ, ਪਰੰਪਰਾਵਾਂ ਅਤੇ ਦੇਸ਼ਾਂ ਸਮੇਤ ਅਲੋਪ ਹੋ ਗਏ।

ਬੋਧੀ ਭਿੱਖੂ ਥਾਂ-ਥਾਂ ਘੁੰਮਣ ਫਿਰਨ ਵਾਲੇ ਸਾਧੂ ਹੁੰਦੇ ਸਨ ਤੇ ਇਕ ਥਾਂ ਤੇ ਟਿਕ ਕੇ ਬੈਠਣ ਦੀ ਉਨ੍ਹਾਂ ਨੂੰ ਮਨਾਹੀ ਸੀ। ਬੁੱਧ ਨੇ ਆਪਣੇ ਪਹਿਲੇ ਪੰਜ ਚੇਲਿਆਂ ਦਾ ਸੰਘ ਥਾਪ ਕੇ ਆਨੰਦ ਨੂੰ ਆਪਣੇ ਪਾਸ ਰੱਖ ਲਿਆ ਅਤੇ ਬਾਕੀ ਚਾਰ ਨੂੰ ਚਾਰੇ ਦਿਸ਼ਾਵਾਂ ਵੱਲ ਧਰਮ ਪ੍ਰਚਾਰ ਕਰਨ ਲਈ ਵਿਦਾ ਕੀਤਾ। ਉਨ੍ਹਾਂ ਚਾਰਾਂ ਭਿੱਖੂਆਂ ਨੂੰ ਇਹ ਹਦਾਇਤ ਕੀਤੀ ਗਈ, "ਚਾਰੇ ਭਿੱਖੂ ਚਾਰ ਵੱਖ-ਵੱਖ ਦਿਸ਼ਾਵਾਂ ਵਿਚ ਜਾਣ- ਇਕ ਦਿਸ਼ਾ ਵਿਚ ਦੋ ਭਿੱਖੂ ਨਹੀਂ ਜਾਣਗੇ। ਕੇਵਲ ਰਾਤ ਪੈਣ ਤੇ ਵਿਸਰਾਮ ਕਰਨਾ ਹੈ। ਰਾਤ ਪਿੰਡ ਦੇ ਬਾਹਰ ਕਿਸੇ ਰੁੱਖ ਹੇਠ ਬਿਤਾਉਣੀ ਹੈ। ਇਕ ਪਿੰਡ ਵਿਚ ਇਕ

ਦਿਨ ਤੋਂ ਵਧੀਕ ਠਹਿਰਾਉ ਨਹੀਂ ਕਰਨਾ ਤੇ ਇਕ ਰੁੱਖ ਹੇਠ ਇਕ ਤੋਂ ਵਧੀਕ ਰਾਤ ਨਹੀਂ ਰੁਕਣਾ। ਜਿਸ ਥਾਂ ਵਧੀਕ ਸਮਾਂ ਰੁਕੋ ਉਸ ਥਾਂ ਨਾਲ ਪਿਆਰ ਪੈ ਜਾਂਦਾ ਹੈ ਜੋ ਸਾਡੇ ਲਈ ਹਾਨੀਕਾਰਕ ਹੈ ਕਿਉਂਕਿ ਸਮਾਂ ਥੋੜਾ ਹੈ ਤੇ ਕਰਨਯੋਗ ਕੰਮ ਬਹੁਤਾ ਹੈ।"

ਬੋਧ ਸੰਘ ਤੋਂ ਪਹਿਲੋਂ ਸਨਿਆਸੀਆਂ ਵਿਚ ਇਹ ਰਿਵਾਜ ਪ੍ਰਚੱਲਤ ਸੀ ਕਿ ਚੁਮਾਸੇ ਦੇ ਦਿਨਾਂ ਵਿਚ ਭ੍ਰਮਣ ਨਹੀਂ ਕਰਨਾ। ਹਾੜ੍ਹ ਸੌਣ ਭਾਦੋਂ ਅੱਸੂ - ਇਹ ਚਾਰ ਮਹੀਨੇ ਬਾਰਸ਼ਾਂ ਦੇ ਦਿਨ ਹਨ। ਮੌਸਮ ਅਨਿਸ਼ਚਿਤ ਹੁੰਦਾ ਹੈ। ਅਨੇਕ ਪ੍ਰਕਾਰ ਦੇ ਜੀਵ ਜੰਤੂ ਪੈਦਾ ਹੋ ਕੇ ਇਧਰ ਉਧਰ ਨਿਕਲ ਤੁਰਦੇ ਹਨ। ਪਾਣੀਆਂ ਕਾਰਨ ਰਸਤੇ ਬੰਦ ਹੋ ਜਾਂਦੇ ਹਨ। ਚੌਮਾਸਾ ਕੱਟਣ ਲਈ ਬੋਧੀਆਂ ਨੇ 'ਆਵਾਸ' ਬਣਾ ਲਏ। ਇਹ ਆਵਾਸ ਜੰਗਲਾਂ ਵਿਚ ਸੁਰੱਖਿਅਤ ਆਸ਼ਰਮ ਹੁੰਦੇ ਸਨ। ਇਨ੍ਹਾ ਆਸ਼ਰਮਾਂ ਵਿਚ ਚੌਮਾਸੇ ਦੇ ਦਿਨੀ ਸੰਘ ਦੇ ਭਿੱਖੂ ਆਰਾਮ ਕਰਦੇ, ਬੰਦਗੀ ਕਰਦੇ ਤੇ ਬਜ਼ੁਰਗ ਵਿਦਵਾਨਾਂ ਦੀ ਸੰਗਤ ਵਿਚ ਵਿਦਿਆ ਪ੍ਰਾਪਤ ਕਰਦੇ। ਇਹ ਆਵਾਸ ਬਣੇ ਤਾਂ ਕੇਵਲ ਚੌਮਾਸੇ ਦੇ ਦਿਨਾਂ ਲਈ ਸਨ ਪਰ ਹੌਲੀ ਹੌਲੀ ਇਨ੍ਹਾਂ ਨੇ ਪੱਕੇ ਆਸ਼ਰਮਾਂ ਦਾ ਰੂਪ ਗ੍ਰਹਿਣ ਕਰ ਲਿਆ ਤੇ ਇਹ ਇਕ ਤਰ੍ਹਾਂ ਦੇ ਬੋਧੀ ਵਿਸ਼ਵ-ਵਿਦਿਆਲੇ ਹੋ ਗਏ ਜਿੱਥੇ ਸਾਰਾ ਸਾਲ ਧਰਮ ਗ੍ਰੰਥਾਂ ਦਾ ਅਧਿਐਨ ਤੇ ਅਧਿਆਪਨ ਹੁੰਦਾ ਰਹਿੰਦਾ। ਇਲਾਕੇ ਦੇ ਭਿੱਖੂਆਂ ਨੂੰ ਇਨ੍ਹਾਂ ਆਸ਼ਰਮਾਂ ਵਿਚ ਰਹਿਣ ਸਹਿਣ ਦੇ ਵਿਸ਼ੇਸ਼ ਹੱਕ ਪ੍ਰਾਪਤ ਹੁੰਦੇ।

ਵਿਨਯ ਵਿਚ ਦਰਜ ਸੰਘ ਦੀ ਨੇਮਾਵਲੀ ਇਕੋ ਬੈਠਕ ਵਿਚ ਤਿਆਰ ਨਹੀਂ ਸੀ ਹੋ ਗਈ। ਸੰਘ ਦੇ ਵੱਡੇ ਵਿਦਵਾਨ, ਜਿਨ੍ਹਾਂ ਨੂੰ ਵਿਨਯਧਰ ਕਿਹਾ ਜਾਂਦਾ ਸੀ, ਇਸ ਕਾਰਜ ਲਈ ਲੰਮਾ ਸਮਾਂ ਵਿਚਾਰ ਵਟਾਂਦਰਾ ਕਰਦੇ ਰਹੇ ਤੇ ਵਿਨਯ ਵਿਚ ਸਮੇਂ ਸਮੇਂ ਦਰਪੇਸ਼ ਲੋੜਾਂ ਮੁੱਖ ਰੱਖ ਕੇ ਸੰਸ਼ੋਧਨ ਕੀਤੇ ਜਾਂਦੇ ਰਹੇ। ਤੇਰਾਂ ਅਜਿਹੀਆਂ ਕੁਰਹਿਤਾਂ ਨਿਸ਼ਚਿਤ ਕੀਤੀਆਂ ਗਈਆਂ ਜਿਨ੍ਹਾਂ ਵਿਚੋਂ ਭਿੱਖੂ ਕਿਸੇ ਇਕ ਵਿਚ ਵੀ ਦੋਸ਼ੀ ਪਾਇਆ ਜਾਂਦਾ ਤਾਂ ਉਸ ਨੂੰ ਸਖ਼ਤ ਸਜ਼ਾ ਦਿੱਤੀ ਜਾ ਸਕਦੀ ਸੀ। ਜਿਹੜਾ ਭਿੱਖੂ ਸੰਘ ਦੇ ਪੁਰਾਣੇ ਪ੍ਰਚੱਲਤ ਨਿਯਮਾਂ ਦੀ ਕੋਈ ਨਵੀਂ ਵਿਆਖਿਆ ਕਰਨੀ ਚਾਹੁੰਦਾ ਉਸਦੀ ਮਨਾਹੀ ਹੋ ਗਈ। ਕਈ ਵਾਰ ਅਜਿਹਾ ਵੀ ਹੁੰਦਾ ਕਿ ਬਹੁਤ ਸਾਰੇ ਭਿੱਖੂ ਕਿਸੇ ਲਈ ਪੇਸ਼ ਕੀਤੀ ਗਈ ਚੰਗੀ ਵਿਆਖਿਆ ਨੂੰ ਸਵੀਕਾਰ ਕਰਨ ਦਾ ਯਤਨ ਕਰਦੇ ਤਾਂ ਸੰਘ ਵਿਚ ਫੁੱਟ ਪਾਉਣ ਦਾ ਦੋਸ਼ ਲਾਆ ਕੇ ਸਜਾ ਦੇ ਭਾਗੀ ਬਣਦੇ। ਹਾਲਤ ਇਹ ਹੋ ਗਈ ਕਿ ਵਿਚਾਰਾਂ ਦੇ ਵਖਰੇਵੇਂ ਦੀ ਥਾਂ ਹੀ ਨਾ ਰਹੀ। ਸੰਘ ਦੇ ਵਿਦਵਾਨਾਂ ਨੇ ਮਹਿਸੂਸ ਕੀਤਾ ਕਿ ਇਹ ਤਾਂ ਉਹੀ ਵੈਦਿਕ ਪੁਜਾਰੀਵਾਦ ਦੀ ਇਜ਼ਾਰੇਦਾਰੀ ਵਾਂਗ ਹਾਲਾਤ ਬਣ ਰਹੇ ਹਨ। ਤਦ ਨਿਯਮਾਂ ਵਿਚ ਢਿੱਲ ਦਿੱਤੀ ਗਈ ਤੇ ਸੁਤੰਤਰ ਵਿਚਾਰ ਰੱਖਣ ਵਾਲੇ ਭਿੱਖੂਆਂ ਨੂੰ ਵਿਵਾਦਕਾਰਕ ਕਿਹਾ ਗਿਆ। ਸੰਘ ਦੇ ਆਦੇਸ਼ਾਂ ਵਿਚ ਪਰਿਵਰਤਨ ਦੇ ਇੱਛਕ ਇਨ੍ਹਾਂ ਭਿੱਖੂਆਂ ਦਾ ਤ੍ਰਿਸਕਾਰ ਹੋਣਾ ਬੰਦ ਹੋਇਆ। ਸ਼ਰਤ ਇਹ ਰੱਖੀ ਗਈ ਕਿ ਨਵੇਂ ਵਿਚਾਰਾਂ ਦਾ ਸਵਾਗਤ ਹੈ ਪਰ ਅਜਿਹਾ ਨਹੀਂ ਹੋਣਾ ਚਾਹੀਦਾ ਕਿ ਸੰਘ ਵਿਚ ਫੁੱਟ ਪਾਉਣ ਦੀ ਕੋਈ ਸਾਜ਼ਸ਼ ਕ੍ਰਿਆਸ਼ੀਲ ਹੋਵੇ।

ਵਿਨਯਪਿਟਕ ਗ੍ਰੰਥ ਵਿਚ ਭਿੱਖੂਆਂ ਦੀ ਰਹਿਤ ਮਰਿਯਾਦਾ ਦੀ ਵਿਸਥਾਰ ਸਹਿਤ ਵਿਆਖਿਆ ਹੈ। ਕੋਈ ਭਿੱਖੂ ਝੂਠ ਬੋਲ ਕੇ ਕਰਾਮਾਤੀ ਹੋਣ ਦਾ ਦਾਅਵਾ ਕਰੇਗਾ ਤਾਂ ਉਹ ਅਪਰਾਧੀ ਐਲਾਨਿਆ ਜਾਏਗਾ। ਜਨਸਾਧਾਰਣ ਨੂੰ ਕਿਸੇ ਪਰਕਾਰ ਗੁਮਰਾਹ ਨਹੀਂ ਕਰਨਾ। ਭਿੱਖੂ ਸਾਧਾਰਨ ਲਿਬਾਸ ਵਿਚ ਭੀਖ ਮੰਗੇਗਾ। ਅਜੀਬ ਬਰਤਨ ਅਤੇ ਅਜੀਬ ਲਿਬਾਸ ਰੱਖਣ ਦੀ ਮਨਾਹੀ ਕੀਤੀ ਗਈ। ਮੁਰਦੇ ਦੀ ਖੋਪੜੀ ਵਿਚ ਭੀਖ ਨਹੀਂ ਮੰਗਣੀ, ਨੰਗੇ ਹੋ ਕੇ ਭੀਖ ਮੰਗਣ ਨਹੀਂ ਜਾਣਾ। ਘਾਹ ਫੂਸ ਦੇ ਵਸਤਰ ਪਹਿਨ ਕੇ ਮੰਗਣ ਨਹੀਂ ਜਾਣਾ, ਲੋੜ ਤੋਂ ਵਧੀਕ ਨਾ ਖਾਣਾ ਹੈ ਨਾ ਖਾਣਾ ਇਕੱਠਾ ਕਰਨਾ ਹੈ, ਆਦਿਕ ਨੇਮ ਦ੍ਰਿੜਤਾ ਨਾਲ ਲਾਗੂ ਕੀਤੇ ਗਏ। ਇਸ ਨੇਮਾਵਲੀ ਨੇ ਬੋਧੀਆਂ ਦੇ ਸੰਘ ਨੂੰ ਉਸ ਵਕਤ ਦੇ ਸਮਕਾਲੀ ਬਾਕੀ ਸਾਰੇ ਹੋਰ ਫਿਰਕਿਆਂ ਤੋਂ ਵਖਰਿਆ ਕੇ ਸੰਘ ਦੀ ਸੁਤੰਤਰ ਹਸਤੀ ਕਾਇਮ ਕਰ ਦਿੱਤੀ।

ਬੇਸ਼ੱਕ ਰਾਜਗ੍ਰਹਿ ਵਿਖੇ ਹੋਈ ਸਭਾ ਵਿਚ ਵਿਨਯਪਟਿਕ ਰਾਹੀਂ ਸੰਘ ਦੇ ਨਿਯਮ ਸਭ ਬੋਧੀਆਂ ਉਤੇ ਲਾਗੂ ਹੋ ਗਏ ਪਰ ਕਿਤੇ ਕਿਤੇ ਸੁਤੰਤਰ ਸੁਰ ਵੀ ਕਾਇਮ ਰਹੀ। ਇਸਦੀ ਇਕ ਉਦਾਹਰਣ ਪੁਰਾਣ ਨਾਂ ਦੇ ਬੋਧੀ ਸਨਿਆਸੀ ਤੋਂ ਮਿਲਦੀ ਹੈ। ਮਹਾਤਮਾ ਪੁਰਾਣ ਅੱਗੇ ਬੇਨਤੀ ਕੀਤੀ ਗਈ ਕਿ ਉਹ ਸੰਗਤ ਦਾ ਤਿਆਰ ਕੀਤਾ ਰਹਿਤਨਾਮਾ ਸਵੀਕਾਰ ਕਰੇ ਤਾਂ ਪੁਰਾਣ ਨੇ ਉਤਰ ਦਿੱਤਾ, "ਮਿੱਤਰੋ ਸਾਡੇ ਵੱਡਿਆਂ ਭਰਾਵਾਂ ਨੇ ਧਰਮ ਅਤੇ ਰਹਿਤ ਦੇ ਨੇਮ ਤਿਆਰ ਕੀਤੇ ਅਤੇ ਲਾਗੂ ਕੀਤੇ ਹਨ- ਸਭ ਠੀਕ। ਪਰ ਮੈਂ ਉਹੋ ਕੁਝ ਕਰਾਂਗਾ ਜੋ ਕੁੱਝ ਕਰਨ ਲਈ ਤਥਾਗਤ ਨੇ ਮੈਨੂੰ ਕਿਹਾ ਤੇ ਮੈਂ ਸੁਣਿਆ।" ਪੁਰਾਣ ਸਾਧੂ ਦਾ ਇਹ ਕਥਨ ਇਸ ਗੱਲ ਦਾ ਸਬੂਤ ਹੈ ਕਿ ਸੰਘ ਦੀ ਪਹਿਲੀ ਮਰਿਯਾਦਾ ਸਰਬ ਪ੍ਰਵਾਨਿਤ ਨਹੀਂ ਸੀ।

ਬੁੱਧ ਦੇ ਹੁੰਦਿਆਂ ਜਦੋਂ ਸੰਘ ਵਿਚ ਕੋਈ ਮਸਲਾ ਉਠਦਾ ਜਾਂ ਜਨ ਸਾਧਾਰਨ ਨੂੰ ਕੋਈ ਸ਼ੰਕਾ ਹੁੰਦਾ ਤਦ ਬੁੱਧ ਪਾਸੋਂ ਇਸ ਦੀ ਨਵਿਰਤੀ ਕਰਵਾਈ ਜਾਂਦੀ। ਜੋ ਬੁੱਧ ਉੱਤਰ ਦਿੰਦਾ ਉਹ ਕਾਨੂੰਨ ਦਾ ਰੁਤਬਾ ਹਾਸਲ ਕਰ ਲੈਂਦਾ। ਧਰਮਾਂ ਦੇ ਇਤਿਹਾਸ ਵਿਚ ਇਹ ਅਨੁਸ਼ਾਸਨ ਅਨੂਪਮ ਸੀ। ਇਸੇ ਅਨੁਸ਼ਾਸਨ ਨੂੰ ਕਾਇਮ ਰੱਖਣ ਵਾਸਤੇ ਪਹਿਲੋਂ ਰਾਜਗ੍ਰਹਿ ਵਿਖੇ ਤੇ ਫਿਰ ਵੈਸ਼ਾਲੀ ਵਿਖੇ ਕੌਂਸਲਾਂ ਬੁਲਾਈਆਂ ਗਈਆਂ ਸਨ। ਜਦੋਂ ਤਕ ਬੁੱਧ ਦੇ ਸਮਕਾਲੀ ਜਿਉਂਦੇ ਰਹੇ ਉਹ ਸਮੱਸਿਆਵਾਂ ਦਾ ਸਮਾਧਾਨ ਇਹ ਕਹਿਕੇ ਕਰਦੇ ਹੁੰਦੇ ਸਨ – "ਇਸ ਮਸਲੇ ਬਾਰੇ ਤਥਾਗਤ ਨੇ ਇਉਂ ਕਿਹਾ ਸੀ ਕਿ –" ਪਰ ਬਾਅਦ ਵਿਚ ਤਥਾਗਤ ਦੇ ਕਥਨਾਂ ਦੀ ਭਰੋਸੇਯੋਗਤਾ ਉਤੇ ਯਕੀਨ ਕਰਨਾ ਮੁਸ਼ਕਲ ਹੋ ਗਿਆ ਕਿਉਂਕਿ ਕੋਈ ਵੀ ਕਹਿ ਸਕਦਾ ਸੀ ਕਿ ਬੁੱਧ ਨੇ ਇਸ ਬਾਰੇ ਇਉਂ ਕਿਹਾ ਸੀ। ਤਦ ਤੋਂ ਵਿਨਯਪਿਟਕ ਗ੍ਰੰਥ ਟਕਸਾਲੀ ਰਹਿਤ ਮਰਿਯਾਦਾ ਵਜੋਂ ਪ੍ਰਵਾਨ ਹੋਇਆ।

ਕਈ ਵਾਰ ਸੰਘ ਦੇ ਸਥਾਨਕ ਮਸਲੇ ਆ ਖੜੇ ਹੁੰਦੇ। ਸੰਘ ਉਨ੍ਹਾਂ ਨੂੰ ਨਜਿੱਠ ਲੈਂਦਾ ਪਰ ਜੋ ਵੀ ਸਥਾਨਕ ਆਸ਼ਰਮ ਹੱਲ ਕੱਢਦਾ, ਉਹ ਇਸ ਆਸ਼ਰਮ ਵਿਚ ਹੀ ਕੇਵਲ ਲਾਗੂ ਹੁੰਦਾ, ਬਾਕੀ ਆਸ਼ਰਮਾਂ ਵਿਚ ਨਹੀਂ। ਇਉਂ ਇਕ ਥਾਂ ਦੀ ਰਹਿਤ ਵਿਚ ਦੂਜਿਆਂ ਥਾਵਾਂ ਨਾਲੋਂ ਥੋੜ੍ਹੀ ਬਹੁਤ ਭਿੰਨਤਾ ਰਹਿ ਜਾਂਦੀ ਸੀ।

ਚੁਲਵੱਗ ਗ੍ਰੰਥ ਵਿਚ ਇਕ ਦਿਲਚਸਪ ਘਟਨਾ ਦਾ ਜ਼ਿਕਰ ਆਉਂਦਾ ਹੈ। ਨਿੱਛ ਆ ਜਾਣੀ ਇਕ ਸੁਭਾਵਕ ਕਰਮ ਹੈ ਪਰ ਪੁਰਾਣੇ ਸਮੇਂ ਤੋਂ ਇਹ ਬਦਸ਼ਗਨੀ

ਸਮਝੀ ਜਾਂਦੀ ਰਹੀ ਹੈ। ਪੁਰਾਤਨ ਲੋਕ ਜੀਵਨ ਦਾ ਧੁਰਾ ਸਾਹ ਨੂੰ ਮੰਨਦੇ ਸਨ ਤੇ ਨਿੱਛ ਦਾ ਆਉਣਾ ਵਾਸਤਵ ਵਿਚ ਪ੍ਰਾਣਾ ਦਾ ਬਾਹਰ ਨਿਕਲ ਜਾਣਾ ਮੰਨ ਲਿਆ ਜਾਂਦਾ ਸੀ। ਬੁੱਧ ਵੇਲੇ ਵੀ ਇਹੋ ਜਿਹੇ ਵਿਸ਼ਵਾਸ ਭਾਰਤੀ ਸਮਾਜ ਵਿਚ ਪ੍ਰਚੱਲਤ ਸਨ। ਜਦੋਂ ਕਿਸੇ ਨੂੰ ਨਿੱਛ ਆਉਂਦੀ ਤਾਂ ਸੁਣਨ ਵਾਲਾ ਆਖਦਾ "ਜੀਓ"। ਇਕ ਵਾਰ ਬੁੱਧ ਪ੍ਰਵਚਨ ਕਰ ਰਹੇ ਸਨ ਕਿ ਉਨ੍ਹਾਂ ਨੂੰ ਨਿੱਛ ਆ ਗਈ। ਸੁਣਨ ਵਾਲਿਆਂ ਹਜ਼ਾਰਾਂ ਸ਼ਰਧਾਲੂਆਂ ਨੇ ਉਚੀ ਉਚੀ ਬੋਲਣਾ ਸ਼ੁਰੂ ਕਰ ਦਿੱਤਾ, "ਜੀਵਤ ਭੰਤੇ ਭਗਵਾ, ਜੀਵਤ ਸੁਗਾਤੇ।" (ਜਿਉਂਦੇ ਰਹੋ ਭਗਵਾਨ ਬੁੱਧ ਜਿਉਂਦੇ ਰਹੋ)। ਪੂਰਾ ਸ਼ੋਰ ਪੈ ਗਿਆ ਤਾਂ ਪ੍ਰਵਚਨਾ ਦੀ ਵਿਚਾਰ ਲੜੀ ਟੁੱਟ ਗਈ। ਬੁੱਧ ਨੇ ਕਿਹਾ "ਇਕ ਬੋਧੀ ਭਿੱਖੂ ਦੂਜੇ ਭਿੱਖੂ ਨੂੰ ਮਿਲੇ ਤਾਂ ਨਿੱਛ ਆਉਣ ਤੇ "ਜਿਉਂਦੇ ਰਹੋ" ਕਹਿਣ ਦੀ ਲੋੜ ਨਹੀਂ...... ਗ੍ਰਹਿਸਥੀਆਂ ਨੂੰ ਕਹਿ ਸਕਦੇ ਹੋ।" ਇਹੋ ਨਿੱਛ ਦੀ ਪਰੰਪਰਾ ਬਣ ਗਈ।

ਬੁੱਧ ਮੱਤ ਵਿਚ ਕੋਈ ਵੀ ਵਿਅਕਤੀ ਕਿਸੇ ਵੀ ਉਮਰ ਦਾ ਭਿੱਖੂ ਬਣ ਸਕਦਾ ਸੀ। ਭਾਵੇਂ ਵੀਹ ਸਾਲ ਦੀ ਉਮਰ ਦੀ ਬੰਦਸ਼ ਦਾ ਜ਼ਿਕਰ ਵੀ ਹੈ ਪਰ ਇਸ ਵਿਚ ਛੋਟ ਦੇਣ ਦੀਆਂ ਬਹੁਤ ਸਾਰੀਆਂ ਸੰਭਾਵਨਾਵਾਂ ਮੌਜੂਦ ਸਨ। ਉਦਾਹਰਣ ਵਜੋਂ ਵਿਆਹੀ ਕੁੜੀ ਬਾਰਾਂ ਸਾਲ ਦੀ ਉਮਰ ਵਿਚ ਵੀ ਭਿੱਖਣੀ ਬਣ ਸਕਦੀ ਸੀ। ਵੈਦਿਕ ਮੱਤ ਨੇ ਇਸ ਪੱਖ ਤੋਂ ਕੁਝ ਵਧੀਕ ਜ਼ਿੰਮੇਵਾਰੀ ਦਿਖਾਈ। ਭਾਵ, ਵਰਣ-ਆਸ਼ਰਮ ਪ੍ਰਥਾ ਅਨੁਸਾਰ ਸਨਿਆਸ ਉਹੀ ਬੰਦਾ ਲੈ ਸਕਦਾ ਸੀ ਜਿਹੜਾ ਪਹਿਲੋਂ ਵਿਦਿਆਰਥੀ ਜੀਵਨ ਨੂੰ ਤੇ ਫਿਰ ਗ੍ਰਹਿਸਥ ਨੂੰ ਭਰਪੂਰ ਮਾਣ ਚੁੱਕਿਆ ਹੁੰਦਾ। ਚੌਥਾ ਪੜਾਅ ਭਾਵ 75 ਸਾਲ ਤੋਂ ਬਾਅਦ ਸੰਨਿਆਸ ਆਸ਼ਰਮ ਸ਼ੁਰੂ ਹੁੰਦਾ ਭਾਵੇਂ ਇਸ ਦੀ ਤਿਆਰੀ 50 ਸਾਲ ਦੀ ਉਮਰ ਤੋਂ ਆਰੰਭ ਹੋ ਜਾਂਦੀ ਸੀ। ਪਰ ਬੁੱਧ ਮੱਤ ਵਿਚ ਘੱਟ ਉਮਰ ਦੇ ਮੁੰਡੇ ਕੁੜੀਆਂ ਨੂੰ ਜਦੋਂ ਭਿੱਖੂਆਂ ਦੇ ਤੌਰ ਤੇ ਸੰਘ ਵਿਚ ਸ਼ਾਮਲ ਕਰ ਲਿਆ ਗਿਆ ਤਾਂ ਕਈ ਕਿਸਮ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ ਜਿਸ ਨਾਲ ਸੰਘ ਦੀ ਹਾਨੀ ਹੋਈ।

ਸੰਘ ਵਿਚ ਆਮ ਵਿਸ਼ਵਾਸ ਇਹ ਸੀ ਕਿ ਕੇਵਲ ਭਿੱਖੂ ਨੂੰ ਨਿਰਵਾਣ ਪ੍ਰਾਪਤ ਹੋ ਸਕਦਾ ਹੈ, ਗ੍ਰਹਿਸਥੀ ਨੂੰ ਨਹੀਂ। ਇਹੋ ਬੁੱਧ ਦੇ ਵਚਨ ਸਨ। ਇਸ ਦਾ ਅਸਰ ਇਹ ਹੋਇਆ ਕਿ ਗ੍ਰਹਿਸਥ ਘਟੀਆਂ ਕਾਰਜ ਹੋ ਗਿਆ ਅਤੇ ਭਿੱਖਿਆ ਮੰਗਣਾ ਉੱਤਮ ਕਾਰਜ। ਇਸ ਨਾਲ ਬਹੁਤ ਸਾਰੇ ਵਿਹਲੜ, ਅਪਰਾਧੀ, ਕਰਜ਼ਈ ਅਤੇ ਬਿਮਾਰ ਬੰਦੇ ਸੰਘ ਵਿਚ ਦਾਖਲ ਹੋਣ ਲੱਗੇ। ਆਸ਼ਰਮਾਂ ਵਿਚ ਖਾਣ ਪੀਣ ਨੂੰ ਚੰਗਾ ਸੀ ਤੇ ਵਿਦਿਆ ਮੁਫਤ ਮਿਲਦੀ ਸੀ - ਬਹੁਤ ਸਾਰੇ ਪਰਿਵਾਰਾਂ ਨੇ ਆਪਣੇ ਬੱਚੇ ਭਿੱਖੂਆਂ ਦੇ ਰੂਪ ਵਿਚ ਇਨ੍ਹਾਂ ਡੇਰਿਆਂ ਦੀ ਭੇਟ ਕਰ ਦਿੱਤੇ। ਇਸ ਨਾਲ ਅਯੋਗ ਲੋਕਾਂ ਦੀ ਗਿਣਤੀ ਵਿਚ ਵੱਡਾ ਵਾਧਾ ਹੋਇਆ। ਜੇ ਕਿਤੇ ਅਸ਼ੋਕ ਵਰਗੇ ਰਾਜੇ, ਬੋਧ ਸੰਘ ਨੂੰ ਜਾਗੀਰਾਂ ਅਤੇ ਹੋਰ ਵੱਡੀਆਂ ਰਿਆਇਤਾਂ ਨਾਂ ਦਿੰਦੇ - ਸੰਘ ਨੇ ਏਨੇ ਭਿੱਖੂਆਂ ਦਾ ਬੋਝ ਨਹੀਂ ਸਹਾਰ ਸਕਣਾ ਸੀ। ਪਿਛੋਂ ਇਹੀ ਹੋਇਆ। ਜਿੱਥੇ ਜਿੱਥੇ ਬੁੱਧਮੱਤ ਰਾਜਮੱਤ ਨਾ ਰਿਹਾ, ਉਥੇ ਇਹ ਖਤਮ ਹੁੰਦਾ ਗਿਆ।

ਇਥੇ ਇਹ ਦੱਸਣਾ ਅਤਿ ਜ਼ਰੂਰੀ ਹੈ ਕਿ ਸੰਘ ਵਿਚ ਭਾਵੇਂ ਵਡੇਰੇ ਤੇ ਵਿਦਵਾਨ ਭਿੱਖੂਆਂ ਨੂੰ ਨਵਿਆਂ ਤੋਂ ਵਧੀਕ ਸਤਿਕਾਰ ਮਿਲਦਾ ਸੀ ਪਰ ਅਜਿਹੀ ਨੌਬਤ ਕਦੀ

ਨਹੀਂ ਆਈ ਕਿ ਬੁੱਧ ਤੋਂ ਬਾਅਦ ਕਿਸੇ ਇਕ ਵਿਅਕਤੀ ਨੇ ਸੰਘ ਦਾ ਮੁਖੀ ਹੋਣ ਦਾ ਦਾਅਵਾ ਕੀਤਾ ਹੋਵੇ। ਕਿਸੇ ਵੀ ਬੋਧੀ ਵਿਹਾਰ ਵਿਚ ਆਸ਼ਰਮ ਦਾ ਹਰ ਰੋਜ਼ ਦਾ ਪ੍ਰਬੰਧ ਨਿਭਾਉਣ ਵਾਸਤੇ ਕਿਸੇ ਇਕ ਭਿੱਖੂ ਦੀ ਜ਼ਿਮੇਵਾਰੀ ਲਾ ਦਿੱਤੀ ਜਾਂਦੀ ਸੀ ਪਰ ਅਜਿਹਾ ਪ੍ਰਬੰਧਕ ਵੀ ਬਾਕੀ ਭਿੱਖੂਆਂ ਵਿਚੋਂ ਇਕ ਹੁੰਦਾ ਸੀ ਜਿਸ ਦੇ ਹੱਕ ਤੇ ਜ਼ਿਮੇਵਾਰੀਆਂ ਬਾਕੀਆਂ ਵਾਂਗ ਹੀ ਸਨ। ਉਹ ਧਰਮ ਦੇ ਆਦੇਸ਼ ਨਹੀਂ ਦਿੰਦਾ ਸੀ। ਬੁੱਧ ਨੂੰ ਜਦੋਂ ਬਾਰ ਬਾਰ ਪੁੱਛਿਆ ਗਿਆ ਸੀ ਕਿ ਸੰਘ ਦਾ ਕੋਈ ਮੁਖੀ ਅਵੱਸ਼ ਹੋਣਾ ਚਾਹੀਦਾ ਹੈ ਤਾਂ ਤਥਾਗਤ ਨੇ ਕਿਹਾ ਸੀ, "ਧਰਮ ਤੁਹਾਡੀ ਅਗਵਾਈ ਕਰੇ।"

ਆਸ਼ਰਮ ਵਿਚ ਰਹਿ ਰਹੇ ਭਿੱਖੂਆਂ ਨੂੰ ਰੋਜ਼ ਲੋੜੀਦੀਆਂ ਵਸਤਾਂ ਆਵਾਸ ਮੁਖੀ ਪਾਸੋਂ ਮਿਲਦੀਆਂ ਸਨ। ਜਦੋਂ ਕੋਈ ਦਾਨੀ ਸੱਜਣ ਧਨ ਦੀ ਭੇਟਾ ਕਰਦਾ ਤਦ ਵੀ ਧਨ ਮੁਖੀ ਪਾਸ ਜਾਂਦਾ ਤੇ ਉਹ ਇਸ ਦੇ ਬਦਲੇ ਰਾਸ਼ਨ ਖਰੀਦ ਲੈਂਦਾ। ਕਿਸੇ ਗ੍ਰਹਿਸਥੀ ਤੋਂ ਦਾਨਰੂਪ ਵਿਚ ਜੇ ਕਿਸੇ ਭਿੱਖੂ ਨੂੰ ਵਸਤਰ, ਬਰਤਨ ਜਾਂ ਕੋਈ ਖਾਣ ਸਮੱਗਰੀ ਵਧੀਕ ਦੇ ਦਿੱਤੀ ਜਾਂਦੀ, ਤਦ ਵੀ ਭਿੱਖੂ ਇਹ ਵਸਤਾਂ ਆਪਣੀ ਮਰਜ਼ੀ ਨਾਲ ਆਪਣੇ ਭਿੱਖੂ-ਮਿੱਤਰ ਨੂੰ ਨਹੀਂ ਦੇ ਸਕਦਾ ਸੀ। ਉਹ ਇਹ ਸਮੱਗਰੀ ਸੰਘ ਦੇ ਅੱਗੇ ਸਮਰਪਣ ਕਰਦਾ ਅਤੇ ਅੱਗੋਂ ਸੰਘ ਦੀ ਮਰਜ਼ੀ ਹੁੰਦੀ ਕਿ ਕਿਸ ਨੂੰ ਕੀ ਦੇਣਾ ਹੈ, ਕਿੰਨਾ ਦੇਣਾ ਹੈ ਤੇ ਕਦੋਂ ਦੇਣਾ ਹੈ।

ਨਿਰਵਾਣ ਪ੍ਰਾਪਤੀ ਤਿਆਗ ਤੋਂ ਬਗੈਰ ਸੰਭਵ ਨਹੀਂ। ਇਹ ਸੰਘ ਦਾ ਪੱਕਾ ਵਿਸ਼ਵਾਸ ਸੀ। ਗ੍ਰਹਿਸਥੀ ਲੋਕ ਨੇਕ ਹੋ ਸਕਦੇ ਹਨ, ਸੱਚੇ ਹੋ ਸਕਦੇ ਸਨ, ਦਾਨੀ ਹੋ ਸਕਦੇ ਹਨ – ਪਰ ਉਹ ਨਿਰਵਾਣ ਪ੍ਰਾਪਤ ਨਹੀਂ ਕਰ ਸਕਦੇ। ਬੁੱਧ ਦਾ ਕਹਿਣਾ ਸੀ ਕਿ ਸ਼ਰੱਮਣ ਤੇਜ਼ੀ ਨਾਲ ਮੁਕਤੀ ਦੇ ਰਾਹ ਉੱਤੇ ਤੁਰਦਾ ਹੈ ਜਦੋਂ ਕਿ ਦੁਨੀਆਂਦਾਰ ਹੋਰ ਝਮੇਲਿਆਂ ਤੋਂ ਖਹਿੜਾ ਨਹੀਂ ਛੁਡਾ ਸਕਦੇ। ਬੁੱਧ ਨੇ ਸਪਸ਼ਟ ਕਿਹਾ ਸੀ ਕਿ ਗ੍ਰਹਿਸਥ ਦੇ ਤਿਆਗ ਤੋਂ ਬਗੈਰ ਦੁੱਖ ਤੋਂ ਮੁਕਤੀ ਨਹੀਂ ਮਿਲੇਗੀ। ਦੀਘ ਨਿਕਾਯ ਵਿਚ ਬੁੱਧ, ਕਾਸੱਪ ਨਾਮ ਦੇ ਇਕ ਸਾਧੂ ਨੂੰ ਕਹਿੰਦਾ ਹੈ, "ਕੋਈ ਬੰਦਾ ਕਿੰਨਾ ਹਠ ਤਪ ਕਿਉਂ ਨਾ ਕਰੇ, ਜੇ ਉਸ ਨੇ ਨੇਕੀ ਨਹੀਂ ਕੀਤੀ, ਮਨ ਸਵੱਛ ਨਹੀਂ ਕੀਤਾ ਉਹ ਸਹੀ ਸਾਧੂ ਨਹੀਂ। ਜਦੋਂ ਉਸ ਦਾ ਦਿਲ ਸਵੱਛ ਹੋ ਗਿਆ, ਗੁੱਸਾ, ਈਰਖਾ ਬੁਰਾਈ ਖਤਮ ਹੋ ਗਈ, ਵਾਸ਼ਨਾਵਾਂ ਨਾ ਰਹੀਆਂ ਤਾਂ ਉਸ ਨੂੰ ਮੌਤ ਤੋਂ ਪਹਿਲੋਂ ਹੀ ਮੁਕਤੀ ਮਿਲ ਗਈ। ਕੇਵਲ ਉਸ ਨੂੰ ਸਾਧੂ ਕਿਹਾ ਜਾਣਾ ਸ਼ੋਭਦਾ ਹੈ। ਦੁਖਦਾਈ ਤਪ ਸੌਖਾ ਹੈ, ਮਨ ਸਾਧਣਾ ਬੜਾ ਔਖਾ ਹੈ।" ਸੋ ਜੇ ਤਪ ਹਠ ਕਰਨ ਵਾਲੇ ਸਾਧੂ ਲਈ ਵੀ ਮੁਕਤੀ ਪ੍ਰਾਪਤ ਕਰਨੀ ਏਨਾ ਔਖਾ ਕਾਰਜ ਹੈ ਤਾਂ ਗ੍ਰਹਿਸਥੀਆਂ ਲਈ ਤਾਂ ਇਹ ਕਿਸੇ ਪ੍ਰਕਾਰ ਵੀ ਸੰਭਵ ਨਹੀਂ। ਦੁਨੀਆਂਦਾਰ ਲੋਕ ਇਸ ਜਨਮ ਵਿਚ ਜੇ ਦਾਨਪੁੰਨ ਕਰਨ, ਨੇਕ ਮਾਰਗ ਉਪਰ ਚੱਲਣ ਤਾਂ ਅਗਲੇ ਜਨਮ ਵਿਚ ਉਹ ਭਿੱਖੂ ਬਣ ਕੇ ਅਰਹਤ ਜਾਂ ਨਿਰਵਾਣ ਪ੍ਰਾਪਤੀ ਦੀ ਮੰਜ਼ਲ ਤੇ ਪੁੱਜ ਸਕਦੇ ਹਨ।

ਸੰਘ ਸ਼ਬਦ ਸੰਸਕ੍ਰਿਤ ਅਤੇ ਪਾਲੀ ਸਮੇਤ ਬਹੁਤ ਸਾਰੀਆਂ ਪ੍ਰਾਕ੍ਰਿਤਾਂ ਵਿਚ ਮੌਜੂਦ ਹੈ। ਇਸ ਦੇ ਅਰਥ 'ਸੰਗਤ' ਹਨ। ਜੈਨੀ ਸਾਹਿਤ ਵਿਚ ਵੀ ਇਹ ਸ਼ਬਦ ਇਸਤੇਮਾਲ ਕੀਤਾ ਗਿਆ ਹੈ।

ਬੁੱਧ ਮੱਤ ਵਿਚ 'ਸੰਘ' ਸ਼ਬਦ ਵਿਸ਼ੇਸ਼ ਸੰਕਲਪ ਵਜੋਂ – ਪ੍ਰਸਤੁਤ ਹੋਇਆ ਹੈ। ਸੰਘ ਦੇ ਚਾਰ ਅੰਗ ਹਨ :

1. ਭਿੱਖੂ
2. ਭਿੱਖਣੀਆਂ
3. ਉਪਾਸਕ
4. ਉਪਾਸ਼ਨਾਵਾਂ

ਜੈਨ ਸੰਘ ਵੀ ਚਾਰ ਅੰਗਾਂ ਦਾ ਸਮੂਹ ਹੈ ਤੇ ਇਕ ਤਰ੍ਹਾਂ ਇਹ ਅੰਗ ਉਪਰ ਲਿਖਤ ਬੋਧੀ ਸੰਘ ਵਾਲੇ ਹੀ ਹਨ ਸਿਰਫ ਸ਼ਬਦ ਉਪਾਸਕ ਦੀ ਥਾਂ ਸ੍ਰਾਵਿਕ ਅਤੇ ਉਪਾਸ਼ਕਾਵਾਂ ਦੀ ਥਾਂ ਸ੍ਰਾਵਿਕਾਵਾਂ ਵਰਤੇ ਹਨ। ਅਰਥ ਉਹੀ ਹਨ।

ਬਨਾਰਸ ਲਾਗੇ ਬਾਗ ਵਿਚ ਬੁੱਧ ਨੇ ਪੰਜ ਪਹਿਲੇ ਚੇਲਿਆਂ ਨੂੰ ਜੋ ਉਪਦੇਸ਼ ਦਿੱਤਾ ਉਹ ਸੰਘ ਦਾ ਮੁੱਢ ਸੀ। ਬੁੱਧ ਨੇ ਆਪ ਸੰਘ ਦੀ ਵਿਉਂਤਬੰਦੀ ਅਤੇ ਅਨੁਸ਼ਾਸਨ ਦੀ ਰੂਪ ਰੇਖਾ ਉਲੀਕੀ।

ਸੰਘ ਦਾ ਪਹਿਲਾ ਤੇ ਸਭ ਤੋਂ ਮਹੱਤਵਪੂਰਨ ਹਿੱਸਾ 'ਵਿਨਯਪਿਟਕ' (ਸਾਧੂਆਂ ਦੇ ਅਨੁਸ਼ਾਸਨ ਦੀ ਨੇਮਾਵਲੀ) ਹੈ। ਵਿਨਯਪਿਟਕ ਦੇ ਅੱਗੇ ਤਿੰਨ ਹਿੱਸੇ ਹਨ – ਵਿਨਾਯ ਵਿਭੰਗ, ਸਕੰਧ ਅਤੇ ਪਰਿਵਾਰ। ਸੰਘ ਪਰਿਵਾਰ ਦੀ ਇਹ ਨੇਮਾਵਲੀ ਗੌਤਮ ਬੁੱਧ ਨੇ ਆਪ ਤਿਆਰ ਕਰਵਾਈ ਸੀ। ਵਿਨਾਯ ਵਿਭੰਗ ਵਿਚ ਪੂਰੇ ਪੂਰੇ ਵਿਸਥਾਰ ਨਾਲ ਇਕ ਇਕ ਨਿਯਮ ਦੀ ਜਾਣਕਾਰੀ ਦਿੰਦਿਆ ਇਹ ਵੀ ਦੱਸਿਆ ਗਿਆ ਹੈ ਕਿ ਬੁੱਧ ਨੇ ਕਿਸ ਸੰਦਰਭ ਵਿਚ ਕਿਸ ਵਿਅਕਤੀ ਨੂੰ ਵਿਸ਼ੇਸ਼ ਹਦਾਇਤ ਦਿੱਤੀ ਸੀ। ਸਕੰਧ ਵਿਚ ਭਿੱਖੂਆਂ ਭਿੱਖਣੀਆਂ ਦੀ ਰਹਿਤ ਸਬੰਧੀ ਨਿਯਮ ਹਨ – ਸੰਘ ਵਿਚ ਕਿਵੇਂ ਪ੍ਰਵੇਸ਼ ਹੋਵੇ, ਸੰਘ ਪ੍ਰਤੀ ਕੀ ਫਰਜ਼ ਹਨ, ਆਪਣੇ ਪਾਪਾਂ ਦਾ ਪ੍ਰਾਸ਼ਚਿਤ ਇਕਬਾਲੀਆ ਬਿਆਨ ਦੇ ਕੇ ਕਿਵੇਂ ਕਰਨਾ ਹੈ, ਕੀ ਖਾਣਾ ਪੀਣਾ ਹੈ, ਕੀ ਕੀ ਸਮਾਨ ਆਪਣੇ ਪਾਸ ਰੱਖਣਾ ਹੈ ਤੇ ਕਿਹੜੀਆਂ ਕਿਹੜੀਆਂ ਦਵਾਈਆਂ ਦਾ ਇਸਤੇਮਾਲ ਕਰਨਾ ਹੈ ਆਦਿਕ। 'ਪਰਿਵਾਰ' ਭਾਗ ਵਿਚ ਵਿਨਾਯ, ਵਿਭੰਗ ਅਤੇ ਸਕੰਧ ਦੇ ਸੂਤਰਾਂ ਦੀ ਹੀ ਵਿਸਥਾਰਪੂਰਬਕ ਪੁਨਰ ਵਿਆਖਿਆ ਤੇ ਵਿਸ਼ਲੇਸ਼ਣ ਹੈ।

ਮਹਾਤਮਾ ਬੁੱਧ ਦੇ ਜੀਵਨ ਕਾਲ ਦੌਰਾਨ ਸੰਘ ਵਿਚ ਦਾਖਲ ਹੋਣ ਦੇ ਖਾਸ ਨਿਯਮ ਨਹੀਂ ਸਨ। ਜਿਹੜਾ ਵੀ ਬੁੱਧ ਦੀ ਸ਼ਰਣ ਆ ਗਿਆ, ਉਹ ਬੋਧੀ ਹੋ ਗਿਆ ਹੋਇਆ ਮੰਨ ਲਿਆ ਜਾਂਦਾ ਸੀ। ਬਾਅਦ ਵਿਚ ਇਹ ਰਸਮ ਕੁੱਝ ਖਾਸ ਅਸੂਲਾਂ ਤਹਿਤ ਕੀਤੀ ਜਾਣ ਲੱਗ ਪਈ। ਪਹਿਲੋਂ ਸਾਧਾਰਣ ਆਦਮੀ (ਉਪਾਸ਼ਕ) ਸੰਘ ਦੇ ਜ਼ਿੰਮੇਵਾਰ ਵਿਅਕਤੀਆਂ ਪਾਸ ਆ ਕੇ ਬੋਧੀ ਬਣਨ ਦੀ ਇੱਛਾ ਪਰਗਟ ਕਰਦਾ ਸੀ। ਦੂਜੇ ਪੜਾਅ ਵਿਚ ਉਸ ਨੂੰ ਸੰਘ ਦੇ ਪੂਰਨ ਮੈਂਬਰ ਵਜੋਂ ਮਾਨਤਾ ਦਿੱਤੀ ਜਾਂਦੀ ਸੀ। ਅੱਠ ਸਾਲ ਤੋਂ ਵਧੀਕ ਉਮਰ ਵਾਲੇ ਬੱਚੇ ਸੰਘ ਵਿਚ ਦਾਖਲੇ ਦੇ ਅਭਿਲਾਖੀ ਹੋ ਸਕਦੇ ਸਨ ਪਰ ਵੀਹ ਸਾਲ ਦੀ ਉਮਰ ਤਕ ਉਹ ਵੱਡਿਆਂ ਦੀ ਨਿਗਰਾਨੀ ਵਿਚ ਰਹਿੰਦੇ। ਉਪਰੰਤ ਉਨ੍ਹਾਂ ਨੂੰ ਬਤੌਰ ਭਿੱਖੂ ਸ਼ਾਮਲ ਕਰ ਲਿਆ ਜਾਂਦਾ ਸੀ। ਉਪਾਸ਼ਕ ਵਾਸਤੇ ਸੰਘ ਦੀਆ ਦਸ ਰਹਿਤਾਂ ਮੰਨਣ ਦੀ ਪਾਬੰਦੀ ਸੀ ਪਰ ਭਿੱਖੂਆਂ ਦਾ ਜੀਵਨ ਕਾਫੀ ਸਖਤ ਰਹਿਤ ਮਰਿਯਾਦਾ ਵਾਲਾ ਸੀ। ਜਿਨ੍ਹਾਂ ਕੁਰਹਿਤਾ ਤੋਂ ਵਿਸ਼ੇਸ਼ ਤੌਰ ਤੇ ਬਚਣਾ ਜ਼ਰੂਰੀ ਸੀ ਉਹ ਸਨ –

1. ਲਿੰਗ ਸਬੰਧ
2. ਚੋਰੀ
3. ਕਤਲ
4. ਕਰਾਮਾਤਾਂ ਗ੍ਰਹਿਣ ਕਰਨ ਦਾ ਝੂਠਾ ਐਲਾਨ

ਇਹ ਚਾਰ ਬੱਜਰ ਕੁਰਹਿਤਾਂ ਸਨ। ਇਨ੍ਹਾਂ ਵਿਚੋਂ ਇਕ ਵਿਚ ਸ਼ਾਮਲ ਹੋਣ ਦਾ ਅਰਥ ਸੰਘ ਵਿਚੋਂ ਛੇਕ ਦੇਣਾ ਹੁੰਦਾ ਸੀ। ਨਿੱਕੀਆਂ ਮੋਟੀਆਂ ਗਲਤੀਆਂ ਦਾ ਜੇ ਇਕਬਾਲ ਕਰ ਲਿਆ ਜਾਂਦਾ ਤਾਂ ਮਾਫ ਕਰ ਦਿੱਤੀਆਂ ਜਾਂਦੀਆਂ ਸਨ। ਜੇ ਕੋਈ ਵੱਡਾ ਮਸਲਾ ਸਾਹਮਣੇ ਆ ਜਾਂਦਾ ਤਾਂ ਉਸ ਦਾ ਹੱਲ ਸਰਬਸੰਮਤੀ ਨਾਲ ਕਰਨਾ ਜ਼ਰੂਰੀ ਹੁੰਦਾ ਸੀ ਪਰ ਛੋਟੇ ਮੋਟੇ ਮਸਲੇ ਬਹੁਗਿਣਤੀ ਵੋਟ ਦੇ ਆਧਾਰ ਤੇ ਨਜਿੱਠੇ ਜਾਂਦੇ। ਬੁਨਿਆਦੀ ਅਸੂਲਾਂ ਵਿਰੁੱਧ ਜਿਹੜਾ ਭਿੱਖੂ ਵੋਟ ਪੁਆਉਂਦਾ ਉਸ ਨੂੰ ਸੰਘ-ਭੇਦਕ (ਫੁੱਟ ਪਾਉਣ ਵਾਲਾ) ਕਿਹਾ ਜਾਦਾ। ਪਹਿਲੀ ਵਾਰ ਗੌਤਮ ਦੇ ਚਚੇਰੇ ਭਰਾ ਦੇਵਦੱਤ ਨੇ ਅਜਿਹੀ ਫੁੱਟ ਪਾਉਣ ਦਾ ਯਤਨ ਕੀਤਾ ਸੀ, ਜਿਸਨੇ ਆਪਣੇ ਆਪ ਨੂੰ ਬੋਧ-ਸੰਘ ਦਾ ਮੁਖੀ ਹੋਣ ਦਾ ਐਲਾਨ ਕਰ ਦਿੱਤਾ ਸੀ। ਪਰ ਉਸ ਦਾ ਇਹ ਯਤਨ ਸਿਰੇ ਨਾ ਚੜ੍ਹ ਸਕਿਆ। ਦੂਜਾ ਖਤਰਾ ਉਦੋਂ ਪੈਦਾ ਹੋਇਆ, ਜਦੋਂ ਭਿੱਖਣੀਆਂ ਨੇ ਆਪਣਾ ਵੱਖਰਾ ਸੰਘ ਸਥਾਪਤ ਕਰ ਲਿਆ। ਪਰ ਇਹ ਖਤਰਾ ਵੀ ਟਲ ਗਿਆ ਜਦੋਂ ਭਿੱਖਣੀਆਂ ਦਾ ਸੰਘ ਬੋਧ ਸੰਘ ਦੀ ਇਕ ਸ਼ਾਖਾ ਵਜੋਂ ਪਰਵਾਨ ਕਰ ਲਿਆ ਗਿਆ ਤੇ ਇਸ ਨੂੰ ਮਹਾਂਸੰਘ ਦੇ ਅਧੀਨ ਹੀ ਰੱਖਿਆ ਗਿਆ।

ਆਰੰਭ ਵਿਚ ਸੰਘ ਦੀ ਕੋਈ ਨਿਸ਼ਚਿਤ ਆਮਦਨ ਨਹੀਂ ਸੀ। ਭਿੱਖੂ ਮੰਗ ਕੇ ਖਾਂਦੇ ਤੇ ਆਸ਼ਰਮ ਵਿਚ ਆ ਕੇ ਭੁੰਜੇ ਸੌਂ ਰਹਿੰਦੇ। ਉਨ੍ਹਾਂ ਦੀਆ ਲੋੜਾਂ ਬਹੁਤ ਸੀਮਤ ਸਨ। ਉਨ੍ਹਾਂ ਨੂੰ ਏਨੀ ਕੁ ਖੁੱਲ੍ਹ ਸੀ ਕਿ ਕੋਈ ਗ੍ਰਹਿਸਥੀ ਜੇ ਖਾਣੇ ਦਾ ਸੱਦਾ ਦਿੰਦਾ ਤਾਂ ਉਹ ਉਸ ਦੇ ਘਰ ਜਾ ਕੇ ਵੀ ਭੋਜਨ ਕਰ ਸਕਦੇ ਸਨ ਪਰ ਦੁਪਹਿਰ ਤੋਂ ਬਾਅਦ ਖਾਣ ਦੀ ਮਨਾਹੀ ਸੀ। ਹੌਲੀ ਹੌਲੀ ਅਮੀਰਾਂ ਨੇ ਆਸ਼ਰਮਾਂ ਨੂੰ ਧਨ ਅਤੇ ਰਾਜਿਆਂ ਨੇ ਜਾਗੀਰਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਤਾਂ ਆਸ਼ਰਮਾਂ ਵਿਚ ਭਿੱਖੂਆਂ ਦੇ ਰਹਿਣ ਸਹਿਣ ਵਿਚ ਫਰਕ ਆ ਗਿਆ। ਫਿਰ ਵੀ ਭਿੱਖੂਆਂ ਤੇ ਕਰੜੀ ਨਿਗਾਹ ਰੱਖੀ ਜਾਂਦੀ ਕਿ ਉਹ ਆਰਾਮਪ੍ਰਸਤੀ ਦਾ ਜੀਵਨ ਬਤੀਤ ਨਾ ਕਰਨ ਤੇ ਆਪਣਾ ਜੀਵਨ ਪੂਰਨ ਸੰਜਮ ਨਾਲ ਬਤੀਤ ਕਰਨ।

ਸੰਘ ਵਾਸਤੇ ਬੁੱਧ ਨੇ ਇਹ ਆਖ ਕੇ ਕੋਈ ਉੱਤਰ ਅਧਿਕਾਰੀ ਨਹੀਂ ਦਿੱਤਾ ਕਿ ਧਰਮ ਮੇਰਾ ਉਤਰ ਅਧਿਕਾਰੀ ਹੋਵੇਗਾ। ਬੁੱਧ ਦੇ ਅਕਾਲ ਚਲਾਣੇ ਤੋਂ ਬਾਅਦ ਰਾਜਗ੍ਰਹਿ ਵਿਖੇ ਸਭਾ ਬੁਲਾ ਕੇ ਬੁੱਧ ਦੀਆਂ ਰਚਨਾਵਾਂ ਅਤੇ ਸਿੱਖਿਆਵਾਂ ਸੰਭਾਲੀਆਂ ਗਈਆਂ ਤਾਂ ਕਿ ਬਾਅਦ ਵਿਚ ਕੋਈ ਵਿਵਾਦ ਪੈਦਾ ਨਾ ਹੋਵੇ। ਬੋਧੀ ਗ੍ਰੰਥ ਜ਼ਬਾਨੀ ਸੰਭਾਲੇ ਗਏ ਕਿਉਂਕਿ ਅਜੇ ਲਿਖਤ ਦਾ ਰਿਵਾਜ਼ ਨਹੀਂ ਸੀ। ਪਹਿਲੀ ਸਭਾ ਤੋਂ ਲਗਭਗ ਸੌ ਸਾਲ ਬਾਅਦ ਦੂਜੀ ਸਭਾ ਵੈਸ਼ਾਲੀ ਵਿਖੇ ਹੋਈ, ਇਸ ਸਮੇਂ ਤਕ ਸੰਘ ਵਿਚ ਬਹੁਤ ਸਾਰੇ ਮੱਤਭੇਦ ਪੈਦਾ ਹੋ ਚੁੱਕੇ ਸਨ। ਵੱਖ ਵੱਖ ਆਸ਼ਰਮਾਂ ਦੀ ਰਹਿਤ ਵਿਚ ਭੂਗੋਲਿਕ ਦੂਰੀ ਕਾਰਨ ਵਖਰੇਵੇਂ ਆ ਚੁੱਕੇ ਸਨ। ਇਸ ਸਭਾ ਵਿਚ ਵਿਦਵਾਨ ਬੋਧੀ ਭਿੱਖੂਆਂ ਨੇ ਸੰਘ ਨੂੰ ਅਨੁਸ਼ਾਸਿਤ ਕਰਨ ਵਾਸਤੇ ਅਨੇਕ ਉਪਰਾਲੇ ਕੀਤੇ।

ਭਾਰਤ ਵਿਚ ਪਹਿਲੀ ਵਾਰ ਅਜਿਹਾ ਹੋਇਆ ਕਿ ਇਹ ਧਰਮ, ਸੰਘ ਦੇ ਰੂਪ ਵਿਚ ਜ਼ਬਰਦਸਤ ਅਨੁਸ਼ਾਸਨ ਵਾਲਾ ਸਮਾਜ ਬਣ ਗਿਆ। ਭਾਵੇਂ ਇਕੱਲੇ ਇਕੱਲੇ ਭਿੱਖੂ ਦੁਆਰਾ ਸਾਧਨਾ ਕਰਨ, ਧਿਆਨ ਲਗਾਉਣ ਦਾ ਰਿਵਾਜ ਸਦਾ ਪ੍ਰਚੱਲਤ ਰਿਹਾ– ਪਰ ਬੋਧ ਆਸ਼ਰਮ ਆਪਣੇ ਆਪ ਵਿਚ ਸਾਧੂਆਂ ਸੰਨਿਆਸੀਆਂ ਦਾ ਜੰਗਲ ਵਿਚ ਵਸਦਾ ਰਸਦਾ ਸਮਾਜ ਬਣ ਗਿਆ। ਇਹ ਆਸ਼ਰਮ ਆਪਣੇ ਆਪਣੇ ਇਲਾਕੇ ਦੇ ਪਿੰਡਾਂ ਸ਼ਹਿਰਾਂ ਵਿਚ ਵਸਦੇ ਲੋਕਾਂ ਦੀਆਂ ਸਾਰੀਆਂ ਧਾਰਮਿਕ ਰਵਾਇਤਾਂ – ਜਨਮ ਤੋਂ ਲੈ ਕੇ ਮੌਤ ਤਕ ਪੂਰੀਆਂ ਕਰਦੇ।

ਬੋਧ ਸੰਘ ਦੀ ਸਥਾਪਨਾ ਨਾਲ ਸਮਾਜ ਵਿਚ ਇਕ ਵੱਡੀ ਤਬਦੀਲੀ ਇਹ ਆਈ ਕਿ ਬ੍ਰਾਹਮਣ ਦਾ ਠੇਕਾ-ਅਧਿਕਾਰ ਖਤਮ ਹੋ ਗਿਆ ਤੇ ਉਸ ਦੀ ਥਾਵੇਂ ਖੱਤਰੀਆਂ ਨੇ ਲੈ ਲਈ। ਇਵੇਂ ਹੀ ਵੈਸ਼ ਅਤੇ ਸ਼ੂਦਰ ਵਰਗ ਅਧੀਨ ਤ੍ਰਿਸਕਾਰੇ ਜਾਂਦੇ ਲੋਕ ਧੜਾਧੜ ਸੰਘ ਵਿਚ ਸ਼ਾਮਲ ਹੋਏ ਤਾਂ ਉਨ੍ਹਾਂ ਨੂੰ ਬਰਾਬਰ ਦਾ ਸਨਮਾਨ ਮਿਲਿਆ। ਪਰ ਹਰ ਕਾਲ ਵਿਚ ਮੌਕਾਪ੍ਰਸਤ ਵੀ ਵੱਡੀ ਗਿਣਤੀ ਵਿਚ ਮੌਜੂਦ ਹੋਇਆ ਕਰਦੇ ਹਨ। ਬਿਮਾਰੀ ਗ੍ਰਸਤ ਬੰਦੇ ਇਲਾਜ ਕਰਵਾਉਣ ਲਈ ਆਸ਼ਰਮ ਵਿਚ ਭਿੱਖੂ ਬਣ ਗਏ। ਅਪਰਾਧੀ ਸਜ਼ਾਵਾਂ ਤੋਂ ਬਚਣ ਲਈ, ਸਿਪਾਹੀ ਮੌਤ ਤੋਂ ਬਚਣ ਲਈ ਅਤੇ ਕੁੱਝ ਹੱਡ ਹਰਾਮ ਲੋਕ ਵਿਹਲੀਆਂ ਖਾਣ ਲਈ ਵੀ ਸੰਘ ਵਿਚ ਆਏ ਜਿਸ ਕਾਰਨ ਕਈ ਮੁਸ਼ਕਲਾਂ ਪੇਸ਼ ਆਈਆਂ। ਬਾਅਦ ਵਿਚ ਹਰ ਨਵੇਂ ਭਿੱਖੂ ਨੂੰ ਪਹਿਲੋਂ ਸਿਖਾਂਦਰੂ (ਸਿੱਖਸਮਾਨ) ਰੱਖਿਆ ਜਾਂਦਾ ਤੇ ਸਭ ਠੀਕ ਠਾਕ ਹੋਣ ਦੀ ਸੂਰਤ ਵਿਚ ਹੀ ਉਸ ਨੂੰ ਦੀਖਿਆ ਦਿੱਤੀ ਜਾਂਦੀ। ਕੋਈ ਭਿੱਖੂ ਕਿਸੇ ਭਿੱਖਣੀ ਨਾਲ ਜਾਂ ਗ੍ਰਹਿਸਥੀ ਔਰਤ ਨਾਲ ਇਕਾਂਤ ਵਿਚ ਗੱਲ ਨਾ ਕਰੇ – ਇਹ ਨਿਯਮ ਸਖਤੀ ਨਾਲ ਲਾਗੂ ਕੀਤਾ ਗਿਆ ਤਾਂ ਕਿ ਸੰਘ ਵਿਚ ਵਿਲਾਸਤਾ ਨਾ ਆਏ। ਇਵੇਂ ਹੀ ਖਾਣ ਪੀਣ, ਬੈਠਣ ਉਠਣ ਅਤੇ ਪਹਿਰਾਵੇ ਉਪਰ ਕਰੜੀਆਂ ਬੰਦਸ਼ਾਂ ਲਾਈਆਂ ਗਈਆਂ। ਭਿੱਖੂ ਅੱਠ ਪਹਿਰ ਵਿਚ ਕੇਵਲ ਇਕ ਵਾਰ ਭੋਜਨ ਕਰਨ – ਇਹ ਹੁਕਮ ਸੀ। ਦੁਪਹਿਰ ਖਾਣਾ ਖਾ ਕੇ, ਅਗਲੇ ਦਿਨ ਦੁਪਹਿਰ ਨੂੰ ਦੂਜੀ ਵਾਰ ਖਾਣਾ ਖਾਣਾ ਹੈ।

ਸੰਘ ਦੇ ਆਸ਼ਰਮ ਵਿਚ ਪ੍ਰਵੇਸ਼ ਕਿਵੇਂ ਕਰਨਾ ਹੈ, ਜੁੱਤੇ ਕਿਵੇਂ ਅਤੇ ਕਿੱਥੇ ਉਤਾਰਨੇ ਹਨ, ਜੁੱਤੀਆਂ ਦੀ ਸਫਾਈ ਸੰਭਾਲ ਕਿਵੇ ਕਰਨੀ ਹੈ, ਹੱਥ ਪੈਰ ਮੂੰਹ ਕਿਵੇਂ ਧੋਣੇ ਹਨ, ਭਿੱਖਿਆਪਾਤਰ ਕਿਵੇਂ ਫੜਨਾ ਹੈ ਤੇ ਚੋਲਾ ਕਿਵੇਂ ਪਹਿਨਣਾ ਹੈ, ਆਸ਼ਰਮ ਵਿਚ ਰੈਣ ਬਸੇਰਾ ਕਰਨ ਲਈ ਆਗਿਆ ਕਿਵੇਂ ਮੰਗਣੀ ਹੈ, ਬਿਸਤਰਾ ਕਿਵੇਂ ਤਿਆਰ ਕਰਨਾ ਹੈ, ਝਾੜੂ ਕਿਵੇਂ ਮਾਰਨਾ ਹੈ– ਇਨ੍ਹਾਂ ਸਾਰੇ ਕੰਮਾਂ ਵਾਸਤੇ ਬੁੱਧ ਨੇ ਨਿਯਮਾਵਲੀ ਤਿਆਰ ਕਰ ਦਿੱਤੀ ਸੀ। ਚੁਲਵੱਗ ਅਤੇ ਮਹਾਂਵੱਗ ਵਿਚ ਵਿਸਥਾਰ ਨਾਲ ਲਿਖਿਆ ਹੈ ਕਿ ਸਾਧੂ ਪਿੰਡ ਵਿਚ ਸਾਵਧਾਨੀ ਨਾਲ ਦਾਖਲ ਹੋਵੇ, ਕਾਹਲ ਨਾ ਕਰੇ, ਘਰਾਂ ਵਿਚ ਭਿੱਖਿਆਂ ਮੰਗਣ ਵੇਲੇ ਧੀਰਜ ਰੱਖੇ, ਕੱਪੜੇ ਸਹੀ ਹੋਣ, ਅੱਖਾਂ ਨੀਵੀਆਂ ਰੱਖੇ, ਹੱਸੇ ਨਾਂਹ, ਸ਼ੋਰ ਨਾ ਕਰੇ, ਭੋਜਨ ਧਿਆਨ ਨਾਲ ਛਕੇ, ਵੱਡੇ ਬੁਰਕੇ ਮੂੰਹ ਵਿਚ ਨਾ ਪਾਵੇ, ਖਾਣਾ ਖਾਣ ਵੇਲੇ ਪੂਰਾ ਹੱਥ ਮੂੰਹ ਵਿਚ ਨਾ ਪਾਵੇ, ਗਰਾਹੀ ਚਿੱਥਦਿਆਂ ਗੱਲ ਨਾ ਕਰੇ।

ਆਰੰਭ ਵਿਚ ਭਿੱਖੂ ਜਦੋਂ ਘਰ ਤਿਆਗ ਦਿੰਦਾ ਸੀ ਤਾਂ ਉਸ ਨੂੰ ਜੰਗਲੀ ਜੀਵਨ ਦੀਆਂ ਕਠਿਨਾਈਆਂ ਦਰਿੜ੍ਹ ਕਰਵਾਈਆਂ ਜਾਂਦੀਆਂ ਸਨ ਤੇ ਇਹ ਕਿਹਾ

ਜਾਂਦਾ ਸੀ ਕਿ ਘਰ ਦਾ ਸੁਖ ਤਾਂ ਕੀ ਯਾਦ ਰੱਖਣਾ ਹੈ, ਭਿੱਖੂ ਦਾ ਮਨ ਆਪਣੇ ਸਰੀਰ ਵਿਚ ਵੀ ਆਰਾਮਪ੍ਰਸਤ ਨਾ ਹੋ ਜਾਵੇ। ਪਰ ਫਿਰ ਆਸ਼ਰਮਾਂ ਦੀ, ਸਰਾਵਾਂ ਦੀ, ਮੱਠਾਂ ਦੀ ਸਥਾਪਨਾ ਨਾਲ ਬੋਧੀ ਆਰਾਮਦਾਇਕ ਜੀਵਨ ਬਤੀਤ ਕਰਨ ਲੱਗ ਪਏ।

ਮਹਾਤਮਾ ਬੁੱਧ, ਸੰਘ ਵਿਚ ਇਸਤਰੀਆਂ ਦੇ ਦਾਖਲੇ ਦਾ ਵਿਰੋਧੀ ਸੀ। ਆਨੰਦ ਨੇ ਇਕ ਵੇਰ ਬੁੱਧ ਨੂੰ ਪੁਛਿਆ ਸੀ, "ਭੰਤੇ, ਔਰਤਾਂ ਨਾਲ ਕਿਸ ਤਰ੍ਹਾਂ ਦਾ ਵਿਹਾਰ ਰੱਖੀਏ?"

ਬੁੱਧ ਨੇ ਕਿਹਾ – "ਦੂਰ ਰਹੋ।"

ਆਨੰਦ ਨੇ ਫਿਰ ਪੁਛਿਆ – ਜੇ ਉਹ ਆਪ ਨੇੜੇ ਆ ਜਾਣ।

"ਤਦ ਗੱਲ ਨਾ ਕਰੋ।" ਬੁੱਧ ਨੇ ਕਿਹਾ।

"ਜੇ ਉਹ ਆਪ ਗੱਲ ਕਰਨ", ਆਨੰਦ ਨੇ ਪੁਛਿਆ।

"ਤਦ, ਸਾਵਧਾਨ ਰਹੋ। ਪੂਰੀ ਸਾਵਧਾਨੀ ਨਾਲ ਵਾਰਤਾਲਾਪ ਕਰੋ।"

ਗੌਤਮ ਦੀ ਮਾਸੀ ਅਤੇ ਮਤਰੇਈ ਮਾਂ, ਮਹਾਂਪ੍ਰਜਾਪਤੀ ਗੋਤਮੀ ਨੇ ਬੁੱਧ ਪਾਸ ਆ ਕੇ ਭਿੱਖਣੀ ਬਣਨ ਦੀ ਮਨਸ਼ਾ ਪਰਗਟ ਕੀਤੀ ਪਰ ਬੁੱਧ ਨੇ ਆਗਿਆ ਨਾ ਦਿੱਤੀ। ਤਦ ਮਾਂ ਗੌਤਮੀ ਨੇ ਆਪਣੇ ਕੇਸ ਕੱਟ ਦਿੱਤੇ, ਗੇਰੂਏ ਵਸਤਰ ਧਾਰਨ ਕਰ ਲਏ ਅਤੇ ਸ਼ਾਕਯ-ਵੰਸ਼ ਦੀਆਂ ਪੰਜ ਸੌ ਹੋਰ ਔਰਤਾਂ ਸਮੇਤ ਬੁੱਧ-ਵਿਹਾਰ ਦੇ ਬਾਹਰ ਆ ਕੇ ਵਿਰਲਾਪ ਕਰਨ ਲੱਗੀ ਜਿੱਥੇ ਗੌਤਮ ਬੁੱਧ ਦਾ ਟਿਕਾਣਾ ਸੀ। ਉਹ ਇਨ੍ਹਾਂ ਔਰਤਾਂ ਸਮੇਤ ਸੰਘ ਦੀ ਭਿੱਖਣੀ ਬਣਨ ਲਈ ਬਜ਼ਿੱਦ ਸੀ। ਆਨੰਦ ਬਾਹਰ ਆਇਆ, ਮਾਤਾ ਗੌਤਮੀ ਦੀ ਗੱਲ ਸੁਣੀ ਅਤੇ ਉਸ ਨੂੰ ਭਰੋਸਾ ਦਿੱਤਾ ਕਿ ਮੈਂ ਤਥਾਗਤ ਨੂੰ ਮਨਾਵਾਂਗਾ। ਉਸ ਨੇ ਬੁੱਧ ਪਾਸ ਇਨ੍ਹਾਂ ਸਭ ਸ਼ਰਧਾਲੂ ਔਰਤਾਂ ਦੇ ਪੱਖ ਵਿਚ ਵਕਾਲਤ ਕੀਤੀ। ਪਹਿਲੋਂ ਬੁੱਧ ਇਨ੍ਹਾਂ ਨੂੰ ਸ਼ਾਮਲ ਕਰਨ ਤੋਂ ਇਨਕਾਰੀ ਸੀ ਪਰ ਆਨੰਦ ਦੇ ਬਾਰ ਬਾਰ ਕਹਿਣ ਅਤੇ ਗੌਤਮੀ ਦੀਆਂ ਅਰਜੋਈਆਂ ਕਾਰਨ ਬੁੱਧ ਨੇ ਇਨ੍ਹਾਂ ਔਰਤਾਂ ਨੂੰ ਸੰਘ ਵਿਚ ਦਾਖਲੇ ਦੀ ਪ੍ਰਵਾਨਗੀ ਤਾਂ ਦੇ ਦਿੱਤੀ ਪਰ ਉਨ੍ਹਾਂ ਉੱਤੇ ਅੱਠ ਬੰਦਸ਼ਾਂ ਲਗਾਈਆਂ ਗਈਆਂ। ਇਹ ਅੱਠ ਬੰਦਸ਼ਾਂ ਔਰਤ ਭਿੱਖਣੀਆਂ ਨੂੰ ਮਰਦ ਸੰਘ ਦੇ ਅਧੀਨ ਰੱਖਣ ਲਈ ਹਨ –

1. ਬੇਸ਼ਕ ਇਕ ਭਿੱਖਣੀ ਸੌ ਸਾਲ ਤੋਂ ਦੀਖਿਆ ਲੈ ਕੇ ਤਪ ਕਰ ਰਹੀ ਹੋਵੇ ਪਰ ਜੇ ਨਵਾਂ ਬਣਿਆ ਮਰਦ ਭਿੱਖੂ ਉਸ ਦੇ ਸਾਹਮਣੇ ਆਏ ਤਾਂ ਉਹ ਉੱਠ ਕੇ ਉਸ ਦਾ ਸਵਾਗਤ ਕਰੇ ਤੇ ਉਸ ਦੇ ਬੈਠਣ ਲਈ ਆਸਣ ਦਏ।
2. ਭਿੱਖਣੀ ਕਿਸੇ ਭਿੱਖੂ ਦੀ ਇਹ ਕਹਿ ਕੇ ਨਿੰਦਿਆਂ ਨਾ ਕਰੇ ਕਿ ਉਹ ਸੰਜਮੀ ਨਹੀਂ, ਸਹੀ ਨਹੀਂ ਜਾਂ ਸਦਾਚਾਰੀ ਨਹੀਂ।
3. ਭਿੱਖਣੀ ਕਿਸੇ ਭਿੱਖੂ ਨੂੰ ਸਜ਼ਾ ਨਹੀਂ ਦੇ ਸਕਦੀ ਤੇ ਨਾ ਉਸ ਨੂੰ ਸੰਘ ਵਿਚ ਸ਼ਾਮਲ ਕਰਨ ਦੀ ਰਸਮ ਨਿਭਾ ਸਕਦੀ ਹੈ। ਭਿੱਖੂ ਅਜਿਹਾ ਕਰ ਸਕਦਾ ਹੈ ਕਿ ਉਹ ਸਾਧਾਰਨ ਔਰਤ ਨੂੰ ਭਿੱਖਣੀ ਬਣਾਏ।
4. ਦੋ ਸਾਲ ਦੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਇਸਤਰੀ ਦੋਵੇਂ ਥਾਂ ਭਿੱਖਣੀ ਬਣਨ ਦੀ ਰਸਮ ਅਦਾ ਕਰੇਗੀ – ਇਸਤਰੀ ਸੰਘ ਵਿਚ ਵੀ ਤੇ ਮਰਦ ਸੰਘ ਵਿਚ ਵੀ।

5. ਜਦੋਂ ਕੋਈ ਭਿੱਖਣੀ ਗਲਤੀ ਕਰੇ ਤਾਂ ਸਜ਼ਾ ਲੁਆਉਣ ਲਈ ਉਹ ਦੋਵੇਂ ਸੰਘਾਂ ਅੱਗੇ ਪੇਸ਼ ਹੋਵੇ।
6. ਹਰ ਦੋ ਹਫਤਿਆਂ ਬਾਅਦ ਭਿੱਖਣੀਆਂ, ਭਿੱਖੂਆਂ ਅੱਗੇ ਉਪਦੇਸ਼ ਪ੍ਰਾਪਤ ਕਰਨ ਲਈ ਬੇਨਤੀਆਂ ਕਰਨ।
7. ਚੌਮਾਸੇ ਦੇ ਦਿਨੀ ਭਿੱਖਣੀਆਂ ਕਿਸੇ ਅਜਿਹੇ ਡੇਰੇ ਵਿਚ ਨਿਵਾਸ ਨਾ ਰੱਖਣ ਜਿੱਥੇ ਭਿੱਖੂ ਨਾ ਹੋਣ।
8. ਚੌਮਾਸਾ ਖਤਮ ਹੋਣ ਤੇ ਭਿੱਖਣੀਆਂ, "ਪਰਵਾਰਨ" ਰਸਮ ਨਿਭਾਉਣ ਤੇ ਇਹ ਰਸਮ ਭਿੱਖੂ ਸੰਘ ਵਿਚ ਅਦਾ ਕੀਤੀ ਜਾਵੇ।

ਪਰਵਾਰਨ ਰਸਮ ਵੇਲੇ ਸਭਾ ਵਿਚ ਇਕੱਤਰ ਸਾਥੀ ਭਿੱਖੂ ਭਿੱਖਣੀਆਂ ਨੂੰ ਪੁੱਛਿਆ ਜਾਂਦਾ ਹੈ ਕਿ ਕੀ ਮੇਰੇ ਤੋਂ ਜਾਣੇ ਅਣਜਾਣੇ ਕੋਈ ਗਲਤੀ ਤਾਂ ਨਹੀਂ ਹੋ ਗਈ ਜਿਸ ਨਾਲ ਸੰਘ ਦੀ ਬਦਨਾਮੀ ਹੋਈ ਹੋਵੇ। ਜੇ ਕੋਈ ਗਲਤੀ ਹੁੰਦੀ ਤਾਂ ਉਸ ਔਰਤ ਨੂੰ ਦੱਸੀ ਜਾਂਦੀ ਤੇ ਫਿਰ ਗਲਤੀ ਦੇ ਅਨੁਸਾਰ ਸਜ਼ਾ ਦੇ ਕੇ ਸੰਘ ਵਿਚ ਮੁੜ ਦਾਖਲ ਕੀਤੀ ਜਾਂਦੀ।

ਜਦੋਂ ਕੋਈ ਔਰਤ ਸੰਘ ਵਿਚ ਸ਼ਾਮਲ ਹੋਣ ਦੀ ਇੱਛਾ ਪਰਗਟ ਕਰਦੀ, ਪਹਿਲੋਂ ਉਸ ਦਾ ਸਿਰ ਮੁੰਨਿਆ ਜਾਂਦਾ, ਫਿਰ ਗੇਰੂਏ ਵਸਤਰ ਪਹਿਨਾਏ ਜਾਂਦੇ। ਫਿਰ ਉਹ "ਬੁੱਧਮ ਸ਼ਰਣਮ ਗੱਛਾਮਿ।। ਧੱਮਮ ਸ਼ਰਣ ਗੱਛਾਮਿ। ਸੰਘਮ ਸਰਣਮ ਗੱਛਾਮਿ" ਉਚਾਰਦੀ। ਤਦ ਉਸ ਨੂੰ ਇਕ ਉਸਤਾਨੀ ਦੀ ਨਿਗਰਾਨੀ ਹੇਠ ਦਸ ਨਿਯਮਾਂ ਦੀ ਪਾਲਣਾ ਕਰਨ ਦੀ ਹਦਾਇਤ ਕੀਤੀ ਜਾਂਦੀ – 1. ਹਿੰਸਾ ਨਹੀਂ ਕਰਨੀ, 2. ਚੋਰੀ ਨਹੀਂ ਕਰਨੀ, 3. ਮਰਦ ਨਾਲ ਸੰਜੋਗ ਨਹੀਂ ਕਰਨਾ, 4. ਝੂਠ ਨਹੀਂ ਬੋਲਣਾ, 5. ਸ਼ਰਾਬ ਨਹੀਂ ਪੀਣੀ, 6. ਫੁੱਲ, ਗਹਿਣੇ ਨਹੀਂ ਪਹਿਨਦੇ, ਇਤਰ ਨਹੀਂ ਲਗਾਉਣਾ, 7. ਗਾਉਣ ਨੱਚਣ ਦੀ ਮਨਾਹੀ ਤੇ ਗਾਉਣਾ ਸੁਣਨ ਦੀ ਮਨਾਹੀ, ਨਾ ਨਾਚ ਦੇਖੇ, 8. ਉੱਚਾ, ਚੌੜਾ ਤੇ ਵੱਡਾ ਬਿਸਤਰਾ ਨਾ ਰੱਖੇ, 9. ਦੁਪਹਿਰ ਬਾਅਦ ਭੋਜਨ ਨਹੀਂ ਛਕਣਾ, 10. ਸੋਨਾ ਚਾਂਦੀ ਤੇ ਪੈਸਾ ਨਾ ਰੱਖੇ।

ਇਸ ਦੇ ਨਾਲ ਹੀ ਪਰਖ ਦਾ ਸਮਾਂ ਆਰੰਭ ਹੋ ਜਾਂਦਾ ਤੇ ਸਿਖਲਾਈ ਦੀ ਅਵਧੀ ਬੀਤਣ ਉਪਰੰਤ ਦੀਖਿਆ ਦਿੱਤੀ ਜਾਂਦੀ। ਦੀਖਿਆ ਦੇਣ ਸਮੇਂ ਵੀ ਦੱਸਿਆ ਜਾਂਦਾ ਕਿ ਫਟੇ ਪੁਰਾਣੇ ਵਸਤਰ ਪਹਿਨਣੇ ਪੈ ਸਕਦੇ ਹਨ, ਦਰਖਤ ਹੇਠ ਦਿਨ ਬਿਤਾਣੇ ਪੈ ਸਕਦੇ ਹਨ ਤੇ ਬਿਮਾਰ ਹੋਣ ਦੀ ਸੂਰਤ ਵਿਚ ਅਜਿਹੀਆਂ ਦਵਾਈਆਂ ਵੀ ਖਾਣੀਆਂ ਪੈ ਸਕਦੀਆਂ ਹਨ ਜਿਨ੍ਹਾਂ ਵਿਚੋਂ ਦੁਰਗੰਧ ਆਉਂਦੀ ਹੋਵੇ।

ਭਿੱਖਣੀ ਬਣਨ ਲਈ ਤਿੰਨ ਪੜਾਅ ਹਨ –

1. ਸ਼ਰੱਮਨਰੀ (ਜੋ ਧਰਮ ਪ੍ਰਵੇਸ਼ ਦੀ ਇੱਛਾ ਪ੍ਰਗਟ ਕਰੇ)
2. ਸਿਖਸਮਾਨ (ਸਿਖਿਆ ਅਧੀਨ)
3. ਭਿਖਸਣੀ (ਦੀਖਿਆ ਪ੍ਰਾਪਤ ਕਰਨ ਉਪਰੰਤ)

ਸਿੱਖਿਆ ਗ੍ਰਹਿਣ ਕਰਨ ਲਈ ਸਮਾਂ ਆਮ ਤੌਰ ਉਤੇ ਦੋ ਸਾਲ ਦਾ ਰੱਖਿਆ ਗਿਆ ਸੀ। ਪਰ ਇਸ ਵਿਚ ਲੋੜ ਅਨੁਸਾਰ ਵਾਧਾ ਘਾਟਾ ਵੀ ਹੋ ਸਕਦਾ ਸੀ।

ਧਰਮ

'ਧਰਮ' ਸ਼ਬਦ ਵਾਸਤੇ ਬੋਧੀ ਗ੍ਰੰਥਾਂ ਵਿਚ ਪਾਲੀ ਬੋਲੀ ਦਾ 'ਧੱਮ' ਸ਼ਬਦ ਵਰਤਿਆ ਮਿਲਦਾ ਹੈ। ਧਰਮ, ਮੁਕਤੀ ਦੀ ਪ੍ਰਾਪਤੀ ਦਾ ਸਾਧਨ ਹੈ। ਉਸ ਧਰਮ ਦੀ ਕੀ ਸਾਰਥਕਤਾ ਜਿਸ ਨੇ ਮੁਕਤੀ ਦਾ ਦੁਆਰ ਨਾ ਖੋਹਲਿਆ ਹੋਵੇ? ਮੁਕਤ ਹੋਣ ਵਾਸਤੇ ਚਾਰ ਇਹ ਰਾਹ ਹਨ :

1. ਸੱਧਾ (ਸ਼ਰਧਾ)
2. ਸੀਲ (ਸੰਜਮ ਦਾ, ਸਦਾਚਾਰ ਦਾ ਜੀਵਨ)
3. ਸੱਧਾ-ਵਿਮੁੱਤ (ਧਰਮ ਪ੍ਰਤੀ ਵਚਨਬਧਤਾ)
4. ਦਿੱਠੀ ਪੱਟ (ਦਰਸ਼ਨ, ਤਰਕ, ਬੌਧਿਕਤਾ)

ਤ੍ਰਿੰਨ ਰਤਨ

ਬੁੱਧ ਮੱਤ ਦੇ ਤ੍ਰਿੰਨ ਰਤਨ ਇਹ ਹਨ। ਤ੍ਰਿੰਨਾਂ ਨੂੰ ਮਿਲਾ ਕੇ ਬੁੱਧ ਧਰਮ ਸੰਪੂਰਨ ਹੁੰਦਾ ਹੈ।

1. ਬੁੱਧ
2. ਧਰਮ
3. ਸੰਘ

ਬੁੱਧ, ਧਰਮ ਨੂੰ ਪਰਗਟ ਕਰਨ ਵਾਲਾ ਮਹਾਤਮਾ ਹੈ। ਉਸ ਨੇ ਮਨੁਖਤਾ ਉਪਰ ਮਹਾਨ ਉਪਕਾਰ ਕਰਕੇ, ਆਪ ਦੁਖ ਝੱਲ ਕੇ, ਸੰਸਾਰ ਨੂੰ ਦੁਖ ਤੋਂ ਮੁਕਤ ਕਰਨ ਦਾ ਰਾਹ ਲੱਭਿਆ। ਸੰਸਾਰ ਵਾਸਤੇ ਉਸ ਦੀ ਹਮਦਰਦੀ ਨੂੰ ਮਹਾਂ-ਕਰੁਣਾ (Supreme Compassion) ਕਿਹਾ ਜਾਂਦਾ ਹੈ। ਜਦੋਂ ਕੋਈ ਸ਼ਰਧਾਲੂ ਬੁਧਮੱਤ ਵਿਚ ਪ੍ਰਵੇਸ਼ ਕਰਦਾ ਹੈ ਤਾਂ ਉਹ ਸਭ ਤੋਂ ਪਹਿਲਾਂ ਕਹਿੰਦਾ ਹੈ – ਬੁੱਧਮ ਸਰਣਮ ਗੱਛਾਮਿ। (ਮੈਂ ਬੁੱਧ ਦੀ ਸ਼ਰਣ ਵਿਚ ਆਇਆ ਹਾਂ।)

ਬੁੱਧ ਨੇ ਜਿਹੜੀ ਪਰਮ ਸ਼ਕਤੀ ਪ੍ਰਗਟ ਕੀਤੀ, ਉਹ ਧਰਮ ਹੈ। ਧਰਮ ਦੀ ਪ੍ਰਾਪਤੀ ਨਿਰਵਾਣ ਹੈ। ਸੰਜਮ ਵਿਚ ਰੱਖਣ ਵਾਸਤੇ ਜਿਹੜਾ ਅਨੁਸ਼ਾਸਨ ਕਾਇਮ ਕੀਤਾ ਗਿਆ ਉਹ ਵੀ ਧਰਮ ਹੈ। ਧਰਮ ਉਹ ਸ਼ਕਤੀ ਹੈ ਜਿਹੜੀ ਸਾਨੂੰ ਭਟਕਣ ਵਿਚੋਂ ਕਢ ਲੈਂਦੀ ਹੈ। ਅੰਗਰੇਜ਼ੀ ਵਿਚ ਬੁੱਧ ਧਰਮ ਨੂੰ 'The Way' ਕਿਹਾ ਗਿਆ ਹੈ। ਬੁੱਧ ਮੱਤ ਵਿਚ ਦਾਖਲ ਹੋਣ ਵੇਲੇ ਜਗਿਆਸੂ ਦੂਜਾ ਪ੍ਰਣ ਇਹ ਲੈਂਦਾ ਹੈ – 'ਧੱਮਮ ਸਰਣਮ ਗੱਛਾਮਿ' (ਮੈਂ ਧਰਮ ਦੀ ਸ਼ਰਣ ਵਿਚ ਆਇਆ ਹਾਂ)।

ਤੀਜਾ ਰਤਨ ਸੰਘ ਹੈ। ਸੰਘ ਤੋਂ ਭਾਵ ਹੈ ਸੰਗਠਨ, ਜਥੇਬੰਦੀ, ਸੰਗਤ, ਇਸ ਵਿਚ ਸਾਰੇ ਸ਼ਰਧਾਲੂ, ਗ੍ਰਹਿਸਥੀ ਮਰਦ ਔਰਤਾਂ ਜਿਹੜੇ ਬੁੱਧਮੱਤ ਦਾ ਸਤਿਕਾਰ ਕਰਨ; ਭਿੱਖੂ, ਭਿਖਣੀਆਂ, ਬੋਧੀਸਤਵ, ਅਰਹਤ ਆਦਿਕ ਸਭ ਸ਼ਾਮਲ ਹਨ। ਬੋਧੀਸਤਵ ਤੇ ਅਰਹਤ ਦਾ ਭਾਵ ਹੈ ਪਹੁੰਚੇ ਹੋਇ ਮਹਾਤਮਾ, ਉਹ ਲੋਕ ਜਿਹੜੇ ਮੁਕਤ ਹੋ ਚੁੱਕੇ ਹਨ। ਬੁੱਧ ਮਤ ਵਿਚ ਦਾਖਲੇ ਦੀ ਤੀਜੀ ਸੁਗੰਧ ਹੈ – 'ਸੰਘਮ ਸਰਣਮ ਗੱਛਾਮਿ' (ਮੈਂ ਸੰਘ ਦੀ ਸ਼ਰਣ ਵਿਚ ਆਇਆ ਹਾਂ)।

ਚਾਰ ਅਮਰ ਸੱਚ

ਬੁੱਧ ਮੱਤ ਦੇ ਚਾਰ ਥੀਮ ਚਾਰ ਸਚਾਈਆਂ ਹਨ। ਬੋਧ ਗ੍ਰੰਥਾਂ ਵਿਚ ਇਨ੍ਹਾਂ ਨੂੰ ਚਾਰ ਆਰੀਆ ਸੱਚ (ਆਰਯ ਸੱਤ) ਕਿਹਾ ਗਿਆ ਹੈ। ਭਾਵੇਂ 'ਆਰੀਆ' ਸ਼ਬਦ ਮਨੁੱਖ ਦੀ ਇਕ ਨਸਲ ਨਾਲ ਸਬੰਧਤ ਹੈ ਪਰ ਹੌਲੀ ਹੌਲੀ ਇਸ ਦੇ ਅਰਥਾਂ ਵਿਚ ਵਿਸਥਾਰ ਹੁੰਦਾ ਗਿਆ ਤੇ ਆਰੀਆ ਦਾ ਅਰਥ ਸ੍ਰੇਸ਼ਟ, ਨੇਕ, ਉੱਤਮ, ਸ਼ਾਹਾਨਾ, ਅੰਤਿਮ, ਅਸੀਲ, ਭੱਦਰ, ਸਰੀਫ, ਸਾਊ ਆਦਿਕ ਕੀਤਾ ਜਾਣ ਲੱਗ ਪਿਆ। ਉੱਤਰੀ ਭਾਰਤ ਵਿਚ ਕਿਉਂਕਿ ਆਰੀਆ ਲੋਕ ਆਬਾਦ ਹੋ ਗਏ ਸਨ ਤੇ ਇਨ੍ਹਾਂ ਦਾ ਰਾਜ ਭਾਗ ਕਾਇਮ ਹੋ ਗਿਆ ਸੀ ਇਸ ਕਰਕੇ ਇਸ ਇਲਾਕੇ ਨੂੰ ਆਰੀਆ ਵਰਤ ਕਿਹਾ ਜਾਣ ਲੱਗਿਆ ਸੀ। ਆਰੀਆ ਸ਼ਬਦ ਪਿੱਛੋਂ ਜਾ ਕੇ ਇਕ ਖਾਸ ਕੁਲ, ਵਰਗ ਜਾਂ ਜਾਤੀ ਨਾਲ ਸਬੰਧਤ ਨਹੀਂ ਰਿਹਾ। ਬੁੱਧ ਮੱਤ ਵਿਚ ਹਰ ਭਲੇਮਾਣਸ ਲਈ ਆਰੀਆ ਸ਼ਬਦ ਦੀ ਵਰਤੋਂ ਹੋਈ ਹੈ।

ਚਾਰ ਆਰੀਆ ਸੱਚ ਇਹ ਹਨ –

1. ਸੰਸਾਰ ਵਿਚ ਦੁੱਖ ਹੈ।
2. ਦੁੱਖ ਦਾ ਕਾਰਨ ਹੈ।
3. ਦੁੱਖ ਦੂਰ ਹੋ ਸਕਦਾ ਹੈ ਜੇ ਤ੍ਰਿਸ਼ਨਾ ਦਾ ਤਿਆਗ ਹੋਵੇ।
4. ਨਿਰਵਾਣ ਦੀ ਪ੍ਰਾਪਤੀ ਲਈ ਮਾਰਗ ਮੌਜੂਦ ਹੈ।

1. ਦੁੱਖ –

ਸੰਸਾਰ ਵਿਚ, ਇਸ ਦੀ ਗਤੀ ਵਿਚ ਆ ਜਾਣਾ ਦੁੱਖ ਹੈ। ਸੰਸਾਰ ਦਾ ਜਨਮ ਜਾਂ ਜੀਵ ਦਾ ਜਨਮ ਦੁੱਖ ਦਾ ਜਨਮ ਹੈ। ਬੁੱਧ ਮੱਤ ਦੀ ਉਦੋਂ ਤਕ ਸਮਝ ਨਹੀਂ ਆ ਸਕਦੀ ਜਦੋਂ ਤਕ ਦੁੱਖ ਨੂੰ ਨਹੀਂ ਸਮਝ ਲਿਆ ਜਾਂਦਾ। ਦੁੱਖ ਬੁੱਧਮੱਤ ਦੀ ਜੜ੍ਹ ਹੈ। ਬੁੱਧ ਆਖਦਾ ਹੈ – ਜਨਮ ਲੈਣਾ, ਬਿਮਾਰ ਹੋਣਾ, ਮਰ ਜਾਣਾ, ਵਿੱਛੜ ਜਾਣਾ, ਸਭੇ ਦੁੱਖ ਹਨ। ਦੋ ਪਰਕਾਰ ਦਿਆਂ ਵਸਤਾਂ ਸੰਸਾਰ ਵਿਚ ਹਨ – ਇਕ ਉਹ ਜੋ ਪ੍ਰਾਪਤ ਨਹੀਂ ਹੋਈਆਂ, ਦੂਜੀਆਂ ਉਹ ਜੋ ਪ੍ਰਾਪਤ ਹੋਈਆਂ। ਜਿਨ੍ਹਾਂ ਚੀਜ਼ਾਂ ਦੀ ਇੱਛਾ ਸੀ ਪਰ ਨਾ ਮਿਲੀਆਂ, ਉਹ ਦੁਖਦਾਈ ਬਣੀਆਂ ਪਰ ਜਿਨ੍ਹਾਂ ਵਸਤਾਂ ਦੀ ਇੱਛਾ ਨਹੀਂ ਸੀ, ਉਹ ਮਿਲੀਆਂ ਤਾਂ ਵੀ ਦੁੱਖ ਹੋਇਆ। ਸੰਤਾਨ ਨਾ ਹੋਣ ਦਾ ਦੁੱਖ ਬਹੁਤ ਲੋਕਾਂ ਨੇ ਭੋਗਿਆ ਪਰ ਜਿਨ੍ਹਾਂ ਦੇ ਸੰਤਾਨ ਹੋਈ ਉਨ੍ਹਾ ਨੂੰ ਵੀ ਸੰਤਾਨ ਨੇ ਦੁਖੀ ਕੀਤਾ। ਜੇ ਗਰੀਬੀ ਨੇ ਵੀ ਦੁੱਖ ਦਿੱਤਾ, ਧਨ ਨੇ ਵੀ ਦੁੱਖੀ ਕੀਤਾ ਤਾਂ ਇਸ ਦਾ ਭਾਵ ਹੈ ਵਸਤਾਂ ਦੀ ਹੋਂਦ ਜਾਂ ਅਣਹੋਂਦ ਕਰਕੇ ਨਹੀਂ – ਦੁੱਖ ਦਾ ਕਾਰਨ ਕੁੱਝ ਹੋਰ ਹੈ। ਬੁੱਧ ਦੇ ਫਲਸਫੇ ਦਾ ਕੇਂਦਰ ਦੁੱਖ ਹੈ। ਇਹੀ ਕਾਰਨ ਹੈ ਕਿ ਬੁੱਧ ਅਕਸਰ ਕਿਹਾ ਕਰਦੇ ਸਨ – ਮੈਂ ਦਰਸ਼ਨ ਆਚਾਰੀਆ ਨਹੀਂ ਹਾਂ– ਚਰਚਾ ਵਿਚ, ਬਹਿਸ ਵਿਚ ਵਕਤ ਜ਼ਾਇਆ ਕਰਨ ਦੀ ਥਾਂ ਮੈਂ ਦੁੱਖ ਤੋਂ ਬਚਣ ਦਾ ਰਸਤਾ ਲਭਦਾ ਰਿਹਾ ਹਾਂ। ਮੇਰਾ ਹੋਰ ਕੋਈ ਮੰਤਵ ਨਹੀਂ ਹੈ। ਮੇਰਾ ਧਰਮ, ਮੇਰਾ ਚਿੰਤਨ, ਮੇਰਾ ਸੰਘ, ਇਹੀ ਕੁੱਝ ਕਰੇਗਾ।

ਕਦੀ ਕਦਾਈਂ ਜੇ ਕੋਈ ਪਲ ਖੁਸ਼ੀ ਦਾ ਮਿਲਦਾ ਹੈ ਤਾਂ ਉਸ ਦੇ ਬੀਤ ਜਾਣ ਉਤੇ ਫਿਰ ਉਦਾਸੀ ਸ਼ੁਰੂ ਹੋ ਜਾਂਦੀ ਹੈ। ਦੁੱਖ ਅਜਿਹੀ ਸ਼ਕਤੀਸ਼ਾਲੀ ਹੋਂਦ ਹੈ ਕਿ

ਇਹ ਸਾਧੂਆਂ ਅਤੇ ਪਾਪੀਆਂ ਨੂੰ ਬਰਾਬਰ ਆਪਣੀ ਲਪੇਟ ਵਿਚ ਲੈ ਲੈਂਦਾ ਹੈ। ਕੁਦਰਤ ਦੀ ਕਰੋਪੀ ਬਿਮਾਰੀ, ਹੜ੍ਹ, ਤੂਫਾਨ, ਭੂਚਾਲ ਸੋਕਾ – ਇਹ ਸਭ ਨੂੰ, ਚੰਗਿਆ ਨੂੰ ਵੀ ਮਾੜਿਆਂ ਨੂੰ ਵੀ ਖਤਮ ਕਰ ਦਿੰਦੇ ਹਨ। ਡਾਕੂ, ਜੰਗਲੀ ਜਾਨਵਰ, ਅਕਾਸ਼ ਦੀ ਬਿਜਲੀ ਕਦ ਕਿਸੇ ਦਾ ਲਿਹਾਜ ਕਰਦੇ ਹਨ? ਆਮ ਆਦਮੀ ਅਤੇ ਸਾਧੂ ਵਿਚ ਇਹ ਫਰਕ ਹੈ ਕਿ ਸਾਧੂ ਵਿਚ ਦੁਖ ਬਰਦਾਸ਼ਤ ਕਰਨ ਦੀ ਸ਼ਕਤੀ ਵਧੀਕ ਹੁੰਦੀ ਹੈ।

ਪਰ ਬਹੁਤੇ ਦੁਖ ਮਨੁੱਖ ਆਪ ਸਹੇੜਦਾ ਹੈ। ਇਹ ਉਹ ਦੁੱਖ ਹਨ ਜਿਨ੍ਹਾਂ ਵਿਚ ਆਮ ਬੰਦੇ ਫਸਦੇ ਹਨ ਪਰ ਸਾਧੂ ਮੁਕਤ ਰਹਿੰਦੇ ਹਨ। ਗੁੱਸਾ, ਈਰਖਾ, ਚੁਗਲੀ, ਹੰਕਾਰ, ਘਿਰਣਾ – ਇਹ ਸਾਰਾ ਕੁੱਝ ਦੁੱਖ ਪੈਦਾ ਕਰਨ ਦਾ ਸਮਾਨ ਹੈ। ਸਾਧੂ ਇਨ੍ਹਾਂ ਤੋਂ ਦੂਰ ਰਹਿੰਦੇ ਹਨ ਪਰ ਸਾਧੂਆਂ ਦੇ ਖਿਲਾਫ ਗੁੱਸਾ, ਈਰਖਾ, ਚੁਗਲੀ, ਘਿਰਣਾ ਆਦਿਕ ਦਾ ਚੱਕਰ ਹੋਰਾਂ ਵੱਲੋਂ ਚਲਦਾ ਰਹਿੰਦਾ ਹੈ। ਸਾਧੂ ਆਪਣੇ ਆਪ ਨੂੰ ਇਸ ਤਰ੍ਹਾਂ ਢਾਲ ਲੈਂਦੇ ਹਨ ਕਿ ਪਰੇਸ਼ਾਨ ਨਹੀਂ ਹੁੰਦੇ। ਸਾਨੂੰ ਪਤਾ ਹੈ ਕਿ ਝੂਠ ਬੋਲਣ ਨਾਲ, ਲਾਲਚ ਕਰਨ ਨਾਲ, ਚੋਰੀ ਕਰਨ ਨਾਲ ਨੁਕਸਾਨ ਹੋਵੇਗਾ, ਸਾਨੂੰ ਪਤਾ ਹੈ ਕਿ ਇਹ ਸਭ ਕੁਝ ਕਰਨਾ ਬੁਰਾ ਹੈ ਪਰ ਅਸੀਂ ਇਹੋ ਕੁਝ ਅਵੱਸ਼ ਕਰਦੇ ਹਾਂ ਅਤੇ ਦੁਖੀ ਹੁੰਦੇ ਹਾਂ। ਸਮਯੁੱਤ ਨਿਕਾਯ ਗ੍ਰੰਥ ਵਿਚ ਬੁੱਧ ਦਾ ਕਥਨ ਹੈ, "ਭਿੱਖੂਓ ਸਮੁੰਦਰ ਵਿਚ ਵਧੀਕ ਪਾਣੀ ਹੈ ਕਿ ਤੁਹਾਡੇ ਹੰਝੂ ਵਧੀਕ ਹਨ? ਜੀਵਨ ਵਿਚ ਤੁਸੀਂ ਅਣਗਿਣਤ ਵਾਰ ਹੋਏ, ਮਾਪਿਆਂ ਦੀ ਮੌਤ ਤੇ, ਭਰਾਵਾਂ ਦੀ ਮੌਤ ਤੇ, ਰਿਸ਼ਤੇਦਾਰਾਂ ਅਤੇ ਪਿਆਰਿਆਂ ਦੀ ਮੌਤ ਤੇ, ਜਾਇਦਾਦ ਖੁੱਸ ਜਾਣ ਦੇ ਦੁੱਖ ਤੇ, ਜੁੱਗਾਂ ਤੋਂ, ਤੁਸੀਂ ਹੰਝੂ ਵਹਾਉਂਦੇ ਆਏ ਹੋ।"

2. ਦੁੱਖ ਦਾ ਕਾਰਨ ਹੈ –

ਬੁੱਧ ਅਨੁਸਾਰ ਵਿਸ਼ਵ ਵਿਚ ਕੁਝ ਵੀ ਅਕਾਰਨ ਨਹੀਂ ਵਾਪਰਦਾ। ਜਦੋਂ ਤਕ ਅਸੀਂ ਕਾਰਨ ਨਹੀਂ ਜਾਣ ਲੈਂਦੇ ਉਦੋਂ ਤਕ ਕਿਸੇ ਨਤੀਜੇ ਉਤੇ ਵੀ ਨਹੀਂ ਅੱਪੜ ਸਕਦੇ – ਬਿਲਕੁਲ ਉਸੇ ਪਰਕਾਰ ਜਿਵੇਂ ਬਿਮਾਰੀ ਦੇ ਕਾਰਨਾਂ ਦੀ ਜਾਂਚ ਬਗੈਰ ਉਸ ਦਾ ਇਲਾਜ ਸਥਾਈ ਨਹੀਂ।

ਸੰਸਾਰ ਅਨਿੱਤ ਹੈ। ਹਰ ਵਸਤ ਹਰ ਪਲ ਬਦਲ ਰਹੀ ਹੈ। ਸਾਨੂੰ ਲਗਦਾ ਹੈ ਕਿ ਕਈ ਚੀਜ਼ਾਂ ਸਥਿਰ ਹਨ ਪਰ ਇਹ ਸਥਿਰਤਾ ਭਰਾਂਤੀ ਹੈ। ਹਰੇਕ ਵਸਤ ਵਕਤ ਦੇ ਦਰਿਆ ਵਿਚ ਰੁੜ੍ਹੀ ਜਾ ਰਹੀ ਹੈ। ਪਰਬਤ, ਧਰਤੀ, ਰੁੱਖ ਸਭ ਤਬਦੀਲ ਹੋ ਰਹੇ ਹਨ। ਬੱਚਾ ਵੱਡਾ ਹੋ ਰਿਹਾ ਹੈ, ਵੱਡਾ ਹੋ ਕੇ ਮੌਤ ਵੱਲ ਵਧ ਰਿਹਾ ਹੈ। ਵਿਸ਼ਵ ਅਰੁਕ, ਬੇਰੋਕ ਲਗਾਤਾਰ ਟੁੱਟ ਭਜ ਰਿਹਾ ਹੈ। ਕਿਧਰੇ ਜੁੜ ਰਿਹਾ ਹੈ – ਕਿਧਰੇ ਟੁੱਟ ਰਿਹਾ ਹੈ ਤੇ ਇਹ ਸੰਜੋਗ ਵਿਜੋਗ ਦੀ ਪ੍ਰਕ੍ਰਿਆ ਹੈ ਜਿਹੜੀ ਸਾਨੂੰ ਸਾਹਮਣੇ ਦਿਸ ਰਹੀ ਹੈ। ਮੋਮਬੱਤੀ ਬਲ ਰਹੀ ਹੈ। ਇਕ ਲਾਟ ਸਾਹਮਣੇ ਹੈ ਪਰ ਇਹ ਲਾਟ ਜਿਹੜੀ 'ਇਕ' ਦਿਸ ਰਹੀ ਹੈ, 'ਇਕ' ਨਹੀਂ ਹੈ। ਹਜ਼ਾਰਾਂ ਬਲਣਸ਼ੀਲ ਕਣ ਇਕ ਇਕ ਕਰਕੇ ਬਲਦੇ ਜਾ ਰਹੇ ਹਨ ਤੇ ਬਲਣ ਦੀ ਪ੍ਰਕ੍ਰਿਆ ਕਿਉਂਕਿ ਅਖੰਡ ਹੈ, ਅਟੁੱਟ ਹੈ, ਇਸ ਲਈ ਲਾਟ ਇਕਸਾਰ ਬਲਦੀ ਦਿੱਸ ਰਹੀ ਹੈ। ਅਸਲ ਵਿਚ ਇਹ ਲਾਟ ਅਣਗਿਣਤ ਨਿੱਕੇ ਨਿੱਕੇ ਅੱਗ ਧਮਾਕਿਆ ਦਾ ਸਮੂਹ ਹੈ।

ਸਾਹਮਣੇ ਇਕ ਪੌਦਾ ਹੈ। ਪਿਛਲੇ ਪਲ ਇਹ ਜੋ ਸੀ ਹੁਣ ਉਹ ਨਹੀਂ ਹੈ – ਅਗਲੇ ਪਲ ਹੁਣ ਨਾਲੋਂ ਹੋਰ ਭਿੰਨ ਹੋ ਜਾਵੇਗਾ। ਇਸ ਕਰਕੇ ਬੁੱਧ ਆਖਦਾ ਸੀ ਕਿ ਹਰ ਵਸਤ ਜਦੋਂ ਉਹ ਮੌਜੂਦ ਹੁੰਦੀ ਹੈ – ਉਸੇ ਵਕਤ ਮੌਜੂਦ ਨਹੀਂ ਵੀ ਹੁੰਦੀ। ਕਿਸੇ ਵਸਤੂ ਬਾਰੇ ਮੈਂ ਕਹਿੰਦਾ ਹਾਂ ਕਿ "ਇਹ ਹੈ" ਪਰ ਜੇ ਕੋਈ ਹੋਰ ਇਹ ਕਹੇ ਕਿ "ਇਹ ਨਹੀਂ ਹੈ" ਤਾਂ ਦੋਵੇਂ ਕਥਨ ਠੀਕ ਹਨ। ਕਾਰਨ ਕਾਰਜ ਦੇ ਇਸ ਬੋਧੀ ਸਿਧਾਂਤ ਨੂੰ ਦਰਸਨ ਸਾਸਤਰਾਂ ਵਿਚ 'ਪਰਤੀਤ-ਸਮ-ਉਤਪਾਦ' ਦੇ ਨਾਮ ਹੇਠ ਵਿਚਾਰਿਆ ਜਾਂਦਾ ਹੈ। ਇਸ ਸ਼ਬਦ ਦਾ ਅਰਥ ਹੈ – ਆਸ਼ਿ੍ਤ ਹੋਂਦ, ਭਾਵ ਹਰ ਵਸਤੂ ਕਿਸੇ ਆਸਰੇ ਤੇ ਟਿਕੀ ਹੈ। ਕੋਈ ਹੋਂਦ ਸੁਤੰਤਰ ਨਹੀਂ। ਬੁੱਧ ਨੂੰ ਜਦੋਂ ਪੁਛਿਆ ਜਾਂਦਾ ਸੀ ਕਿ ਕੀ ਕੁਝ ਵੀ ਸਥਿਰ ਨਹੀਂ ? ਤਾਂ ਉਹ ਕਹਿੰਦਾ ਹੁੰਦਾ ਸੀ, ਕੇਵਲ ਪਰਿਵਰਤਨ ਹੈ ਜੋ ਸਥਿਰ ਹੈ ਤੇ ਨਿਰੰਤਰ ਹੈ। ਜਦੋਂ ਪੁਛਿਆ ਜਾਂਦਾ ਸੀ ਕਿ ਕੀ ਕਦੀ ਵੀ ਅਜਿਹਾ ਨਹੀਂ ਹੋਇਆ – ਕਿ ਕੋਈ ਹੋਂਦ ਸੁਤੰਤਰ ਹੋਈ ਹੋਵੇ ? ਜੁੱਗਾਂ ਦੇ ਆਰੰਭ ਵਿਚ ਜਾਂ ਉਸ ਤੋਂ ਵੀ ਪਹਿਲਾਂ ਕੀ ਕੋਈ ਹਸਤੀ ਸੁਤੰਤਰ ਨਹੀਂ ਸੀ ? ਤਦ ਬੁੱਧ ਚੁੱਪ ਰਹਿੰਦਾ। ਬਾਰ ਬਾਰ ਪ੍ਰਸ਼ਨ ਕੀਤੇ ਜਾਂਦੇ ਤਾਂ ਉਹ ਆਖਦਾ – 'ਮੇਰਾ ਨਿਸ਼ਾਨਾ ਦੁੱਖ ਹੈ। ਮੈਂ ਦੁੱਖਾਂ ਦੀ ਨਵਿਰਤੀ ਚਾਹੁੰਦਾ ਹਾਂ।'

ਸੰਸਾਰ ਨੇਕੀ ਬਦੀ ਦੇ ਸੂਤਰ ਵਿਚ ਬੱਝਾ ਹੋਇਆ ਹੈ। ਨੇਕ ਕੰਮ ਕਰੋਗੇ ਤਾਂ ਉੱਤਮ ਨਤੀਜੇ ਪ੍ਰਾਪਤ ਹੋਣਗੇ। ਬੁਰਾਈ ਕਰੋਗੇ ਤਾਂ ਤੁਹਾਡੇ ਨਾਲ ਬੁਰਾ ਹੋਵੇਗਾ, ਇਹ ਯਕੀਨੀ ਹੈ। ਕਰਮਾਂ ਦਾ ਫਲ ਭੁਗਤਣ ਲਈ ਬਾਰ ਬਾਰ ਜਨਮ ਲਵੋਗੇ – ਉਦੋਂ ਤਕ ਇਸ ਭਟਕਣ ਵਿਚ ਤੁਰਦੇ ਜਾਓਗੇ ਜਦੋਂ ਤਕ ਨਿਰਵਾਣ ਦੀ ਪ੍ਰਾਪਤੀ ਨਹੀਂ ਹੁੰਦੀ। ਨਿਰਵਾਣ ਦੁੱਖਾਂ ਦੇ ਅੰਤ ਦਾ ਸਥਾਨ ਹੈ।

ਦੁੱਖ ਦੇ ਕਾਰਨ ਦਾ ਨਾਮ ਤਰਿਸ਼ਨਾ ਹੈ। ਪਾਲੀ ਵਿਚ ਤਰਿਸ਼ਨਾ ਨੂੰ 'ਤਣਹਾ' ਕਿਹਾ ਜਾਂਦਾ ਹੈ। ਤਰਿਸ਼ਨਾ ਦਾ ਅਰਥ ਹੈ ਕਾਮਨਾ, ਇੱਛਾ। ਦੁੱਖ ਆਪਣੇ ਆਪ ਪੈਦਾ ਨਹੀਂ ਹੁੰਦਾ – ਇਕ ਸਿਸਟਮ ਵਿਚੋਂ ਪੈਦਾ ਹੁੰਦਾ ਹੈ। ਸਾਡੇ ਮਨ ਅੰਦਰ ਇੱਛਾ ਪੈਦਾ ਹੁੰਦੀ ਹੈ – ਕਿ ਫਲਾਣੀ ਚੀਜ਼ ਦਾ ਮਾਲਕ ਮੈਂ ਹੋਵਾਂ। ਇੱਛਾ ਦੀ ਪੂਰਤੀ ਵਾਸਤੇ ਅਸੀਂ ਕਾਰਜਸ਼ੀਲ ਹੋ ਜਾਂਦੇ ਹਾਂ। ਜਿਹੜੇ ਕੰਮ ਕਰਦੇ ਹਾਂ ਕਿਉਂਕਿ ਉਹ ਸੁਆਰਥ ਵਿਚੋਂ ਪੈਦਾ ਹੋਏ ਹਨ, ਇਸ ਲਈ ਉਨ੍ਹਾਂ ਦੇ ਨਤੀਜੇ ਸਹੀ ਨਹੀਂ ਹੋਣਗੇ। ਅਸੀਂ ਜੇ ਇਹ ਜਾਣਦੇ ਵੀ ਹੋਈਏ ਕਿ ਨਤੀਜੇ ਸਹੀ ਨਹੀਂ ਹੋਣਗੇ ਤਾਂ ਵੀ ਕਾਮਨਾਵਾਂ ਇੰਨੀਆਂ ਪ੍ਰਬਲ ਹਨ ਕਿ ਅਸੀਂ ਰੁਕਦੇ ਨਹੀਂ। ਇੱਥੋਂ ਹੀ ਪੁਨਰ ਜਨਮ ਵੱਲ ਵਿਕਾਸ ਹੁੰਦਾ ਰਹਿੰਦਾ ਹੈ। ਜਨਮ, ਤ੍ਰਿਸ਼ਨਾ, ਦੁੱਖ ਕਰਮ, ਮੌਤ, ਇਹ ਪ੍ਰਕ੍ਰਿਆ ਬਾਰ ਬਾਰ, ਅਨੰਤ ਬਾਰ ਦੁਹਰਾਈ ਜਾ ਰਹੀ ਹੈ।

3. ਦੁੱਖ ਦੀ ਸਮਾਪਤੀ ਅਤੇ ਨਿਰਵਾਣ

ਦੁੱਖਾਂ ਦੇ ਕਾਰਨ ਨੂੰ ਮਿਟਾਣਾ ਜ਼ਰੂਰੀ ਹੈ। ਤਮੰਨਾਵਾਂ ਦਾ ਤਿਆਗ ਕਰੋ। ਇੱਛਾਵਾਂ ਤਿਆਗਣ ਨਾਲ ਮਨ ਵਿਚ ਨਿਰਮਲਤਾ ਦਾ ਪ੍ਰਕਾਸ਼ ਹੁੰਦਾ ਹੈ। ਲਗਾਤਾਰ ਅਭਿਆਸ ਕਰਦੇ ਰਹਿਣ ਨਾਲ ਇਕ ਵਕਤ ਅਜਿਹਾ ਆ ਜਾਂਦਾ ਹੈ ਜਦੋਂ ਕਰਮ ਖਤਮ ਹੋ ਜਾਂਦੇ ਹਨ। ਕਰਮ ਖਤਮ ਹੋ ਜਾਣ ਤਾਂ ਨਿਰਵਾਣ ਦੀ ਪ੍ਰਾਪਤੀ ਹੁੰਦੀ ਹੈ। ਇਥੇ ਚੇਤੇ ਰੱਖਣਯੋਗ ਗੱਲ ਇਹ ਹੈ ਕਿ ਨੇਕੀ ਕਰਨ ਦੀ ਇੱਛਾ ਨੂੰ ਤਰਿਸ਼ਨਾ ਨਹੀਂ

ਕਿਹਾ ਜਾਂਦਾ। ਦੂਜਿਆਂ ਦਾ ਭਲਾ ਕਰਨਾ, ਭਲਾ ਲੋਚਣਾ, ਪਰਉਪਕਾਰ ਕਰਨਾ, ਇਹ ਤਾਂ ਸ਼ੁਭ ਕਰਮ ਹਨ। ਕਿਵੇਂ ਪਰਖ ਕਰੀਏ ਕਿ ਕੋਈ ਕੰਮ ਬੁਰਾ ਹੈ ਕਿ ਚੰਗਾ? ਜੇ ਮੇਰੇ ਸਵਾਰਥ ਦੀ ਪੂਰਤੀ ਹੁੰਦੀ ਹੈ ਤਾਂ ਬੁਰਾ ਹੈ। ਜੇ ਮੈਨੂੰ ਭਾਵੇਂ ਨੁਕਸਾਨ ਹੋਵੇ ਪਰ ਦੂਜੇ ਦਾ ਭਲਾ ਹੋ ਰਿਹਾ ਹੋਵੇ ਤਦ ਨੇਕੀ ਹੈ।

ਬੁੱਧ ਨੇ ਦੱਸਿਆ ਸੀ ਕਿ ਕਈ ਸਾਧੂ ਨੇਕੀ ਕਰਦੇ ਰਹਿੰਦੇ ਹਨ, ਤਿਆਗ ਕਰਦੇ ਹਨ, ਬੰਦਗੀ ਕਰਦੇ ਹਨ, ਸੰਜਮ ਦਾ ਜੀਵਨ ਬਤੀਤ ਕਰਦੇ ਹਨ। ਅਜਿਹਾ ਕਰਦੇ ਹੋਏ ਆਖਰ ਉਹ ਸੋਚ ਲੈਂਦੇ ਹਨ – ਜੇ ਨਿਰਵਾਣ ਪ੍ਰਾਪਤ ਨਾ ਹੋਇਆ ਤਾਂ ਕਿੰਨਾ ਚੰਗਾ ਹੋਵੇ ਜੇ ਕਿਸੇ ਰਾਜੇ ਦੇ ਘਰ ਜਨਮ ਲਈਏ। ਇਉਂ ਸੋਚਦਿਆਂ ਸੋਚਦਿਆਂ ਉਹ ਕਲਪਣਾ ਕਰਦੇ ਰਹਿੰਦੇ ਹਨ ਕਿ ਕਿਹੋ ਜਿਹੇ ਮਹਿਲ ਹੋਣਗੇ – ਕਿਵੇਂ ਬਚਪਨ ਬੀਤੇਗਾ, ਆਦਿ ਆਦਿਕ........। ਇੱਥੋਂ ਫਿਰ ਕਰਮ ਸ਼ੁਰੂ ਹੋ ਗਏ ਤੇ ਫਿਰ ਆਵਾਗੌਣ ਦਾ ਚੱਕਰ ਆਰੰਭ ਹੋ ਗਿਆ।

ਜਿਹੜਾ ਵਿਅਕਤੀ ਸੰਜਮ ਵਿਚ ਰਹਿ ਕੇ ਮਨ ਨੂੰ ਕਾਬੂ ਵਿਚ ਕਰ ਲਵੇ ਉਸ ਨੂੰ ਅਰਹਤ ਕਿਹਾ ਜਾਂਦਾ ਹੈ। ਜਿੰਨਾ ਚਿਰ ਜਿਉਂਦਾ ਰਹਿੰਦਾ ਹੈ, ਅਰਹਤ ਦਾ ਮਨ ਕਾਮਨਾਵਾਂ ਤੋਂ ਮੁਕਤ ਰਹਿੰਦਾ ਹੈ। ਉਸ ਦੇ ਦਿਲ ਅੰਦਰ, ਜੇ ਉਹ ਚਾਹੇ ਤਾਂ ਹਾਵਭਾਵ ਪ੍ਰਗਟ ਹੋ ਜਾਂਦੇ ਹਨ ਨਾ ਚਾਹੇ ਤਾਂ ਨਹੀਂ ਪੈਦਾ ਹੁੰਦੇ। ਉਸ ਦੇ ਮਨ ਵਿਚ ਕਦੀ ਕੋਈ ਇੱਛਾ ਪੈਦਾ ਵੀ ਹੋਵੇ ਤਾਂ ਵੀ ਉਹ ਉਸ ਦੀ ਪੂਰਤੀ ਵਾਸਤੇ ਕਰਮ ਨਹੀਂ ਕਰਦਾ। ਇਸ ਅਵਸਥਾ ਦਾ ਵਰਣਨ ਬੁੱਧ ਦੀਘਨਿਕਾਇ ਗ੍ਰੰਥ ਵਿਚ ਕਰਦਿਆਂ ਦਸਦਾ ਹੈ, "ਮੈਂ ਆਤਮ ਪਿੰਡ ਦੇ ਨੇੜੇ ਖੇਤਾਂ ਵਿਚ ਬਣੇ ਇਕ ਕੋਠੇ ਵਿਚ ਬੈਠਾ ਸਾਂ ਤਾਂ ਧਿਆਨ ਮਗਨ ਸਾਂ। ਥੋੜੀ ਦੂਰ ਲੋਕਾਂ ਦੀ ਭੀੜ ਦੇਖੀ। ਇਹ ਜਾਣਨ ਲਈ ਕਿ ਕੀ ਹੋਇਆ ਹੈ ਮੈਂ ਉਧਰ ਚੱਲ ਪਿਆ। ਪਤਾ ਲੱਗਾ ਕਿ ਦੇਰ ਤੋਂ ਬੱਦਲ ਗੱਜ ਰਿਹਾ ਸੀ ਤੇ ਬਿਜਲੀ ਕੜਕ ਰਹੀ ਸੀ। ਦੋ ਕਿਸਾਨਾਂ ਤੇ ਚਾਰ ਬਲਦਾਂ ਨੂੰ ਬਿਜਲੀ ਨੇ ਮਾਰ ਦਿੱਤਾ ਸੀ। ਇਕ ਬੰਦੇ ਨੇ ਪੁੱਛਿਆ – "ਮਿੱਤਰ ਤੁਹਾਨੂੰ ਨਹੀਂ ਪਤਾ ਲੱਗਾ ਕਿ ਬਿਜਲੀ ਕੜਕੀ ਸੀ ਤੇ ਇਨ੍ਹਾਂ ਉੱਤੇ ਗਿਰੀ ਸੀ? ਤੁਹਾਡੇ ਨੇੜੇ ਹੀ ਸਨ ਇਹ ਤਾਂ।" ਮੈਂ ਦੱਸਿਆ ਕਿ ਮੈਨੂੰ ਪਤਾ ਨਹੀਂ। ਉਸ ਨੇ ਫਿਰ ਪੁੱਛਿਆ – "ਤੁਸੀਂ ਸੁੱਤੇ ਹੋਏ ਸੀ?" ਮੈਂ ਕਿਹਾ, "ਨਹੀਂ ਜਾਗਦਾ ਸੀ"। ਉਸ ਨੇ ਫਿਰ ਪੁਛਿਆ – "ਕੀ ਤੁਸੀ ਬੇਹੋਸ਼ ਸਉ?" ਮੈਂ ਕਿਹਾ, "ਨਹੀਂ ਹੋਸ਼ ਵਿਚ ਸਾਂ।" ਉਸ ਨੇ ਹੈਰਾਨ ਹੋ ਕੇ ਕਿਹਾ – "ਕੀ ਇਸ ਤਰ੍ਹਾਂ ਵੀ ਹੋ ਸਕਦਾ ਹੈ ਕਿ ਕੋਈ ਬੰਦਾ ਸੁੱਤਾ ਵੀ ਨਾ ਹੋਵੇ, ਬੇਹੋਸ਼ ਵੀ ਨਾ ਹੋਵੇ ਪਰ ਉਸ ਦੇ ਲਾਗੇ ਬਿਜਲੀ ਗਿਰੇ ਤੇ ਮਨੁੱਖਾਂ ਪਸ਼ੂਆਂ ਨੂੰ ਮਾਰ ਦਏ ਪਰ ਉਸ ਨੂੰ ਪਤਾ ਹੀ ਨਾ ਲੱਗੇ।" ਮੈਂ ਉਸ ਨੂੰ ਦੱਸਿਆ ਕਿ ਇਸ ਤਰ੍ਹਾਂ ਹੋ ਸਕਦਾ ਹੈ। ਧਿਆਨੀ ਮਨੁੱਖ ਨਾਲ ਇਸ ਤਰ੍ਹਾਂ ਆਮ ਹੁੰਦਾ ਹੈ।

ਨਿਰਵਾਣ ਪ੍ਰਾਪਤੀ ਵਾਸਤੇ ਚਾਰ ਪੜਾਅ ਹਨ। ਪਹਿਲਾ ਪੜਾਉ ਹੈ ਧਰਮ ਵਿਚ ਪ੍ਰਵੇਸ਼। ਬੁੱਧ ਦੀਆਂ ਸਿਖਿਆਵਾਂ ਜਾਣਨਾ, ਸਾਧੂਆਂ ਦਾ ਸੰਗ ਕਰਨਾ, ਸੰਸਾਰ ਦੀ ਨਾਸ਼ਵਾਨਤਾ ਦਾ ਗਿਆਨ, ਇਹ ਪਹਿਲਾ ਪੜਾਅ ਹੈ। ਦੂਜੇ ਪੜਾਉ ਵਿਚ ਆਤਮ-ਪ੍ਰਕਾਸ਼ ਹੁੰਦਾ ਹੈ। ਕਰਮ ਕਾਂਡ ਅਤੇ ਰਸਮ ਰਿਵਾਜ ਤਿਆਗ ਦਿੱਤੇ ਜਾਂਦੇ ਹਨ। ਵਾਸਨਾ, ਨਫਰਤ, ਅਗਿਆਨਤਾ ਤੋਂ ਛੁਟਕਾਰਾ ਪ੍ਰਾਪਤ ਕਰਨ ਦੇ ਯਤਨ ਜਾਰੀ ਰਹਿੰਦੇ ਹਨ। ਤੀਜੀ ਸਟੇਜ ਵਿਚ ਵਾਸਨਾ, ਨਫਰਤ ਅਤੇ ਅਗਿਆਨਤਾ ਪੂਰੀ

ਤਰ੍ਹਾਂ ਖਤਮ ਹੋ ਜਾਂਦੇ ਹਨ। ਚੌਥੀ ਸਟੇਜ ਵਿਚ ਵਿਅਕਤੀ ਅਰਹਤ ਬਣ ਜਾਂਦਾ ਹੈ। ਉਸ ਵਿਚ ਨੇਕੀ, ਸੂਖਮਤਾ ਅਤੇ ਪਵਿਤਰਤਾ ਦਾ ਪੂਰਨ ਵਿਕਾਸ ਹੋ ਜਾਂਦਾ ਹੈ। ਉਸ ਦੀ ਸੰਗਤ ਵਿਚ ਹਰ ਵਿਅਕਤੀ ਅਨੰਦ ਪ੍ਰਤੀਤ ਕਰਦਾ ਹੈ। ਇਹ ਉਚਤਮ ਪ੍ਰਾਪਤੀ ਹੈ। ਇਹ ਪ੍ਰਾਪਤੀ ਇਕ ਵਿਅਕਤੀ ਦੇ ਨਿੱਜਤਵ ਦੀ ਪ੍ਰਾਪਤੀ ਹੈ। ਬੋਧੀਸਤਵ ਇਸ ਤੋਂ ਵੀ ਉਪਰਲੀ ਅਵਸਥਾ ਹੈ। ਅਰਹਤ ਕੇਵਲ ਆਪ ਗਿਆਨ ਅਤੇ ਮੁਕਤੀ ਪ੍ਰਾਪਤ ਕਰਦਾ ਹੈ ਪਰ ਬੋਧੀਸਤਵ ਹਰ ਕਿਸੇ ਨੂੰ ਮੁਕਤੀ ਦਾ ਮਾਰਗ ਦਿਖਾਉਂਦਾ ਹੈ ਜਿਹੜਾ ਵੀ ਜਗਿਆਸੂ ਬਣ ਕੇ ਉਸ ਦੇ ਸੰਪਰਕ ਵਿਚ ਆਵੇ।

ਕੁਝ ਵਿਦਵਾਨਾਂ ਨੇ ਨਿਰਵਾਣ ਪ੍ਰਾਪਤੀ ਬਾਰੇ ਕਿਹਾ ਕਿ ਆਪਣੇ ਆਪ ਨੂੰ ਸੰਪੂਰਣ ਤੌਰ ਤੇ ਨਸ਼ਟ ਕਰ ਲੈਣ ਦਾ ਨਾਮ ਨਿਰਵਾਣ ਹੈ। ਇਹ ਬੜਾ ਗਲਤ ਕਥਨ ਹੈ ਤੇ ਬੁੱਧ ਦੀ ਸਿੱਖਿਆ ਸਤਹੀ ਤੌਰ ਉਤੇ ਜਾਣਨ ਵਾਲਾ ਬੰਦਾ ਅਜਿਹਾ ਕੁਝ ਕਹਿੰਦਾ ਹੈ। ਅਹੰ (Self) ਦਾ ਸੰਪੂਰਣ ਖਾਤਮਾ ਨਿਰਵਾਣ ਨਹੀਂ ਸਗੋਂ ਅਹੰ ਦਾ ਸੰਪੂਰਣ ਜਾਗਰਣ ਨਿਰਵਾਣ ਹੈ। ਨਿਰਵਾਣ ਪ੍ਰਾਪਤ ਸਾਧੂ ਦਾ ਅਹੰ ਸਮਾਪਤ ਨਹੀਂ ਹੁੰਦਾ ਸਮੁੰਦਰ ਬਣ ਜਾਂਦਾ ਹੈ ਜੋ ਆਪਣੀ ਲਪੇਟ ਵਿਚ ਸਾਰੇ ਸੰਸਾਰ ਨੂੰ ਲੈ ਲੈਂਦਾ ਹੈ। ਬੋਧੀਸਤਵ ਇਕ ਸ਼ਖਸੀਅਤ ਦਾ ਅੰਤ ਹੋਣਾ ਨਹੀਂ, ਉਸਦਾ ਅਨੰਤ ਹੋਣਾ ਹੈ।

4. ਨਿਰਵਾਣ ਪ੍ਰਾਪਤੀ ਦਾ ਮਾਰਗ

ਦੁੱਖਾਂ ਤੋਂ ਸੰਪੂਰਣ ਸੁਤੰਤਰਤਾ ਪ੍ਰਾਪਤ ਕਰਨ ਲਈ ਨਿਰਵਾਣ ਦੀ ਪ੍ਰਾਪਤੀ ਕਰਨੀ ਪਵੇਗੀ। ਨਿਰਵਾਣ ਪ੍ਰਾਪਤੀ ਵਾਸਤੇ ਬੁੱਧ ਨੇ ਮਾਰਗ ਦੱਸਿਆ ਜਿਸ ਨੂੰ ਅਸ਼ਟਾਂਗ-ਮਾਰਗ ਕਿਹਾ ਜਾਂਦਾ ਹੈ। ਅਸ਼ਟਾਂਗ ਦਾ ਅਰਥ ਹੈ ਅੱਠ ਅੰਗਾਂ ਵਾਲਾ। ਇਨ੍ਹਾਂ ਅੱਠ ਨਿਯਮਾਂ ਦੀ ਪਾਲਣਾ ਕਰਨ ਵਾਲੇ ਸੰਤਾਪ-ਮੁਕਤ ਹੋਣਗੇ।

i. **ਸਹੀ ਦ੍ਰਿਸ਼ਟੀ** – ਸੰਸਕ੍ਰਿਤ ਵਿਚ ਸਮਯਕ ਦ੍ਰਿਸਟੀ ਤੇ ਪਾਲੀ ਵਿਚ ਇਨ੍ਹਾਂ ਸ਼ਬਦਾਂ ਨੂੰ ਸੱਮਾ-ਦਿੱਠੀ ਕਰਕੇ ਲਿਖਿਆ ਮਿਲਦਾ ਹੈ। ਜਦੋਂ ਤੱਕ ਦ੍ਰਿਸ਼ਟੀ ਸਹੀ ਨਹੀਂ ਹੋਵੇਗੀ ਅਸੀਂ ਗਲਤ ਤੇ ਠੀਕ ਦੀ ਪਛਾਣ ਨਹੀਂ ਕਰ ਸਕਾਂਗੇ। ਕੀ ਤਿਆਗਣਾ ਹੈ ਤੇ ਕੀ ਚੁਣਨਾ ਹੈ, ਇਸ ਦਾ ਫੈਸਲਾ ਸਹੀ ਦ੍ਰਿਸ਼ਟੀ ਰਾਹੀਂ ਹੋਵੇਗਾ। ਅਗਿਆਨਤਾ ਅਤੇ ਅਵਿੱਦਿਆ ਗਲਤ ਦ੍ਰਿਸ਼ਟੀ ਕਰਕੇ ਪੈਦਾ ਹੁੰਦੀਆਂ ਹਨ। ਅਵਿੱਦਿਆ ਕਾਰਨ ਗਲਤ ਫੈਸਲੇ ਕਰਦੇ ਹਾਂ ਤੇ ਦੁੱਖ ਉਠਾਉਂਦੇ ਹਾਂ। ਕੀ ਉਚਿਤ ਹੈ ਕੀ ਅਨੁਚਿਤ, ਕੀ ਨੈਤਿਕ ਹੈ ਕੀ ਅਨੈਤਿਕ, ਸਦਾਚਾਰ, ਦੁਰਾਚਾਰ ਇਨ੍ਹਾਂ ਵਿਚੋਂ ਚੋਣ ਕਰਨ ਦਾ ਕਾਰਜ ਸਹੀ ਦ੍ਰਿਸ਼ਟੀ ਨੇ ਕਰਨਾ ਹੈ। ਕੁੱਝ ਬੋਧੀ ਗ੍ਰੰਥਾਂ ਵਿਚ ਸਹੀ ਦ੍ਰਿਸ਼ਟੀ ਦਾ ਅਰਥ, "ਬੁੱਧ ਵਿਚ ਵਿਸ਼ਵਾਸ, ਧਰਮ ਵਿਚ ਵਿਸ਼ਵਾਸ, ਸੰਘ ਵਿਚ ਵਿਸ਼ਵਾਸ ਹੈ।" ਪਰ ਇਹ ਅਰਥ ਪਿਛੋਂ ਕੀਤੇ ਜਾਣ ਲੱਗੇ।

ii. **ਸਹੀ ਸੰਕਲਪ** – ਸੰਸਕ੍ਰਿਤ ਦੇ ਸ਼ਬਦ ਸਮਯਕ-ਸੰਕਲਪ ਨੂੰ ਪਾਲੀ ਵਿਚ ਸੱਮਾ-ਸਕੱਪੋ ਲਿਖਿਆ ਹੋਇਆ ਹੈ। ਇਸ ਸ਼ਬਦ ਦਾ ਅਰਥ ਹੈ ਸਹੀ ਭਾਵਨਾ, ਨੇਕ ਇਰਾਦਾ। ਸਹੀ ਦ੍ਰਿਸ਼ਟੀ ਤੁਹਾਨੂੰ ਦੱਸ ਦਵੇਗੀ ਕਿ ਕੀ ਚੰਗਾ ਹੈ ਕੀ ਬੁਰਾ ਪਰ ਜੇ ਨੀਅਤ ਮਾੜੀ ਹੈ, ਫਿਰ ਦ੍ਰਿਸ਼ਟੀ ਨੂੰ ਨਜ਼ਰ-ਅੰਦਾਜ਼ ਕਰਕੇ ਸਵਾਰਥ ਪੂਰਤੀ ਹਿਤ

ਅਸੀਂ ਗਲਤ ਚੋਣ ਕਰਾਂਗੇ। ਗਿਆਨ ਹਾਸਲ ਕਰਨਾ ਵਿਅਰਥ ਹੈ ਜੇ ਅਮਲ ਵਿਚ ਨਾ ਲਿਆਂਦਾ। ਦ੍ਰਿੜ ਫੈਸਲਾ ਕਰਨਾ ਹੋਵੇਗਾ ਕਿ ਅਸੀਂ ਕੇਵਲ ਨੇਕੀ ਕਰਾਂਗੇ।

iii. ਸਹੀ ਬਾਣੀ – ਠੀਕ ਬੋਲਵਾਣੀ ਨੂੰ ਸੰਸਕ੍ਰਿਤ ਵਿਚ ਸਮਯਕ–ਵਾਕ ਕਿਹਾ ਗਿਆ ਹੈ ਤੇ ਪਾਲੀ ਵਿਚ ਸੰਮਾ–ਵਾਚਾ। ਸੰਤੁਲਤ ਮਨੁੱਖ ਤੇਜ਼ਤਰਾਰਾ ਬੋਲ ਨਹੀਂ ਬੋਲਦਾ, ਉਚੀ ਉਚੀ ਨਹੀਂ ਬੋਲਦਾ, ਝੂਠ ਨਹੀਂ ਬੋਲਦਾ ਤੇ ਅਜਿਹਾ ਕੁਝ ਨਹੀਂ ਬੋਲਦਾ ਜੋ ਜਾਣ ਬੁੱਝ ਕੇ ਕਿਸੇ ਦਾ ਨੁਕਸਾਨ ਕਰੇ। ਸਹੀ ਗਿਆਨ ਹੋਵੇ ਤਾਂ ਦੂਜਿਆਂ ਤੋਂ ਲੁਕਾ ਕੇ ਨਾ ਰੱਖੇਂ। ਜਿਸ ਚੀਜ ਦਾ ਗਿਆਨ ਨਾ ਹੋਵੇ ਉਸ ਬਾਰੇ ਗਿਆਨਵਾਨ ਹੋਣ ਦਾ ਦਾਅਵਾ ਨਾ ਕਰੇ। ਨਿੰਦਾ ਚੁਗਲੀ ਨਾ ਕਰੇ। ਗੁਸੈਲਾ, ਭੜਕੀਲਾ ਤੇ ਬੇਕਾਬੂ ਮਨੁੱਖ ਜਿੰਨਾ ਮਰਜ਼ੀ ਗਿਆਨਵਾਨ ਹੋਵੇ ਉਹ ਧਾਰਮਿਕ ਨਹੀਂ ਹੋ ਸਕਦਾ।

iv. ਸਹੀ ਕਰਮ – ਪੰਜਾਬੀ ਭਾਸ਼ਾ ਵਿਚ ਇਸ ਸ਼ਬਦ ਨੂੰ "ਸਹੀ ਕਮਾਈ" ਕਹਿ ਸਕਦੇ ਹਾਂ। ਬੁੱਧ ਨੇ ਸਹੀ ਕਮਾਈ ਨੂੰ ਤਿੰਨ ਭਾਗਾਂ ਵਿਚ ਵੰਡਿਆ ਹੈ –

1. ਜੀਵ ਹੱਤਿਆ ਦੀ ਮਨਾਹੀ
2. ਜੋ ਦਿੱਤਾ ਨਹੀਂ ਗਿਆ ਉਸ ਉਤੇ ਅਧਿਕਾਰ ਦੀ ਮਨਾਹੀ
3. ਅਨੈਤਿਕ ਕਾਮ ਸਬੰਧਾਂ ਦੀ ਮਨਾਹੀ

ਉਪਰੋਕਤ ਮਨਾਹੀਆਂ ਤੋਂ ਇਲਾਵਾ ਦਇਆ ਦੀ ਭਾਵਨਾ ਹਰ ਹਿਰਦੇ ਵਿਚ ਕਾਇਮ ਹੋਵੇ, ਬੁਧ ਨੇ ਇਸ ਦੀ ਪ੍ਰਬਲ ਇੱਛਾ ਪ੍ਰਗਟਾਈ। ਜਿਵੇਂ ਮਾਂ ਆਪਣੇ ਬੱਚਿਆਂ ਨੂੰ ਖਤਰੇ ਝੱਲ ਕੇ ਪਾਲਦੀ ਹੈ, ਉਨ੍ਹਾਂ ਉਤੇ ਰਹਿਮ ਕਰਦੀ ਹੈ, ਇਸ ਪਰਕਾਰ ਮਨੁੱਖ ਸਾਰੇ ਜੀਵਾਂ ਉਪਰ ਦਿਆਲੂ ਹੋਵੇ। ਬੁੱਧ ਨੇ ਕਿਹਾ, ਕੀਮਤੀ ਸੁਗਾਤਾਂ ਦੇਣ ਦੀ ਥਾਂ ਥੋੜਾ ਕੁ ਪਿਆਰ ਦਿਉ – ਉਹ ਵਧੀਕ ਅਸਰ ਅੰਦਾਜ਼ ਹੋਵੇਗਾ।

v. ਸਹੀ ਕਿਰਤ – ਧਰਮ ਦੀ ਕਿਰਤ ਕਰਨ ਦਾ ਉਪਦੇਸ਼ ਦਿੱਤਾ ਗਿਆ। ਧਰਮ ਦੀ ਕਿਰਤ ਉਹ ਹੈ ਜਿਸ ਵਿਚ ਈਮਾਨਦਾਰੀ ਮੌਜੂਦ ਹੈ। ਵਧੀਕ ਕੀਮਤ ਵਸੂਲਣੀ, ਲੋੜਵੰਦ ਦੀ ਮਜਬੂਰੀ ਤੋਂ ਨਾਜਾਇਜ਼ ਲਾਭ ਉਠਾਉਣਾ ਪਾਪ–ਕਿਰਤ ਹੈ। ਅਜਿਹੀ ਕਮਾਈ ਨੁਕਸਾਨਦਾਇਕ ਹੈ। ਕੁਝ ਕੁ ਕਿੱਤੇ ਅਜਿਹੇ ਹਨ ਜਿਨ੍ਹਾਂ ਰਾਹੀਂ ਜੇ ਵਧੀਕ ਆਮਦਨ ਵੀ ਹੋਵੇ ਤਦ ਵੀ ਨਹੀਂ ਅਪਨਾਉਣੇ। ਉਹ ਹਨ – ਝਟਕਈ ਦਾ ਕਿੱਤਾ, ਸ਼ਰਾਬ ਵੇਚਣ ਦਾ ਠੇਕਾ, ਜ਼ਹਿਰ ਵੇਚਣ ਦਾ ਵਪਾਰ, ਗੁਲਾਮਾਂ ਦਾ ਵਪਾਰ ਅਤੇ ਸ਼ਸਤਰਾਂ ਦਾ ਵਪਾਰ। ਘੱਟ ਵਿਚ ਗੁਜ਼ਾਰਾ ਕਰ ਲਵੇ ਪਰ ਕਿਰਤ ਵਿਚ ਬੇਈਮਾਨੀ ਨਾ ਕਰੇ। ਅਮਾਨਤ ਵਿਚ ਖਿਆਨਤ ਦੁੱਖਾਂ ਦੀ ਖਾਣ ਹੈ।

vi. ਸਹੀ ਪ੍ਰਯਤਨ – ਧਰਮ ਪੰਧ ਉੱਤੇ ਚਲਦਿਆਂ ਕਈ ਵਾਰ ਮਨ ਫਿਰ ਬੇਚੈਨ ਹੋ ਜਾਂਦਾ ਹੈ। ਕਈ ਸਾਧੂ ਸੰਤ ਲੋਭ ਲਾਲਚ ਕਾਮ ਜਾਂ ਹੰਕਾਰ ਵਿਚ ਫਸਦੇ ਦੇਖੇ ਗਏ ਹਨ। ਇਸ ਲਈ ਇਹ ਬੜਾ ਜ਼ਰੂਰੀ ਹੈ ਕਿ ਮਨ ਉਤੇ ਲਗਾਤਾਰ ਸਖਤ ਪਹਿਰਾ ਰੱਖਿਆ ਜਾਵੇ। ਮਨ ਨੂੰ ਨਿਰੰਤਰ ਵਿਕਾਰਾਂ ਤੋਂ ਸ਼ੁੱਧ ਰੱਖਣਾ ਪਵੇਗਾ। ਚੰਗੇ

ਵਿਚਾਰਾਂ ਨੂੰ ਉਤਸ਼ਾਹਿਤ ਕਰੋ ਤਾਂ ਕਿ ਧਰਮ ਪ੍ਰਫੁੱਲਤ ਹੋਵੇ। ਬੁਰੀਆਂ ਭਾਵਨਾਵਾਂ ਨੂੰ ਤਿਆਗੋ। ਮਨ ਦੀ ਖਿੜਕੀ ਰਾਹੀਂ ਕੇਵਲ ਸ਼ੀਲ ਭਾਵਨਾਵਾਂ ਅੰਦਰ ਦਾਖਲ ਹੋਣ ਦਿਉ। ਬੁਰੀ ਭਾਵਨਾ ਤੋਂ ਬਚਣ ਲਈ ਇਹ ਤਰੀਕੇ ਹਨ –

ੳ. ਜਿਸ ਵਸਤੂ ਦੇ ਧਿਆਨ ਵਿਚ ਆਉਣ ਨਾਲ ਬੁਰੇ ਖਿਆਲ ਪੈਦਾ ਹੋਣ, ਉਸ ਵਸਤੂ ਦੀ ਥਾਂ ਪਵਿੱਤਰ ਵਸਤੂ ਦਾ ਧਿਆਨ ਕਰੋ।

ਅ. ਜੇ ਫਿਰ ਵੀ ਧਿਆਨ ਪਰੇ ਨਾ ਹਟੇ ਤਾਂ ਬੁਰੀ ਵਸਤੂ ਦੀਆਂ ਬੁਰਾਈਆਂ ਸਾਹਮਣੇ ਰੱਖ ਕੇ ਉਸ ਦੇ ਖਿਆਲ ਨੂੰ ਤਿਆਗੋ।

ੲ. ਜੇ ਫਿਰ ਵੀ ਧਿਆਨ ਲਾਂਭੇ ਨਾ ਹਟੇ ਤਾਂ ਬੁਰੀ ਵਸਤੂ ਨੂੰ ਮਨ ਵਿਚੋਂ ਕੱਢੋ।

ਸ. ਨੇਕ ਭਲੇ ਪੁਰਖਾਂ ਦੀ ਸੰਗਤ ਕਰੋ।

vii. **ਸਹੀ–ਸਿਮ੍ਰਤੀ** – ਸਿਮ੍ਰਤੀ ਦਾ ਭਾਵ ਹੈ ਮਨੋਭਾਵਨਾ – ਬਿਨਾ ਸੋਚੇ ਵਿਚਾਰੇ ਕਾਹਲੇਪਣ ਵਿਚ ਕੋਈ ਕਾਰਜ ਨਹੀਂ ਕਰਨਾ, ਕੋਈ ਫੈਸਲਾ ਨਹੀਂ ਲੈਣਾ। ਬਿਨਾ ਸੋਚੇ ਸਮਝੇ ਕੋਈ ਸ਼ਬਦ ਮੂੰਹੋਂ ਨਹੀਂ ਕੱਢਣਾ। ਸਾਰਾ ਵਰਤੋਂ ਵਿਹਾਰ ਨਿਯਮਿਤ ਹੋਵੇ। ਜਿਥੇ ਕੰਮ ਕਰ ਰਹੇ ਹੋਵੋ, ਜਾਂ ਯਾਤਰਾ ਕਰ ਰਹੇ ਹੋਵੋ, ਚਾਹੇ ਘਰ ਵਿਚ ਹੋਵੋਂ, ਸਾਰਾ ਵਿਹਾਰ ਸੰਤੁਲਿਤ ਹੋਵੇ। ਤੁਰਨ ਫਿਰਨ ਤੋਂ ਲੈ ਕੇ ਹਾਵ ਭਾਵ ਤਕ ਇਹੀ ਸਾਬਤ ਕਰਨਾ, ਕਿ ਤੁਹਾਡੀ ਚੇਤਨਾ ਵਿਚ ਸੰਜਮ ਹੈ। ਜੋ ਕੁਝ ਚਾਰ ਚੁਫੇਰੇ ਵਾਪਰ ਰਿਹਾ ਹੈ ਉਸ ਤੋਂ ਚੇਤੰਨ ਰਹੋ। ਦੇਖੋ ਕਿ ਅਨੁਚਿਤ ਤਾਂ ਨਹੀਂ ਹੋ ਰਿਹਾ। ਜਦੋਂ ਬੈਠਣਾ ਹੋਵੇ ਉਦੋਂ ਬੈਠੋ, ਖਲੋਣ ਦੇ ਵਕਤ ਖਲੋਵੋ। ਜਦੋਂ ਤੁਹਾਡੀ ਸਿਮ੍ਰਤੀ ਵਿਚ ਤੁਹਾਨੂੰ ਕੋਈ ਵਿਘਨ ਪਿਆ ਹੋਇਆ ਮਹਿਸੂਸ ਹੋਵੇ ਤਾਂ ਉਸ ਦੇ ਕਾਰਨ ਲੱਭੋ। ਕਾਰਨ ਮਿਲ ਜਾਣ ਉਤੇ ਸਿਮ੍ਰਤੀ ਸਹੀ ਹੋ ਜਾਵੇਗੀ। ਬੁਰਾ ਕੰਮ ਕਰਨ ਤੋਂ ਤਾਂ ਮਨਾਹੀ ਹੈ ਹੀ ਚੰਗੀ ਗੱਲ, ਕੰਮ ਕਰਨ ਵੇਲੇ ਵੀ ਸੋਚੋ ਕਿ ਇਸ ਵਿਚ ਵੀ ਸ਼ੁਹਰਤ ਦੀ ਭੁੱਖ ਤਾਂ ਨਹੀਂ ਕਿ ਵਾਕਈ ਨਿਸ਼ਕਾਮ ਸੇਵਾ ਕਰ ਰਹੇ ਹਾਂ, ਕਿਤੇ ਦਿਖਾਵਾ ਤਾਂ ਨਹੀਂ ? ਕਿਤੇ ਦੂਜੇ ਨੂੰ ਨੀਵਾਂ ਦਿਖਾਉਣ ਦੀ ਰੁਚੀ ਤਾਂ ਪ੍ਰਬਲ ਨਹੀਂ ?

ਸਹੀ ਸਿਮ੍ਰਤੀ ਵਾਸਤੇ ਚਾਰ ਪੜਾਓ (ਉਪਸਥਾਨ) ਸਹਾਈ ਹਨ –

ੳ. **ਕਾਯਾ ਉਪਸਥਾਨ** – ਹਮੇਸ਼ਾ ਯਾਦ ਰੱਖੋ ਸਰੀਰ ਨਾਸ਼ਵਾਨ ਹੈ। ਇਸ ਨੂੰ ਬੇਮਾਇਨਾਂ ਸਮਝੋ। ਸਰੀਰ ਦੀਆਂ ਲੋੜਾਂ ਹੀ ਬਹੁਤੀ ਵੇਰ ਬੁਰਾਈ ਦਾ ਕਿਲਾ ਬਣਦੀਆਂ ਹਨ ਬਚੋ। ਕਦੀ ਕਦਾਈਂ ਸ਼ਮਸ਼ਾਨ ਘਾਟ ਵਿਚ ਲਾਸ਼ਾਂ ਦੇਖੋ। ਸਰੀਰ ਕਿਉਂਕਿ ਨੇਕੀ ਕਰਨ ਲਈ ਇਕ ਵਾਹਨ ਵੀ ਹੈ – ਇਸ ਲਈ ਇਸ ਦੀ ਸੰਭਾਲ ਜ਼ਰੂਰ ਕਰੋ, ਲੋੜ ਅਨੁਸਾਰ ਖਾਓ, ਪੀਓ ਤੇ ਸਫਾਈ ਰੱਖੋ ਪਰ ਸਰੀਰ ਨੂੰ ਵਾਹਨ ਤੋਂ ਵਧ ਕੇ ਮਹੱਤਤਾ ਨਾ ਦਿਉ।

ਅ. **ਵੇਦਨਾ ਉਪਸਥਾਨ** – ਵੇਦਨਾ ਦਾ ਅਰਥ ਹੈ ਗਿਆਨ ਇੰਦਰੀਆਂ ਰਾਹੀਂ ਪ੍ਰਾਪਤ ਕੀਤੀ ਸੂਚਨਾ। ਇੰਦ੍ਰਿਆਈ ਅਨੁਭਵ। ਅਹਿਸਾਸ ਕਰੋ ਕਿ ਇੰਦ੍ਰੀਆਂ ਦੁਆਰਾ ਪ੍ਰਾਪਤ ਗਿਆਨ ਉੱਤਮ ਗਿਆਨ ਨਹੀਂ ਹੈ। ਇਹ ਗਿਆਨ ਤਾਂ ਪਸ਼ੂਆਂ ਪਾਸ ਵੀ ਹੈ। ਫਿਰ ਮਨੁੱਖਾਂ ਅਤੇ ਪਸ਼ੂਆਂ ਵਿਚ ਕੀ ਫਰਕ ਹੋਇਆ ?

ੲ. ਚਿੱਤ ਉਪਸਥਾਨ – ਮਨ ਵਿਚ ਪੈਦਾ ਹੁੰਦੀਆਂ ਵਿਚਾਰਾਂ ਦੀ ਲੜੀ ਉਤੇ ਧਿਆਨ ਨਾਲ ਪਹਿਰਾ ਦਿਉ। ਸਮਤੋਲ ਕਾਇਮ ਰੱਖੋ। ਜਿਹੜੇ ਵਿਚਾਰ ਪੈਦਾ ਹੋਣ ਉਹਨਾਂ ਅਨੁਸਾਰ ਤੁਰੰਤ ਕਰਮ ਨਾ ਕਰੀ ਜਾਉ। ਵਿਚਾਰਾਂ ਦੀ ਪਰਖ ਕਰੋ ਕਿ ਸਹੀ ਹਨ ਜਾਂ ਗਲਤ। ਮਨ ਪਲ ਪਲ ਬਦਲਦਾ ਹੈ। ਹੁਣੇ ਕਹੇਗਾ ਕਿ ਫਲਾਣੀ ਵਸਤੂ ਚੰਗੀ ਹੈ। ਥੋੜੀ ਦੇਰ ਬਾਅਦ ਕਹੇਗਾ ਉਹ ਮਾੜੀ ਸੀ। ਇਸ ਲਈ ਮਨ ਨੂੰ ਉਸ ਤਰ੍ਹਾਂ ਸਿਧਾ ਲਉ ਜਿਵੇਂ ਘੋੜੇ ਨੂੰ ਸਿਧਾਈਦਾ ਹੈ।

viii. ਸਹੀ ਸਮਾਧੀ – ਸਮਾਧੀ ਦਾ ਭਾਵ ਹੈ ਧਿਆਨ ਇਕ ਨੁਕਤੇ ਉਤੇ ਕੇਂਦਰਿਤ ਕਰਨਾ। ਇਕਾਂਤ ਵਿਚ ਜਾ ਕੇ ਚਿੰਤਨ ਕਰਨਾ ਬੜਾ ਉਪਯੋਗੀ ਹੈ। ਇਸ ਦੀ ਜ਼ਰੂਰਤ ਹਰ ਰੋਜ਼ ਹੈ। ਸਮਾਧੀ ਵਿਚ ਪ੍ਰਗਤੀ ਹੋਣ ਨਾਲ ਮਨ ਅਤੇ ਸਰੀਰ ਦੋਵੇਂ ਸ਼ੁੱਧ ਰਹਿੰਦੇ ਹਨ। ਸਮਾਧੀ ਮਨ ਨੂੰ ਉੱਤਮ ਖੁਰਾਕ ਦਿੰਦੀ ਹੈ ਤੇ ਜੇ ਮਨ ਸੰਤੁਲਿਤ ਅਤੇ ਤੰਦਰੁਸਤ ਹੈ ਤਾਂ ਸਰੀਰ ਉਤੇ ਖੇੜਾ ਆਪਣੇ ਆਪ ਰਹਿੰਦਾ ਹੈ। ਸਮਾਧੀ ਦਾ ਲਗਾਤਾਰ ਅਭਿਆਸ ਕਰਨ ਨਾਲ ਮਨ ਧਰਮ ਦੇ ਉਚੇ ਮੰਡਲਾਂ ਤਕ ਪੁੱਜ ਜਾਂਦਾ ਹੈ। ਸਮਾਧੀ ਉਹ ਸਾਧਨ ਹੈ ਜਿਹੜੀ ਲਗਾਤਾਰ ਮਨੁੱਖ ਨੂੰ ਭੌਤਿਕ ਜਗਤ ਦੀ ਨਾਸ਼ਵਾਨਤਾ ਤੋਂ ਨਿਰਮਲ ਕਰਦੀ ਰਹਿੰਦੀ ਹੈ। ਸਮਾਧੀ ਵਿਚ ਚਾਰ ਪੜਾਉ ਆਉਂਦੇ ਹਨ ਤੇ ਹਰੇਕ ਪੜਾਉ ਪਿਛਲੀ ਤੋਂ ਉਪਰਲੀ ਅਵਸਥਾ ਵਿਚ ਲੈ ਕੇ ਜਾਂਦਾ ਹੈ। ਪਹਿਲੀ ਅਵਸਥਾ ਵਿਚ ਮਨ ਸ਼ਾਂਤ ਹੁੰਦਾ ਹੈ ਪਰ ਸਮਾਧੀ ਖਤਮ ਹੋਣ ਉਪਰੰਤ ਫਿਰ ਸ਼ੰਕੇ ਪੈਦਾ ਹੋ ਜਾਂਦੇ ਹਨ। ਦੂਜੀ ਅਵਸਥਾ ਵਿਚ ਸ਼ੰਕੇ ਖਤਮ ਹੋ ਜਾਂਦੇ ਹਨ ਅਤੇ ਸ਼ਰਧਾ ਦਾ ਪ੍ਰਕਾਸ਼ ਹੁੰਦਾ ਹੈ। ਤੀਜੀ ਅਵਸਥਾ ਵਿਚ ਮਨ ਅਨੰਦ ਨਾਲ ਭਰ ਜਾਂਦਾ ਹੈ। ਉਹ ਅਵਸਥਾ ਸਰਬੋਤਮ ਹੈ ਜਿਸ ਵਿਚ ਨਾ ਸੰਸੇ ਹਨ ਨਾ ਆਨੰਦ। ਨਾ ਦੁੱਖ ਨਾ ਸੁੱਖ। ਨਾ ਮੋਹ ਨਾ ਤਿਆਗ। ਕਿਸੇ ਵਸਤੂ ਦੀ ਵੀ ਸੁੱਧ ਬੁੱਧ ਨਹੀਂ। ਨਾ ਕੋਈ ਆਪਣਾ ਨਾ ਕੋਈ ਪਰਾਇਆ। ਸੋਨਾ ਅਤੇ ਮਿੱਟੀ ਇਕ ਬਰਾਬਰ। ਇਸ ਅਵਸਥਾ ਵਿਚਲੇ ਮਨੁੱਖ ਨੂੰ ਅਰਹਤ ਕਿਹਾ ਜਾਂਦਾ ਹੈ ਤੇ ਚੌਥੀ ਸਮਾਧੀ ਨਿਰਵਾਣ ਪ੍ਰਾਪਤੀ ਦਾ ਮੌਕਾ ਹੈ। ਬੁੱਧ ਆਖਦਾ ਹੈ – "ਧੰਨ ਹਨ ਉਹ ਮਨੁੱਖ ਜਿਨ੍ਹਾਂ ਨੇ ਆਪਣਾ ਛਿਣ ਪਕੜ ਲਿਆ। ਪਛਤਾਣਗੇ ਉਹ ਜਿਨ੍ਹਾਂ ਦਾ ਛਿਣ ਹੱਥੋਂ ਨਿਕਲ ਗਿਆ।"

ਧੱਮਪਦ

ਬੁੱਧਘੋਸ਼ ਨੇ ਪੰਜਵੀਂ ਸਦੀ ਈਸਵੀ ਵਿਚ ਧਮਪਦ ਦਾ ਪਾਲੀ ਭਾਸ਼ਾ ਵਿਚ ਟੀਕਾ ਤਿਆਰ ਕੀਤਾ। ਮੈਕਸਮੂਲਰ ਇਸ ਰਚਨਾ ਦਾ ਸਮਾਂ 450 ਈਸਵੀ ਮੰਨਦਾ ਹੈ। ਬੁੱਧਘੋਸ਼ ਨੇ ਹਰੇਕ ਸ਼ਲੋਕ ਨਾਲ ਇਕ ਇਕ ਕਹਾਣੀ ਜੋੜ ਦਿੱਤੀ। ਕਹਾਣੀ ਦੇ ਪਾਤਰ ਅਤੇ ਵਾਪਰਨ ਦਾ ਸਮਾਂ ਮਹਾਤਮਾ ਬੁੱਧ ਵਾਲਾ ਦਿਖਾਇਆ ਗਿਆ। ਇਹ ਕਹਾਣੀਆ ਬੁੱਧ ਧਰਮ ਨੂੰ ਸਰਲ ਰੂਪ ਵਿਚ ਸਮਝਣ ਵਸਤੇ ਸਹਾਈ ਹੋਈਆਂ। ਬੋਧੀ ਵਿਦਵਾਨਾਂ ਦਾ ਮੱਤ ਹੈ ਕਿ ਧੱਮਪਦ ਪਹਿਲੀ ਬੋਧ ਕੌਂਸਲ ਵਿਚ ਤਿਆਰ ਕਰ ਲਿਆ ਗਿਆ ਸੀ। ਪਹਿਲੀ ਕੌਂਸਲ ਬੁੱਧ ਦੇ ਸਰੀਰ ਤਿਆਗਣ ਤੋਂ ਛੇ ਮਹੀਨੇ

ਬਾਅਦ ਬੁਲਾ ਲਈ ਗਈ ਸੀ ਤੇ ਬੁੱਧਵਾਣੀ ਦਾ ਸੰਗ੍ਰਹਿ ਤਿਆਰ ਹੋ ਗਿਆ ਸੀ। ਪਰ ਸਾਡੇ ਪਾਸ ਕੋਈ ਅਜਿਹੀ ਲਿਖਤ ਨਹੀਂ ਹੈ ਜਿਹੜੀ ਹਜ਼ਾਰ ਸਾਲ ਤੋਂ ਵਧੀਕ ਪੁਰਾਣੀ ਸਾਬਤ ਹੋ ਸਕੇ ਜਦੋਂ ਕਿ ਬੁੱਧ ਦੇ ਦੇਹਾਂਤ ਨੂੰ ਢਾਈ ਹਜ਼ਾਰ ਸਾਲ ਹੋਣ ਵਾਲੇ ਹਨ। ਕੀ ਮੌਜੂਦਾ ਧੰਮਪਦ ਗ੍ਰੰਥ ਹੂਬਹੂ ਉਹੀ ਹੈ ਜੋ ਬੁੱਧ ਨੇ ਉਚਾਰਨ ਕੀਤਾ? ਬੁੱਧ ਦੇ ਜ਼ਮਾਨੇ ਵਿਚ ਲਿੱਪੀ ਮੌਜੂਦ ਹੈ ਵੀ ਸੀ ਕਿ ਨਹੀਂ ਇਹੋ ਮਾਮਲਾ ਸੁਲਝਣ ਵਿਚ ਨਹੀਂ ਆ ਰਿਹਾ। ਜੇ ਲਿਖਤ ਨਹੀਂ ਸੀ ਫਿਰ ਤ੍ਰਿਪਿਟਕ (ਟੋਕਰੀਆਂ) ਦਾ ਕੀ ਅਰਥ ਹੋਇਆ? ਤ੍ਰਿਪਿਟਕ ਦਾ ਅਰਥ ਹੈ ਤਿੰਨ ਪਟਾਰੀਆਂ। ਕਿਹਾ ਜਾਂਦਾ ਹੈ ਪਾਮ ਪੱਤਿਆ ਉਤੇ, ਤਾੜ ਪੱਤਿਆ ਉਤੇ ਜਾਂ ਭੋਜ ਪੱਤਿਆ ਉਤੇ ਪੁਰਾਣੇ ਸਮੇਂ ਵਿਚ ਲਿਖਣ ਦਾ ਰਿਵਾਜ ਸੀ। ਤਿੰਨ ਪਟਾਰੀਆਂ ਵਿਚ ਤਿੰਨ ਮਹਾਨ ਬੋਧੀ ਗ੍ਰੰਥ ਤਿਆਰ ਕੀਤੇ ਗਏ।

ਬੁੱਧਘੋਸ਼ ਲਿਖਦਾ ਹੈ ਕਿ ਧਮਪਦ ਦਾ ਟੀਕਾ ਕਰਨ ਵੇਲੇ ਉਸ ਦੇ ਸਾਹਮਣੇ ਜਿਹੜੀ ਲਿਖਤ ਪਈ ਹੈ, ਇਹ ਉਹੀ ਹੈ ਜਿਹੜੀ ਪਹਿਲੀ ਕੌਂਸਲ ਵੇਲੇ ਤਿਆਰ ਕੀਤੀ ਗਈ ਸੀ। ਉਹ ਕਹਿੰਦਾ ਹੈ, "ਤਥਾਗਤ ਨੇ ਜੋ ਕਿਹਾ ਸੀ ਉਸ ਵਿਚੋਂ ਨਾ ਕੁੱਝ ਘਟਾਇਆ ਜਾ ਸਕਦਾ ਹੈ ਨਾ ਵਧਾਇਆ ਜਾ ਸਕਦਾ ਹੈ। ਮਨੁੱਖ ਅਤੇ ਦੇਵਤੇ ਜੋ ਕਹਿੰਦੇ ਹਨ, ਉਸ ਵਿਚ ਕਾਫੀ ਕੁਝ ਵੱਧ ਘੱਟ ਹੁੰਦਾ ਹੈ ਜੋ ਦਰੁਸਤ ਕੀਤਾ ਜਾਣਾ ਜ਼ਰੂਰੀ ਹੁੰਦਾ ਹੈ, ਪਰ ਬੁੱਧ ਨੇ ਇਕ ਅੱਖਰ ਵੀ ਬੇਮਤਲਬ ਨਹੀਂ ਸੀ ਕਿਹਾ। ਮੈਂ ਕਿਤੇ ਕਿਤੇ ਸਿਰਫ ਅਜਿਹੇ ਸ਼ਬਦ ਜੋੜੇ ਹਨ – "ਫਿਰ ਇਹ ਹੋਇਆ, ਅੱਗੋ ਘਟਨਾ ਇਉਂ ਵਾਪਰੀ, ਤਦ ਤਥਾਗਤ ਨੇ ਉਥੇ ਇਉਂ ਕਿਹਾ ਆਦਿਕ। ਬੁੱਧਘੋਸ਼ ਨੇ ਉਸ ਵੇਲੇ ਤੱਕ ਪ੍ਰਾਪਤ ਧਮਪਦ* ਦੀਆਂ ਹੋਰ ਵੀ ਕਈ ਹੱਥ ਲਿਖਤਾਂ ਦਾ ਅਧਿਐਨ ਕੀਤਾ।

ਤ੍ਰਿਪਿਟਕ, ਭਾਵ ਤਿੰਨ ਟੋਕਰੀਆਂ ਵਿਚਲੀਆਂ ਲਿਖਤਾਂ ਬੋਧ ਸਾਹਿਤ ਦੇ ਤਿੰਨ ਵਰਗ ਹਨ :

1. ਵਿਨਯ ਪਿਟਕ
2. ਸੁੱਤ ਪਿਟਕ
3. ਅਭਿਧੰਮ ਪਿਟਕ

ਧੰਮਪਦ, ਸੁੱਤਪਿਟਕ ਸੰਗ੍ਰਹਿ ਦੀਆਂ ਮਹੱਤਵਪੂਰਨ ਕਿਰਤਾਂ ਵਿਚੋਂ ਇਕ ਹੈ। ਸੁੱਤ ਪਿਟਕ ਵਿਚ ਪੰਜ ਨਿਕਾਯ ਹਨ –

1. ਦੀਘ ਨਿਕਾਯ
2. ਮਝਿਮ ਨਿਕਾਯ
3. ਸਮਯੁਤ ਨਿਕਾਯ
4. ਅੰਗੁੱਤਰ ਨਿਕਾਯ
5. ਖੁੱਦਕ ਨਿਕਾਯ

ਅਖੀਰਲੇ ਗ੍ਰੰਥ ਖੁੱਦਕ ਨਿਕਾਯ ਵਿਚ ਕੁੱਲ ਪੰਦਰਾਂ ਗ੍ਰੰਥ ਹੋਰ ਹਨ ਤੇ ਧੰਮਪਦ ਇਸ ਗ੍ਰੰਥਾਵਲੀ ਵਿਚਲਾ ਦੂਜਾ ਗ੍ਰੰਥ ਹੈ। ਧੰਮਪਦ ਦੇ ਕੁੱਲ 26 ਅਧਿਆਇ ਹਨ ਤੇ 423 ਸਲੋਕ। ਪਾਲੀ ਵਿਚ ਧੰਮ ਸਬਦ ਦੇ ਅਰਥ ਸਾਡੇ ਅੱਜ ਦੇ 'ਧਰਮ' ਵਾਲੇ

* ਧਮਪਦ ਸਬੰਧੀ ਵੇਰਵੇ ਨਾਲ ਜਾਣਕਾਰੀ ਪ੍ਰਾਪਤ ਕਰਨ ਲਈ ਐਫ. ਮੈਕਸਮੂਲਰ ਦੀ ਕਿਤਾਬ ਧਮਪਦ (ਅੰ.) ਅਤੇ ਡਾ. ਲ.ਅ. ਜੋਸ਼ੀ ਦੀ ਕਿਤਾਬ ਧਮਪਦ (ਪੰ.) ਪੜ੍ਹੋ।

ਹਨ। 'ਪਦ' ਸ਼ਬਦ ਦੇ ਦੋ ਅਰਥ ਹਨ। ਇਕ ਹੈ ਮਾਰਗ। 'ਪਥ' ਅਤੇ 'ਪਦ' ਇਕੋ ਅਰਥ ਵਾਲੇ ਸ਼ਬਦ ਹਨ। ਪਥ ਤੋਂ ਪਥਿਕ ਸ਼ਬਦ ਬਣਿਆ ਹੈ, ਅਰਥ ਹੈ ਯਾਤਰੀ। ਇਵੇਂ ਹੀ 'ਪਦ' ਤੋਂ ਪੈਦਲ ਸ਼ਬਦ ਬਣਿਆ । ਪੈਂਡਾ ਤੇ ਪੰਧ ਸ਼ਬਦ ਸਾਡੀ ਹੁਣ ਵੀ ਨਿੱਤ ਵਰਤੋਂ ਵਿਚ ਆਉਂਦੇ ਹਨ। ਪਦ-ਯਾਤ੍ਰੀ ਸ਼ਬਦ ਅੱਜ ਵੀ ਵਰਤਿਆ ਜਾਂਦਾ ਹੈ। ਸੋ ਧੱਮਪਦ ਦਾ ਅਰਥ ਹੋਇਆ - ਧਰਮ ਦੀ ਡੰਡੀ, ਧਰਮਪੰਧ, ਧਰਮ ਦਾ ਮਾਰਗ। ਮੈਕਸਮੂਲਰ ਧੰਮਪਦ ਦਾ ਅਰਥ "ਧਰਮ ਦਾ ਕਦਮ" (footstep of religion) ਕਰਦਾ ਹੈ। ਇਸ ਦਾ ਅਰਥ ਧਰਮ ਦੀਆਂ ਪੰਕਤੀਆਂ ਵੀ ਹੈ ਕਿਉਂਕਿ ਪਦ ਦੇ ਅਰਥ ਵਾਕ ਵੀ ਹਨ। ਸਿੱਖ ਸਭਿਆਚਾਰ ਵਿਚ ਪੰਥ ਸ਼ਬਦ ਜਿਨ੍ਹਾਂ ਅਰਥਾਂ ਵਿਚ ਵਰਤਿਆ ਜਾਂਦਾ ਹੈ - ਧਮਪਦ ਉਨ੍ਹਾਂ ਹੀ ਅਰਥਾਂ ਵਿਚ ਬੋਧੀਆਂ ਦੀ ਵਰਤੋਂ ਵਿਹਾਰ ਦਾ ਸ਼ਬਦ ਹੈ। ਪਦ ਦਾ ਦੂਜਾ ਅਰਥ ਕਾਵਿ ਵੀ ਹੈ। ਗੱਦ ਅਤੇ ਪਦ, ਵਾਰਤਕ ਅਤੇ ਕਵਿਤਾ ਲਈ ਇਸਤੇਮਾਲ ਹੋਣ ਵਾਲੇ ਸ਼ਬਦ ਹਨ। ਪਦ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਬਹੁਤ ਵਾਰ ਵਰਤੋਂ ਵਿਚ ਆਇਆ ਹੈ - ਇਕ-ਪਦੇ, ਦੁਪਦੇ, ਚਉਪਦੇ, ਅਸ਼ਟਪਦੀ ਆਦਿਕ। ਧਮਪਦ ਵਿਚ ਦਰਜ ਸ਼ਲੋਕ ਕਿਉਂਕਿ ਗਾਏ ਜਾਂਦੇ ਹਨ ਇਸ ਕਰਕੇ ਧਮਪਦ ਦਾ ਇਹ ਅਰਥ ਵੀ ਪ੍ਰਚੱਲਤ ਹੈ - ਧਰਮ ਦੇ ਸ਼ਲੋਕ, ਧਰਮਕਾਵਿ, ਧਰਮਸੂਤਰ। ਬੋਧੀਆਂ ਵਿਚ ਇਸ ਗ੍ਰੰਥ ਦੀ ਬਾਣੀ ਨਿਤਨੇਮ ਦਾ ਹਿੱਸਾ ਰਹੀ ਹੈ।

ਬੋਧ ਸਾਹਿਤ ਇਹ ਮੰਨਦਾ ਹੈ ਕਿ ਧੱਮਪਦ ਪਹਿਲੀ ਕੌਂਸਲ ਵਿਚ ਸੰਪੂਰਣ ਕਰ ਲਿਆ ਗਿਆ ਸੀ। ਪਹਿਲੀ ਸਦੀ ਪੂਰਬ ਈਸਾ, ਵਿਚ ਬੈਕਟਰੀਆਂ ਦੇ ਰਾਜੇ ਮਿਲਿੰਦ ਨੇ ਪੰਜਾਬ ਉਪਰ ਰਾਜ ਕਾਇਮ ਕਰ ਲਿਆ ਸੀ। ਮਿਲਿੰਦ ਪੰਜਾਬ ਦਾ ਸ਼ਕਤੀਸ਼ਾਲੀ ਰਾਜਾ ਬਣਿਆ। ਪਾਲੀ ਲਿਖਤ ਵਿਚ ਮਿਲਿੰਦ ਨਾਮ ਨੂੰ ਯੂਨਾਨੀ ਵਿਚ ਮੀਨਾਂਡਰ ਨਾਮ ਨਾਲ ਜਾਣਿਆ ਜਾਂਦਾ ਹੈ। ਬੋਧ ਸਾਹਿਤ ਦੀ ਜਾਣਕਾਰੀ ਹਾਸਲ ਕਰਨ ਵਾਸਤੇ ਉਸ ਨੇ ਉਸ ਵਕਤ ਦੇ ਮਹਾਨ ਵਿਦਵਾਨ ਨਾਗਸੈਨ ਨੂੰ ਸੱਦਿਆ ਤੇ ਮਿਲਿੰਦ ਵੱਲੋਂ ਪੁੱਛੇ ਪ੍ਰਸ਼ਨਾ ਦੇ ਨਾਗਸੈਨ ਵੱਲੋਂ ਦਿੱਤੇ ਉੱਤਰ - 'ਮਿਲਿੰਦ ਪਨਹ' ਗ੍ਰੰਥ ਵਿਚ ਦਰਜ ਹਨ। ਇਸ ਗ੍ਰੰਥ ਵਿਚ ਵੀ ਧੱਮਪਦ ਦਾ ਜ਼ਿਕਰ ਆਉਂਦਾ ਹੈ। ਸੋ ਇਸ ਗ੍ਰੰਥ ਦੀ ਪ੍ਰਾਚੀਨਤਾ ਅਤੇ ਪਰਮਾਣਿਕਤਾ ਉਤੇ ਕਿਸੇ ਨੂੰ ਕੋਈ ਸ਼ੱਕ ਨਹੀਂ ਹੈ। ਇਸ ਪੁਰਾਤਨ ਗ੍ਰੰਥ ਦੇ ਸ਼ਲੋਕਾਂ ਨਾਲ ਕਈ ਸਦੀਆਂ ਮਗਰੋਂ ਬੁੱਧਘੋਸ਼ ਨੇ ਕਥਾਵਾਂ ਸ਼ਾਮਲ ਕਰ ਦਿੱਤੀਆਂ ਤਾਂ ਇਹਨਾਂ ਕਥਾਵਾਂ ਨੇ ਧੱਮਪਦ ਨੂੰ ਹਰਮਨ ਪਿਆਰਾ ਵੀ ਬਣਾਇਆ ਤੇ ਉਸ ਦੇ ਸ਼ਲੋਕਾਂ ਦੇ ਅਰਥ ਵੀ ਸਪਸ਼ਟ ਕੀਤੇ। ਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ ਦੀਆ ਕੇਵਲ ਪੌੜੀਆਂ ਦੀ ਰਚਨਾ ਕੀਤੀ ਸੀ। ਇਨ੍ਹਾਂ ਪੌੜੀਆਂ ਵਿਚਕਾਰ ਸਲੋਕ ਗੁਰੂ ਅਰਜਨ ਦੇਵ ਜੀ ਨੇ ਬਾਅਦ ਵਿਚ ਸ਼ਾਮਲ ਕੀਤੇ। ਹੁਣ ਕੀਰਤਨ ਕਰਨ ਵਾਲੇ ਰਾਗੀ ਆਸਾ ਦੀ ਵਾਰ ਦਾ ਗਾਇਨ ਕਰਦੇ ਹੋਏ ਕੁੱਝ ਆਪਣੀ ਚੋਣ ਦੇ ਸ਼ਬਦਾਂ ਦਾ ਕੀਰਤਨ ਵੀ ਕਰਦੇ ਹਨ। ਪਰ ਮੂਲ ਵਾਰ-ਆਸਾ ਕੇਵਲ ਪੌੜੀਆਂ ਵਿਚਲੀ ਰਚਨਾ ਸੀ। ਇਵੇਂ ਹੀ ਪੰਜਵੀਂ ਸਦੀ ਵਿਚ ਬੁੱਧਘੋਸ਼ ਨੇ ਧੱਮਪਦ ਵਿਚ ਕੀਤਾ। ਬੁੱਧਘੋਸ਼ ਦੁਆਰਾ ਸੰਪਾਦਿਤ ਵੱਡੇ ਧੱਮਪਦ ਦਾ ਨਾਮ 'ਧੱਮਪਦ ਅੱਥਕਥਾ' ਹੈ। ਸਬਦ ਅੱਥਕਥਾ ਦਾ ਮਾਇਨਾ ਹੈ ਸਰਲ ਅਰਥ ਕਰਨ ਵਾਲੀਆਂ ਕਥਾਵਾਂ (ਅੱਥ=ਅਰਥ)।

ਬੋਧ ਪਰੰਪਰਾ ਇਸ ਵਿਸਵਾਸ ਦੀ ਧਾਰਣੀ ਹੈ ਕਿ ਧੱਮਪਦ ਪਹਿਲੀ ਕੌਂਸਲ ਵਿਚ ਤਿਆਰ ਕੀਤਾ ਗਿਆ। ਇਹ ਕੌਂਸਲ ਮਗਧ ਦੇ ਰਾਜੇ ਅਜਾਤਸ਼ੱਤਰੂ ਨੇ ਰਾਜਗ੍ਰਹਿ ਵਿਖੇ ਆਪਣੀ ਸਰਪ੍ਰਸਤੀ ਹੇਠ ਕਰਵਾਈ ਸੀ ਤੇ ਇਸ ਮਹਾਂਸਭਾ ਦੀ ਪ੍ਰਧਾਨਗੀ ਮਹਾਨ ਬੁੱਧ ਵਿਦਵਾਨ ਕਸ਼ਯਪ ਨੇ ਕੀਤੀ ਸੀ। ਉਪਾਲੀ ਅਤੇ ਆਨੰਦ ਉਥੇ ਮੌਜੂਦ ਸਨ। ਜਦੋਂ ਕੋਈ ਵਿਦਵਾਨ ਬੁੱਧ ਰਚਨਾ ਦਾ ਜ਼ਿਕਰ ਕਰਦਾ ਜਾਂ ਉਨ੍ਹਾਂ ਸਲੋਕਾਂ ਨੂੰ ਦੁਹਰਾਉਂਦਾ ਜੋ ਬੁੱਧਵਾਣੀ ਹੁੰਦੇ ਤਾਂ ਉਪਾਲੀ ਅਤੇ ਆਨੰਦ ਦੋਵੇਂ ਇਸ ਗੱਲ ਦੀ ਪ੍ਰੋੜ੍ਹਤਾ ਕਰਦੇ ਕਿ ਕਥਨ ਸਹੀ ਹੈ। ਜੇ ਕੋਈ ਅਜਿਹੀ ਗੱਲ ਹੁੰਦੀ ਜਿਹੜੀ ਬੁੱਧ ਨੇ ਨਾ ਕਹੀ ਹੁੰਦੀ ਤਾਂ ਇਹ ਦੋਵੇਂ ਭਿੱਖੂ ਬੋਧ ਗ੍ਰੰਥ ਵਿਚ ਉਸ ਨੂੰ ਸ਼ਾਮਲ ਕਰਨ ਤੋਂ ਇਨਕਾਰ ਕਰ ਦਿੰਦੇ। ਸੋ, ਇਹ ਸੰਭਵ ਨਹੀਂ – ਕਿ ਮਿਲਾਵਟ ਹੋਈ ਹੋਵੇ।

ਜਿਹੜੇ ਵਿਦਵਾਨ ਇਹ ਆਖਦੇ ਹਨ ਕਿ ਵੱਟਗਾਮਣੀ ਰਾਜਾ ਦੀ ਸਰਪ੍ਰਸਤੀ ਹੇਠ ਜਿਹੜੀ ਲੰਕਾ ਵਿਖੇ ਪੰਜਵੀਂ ਕੌਂਸਲ ਹੋਈ, ਈਸਵੀ ਸੰਮਤ ਦੇ ਸ਼ੁਰੂ ਹੋਣ ਤੋਂ ਪੂਰਬਲੀ ਸਦੀ ਵਿਚ ਪਹਿਲੀ ਵਾਰ ਬੋਧ ਗ੍ਰੰਥ ਲਿਪੀਬੱਧ ਹੋਏ ਉਹ ਸਹੀ ਨਹੀਂ ਲਗਦੇ। ਸ਼ਬਦ 'ਤ੍ਰਿਪਿਟਕ' – ਆਪਣੇ ਆਪ ਇਸ ਗੱਲ ਦਾ ਸਬੂਤ ਹੈ – ਕਿ ਆਖ਼ਰ ਤਿੰਨ ਪਟਾਰੀਆਂ ਵਿਚ ਜੋ ਕੁੱਝ ਸੰਭਾਲਿਆ ਗਿਆ – ਉਹ ਲਿਖਤਾਂ ਹੀ ਹੋਣਗੀਆਂ। ਇਹ ਮੰਨਿਆ ਜਾ ਸਕਦਾ ਹੈ ਕਿ ਲਿਪੀ ਏਨੀ ਵਿਕਸਤ ਨਾ ਹੋਈ ਹੋਵੇ ਜਿੰਨੀ ਵੱਟਗਾਮਣੀ ਵੇਲੇ ਹੋ ਗਈ ਸੀ ਪਰ ਲਿਪੀ ਦੀ ਅਣਹੋਂਦ ਨਹੀਂ ਸੀ। ਲਿਪੀ ਨਾ ਹੁੰਦੀ ਤਾਂ ਤ੍ਰਿਪਿਟਕ ਨਾ ਹੁੰਦੇ। ਸੋ ਧਮਪਦ ਦੀ ਪ੍ਰਾਚੀਨਤਾ ਅਤੇ ਪਰਮਾਣਿਕਤਾ ਬਾਰੇ ਕਿਸੇ ਸ਼ੱਕ ਦੀ ਗੁੰਜਾਇਸ਼ ਨਹੀਂ ਹੈ। ਬੁੱਧ ਘੋਸ਼ ਨੇ ਅਜੋਕੇ ਖੋਜੀਆਂ ਵਾਂਗ ਪੂਰੀ ਛਾਣਬੀਣ ਕਰਨ ਉਪਰੰਤ ਧੱਮਪਦ ਦਾ ਸੰਪਾਦਨ ਕੀਤਾ ਸੀ। ਉਸ ਨੇ ਬਹੁਤ ਸਾਰੀਆਂ ਪੁਰਾਤਨ ਲਿਖਤਾਂ ਦਾ ਅਧਿਐਨ ਕੀਤਾ, ਭਾਵੇਂ ਉਸ ਦੇ ਸਾਹਮਣੇ ਪਹਿਲੀ ਕੌਂਸਲ ਵੇਲੇ ਦਾ ਧੱਮਪਦ ਦਾ ਖਰੜਾ ਵੀ ਪਿਆ ਸੀ।

ਧਮਪਦ ਦੇ ਕੁੱਝ ਸ਼ਲੋਕ

— ਜਿਹੜੇ ਚੇਤੰਨ ਹਨ, ਉੱਦਮੀ ਹਨ ਉਹ ਗ੍ਰਹਿਸਥ ਨੂੰ ਇਵੇਂ ਛੱਡ ਦਿੰਦੇ ਹਨ ਜਿਵੇਂ ਹੰਸ ਤਲਾਬ ਨੂੰ ਛੱਡ ਕੇ ਚਲੇ ਜਾਂਦੇ ਹਨ। ਨਿਰਵਾਣ ਦੇ ਇੱਛੁਕ ਘਰ ਦੇ ਮੋਹ ਵਿਚ ਨਹੀਂ ਪੈਂਦੇ।

— ਜਿਵੇਂ ਚਰਵਾਹਾ ਹੱਥ ਵਿਚ ਡੰਡਾ ਪਕੜ ਕੇ ਗਾਵਾਂ ਨੂੰ ਚਾਰਨ ਵਾਸਤੇ ਲੈ ਜਾਂਦਾ ਹੈ ਮੌਤ ਇਸੇ ਤਰਾਂ ਜੀਵਾਂ ਨੂੰ ਲੈ ਜਾਂਦੀ ਹੈ।

— ਜੋ ਮਨੁੱਖ ਇਕ ਵਾਰ ਧਰਮ ਦੀ ਉਲੰਘਣਾ ਕਰ ਚੁਕਿਆ ਹੈ, ਝੂਠ ਬੋਲਦਾ ਹੈ ਤੇ ਪਰਲੋਕ ਦਾ ਭੈ ਛੱਡ ਚੁਕਿਆ ਹੈ ਉਸ ਲਈ ਕੋਈ ਪਾਪ ਅਜਿਹਾ ਨਹੀਂ ਜਿਸ ਤੋਂ ਉਹ ਸੰਕੋਚ ਕਰੇ।

— ਪੂਰਨ ਤੌਰ ਤੇ ਬੁਰਾ ਅਤੇ ਸੰਪੂਰਨ ਤੌਰ ਤੇ ਸ਼ੋਭਾਵੰਤ ਮਨੁੱਖ ਨਾ ਕਦੀ ਭੂਤਕਾਲ ਵਿਚ ਹੋਇਆ ਨਾ ਭਵਿਖ ਵਿਚ ਹੋਵੇਗਾ, ਨਾ ਵਰਤਮਾਨ ਵਿਚ ਹੈ।

— ਹੇ ਅਤੁਲ! ਸੰਸਾਰ ਵਿਚ ਬਹੁਤ ਦੇਰ ਤੋਂ ਤੁਰੀ ਆਉਂਦੀ ਰੀਤ ਹੈ ਕਿ ਚੁੱਪ ਬੈਠਣ ਵਾਲੇ ਨੂੰ ਆਕੜ ਖਾਂ ਕਹਿਕੇ ਨਿੰਦਦੇ ਹਨ ਤੇ ਗੱਲਾਂ ਕਰਨ ਵਾਲੇ ਨੂੰ ਬਕਵਾਸੀ ਕਹਿੰਦੇ ਹਨ। ਸੰਸਾਰ ਵਿਚ ਕੋਈ ਅਜਿਹਾ ਨਹੀਂ ਜਿਸ ਦੀ ਨਿੰਦਿਆ ਨਾ ਹੋਈ ਹੋਵੇ।

— ਮਨੁੱਖ ਦਾ ਇਸਤਰੀ ਨਾਲ ਜਦੋਂ ਤੱਕ ਮੋਹ ਰਹਿੰਦਾ ਹੈ ਉਦੋਂ ਤੱਕ ਉਹ ਉਸੇ ਪ੍ਰਕਾਰ ਬੰਧਨ ਵਿਚ ਹੈ ਜਿਵੇਂ ਦੁਧ ਚੁੰਘਣ ਵਾਲਾ ਬੱਚਾ ਮਾਂ ਨਾਲ ਬੱਝਾ ਰਹਿੰਦਾ ਹੈ।

— ਜੇ ਚੰਗੀ ਸੰਗਤ ਵਾਲਾ ਬੁੱਧੀਮਾਨ, ਸਾਊ ਤੇ ਗਿਆਨੀ ਸਾਥੀ ਨਾ ਮਿਲੇ ਤਾਂ ਉਸੇ ਪ੍ਰਕਾਰ ਇਕੱਲੇ ਰਹੋ ਜਿਵੇਂ ਜਿਤੇ ਹੋਏ ਰਾਜ ਨੂੰ ਪਿਛੇ ਛੱਡ ਕੇ ਰਾਜਾ ਚਲਾ ਜਾਂਦਾ ਹੈ, ਜਾਂ ਜਿਵੇਂ ਹਾਥੀ ਜੰਗਲ ਵਿਚ ਇਕੱਲਾ ਘੁੰਮਦਾ ਹੈ।

— ਚੰਗੀ ਤਰਾਂ ਸਿਧਾਇਆ ਹੋਇਆ ਘੋੜਾ ਜਿਵੇਂ ਛਮਕ ਲਗਦਿਆਂ ਸਾਰ ਚੌਕਸ ਹੋ ਜਾਂਦਾ ਹੈ ਇਵੇਂ ਉਦਮੀ ਹੋਕੇ ਸ਼ਰਧਾ, ਸਦਾਚਾਰ, ਉਤਸਾਹ, ਸਮਾਧੀ ਤੇ ਧਰਮ ਦੀ ਖੋਜ ਕਰਕੇ ਸਾਵਧਾਨੀ ਨਾਲ ਦੁੱਖਾਂ ਤੋਂ ਪਾਰ ਹੋ ਜਾਵੇ।

— ਮੂਰਖ ਬੰਦਾ ਬਲਦ ਵਾਂਗ ਬੁੱਢਾ ਹੁੰਦਾ ਜਾਂਦਾ ਹੈ ਜਿਸਦਾ ਮਾਸ ਵਧਦਾ ਜਾਂਦਾ ਹੈ ਅਕਲ ਨਹੀਂ।

— ਮਨ ਹੀ ਸਾਰੀਆਂ ਕ੍ਰਿਆਵਾਂ ਦੀ ਪ੍ਰਧਾਨਗੀ ਕਰਦਾ ਹੈ, ਮਨ ਹੀ ਸ੍ਰੇਸ਼ਟ ਹੈ। ਮਨ ਤੋਂ ਹੀ ਸਾਰੀਆਂ ਕ੍ਰਿਆਵਾਂ ਦੀ ਸਿਰਜਣਾ ਹੋਈ ਹੈ। ਜਿਹੜਾ ਵਿਅਕਤੀ ਦੂਸ਼ਿਤ ਮਨ ਨਾਲ ਬੋਲਦਾ ਜਾਂ ਕੰਮ ਕਰਦਾ ਹੈ ਉਸ ਦੇ ਪਿਛੇ ਦੁਖ ਉਸੇ ਤਰਾਂ ਚਲਦਾ ਹੈ ਜਿਵੇਂ ਰਥ ਦਾ ਪਹੀਆ ਰਥ ਖਿਚਣ ਵਾਲੇ ਬਲਦ ਦੇ।

— ਜਿਵੇਂ ਚੰਗੀ ਤਰਾਂ ਛੱਤੇ ਹੋਏ ਘਰ ਵਿਚ ਬਾਰਸ਼ ਦਾ ਪਾਣੀ ਨਹੀ ਵੜਦਾ ਉਵੇਂ ਸੰਜਮੀ ਮਨ ਵਿਚ ਮੋਹ ਮਾਇਆ ਦਾਖਲ ਨਹੀਂ ਹੋ ਸਕਦੇ।

— ਪੁੰਨ ਕਰਨ ਵਾਲਾ ਲੋਕ ਵਿਚ ਵੀ ਖੁਸ਼ ਰਹਿੰਦਾ ਹੈ ਪ੍ਰਲੋਕ ਵਿਚ ਵੀ। ਦੋਹਾਂ ਸੰਸਾਰਾਂ ਵਿਚ ਉਸ ਨੂੰ ਖੁਸ਼ੀ ਮਿਲਦੀ ਹੈ। ਆਪਣੇ ਹੀ ਕੰਮਾਂ ਦੀ ਪਵਿਤਰਤਾ ਉਸ ਨੂੰ ਅਤਿਅੰਤ ਖੁਸ਼ੀ ਬਖਸ਼ਦੀ ਹੈ।

— ਬੇਸਮਝ ਬੰਦਾ ਭਾਵੇਂ ਕਿੰਨੇ ਧਰਮ-ਗ੍ਰੰਥਾਂ ਦਾ ਪਾਠ ਕਰੇ ਪਰ ਅਮਲ ਨਹੀਂ ਕਰਦਾ ਤਾਂ ਧਰਮ-ਫਲ ਦਾ ਹੱਕਦਾਰ ਨਹੀਂ ਬਣਦਾ। ਪਰਾਈਆਂ ਗਾਵਾਂ ਦੀ ਗਿਣਤੀ ਕਰਨ ਨਾਲ ਕੋਈ ਚਰਵਾਹਾ ਉਨ੍ਹਾਂ ਦਾ ਮਾਲਕ ਨਹੀਂ ਬਣ ਸਕਦਾ।

— ਚੇਤੰਨ ਭਿੱਖੂ ਸੁਸਤੀ ਤੋਂ ਡਰਦਾ ਹੈ। ਜਿਵੇਂ ਅੱਗ ਨਿੱਕੇ ਮੋਟੇ ਘਾਹ, ਫੂਸ, ਕੱਖ ਕੰਡਿਆਂ ਨੂੰ ਸਾੜਦੀ ਹੋਈ ਅੱਗੇ ਵਧਦੀ ਜਾਂਦੀ ਹੈ ਇਵੇਂ ਅੱਗੇ ਵਧਦਾ ਹੈ।

— ਕਾਮ ਆਦਿਕ ਵਿਕਾਰਾਂ ਵਿਚ ਫਸੇ ਮਨੁੱਖ ਨੂੰ ਮੌਤ ਉਸ ਪ੍ਰਕਾਰ ਜਬਰਦਸਤੀ ਫੜ ਕੇ ਲੈ ਜਾਂਦੀ ਹੈ ਜਿਵੇਂ ਸੁੱਤੇ ਪਿੰਡ ਨੂੰ ਹੜ੍ਹ ਰੋੜ ਕੇ ਲੈ ਜਾਂਦਾ ਹੈ।

— ਚੰਦਨ ਚਮੇਲੀ ਤੇ ਹੋਰ ਫੁੱਲਾਂ ਦੀ ਖੁਸ਼ਬੋ ਹਵਾ ਦੇ ਖਿਲਾਫ ਨਹੀਂ ਫੈਲਦੀ ਪਰੰਤੂ ਸੰਤ ਪੁਰਖਾਂ ਦਾ ਧਰਮ ਹਵਾ ਦੇ ਵਿਰੁੱਧ ਵੀ ਫੈਲਦਾ ਹੈ ਤੇ ਉਹ ਸਾਰੀਆਂ ਦਿਸ਼ਾਵਾਂ ਵਿਚ ਸੁਗੰਧੀ ਖਲੇਰਦਾ ਹੈ।

— ਜਾਗਦੇ ਬੰਦੇ ਨੂੰ ਰਾਤ ਲੰਮੀ ਲੱਗਦੀ ਹੈ ਤੇ ਥੱਕੇ ਨੂੰ ਪੈਂਡਾ ਲੰਮਾ ਲੱਗਦਾ ਹੈ। ਇਸੇ ਤਰਾਂ ਸੱਚੇ ਧਰਮ ਤੋਂ ਅਨਜਾਣ ਬੰਦਿਆਂ ਤੇ ਮੂਰਖਾਂ ਲਈ ਸੰਸਾਰ ਦੀ ਯਾਤਰਾ ਲੰਮੀ ਹੈ।

— ਮੂਰਖ ਸਾਰੀ ਉਮਰ ਗਿਆਨੀ ਦੀ ਸੰਗਤ ਕਰਨ ਉਪਰੰਤ ਗਿਆਨ ਤੋਂ ਇਸ ਪ੍ਰਕਾਰ ਵੰਚਿਤ ਰਹਿੰਦਾ ਹੈ ਜਿਵੇਂ ਕੜਛੀ ਨੂੰ ਦਾਲ ਦੇ ਸੁਆਦ ਦਾ ਕੋਈ ਪਤਾ ਨਹੀਂ ਲਗਦਾ।

ਸਹਾਇਕ ਪੁਸਤਕਾਂ ਦੀ ਸੂਚੀ

A.K. Warder : *Indian Budhism*, Motilal Banarsidass, Delhi.

Arthur Lillie : *The Life of Buddha*, Seema Publications Delhi, 1974.

Bahadur Mal : *The Religion of the Buddha*, Vishveshvaranand Institute Publications, Hoshiarpur, 1958.

Bhikku Nanamoli : *The Pitak Disciplosone*, Luzac & Co., Ltd. London, 1964.

C. Kuhan Raja : *Dhammapadam*, The Theosophical Publishing House, Madras, 1956.

The Cultural Heritage of India Vol. I to IV, The Ramakrishna Mission, Calcutta.

Daisetz Teitaro Suzuki : *Outlines of Mahayana Buddism*, Schocken Books, NY, 1963.

L. Adams Beck : *The Life of Buddha*, Collins, London, 1959.

L. Cousins : *Buddhist Studies in Honour of IB Harner*, D. Reidel Publishing Co. Baston, 1974.

L.M. Joshi : *Dhammapada*, Punjabi University, Patiala, 1969.

Martin Southwold : *Buddhism in Life*, Manchester University Press, 1983.

Max Muller F. : *The Sacred Books of the East*, all volumes, Motilal Banarsidass, Delhi, 1967.

P.E. Maung Tin : *The Path of Ponty*, Routleg & Kegan Paul, London, 1975.

Swami Nikhilananda : *Hinduism*, George Allen & Unwin Ltd., London, 1959.

S. Radhakrishna : *The Dhammapada*, Oxford University Press, Madras, 1959.

S. Tachibana : *The Ethics of Buddhism*, Konark Press, Delhi, 1986.

Sukumar Dutt : *Early Buddhist Monotheism*, Asia Publishing House, NY, 1960.

Vishawanath Parasad Verma : *Early Buddhism and its origins*, Munshiram M. Lal, 1973.

W.G. Maclagan : *The Theological Frontier of Ethics*, George Allan & Unwin, London, 1961.

Woodward F.L. : *The Book of the Kindred Sayings*, (Sanyutta-Nikaya) Luzac & Co., London, 1965.